ੴ ਸਤਿਗੁਰ ਪ੍ਰਸਾਦਿ ॥

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥

ਵਿਸ਼ਵ ਸਦੀਵੀ ਸ਼ਾਂਤੀ

ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ (ਮਸਤੂਆਣੇ ਵਾਲੇ)

ਭਾਗ-੧

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਜੀਵਨ ਕਥਾ

ਗੁਰਮੁਖ ਪਿਆਰੇ
ਸੰਤ ਅਤਰ ਸਿੰਘ ਜੀ ਮਹਾਰਾਜ

(ਭਾਗ-੧)

ਤੇਜਾ ਸਿੰਘ (ਸੰਤ)
ਐਮ ਏ, ਐਲ ਐਲ ਬੀ (ਪੰਜਾਬ)
ਏ ਐਮ (ਹਾਰਵਰਡ, ਯੂ ਐਸ ਏ)

ਕਲਗੀਧਰ ਟਰੱਸਟ
ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ, ਗੁਰਦੁਆਰਾ ਬੜੂ ਸਾਹਿਬ
ਡਾਕਖਾਨਾ ਬੜੂ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼ (ਭਾਰਤ)

© (ਸਭ ਹੱਕ ਟਰੱਸਟ ਦੇ ਰਾਖਵੇਂ ਹਨ)

ਪਹਿਲੀ ਵਾਰ (ਫਰਵਰੀ 1989)	:	1100
ਦੂਸਰੀ ਵਾਰ (ਅਗਸਤ 1991)	:	1100
ਤੀਜੀ ਵਾਰ (ਜੁਲਾਈ 1992)	:	2100
ਚੌਥੀ ਵਾਰ (ਜੂਨ 1994)	:	1200
ਪੰਜਵੀਂ ਵਾਰ (ਜੂਨ 1996)	:	2100
ਛੇਵੀਂ ਵਾਰ (ਜੂਨ 2000)	:	2100
ਸੱਤਵੀਂ ਵਾਰ (ਜਨਵਰੀ 2005)	:	5100
ਅੱਠਵੀਂ ਵਾਰ (ਜਨਵਰੀ 2006)	:	3100
ਨੌਵੀਂ ਵਾਰ (ਨਵੰਬਰ 2006)	:	5100
ਦਸਵੀਂ ਵਾਰ (ਜਨਵਰੀ 2007)	:	10000
ਗਿਆਰ੍ਹਵੀਂ ਵਾਰ (ਜੂਨ 2008)	:	2000

ਪ੍ਰਕਾਸ਼ਕ

ਕਲਗੀਧਰ ਟਰੱਸਟ

ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ, ਗੁਰਦੁਆਰਾ ਬੜੂ ਸਾਹਿਬ
ਡਾਕਖਾਨਾ ਬੜੂ ਸਾਹਿਬ, ਜ਼ਿਲ੍ਹਾ ਸਿਰਮੌਰ, (ਹਿਮਾਚਲ ਪ੍ਰਦੇਸ਼)-173 101
Phone: 01799-276031, Mobile: 9816033303 Fax: 1799-276041
e-mail : info@barusahib.org,
website : www.barusahib.org

Printed at: Akal Printing Press, Baru Sahib.



ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ (ਮਸਤੂਆਣੇ ਵਾਲੇ)

ਸਮਰਪਣ

ਇਹ ਪੁਸਤਕ ਦਾਸ ਆਪਣੀ ਮਾਤਾ ਰਾਮ ਕੌਰ ਜੀ ਦੇ ਸਮਰਪਣ ਕਰਦਾ ਹੈ,
ਜਿਨ੍ਹਾਂ ਦੇ ਪ੍ਰੇਮ, ਸਿਦਕ ਅਤੇ ਸੰਤੋਖ ਨੇ ਦਾਸ ਨੂੰ ਸਿੱਖੀ ਮੰਡਲ ਵਿੱਚ
"ਸਾਬਤ ਸੂਰਤਿ ਦਸਤਾਰ ਸਿਰਾ" ਰੱਖ ਕੇ ਸੰਤ ਅਤਰ ਸਿੰਘ ਜੀ
ਮਹਾਰਾਜ ਦੇ ਚਰਨਾਂ ਵਿੱਚ ਆਵਨ ਦਾ ਅਵਸਰ ਬਖਸ਼ਿਆ ।
ਜਿਨ੍ਹਾਂ ਦੇ ਪਵਿੱਤਰ ਹਸਤ ਕੰਵਲਾਂ ਦੁਆਰਾ, ਤਰਨਤਾਰਨ
ਸਾਹਿਬ ਮਾਈ ਰਾਮ ਕੌਰ ਦੇ ਬੁੰਗੇ ਸਾਰੇ ਪ੍ਰਵਾਰ ਨੇ
ਅੰਮ੍ਰਿਤ ਛਕਿਆ ਅਤੇ ਦਾਸ ਦੇ ਹਿਰਦੇ ਵਿੱਚ
ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ
ਮਹਾਰਾਜ ਦੇ ਘਰ ਦਾ ਗੋਲਾ ਬਣਨ
ਦਾ ਬੀਜ ਬੀਜਿਆ ਗਿਆ ।

ਤੇਜਾ ਸਿੰਘ



ਸੰਤ ਤੇਜਾ ਸਿੰਘ ਜੀ ਮਹਾਰਾਜ

ਐਮ. ਏ. ਐਲ ਐਲ ਬੀ. (ਪੰਜਾਬ), ਏ. ਐਮ. (ਹਾਰਵਰਡ, ਅਮਰੀਕਾ)

(ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਛਾਪਣ ਵੇਲੇ ੧੯੪੭)

ਭੂਮਿਕਾ

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (੩੪੫)

ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਵੀਹਵੀਂ ਸਦੀ ਦੇ ਉਹ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਸ੍ਰਿਸ਼ਟੀ 'ਤੇ ਉਸ ਵਕਤ ਭੇਜਿਆ ਜਦੋਂ ਸਿੱਖ ਜਗਤ ਬੜੇ ਸੰਕਟ ਵਿੱਚੋਂ ਲੰਘ ਰਿਹਾ ਸੀ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿੱਛੋਂ ਅੰਗਰੇਜ਼ਾਂ ਦਾ ਰਾਜ ਆ ਗਿਆ ਸੀ, ਕੱਚੇ-ਪਿੱਲੇ ਸਿੱਖ, ਸਿੱਖੀ ਤੋਂ ਪਤਿਤ ਹੋ ਕੇ ਸਿੱਖੀ ਤੋਂ ਬਹੁਤ ਦੂਰ ਜਾ ਚੁੱਕੇ ਸਨ। ਸੰਤ ਜੀ ਮਹਾਰਾਜ ਧੁਰੋਂ ਹੀ ਅਕਾਲ ਪੁਰਖ ਦੀ ਬਖਸ਼ੀ ਹੋਈ ਰੂਹ ਇਸ ਸੰਸਾਰ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਹੁਕਮ ਵਿੱਚ ਆਏ ਸਨ। ਉਨ੍ਹਾਂ ਨੇ ਲੋਕਾਈ ਦੇ ਭਲੇ ਲਈ ਨਾਮ-ਬਾਣੀ ਦਾ ਐਸਾ ਜਪ-ਤਪ ਕੀਤਾ ਜੋ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਉਹਨਾਂ ਨੇ ਸਾਰੀ ਸ੍ਰਿਸ਼ਟੀ ਵਿੱਚ ਗੁਰੂ ਸਾਹਿਬਾਨ ਦੇ ਬਖਸ਼ੇ ਹੋਏ ਸਿੱਖ ਸਿਧਾਂਤਾਂ ਅਨੁਸਾਰ ਗੁਰਬਾਣੀ ਕੀਰਤਨ ਅਤੇ ਨਾਮ-ਬਾਣੀ ਸਿਮਰਨ ਕਰਵਾ ਕੇ ਮਾਨਵਤਾ ਨੂੰ ਸਦੀਵੀ ਸ਼ਾਂਤੀ ਲਈ ਸੱਚ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਉਹਨਾਂ ਦੇ ਵਰੋਸਾਏ ਹੋਏ ਗੁਰਮੁਖ ਪਿਆਰੇ ਸੰਤ ਤੇਜਾ ਸਿੰਘ ਜੀ {MA, LLB (Punjab), AM (Harvard, USA} ਨੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲ ਕੇ ਸਾਰੀ ਸ੍ਰਿਸ਼ਟੀ ਵਿਚ ਆਤਮਿਕ ਭਾਈਚਾਰੇ (Spiritual brotherhood) ਲਈ ਗੁਰਮਤਿ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਆਪਣੀ ਸ੍ਵੈ-ਜੀਵਨੀ ਲਿਖ ਕੇ ਦਰਸਾਇਆ ਕਿ ਉਹ ਆਪ ਕਿਸ ਤਰ੍ਹਾਂ ਨਾਸਤਿਕ (Atheist) ਤੋਂ ਆਸਤਿਕ (Theist) ਬਣੇ। ਉਹਨਾਂ ਨੇ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਵਿਸਥਾਰ ਰੂਪ ਵਿਚ ਜੀਵਨ ਕਥਾ ਲਿਖੀ ਅਤੇ ਆਤਮ ਪਦ ਦੀ ਪ੍ਰਾਪਤੀ ਅਤੇ ਨਿਰਾਕਾਰ ਦੇ ਦੇਸ਼ ਵਿਚ ਪੁੱਜਣ ਲਈ ਗੁਰਮਤਿ ਸਿਧਾਂਤ ਦੀ ਵਿਆਖਿਆ ਕਰਕੇ ਇਸ ਦਾ ਸਾਰੇ ਸੰਸਾਰ ਵਿਚ ਸੰਦੇਸ਼ ਦਿੱਤਾ। ਇਸ ਆਸ਼ੇ ਨੂੰ ਪ੍ਰਸਾਰਨ ਲਈ ਉਹਨਾਂ ਨੇ ਕਲਗੀਧਰ ਟਰੱਸਟ ਸਥਾਪਤ ਕੀਤਾ। ਕਲਗੀਧਰ ਟਰੱਸਟ ਦੇ ਸੇਵਾਦਾਰਾਂ ਨੇ ਯਤਨ ਕਰਕੇ ਸੰਤ ਤੇਜਾ ਸਿੰਘ ਜੀ ਦੀ ਦੋ ਭਾਗਾਂ ਵਿੱਚ ਲਿਖੀ ਹੋਈ "ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ" ਨੂੰ ਦੋ ਭਾਗਾਂ ਵਿੱਚ ਵੰਡਿਆ ਹੈ। ਜਿਹੜੇ ਕਾਂਡ ਸੰਤ ਅਤਰ ਸਿੰਘ ਜੀ ਮਹਾਰਾਜ ਜੀ ਦੀ ਜੀਵਨ ਨਾਲ ਸਿੱਧੇ ਸਬੰਧਤ ਹਨ, ਉਹਨਾਂ ਨੂੰ ਪਹਿਲੇ ਭਾਗ "ਜੀਵਨ ਕਥਾ ਸੰਤ ਅਤਰ ਸਿੰਘ ਜੀ

ਮਹਾਰਾਜ'' ਵਿੱਚ ਦਰਜ ਕੀਤਾ ਗਿਆ ਹੈ ਅਤੇ ਜਿਹੜੇ ਕਾਂਡ ਸੰਤ ਤੇਜਾ ਸਿੰਘ ਜੀ ਦੀ ਮੁਢਲੀ ਜੀਵਨੀ ਹੈ ਅਤੇ ਜਿਨ੍ਹਾਂ ਵਿੱਚ ਸੰਤ ਤੇਜਾ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਦੀ ਅਗਵਾਈ ਹੇਠ ਬਚਨਬੱਧ ਹੋ ਅਕਾਲ ਪੁਰਖ ਦਾ ਹੁਕਮ ਮੰਨ ਇਸ ਸੰਸਾਰ ਵਿੱਚ ਗੁਰੂ ਪੰਥ ਦੀ ਸੇਵਾ ਕੀਤੀ ਹੈ, ਉਹ ਮੁੜ ਤਰਤੀਬਵਾਰ (Re-arrange) ਜੋੜ ਕੇ ਦੂਜੇ ਭਾਗ ਵਿੱਚ ਦਰਜ ਕਰ ਦਿੱਤੇ ਹਨ। ਤਾਂ ਕਿ ਪਾਠਕਾਂ ਦੇ ਜੀਵਨ ਕਥਾ ਪੜ੍ਹਨ ਵਿੱਚ ਇਕਸਾਰਤਾ ਰਹੇ। ਦੋਨਾਂ ਭਾਗਾਂ ਵਿੱਚ ਕੁਝ ਹੋਰ ਸਾਖੀਆਂ ਜੋ ਮਿਲੀਆਂ ਹਨ ਉਹ ਭੀ ਠੀਕ ਥਾਂ ਤੇ ਦਰਜ ਕਰ ਦਿੱਤੀਆਂ ਹਨ ਤਾਂ ਜੋ ਪਾਠਕ ਹੋਰ ਲਾਹਾ ਲੈ ਸਕਣ।

ਸਾਧ ਸੰਗਤ ਦੇ ਦਾਸਨ ਦਾਸ
ਸੇਵਕ
ਕਲਗੀਧਰ ਟਰੱਸਟ
ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ,
ਬੜੂ ਸਾਹਿਬ, ਡਾਕਖਾਨਾ ਬੜੂ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, (ਭਾਰਤ)

ਸਾਧ ਸੰਗਤ ਦੇ ਚਰਨਾਂ ਵਿੱਚ ਬੇਨਤੀ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥ (੨੭੨)

ਸਾਧੂ ਦਾ ਜੀਵਨ ਲਿਖਣਾ ਏਨਾਂ ਹੀ ਕਠਨ ਹੈ ਜਿੰਨਾਂ ਕਿ ਸਮੁੰਦਰ ਨੂੰ ਕੁੱਜੀ ਵਿੱਚ ਬੰਦ ਕਰਨਾ। ਸਮੁੰਦਰ ਤਾਂ ਸ਼ਾਇਦ ਕਿਸੇ ਜੁਗਤ ਨਾਲ ਕੁੱਜੀ ਵਿੱਚ ਪੈ ਹੀ ਜਾਵੇ, ਪਰ ਸਾਧ, ਫ਼ਕੀਰ ਨੂੰ ਹੱਦ ਵਿੱਚ ਲਿਆਉਣਾ ਵੇਦਾਂ, ਕਤੇਬਾਂ ਦੋਹਾਂ ਦੀ ਤਾਕਤ ਤੋਂ ਬਾਹਰ ਹੈ। ਹਾਂ! ਜੀਵ ਮਾਤਰ ਦਾ ਹੱਕ ਹੈ ਕਿ ਰੱਬ ਅਤੇ ਰੱਬ ਦੇ ਬੰਦਿਆਂ ਦੇ ਚਰਨ ਕੰਵਲਾਂ ਤੇ ਸ਼ਰਧਾ ਦੇ ਫੁੱਲ ਚੜ੍ਹਾਵੇ।

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥ (੧੩੫੦)

ਇਸ ਪੁਸਤਕ ਦੇ ਕਰਤਾ ਵਿੱਚ ਕੁਝ ਆਪਣਾ ਗੁਣ ਅਤੇ ਤਾਣ ਨਹੀਂ ਸੀ, ਜਿਸ ਕਰਕੇ ਉਹ ਇੱਕ ਪੂਰਨ ਮਹਾਂਪੁਰਸ਼ ਦੀ ਜੀਵਨ ਕਥਾ ਲਿਖਣ ਦਾ ਹੌਂਸਲਾ ਕਰ ਸਕਦਾ, ਪਰ ਸਾਧ ਸੰਗਤ ਵਿੱਚ ਇਸ ਦਾ ਨਾਮ ਸੰਤ ਜੀ ਮਹਾਰਾਜ ਦਾ ਇੱਕ ਨੀਚ ਕੀਟ ਪੈ ਚੁੱਕਾ ਸੀ, ਕਈ ਸੱਜਣਾਂ ਨੇ ਪ੍ਰੇਮ ਨਾਲ ਅਤੇ ਕਈਆਂ ਨੇ ਉਲਾਂਭੇ ਨਾਲ ਵੀ ਇਸ ਨੂੰ ਜਗਾਇਆ ਕਿ ਭਾਈ! ਤੇਰਾ ਵੀ ਧਰਮ ਹੈ ਕਿ ਤੂੰ ਸੰਤ ਜੀ ਮਹਾਰਾਜ ਦੇ ਚਰਨ ਕੰਵਲਾਂ ਉੱਪਰ ਆਪਣੀ ਸ਼ਰਧਾ ਦੇ ਫੁੱਲ ਚੜ੍ਹਾਵੇਂ। ਇਸ ਤਰ੍ਹਾਂ ਦੀ ਕਈ ਸਾਲਾਂ ਦੀ ਪ੍ਰੇਰਨਾ ਨੇ ਦਾਸ ਦੇ ਚਿੱਤ ਵਿੱਚ ਇਹ ਉਤਸ਼ਾਹ ਪੈਦਾ ਕਰ ਦਿੱਤਾ ਕਿ ਸਾਧ ਸੰਗਤ ਦਾ ਹੁਕਮ ਪਾਲਣ ਦਾ ਯਤਨ ਕੀਤਾ ਜਾਵੇ। ਸੋ, ੧੯ ਮਾਘ ਸੰਮਤ ੧੯੮੯ ਨੂੰ ਸੰਤ ਜੀ ਮਹਾਰਾਜ ਦੀ ਵੱਡੀ ਭੈਣ ਬੇਬੇ ਰਤਨ ਕੌਰ ਜੀ ਅਤੇ ਹੋਰ ਸੱਜਣਾਂ ਪਾਸੋਂ ਸੰਤ ਜੀ ਮਹਾਰਾਜ ਦੇ ਜੀਵਨ ਸੰਬੰਧੀ ਸਾਖੀਆਂ ਲਿਖਣੀਆਂ ਅਰੰਭ ਕਰ ਦਿੱਤੀਆਂ। ਜੇਠ ਸੰਮਤ ੧੯੯੧ ਬਿਕ੍ਰਮੀ ਤੀਕਰ ਸਾਖੀਆਂ ਦੀ ਲੜੀ ਕੁਝ ਕੁ ਜੁੜ ਗਈ। ਸੋ, ਦਾਸ ਨੇ ਪਾਉਂਟੇ ਸਾਹਿਬ ਗੁਰੂ ਕਲਗੀਧਰ ਮਹਾਰਾਜ ਦੇ ਚਰਨਾਂ ਵਿੱਚ ਬੈਠ ਕੇ ਇਸ ਜੀਵਨ ਕਥਾ ਦੇ ਲਿਖਣ ਦਾ ਅਰੰਭ ਕੀਤਾ।

ਟੁੱਟੇ-ਫੁੱਟੇ ਸਾਧਾਰਨ ਅੱਖਰਾਂ ਵਿੱਚ ਸੰਤ ਜੀ ਮਹਾਰਾਜ ਦੀ ਜੀਵਨ-ਕਥਾ ਸਾਧ ਸੰਗਤ ਦੀ ਭੇਟਾ ਹੈ। ਬੇਅੰਤ ਦਾ ਅੰਤ ਕੋਈ ਵੀ ਨਹੀਂ ਪਾ ਸਕਦਾ।

ਸਾਧ ਸੰਗਤ ਦਾ ਦਾਸਨ ਦਾਸ
ਤੇਜਾ ਸਿੰਘ
ਨਾਨਕਸਰ ਚੀਮਾਂ
ਜ਼ਿਲ੍ਹਾ ਸੰਗਰੂਰ (ਪੰਜਾਬ)
(ਜਨਮ ਨਗਰ ਸੰਤ ਅਤਰ ਸਿੰਘ ਜੀ ਮਹਾਰਾਜ)

ਤਤਕਰਾ

ਕਾਂਡ		ਪੰਨਾ
	ਆਤਮ ਮਾਰਗ – ਸ੍ਰਿਸ਼ਟੀ ਨੂੰ ਗੁਰਮੁਖਾਂ ਦੀ ਲੋੜ, ਸ਼ਬਦ ਗੁਰੂ ਸੁਰਤਿ ਧੁਨਿ ਚੇਲਾ, ਨਾਮ ਸਿਮਰਨ, ਰਿਧਿ-ਸਿਧਿ ਅਵਰਾ ਸਾਦ, ਸਹਿਜ ਅਵਸਥਾ, ਕਾਮਲ ਫ਼ਕੀਰੀ, ਅਨਭਉ ਪ੍ਰਕਾਸ਼	1
੧.	ਸੰਤ ਜੀ ਮਹਾਰਾਜ ਦਾ ਜਨਮ, ਬਾਲ ਲੀਲਾ, ਪੜ੍ਹਨੇ ਪੈਣਾ, ਡੰਗਰ ਚਾਰਨੇ, ਦੇਗ ਤੇਗ ਜਗ ਮੇਂ ਦੋਉਂ ਚਲੇ, ਘਰ ਦਾ ਕੰਮ ਕਾਜ ਕਰਨਾ	25
੨.	ਫੌਜ ਵਿੱਚ ਭਰਤੀ, ਵਿਆਹ ਬਾਰੇ, ਅੰਮ੍ਰਿਤ ਛਕਣਾ, ਸ਼ਬਦ ਅਭਿਆਸ	34
੩.	ਹਜ਼ੂਰ ਸਾਹਿਬ ਦੀ ਯਾਤਰਾ ਉੱਤੇ ਅਤੁੱਟ ਨਾਮ ਬਾਣੀ ਸਿਮਰਨ	42
੪.	ਨਗੀਨਾ ਘਾਟ, ਬੰਦਾ ਘਾਟ ਅਤੇ ਗੌਤਮ ਘਾਟ ਤੇ ਸਹਿਬ ਤਪ, ਕੁਝ ਖਾਸ ਸਾਖੀਆਂ	46
੫.	ਸ਼ਿਕਾਰ ਘਾਟ ਤੇ ਤਪ	52
੬.	ਹਰਿਦੁਆਰ ਰਿਖੀਕੇਸ਼ ਤਪ ਕਰਨਾ	56
੭.	ਰਿਖੀਕੇਸ਼ ਤੋਂ ਪੰਜਾਬ ਫੇਰੀ, ਪਿੰਡ ਮਾਤਾ ਭੋਲੀ ਜੀ ਦੇ ਦਰਸ਼ਨ	59
੮.	ਫੌਜ ਵਿੱਚੋਂ ਨਾਮ ਕਟਵਾਉਣਾ	63
੯.	ਐਬਟਾਬਾਦ ਤੋਂ ਟੁਰਨਾ, ਸ਼ਾਹ ਦੀ ਢੇਰੀ ਨੌਂ ਮਹੀਨੇ ਪਾਠ	67
੧੦.	ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨ, ਪੂਰਨ ਇਕਾਂਤ ਸਿਮਰਨ	71
੧੧.	ਥਮਾਲ੍ਹੀ ਤੋਂ ਕਨੋਹੇ, ਇਕੱਲੇ ਹੀ ਅਖੰਡ ਪਾਠ ਕਰਨਾ, ਪੁਲਾਹੀਆਂ ਦੀ ਝੰਗੀ ਵਿੱਚ	76
੧੨.	ਭਾਰੀ ਸਹਿਜ ਤਪੱਸਿਆ	81
੧੩.	ਚਾਲ੍ਹੀ ਦਿਨ ਕਠਨ ਤਪ, ਛੇ ਮਹੀਨੇ ਕਠਨ ਤਪ, ਇੱਕ ਸਾਲ ਕਠਨ ਤਪ	85
੧੪.	ਸੰਗਤਾਂ ਦਾ ਖਿੱਚੇ ਆਉਣਾ, ਭਾਈ ਪ੍ਰੇਮ ਸਿੰਘ ਜੀ, ਭਾਈ ਬਾਜ ਸਿੰਘ ਜੀ, ਭਾਈ ਕਲਿਆਣ ਸਿੰਘ ਜੀ, ਭਾਈ ਬੂਟਾ ਸਿੰਘ ਜੀ, ਬਾਬਾ ਖੇਮ ਸਿੰਘ ਜੀ ਦਾ ਪਹਿਲਾ ਮਿਲਾਪ, ਕੌੜਾ ਪਾਣੀ ਮਿੱਠਾ ਹੋ ਗਿਆ	89
੧੫.	ਕਨੋਹੇ ਤੋਂ ਦੁਭੇਰਨ ਜਾਣਾ ਅਤੇ ਮੁੜ ਆਉਣਾ, ਭਾਈ ਵਜ਼ੀਰ ਸਿੰਘ ਦਾ ਅੰਤਮ ਸਮਾਂ	95
੧੬.	ਕਨੋਹੇ ਨਿਵਾਸ ਦੀਆਂ ਕੁਝ ਸਾਖੀਆਂ	99
੧੭.	ਲੂਨੀ ਦੇ ਰੇਤੇ ਉੱਤੇ ਅਤੁੱਟ ਸਿਮਰਨ, ਲੂਨੀ ਦੀਆਂ ਖਾਸ ਸਾਖੀਆਂ	103
੧੮.	ਡੇਰਾ ਖ਼ਾਲਸਾ ਦੀਆਂ ਸਾਖੀਆਂ	107
੧੯.	ਮਜ਼ੂਰੀ ਕਰਨਾ, ਰਾਵਲਪਿੰਡੀ ਇਲਾਕੇ ਵਿੱਚ ਨਾਮ ਬਾਣੀ ਦਾ ਸਿਮਰਨ	111
੨੦.	ਪੋਠੋਹਾਰ ਇਲਾਕੇ ਵਿੱਚ ਵਿਚਰਨਾ	117
੨੧.	ਪੋਠੋਹਾਰ ਵਿੱਚ ਨਾਮ ਬਾਣੀ ਅਤੇ ਅੰਮ੍ਰਿਤ ਪ੍ਰਚਾਰ	123
੨੨.	ਸੰਤ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ	128

੨੩. ਪ੍ਰੇਮ ਦਾ ਅਰਥ 'ਪ੍ਰੇ ਮੈਂ' 133
੨੪. ਦੋ ਬ੍ਰਹਮ ਗਿਆਨੀਆਂ ਦਾ ਪ੍ਰਸਪਰ ਮਿਲਾਪ ਅਤੇ ਦੋ ਗੁਹਜ ਸਾਖੀਆਂ 138
੨੫. ਮਾਸਟਰ ਤਾਰਾ ਸਿੰਘ ਅਤੇ ਸੰਗਤਾਂ ਦਾ ਅੰਮ੍ਰਿਤ ਛਕਣਾ 145
੨੬. ਸਿੰਧ ਵਿੱਚ ਨਾਮ ਬਾਣੀ ਦਾ ਪ੍ਰਚਾਰ ਅਤੇ ਹਜ਼ੂਰ ਸਾਹਿਬ ਦੀ ਯਾਤਰਾ 151
੨੭. ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤ ਪੀ ਝੋਲੀਐ 160
੨੮. ਸੰਤ ਜੀ ਦੀ ਮਾਤਾ ਦਾ ਸੰਗਤ ਰੂਪ ਹੋਣਾ, ਅਰਸ਼ੀ ਪਹਿਰਾ, ਤਤ ਵੇਤਾ ਪੰਡਤ ਜੀ ਦਾ ਮੇਲ, ਸੰਤ ਜੀਵਾ ਸਿੰਘ ਜੀ ਦਾ ਦਰਸ਼ਨ ਕਰਨਾ 165
੨੯. ਮਸਤੂਆਣਾ ਪ੍ਰਗਟ ਕਰਨਾ 174
੩੦. ਤਰਨਤਾਰਨ ਸਾਹਿਬ ਦੀ ਯਾਤਰਾ, ਸੰਤਨ ਕਉ ਅਨੰਦ ਸਗਲ ਹੀ ਜਾਈ 178
੩੧. ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ ਮਸਤੂਆਣੇ ਗੁਰਦੁਆਰੇ ਦੀ ਨੀਂਹ ਰੱਖਣੀ 187
੩੨. ਪਿਸ਼ਾਵਰ ਵੱਲ ਫੇਰੀ, ਪਠਾਣਾਂ ਲਈ ਖ਼ੁਦਾ ਦਾ ਨੂਰ, ਮਹਾਰਾਜਾ ਹੀਰਾ ਸਿੰਘ ਨੇ ਦਰਸ਼ਨ ਕਰਨੇ, ਸਹਿਜਧਾਰੀਆਂ ਦਾ ਅੰਮ੍ਰਿਤ ਛਕਣਾ, ਗੁਜਰਾਂਵਾਲੇ ਅਤੇ ਸਿੰਧ ਵੱਲ ਫੇਰੀ, ਮਸਤੂਆਣੇ ਲਈ ਸੇਵਾ 193
੩੩. ਗੁਰਦੁਆਰਾ ਸਾਹਿਬ ਮਸਤੂਆਣਾ ਸੇਵਾ ਦੀਆਂ ਖਾਸ ਸਾਖੀਆਂ, ਬ੍ਰਹਮ ਗਿਆਨੀ ਕੀ ਦ੍ਰਿਸਟੀ ਅੰਮ੍ਰਿਤ ਬਰਸੀ ॥ 208
੩੪. ਸੰਤ ਜੀਵਾ ਸਿੰਘ ਜੀ ਦਾ ਦਰਸ਼ਨ ਕਰਨਾ, ਮਸਤੂਆਣੇ ਦੀ ਸੇਵਾ, ਸੇਵਾ ਤੋਂ ਬਗੈਰ ਮਨ ਵਿੱਚ ਨਿਮਰਤਾ ਨਹੀਂ ਆਉਂਦੀ 220
੩੫. ਮਸਤੂਆਣੇ ਦਾ ਨਾਮ ਗੁਰਸਾਗਰ ਸਾਹਿਬ ਰੱਖਣਾ 227
੩੬. ਸਿੱਖ ਵਿੱਦਿਅਕ ਕਾਨਫਰੰਸ ਤੇ ਜਾਣਾ 231
੩੭. ਸ਼ਹੀਦ ਸਿੰਘਾਂ ਦਾ ਪਹਿਰਾ, ਹੁੱਕਾ ਪੀਣ ਵਾਲਾ ਸਿੰਘ ਸਜਿਆ, ਸ਼ਹੀਦ ਫੌਜਾਂ ਦਾ ਅਰਸ਼ੀ ਪਹਿਰਾ 235
੩੮. ਚੋਰਾਂ ਅਤੇ ਸੰਤਾਂ ਦਾ ਮੇਲ ਨਹੀਂ, ਪੋਠੋਹਾਰ ਵਿੱਚ ਗੁਰਮਤ ਪ੍ਰਚਾਰ 239
੩੯. ਪੰਥ ਦੇ ਪ੍ਰਸਿੱਧ ਰਾਗੀ ਭਾਈ ਸੁੱਧ ਸਿੰਘ ਜੀ ਦਾ ਦਰਸ਼ਨ ਕਰਨਾ, ਭਾਈ ਤੇਜਾ ਸਿੰਘ ਅਸਾਡਾ ਪੁੱਤਰ ਹੈ, ਲਾਇਲਪੁਰ ਦੇ ਇਲਾਕਿਆਂ ਵਿੱਚ ਗੁਰਮਤ ਪ੍ਰਚਾਰ, ਕੀਰਤਨ ਸੋਹਿਲੇ ਦੇ ਪਾਠ ਦੀ ਮਰਯਾਦਾ, ਮਲਕ ਹਰਦਿੱਤ ਸਿੰਘ ਨੂੰ ਅਸ਼ੀਰਵਾਦ 243
੪੦. ਇਸ ਬੇੜੇ ਕਉ ਪਾਰਿ ਲਘਾਵੈ, ਜੋਤ ਅਧਿਕਾਰੀ ਨੂੰ ਮਿਲੇਗੀ, ਦਿੱਲੀ ਦਰਬਾਰ ਜਾਰਜ ਪੰਚਮ ਨੂੰ ਦਰਸ਼ਨ 250
੪੧. ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰੱਖਣੀ, ਸੇਵਾ ਦਾ ਲਾਭ, ਸਿੱਖ ਐਜੂਕੇਸ਼ਨਲ ਕਾਨਫਰੰਸ ਵਿੱਚ ਭਾਗ ਲੈਣਾ, ਪੰਥ ਦੀ ਤਰੱਕੀ ਲਈ ਸੰਤਾਂ ਦੇ ਅਮੋਲਕ ਬਚਨ, ਨਾਨਕਸਰ ਚੀਮਾਂ ਤੀਰਥ ਪ੍ਰਗਟ ਕਰਨਾ, ਸਿੱਖ ਐਜੂਕੇਸ਼ਨਲ ਕਾਨਫਰੰਸ ਤਰਨਤਾਰਨ,

ਸਤਿਗੁਰੂ ਦੀ ਬਖਸ਼ਿਸ਼, ਦੀਵਾਨ ਵਿੱਚ ਮਾਇਆ ਦੀ ਅਪੀਲ ਨਹੀਂ ਕਰਨੀ ਚਾਹੀਦੀ, ਗੁਰਮੰਤਰ ਦਾ ਦਸ ਹਜ਼ਾਰ ਵਾਰੀ ਸਿਮਰਨ ਕਰਨਾ, ਅੰਮ੍ਰਿਤ ਪ੍ਰਚਾਰ, ਸੰਤ ਸ਼ਬਦ ਰੂਪ ਹੁੰਦੇ ਹਨ 259

੪੨. ਐਬਟਾਬਾਦ ਅਤੇ ਹੋਰ ਪਹਾੜਾਂ ਵਿੱਚ ਪ੍ਰਚਾਰ, ਸਿੱਖ ਐਜੂਕੇਸ਼ਨਲ ਕਾਨਫਰੰਸ ਗੁਜਰਾਂਵਾਲਾ, ਗੁਰਜਰਾਂਵਾਲਾ ਗੁਰਦੁਆਰਾ ਯਤੀਮਖਾਨਾ ਦੀ ਨੀਂਹ ਰੱਖਣੀ, ਸ਼ਬਦ ਹੀ ਗੁਰੂ ਹੈ: ਦੇਹ ਗੁਰੂ ਨਹੀਂ, ਦੋ ਉੱਚੀਆਂ ਦੇਗਾਂ ਬਣਾਉਣਾ 276

੪੩. ਗੁਰੂ ਕਲਗੀਆਂ ਵਾਲੇ ਦੇ ਦਰਸ਼ਨ ਹਰ ਵਕਤ ਹੋ ਰਹੇ ਹਨ, ਪੰਥ ਦੀ ਜਥੇਬੰਦੀ ਪੰਥ ਦਾ ਭਾਵ 290

੪੪. ਭਾਈ ਧਰਮ ਸਿੰਘ ਸਰਬਰਾਹ ਹਜ਼ੂਰ ਸਾਹਿਬ ਦਾ ਸੰਤਾਂ ਦੇ ਦਰਸ਼ਨ ਕਰਨਾ, ਮਾਤਾ ਜੀ ਦਾ ਹੁਕਮ ਮੰਨ ਜੀਵਨ ਮੁਕਤ ਹੋਣਾ, ਕਲਯੁਗ ਵਿੱਚ ਆਤਮਿਕ ਸ਼ਾਂਤੀ ਦੀ ਲਹਿਰ ਗੁਰੂ ਕਾਂਸ਼ੀ ਦਮਦਮੇ ਸਾਹਿਬ ਦੀ ਸੇਵਾ, ਤਿਚਰੁ ਮੂਲਿ ਨ ਧੁੜੀਦੋ ਜਿਚਰੁ ਆਪਿ ਕ੍ਰਿਪਾਲੁ ॥ ਸਚਖੰਡ ਅਤੇ ਦਸਮ ਦੁਆਰ ਦਾ ਵਖਿਆਨ 297

੪੫. ਸੇਵਾ ਰੂਪ ਹੋ ਕੇ ਗੁਰੂ ਕਾਂਸ਼ੀ ਦੀ ਸੇਵਾ ਦਾ ਅਰੰਭ, ਭਾਈ ਸੁੱਚਾ ਸਿੰਘ ਜੀ ਨੂੰ ਦਮਦਮੇ ਸਾਹਿਬ ਬਾਰੇ ਇਸ਼ਾਰਾ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਮਿਲਾਪ 310

੪੬. ਅੰਮ੍ਰਿਤ ਨਾਮ ਰਸ, ਪ੍ਰੇਮ ਰਸ ਅਤੇ ਬਰੀ ਰਸ ਦਾ ਬੀਜ ਹੈ, ਤਿਆਰ-ਬਰ-ਤਿਆਰ ਖ਼ਾਲਸਾ ਹੋਣਾ ਬਿਖਰੀ ਘਾਟੀ ਹੈ 316

੪੭. ਸੰਤ ਜੀ ਮਹਾਰਾਜ ਸੰਬੰਧੀ ਸਾਖੀਆਂ, ਅਜਾਮਲ ਦੇ ਨਿਸਤਾਰੇ ਦਾ ਭੇਦ, ਨਿੱਤਨੇਮ ਸਿੱਖੀ ਦੀ ਪੂੰਜੀ ਹੈ, ਆਪ ਬ੍ਰਹਮ ਰੂਪ ਹੋ, ਗੁਪਤ ਬਲੀਦਾਨ ਦਾ ਬਚਨ 326

੪੮. ਗੁਰਦੁਆਰਾ ਸਾਹਿਬ ਯਤੀਮ ਖਾਨਾ ਗੁਜਰਾਂਵਾਲਾ ਦੀ ਸੇਵਾ, ਧਾਰਮਿਕ ਉਹ ਕੰਮ ਹੈ ਜਿਸ ਨਾਲ ਆਤਮ ਪਦ ਦੀ ਪ੍ਰਾਪਤੀ ਹੋਵੇ, ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਮਿਲਾਪ 337

੪੯. ਗੁਰਮਤ ਤੇ ਕੁਝ ਸਾਖੀਆਂ, ਪ੍ਰਿਥਵੀ ਰਾਜ ਚੌਹਾਨ ਦੀ ਸੂਰਬੀਰਤਾ ਦੀ ਸਾਖੀ, ਗਿਆਨ ਦੀ ਠੋਕਰ ਮਾਰਨਾ, ਬੰਦਗੀ ਅਤੇ ਨਾਮ ਅਭਿਆਸ ਦੀ ਥੁੜ੍ਹ 343

੫੦. ਆਤਮਿਕ ਤਾਰ ਦੀ ਖਿੱਚ, ਸੇਵਾ ਸ਼ਾਨ ਤੋਂ ਉੱਚੀ ਹੈ, ਕੀਰਤਨ ਵਿੱਚ ਅੰਤਰ-ਆਤਮੇ ਜੁੜਨਾ, ਅੰਦਰਲਾ ਹੀਰਾ ਸੱਚਾ ਬਾਹਰਲਾ ਝੂਠਾ, ਅਨਭਉ ਪ੍ਰਕਾਸ਼ ਦਾ ਉਪਦੇਸ਼, ਸੱਪ ਦੀ ਖੇਲ 353

੫੧. ਭਾਈ ਗੁਰਬਖਸ਼ ਸਿੰਘ ਦਾ ਸੇਵਾ ਵਿੱਚ ਹਾਜ਼ਰ ਹੋਣਾ 367

੫੨. ਸਾਰੇ ਯੋਗ-ਵਸ਼ਿਸ਼ਟ ਦਾ ਸਾਰ - ''ਗੁਰ ਸਾਖੀ ਜੋਤਿ ਪਰਗਟੁ ਹੋਇ ॥'' ਅਕਾਲੀ ਪ੍ਰੇਮੀਆਂ ਨੂੰ ਉਪਦੇਸ਼, ਬਾਬਾ ਸਾਵਣ ਸਿੰਘ ਜੀ ਦੀ ਸੇਵਾ, ਬ੍ਰਹਮ ਗਿਆਨ ਦਾ ਉਪਦੇਸ਼ ਸੰਤ ਆਤਮਾ ਹਨ ਸਰੀਰ ਨਹੀਂ 369

੫੩. ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਇ 388

੫੪. ਸੰਤ ਜੀ ਮਹਾਰਾਜ ਦੇ ਅਮੋਲਕ ਬਚਨ 392

੫੫. ਸੰਤ ਬਾਬਾ ਸੁੱਚਾ ਸਿੰਘ ਜੀ ਦੀ ਜ਼ਬਾਨੀ ਚੌਣਵੀਆਂ ਸਾਖੀਆਂ – ਮਸਤੂਆਣਾ ਕਾਲਜ ਦੀ ਨੀਂਹ ਪੱਥਰ ਤੇ ਸੇਵਾ, ਲੰਗਰ ਤੇ ਜੋੜ ਮੇਲੇ, ਕੱਚੀ ਬਾਣੀ, ਛੋਟੇ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ, ਪਿੰਡ ਕੱਲਰ ਦੀ ਸਾਖੀ, ਜਨਰਲ ਹਰਬਖਸ਼ ਸਿੰਘ ਬਾਰੇ, ਤੱਤ ਬੇਤੇ ਸਾਧੂ ਦੇ ਬਚਨਾਂ ਨੂੰ ਉੱਚੀ ਜਾਣਦਾ ਹੈ, ਪ੍ਰੇਮ ਦੀਆਂ ਸੁਗੰਧੀਆਂ, ਪਿੰਡ ਧਨੌਲਾ ਦੀ ਸਾਖੀ 395

੫੬. ਹੋਰ ਚੌਣਵੀਆਂ ਸਾਖੀਆਂ–ਰਿੱਧੀ–ਸਿੱਧੀ ਵਰਜਤ, ਭਾਂਡਾ ਧੋਇ ਬੈਸਿ ਧੂਪੁ ਦੇਵਹੁ, ਗਰੀਬੀ ਦੂਰ ਕਰਨੀ, ਪੁੱਤਰ ਦੀ ਦਾਤ, ਢੱਢੋਵਾਲ ਦਾ ਗੁਰਦੁਆਰਾ, ਸੁਆਸਾਂ ਦਾ ਹਿਸਾਬ, ਭਰਮ ਦੂਰ ਕਰਨਾ, ਸਰੋਵਰ ਦੀ ਮਹਿਮਾ, ਇੱਕ ਗਰੀਬ ਮਾਈ ਦੇ ਘਰ ਲੰਗਰ, ਮਲੇਰਕੋਟਲੇ ਵਿੱਚ ਗੁਰਮਤਿ ਪ੍ਰਚਾਰ 403

੫੭. ਸੰਤ ਅਤਰ ਸਿੰਘ ਜੀ ਮਹਾਰਾਜ ਦੇ ਅਨਿੰਨ ਸੇਵਿਕ – ਸੰਤ ਤੇਜਾ ਸਿੰਘ ਜੀ, ਸੰਤ ਗੁਲਾਬ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਕਾਂਜ਼ਲੇ ਵਾਲੇ, ਸੰਤ ਕਿਸ਼ਨ ਸਿੰਘ ਜੀ, ਸੰਤ ਸੁੱਚਾ ਸਿੰਘ ਜੀ, ਸੰਤ ਰਣਜੀਤ ਸਿੰਘ ਜੀ, ਸੰਤ ਬਾਬਾ ਹਰਨਾਮ ਸਿੰਘ ਜੀ, ਸੰਤ ਬਚਨ ਸਿੰਘ ਜੀ, ਸੰਤ ਨਾਹਰ ਸਿੰਘ ਜੀ, ਸੰਤ ਨਿਰੰਜਨ ਸਿੰਘ ਜੀ ਅਜੀਤਸਰ ਵਾਲੇ, ਸੰਤ ਤੀਰਥ ਸਿੰਘ ਜੀ, ਸੰਤ ਮੋਨੀ ਜੀ ਆਗਰੇ ਵਾਲੇ 409

੫੮. ਸੰਤ ਜੀ ਮਹਾਰਾਜ ਦੇ ਨਾਉਂ ਵਾਲੇ ਤਿੰਨ ਸਮਕਾਲੀ ਸੰਤ – ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਸੰਤ ਅਤਰ ਸਿੰਘ ਜੀ ਘੁਨਸਾਂ ਵਾਲੇ ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲੇ 413

► ਬੜੂ ਸਾਹਿਬ ਨੂੰ ਪਹੁੰਚਣ ਦਾ ਰਸਤਾ 415



ਸੰਤ ਅਤਰ ਸਿੰਘ ਜੀ ਮਹਾਰਾਜ

ਆਤਮ ਮਾਰਗ

ਸ੍ਰਿਸ਼ਟੀ ਨੂੰ ਗੁਰਮੁਖਾਂ ਦੀ ਲੋੜ

ਜਦ ਦੀ ਸ੍ਰਿਸ਼ਟੀ ਬਣੀ ਹੈ, ਗੁਰਮੁਖ, ਸੰਤ ਅਥਵਾ ਸਾਧ ਦੀ ਸਦਾ ਹੀ ਲੋੜ ਰਹੀ ਹੈ। ਸ੍ਰਿਸ਼ਟੀ ਦੇ ਆਦਿ ਤੋਂ, ਸਮੇਂ-ਸਮੇਂ ਗੁਰਮੁਖ ਸੰਤ, ਸਾਧ ਹੁੰਦੇ ਅਤੇ ਕਰਤਾਰ ਦੇ ਹੁਕਮ ਵਿੱਚ ਆਪਣੀ-ਆਪਣੀ ਕਾਰ ਕਰਦੇ ਆਏ ਹਨ। ਸਤਿਗੁਰ ਸੱਚੇ ਪਾਤਸ਼ਾਹ ਆਪਣੀ ਬਾਣੀ ਵਿੱਚ ਇਹਨਾਂ ਦਾ ਜ਼ਿਕਰ ਕਰਦੇ ਹਨ:

ਵਡਹੰਸ ਕੀ ਵਾਰ ਮਹਲਾ ੪ ॥ਪਉੜੀ ॥

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥
ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥
ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥
ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥ (੫੯੧)

ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥ (੮੫੬)

ਕਿਆ ਅਪਰਾਧੁ ਸੰਤ ਹੈ ਕੀਨਾ ॥ ਬਾਂਧਿ ਪੋਟ ਕੁੰਚਰ ਕਉ ਦੀਨਾ ॥ (੮੭੦)

ਸਤਿਗੁਰ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤੀਕਰ ਗੁਰੂ ਦੇ ਸਿੱਖ ਮੌਜੂਦ ਰਹੇ ਹਨ, ਜਿਨ੍ਹਾਂ ਨੂੰ ਸਤਿਗੁਰ ਖੁਦ ਮੰਜੀ ਬਖਸ਼ ਕੇ ਇਹ ਹੱਕ ਦਿੰਦੇ ਰਹੇ ਹਨ ਕਿ ਆਪ ਨਾਮ ਜਪੋ ਅਤੇ ਹੋਰਨਾਂ ਨੂੰ ਜਪਾਓ। ਸਤਿਗੁਰੂ ਨਾਨਕ ਦੇਵ ਜੀ ਨੇ ਭੂਮੀਏਂ ਚੋਰ ਨੂੰ ਤਾਰਿਆ ਅਤੇ ਉਸ ਨੂੰ ਗੁਰਮੁਖ ਬਣਾ ਕੇ ਨਾਮ ਜਪਣ ਅਤੇ ਜਪਾਉਣ ਦਾ ਹੁਕਮ ਦਿੱਤਾ। ਇਸੇ ਤਰ੍ਹਾਂ ਭਾਈ ਲਾਲੋ, ਸਾਲਸਰਾਏ ਜੌਹਰੀ, ਅਧਰਿਕਾ ਗੁਲਾਮ, ਝੰਡਾ ਬਾਢੀ, ਦੇਵਲੂਤ (ਦੇਵਾਂ ਦਾ ਰਾਜਾ), ਕੌਡਾ ਰਾਖਸ਼, ਰਾਜਾ ਸ਼ਿਵ ਨਾਭ ਅਤੇ ਹੋਰ ਅਨੇਕਾਂ ਨੂੰ ਨਾਮ ਕਣੀ ਦੇ ਕੇ ਮੰਜੀਆਂ ਬਖ਼ਸ਼ੀਆਂ। ਤੀਸਰੀ ਪਾਤਸ਼ਾਹੀ ਗੁਰੂ ਅਮਰਦਾਸ ਜੀ ਮਹਾਰਾਜ ਨੇ ੨੨ ਮੰਜੀਆਂ ਅਤੇ ੫੨ ਪੀੜ੍ਹੀਆਂ ਵਿਦੇਸ਼ਾਂ ਵਿੱਚ ਨਾਮ ਜਪਾਉਣ ਵਾਸਤੇ ਅਸਥਾਪਿਤ ਕੀਤੀਆਂ। ਦਸਮੇਸ਼ ਪਿਤਾ ਨੇ ਭਾਈ ਨੰਦ ਲਾਲ, ਸਾਹਿਬ ਰਾਮ ਕੌਰ (ਅੰਮ੍ਰਿਤ ਛਕ ਕੇ 'ਬਾਬਾ ਗੁਰਬਖਸ਼ ਸਿੰਘ') ਜੀ, ਭਾਈ ਸਾਹਿਬ ਭਾਈ ਮਨੀ ਸਿੰਘ ਜੀ ਅਤੇ ਹੋਰ ਗੁਰਮੁਖ ਸਿੱਖਾਂ ਨੂੰ ਨਾਮ ਜਪਾਉਣ ਅਤੇ ਤੱਤ ਗਿਆਨ ਦੇ ਉਪਦੇਸ਼ ਕਰਨ ਦਾ ਹੱਕ ਬਖਸ਼ਿਆ। ਸੱਚੇ ਪਾਤਸ਼ਾਹ ਆਪਣੀ ਮੁਖਵਾਕ ਬਾਣੀ ਵਿੱਚ ਵੀ ਫ਼ਰਮਾਉਂਦੇ ਹਨ।

ਖ਼ਾਲਸਾ ਮੇਰੋ ਸਤਿਗੁਰ ਪੂਰਾ ॥ ਖ਼ਾਲਸਾ ਮੇਰੋ ਸੱਜਨ ਸੂਰਾ ॥

ਫੇਰ:

ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ ॥
ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ ॥ (ਪਾ: ੧੦)

ਇਸ ਦੇ ਨਾਲ ਹੀ ਸੱਚੇ ਪਾਤਸ਼ਾਹ ਦੱਸਦੇ ਹਨ ਕਿ ਖ਼ਾਲਸੇ ਦਾ ਕੀ ਕਰਮ ਹੋਣਾ ਚਾਹੀਦਾ ਹੈ:

ਜਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੇ ॥

ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਜਾ ਜਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪੜਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ ॥ (ਪਾ: ੧੦)

ਹੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਗੁਰ ਸੱਚੇ ਪਾਤਸ਼ਾਹ ਦੀ ਬਾਣੀ ਜਗਿਆਸੂ ਲਈ ਸਾਧੂ ਦੀ ਲੋੜ ਦੱਸਦੀ ਹੈ ॥

ਧਨਾਸਰੀ ਮਹਲਾ ੫ ਘਰੁ ੬ ਅਸਟਪਦੀ
ੴ ਸਤਿਗੁਰ ਪ੍ਰਸਾਦਿ

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥
ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥
ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥
ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ਰਹਾਉ॥
ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥
ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥
ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥
ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥
ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥
ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥
ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥
ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰ ਪਰਸਾਦਿ ਕੋਊ ਨੇੜੁਹ ਪੇਖੈ ॥੬॥
ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥
ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥
ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥
ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥ਰਹਾਉ ਦੂਜਾ॥੧॥੩॥ (੬੮੬)

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥ (੧੩)

ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥
ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥ (੨੮੩)

ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ (੨੭੨)

ਨਾਲ ਹੀ ਸਪੱਸ਼ਟ ਹੁਕਮ ਹੈ:

ਜੇ ਕੋ ਬਚਨੁ ਕਮਾਵੈ ਸੰਤਨ .ਕਾ ਸੋ ਗੁਰ ਪਰਸਾਦੀ ਤਰੀਐ ॥ (੭੪੭)

ਕਿਉਂਕਿ ਰੱਬ ਦਾ ਬਸੇਰਾ ਸਾਧ ਦੇ ਹਿਰਦੇ ਵਿੱਚ ਅਤੇ ਉਸ ਦੀ ਰਸਨਾ ਉੱਤੇ ਹੈ:

ਪਾਰਬ੍ਰਹਮ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥ (੨੭੨)

ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥ (੭੦੦)

ਇਹ ਗੱਲ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ ਕਿ ਕੋਈ ਵੀ ਕਾਰਜ ਸਿੱਖਣਾ ਹੋਵੇ ਭਾਵੇਂ ਲੋਹਾਰਾ ਹੋਵੇ ਭਾਵੇਂ ਤ੍ਰਖਾਣਾ ਉੱਥੇ ਸ਼ਾਗਿਰਦ ਨੂੰ ਉਸਤਾਦ ਦੀ ਲੋੜ ਹੁੰਦੀ ਹੈ। ਵਿੱਦਿਆ ਦੀਆਂ ਮਮੂਲੀ ਪੁਸਤਕਾਂ ਦੀ ਸੰਥਿਆ ਲਈ ਵੀ ਆਪਣੇ ਤੋਂ ਵਧੇਰੇ ਪੜ੍ਹੇ ਹੋਏ ਦੀ ਲੋੜ ਹੈ। ਇਸੇ ਤਰ੍ਹਾਂ ਸਿੱਖੀ ਸਿੱਖਣ ਲਈ ਅਥਵਾ 'ਸਿਖੀ ਸਿਖਿਆ ਗੁਰ ਵੀਚਾਰਿ' ਕਰਨ ਲਈ ਗੁਰਮੁਖ ਦੀ ਸੰਗਤ ਦੀ ਲੋੜ ਹੈ।

ਦੁਨਿਆਵੀ ਪੁਸਤਕਾਂ ਵਿੱਚੋਂ ਵੀ ਵਿਦਿਆਰਥੀ ਅਪਣੀ-ਅਪਣੀ ਸਮਝ ਅਤੇ ਪ੍ਰੇਮ ਅਨੁਸਾਰ ਕੁਝ ਹੱਦ ਤੀਕਰ ਸਮਝ ਸਕਦਾ ਹੈ ਪਰ ਖਾਸ-ਖਾਸ ਨੁਕਤੇ ਸਮਝਣ ਲਈ ਉਸ ਨੂੰ ਵੀ ਉਸਤਾਦ ਦੀ ਲੋੜ ਪੈਂਦੀ ਹੈ। ਏਸੇ ਤਰ੍ਹਾਂ ਹੀ ਗੁਰਬਾਣੀ ਅਤੇ ਗੁਰਮਤਿ ਦੇ ਰਸਤੇ ਦੀ ਸੋਝੀ, ਪੂਰਨ ਪ੍ਰੇਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਠ ਕਰਨ ਸਮੇਂ, ਹਰ ਇੱਕ ਪ੍ਰਾਣੀ ਮਾਤਰ ਨੂੰ ਆਪਣੇ-ਆਪਣੇ ਪ੍ਰੇਮ ਦੀ ਖਿੱਚ ਅਨੁਸਾਰ ਹੁੰਦੀ ਹੈ ਪਰ ਖਾਸ ਨੁਕਤੇ ਸਮਝਣ ਲਈ ਉਹਨਾਂ ਗੁਰਮੁਖਾਂ ਦੀ ਸੰਗਤ ਦੀ ਸਦਾ ਹੀ ਲੋੜ ਪੈਂਦੀ ਹੈ, ਜਿਨ੍ਹਾਂ ਨੇ ਗੁਰਬਾਣੀ ਅਤੇ ਗੁਰਮੁਖਾਂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਢਾਲਿਆ ਹੈ ਅਤੇ ਮਨ ਦੀ ਮਤ ਉੱਕੀ ਹੀ ਤਿਆਗ ਕੇ ਸਤਿਗੁਰੂ ਦੇ ਹੋ ਗਏ ਹਨ:

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ (੬੭੯)

ਉਹ ਭਵ-ਸਾਗਰ ਤੋਂ ਪਾਰ ਹੋ ਚੁੱਕੇ ਹਨ ਅਤੇ ਦੂਜਿਆਂ ਨੂੰ ਪਾਰ ਹੋਣ ਦੀ ਜੁਗਤ ਦੱਸਣ ਦੇ ਅਧਿਕਾਰੀ ਹਨ:

ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਨਿ ਵਿਹਾਇ ॥ (੩੬)

ਏਸ ਤਰ੍ਹਾਂ ਦੇ ਛੁੱਟੇ ਹੋਏ ਫ਼ਕੀਰ, ਸਾਧ, ਸੰਤ ਜਾਂ ਗੁਰਮੁਖ, ਜਗਿਆਸੂ ਵਾਸਤੇ ਉਹ ਕੰਮ ਕਰਦੇ ਹਨ, ਜਿਸ ਤਰ੍ਹਾਂ ਕਿ ਤਜਰਬੇਕਾਰ ਜਹਾਜ਼ਰਾਨ ਪਹਿਲਾਂ ਸਮੁੰਦਰ ਦੀ ਖੋਜ ਭਾਲ ਕਰ ਕੇ ਲੋਹੇ ਦੇ ਢੋਲ (Bouys) ਖੜੇ ਕਰ ਦੇਂਦੇ ਹਨ। ਜੇਕਰ ਜਹਾਜ਼ ਇਹਨਾਂ ਦੇ ਵਿਚਕਾਰ ਦੀ ਲੰਘੇ, ਤਦ ਸਹੀ ਸਲਾਮਤ ਪਾਰ ਚਲਾ ਜਾਵੇਗਾ, ਨਹੀਂ ਤਾਂ ਪਾਣੀ ਵਿੱਚ ਲੁਕੀ ਹੋਈ ਚਟਾਨ ਨਾਲ ਠੋਕਰ ਖਾ ਕੇ ਟੁੱਟ ਜਾਏਗਾ ਜਾਂ ਰੇਤ, ਜਿਲ੍ਹਣ ਵਿੱਚ ਫਸ ਜਾਏਗਾ।

ਗੱਲ ਤਾਂ ਬੜੀ ਹੀ ਸਿੱਧੀ ਅਤੇ ਪੂਰਨ ਗੁਰਮਤਿ ਅਨੁਸਾਰ ਹੈ ਕਿ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਾਂ ਪਾਤਸ਼ਾਹੀਆਂ ਦੀ ਤਾਬਿਆ ਗੁਰਮੁਖ, ਸਿੱਖ, ਸੰਤ, ਸਾਧ, ਫ਼ਕੀਰ ਜਗਿਆਸੂਆਂ ਨੂੰ ਉਪਦੇਸ਼ ਕਰਦੇ ਆਏ ਹਨ:

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥ (੪੪੪)

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (੩੦੬)

ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਤਾਬਿਆ ਗੁਰਮੁਖ, ਸਿੱਖ, ਸੰਤ, ਸਾਧ, ਫ਼ਕੀਰ ਸਦਾ ਹੀ ਨਾਮ ਬਾਣੀ ਦ੍ਰਿੜਾਉਂਦੇ ਅਤੇ ਜਗਿਆਸੂ ਦੀ ਖੋਜ ਭਾਲ ਪੂਰੀ ਕਰਦੇ ਰਹਿਣਗੇ। ਵਿਚਾਰ ਯੋਗ ਗੱਲ ਏਨੀ ਹੀ ਹੈ ਕਿ ਜਿਹੜੇ ਪ੍ਰੇਮੀ ਆਖਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਕੋਈ ਗੁਰਮੁਖ, ਸਿੱਖ ਸਾਧ, ਸੰਤ ਜਾਂ ਫ਼ਕੀਰ ਨਹੀਂ ਹੈ, ਉਹ ਆਪਣੇ ਸਤਿਗੁਰੂ ਦੀ ਵਡਿਆਈ ਨਹੀਂ ਕਰਦੇ, ਸਗੋਂ ਹੇਠੀ ਕਰਦੇ ਹਨ। ਕਾਮਲ ਉਸਤਾਦ ਦੇ ਘਰ ਵਿੱਚ ਕਾਮਲ ਸ਼ਾਗਿਰਦ ਦਾ ਨਾ ਹੋਣਾ ਉਸਤਾਦ ਨੂੰ ਉਲਾਂਭਾ ਹੈ, ਉਸਤਾਦ ਦੀ ਕੋਈ ਵਡਿਆਈ ਨਹੀਂ।

ਦੂਜੇ ਪਾਸੇ ਜਿਹੜੇ ਪ੍ਰੇਮੀ ਥੋੜ੍ਹੀ ਕਮਾਈ ਕਰਕੇ ਕੁਝ ਬਣ ਬਹਿੰਦੇ ਹਨ, ਉਹ ਭੀ ਗੁਰਮੁਖ, ਸਿੱਖ, ਸੰਤ, ਸਾਧ, ਫ਼ਕੀਰ ਅਖਵਾਉਣ ਦੇ ਅਧਿਕਾਰੀ ਨਹੀਂ ਸਤਿਗੁਰੂ ਦਾ ਹੁਕਮ ਹੈ :

ਹਉ ਹਉਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ (੯੪੩)
ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ (੩੩੯)

ਕਬੀਰ ਤੂੰ ਤੂੰ ਕਰਤਾ ਤੂ ਹੋਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥ (੧੩੭੫)

ਬਸ ਫ਼ਕੀਰੀ ਅਥਵਾ ਸੰਤ, ਸਾਧ, ਗੁਰਸਿੱਖ ਪਦ ਉਸੇ ਮਾਈ-ਭਾਈ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦਾ ਦੇਹ ਅਭਿਮਾਨ ਟੁੱਟ ਗਿਆ ਹੈ ਅਤੇ ਜਿੱਥੇ ਬਨਾਵਟ ਦੀ ਬੋ ਉੱਕੀ ਹੀ ਨਹੀਂ ਰਹੀ, ਜਿਸ ਦੀ ਆਪਣੀ ਹੋਂਦ ਧੰਨ ਗੁਰੂ ਨਾਨਕ ਵਿੱਚ ਲੈਅ ਹੋ ਗਈ ਹੈ ਅਤੇ ਜਿਸ ਦੇ ਹਿਰਦੇ ਵਿੱਚ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੩)

ਦੀ ਅਨਹਦ ਗੂੰਜ ਸਦਾ ਹੀ ਵੱਜ ਰਹੀ ਹੈ

ਇਹੋ ਜਿਹੇ ਸੱਜਣ ਪੁਰਸ਼ ਆਪਣੇ ਆਪ ਨੂੰ ਜਣਾਉਂਦੇ ਨਹੀਂ ਪਰ ਕਰਤਾਰ ਦੀ ਨੇਤ ਵਿੱਚ ਤਾਰ ਦੇ ਮੇਲੀ ਜਗਿਆਸੂ ਉਨ੍ਹਾਂ ਨੂੰ ਲੱਭ ਲੈਂਦੇ ਹਨ। ਫੇਰ ਵਾਹਿਗੁਰੂ ਉਹਨਾਂ ਨੂੰ ਸਮੇਂ ਦੀ ਲੋੜ ਅਨੁਸਾਰ ਅਪਣੇ ਆਪ ਹੀ ਪ੍ਰਗਟ ਕਰ ਦੇਂਦਾ ਹੈ।

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰ ਕਰਾਈ ॥ (੬੫੨)

ਏਸੇ ਤਰ੍ਹਾਂ ਦੇ ਹੀ ਮੁਰਦਾ ਮੁਰੀਦਾਂ ਦੀ ਬਾਬਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ:

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੨੩॥ (੨੯੪)

ਗੁਰੂ ਘਰ ਦੀ ਆਦਿ ਤੋਂ ਇਹੋ ਹੀ ਟਕਸਾਲ ਚੱਲੀ ਆਉਂਦੀ ਹੈ ਅਤੇ ਸ੍ਰਿਸ਼ਟੀ ਦੇ ਅੰਤ ਤੀਕਰ ਚੱਲੀ ਜਾਏਗੀ। ਜਿੱਥੇ ਬਨਾਵਟ ਨਹੀਂ, ਸੁਤੇ-ਸਹਿਜ ਹੀ ਸ਼ਬਦ ਅਤੇ ਤਾਰ ਦਾ ਮੇਲਾ ਹੈ, ਉਹੋ ਸਤਿਸੰਗ ਹੈ, ਉੱਥੇ ਗੁਰੂ ਘਰ ਦੀ ਪੂਰੀ ਸੋਝੀ ਦੀ ਪ੍ਰਾਪਤੀ ਹੋਵੇਗੀ:

ਗਉੜੀ ਮਹਲਾ ੫

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥ (੨੦੪)

ਪਰ ਜਿੱਥੇ ਬਨਾਵਟ ਹੈ ਉਸ ਸੱਜਣ ਪੁਰਸ਼ ਦਾ ਆਪਣਾ ਦੇਹ ਅਭਿਮਾਨ (ਹਉਮੈ ਰੋਗ) ਨਹੀਂ ਟੁੱਟਿਆ ਉਹ ਜਗਿਆਸੂ ਭਰਮ ਕੀ ਗਵਾਵੇਗਾ!

ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥ (੧੩੬੯)
ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥ (੪੯੧)
ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥ (੯੫੪)
ਅੰਧਾ ਆਗੂ ਜੇ ਥਿਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (੭੬੭)
ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ ॥ (੧੧੦੧)

ਮੁਕਦੀ ਗੱਲ ਤਾਂ ਇਹ ਹੈ ਕਿ ਜਿੱਥੇ ਬਨਾਵਟ ਹੈ ਉੱਥੇ ਧੋਖਾ ਹੈ ਅਤੇ ਜਿੱਥੇ ਬਨਾਵਟ ਨਹੀਂ ਹੈ ਪੂਰੀ ਗਰੀਬੀ ਨੇ ਘਰ ਕਰ ਲਿਆ ਹੈ, ਉੱਥੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਵਸਦੇ ਹਨ।

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥ (੧੩੦੯)

ਐਸਾ ਪੁਰਸ਼ ਸਾਰੀ ਸਿਸ਼੍ਰਟੀ ਵਿੱਚ ਪ੍ਰਧਾਨ ਹੈ:

ਸਗਲ ਪੁਰਖ ਮਹਿ ਪੁਰਖੁ ਪ੍ਰਧਾਨ ॥ ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥
ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥
ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥
ਸੁਖ ਦੁਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥੬॥ (੨੬੬)

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੌਵੀਂ ਪਾਤਸ਼ਾਹੀ ਵੀ ਫ਼ਰਮਾਉਂਦੇ ਹਨ:

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥ (੧੪੨੭)
ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥(੧੪੨੭)

ਐਸੇ ਪੁਰਖ ਦੀ ਸੰਗਤ ਸਦਾ ਹੀ ਸਫ਼ਲ ਤੇ ਸੁਖਦਾਈ ਹੈ ਅਤੇ ਐਸਾ ਜਨ ਅਨੇਕਾਂ ਦਾ ਉਧਾਰ ਕਰ ਸਕਦਾ ਹੈ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥ (੬੦੮)

ਉਨ੍ਹਾਂ ਦੇ ਅੰਦਰ ਗੁਰਬਾਣੀ ਘਰ ਕਰ ਜਾਂਦੀ ਹੈ ਅਤੇ ਉਹ ਗੁਰਬਾਣੀ ਦਾ ਜ਼ਿੰਦਾ ਚਸ਼ਮਾ ਬਣ ਕੇ ਦੁਨੀਆਂ ਵਿੱਚ ਵਿਚਰਦੇ ਹਨ ਅਤੇ ਅਨੇਕਾਂ ਜੀਵਾਂ ਦੀ ਤ੍ਰਿਖਾ ਬੁਝਾਉਂਦੇ ਹਨ, ਸੱਚ ਹੈ:

ਮਨ ਹਰ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ (੬੨)

ਦਸਾਂ ਪਾਤਸ਼ਾਹੀਆਂ ਦੇ ਮਗਰੋਂ ਗੁਰ-ਗੱਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (੯੮੨)

ਸਬਦੁ ਗੁਰੂ ਸੁਰਤਿ ਧੁਨਿ ਚੇਲਾ

ਜਿੰਨੇ ਪੀਰ, ਪੈਗੰਬਰ, ਸ਼ੇਖ ਮੁਸਾਇਕ, ਵਲੀ, ਔਲੀਏ, ਅਵਤਾਰ, ਰਿਸ਼ੀ-ਮੁਨੀ, ਸਤਿਜੁਗ, ਦੁਆਪਰ, ਤ੍ਰੇਤਾ ਅਤੇ ਕਲਜੁੱਗ ਵਿੱਚ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਹਨ, ਉਹਨਾਂ ਵਿੱਚ ਕਈ ਤੱਤ ਬੇਤਾ ਅਥਵਾ ਨਿਰਾਕਾਰ ਦੇ ਪਾਂਧੀ ਤਾਂ ਜ਼ਰੂਰ ਹੋਏ ਹਨ ਪਰ ਕਿਸੇ ਨੇ ਆਪਣੇ ਪ੍ਰਚਾਰ ਦੇ ਤਰੀਕੇ ਵਿੱਚ ਗਰੀਬੀ ਅਤੇ ਦੇਹ ਅਭਿਮਾਨ ਉੱਕਾ ਹੀ ਉੱਡਾ ਦੇਣ ਦੀ ਜੁਗਤੀ ਇਸ ਹੱਦ ਤੀਕਰ ਨਹੀਂ ਵਰਤੀ, ਜਿਸ ਤਰ੍ਹਾਂ ਕਿ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਕਲੂਕਾਲ ਦੇ ਭਿਆਨਕ ਤ੍ਰਿਸ਼ਨਾ ਦੀ ਅਗਨ ਦੇ ਦਝੇ ਹੋਏ ਸਮੇਂ ਵਿੱਚ ਇਸ ਨੂੰ ਪ੍ਰਗਟ ਕੀਤਾ ਹੈ।

ਜਦ ਸਿੱਧਾਂ ਨੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਪੁੱਛਿਆ:

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ (੯੪੨)

ਤਦ ਸਤਿਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ (੯੪੩)

ਇਸ ਸ਼ਬਦ ਸੁਰਤ ਦੀ ਰੱਖੀ ਹੋਈ ਨੀਂਹ ਨੂੰ ਦਸਾਂ ਪਾਤਸ਼ਾਹੀਆਂ ਨੇ ਸਮੇਂ ਸਮੇਂ ਅਨੁਸਾਰ ਪਉੜੀ-ਪਉੜੀ ਵਧਾਇਆ ਅਤੇ ਦਸਾਂ ਜਾਮਿਆਂ ਵਿੱਚ ਵਿਚਰ ਕੇ ਦੇਹ ਅਭਿਮਾਨ ਨੂੰ ਉੱਕਾ ਹੀ ਉੱਡਾ ਕੇ ਸ਼ਬਦ ਗੁਰੂ ਪ੍ਰਧਾਨ ਕਰ ਦਿੱਤਾ।

ਪਹਿਲੀ ਪਾਤਸ਼ਾਹੀ ਨੇ ਸਤਿਨਾਮ ਦਾ ਚੱਕਰ ਹਿੰਦੂ ਮੁਸਲਮਾਨਾਂ ਵਿੱਚ ਜਾਤ-ਪਾਤ ਦੇ ਵਖੇਵੇਂ ਤੋੜ ਕੇ ਚਲਾਇਆ। ਦੂਸਰੀ ਪਾਤਸ਼ਾਹੀ ਨੇ ਸਭ ਨੂੰ ਗੁਰਮੁਖੀ ਅੱਖਰ ਸਿਖਾਏ। ਤੀਜੀ ਪਾਤਸ਼ਾਹੀ ਨੇ ਹੁਕਮ ਦਿੱਤਾ ਕਿ ਜਿਹੜਾ ਉਪਦੇਸ਼ ਲੈਣ ਲਈ ਆਵੇ, ਉਹ ਪਹਿਲਾਂ ਗੁਰੂ ਕੇ ਲੰਗਰ ਵਿੱਚ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛਕੇ। ਚੌਥੀ ਪਾਤਸ਼ਾਹੀ ਨੇ ਹਰਿਮੰਦਰ ਸਾਹਿਬ ਵਿੱਚ ਕੀਰਤਨ ਦਾ ਪ੍ਰਵਾਹ ਚਲਾਇਆ ਅਤੇ ਚਾਰੇ ਵਰਨਾਂ, ਚਾਰੇ

ਮਜ਼ਬੂਤ ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਸਭ ਪ੍ਰਾਣੀ-ਮਾਤਰ ਨੂੰ ਹਰੀ ਰੰਗ ਵਿੱਚ ਰੰਗੇ ਜਾਣ ਦਾ ਹੱਕ ਬਖਸ਼ਿਆ। ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜਾਤ-ਪਾਤ ਦੇ ਲਿਹਾਜ਼ ਤੋਂ ਬਗੈਰ ਸਾਰੇ ਭਗਤਾਂ ਦੀ ਬਾਣੀ ਆਪਣੇ ਨਾਲ ਚੜ੍ਹਾ ਕੇ ਸਿੱਖਾਂ ਨੂੰ ਇਹ ਸਿਖਿਆ ਦ੍ਰਿੜਾਈ ਕਿ ਸਰਬ ਪ੍ਰਾਣੀ-ਮਾਤਰ ਵਿੱਚ ਇੱਕੋ ਹੀ ਸ਼ਬਦ ਵਰਤਦਾ ਹੈ। ਨਾਲ ਹੀ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਵਿੱਚ ਅਸਥਾਪਨ ਕੀਤਾ ਤਦ ਸ਼ਬਦ ਗੁਰੂ ਵਾਸਤੇ ਅਪਣੀ ਪ੍ਰਗਟ ਗੁਰੂ ਦੇਹੀ ਨਾਲੋਂ ਉੱਚੀ ਜਗ੍ਹਾ ਬਣਾਈ। ਫੇਰ ਰਾਤ ਦੇ ਸਮੇਂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਖਾਸਨ ਕੀਤੇ ਗਏ ਅਤੇ ਗੁਰੂ ਅਰਜਨ ਦੇਵ ਜੀ ਜ਼ਮੀਨ 'ਤੇ ਪਹਿਰੇ ਵਿੱਚ ਬਿਰਾਜੇ। ਛੇਵੀਂ, ਸੱਤਵੀਂ, ਅੱਠਵੀਂ ਅਤੇ ਨੌਵੀਂ ਪਾਤਿਸ਼ਾਹੀ ਨੇ ਸ਼ਬਦ ਗੁਰੂ ਦੀ ਵਡਿਆਈ ਦੀ ਇਹ ਮਰਯਾਦਾ ਸਰੀਰ ਤੋਂ ਪਰੇ ਹੋ ਕੇ ਕਾਇਮ ਰੱਖੀ ਅਤੇ ਸ਼ਬਦ ਦਾ ਅਦਬ ਦੇਹ ਤੋਂ ਬਹੁਤ ਹੀ ਉੱਚਾ ਰੱਖਿਆ। ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦਾਦੂ ਜੀ ਦੀ ਸਮਾਧ 'ਤੇ ਤੀਰ ਨਾਲ ਸਲਾਮ ਕਰਕੇ ਖ਼ਾਲਸੇ ਜੀ ਦੀ ਪ੍ਰੀਖਿਆ ਲਈ ਅਤੇ ਦੇਖ ਲਿਆ ਕਿ ਖ਼ਾਲਸਾ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਸ਼ਾ ਪੂਰਾ-ਪੂਰਾ ਸਮਝ ਗਿਆ ਹੈ ਅਤੇ ਸਤਿਗੁਰੂ ਜੀ ਦੇ ਬਚਨ ਅਥਵਾ ਸ਼ਬਦ ਨੂੰ ਦੇਹ ਤੋਂ ਉੱਚਾ ਜਾਣਨ ਲੱਗ ਪਿਆ ਹੈ। ਇਸ ਲਈ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰ-ਗੱਦੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ ਕਰਕੇ ਪੰਜ ਪੈਸੇ, ਨਰੇਲ ਰੱਖ ਕੇ ਮੱਥਾ ਟੇਕਿਆ ਅਤੇ ਹੁਕਮ ਦਿੱਤਾ ਕਿ ਖ਼ਾਲਸਾ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਲਈ ਮੇਰਾ ਸਰਗੁਣ ਸਰੂਪ ਸਮਝਣਾ:

ਏਕ ਰੂਪ ਤਿਹ ਗੁਣ ਤੇ ਪਰੇ। ਨੇਤ ਨੇਤ ਜਿਹ ਨਿਗਮ ਉਚਰਹ ॥
ਦੂਸਰ ਰੂਪ ਗ੍ਰੰਥ ਜੀ ਮਾਨਹੁ। ਆਪਨ ਅੰਗ ਮੇਰੇ ਕਰ ਜਾਨਹੁ ॥
ਤੀਸਰ ਰੂਪ ਸਿਖ ਹੈ ਮੋਰ। ਗੁਰਬਾਣੀ ਰਤ ਜੋ ਨਿਸ ਭੋਰ ॥

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਇਸ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਵਾਲੀ ਭਗਤ ਭਾਉ ਦੀ ਮਰਯਾਦਾ ਚਲਾਉਣ ਨਾਲ ਸੱਚੇ ਪਾਤਸ਼ਾਹ ਨੇ, ਸਿੱਖਾਂ ਦੇ ਦੇਹ ਅਭਿਮਾਨ (ਹਉਮੈ ਰੋਗ) ਨੂੰ ਉੱਕਾ ਹੀ ਗੁਰਬਾਣੀ ਵਿੱਚ ਲੈਅ ਕਰ ਦਿੱਤਾ ਅਤੇ ਨਾਲ ਹੀ ਗੁਰਮੁਖ ਨੂੰ ਆਪਣਾ ਰੂਪ ਵਰਣਨ ਕਰਕੇ ਸ਼ਬਦ ਗੁਰੂ ਦੀ ਤਾਬੇ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ) ਨਾਮ ਬਾਣੀ ਦਾ ਉਪਦੇਸ਼ ਕਰਨ ਦਾ ਹੱਕ ਵੀ ਪੂਰਾ ਬਖਸ਼ ਦਿੱਤਾ।

ਸਲੋਕੁ ਮਃ ੩ ॥
ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥
ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥
ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥
ਮ ਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥
ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥
ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥
ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥
ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥
ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥

ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥
ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ਸੁਧੁ (੬੫੩)

ਨਾਮ ਸਿਮਰਨ

ਸੰਤ ਜੀ ਮਹਾਰਾਜ ਦੀ ਜੀਵਨ ਕਥਾ ਵਿੱਚ ਨਾਮ ਜਪਣ ਤੇ ਜਪਾਵਣ ਦਾ ਬਹੁਤ ਜ਼ਿਕਰ ਆਉਂਦਾ ਹੈ। ਸੋਢੀ ਸੁਲਤਾਨ ਸਤਿਗੁਰੂ ਸੱਚੇ ਪਾਤਸ਼ਾਹ ਗੁਰੂ ਰਾਮਦਾਸ ਜੀ ਮਹਾਰਾਜ ਵੀ ਸਿੱਖ ਵਾਸਤੇ ਹੁਕਮ ਦੇਂਦੇ ਹਨ:

ਮਃ ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖੁ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫)

ਪੱਛਮੀ ਵਿੱਦਿਆ ਤੇ ਮਾਦਾ ਪ੍ਰਸਤੀ ਦੇ ਚੱਕਰ, ਆਪਣੇ ਘਰ ਦੀ ਖੋਜ ਦੇ ਘਾਟੇ ਅਤੇ ਗੁਰਮੁਖਾਂ ਦੀ ਸੰਗਤ ਦੇ ਨਾ ਹੋਣ ਕਰਕੇ ਖ਼ਾਲਸਾ ਜੀ ਵਿੱਚ ਨਾਮ ਸਿਮਰਨ ਦਾ ਪਰਭਾਉ ਬਹੁਤ ਹੀ ਘਟ ਗਿਆ ਹੈ, ਨਿਰਾ ਘਟਿਆ ਹੀ ਨਹੀਂ ਥਾਂ-ਥਾਂ ਪ੍ਰੇਮੀ ਨਾਮ ਜਪਣ ਨੂੰ ਇਹ ਟਿੱਚਰ ਕਰਦੇ ਸੁਣੀਂਦੇ ਹਨ, "ਭਾਈ! ਰੱਬ ਕੋਈ ਬੋਲਾ ਹੈ ਯਾ ਖੁਸ਼ਾਮਦੀ ਹੈ ਕਿ ਵਾਹਿਗੁਰੂ-ਵਾਹਿਗੁਰੂ ਆਖ ਕੇ ਉਸ ਨੂੰ ਸੁਣਾਈਏ ਅਤੇ ਰੀਝਾਈਏ?" ਬੜੇ ਸ਼ੋਕ ਦੀ ਗੱਲ ਤਾਂ ਇਹ ਹੈ ਕਿ ਉਨ੍ਹਾਂ ਗੁਰਧਾਮਾਂ ਦੇ ਸੇਵਾਦਾਰਾਂ ਵਿੱਚ ਜਿੱਥੇ ਕਿ ਸਾਰੀ ਸ੍ਰਿਸ਼ਟੀ ਵਾਸਤੇ ਨਾਮ ਦਾ ਪ੍ਰਕਾਸ਼ ਹੋਣਾ ਹੈ, ਇਹ ਟਿੱਚਰੀ ਸੁਭਾਉ ਘਰ ਕਰਦਾ ਜਾਪਦਾ ਹੈ।

ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਧੰਨ ਗੁਰੂ, ਜਪੁਜੀ ਸਾਹਿਬ ਦੀ ੧੯ ਵੀ ਪਉੜੀ ਵਿੱਚ, ਸਿੱਧੇ ਸਾਧੇ ਅੱਖਰਾਂ ਵਿੱਚ:

ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥ (੪)

ਨਾਮ ਜਪਣ ਦੀ ਲੋੜ ਅਤੇ ਉਸ ਦਾ ਫਲ ਸਪੱਸ਼ਟ ਤੌਰ 'ਤੇ ਜੀਵ ਮਾਤਰ ਲਈ ਦੱਸਦੇ ਹਨ ਕਿ ਹੇ ਪ੍ਰੇਮੀਆਂ! ਨਾਮ ਕਿਸੇ ਦੇ ਸੁਣਾਵਨ ਵਾਸਤੇ ਨਹੀਂ ਜਪੀ ਦਾ। ਅੰਤਰਜਾਮੀ ਤਾਂ ਅੱਗੇ ਹੀ ਤੇਰੇ ਵਿੱਚ ਬੈਠਾ ਹੈ। ਇਹ ਤਾਂ ਤੇਰੇ ਅੰਤਹਕਰਣ ਦੀ ਮੈਲ ਲਾਹੁਣ ਵਾਸਤੇ ਸਤਿਗੁਰ ਸੱਚੇ ਪਾਤਸ਼ਾਹ ਨੇ ਤੈਨੂੰ ਇੱਕ ਅਰਸ਼ੀ ਸਾਬਣ ਬਖਸ਼ਿਆ ਹੈ। ਜਿਸ ਤਰ੍ਹਾਂ ਕਿ ਇੱਕ ਸੁਘੜ ਸੁਚੱਜੀ ਮਾਈ ਆਪਣੇ ਬੱਚੇ ਦੇ ਮੂਤ ਆਦਿਕ ਨਾਲ ਗੰਦੇ ਹੋਏ ਪੋਤੜੇ 'ਤੇ ਥੋੜ੍ਹਾ-ਥੋੜ੍ਹਾ ਜਲ ਪਾ ਕੇ ਸਾਬਣ ਨਾਲ ਰਗੜਦੀ ਹੈ, ਜਦ ਪੋਤੜੇ ਦੀ ਮੈਲ ਉੱਗਲ ਆਉਂਦੀ ਹੈ, ਫੇਰ ਏਸ ਨੂੰ ਖੁੱਲ੍ਹੇ ਜਲ ਵਿੱਚ ਹੰਗਾਲ ਲੈਂਦੀ ਹੈ ਅਤੇ ਏਸ ਤਰ੍ਹਾਂ ਕਈ ਵਾਰੀ ਰਗੜ ਕੇ ਤੇ ਹੰਗਾਲ ਕੇ ਪੋਤੜੇ ਨੂੰ ਚਿੱਟਾ (ਸਫ਼ੈਦ) ਕਰ ਲੈਂਦੀ ਹੈ। ਏਸੇ ਤਰ੍ਹਾਂ ਹੀ ਹੇ ਜਗਿਆਸੂ! ਤੂੰ ਆਪਣੇ ਮਲੀਨ ਹੋਏ ਅੰਤਹਿਕਰਣ ਨੂੰ

ਸਤਿਗੁਰੂ ਦੇ ਬਖਸ਼ੇ ਹੋਏ ਵਾਹਿਗੁਰੂ ਨਾਮ ਦੇ ਸਾਬਣ ਨਾਲ ਰਗੜਨਾ ਹੈ ਅਤੇ ਉੱਗਲੀ ਹੋਈ ਮੈਲ ਨੂੰ ਗੁਰੂ ਨਾਨਕ ਸਾਹਿਬ ਦੇ ਚਰਨ ਫੜ ਕੇ ਬੇਨਤੀ ਦੇ ਖੁੱਲ੍ਹੇ ਜਲ ਵਿੱਚ ਹੰਗਾਲਣਾ ਹੈ। ਜੇ ਤੂੰ ਹਿੰਮਤ ਕਰਕੇ ਲੱਗਾ ਰਹੇਗਾ ਤਾਂ ਇੱਕ ਦਿਨ ਤੂੰ ਵੀ ਆਪਣੇ ਅੰਤਹਿਕਰਣ ਦੇ ਮਲੀਨ ਪੋਤੜੇ ਨੂੰ ਚਿੱਟਾ (ਸਫ਼ੈਦ) ਕਰ ਲਵੇਂਗਾ। ਏਥੇ ਇਹ ਗੱਲ ਸਪੱਸ਼ਟ ਕਰਨ ਦੀ ਲੋੜ ਹੈ ਕਿ ਸਾਡਾ ਅੰਤਹਿਕਰਣ ਕਿਸ ਤਰ੍ਹਾਂ ਮੈਲਾ ਹੋ ਜਾਂਦਾ ਹੈ।

ਇੱਕ ਨਵੀਂ ਚਿੱਟੀ, ਖੁੰਭ ਕੀਤੀ ਹੋਈ ਚਾਦਰ ਮੀਂਹ ਪੈਂਦੇ ਵਿੱਚ ਇੱਕ ਅਜਿਹੇ ਕੋਠੇ ਵਿੱਚ ਵਿਛਾ ਦੇਵੋ ਜਿਹੜਾ ਕਿ ਥੋੜ੍ਹਾ-ਥੋੜ੍ਹਾ ਚੋਂਦਾ ਹੈ। ਚਾਦਰ 'ਤੇ ਪਾਣੀ ਦੇ ਟੇਪੇ ਪੈਂਦਿਆਂ-ਪੈਂਦਿਆਂ ਇੱਕ ਸਮਾਂ ਆਵੇਗਾ ਕਿ ਸਾਰੀ ਚਾਦਰ ਮਿੱਟੀ ਰੰਗੀ ਹੋ ਜਾਵੇਗੀ। ਇਹ ਚਿੱਟੀ ਚਾਦਰ ਕਿਸ ਤਰ੍ਹਾਂ ਮਿੱਟੀ ਰੰਗੀ ਹੋ ਗਈ? ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਰ ਇੱਕ ਚੋਏ ਦੇ ਟੇਪੇ ਵਿੱਚ ਛੱਤ ਦੀ ਮਿੱਟੀ ਰਲੀ ਹੁੰਦੀ ਹੈ। ਜਿਉਂ-ਜਿਉਂ ਟੇਪੇ ਪੈਂਦੇ ਗਏ ਇਹ ਮਿੱਟੀ ਚਾਦਰ ਦੀਆਂ ਤੰਦਾਂ ਵਿੱਚ ਘਰ ਕਰਦੀ ਗਈ ਅਤੇ ਸਮਾਂ ਪਾ ਕੇ ਸਾਰੀ ਚਾਦਰ ਮਿੱਟੀ ਰੰਗੀ ਹੋ ਗਈ। ਏਸੇ ਤਰ੍ਹਾਂ ਹੀ ਹਰ ਇੱਕ ਬੰਦੇ ਦਾ ਅੰਤਹਿਕਰਣ ਪਹਿਲਾਂ ਚਿੱਟੀ ਚਾਦਰ ਵਾਂਗਣ, ਮਲ ਤੋਂ ਖਾਲੀ, ਬਿਲਕੁਲ ਸਫ਼ੈਦ ਹੁੰਦਾ ਹੈ। ਫਿਰ ਜਿਹੜੇ ਕਰਮ ਯਾ ਦ੍ਰਿੜ੍ਹ ਸੰਕਲਪ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਆਸਰੇ ਜੀਵ ਕਰਦਾ ਹੈ, ਉਹਨਾਂ ਦੀ ਮੈਲ ਚੋਏ ਦੇ ਟੇਪਿਆਂ ਵਾਂਗਣ ਹੌਲੀ-ਹੌਲੀ ਅੰਤਹਕਰਣ ਮਲੀਨ ਕਰ ਦੇਂਦੀ ਹੈ ਅਤੇ ਇੱਕ ਦਿਨ ਅੰਤਹਕਰਣ ਉੱਕਾ ਹੀ ਇਸ ਮੈਲੀ ਰੰਗਣ ਵਿੱਚ ਰੰਗਿਆ ਜਾਂਦਾ ਹੈ। ਇਸ ਮਲ ਨੂੰ ਵਾਹਿਗੁਰੂ ਗੁਰਮੰਤਰ ਕੱਟ ਦੇਂਦਾ ਹੈ।

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥ (ਭਾਈ ਗੁਰਦਾਸ ਜੀ)

ਕਈ ਪ੍ਰੇਮੀ ਏਥੇ ਆ ਕੇ ਇਹ ਸਵਾਲ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮ, ਹਰੀ, ਗੋਬਿੰਦ, ਸਤਿਨਾਮ, ਅੱਲ੍ਹਾ ਆਦਿਕ ਪ੍ਰਮੇਸ਼ਰ ਦੇ ਕਈ ਨਾਮ ਆਉਂਦੇ ਹਨ। ਅਸੀਂ ਕੀ ਜਾਣੀਏ, ਗੁਰਮੰਤਰ ਕਿਹੜਾ ਹੈ? ਭੱਟਾਂ ਦੇ ਸਵੱਯਾ ਵਿੱਚ:

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ (੧੪੦੨)

ਸਪਸ਼ਟ ਤੌਰ 'ਤੇ ਲਿਖਿਆ ਹੈ। ਆਸਾ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਨੇ ਗੁਰਮੰਤਰ ਨੂੰ ਜੁਗਤ ਨਾਲ ਪ੍ਰਗਟ ਕੀਤਾ ਹੈ:

ਵੇਮੁਹਤਾਜਾ ਵੇਪਰਵਾਹੁ ॥ ਨਾਨਕ ਦਾਸ ਕਹਹੁ ਗੁਰ ਵਾਹੁ ॥ (੩੭੬)

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਭਾਈ ਸਾਹਿਬ ਲਿਖਦੇ ਹਨ:

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਰਬ ਲੋਹ ਗ੍ਰੰਥ ਵਿੱਚ ਆਪਣੀ ਸ੍ਰੀ ਮੁਖਵਾਕ ਬਾਣੀ ਵਿੱਚ ਲਿਖਦੇ ਹਨ:

ਭਯੋ ਨਿਸਤਾਰ ਅਸਰੁਨ ਸੇ ਤਾਰ ਲਿਯ ਗੁਰ ਜਗਤ ਸਭੈ ॥
ਸ਼ਾਹ ਗੋਬਿੰਦ ਸਿੰਘ ਫਤਹਿ ਸਤਿਗੁਰ ਕੀ ਵਾਹਗੁਰੂ ਵਾਹਗੁਰੂ ਸਚ ਮੰਤ੍ਰ ਅਖਯੈ ॥

ਨਾਲ ਹੀ ਅਰਥ ਵਿਚਾਰ ਕਰਕੇ ਜਿੰਨੇ ਪ੍ਰਮੇਸ਼ਵ੍ਰ ਦੇ ਨਾਮ ਹਨ, ਉਹ ਈਸ਼ਵਰ ਦੀ ਕਿਸੇ ਨਾ ਕਿਸੇ ਸਿਫ਼ਤ ਦੇ ਵਾਚਕ ਹਨ। ਰਾਮ ਸਭ ਵਿੱਚ ਰਮਿਆ ਹੋਇਆ ਹੈ। ਹਰੀ ਪਾਪਾਂ ਦੇ ਹਰਨ ਵਾਲਾ ਜਾਂ ਮਨ ਨੂੰ

ਹਰਿਆ ਕਰਨ ਵਾਲਾ। ਸਾਰੇ ਨਾਮ ਕਿਸੇ ਇੱਕ ਸਿਫ਼ਤ ਨੂੰ ਜੱਪਣ ਵਾਲੇ ਦੇ ਹਿਰਦੇ ਵਿੱਚ ਵਸਾਉਂਦੇ ਹਨ। ਪਰ ਜਿਸ ਵੇਲੇ ਸਿੱਖ ਪੂਰੇ ਪ੍ਰੇਮ ਨਾਲ ਵਾਹ ਸ਼ਬਦ ਉਚਾਰਦਾ ਹੈ ਤਾਂ ਤੂੰ ਅਸਚਰਜ, ਤੂੰ ਬੇਅੰਤ ਹੈਂ ਏਸ ਦੇ ਹਿਰਦੇ ਵਿੱਚ ਆ ਵਸਦਾ ਹੈ ਅਤੇ ਇੱਕ ਖਾਸ ਵਿਸਮਾਦ ਰੰਗ ਵਿੱਚ ਸਾਰੀਆਂ ਸਿਫ਼ਤਾਂ ਦਾ ਪ੍ਰਭਾਉ ਰੋਮ-ਰੋਮ ਵਿੱਚ ਰਮ ਜਾਂਦਾ ਹੈ:

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥ (੫੬੩-੬੪)

ਸੋ ਅਰਥ ਵਿਚਾਰ ਕਰ ਕੇ ਵੀ-ਵਾਹਿਗੁਰੂ ਗੁਰਮੰਤਰ ਸਭ ਤੋਂ ਅਧਿੱਕ ਤਾਕਤ ਵਾਲਾ ਹੈ। ਵਾਹੁ- ਤੂੰ ਬੇਅੰਤ। ਗੁ- ਅੰਧੇਰਾ। ਰੂ- ਪ੍ਰਕਾਸ਼ (ਅਗਿਆਨ ਦੇ ਅੰਧੇਰੇ ਨੂੰ ਦੂਰ ਕਰਨ ਵਾਲਾ)

ਇਸ ਲਈ ਵਾਹਿਗੁਰੂ ਗੁਰਮੰਤਰ ਸਭ ਤੋਂ ਸ੍ਰੇਸ਼ਟ ਹੈ। ਈਸ਼ਵਰ ਦੇ ਸਾਰੇ ਗੁਣ ਇਸ ਵਿੱਚ ਆ ਜਾਂਦੇ ਹਨ ਅਤੇ ਜੇ ਪੂਰੀ ਜੁਗਤ ਅਤੇ ਨਿਸ਼ਚੇ ਨਾਲ ਜਪਿਆ ਜਾਵੇ ਤਦ ਪਹਿਲਾਂ ਤਾਂ ਅੰਤਹਕਰਣ ਦੀ ਮਲ ਦੂਰ ਹੁੰਦੀ ਹੈ, ਫੇਰ ਪ੍ਰੇਮ ਦੀ ਰੰਗਣ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਸਮਾਂ ਪਾ ਕੇ ਪ੍ਰੇਮ ਦਾ ਨਸ਼ਾ ਇੰਨਾ ਵਧ ਜਾਂਦਾ ਹੈ ਕਿ ਸਰੀਰ (ਨਾਮ ਰੂਪ) ਦਾ ਅਭਾਵ ਹੋ ਜਾਂਦਾ ਹੈ ਅਤੇ ਹਰ ਰੰਗ ਵਿੱਚ ਪਿਆਰਾ ਹੀ ਪਿਆਰਾ ਨਜ਼ਰ ਆਉਣ ਲਗ ਪੈਂਦਾ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (੮੪੬)

ਆਮ ਤੌਰ 'ਤੇ ਨਾਮ ਜੱਪਣ ਦੀ ਜੁਗਤ ਮਹਾਂ ਪੁਰਖਾਂ, ਗੁਰਸਿੱਖਾਂ ਵਿੱਚ ਸੀਨਾ-ਬਸੀਨਾ ਚੱਲੀ ਆਉਂਦੀ ਹੈ ਪਰ ਦਾਸ ਨੂੰ ਦੋ ਜਗ੍ਹਾ ਲਿਖਤ ਵਿੱਚ ਵੀ ਇਹ ਜੁਗਤ ਨਜ਼ਰ ਆਈ ਹੈ। ਸੌ ਸਾਖੀ ਵਿੱਚ ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਤਾ ਜੀਤੋ ਜੀ 'ਤੇ ਤਰੁਠਦੇ ਹਨ ਤਦ ਮਾਤਾ ਜੀ ਨੂੰ ਦੱਸਦੇ ਹਨ ਕਿ ਜੀਭ ਦੀ ਟੀਸੀ ਜ਼ੋਰ ਨਾਲ ਤਾਲੂ ਨੂੰ ਲੱਗੇ ਅਤੇ ਹਰ ਵੇਲੇ ਵਾਹਿਗੁਰੂ-ਵਾਹਿਗੁਰੂ ਕਰਦੀ ਰਹੇ।

ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਗਿਆਨੀ, ਜਿਨ੍ਹਾਂ ਨੇ ਦਸਮੇਸ਼ ਪਿਤਾ ਪਾਸੋਂ ਆਦਿ ਤੋਂ ਲੈ ਕੇ ਭੋਗ ਤੀਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣੀ ਅਤੇ ਨਾਮ ਜਪਣ ਦੀ ਜੁਗਤ ਵੀ ਸਿਖਿਆ ਦਾਤਾ ਸਤਿਗੁਰੂ ਸੱਚੇ ਪਾਤਸ਼ਾਹ ਕੋਲੋਂ ਸਿੱਖੀ, ਭਾਈ ਗੁਰਦਾਸ ਜੀ ਦੀ ਯਾਰ੍ਹਵੀਂ ਵਾਰ ਦੇ ਟੀਕੇ-ਸਿੱਖਾਂ ਦੀ ਭਗਤ ਮਾਲਾ, ਸ਼ੀਹਾਂ ਤੇ ਗੱਜਨ ਦੀ ਸਾਖੀ ਵਿੱਚ ਲਿਖਦੇ ਹਨ: ਦਿਨੇ ਆਪਣੀ ਕਿਰਤ ਭੀ ਕਰਨ ਤੇ ਸੁਆਸ ਤਲੇ ਜਾਵੇ ਤਾਂ 'ਵਾਹਿ' ਉਚਾਰਨ ਤੇ ਜਦ ਸੁਆਸ ਉੱਪਰ ਆਵੇ ਤਾਂ 'ਗੁਰੂ' ਦਾ ਉਚਾਰਨ ਕਰਨ। ਸੋ ਪਿੱਛਲੀ ਲਿਖਤ ਅਤੇ ਮਹਾਂ ਪੁਰਖਾਂ ਤੋਂ ਸੁਣੀ ਜੁਗਤ ਤੋਂ ਸਪੱਸ਼ਟ ਹੈ ਕਿ ਨਾਮ ਜਪਣ ਦੇ ਦ੍ਰਿਸ਼ਟਮਾਨ ਵਿੱਚ ਤਿੰਨ ਤਰੀਕੇ ਹਨ:

(੧) **ਹੋਠਾਂ ਨਾਲ, ਹੋਠ ਅਤੇ ਜਿਹਬਾ ਹੌਲੀ-ਹੌਲੀ ਹਿੱਲਦੇ ਰਹਿਣ ਅਤੇ ਵਾਹਿਗੁਰੂ, ਵਾਹਿਗੁਰੂ ਦਾ ਇੱਕ ਰਸ ਉਚਾਰਨ ਕਰੀ ਜਾਣਾ।**

(੨) **ਜੀਭ ਦੀ ਟੀਸੀ ਤਾਲੂ ਨਾਲ ਦੱਬ ਕੇ ਲੱਗੇ ਅਤੇ ਹੌਲੀ-ਹੌਲੀ 'ਵਾਹਿਗੁਰੂ' ਉਚਾਰੀ ਜਾਵੇ।**

(੩) **ਸੁਆਸ ਅੰਦਰ ਖਿੱਚੀਏ ਤਾਂ 'ਵਾਹਿ' ਨਾਲ ਜਾਵੇ: ਜਦ ਸੁਆਸ ਬਾਹਰ ਆਵੇ ਤਦ 'ਗੁਰੂ' ਨਾਲ ਆਵੇ।**

(੪) **ਚੌਥੀ ਪਉੜੀ ਬੇਅੰਤ ਅਭਿਆਸ ਦੇ ਮਗਰੋਂ ਆਪੇ ਹੀ ਆ ਜਾਂਦੀ ਹੈ। ਏਸ ਵਿੱਚ ਸ਼ਬਦ ਤੇ ਸੁਰਤ ਇੱਕ ਹੋ ਜਾਂਦੇ ਹਨ ਅਤੇ ਪ੍ਰਾਣੀ ਦਾ ਰੋਮ-ਰੋਮ ਸਹਿਜੇ ਹੀ ਨਾਮ ਜਪੀ ਜਾਂਦਾ ਹੈ। ਫੇਰ ਇਹ ਦਸ਼ਾ ਆ ਜਾਂਦੀ ਹੈ:**

ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥ (੨੭੪)

ਪਰ ਇਹਨਾਂ ਸਾਰੀਆਂ ਨਾਮ ਜਪਣ ਦੀਆਂ ਪਉੜੀਆਂ ਵਿੱਚ ਅਤਿ ਲੋੜੀਂਦੀ ਗੱਲ ਇਹ ਹੈ ਕਿ ਨਾਮ ਹਜ਼ੂਰੀ ਵਿੱਚ ਜਪਿਆ ਜਾਵੇ।

ਗੌਂਡ ਮਹਲਾ ੫ ॥
ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਗੁਰ ਕੈ ਸਬਦਿ ਮੰਤ੍ਰ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥
ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ਰਹਾਉ॥
ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥
ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥੨॥
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥ ਅੰਧਕਾਰ ਮਹਿ ਭਇਆ ਪ੍ਰਗਾਸ ॥
ਜਿਨਿ ਕੀਆ ਸੋ ਗੁਰ ਤੇ ਜਾਨਿਆ ॥ ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥
ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸਰੁ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥ (੮੬੪)

ਗੁਰ ਮੂਰਤਿ ਗੁਰ ਸ਼ਬਦ ਹੈ ॥ (ਵਾਰਾਂ ਭਾਈ ਗੁਰਦਾਸ ਜੀ)
ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ ॥
ਜਗਿ ਮਗਿ ਜੋਤ ਬਿਰਾਜ ਰਹੀ ਸ੍ਰੀ ਅਬਚਲ ਨਗਰਿ ਮਝਾਰ ॥

ਏਸ ਤਰ੍ਹਾਂ ਜੇ ਪ੍ਰਾਣੀ ਹਰ ਵੇਲੇ ਨਾਮ ਸਿਮਰਨ ਵਿੱਚ ਜੁੜਿਆ ਰਹੇ:

ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥ (੨੮੬)

ਤਦ ਇੱਕ ਦਿਨ ਰੋਮ-ਰੋਮ ਵਿੱਚ ਵਾਹਿਗੁਰੂ-ਵਾਹਿਗੁਰੂ ਰਮ ਜਾਂਦਾ ਹੈ ਅਤੇ ਹਿਰਦੇ ਵਿੱਚ ਸਤਿਗੁਰੂ ਨਾਨਕ ਆ ਵਸਦਾ ਹੈ। ਮੁੱਖ ਤੋਂ ਵੀ ਹਰ ਵੇਲੇ, ਦੁੱਖ ਸਮੇਂ ਅਥਵਾ ਸੁੱਖ ਸਮੇਂ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਹੀ ਨਿਕਲਦਾ ਹੈ। ਆਪਾ-ਭਾਵ ਗਵਾਚ ਜਾਂਦਾ ਹੈ ਅਤੇ ਸਭ ਵਿੱਚ ਇੱਕ ਆਪਾ ਹੀ ਦਿੱਸਣ ਲੱਗ ਪੈਂਦਾ ਹੈ।

ਏਥੇ ਇਹ ਗੱਲ ਦੱਸਣ ਦੀ ਬੜੀ ਲੋੜ ਹੈ ਕਿ ਪਹਿਲੇ ਦੋ-ਚਾਰ ਸਾਲ ਜ਼ਰੂਰ ਹੀ ਜਗਿਆਸੂ ਰਸਨਾ ਨਾਲ ਜਪੇ:

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥ (੧੩੬੨)

ਫੇਰ ਸੁਆਸ ਦੀ ਪਉੜੀ ਨੂੰ ਲੱਗ ਜਾਵੇ। ਇਕਾਂਤ ਅੰਮ੍ਰਿਤ ਵੇਲੇ ਅਤੇ ਸੌਣ ਤੋਂ ਪਹਿਲਾਂ ਸੁਆਸਾਂ ਦੁਆਰਾ ਨਾਮ ਜਪੇ ਅਤੇ ਤੁਰਦਿਆਂ-ਫਿਰਦਿਆਂ ਰਸਨਾ ਨਾਲ, ਫੇਰ ਹਰ ਵੇਲੇ ਸੁਆਸਾਂ ਨਾਲ ਹੀ ਜਪੀ ਜਾਵੇ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ (੩੧੯)

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ (੩੦੫-੬)

ਗੁਰਮੁਖ ਅਥਵਾ ਗੁਰਸਿਖ ਦੀ ਸੰਗਤ ਦੀ ਸਦਾ ਹੀ ਲੋੜ ਹੈ। ਉਂਝ ਤਾਂ ਹੁਕਮ ਰਜ਼ਾ ਦਾ ਬੇਤਾਰ ਚੱਕਰ ਹਰ ਵੇਲੇ ਹਰ ਇੱਕ ਪ੍ਰਾਣੀ-ਮਾਤਰ ਵਾਸਤੇ ਚਲਦਾ ਰਹਿੰਦਾ ਹੈ, ਪਰ ਸਾਡਾ ਰਿਸੀਵਰ (ਅੰਤਹਕਰਣ) ਜੰਗਾਲ਼ਿਆ ਹੋਇਆ ਹੁੰਦਾ ਹੈ, ਬੇਤਾਰ ਤਾਰ ਨੂੰ ਲੈ ਨਹੀਂ ਸਕਦਾ। ਗੁਰਮੁਖ ਦਾ ਰਿਸੀਵਰ ਸ਼ੁੱਧ ਅਤੇ ਸਾਫ ਹੁੰਦਾ ਹੈ। ਏਸ ਵਿੱਚ ਹਰ ਇੱਕ ਹਿਰਦੇ ਦੀ ਤਾਰ ਦਾ ਪੂਰਾ-ਪੂਰਾ ਅਤੇ ਸ਼ੁੱਧ ਅਕਸ ਪੈ ਜਾਂਦਾ ਹੈ। ਗੁਰਮੁਖ ਦਸ਼ਾ ਅਨੁਸਾਰ ਜਗਿਆਸੂ ਨੂੰ ਨਾਮ ਜਪਣ ਦੀ ਯੋਗ ਪਉੜੀ ਦੱਸਦਾ ਹੈ। ਕਈ ਜਗਿਆਸੂ ਪਿਛਲੇ ਜਨਮਾਂ ਦੇ ਅਭਿਆਸੀ ਹੋਣ ਕਰਕੇ ਪਹਿਲਾਂ ਹੀ ਸੁਆਸ-ਗਿਰਾਸ ਦੀ ਪਉੜੀ ਲੱਗ ਜਾਂਦੇ ਹਨ ਅਤੇ ਕਈਆਂ ਨੇ ਏਸ ਜਨਮ ਵਿੱਚ ਹੀ ਅਭਿਆਸ ਵਿੱਚ ਲੱਗਣਾ ਹੁੰਦਾ ਹੈ। ਉਨ੍ਹਾਂ ਵਾਸਤੇ ਪਹਿਲੀ ਪਉੜੀ ਤੋਂ ਸ਼ੁਰੂ ਕਰਨਾ ਹੀ ਯੋਗ ਹੈ।

ਜਦ ਜਗਿਆਸੂ ਨਾਮ ਜਪਣਾ ਸ਼ੁਰੂ ਕਰਦਾ ਹੈ ਤਦ ਤਿੰਨ ਵਿਘਨ ਏਸ ਦੇ ਸਾਹਮਣੇ ਆ ਖੜ੍ਹੇ ਹੁੰਦੇ ਹਨ।

(੧) **ਨੀਂਦ ਆਉਂਦੀ ਹੈ।**

(੨) **ਚੌਕੜੀ ਮਾਰਨ ਨਾਲ ਸਰੀਰ ਥੱਕ ਜਾਂਦਾ ਹੈ।**

(੩) **ਮਨ ਦੌੜਨ ਲੱਗ ਪੈਂਦਾ ਹੈ। ਕਈ ਐਸੇ ਸੰਕਲਪ-ਵਿਕਲਪ ਆ ਪ੍ਰਗਟ ਹੁੰਦੇ ਹਨ ਜਿਨ੍ਹਾਂ ਦਾ ਕਦੇ ਚਿੱਤ-ਚੇਤਾ ਹੀ ਨਹੀਂ ਹੁੰਦਾ।**

ਨੀਂਦ ਦਾ ਮੁੱਢਲਾ ਇਲਾਜ ਤਾਂ ਠੰਢੇ ਪਾਣੀ ਨਾਲ ਇਸ਼ਨਾਨ ਹੈ। ਜੇਕਰ ਫੇਰ ਵੀ ਇਹ ਪ੍ਰੇਮਣ ਤੰਗ ਕਰੇ ਤਾਂ ਅੱਖਾਂ ਵਿੱਚ ਠੰਢੇ ਪਾਣੀ ਦੇ ਛਿੱਟੇ ਮਾਰੇ। ਜੇ ਏਸ ਤਰ੍ਹਾਂ ਵੀ ਨਾ ਦੂਰ ਹੋਵੇ ਤਦ ਖੜਾ ਹੋ ਜਾਵੇ ਅਤੇ ਥੋੜ੍ਹਾ ਚਿਰ ਟੁਰ ਫਿਰ ਕੇ ਅਭਿਆਸ ਕਰੇ, ਫੇਰ ਬੈਠ ਜਾਵੇ।

ਦੂਸਰੇ ਵਿਘਨ ਦਾ ਇੱਕ ਹੀ ਇਲਾਜ ਹੈ। ਸਰੀਰ ਸਾਡਾ ਘੋੜਾ ਹੈ। ਏਸ ਨੂੰ ਅਸਾਂ ਸਿਰ ਚੜ੍ਹਾਇਆ ਹੋਇਆ ਹੈ। ਜਦ ਇਹ ਦੁੱਖ ਦੇਵੇ ਅਤੇ ਕੁਚਾਲੀ ਕਰੇ ਤਦ ਤਕੜੇ ਹੋ ਕੇ ਇਸ ਨੂੰ ਆਖੀਏ, ਭਲਿਆ ਲੋਕਾ! ਬਹੁਤੇਰਾ ਚਿਰ ਤੂੰ ਉਲਟਾ ਸਾਡੇ 'ਤੇ ਸਵਾਰੀ ਕਰ ਲਈ ਹੈ, ਹੁਣ ਤਕੜਾ ਹੋ ਜਾ, ਅਸਾਂ ਤੇਰੇ 'ਤੇ ਅਸਵਾਰ ਹੋਣਾ ਹੈ। ਜੇ ਹਿੰਮਤ ਕਰਾਂਗੇ ਤਦ ਥੋੜ੍ਹੇ ਦਿਨਾਂ ਵਿੱਚ ਹੀ ਇਹ ਬੇ-ਲਗਾਮਾਂ ਟੱਟੂ ਕਾਬੂ ਆ ਜਾਵੇਗਾ।

ਤੀਸਰਾ ਵਿਘਨ ਬਹੁਤ ਦੂਰ ਤੀਕਰ ਨਾਲ ਜਾਂਦਾ ਹੈ। ਸ਼ੁਰੂ ਵਿੱਚ ਤਾਂ ਬੜਾ ਹੀ ਭਿਆਨਕ ਰੂਪ ਧਾਰਦਾ ਹੈ, ਫੇਰ ਹੌਲੀ-ਹੌਲੀ ਸੂਖਸ਼ਮ ਹੁੰਦਾ ਜਾਂਦਾ ਹੈ।

ਏਸਦਾ ਮੁੱਢਲਾ ਇਲਾਜ ਤਾਂ ਸਤਿਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਹਿਰਦੇ ਵਿੱਚ ਵਸਾ, ਘੁੱਟ ਕੇ ਚਰਨ ਫੜ ਕੇ ਬੇਨਤੀ ਕਰਨਾ ਹੈ, ਹੇ ਸੱਚੇ ਪਾਤਸ਼ਾਹ! ਮਾੜੇ ਹਾਂ! ਚੰਗੇ ਹਾਂ! ਤੇਰੇ ਹਾਂ! ਮਿਹਰ ਕਰ, ਸਾਡਾ ਮਨ ਆਪਣੇ ਚਰਨਾਂ ਵਿੱਚ ਲਾ ਲੈ। ਏਸ ਦੇ ਨਾਲ ਲੱਗਦੀ ਦੂਜੀ ਜੁਗਤੀ:

ਮਨ ਨਾਲ ਸਥ, ਮਨ ਨਾਲ ਝਗੜਾ ॥
ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥ (ਪਾ: ੧੦)

ਤੀਸਰਾ ਇਲਾਜ ਗੁਰੂ ਤੇਗ ਬਹਾਦਰ ਸਾਹਿਬ ਦੀ ਵੈਰਾਗਮਈ ਬਾਣੀ ਨਿਤ-ਨੇਮ ਪੜ੍ਹਨਾ ਅਤੇ ਸਤਿਗੁਰੂ ਦੇ ਉਪਕਾਰ ਯਾਦ ਕਰਕੇ ਆਪਣੀ ਅਕ੍ਰਿਤਘਣਤਾ 'ਤੇ ਰੋਣਾ ਹੈ। ਐਸੇ ਵੈਰਾਗ ਦਾ ਇੱਕ ਅੱਥਰੂ ਜਨਮਾਂ-ਜਨਮਾਂ ਦੀ ਮੈਲ ਧੋ ਦੇਂਦਾ ਹੈ।

ਜਦ ਮਨ ਦੀ ਅਵਸਥਾ ਕੁਝ ਸੂਖਸ਼ਮ ਹੋ ਜਾਂਦੀ ਹੈ ਤਾਂ ਏਸ ਦਾ ਫੜਨਾ ਕੁਝ ਹੋਰ ਵੀ ਕਠਨ ਹੋ ਜਾਂਦਾ ਹੈ ਏਸ ਦਾ ਇਲਾਜ ਇੱਕੋ ਹੀ ਹੈ, ਗੁਰਮੁਖਾਂ ਦੀ ਸੰਗਤ, ਆਤਮ-ਵਿਚਾਰ ਅਤੇ ਸਾਧ ਸੰਗਤ ਦੇ ਹੁਕਮ ਵਿੱਚ ਨਿਰਮਾਣ, ਨਿਰਇੱਛਤ ਸੇਵਾ। ਏਸ ਤਰ੍ਹਾਂ ਜੇ ਦਮ ਪਕਾ ਕੇ, ਅਥੱਕ ਹੋ ਕੇ ਸਤਿਗੁਰੂ ਜੀ ਦੀ ਸ਼ਰਨ ਲੈ ਕੇ ਗੁਰੂ ਦਾ ਸਿੱਖ ਲੱਗਾ ਰਹੇ ਤਦ ਇੱਕ ਦਿਨ ਇਹ ਮਨ ਦੇ ਪਹਿਲਵਾਨ ਨੂੰ ਜਿਸ ਨੂੰ ਏਸ ਨੇ ਆਪਣੇ ਆਪ ਹੀ ਵਿਸ਼ੇ-ਵਿਕਾਰ, ਭੋਗ, ਮਾਨ, ਅਪਮਾਨ ਦੀ ਖੁਰਾਕ ਦੇ ਕੇ ਪਾਲਿਆ ਹੋਇਆ ਹੈ, ਢਾਹ ਲੈਂਦਾ ਹੈ ਅਤੇ ਸਦਾ ਲਈ ਅਜ਼ਾਦ ਹੋ ਜਾਂਦਾ ਹੈ।

ਮਨਿ ਜੀਤੈ ਜਗੁ ਜੀਤੁ ॥ (੬)

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥ (੭੪)

ਜੇ ਪ੍ਰੇਮੀ ਧਰਮ ਕਿਰਤ ਕਰਦਾ ਹੈ, ਵੰਡ ਛਕਦਾ ਹੈ, ਨਾਮ ਜਪਦਾ ਹੈ ਅਤੇ ਇਸ ਦੇ ਨਾਲ-ਨਾਲ ਨਿਸ਼ਕਾਮ ਸੇਵਾ ਕਰਦਾ ਹੈ, ਉਸ ਦਾ ਮਨ ਖਿੜਿਆ ਹਰਿਆ ਬਾਗ ਹੋ ਜਾਂਦਾ ਹੈ ਅਤੇ ਅੰਦਰ ਪ੍ਰੇਮ ਭਰੀ ਪ੍ਰਭੂ ਦੇ ਮਿਲਾਪ ਦੀ ਤੀਬਰ ਖਿੱਚ ਪੈਦਾ ਹੋ ਜਾਂਦੀ ਹੈ। ਸਿਮਰਨ ਅਤੇ ਕੀਰਤਨ ਦੇ ਨਾਲ-ਨਾਲ ਹੇਠ ਲਿਖੀਆਂ ਚਾਰ ਗੱਲਾਂ ਮਨ ਵਿੱਚ ਵਸਾ ਕੇ ਅਮਲ ਕਰਨ ਨਾਲ ਜਗਿਆਸੂ ਦਾ ਆਤਮਿਕ ਜੀਵਨ ਜਾਗ ਪੈਂਦਾ ਹੈ ਅਤੇ ਹਰ ਰੰਗ ਵਿੱਚ ਕਾਦਰ ਅਪਣੀ ਕੁਦਰਤ ਵਿੱਚ ਨਜ਼ਰ ਆਉਣ ਲੱਗ ਪੈਂਦਾ ਹੈ।

(੧) **ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (੧੨੪੫)**

(੨) **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (੪੭੦)**

(੩) **ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
ਆਪਨੜੇ ਗਿਰੀਵਾਨ ਮਹਿ ਸਿਰੁ ਨੰਵਾਂ ਕਰਿ ਦੇਖੁ ॥੬॥ (੧੩੭੮)

(੪) **ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ (੪੬੮)**

ਰਿਧਿ ਸਿਧਿ ਅਵਰਾ ਸਾਦ

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥ (੯੧੯)

ਹੁਣ ਇਹ ਦੱਸਣ ਦੀ ਵੀ ਲੋੜ ਹੈ ਕਿ ਭਾਵੇਂ ਸ਼ਬਦ ਦੇ ਅਭਿਆਸ ਕਰਨ ਦਾ ਪ੍ਰੇਮ ਅਥਵਾ ਇਸ਼ਕ ਪੈਦਾ ਹੋ ਵੀ ਜਾਵੇ ਤਦ ਵੀ ਰਸਤੇ ਵਿੱਚ ਪਾਂਧੀ ਲਈ ਕਈ ਅਟਕਾਂ ਆਉਂਦੀਆਂ ਹਨ। ਆਤਮ-ਪਦ, ਪਰਮ-ਪਦ, ਤੁਰੀਆ-ਪਦ ਸਹਿਜ-ਅਵਸਥਾ ਇਹਨਾਂ ਸਾਰੀਆਂ ਰੁਕਾਵਟਾਂ ਨੂੰ ਲੰਘ ਕੇ ਆਉਂਦੀ ਹੈ।

ਨਿੱਧੀ - ਜਦ ਕੋਈ ਪ੍ਰਾਣੀ ਬੰਦਗੀ ਕਰਨ ਲੱਗਦਾ ਹੈ ਉਸ ਨੂੰ ਨਾਮ ਬਾਣੀ ਦਾ ਪ੍ਰੇਮ ਹੋ ਜਾਂਦਾ ਹੈ, ਤਦ ਕੁਦਰਤੀ ਹੀ ਮਾਈ-ਭਾਈ ਆਖਣ ਲੱਗ ਪੈਂਦੇ ਹਨ ਕਿ ਭਾਈ ਫਲਾਣਾ ਤਾਂ ਬੜਾ ਭਗਤ ਹੋ ਗਿਆ ਹੈ। ਜੇਕਰ ਉਸਤਤ ਸੁਣ ਕੇ ਉਸ ਵਿੱਚ ਮਟਕ ਆ ਜਾਵੇ ਅਤੇ ਏਸ ਦੀ ਗਰਦਨ ਵਿੱਚ 'ਮੈਂ ਕੁਝ ਬਣ ਗਿਆ ਹਾਂ' ਦਾ ਕਿੱਲਾ ਠੁੱਕ ਜਾਵੇ ਤਾਂ ਵਿਚਾਰਾ ਪਹਿਲੇ ਟੋਏ ਵਿੱਚ ਹੀ ਡਿੱਗ ਪੈਂਦਾ ਹੈ ਅਤੇ ਅੱਗੇ ਤੁਰਨ ਜੋਗਾ ਨਹੀਂ ਰਹਿੰਦਾ।

ਪਰ ਜੇਕਰ ਸਤਿਗੁਰੂ ਦੀ ਮਿਹਰ ਅਤੇ ਸਤਿਸੰਗਤ ਦੀ ਬਰਕਤ ਨਾਲ ਉਸ ਦੇ ਹਿਰਦੇ ਵਿੱਚ ਗਰੀਬੀ ਵਸ ਜਾਵੇ:

ਹਉ ਤਿਸੁ ਘੋਲ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥ (ਭਾਈ ਗੁਰਦਾਸ ਜੀ)

ਤਦ ਇਹ ਏਸ ਅਟਕ ਤੋਂ ਲੰਘ ਜਾਂਦਾ ਹੈ।

ਰਿੱਧੀ – ਕੁਝ ਚਿਰ ਹੋਰ ਸਾਧਨਾਂ ਦੇ ਮਗਰੋਂ ਰਿੱਧੀ ਆਪਣਾ ਰੰਗ ਦਿਖਾਉਣ ਲੱਗ ਪੈਂਦੀ ਹੈ। ਮਾਈ ਭਾਈ ਏਸ ਨੂੰ ਕਈ ਤਰ੍ਹਾਂ ਦੇ ਪਦਾਰਥ, ਮਾਇਆ, ਬਸਤਰ ਭੇਟਾ ਕਰਨ ਲੱਗ ਪੈਂਦੇ ਹਨ। ਜੇਕਰ ਇਹ ਆਪਣਾ ਅਤੇ ਆਪਣੇ ਕੁਟੰਬੀਆਂ ਦਾ ਢਿੱਡ ਭਰਨ ਲੱਗ ਪਏ ਹਨ ਤਾਂ ਏਥੇ ਹੀ ਰਹਿ ਜਾਂਦਾ ਹੈ ਪਰ ਜੇਕਰ ਇਹ ਏਸ ਮਾਇਆ ਨਾਲ ਲੰਗਰ ਚਲਾ ਦੇਵੇ, ਕੋਈ ਧਰਮ ਅਸਥਾਨ ਯਾ ਗੁਰਦੁਆਰਾ ਬਣਾ ਦੇਵੇ ਯਾ ਕਿਸੇ ਹੋਰ ਸ਼ੁਭ ਕਾਰਜ ਪੁਰ ਨਿਰਮਾਣ ਹੋ ਕੇ ਲਾ ਦੇਵੇ ਤਦ ਏਸ ਖਾਤੇ ਤੋਂ ਵੀ ਪਾਰ ਹੋ ਜਾਂਦਾ ਹੈ।

ਸਿੱਧੀ – ਏਸ ਦੇ ਮਗਰੋਂ ਜਦ ਸ਼ਬਦ ਦਾ ਅਭਿਆਸ ਵਧ ਜਾਵੇ ਤਦ ਸਿੱਧੀ ਫੁਰ ਪੈਂਦੀ ਹੈ। ਸਹਿਜ-ਸੁਭਾਉ ਹੀ ਜੋ ਬਚਨ ਨਿਕਲ ਜਾਵੇ ਉਹ ਪੂਰਾ ਹੋ ਜਾਂਦਾ ਹੈ। ਏਸ ਦਸ਼ਾ ਨੂੰ ਕੋਈ ਸੂਰਮਾ ਹੀ ਸਾਂਭ ਸਕਦਾ ਹੈ, ਨਹੀਂ ਤਾਂ ਬਹੁਤ ਸਾਰੇ ਫ਼ਕੀਰ ਏਥੇ ਹੀ ਅਟਕ ਜਾਂਦੇ ਹਨ। ਮਾਈ-ਭਾਈ ਦੁੱਧ-ਪੁੱਤ ਵਾਸਤੇ ਬਹੁਤ ਆਉਣ ਲੱਗ ਪੈਂਦੇ ਹਨ, ਬੜਾ ਮਾਨ ਅਤੇ ਆਦਰ ਹੋਣ ਲੱਗ ਪੈਂਦਾ ਹੈ ਪਰ ਗੱਲ ਨਿਰੀ-ਪੁਰੀ ਗੁੜ ਤੇ ਮੱਖੀਆਂ ਵਾਲੀ ਹੈ, ਗੁੜ ਗੰਦਾ ਹੋ ਜਾਂਦਾ ਹੈ ਅਤੇ ਮੱਖੀਆਂ ਆਪਣੇ ਖੰਭ ਖੁਹਾ ਜਾਂਦੀਆਂ ਹਨ। ਮੋਹ ਮਾਇਆ ਦੇ ਜਾਲ ਵਿੱਚ ਤਾਂ ਅੱਗੇ ਹੀ ਸੰਸਾਰ ਫਸਿਆ ਹੋਇਆ ਹੈ। ਫ਼ਕੀਰ ਦਾ ਅਸਲੀ ਕੰਮ ਏਸ ਤੋਂ ਕਠਨ ਹੈ। ਦੁੱਧ-ਪੁੱਤ ਦੇ ਕੇ ਫ਼ਕੀਰ ਆਪਣੀ ਕਮਾਈ ਗਵਾ ਲੈਂਦਾ ਹੈ ਅਤੇ ਸੰਸਾਰੀ ਜੀਵ ਆਪਣੀ ਮਾਇਆ ਅਤੇ ਸਮਾਂ ਅਜਾਈਂ ਗਵਾ ਜਾਂਦੇ ਹਨ, ਅੱਗੇ ਨਾਲੋਂ ਵੀ ਵੱਧ ਦ੍ਰਿਸ਼ਟਮਾਨ ਦੇ ਜਾਲ ਵਿੱਚ ਜਕੜੇ ਜਾਂਦੇ ਹਨ।

ਬੁੱਧੀ – ਪਰ ਜੇਕਰ ਸਤਿਗੁਰੂ ਦੀ ਮਿਹਰ ਅਤੇ ਪੂਰਨ ਗੁਰਮੁਖਾਂ ਦੀ ਸੰਗਤ ਦੁਆਰਾ ਨਿਰਾਕਾਰ ਦਾ ਪਾਂਧੀ ਏਸ ਘੁੰਮਣ-ਘੇਰ ਵਿੱਚੋਂ ਨਿਕਲ ਜਾਵੇ ਤਦ ਬੁੱਧੀ ਦਾ ਦਰਜਾ ਆਉਂਦਾ ਹੈ:

ਸੋਰਠਿ ਮਹਲਾ ੪ ਪਚੰਪਦਾ ॥

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥
ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥੧॥
ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥
ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥
ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥
ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥੨॥
ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥
ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥੩॥
ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥
ਰਤਨੁ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ ॥੪॥
ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥
ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥(੬੦੭)

ਦਮੜੀ-ਚਮੜੀ ਵਿੱਚ ਬਿਖਮ-ਦ੍ਰਿਸ਼ਟੀ ਨੂੰ ਜਦ ਜਗਿਆਸੂ ਜਿੱਤ ਲੈਂਦਾ ਹੈ ਤਦ ਸਿੱਧੀ ਪ੍ਰਾਪਤ ਹੁੰਦੀ ਹੈ। ਜਦ ਸਿੱਧੀ ਦੀ ਤਾਕਤ ਨੂੰ ਜਰ ਲਵੇ ਤਦ ਬੁੱਧ ਪ੍ਰਕਾਸ਼ ਹੋ ਆਉਂਦੀ ਹੈ ਅਤੇ ਸੁਰਤ ਗਿਆਨ ਖੰਡ ਵਿੱਚ ਜਾ ਅਪੜਦੀ ਹੈ।

ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧ੍ਰੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥੩੫॥(੭)

ਏਸ ਨੂੰ ਅਗਮ-ਨਿਗਮ ਭੂਤ-ਭਵਿੱਖਤ ਦੀ ਸੋਝੀ ਹੋ ਜਾਂਦੀ ਹੈ, ਪਰ ਅਜੇ ਵੀ ਗਯਾਤਾ ਅਤੇ ਗੇਯ ਭਾਵ ਜਾਣਨ ਵਾਲਾ ਅਤੇ ਜਿਸ ਨੂੰ ਜਾਣਦਾ ਹੈ, ਵੱਖਰੇ ਹਨ, ਫੁਰਦਾ ਹੈ ਕਿ ਮੈ ਜਾਣਦਾ ਹਾਂ। ਅਜੇ 'ਹਮ' 'ਤੁਮ' ਦਾ ਭੇਦ ਨਹੀਂ ਮਿਟਿਆ।

ਸਹਿਜ-ਅਵਸਥਾ

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (੬੫੭)

ਬਸ ਜਦ ਪ੍ਰੇਮ ਦਾ ਤੀਰ ਲੱਗੇ ਧੰਨ ਗੁਰੂ ਨਾਨਕ ਵਾਹੁ-ਵਾਹੁ ਵਿੱਚ ਅਪਣਾ ਆਪ ਭੁੱਲ ਜਾਏ ਤਦ ਹੀ ਪੂਰਨ ਅਡੋਲ, ਸਹਿਜ-ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਤਦ:

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥ (੧੧੫੩)

ਵਾਲੀ ਦ੍ਰਿਸ਼ਟੀ ਖੁਲ੍ਹਦੀ ਹੈ; ਫੇਰ ਪੱਤੇ-ਪੱਤੇ ਵਿੱਚ ਅੰਦਰ-ਬਾਹਰ ਪਿਆਰਾ ਹੀ ਪਿਆਰਾ ਦਿਸਦਾ ਹੈ ਅਤੇ ਆਪਾ ਭਾਵ ਉੱਕਾ ਹੀ ਮਿਟ ਜਾਂਦਾ ਹੈ।

ਰਾਗੁ ਬਿਲਾਵਲ ਮਹਲਾ ੫ ਦੁਪਦੇ ਘਰੁ ੯
ੴ ਸਤਿਗੁਰ ਪ੍ਰਸਾਦਿ

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਐ ਨਿਰਗੁਨ ਊਐ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ਰਹਾਉ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥ (੮੨੭)

ਏਥੇ ਹੀ ਅੱਪੜ ਕੇ ਅਬਿਨਾਸੀ-ਸੁੱਖ ਹੈ ਅਤੇ ਏਥੇ ਹੀ ਰਿੱਧੀਆਂ-ਸਿੱਧੀਆਂ ਆਪਣੇ ਆਪ ਹੀ ਚਰਨਾਂ ਵਿੱਚ ਰੁਲਦੀਆਂ ਫਿਰਦੀਆਂ ਹਨ।

ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥੨॥ (੬੩੭)

ਪਰ ਫ਼ਕੀਰ, ਸੰਤ, ਸਾਧੂ, ਗੁਰਮੁਖ, ਗੁਰਸਿੱਖ ਇਨ੍ਹਾਂ ਨੂੰ ਨਿਗਾਹ ਹੇਠਾਂ ਨਹੀਂ ਲਿਆਉਂਦਾ ਅਤੇ ਸਦਾ ਪਿਆਰੇ ਦੀ ਰਜ਼ਾ ਵਿੱਚ ਰਹਿੰਦਾ ਹੈ :

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (੩੯੪)

ਪਰ ਫ਼ਕੀਰੀ ਦਾ ਗਾਹਕ ਵੀ ਕੋਈ ਵਿਰਲਾ ਅਤੇ ਏਥੇ ਪਹੁੰਚਾਉਣ ਵਾਲਾ ਵੀ ਕੋਈ ਵਿਰਲਾ ਹੀ ਹੁੰਦਾ ਹੈ।

ਕਾਮਲ ਫ਼ਕੀਰੀ

ਨਾਨਕ ਕਲਿ ਵਿਚਿ ਆਇਆ ਰਬੁ ਫਕੀਰ ਇਕੋ ਪਹਿਚਾਨਾ। (ਭਾਈ ਗੁਰਦਾਸ ਜੀ)

ਕਰਤਾਰ ਦਾ ਕੁਦਰਤੀ ਨੇਮ ਹੈ ਕਿ ਜਿਸ ਗੱਲ ਦੀ ਅੰਦਰੋਂ ਧੂ ਪੈਣ ਲੱਗ ਪਵੇ, ਉਹੋ ਜ਼ਰੂਰ ਪ੍ਰਾਪਤ ਹੋ ਜਾਂਦੀ ਹੈ: ''ਬਾਰਕ ਮੁਖ ਮਾਂਗੇ ਸੋ ਦੇਨਾ'' ਪਰ ਅਸੀਂ ਤਾਂ ਮਾਦਾ ਪ੍ਰਸਤੀ ਵਿੱਚ ਫਸੇ ਹੋਏ ਹੋਰ-ਹੋਰ ਖਿੱਚਾਂ ਕਰੀ ਜਾਂਦੇ ਹਾਂ, ਜਿੰਨੀ ਖਿੱਚ ਅੱਜ ਕੱਲ੍ਹ ਦੇ ਨੌਜਵਾਨ ਬੱਚੇ ਜਾਂ ਬੱਚੀ ਨੂੰ ਇੱਕ ਨਵੇਂ ਬੂਟ ਜਾਂ ਸਾੜ੍ਹੀ ਦੀ ਹੈ, ਜੇ ਇੰਨੀ ਖਿੱਚ ਆਤਮਿਕ ਖੋਜ ਵੱਲ ਹੋ ਜਾਵੇ ਤਦ ਸੰਸਾਰ ਦਾ ਬੇੜਾ ਪਾਰ ਹੋ ਜਾਵੇ ਅਤੇ ਕਲਜੁੱਗ ਵਿੱਚ ਸਤਿਜੁੱਗ ਵਰਤ ਜਾਵੇ।

ਆਮ ਤੌਰ 'ਤੇ ਅੱਜ-ਕੱਲ੍ਹ ਸਾਰੀ ਦੁਨੀਆਂ ਤਮਾਸ਼ਬੀਨ ਬਣੀ ਹੋਈ ਹੈ। ਸਿਨੇਮਾ, ਨਾਚ-ਰੰਗ, ਚੰਚਲ ਖੇਡਾਂ ਅਤੇ ਤਮਾਸ਼ਿਆਂ ਆਦਿਕ ਦੇ ਸੁਭਾਉ ਨੇ ਧਰਮ ਪ੍ਰਚਾਰ ਵਿੱਚ ਵੀ ਆਪਣਾ ਰੰਗ ਆਂਦਾ ਹੋਇਆ ਹੈ। ਇੱਥੇ ਵੀ ਜਿਹੜਾ ਪ੍ਰੇਮੀ ਰਸਤੇ ਦੀਆਂ ਖੇਡਾਂ, ਰਿੱਧੀਆਂ, ਸਿੱਧੀਆਂ, ਰਾਗ, ਨਾਦ (ਜਿਸ ਨੂੰ ਭੁੱਲ ਕੇ ਪ੍ਰੇਮੀ ਅਨਹਦ ਸ਼ਬਦ ਆਖ ਦੇਂਦੇ ਹਨ) ਆਦਿਕ ਦੇ ਤਮਾਸ਼ੇ ਵਿੱਚ ਚਿੱਤ ਬਿਰਤੀ ਨੂੰ ਪਰਚਾ ਦੇਵੇ ਉਸ ਦੇ ਮਗਰ ਦੁਨੀਆਂ ਬੜੀ ਲੱਗ ਟੁਰਦੀ ਹੈ। ਤੁਲਸੀ ਦਾਸ ਜੀ ਸੱਚ ਆਖਦੇ ਹਨ , ''ਜਗਤ ਕੀ ਭੇਡਾ ਚਾਲ ਹੈ, ਜਗਤ ਕੀ ਭੇਡਾ ਚਾਲ'' ਪਰ ਜਿਹੜਾ ਗੁਰਮੁਖ ਇਹਨਾਂ ਨੂੰ ਹੁਕਮ ਰਜਾਇ ਦੀ ਪੌੜੀ (ਪਹਿਲਾਂ-ਪਹਿਲਾਂ ਅਲੂਣੀ ਪਰ ਫੇਰ ਅਤਿ ਮਿੱਠੀ ਅਤੇ ਸੱਚ ਅੰਮ੍ਰਿਤ ਦੀ ਖਾਣ) ਉੱਪਰ ਨਾਮ ਬਾਣੀ ਦੇ ਖੰਭ ਅਤੇ ਸੰਤੋਖ ਦੇ ਤੋਸੇ ਨਾਲ ਚੜ੍ਹਾਉਣਾ ਚਾਹੇ, ਓਸ ਤੋਂ ਕੋਹਾਂ ਦੂਰ ਜਾਂਦੇ ਹਨ, ਸਗੋਂ ਕਈ ਟਿੱਚਰਾਂ ਮਸ਼ਕਰੀ ਕਰਨ ਦੀ ਵੀ ਖੇਚਲ ਝੱਲਦੇ ਹਨ, ਪਰ ਉਹ ਵਿਚਾਰੇ ਕੀ ਕਰਨ! ਉਹਨਾਂ ਨੂੰ ਸਮੇਂ ਦੇ ਦ੍ਰਿਸ਼ਟਮਾਨ ਪ੍ਰੇਤ-ਚੱਕਰ ਨੇ ਭੁਲਾਇਆ ਹੋਇਆ ਹੈ।

ਜਿਸ ਅਨਹਦ ਸ਼ਬਦ ਪ੍ਰਕਾਸ਼ ਜਾਂ ਹੋਰ ਮਦਾਰੀ ਦੀਆਂ ਖੇਡਾਂ (ਮਿਸਮਰੇਜ਼ਮ ਰੂਹਾਂ ਨਾਲ ਗੱਲਬਾਤ ਆਦਿਕ) ਦੇ ਮਗਰ ਉਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਪਿੱਠ ਦੇ ਕੇ ਭੱਜੇ ਫਿਰਦੇ ਹਨ, ਉਹ ਰਾਗ, ਨਾਦ, ਕਿੰਗਰੀ ਅਨੂਪ, ਪ੍ਰਕਾਸ਼ ਅਤੇ ਹੋਰ ਤਾਕਤਾਂ ਅਰ ਕ੍ਰਿਸ਼ਮੇ ਗੁਰਮੰਤਰ ਦਾ ਸਿਮਰਨ ਕਰਦਿਆਂ ਸੁਤੇ-ਸਹਿਜ ਸਮੇਂ-ਸਮੇਂ ਅਨੁਸਾਰ ਨਿਰ-ਜਤਨ ਸੁਣਦੇ, ਦਿੱਸਦੇ ਅਰ ਭਾਸਦੇ ਹਨ।

ਪਰ ਸਤਿਗੁਰੂ ਨਾਨਕ ਨਿਰੰਕਾਰੀ ਦਾ ਆਸ਼ਕ ਇਹਨਾਂ ਨੂੰ ਰਸਤੇ ਦੀਆਂ ਖੇਡਾਂ ਅਥਵਾ ਅਟਕਾਂ ਸਮਝ ਕੇ ਆਪਣੇ ਆਪ ਇਹਨਾਂ ਦਾ ਨਾਮ ਲੈਣਾ ਵੀ ਵਾਜਬ ਨਹੀਂ ਸਮਝਦਾ। ਪ੍ਰਸਪਰ ਵਿਚਾਰ ਵਿੱਚ ਜੇ ਕਦੇ ਜ਼ਿਕਰ ਕਰਦਾ ਵੀ ਹੈ, ਤਾਂ ਆਖਦਾ ਹੈ ਕਿ ਹੇ ਪਾਂਧੀ! ਇਹ ਸਿਰਫ਼ ਤੇਰੇ ਵਾਸਤੇ ਇਸ਼ਾਰੇ, ਰਾਹ ਦੀਆਂ ਨਿਸ਼ਾਨੀਆਂ

ਹਨ ਕਿ ਤੂੰ ਦ੍ਰਿਸ਼ਟਮਾਨ ਦੇ ਚੱਕਰ ਤੋਂ ਕੁਝ ਉਚੇਰਾ ਟੁਰਨ ਲੱਗ ਪਿਆ ਹੈਂ, ਪਰ ਜਿੱਥੇ ਤੂੰ ਪਹੁੰਚਣਾ ਹੈ ਉਹ ਦਿੱਲੀ ਅਜੇ ਦੂਰ ਹੈ। ਉੱਥੇ ਤਾਂ ਨਾ ਰੂਪ ਹੈ ਨਾ ਰੇਖ ਹੈ, ਨਾ ਰੰਗ ਹੈ, ਸਦਾ ਇਕ ਹੁਕਮ-ਰਜਾਇ ਦਾ ਹੀ ਅਨਾਹਦ ਨਾਦ ਵਜ ਰਿਹਾ ਹੈ।

ਰੂਪ ਨ ਰੇਖ ਨ ਰੰਗ ਕਿਛੁ ਤ੍ਰਿਹ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥ (੨੮੩)

ਇਹ ਹੈ ਨਿਰਾਕਾਰ ਦੇ ਦੇਸ਼ ਦਾ ਅਨਾਹਦ ਨਾਦ, ਜਿਹੜਾ ਕਿ ਹਰ ਵੇਲੇ ਸੁੱਤਿਆਂ-ਜਾਗਦਿਆਂ ਉਹਨਾਂ ਗੁਰਮੁਖਾਂ ਨੂੰ ਸੁਣਦਾ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਮਿਟਾ ਦਿੱਤਾ ਹੈ ਅਤੇ ਜਿਨ੍ਹਾਂ ਵਿੱਚ ਕੁਝ ਬਣਨ ਦੀ ਇੱਛਾ ਮੁੱਕ ਚੁੱਕੀ ਹੈ। ਉਹ ਸਦਾ ਹੁਕਮ ਰਜਾਇ ਵਿੱਚ ਹਨ ਅਤੇ ਹੁਕਮ ਸਦਾ ਹੀ ਉਹਨਾਂ ਵਿੱਚ ਵਰਤਦਾ ਹੈ।

ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਇਸ ਤੋਂ ਉਰੇ ਸਾਕਾਰ ਦੇਸ਼ ਵਿੱਚ ਵੀ ਅਨਾਹਦ ਸ਼ਬਦ ਹੈ। ਇਸ ਨੂੰ ਵੀ ਕੋਈ ਵਿਰਲਾ ਭਾਗਾਂ ਵਾਲਾ ਸੁਣਦਾ ਹੈ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ਰਹਾਉ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥ (੯੮੮)

ਗੁਰਮੁੰਤਰ ਦਾ ਅਭਿਆਸ ਕਰਦਿਆਂ-ਕਰਦਿਆਂ ਸਮਾਂ ਪਾ ਕੇ ਇਹ ਦਸ਼ਾ ਆ ਜਾਂਦੀ ਹੈ ਕਿ ਹਰ ਇੱਕ ਅਵਾਜ਼ ਪਿਆਰੇ ਦੀ ਅਵਾਜ਼ ਭਾਸਣ ਲੱਗ ਪੈਂਦੀ ਹੈ, ਪੌਣ, ਪਾਣੀ, ਬੈਸਤੰਰ ਸਭ ਭੈਅ ਵਿੱਚ ਹੀ ਚਲਦੇ ਨਜ਼ਰ ਆਉਂਦੇ ਹਨ ਅਤੇ ਇਹ ਪ੍ਰਤੱਖ ਹੋ ਜਾਂਦਾ ਹੈ ਕਿ:

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥ (੧੨੬੫)

ਅੱਗੇ ਅਸਥੂਲ ਵਿੱਚ ਸੂਖਮ ਦਾ ਖਿਆਲ ਕਰਦਾ ਸੀ, ਹੁਣ ਸੂਖਮ ਵਿੱਚ ਅਸਥੂਲ ਜਾਣਨ ਲੱਗ ਪੈਂਦਾ ਹੈ। ਇਸ ਦਸ਼ਾ ਨੂੰ ਸਤਿਗੁਰੂ ਨਾਨਕ ਦੇਵ ਜੀ ਨੇ ਇਉਂ ਵਰਣਨ ਕੀਤਾ ਹੈ:

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ (੭੬੪)

ਇਹ ਹੈ ਰੱਬ ਦਾ ਸਾਕਾਰ ਦਰਸ਼ਨ:

ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (੮੪੬)
ਏਹੁ ਵਿਸੁ ਸੰਸਾਰ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ (੯੨੨)

ਇਸ ਦੇ ਮਗਰੋਂ ਜੇਕਰ ਜਗਿਆਸੂ ਗੁਰਮੰਤਰ ਦੇ ਅਭਿਆਸ ਵਿੱਚ ਲੱਗਾ ਰਹੇ ਅਤੇ ਉਹਨਾਂ ਗੁਰਮੁਖਾਂ ਦਾ ਸਤਿਸੰਗ ਕਰੇ, ਜਿੱਥੇ ਕਿ ਸੁਤੇ-ਸਿੱਧ ਹੀ ਬੇਤਾਰ-ਤਾਰ ਦਾ ਮੇਲਾ ਹੈ ਅਤੇ ਬਨਾਵਟ ਦੀ ਉੱਕੀ ਹੀ ਥੋ ਨਹੀਂ, ਫੇਰ ਇਹ ਨਿਰਾਕਾਰ ਅਥਵਾ ਸੱਚਖੰਡ ਮੰਡਲ ਵਿੱਚ ਅੱਪੜ ਜਾਵੇਗਾ।

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥ (੯੮੮)

ਸਾਰੀਆਂ ਤਿੰਨ ਪ੍ਰਕਾਰ ਦੀਆਂ ਵਾਸ਼ਨਾਵਾਂ ਹਨ। ਇਨ੍ਹਾਂ ਨੂੰ ਜਿੱਤ ਕੇ ਨਿਰਾਕਾਰ ਦੇ ਦੇਸ਼ ਵਿੱਚ ਪਹੁੰਚੀਦਾ ਹੈ:

(੧) ਭੋਗ ਵਾਸ਼ਨਾ

ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ (੧੦੧੩)

ਜੋ ਕਰਤਾਰ ਭੇਜੇ ਛਕੇ, ਅੰਨ ਪਾਣੀ ਛੱਡ ਕੇ ਪਾਖੰਡ ਨ ਕਰੇ, ਪਰ ਦੂਸਰੇ ਨੂੰ ਛਕਦੇ ਦੇਖ ਕੇ ਨਾ ਸੜੇ। ਸਰੀਰ ਦੇ ਸਾਰੇ ਧਰਮ, ਗ੍ਰਹਿਸਤ ਆਦਿਕ ਕੁਦਰਤ ਅਨੁਸਾਰ ਨਿਭਾਏ, ਵਿਸ਼ੇ-ਵਿਕਾਰ ਵਿੱਚ ਲੱਗ ਕੇ ਪਸ਼ੂਆਂ ਤੋਂ ਵੀ ਹੇਠਾਂ ਨਾ ਡਿੱਗੇ।

(੨) ਲੋਕ ਵਾਸ਼ਨਾ

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ (੨੧੯)

ਜੋ ਕੁਝ ਤੂੰ ਹੈਂ ਸੋ ਹੈਂ। ਕਿਸੇ ਦੀ ਉਸਤਤ ਨਾਲ ਤੂੰ ਵੱਡਾ ਨਹੀਂ ਬਣ ਚੱਲਿਆ ਅਤੇ ਕਿਸੇ ਦੀ ਨਿੰਦਿਆ ਨਾਲ ਤੂੰ ਘਟ ਨਹੀਂ ਚੱਲਿਆ।

(੩) ਆਮ ਵਾਸ਼ਨਾ

ਸਰੀਰ ਛੱਡਣ ਦੇ ਮਗਰੋਂ ਦੁਨੀਆਂ ਵਿੱਚ ਮੇਰਾ ਨਾਮ ਕਾਇਮ ਰਹਿ ਜਾਵੇ। ਭੋਲਿਆ! ਜਦ ਤੂੰ ਅੱਖੀਆਂ ਮੀਟ ਲਈਆਂ, ਤੈਨੂੰ ਕੀ ਤੇਰਾ ਨਾਮ ਰਹੇ ਭਾਵੇਂ ਨਾ ਰਹੇ, ਐਵੇਂ ਕਿਉਂ ਸੰਕਲਪ ਦੇ ਜਾਲ ਵਿੱਚ ਆਪਣੇ ਆਪ ਨੂੰ ਫਸਾਉਂਦਾ ਹੈਂ।

ਸਤਿਸੰਗ, ਸਵੈ-ਕਿਰਪਾ ਅਤੇ ਗੁਰ-ਕਿਰਪਾ ਦੁਆਰਾ ਜਦ ਇਹ ਵਾਸ਼ਨਾਵਾਂ ਮੁੱਕ ਜਾਣਗੀਆਂ ਤਦ ਪੰਥ ਦਾ ਪਾਂਧੀ (ਸੱਚ ਦਾ ਪਾਂਧੀ) ਇੱਕ ਦਿਨ ਏਥੇ ਅੱਪੜ ਜਾਵੇਗਾ:

ਸੋਰਠਿ ਮਹਲਾ ੯

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥ (੬੩੩)

ਬੱਸ ਏਸ ਤੋਂ ਪਰੇ ਨਾ ਕੋਈ ਦਸ਼ਾ ਹੈ, ਨਾ ਦੇਸ਼ ਹੈ, ਨਾ ਖੰਡ ਹੈ, ਅਤੇ ਇਹ ਦਸ਼ਾ ਏਸ ਸਰੀਰ ਵਿੱਚ ਹੀ ਪ੍ਰਾਪਤ ਕਰਨੀ ਹੈ।

ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ (੭੩੦)

ਬਲੀਦਾਨ ਅਤੇ ਵੈਰਾਗ ਦੇ ਪੁੰਜ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਇਹ ਸ਼ਬਦ ਸੰਤ, ਭਗਤ, ਸਿੱਖ, ਗੁਰਸਿੱਖ ਦੇ ਮੂੰਹ 'ਤੇ ਸਿੱਧੀਆਂ ਚਪੇੜਾਂ ਮਾਰਦਾ ਹੈ ਅਤੇ ਆਖਦਾ ਹੈ ਕਿ ਹੇ ਰਬ ਦੇ ਬੰਦੇ! ਜੇ ਤਾਂ ਤੇਰੇ 'ਤੇ ਇਹ ਦਸ਼ਾ ਆ ਗਈ ਤਦ ਸਿਰ ਨਿਵਾ ਵਜਦ ਵਿੱਚ ਆ ਜਾ ਅਤੇ ਮੁੱਖੋਂ ਆਖ, ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ! ਜਿਨ੍ਹਾਂ ਦੀ ਨਾਮ-ਬਾਣੀ ਅਤੇ ਸਾਧ-ਸੰਗਤ ਦੀ ਚਰਨ ਧੂੜ

ਦੀ ਛੁਹ ਨੇ ਤੈਨੂੰ ਏਥੇ ਪਹੁੰਚਾਇਆ ਹੈ। ਏਸ ਦੀ ਨਾਮ-ਬਾਣੀ ਦੇ ਰੰਗ ਵਿਚ ਸਦਾ ਹੀ ਮਸਤ ਰਹੋ ਅਤੇ ਸਾਧ-ਸੰਗਤ ਦੀ ਧੂੜੀ ਵਿੱਚ ਬਿਸਰਾਮ ਕਰ।

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥ (੧੪੨੫)

ਪਰ ਜੇ ਤੇਰੇ 'ਤੇ ਇਹ ਦਸ਼ਾ ਨਹੀਂ ਘਟਦੀ ਅਤੇ ਸਤਿਗੁਰੂ ਦਾ ਸ਼ਬਦ ਭਿਉਂ-ਭਿਉਂ ਕੇ ਤੈਨੂੰ ਛਿੱਤਰ ਮਾਰਦਾ ਹੈ ਤਦ ਰੱਬ ਦੇ ਵਾਸਤੇ, ਨਹੀਂ-ਨਹੀਂ ਆਪਣੇ ਆਪ ਦੇ ਵਾਸਤੇ, ਨਿਮਾਣਾ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਦੁਆਰੇ 'ਤੇ ਢਹਿ ਪਉ ਅਤੇ ਬਾਬੇ ਦੇ ਦਰ ਦਾ ਕੁੱਤਾ ਬਣ ਜਾ, ਕਦੀ ਨਾ ਕਦੀ ਮਾਲਕ ਤਰੁੱਠ ਪਵੇਗਾ ਅਤੇ ਤ੍ਰੁਕਾਣ ਨੂੰ ਪੁੰਝ-ਪਾਂਝ ਕੇ ਆਪਣੀ ਗੋਦ ਵਿਚ ਲੈ ਲਵੇਗਾ।

ਨਾਨਕ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ (੭੫੭)

ਪਰ ਤੇਰੇ ਵਾਸਤੇ ਆਪਣੇ ਹਿਰਦੇ ਵਿਚ ਇਹ ਗੱਲ ਵਸਾਉਣੀ ਜ਼ਰੂਰੀ ਹੈ ਕਿ ਮਨ ਬਚ-ਕਰਮ-ਕਰ ਕੇ ਕੁਝ ਨਾ ਬਣੀਂ, ਕੁਝ ਨਾ ਬਣੀਂ, ਕੁਝ ਨਾ ਬਣੀਂ, ਨਹੀਂ ਤਾਂ ਸੱਤਵੇਂ ਅਕਾਸ਼ 'ਤੇ ਵੀ ਜੇ ਚੜ੍ਹ ਜਾਵੇਂਗਾ ਤਾਂ ਫਿਰ ਵੀ ਡਿੱਗ ਪਵੇਂਗਾ।

ਉਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥ (੩੭੪)

ਬੱਸ ਦੇਹ ਅਭਿਮਾਨ, ਹਉਮੈ ਨੂੰ ਮਿਟਾਉਣਾ ਹੀ ਫ਼ਕੀਰੀ ਹੈ ਅਥਵਾ ਗੁਰਸਿੱਖੀ ਹੈ ਅਤੇ ਬਗ਼ੈਰ ਸੱਚੇ ਨੇਹੁੰ ਦੇ ਇਹ ਬਲ਼ਾ ਹਿਰਦੇ ਵਿਚੋਂ ਨਿਕਲਦੀ ਨਹੀਂ।

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ (੮੩)

ਸਰੀਰ ਰਹੇ ਵੀ ਤਾਂ ਹੁਕਮ ਵਿੱਚ ਰਹੇ, ਪਰ ਮਨ ਸੰਸਾਰ ਵੱਲੋਂ ਮਰ ਜਾਵੇ, ਹਰ ਵੇਲੇ ਪਿਆਰੇ ਦੇ ਪਿਆਰ ਅਤੇ ਰਜਾਇ ਵਿੱਚ ਸੀਤਾ ਰਹੇ।

ਆਤਮ ਮੰਡਲ ਵਿੱਚ ਤਿੰਨ ਦਸ਼ਾ ਜਰੂਰੀ ਵਾਪਰਦੀਆਂ ਹਨ - ਦਾਨੀ, ਮਸਤਾਨੀ ਅਤੇ ਦੀਵਾਨੀ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਤਿੰਨੇ ਹੀ ਦਸ਼ਾ ਸਾਨੂੰ ਸੰਬੋਧਨ ਕਰਨ ਵਾਸਤੇ ਆਪਣੇ ਆਪ 'ਤੇ ਵਰਤਾਈਆਂ। ਦਾਨੇ ਤਾਂ ਉਹ ਜਨਮ ਤੋਂ ਹੀ ਸਨ, ਜਿਸ ਨੇ ਦਰਸ਼ਨ ਕੀਤਾ ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ। ਮਸਤਾਨੇ ਉਦੋਂ ਹੋਏ ਜਦੋਂ ਖਾਣਾ-ਪੀਣਾ ਛੱਡ ਕੇ ਚੁੱਪ-ਚਾਪ ਪਏ ਰਹਿੰਦੇ ਅਤੇ ਮਾਤਾ-ਪਿਤਾ ਨੇ ਵੈਦ ਨੂੰ ਬੁਲਾ ਭੇਜਿਆ, ਦੀਵਾਨੀ ਦਸ਼ਾ ਉਸ ਵੇਲੇ ਸੀ ਜਦ ਸੁਲਤਾਨਪੁਰ ਮੋਦੀਖਾਨਾ ਛੱਡ ਕੇ ਮੜ੍ਹੀਆਂ ਵਿੱਚ ਜਾ ਬੈਠੇ।

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ਰਹਾਉ॥ (੯੯੧)

ਅਨਭਉ ਪ੍ਰਕਾਸ਼

ਗੁਰਸਿੱਖ ਦੀ ਲੋੜ, "ਸ਼ਬਦ ਗੁਰੂ ਸੁਰਤਿ ਧੁਨ ਚੇਲਾ" ਨਾਮ ਸਿਮਰਨ, ਰਿੱਧ-ਸਿੱਧ ਅਵਰਾ ਸਾਦ, ਕਾਮਲ ਫ਼ਕੀਰੀ ਤੇ ਵਿਚਾਰ ਅਨੁਸਾਰ ਉੱਪਰ ਪੇਸ਼ ਹੋ ਚੁੱਕੇ ਹਨ। ਹੁਣ ਸਿਰਫ਼ ਏਨੀ ਲੋੜ ਹੈ ਕਿ

ਅਨਭਉ ਪ੍ਰਕਾਸ਼ ਤੇ ਆਪਣੇ ਤਜ਼ਰਬੇ ਵਿੱਚ ਆਏ ਹੋਏ ਵਿਚਾਰ ਸਾਧ-ਸੰਗਤ ਦੀ ਭੇਟਾ ਕੀਤੇ ਜਾਵਣ।

ੴ ਸਤਿਗੁਰ ਪ੍ਰਸਾਦਿ ॥

॥ਜਾਪੁ॥

ਸ੍ਰੀ ਮੁਖਵਾਕ ਪਾਤਸਾਹੀ ੧੦ ॥

ਛਪੈ ਛੰਦ ॥ ਤ੍ਵ ਪ੍ਰਸਾਦਿ ॥

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥

ਵਾਹਿਗੁਰੂ ਚਿਹਨ, ਚੱਕ੍ਰ, ਬਰਨ, ਜਾਤ-ਪਾਤ ਤੋਂ ਰਹਿਤ ਹੈ। ਉਸ ਦਾ ਰੂਪ-ਰੰਗ, ਰੇਖ, ਭੇਖ ਕੋਈ ਨਹੀਂ ਕਹਿ ਸਕਦਾ। ਉਹ ਸਦਾ ਹੀ ਇਕ-ਰਸ ਵਰਤਦਾ ਹੈ ਅਤੇ ਅਨੁਭਵ ਦਾ ਵਿਸ਼ਾ ਹੈ। ਦਲੀਲ ਨਾਲ ਉਸ ਨੂੰ ਕੋਈ ਤੋਲ ਨਹੀਂ ਸਕਦਾ ਅਥਵਾ ਇਨਸਾਨ ਵਾਹਿਗੁਰੂ ਨੂੰ ਰੋਮ-ਰੋਮ ਵਿੱਚ ਪ੍ਰਤੀਤ ਕਰ ਸਕਦਾ ਹੈ। "God conscious" ਹੋ ਸਕਦਾ ਹੈ ਪਰ ਜਿਹਬਾ ਦੁਆਰਾ ਉਸ ਦਾ ਕੋਈ ਸਰੂਪ ਵਰਣਨ ਨਹੀਂ ਕਰ ਸਕਦਾ।

ਜਿਸ ਤਰ੍ਹਾਂ ਮਨੁੱਖ ਮਾਤਰ ਨੂੰ ਖੁਸ਼ੀ-ਗਮੀ ਦੀ ਲਹਿਰ ਰੋਮ-ਰੋਮ ਵਿੱਚ ਪ੍ਰਤੀਤ ਹੁੰਦੀ ਹੈ, ਪਰ ਉਹ ਏਹਨਾਂ ਦਾ ਕੋਈ ਸਰੂਪ ਦੱਸ ਨਹੀਂ ਸਕਦਾ, ਏਸੇ ਤਰ੍ਹਾਂ ਜਗਿਆਸੂ ਨੂੰ ਨਿੱਤਨੇਮ, ਗੁਰਮੰਤਰ ਦਾ ਅਭਿਆਸ ਕਰਦਿਆਂ-ਕਰਦਿਆਂ ਹਰੀ ਕੀਰਤਨ ਵਿੱਚ ਹਿੱਸਾ ਲੈਂਦਿਆਂ ਜਾਂ ਪੂਰਨ ਪ੍ਰੇਮ ਨਾਲ ਸੁਣਦਿਆਂ, ਨਿਸ਼ਕਾਮ ਸੇਵਾ ਦਾ ਲਾਭ ਉਠਾਉਂਦਿਆਂ ਅਤੇ ਆਤਮ ਵਿਚਾਰ ਕਰਦਿਆਂ (ਬਾਹਰ ਭੀਤਰਿ ਏਕੋ ਜਾਨੋ ਏਹ ਗੁਰ ਗਿਆਨ ਬਤਾਈ) ਆਪਣੇ ਅੰਦਰੋਂ ਕੁਦਰਤ ਦੇ ਹਰ ਇੱਕ ਰੰਗ ਅਤੇ ਹਰ ਇੱਕ ਸ਼ਕਲ ਵਿੱਚ ਵਾਹਿਗੁਰੂ ਭਾਸਣ ਲੱਗ ਪੈਂਦਾ ਹੈ। ਖੋਜੀ ਪੁਰਸ਼ ਨੂੰ ਹਰ ਇੱਕ ਸਰੂਪ ਵਿੱਚ ਰੱਬ ਦਿੱਸਣ ਲੱਗ ਪੈਂਦਾ ਹੈ ਅਤੇ ਹਰ ਇੱਕ ਅਵਾਜ਼ ਪਿਆਰੇ ਦੀ ਅਵਾਜ਼ ਭਾਸਦੀ ਹੈ। ਉਸ ਨੂੰ ਪ੍ਰਤੱਖ ਹੋ ਜਾਂਦਾ ਹੈ ਕਿ ਸਭ ਦ੍ਰਿਸ਼ਟਮਾਨ ਦਾ ਆਸਰਾ ਅਤੇ ਸਾਰੇ ਭਿੰਨ-ਭਿੰਨ ਸ਼ਬਦਾਂ, ਬੋਲੀਆਂ ਅਤੇ ਅਵਾਜ਼ਾਂ ਦਾ ਆਧਾਰ ਸਤਿ-ਚਿੱਤ-ਅਨੰਦ ਪ੍ਰਮਾਤਮ ਦੇਵ ਹੈ।

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥ (੨੭੨)

ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (੮੪੬)

ਇਸ ਦਸ਼ਾ ਵਿੱਚ ਅਪੜਨ ਲਈ ਤਿੰਨ ਦਰਜੇ ਆਉਂਦੇ ਹਨ:

੧. ਅਸਤੀ। ੨. ਭਾਂਤੀ। 3. ਪ੍ਰੀਯ।

ਜਦ ਸਤਸੰਗੀ ਪੁਰਸ਼ ਸਤਿਗੁਰੂ ਦੀ ਚਲਾਈ ਹੋਈ ਟਕਸਾਲ (ਨਿੱਤ-ਪ੍ਰਤੀ ਸਤਿਸੰਗ ਅਤੇ ਪ੍ਰਾਣੀ-ਮਾਤਰ ਦੀ ਸੇਵਾ ਆਪਣਾ ਹੀ ਰੂਪ ਜਾਣ ਕੇ ਕਰਨਾ) 'ਤੇ ਤੁਰਦਿਆਂ ਹੋਇਆਂ ਅੰਮ੍ਰਿਤ ਵੇਲੇ ਵਾਹਿਗੁਰੂ-ਮੰਤਰ ਦੇ ਅਭਿਆਸ ਵਿੱਚ ਸਵਾਸਾਂ ਦੁਆਰਾ ਜੁੜਦਾ ਹੈ ਤਦ ਸਮਾਂ ਪਾ ਕੇ (੧੦ ਯਾ ੨੦ ਕੁ ਸਾਲ ਯਾ ਵਧ ਘੱਟ) ਇੱਕ ਛਿਨ ਆਉਂਦੀ ਹੈ ਅਤੇ ਉਸ ਨੂੰ ਆਪਣੇ ਅੰਦਰੋਂ ਇਹ ਭਾਸ ਆਉਂਦਾ ਹੈ ਕਿ ਦ੍ਰਿਸ਼ਟਮਾਨ (ਸਰੀਰ ਅਤੇ ਅਕਾਰ) ਹੈ ਨਹੀਂ। ਜਦ ਇਹ ਪ੍ਰਤੀਤ ਹੋ ਜਾਂਦਾ ਹੈ ਤਦ ਅੰਦਰੋਂ ਹੀ ਸਾਖੀ ਦੁਆਰਾ ਅਵਾਜ਼ ਆਉਂਦੀ ਹੈ ਕਿ ਜਿਹੜਾ ਸਾਰੇ ਦ੍ਰਿਸ਼ਟਮਾਨ ਨੂੰ ਮਿੱਥਿਆ (ਫਨਾਹਫਿਲਾ) ਪ੍ਰਤੀਤ ਕਰ ਰਿਹਾ ਹੈ, ਉਹੋ (ਆਤਮ-ਦੇਵ) ਹੈ।

ਏਸ ਅਨੁਭਵ ਦੀ ਦਸ਼ਾ ਦੇ ਖੁੱਲ੍ਹਣ ਤੋਂ ਪਹਿਲਾਂ, ਖੋਜੀ ਨੂੰ ਹਰ ਵੇਲੇ ਅਤੇ ਹਰ ਪਾਸੇ ਸਰੀਰ ਅਤੇ ਹੋਰ ਅਕਾਰ ਪ੍ਰਤੱਖ ਵਸਤੂ ਪ੍ਰਤੀਤ ਹੁੰਦੇ ਸਨ, ਆਤਮਾ ਇੱਕ ਰੁੱਖਾ ਜਿਹਾ ਖ਼ਿਆਲ ਹੀ ਹੁੰਦਾ ਸੀ। ਹੁਣ ਆਤਮਾ ਪ੍ਰਤੱਖ ਭਾਸਦੀ ਹੈ ਅਤੇ ਦੇਹ (ਸਾਰੇ ਦ੍ਰਿਸ਼ਟਮਾਨ ਸਹਿਤ) ਮਿੱਥਿਆ ਹੋ ਜਾਂਦੀ ਹੈ। ਸਾਰਾ ਵਿਸੁ ਸੰਸਾਰ ਹਰੀ ਦਾ ਅਭਾਸ ਨਜ਼ਰੀਂ ਆਉਣ ਲੱਗ ਪੈਦਾ ਹੈ ਅਤੇ ਹਰੀ ਪ੍ਰਤੱਖ ਹੋ ਜਾਂਦਾ ਹੈ।

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ਰਹਾਉ॥ (੧੧੮੬)

ਏਸ ਛਿਨ ਆਵਨ ਦੇ ਮਗਰੋਂ ਖੋਜੀ (ਜਗਿਆਸੂ) ਹੋਰ ਸਤਸੰਗ, ਨਿਸ਼ਕਾਮ ਸੇਵਾ ਅਤੇ ਗੁਰਮੰਤਰ ਦਾ ਅਭਿਆਸ ਕਰੀ ਜਾਵੇ। ਸਮਾਂ ਪਾ ਕੇ ਸਹਿਜ-ਸੁਭਾਇ ਭਾਂਤੀ ਦਰਜਾ ਆ ਜਾਵੇਗਾ। ਟੁਰਦਿਆਂ- ਫਿਰਦਿਆਂ ਉੱਠਦਿਆਂ-ਬੈਠਦਿਆਂ ਪਉਣ, ਪਾਣੀ, ਬੈਸੰਤਰ ਅਥਵਾ ਕੁਦਰਤ ਦੇ ਹਰ ਰੰਗ ਅਤੇ ਕ੍ਰਿਸ਼ਮੇ ਵਿੱਚ ਵਾਹਿਗੁਰੂ ਭਾਸ ਆਉਂਦਾ ਹੈ।

ਏਸ ਤਰ੍ਹਾਂ ਦ੍ਰਿਸ਼ਟਮਾਨ ਵਿੱਚ ਵਾਹਿਗੁਰੂ ਦੇ ਪ੍ਰਤੀਤ ਹੋਵਨ ਦੇ ਉਪਰੰਤ ਕੁਝ ਸਮਾਂ ਹੋਰ ਸਤਿਸੰਗ ਅਤੇ ਅਭਿਆਸ ਕਰਨ ਦੇ ਮਗਰੋਂ, ਖੋਜੀ ਦੀ ਬਿਰਤੀ ਪੂਰਨ ਤੌਰ 'ਤੇ ਅੰਤਰ-ਮੁਖੀ ਹੋ ਜਾਂਦੀ ਹੈ ਅਤੇ ਇਹ ਆਪਣੇ ਆਪ ਵਿੱਚ ਮਸਤ ਹੋ ਜਾਂਦਾ ਹੈ। ਏਸ ਦਾ ਫੁਰਨਾ ਸਾਰੇ ਦ੍ਰਿਸ਼ਟਮਾਨ ਪਦਾਰਥਾਂ ਵੱਲੋਂ ਮੁੜ ਜਾਂਦਾ ਹੈ। ਸਾਰੀਆਂ ਵਾਸ਼ਨਾਵਾਂ ਖੈ (ਨਸ਼ਟ) ਹੋ ਜਾਂਦੀਆਂ ਹਨ ਅਤੇ ਇਹ ਸਤਿ-ਚਿੱਤ-ਅਨੰਦ ਦੇ ਅਥਾਹ ਸਮੁੰਦਰ ਵਿੱਚ ਸਰਾਸਰ ਆਪਣੇ ਆਪ ਦਾ ਰੰਗ ਮਾਣਦਾ ਹੈ।

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ (੪੭੩)

ਜਦ ਇਹ ਅਖ਼ੀਰੀ ਠੋਕਰ ਅੰਦਰੋਂ ਵੱਜ ਜਾਵੇ ਤਦ ਜਗਿਆਸੂ ਨੂੰ ਦੋ ਹੋਰ ਠੋਕਰਾਂ ਦੀ ਲੋੜ ਹੁੰਦੀ ਹੈ।

ਇੱਕ, ਗੁਰਬਾਣੀ ਦੇ ਮਹਾਂ ਵਾਕਾਂ ਦੀ, ਜਿਹੜੇ ਕਿ ਸ਼ਬਦ ਗੁਰੂ ਦੇ ਅਥਾਹ ਸਮੁੰਦਰ ਵਿੱਚ ਅਮੋਲਕ ਮੋਤੀਆਂ ਵਾਂਗੂੰ ਗੁੱਝੇ ਪਏ ਹਨ ਅਤੇ ਜਿਨ੍ਹਾਂ ਦੀ ਸੋਝੀ ਸਤਿਸੰਗ ਰਾਹੀਂ ਪੈਂਦੀ ਹੈ। ਦੂਜੀ ਪੂਰਨ ਗੁਰਸਿੱਖ ਦੀ, ਆਤਮ-ਦੇਵ ਦੀ ਆਪਣੀ ਦੇਖੀ ਹੋਈ ਸ਼ਹਾਦਤ।

ਸੰਤਨ ਕੀ ਸੁਨਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥ (੮੯੪)

ਏਹਨਾਂ ਦੋਨਾਂ ਠੋਕਰਾਂ ਦੇ ਮਗਰੋਂ ਆਪਣੇ ਅੰਦਰਲੀ ਠੋਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਮਹਾਂਵਾਕਾਂ ਦੁਆਰਾ ਅਤੇ ਗੁਰਸਿੱਖ ਦੀ ਸ਼ਹਾਦਤ (ਸਾਖੀ) ਨਾਲ ਜਗਿਆਸੂ ਦੀ ਦਸ਼ਾ ਪ੍ਰਪੱਕ ਹੋ ਜਾਂਦੀ ਹੈ। ਫੇਰ ਧਿਆਤਾ, ਧਿਆਨ, ਧੇਅ; ਗਿਆਤਾ, ਗਿਆਨ, ਗੇਅ ਇੱਕ ਹੋ ਜਾਂਦੇ ਹਨ ਅਤੇ ਹੇਠ ਲਿਖੀ ਦਸ਼ਾ ਪ੍ਰਪੱਕ ਹੋ ਜਾਂਦੀ ਹੈ:

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥ (੪੭੫)

ਏਸ ਪਦ (ਆਤਮ ਪਦ, ਸਹਿਜ ਪਦ, ਪਰਮ ਪਦ, ਚੌਥਾ ਪਦ) 'ਤੇ ਪਹੁੰਚਣ ਵਾਸਤੇ ਸ੍ਰੀ ਗੁਰੂ ਰਾਮ ਦਾਸ ਜੀ ਸੂਹੀ ਮਹਲਾ ੪ ਲਾਵਾਂ ਵਿਚ ਜਗਿਆਸੂ ਇਸਤਰੀ ਨੂੰ ਪਤੀ-ਪ੍ਰਮੇਸ਼ਰ ਦੇ ਮਿਲਾਪ ਦੀਆਂ ਚਾਰ ਮੰਜ਼ਲਾਂ ਦੱਸਦੇ ਹਨ।

ਸੂਹੀ ਮਹਲਾ ੪

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ (੭੭੩)

ਜਗਿਆਸੂ ਅਥਵਾ ਖੋਜੀ ਵਾਸਤੇ ਪਹਿਲੀ ਗੱਲ ਲੋੜੀਂਦੀ ਹੈ ਕਿ ਉਹ ਆਪਣੇ ਸੰਸਾਰ ਦੇ ਕਾਰ-ਵਿਹਾਰ ਵਿੱਚ ਸ਼ੁਭ ਕਰਮਾਂ ਵਾਲਾ ਜੀਵਨ ਬਤੀਤ ਕਰੇ। ਸਾਰੇ ਸਤਿ ਸ਼ਾਸਤ੍ਰਾਂ ਦੀਆਂ ਗਿਆਨ ਪੁਸਤਕਾਂ ਅਨੁਸਾਰ ਸੀਲ, ਸੰਤੋਖ, ਦਇਆ, ਖਿਮਾ ਧਰਮ ਦੇ ਸਾਰੇ ਗੁਣ ਦ੍ਰਿੜ ਕਰੇ ਅਤੇ ਪਰ-ਤਨ, ਪਰ-ਧਨ, ਪਰ-ਨਿੰਦਾ ਝੂਠ ਆਦਿ ਸਾਰੇ ਅਵਗੁਣਾਂ ਦਾ ਤਿਆਗ ਕਰੇ। ਏਸ ਤਰ੍ਹਾਂ ਧਰਮ ਦੇ ਮਾਰਗ 'ਤੇ ਚੱਲਣ ਅਤੇ ਪਾਪਾਂ ਤੋਂ ਬਚਣ ਦੇ ਨਾਲ-ਨਾਲ ਗੁਰੂ ਦਾ ਸਿੱਖ ਦ੍ਰਿੜ੍ਹ ਵਿਸ਼ਵਾਸ ਨਾਲ ਨਾਮ ਜਪੇ। ਫੇਰ ਪੂਰੇ ਸਤਿਗੁਰੂ ਦੀ ਕਿਰਪਾ ਦੁਆਰਾ ਅੰਤਹਕਰਣ ਦੀ ਸਾਰੀ ਮਲ (ਅਥਵਾ ਪਿਛਲੇ ਜਨਮਾਂ ਦੇ ਪਾਪਾਂ ਦੇ ਸੰਸਕਾਰ) ਦੂਰ ਹੋ ਜਾਵੇਗੀ। ਫੇਰ ਵਡੇ ਭਾਗਾਂ ਵਾਲੇ ਜਗਿਆਸੂ ਨੂੰ ਹਰੀ ਦਾ ਸਿਮਰਨ ਮਿੱਠਾ ਲੱਗਣਾ ਅਤੇ ਏਸ ਵਿੱਚ ਸੁਤੇ-ਸਿੱਧ ਅਨੰਦ ਆਉਣਾ ਸ਼ੁਰੂ ਹੋ ਜਾਵੇਗਾ।

ਏਸ ਤਰ੍ਹਾਂ ਜਗਿਆਸੂ ਇਸਤਰੀ ਦਾ ਹਰੀ ਨਾਲ ਵਿਆਹ ਦਾ ਕਾਰਜ ਸ਼ੁਰੂ ਹੋ ਜਾਵੇਗਾ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥ (੭੭੪)

ਜਦ ਜਗਿਆਸੂ ਇਸਤਰੀ ਨੇ ਪਹਿਲੀ ਮੰਜ਼ਲ (ਸੁਣਿਆ ਮਨਿਆ ਮਨਿ ਕੀਤਾ ਭਾਉ) 'ਤੇ ਚੱਲ ਕੇ ਅਪਣਾ ਅੰਤਹਕਰਣ ਸ਼ੁੱਧ ਕਰ ਲਿਆ ਤਦ ਏਸ ਦਾ ਸਤਿਗੁਰੂ ਨਾਲ ਤਾਰ ਦਾ ਮੇਲਾ (ਅੰਤਰ-ਆਤਮੇ) ਬਣ ਗਿਆ, ਫੇਰ ਇਸ ਦਾ ਮਨ ਭੈਅ ਤੋਂ ਰਹਿਤ ਹੋ ਗਿਆ ਅਤੇ ਏਸ ਦਾ ਦੇਹ-ਅਭਿਮਾਨ ਟੁੱਟ ਗਿਆ, ਦੇਹ ਦੀ ਮਨੌਂਤ ਟੁੱਟਦੇ ਸਾਰ ਹੀ ਇਸ ਦਾ ਹਿਰਦਾ ਕੋਮਲ ਹੋ ਗਿਆ ਅਤੇ ਇਸ ਵਿੱਚ ਪਵਿੱਤਰ ਭਓ ਦੀ ਲਹਿਰ ਚੱਲ ਪਈ। ਇਸ ਰੰਗ ਵਿਚ ਹਰੀ ਦਾ ਗੁਣਾਂਵਾਦ (ਸਿਮਰਨ ਅਤੇ ਕੀਰਤਨ) ਕਰਦਿਆਂ-ਕਰਦਿਆਂ ਹਰੀ ਪ੍ਰਮਾਤਮਾ ਹਾਜ਼ਰ-ਹਜ਼ੂਰ ਹੋ ਗਏ, ਸਾਰੀ ਰਚਨਾ ਹਰੀ ਦਾ ਰੂਪ ਨਜ਼ਰ ਆਉਣ ਲੱਗ ਪਈ

ਅਤੇ ਸਾਰੇ ਰੰਗਾਂ ਵਿੱਚ ਵਾਹਿਗੁਰੂ ਵਿਆਪਕ ਹੋ ਗਿਆ। ਆਤਮਾ (ਅੰਦਰ) ਅਤੇ ਪ੍ਰਮਾਤਮਾ (ਸਾਰੀ ਰਚਨਾ ਵਿੱਚ ਵਿਆਪਕ ਹਰੀ) ਇੱਕ ਪ੍ਰਤੀਤ ਹੋ ਗਏ ਅਤੇ ਜਗਿਆਸੂ ਪੂਰਨ ਪੁਰਸ਼ਾਂ ਦੀ ਸੰਗਤ ਵਿੱਚ ਗੁਣਾਂਵਾਦ ਦੇ ਰੰਗ ਵਿੱਚ ਰੰਗਿਆ ਗਿਆ। ਇਸ ਤਰ੍ਹਾਂ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ ਦੂਜੇ ਦਰਜੇ ਵਿੱਚ ਜਗਿਆਸੂ ਇਸਤਰੀ ਨੂੰ ਸਾਰੀ ਰਚਨਾ ਵਿੱਚੋਂ ਵਾਹਿਗੁਰੂ ਦੀ ਅਵਾਜ਼ ਸੁਣਨ ਲੱਗ ਪਈ। **"ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੇ ਰੇ ॥੧॥"** (੯੮੮)

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥ (੭੭੪)

ਤੀਜੇ ਦਰਜੇ ਵਿੱਚ ਜਗਿਆਸੂ ਦੇ ਹਿਰਦੇ ਵਿੱਚ ਆਪਣੇ ਸਰੂਪ ਦੇ ਪਹਿਚਾਣਨ ਦਾ ਸ਼ੋਕ (ਇਸ਼ਕ) ਪੈਦਾ ਹੋ ਗਿਆ, ਇਸ ਦਾ ਚਿੱਤ ਦ੍ਰਿਸ਼ਟਮਾਨ ਉਪਰਾਮ ਹੋ ਗਿਆ ਅਤੇ ਅਦ੍ਰਿਸ਼ਟ ਦੀ ਖੋਜ ਦੀ ਲਗਨ ਤੀਬਰ ਹੋ ਗਈ। ਇਸ ਦੇ ਹਿਰਦੇ ਵਿੱਚ ਪੂਰਨ ਗੁਰ ਸਿੱਖਾਂ ਦੀ ਖਿੱਚ ਵਧ ਗਈ ਅਤੇ ਵੱਡੇ ਭਾਗਾਂ ਕਰਕੇ ਗੁਰਮੁਖਾਂ ਦੀ ਸੰਗਤ ਦਾ ਸਦਕਾ ਇਸ ਦਾ ਅੰਤਰ-ਆਤਮੇ ਹਰੀ ਪਰਮਾਤਮਾ ਨਾਲ ਸੰਬੰਧ ਹੋ ਗਿਆ। ਪਵਿੱਤਰ ਪ੍ਰਮਾਤਮਾ ਇਸ ਦੇ ਵਿੱਚ ਪ੍ਰਗਟ ਹੋ ਗਿਆ ਅਤੇ ਇਸ ਦੀ ਰਸਨਾ 'ਤੇ ਹਰੀ ਦਾ ਗੁਣਾਂਵਾਦ ਅਤੇ ਉਸ ਦੀ ਵਿਚਾਰ ਵੱਸ ਗਈ। ਵੱਡੇ ਭਾਗਾਂ ਕਰਕੇ ਸੰਤ ਜਨਾ ਦਾ ਮੇਲਾ ਹੋ ਗਿਆ ਅਤੇ ਖੋਜੀ ਅਕੱਥ ਪ੍ਰਮਾਤਮਾ ਦੇ ਗਿਆਨ ਚਰਚੇ ਵਿੱਚ ਜੁੜ ਗਿਆ। ਹਿਰਦੇ ਵਿੱਚੋਂ ਹਰ ਵੇਲੇ ਹਰੀ ਪ੍ਰਮਾਤਮਾ ਅੰਮ੍ਰਿਤ ਦੀ ਧੁਨੀ ਵਹਿ ਟੁਰੀ ਅਤੇ ਹਰੀ ਨਾਮ ਵੱਡੇ ਭਾਗਾਂ ਵਾਲੇ ਦੀ ਰਸਨਾ 'ਤੇ ਵੱਸ ਗਿਆ ਇਸ ਤਰ੍ਹਾਂ ਕਹਿੰਦੇ ਹਨ ਗੁਰੂ ਨਾਨਕ ਦੇਵ ਜੀ, ਖੋਜੀ ਦਾ ਮਨ ਦ੍ਰਿਸ਼ਟਮਾਨ ਤੋਂ ਉੱਕਾ ਹੀ ਉਪਰਾਮ ਹੋ ਗਿਆ ਅਤੇ ਅੰਤਰ-ਆਤਮੇ ਮਿਲਾਪ ਦੀ ਖਿੱਚ ਬਹੁਤ ਹੀ ਤੀਬਰ ਹੋ ਗਈ।

ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥ (੭੦੮)

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥ (੭੭੪)

ਜਦ ਜਗਿਆਸੂ ਦੇ ਹਿਰਦੇ ਵਿੱਚ ਵੈਰਾਗ ਪ੍ਰਬਲ ਹੋ ਗਿਆ ਅਤੇ ਇਸ ਨੇ ਆਪਣਾ ਤਨ, ਮਨ, ਧਨ ਸਤਿਗੁਰੂ ਦੇ ਸਪੁਰਦ ਕਰ ਦਿੱਤਾ। "ਤਨੁ ਮਨੁ ਧਨੁ ਸਭਿ ਸਉਪਿ ਗੁਰਿ ਕਉ ਹੁਕਮਿ ਮੰਨਿਐ ਪਾਈਐ॥" ਤਦ ਇਹ ਸਾਧੂ ਅਥਵਾ ਪੂਰਨ ਗੁਰ ਸਿੱਖ, ਗੁਰੂ ਦੀ ਸੇਵਾ ਵਿੱਚ ਲੱਗ ਗਿਆ।

ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥
ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥ (੨੮੬)

ਤਦ ਇਹ ਆਪਣਾ ਆਪ ਭੁਲਾ, ਨਾਮ ਰੂਪ ਤੋਂ ਅਭਾਵ ਹੋ ਅਫੁਰ ਅਵਸਥਾ ਵਿੱਚ ਪਹੁੰਚ ਗਿਆ। ਇਸ ਦੇ ਸਾਰੇ ਸੰਕਲਪ-ਵਿਕਲਪ ਆਸਾ ਤੇ ਮਨਸਾ ਨਾਸ ਹੋ ਗਏ ਅਤੇ ਇਹ ਨਿਰਵਾਸ ਹੋ ਕੇ ਚੌਥੇ ਪਦ ਦਾ ਭਾਗੀ ਹੋ ਗਿਆ ਅਤੇ ਹਰੀ ਪ੍ਰਮਾਤਮਾ ਇਸ ਦੇ ਵਿੱਚ ਪ੍ਰਗਟ ਹੋ ਗਿਆ, ਫੇਰ ਏਹ ਗੁਰਮੁਖ ਬਣ ਗਿਆ, ਅਥਵਾ ਗੁਰੂ ਨਾਲ ਅਭੇਦ ਹੋ ਗਿਆ ਅਤੇ ਇਸ ਦੀ ਸੁਰਤ ਅਤੇ ਸ਼ਬਦ ਇੱਕ ਹੋ ਗਏ। ਮਨ ਅਤੇ ਤਨ ਵਿੱਚ ਵਾਹਿਗੁਰੂ ਮਿੱਠਾ ਲੱਗਣ ਲੱਗ ਪਿਆ। ਹਰੀ ਨਾਮ ਦੀ ਮਿਠਾਸ ਏਸ ਦੇ ਰੋਮ-ਰੋਮ ਵਿੱਚ ਨਿਵਾਸ ਕਰ ਗਈ ਅਤੇ ਦਿਨ-ਰਾਤ, ਹਰ ਸਮੇਂ ਏਸ ਦੀ ਲਿਵ ਇੱਕ-ਰਸ ਵਾਹਿਗੁਰੂ ਨਾਲ ਜੁੜ ਗਈ। ਫੇਰ ਜਿਸ ਪ੍ਰਮਾਤਮ-ਦੇਵ ਨਾਲ ਏਸ ਦੀ ਮਿਲਨ ਦੀ ਤਾਂਘ ਸੀ ਉਹ ਅੰਦਰੋਂ ਹੀ ਪ੍ਰਗਟ ਹੋ ਗਈ ਅਤੇ ਧਨ (ਜਗਿਆਸੂ) ਪਿਰ (ਪਤੀ ਪ੍ਰਮੇਸ਼ਵਰ ਅਥਵਾ ਸਤਿਗੁਰੂ) ਇੱਕ ਹੋ ਗਏ ਅਤੇ ਹਰੀ ਦੇ ਮਿਲਾਪ ਦੀਆਂ ਵਧਾਈਆਂ ਏਸ ਨੂੰ ਅੰਦਰੋਂ- ਬਾਹਰੋਂ ਮਿਲਣ ਲੱਗ ਪਈਆਂ ਅਤੇ ਏਸ ਦਾ ਮਨ ਖਿੜਿਆ ਹਰਿਆ ਬਾਗ਼ ਹੋ ਗਿਆ।

ਪਤੀ-ਪ੍ਰਮੇਸ਼ਵਰ ਨੇ ਜਗਿਆਸੂ ਦੇ ਵਿਆਹ (ਆਪਣੇ ਨਾਲ ਮਿਲਾਪ) ਦਾ ਕਾਜ ਰਚਾ ਦਿੱਤਾ ਅਤੇ ਖੋਜੀ ਇਸਤਰੀ ਦਾ ਹਿਰਦਾ ਨਾਮ ਦੀ ਪ੍ਰਾਪਤੀ ਕਰਕੇ ਖਿੜ ਗਿਆ। ਚੌਥੀ ਲਾਂਵ ਵਿੱਚ ਚੌਥੇ ਜਾਮੇ ਵਿੱਚ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਜਗਿਆਸੂ ਅਤੇ ਪਤੀ-ਪ੍ਰਮੇਸ਼ਵਰ ਇੱਕ ਹੋ ਗਏ।

ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥ (੫੨੪)

॥ ਮਹਲਾ ੨ ॥
ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥
ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥ (੪੭੫)



ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ

ੴ ਸਤਿਗੁਰ ਪ੍ਰਸਾਦਿ

ਜੀਵਨ ਕਥਾ
ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ

ਭਾਗ ਪਹਿਲਾ

ਕਾਂਡ ੧

ਸੂਹੀ ਮਹਲਾ ੫॥

ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਨੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਨੁ ਪਾਵਾ ॥੪॥ (੭੪੯)

ਭਾਈ ਸਾਹਿਬ ਡਾਕਟਰ ਭਾਈ ਵੀਰ ਸਿੰਘ ਜੀ ਦੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਘਾਲਣਾ ਬਾਰੇ ਕਵਿਤਾ ਦੇ ਫੁੱਲ:

ਮੁੱਦਤਾਂ ਦੀ ਘਾਲ ਘਾਲ, ਬੂਟੇ ਤਾਈ ਫੁੱਲ ਪਿਆ,
ਰੂਪ ਅਰੂਪ ਮਹਿਕ ਤਦੋਂ, ਆਪਾ ਆ ਦਿਖਾਲਿਆ।
ਪਾਣੀ ਅੱਗ ਤਾਪ ਤਪੇ, ਜੱਫਰ ਜਾਲੇ ਫੁੱਲਾਂ ਫੇਰ,
"ਅਤਰ" ਵਾਲਾ ਰੂਪ ਤਦੋਂ ਮਹਿਕ ਓਸ ਪਾ ਲਿਆ।
ਆਪੇ ਨੂੰ ਲੁਟਾਵਣੇ ਦੀ, ਬਾਣ ਤਾਂ ਬੀ ਛੱਡੀ ਨਾਹੀ,
ਫੋਹੇ-ਫੋਹੇ ਚੜ੍ਹ ਸਾਰਾ, ਆਪਾ ਉਸ ਵੰਡਾ ਲਿਆ।
ਤਿਵੇਂ ਸੰਤ 'ਅਤਰ ਸਿੰਘ' ਆਪਾ ਸਾਰਾ ਸੰਜ ਸੰਜ,
ਏਸ ਪੰਥ ਖਾਲਸੇ ਦੀ, ਸੇਵਾ ਵਿਚ ਲੁਟਾ ਲਿਆ ॥੧॥
ਮ੍ਰਿਗ-ਅੰਤ ਬਾਦ 'ਮ੍ਰਿਗ-ਮਦ' ਜਿਵੇਂ ਮੁੱਲ ਪਾਂਦੀ,
'ਅਤਰ ਮ੍ਰਿਗ ਇੰਦ-ਤਿਵੇਂ, ਮੁੱਲ ਜੇ ਪੁਆ ਲਿਆ।

ਜਦੋਂ-ਜਦੋਂ ਮ੍ਰਿਗ ਨਾਲ, ਤਦੋਂ ਨਾ ਸੁਗੰਧਿ ਲੀਤੀ,
ਜਦੋਂ-ਜਦੋਂਮ੍ਰਿਗ ਜਾਨ ਦਿੱਤੀ, ਤਦੋਂ ਆ ਸੰਭਾਲਿਆ।
ਹੋਮ ਜੱਗ ਵਾਲੇ ਪਏ, ਮ੍ਰਿਗ ਮਦ ਮੰਗਦੇ ਨੇ,
ਗੰਧੀਆਂ ਤੇ ਰਸੀਆਂ ਅਤੇ ਵੈਦਾਂ ਮੁੱਲ ਪਾ ਲਿਆ ।
ਖੁੱਲ੍ਹੀ ਕਸਤੂਰੀ ਤਿਵੇਂ ਅਤਰ ਮ੍ਰਿਗੇਦ ਤੇਰੀ।
ਤੈਨੂੰ ਅੱਜ ਸਾਰਿਆਂ ਨੇ, ਸੀਸ ਉੱਤੇ ਚਾ ਲਿਆ ॥੨॥

ਸੰਤ ਗੁਰਬਚਨ ਸਿੰਘ 'ਖ਼ਾਲਸਾ' ਭਿੰਡਰਾਂ ਵਾਲੇ ਆਪਣੀ ਗੁਰਮੁਖ ਪ੍ਰਕਾਸ਼ ਪੁਸਤਿਕਾ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਪ੍ਰੇਮ ਵਿੱਚ ਇਸ ਪ੍ਰਕਾਰ ਲਿਖਦੇ ਹਨ:

ਅਤਰ ਦੀ ਸ਼ੀਸ਼ੀ ਜਿਵੇਂ ਮਹਿਕੇ ਦਰਬਾਰ ਵਿੱਚ,
ਆਵੇ ਜਾਂ ਸੁਗੰਧੀ ਲੋਕ ਹੁੰਦੇ ਪ੍ਰਸੰਨ ਹੈ।
ਖਿੜ ਜਾਂਦੇ ਰਿਦੇ ਅਤੇ ਹੁੰਦੇ ਪ੍ਰਸੰਨ ਮੁੱਖ,
ਆਖਦੇ ਸੁਗੰਧੀ ਏਹੁ ਬੜੀ ਮਹਿਕੰਨ ਹੈ।
ਉੱਡ ਜਾਂਦੀ ਬਦਬੂਇ ਖੁਸ਼ਬੂਇ ਫੈਲ ਜਾਂਦੀ,
ਛੋਟੇ ਵੱਡੇ ਆਖਦੇ ਏਹੁ ਸ਼ੀਸ਼ੀ ਸੁਖਦੰਨ ਹੈ।
ਰਾਜਾ ਰੰਕ ਕਾਇਰ ਤੇ ਸੂਰਮੇ ਬਹਾਦਰ ਕੋ,
ਅਤਰ ਕੀ ਮਹਿਕ ਬਣਾਵੇ ਧੰਨ ਧੰਨ ਹੈ।
*ਹਰੀ ਮੁਸ਼ਕੰਬਰ ਜੀ ਤੈਸੇ ਹੈ ਅਤਰ ਰੂਪ,
ਸਾਧ ਸੰਗ ਸਭਾ ਵਿੱਚ ਮਹਿਕਦੇ ਅਪਾਰ ਹੈ।
ਰੂਹਾਂ ਸਭ ਉੱਤੇ ਪ੍ਰੀਤੀ ਫੈਂਕਦੇ ਅਤਰ ਸੰਦੀ,
ਸਾਰਿਆਂ ਦੇ ਰਿਦੇ ਵਿੱਚ ਪ੍ਰੀਤੀ ਸੁਖ ਕਾਰ ਹੈ।
ਖਿੜੇ ਸੁਣ ਰਿਦੇ ਸੋਭਾ ਹਰੀ ਮੁਸ਼ਕੰਬਰ ਕੀ,
ਧੰਨ ਧੰਨ ਕੀਰਤੀ ਦੀ ਆਵੇ ਮਹਿਕਾਰ ਹੈ।
ਬਡੇ ਛੋਟੇ ਰਾਜਾ ਤੇ ਕੰਗਾਲ ਸਭ ਖੁਸ਼ ਹੋਏ,
ਭਗਤੀ ਸੁਗੰਧੀ ਦੀ ਏਹੁ ਲੱਗੀ ਗੁਲਜ਼ਾਰ ਹੈ।
ਜਨਮ ਮਰਨ ਬਿਨਾਂ ਸੰਤ ਬੇਦ ਮੱਤ ਕਹੈ,
ਰਾਗ ਦਵੈਸ਼ ਈਰਖਾ ਮਿਟਾਈ ਸੁਖਦਾਨੀ ਐ।
ਪਰਉਪਕਾਰੀ ਆਏ ਜਗ ਜੀਉ ਤਾਰਨੇ ਨੂੰ,
ਹਿਰਸ ਹੰਕਾਰ ਵਾਲੀ ਕੀਨੀ ਇਨ ਹਾਨੀ ਐ।
ਕਾਮੇ ਨਾਹੀ ਕ੍ਰੋਧ ਨਾਹੀ ਲੋਭ ਮੋਹ ਬਿਕਾਰ ਨਾਹੀ,
ਕਟੇ ਅਗਿਆਨ ਤਾਈ ਦਾਤੇ ਕੁਰਬਾਨੀ ਐ।
ਦੇਹ ਅਧਿਆਸ ਨਾਲ ਭਯਾ ਸ੍ਰੀ ਸੰਤ ਜੀ ਕਾ,
ਆਤਮਾ ਅਖੰਡ ਲੀਨ ਦੁਤੀ ਨਹਿ ਭਾਨੀ ਐ।
ਏਕ ਅਹੈ ਦੋਇ ਨਹੀਂ ਊਚ-ਨੀਚ ਕੋਇ ਨਹੀਂ,

* (ਸ੍ਰੀਮਾਨ ਸੰਤ ਅਤਰ ਸਿੰਘ ਜੀ ਮਹਾਰਾਜ)

ਈਸ਼ਰ ਤੇ ਜੀਵ ਦੁਈ ਕਲਪੇ ਅਗਿਆਨ ਹੈ।
ਮਾਯਾ, ਅਵਿੱਦਯਾ, ਅਸੰਮਤਾ, ਦਵੈਖ, ਰਾਗ,
ਅਭਿਨਵੇਸ, ਪੰਚ ਨਹੀਨ ਰਿਦੇ ਜਿਸ ਗਿਆਨ ਹੈ।
ਕਰਤਾ ਕਰਮ ਕ੍ਰਿਆ, ਧਿਆਵਤਾ ਧਿਆਨ ਧੋਇ,
ਤ੍ਰਿਪਟੀ ਦਾ ਤੁਰੀ ਮਧ ਹੁਆ ਸਭਹਾਨ ਹੈ।
ਪਾਪ ਪੁੰਨ ਭੇਦ ਸਭ ਬੇਦ ਔ ਕਤੇਬ ਨਹੀਂ,
ਗੁਰਸਿੱਖ ਸੰਧ ਮਿਲੇ ਭਯੋ ਬਿਗਿਆਨ ਹੈ।
ਬੇਦ ਚਾਰੀ ਬ੍ਰਹਮਾ ਸੇ, ਸ਼ਾਂਤ ਧਾਰੀ ਬਿਸ਼ਨੂੰ ਸੇ,
ਤਪ ਧਾਰੀ ਸ਼ਿਵ ਜੀ ਸੇ, ਅਚਾਰਜ ਬਿਆਸ ਹੈ।
ਪ੍ਰੇਮੀ ਸਨਿਕਾਦਿਕ ਸੇ, ਅਲੇਪਤਾ ਜਨਕ ਜੈਸੇ,
ਉਦਾਸੀਨ ਮਾਰਕੰਡੇ ਰਾਗ ਦੁਸ਼ ਨਾਸ ਹੈ।
ਭਰਥਰੀ ਤਿਆਗ ਜੈਸੇ, ਗੋਪੀ ਚੰਦ ਜੋਗ ਹੈ ਸੇ,
ਜਾਪੀ ਸ਼ੇਸ਼ ਨਾਗ ਜੈਸੇ, ਦੱਤ ਸੰਨਿਆਸ ਹੈ।
ਆਗਿਆ ਪਾਲ ਰਾਮ ਜੈਸੇ, ਦਾਨੀ ਹਰੀ ਚੰਦ ਵੈਸੇ,
ਹਰੀ ਮੁਸ਼ਕੰਬਰ ਜੀ ਸੁੱਤੇ ਪ੍ਰਕਾਸ਼ ਹੈ।

ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫਿਰ' ਨੇ ਆਪਣੇ ਸ਼ਰਧਾ ਦੇ ਫੁੱਲ ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਇਸ ਤਰ੍ਹਾਂ ਭੇਟ ਕੀਤੇ ਹਨ:

ਨਾਮ ਰਸ ਰਾਤੇ ਪਿਆਰੇ ਪ੍ਰੀਤਮ ਕੀ ਯਾਦ ਹੂੰ ਮੈਂ,
ਪ੍ਰੇਮ ਭਾਵ ਬੀਚ ਸਦਾ ਏਕ ਰਸ ਗਾਤੇ ਥੇ।
ਵੱਜ੍ਰ-ਚਿੱਤ ਮੋਹਨੇ ਵਾਲੀ, ਮੈਲ ਦਿਲ ਧੋਨੇ ਵਾਲੀ,
ਬਾਨੀ ਗੁਨ ਖਾਨੀ ਝੂਮ, ਝੂਮ ਕੇ ਸੁਨਾਤੇ ਥੇ।
ਸਭ ਕੇ ਪਿਆਰੇ ਥੇ, ਸਨੇਹੀ ਸੱਤਿ ਸੰਗਤਿ ਕੇ,
ਹੋਤੀ ਸੋਭ ਨੀਕ ਜਿਸ ਸਭਾ ਵੀਚ ਜਾਤੇ ਥੇ।
ਜੀਵਨ ਅਧਾਰ ਬਸ ਪਿਆਰ ਏਕ ਨਾਮ ਸੰਗ,
ਪਿਆਰ ਕਾ ਨਮੂਨਾ ਬਸ ਪਿਆਰ ਹੀ ਸਖਾਤੇ ਥੇ।
ਮਹਿਕ ਜਾਤੀ ਸਭਾ ਔ ਮੁਅਤਰ ਦਿਮਾਗ ਹੋਤੇ,
ਅਤਰ ਹੀ ਅਤਰ, ਜਹਾਂ ਜਾਤੇ ਛਿੜਕਾਤੇ ਥੇ।
ਸੂਖੇ ਸਭ ਹਰੇ ਹੋਤੇ ਖਾਲੀ ਸਭ ਭਰੇ ਹੋਤੇ,
ਸਤਿਨਾਮੁ ਪ੍ਰੇਮ ਕਾ ਜੋ ਮੇਘ ਬਰਸਾਤੇ ਥੇ।
ਪਯਾਰੇ ਥੇ ਪਿਆਰੇ, ਅਤਿ ਸਤਿਕਾਰ ਵਾਲੇ,
ਮਾਨਯੋਗ ਯੋਗੀ ਜਹਾਂ ਜਾਤੇ ਮਾਨ ਪਾਤੇ ਥੇ।
ਤੇਜਵਾਨ ਮਿਹਰਵਾਨ, ਪੰਥ ਕੇ ਥੇ ਜਿੰਦ ਜਾਨ,
ਪੰਥ ਕੀ ਮੁਸੀਬਤੋ ਮੇਂ ਹਾਥ ਵੀ ਬਟਾਤੇ ਥੇ।

ਹਿਰਦੇ ਕੀ ਤਾਰ ਥੀ ਬੇ ਤਾਰ ਮਿਲੀ ਸਚ ਸਾਥ,
ਸਾਚ ਮੇਂ ਸਮਾਏ ਗਏ ਸਾਚ ਹੀ ਬਤਾਤੇ ਥੇ।
ਸਾਚ ਕੀ ਅਛੋਹ ਡੋਰੀ ਤਨੀ ਹੁਤੀ ਚੁੰਬਕ ਸਮ,
ਜਹਾਂ ਜਹਾਂ ਜਾਤੇ ਖਿਚੇ ਖਿਚੇ ਲੋਕ ਆਤੇ ਥੇ।
ਨਾਮ ਕੀ ਪ੍ਰੀਤ ਔ ਪ੍ਰਤੀਤ ਧਾਰ ਹੀਏ ਮਾਹਿੰ,
ਜੀਤਤੇ ਬਿਕਾਰ ਜਾਹੂੰ ਦ੍ਰਿਸ਼ਟੀ ਉਠਾਤੇ ਥੇ।
ਤੁਰ ਗਏ 'ਮੁਸਾਫਰ' ਹੋ, ਪਹੁੰਚ ਨਿਜ ਧਾਮ ਗਏ,
ਵੁਹੀ ਬਾਤ ਭਈ ਜਹਿੰ ਥੇ ਹਮ ਘਬਰਾਤੇ ਥੇ।

ਸੰਤ ਜੀ ਮਹਾਰਾਜ ਦਾ ਜਨਮ

ਸੰਤ ਜੀ ਮਹਾਰਾਜ ਦਾ ਜਨਮ ਪਿੰਡ ਚੀਮਾਂ, ਰਿਆਸਤ ਪਟਿਆਲਾ ਵਿਖੇ ਸੰਮਤ ੧੯੨੩ ਬਿਕ੍ਰਮੀ (ਸੰਨ ੧੮੬੬ ਈਸਵੀ) ਨੂੰ ਚੀਮਾਂ ਗੋਤ ਵਿੱਚ ਹੋਇਆ। ਪਿੰਡ ਚੀਮਾਂ ਰਿਆਸਤ ਪਟਿਆਲਾ ਦਾ ਇੱਕ ਉੱਘਾ ਨਗਰ ਹੈ। ਇਹ ਸੁਨਾਮ ਤੋਂ ਅੱਠ, ਭਿੱਖੀ ਅਤੇ ਲੌਂਗੋਵਾਲ ਤੋਂ ਸੱਤ, ਬੁਢਲਾਡੇ ਤੋਂ ਸਤ੍ਹਾਰਾਂ ਅਤੇ ਗੁਰਸਾਗਰ ਸਾਹਿਬ ਮਸਤੂਆਣੇ ਤੋਂ ਪੰਦਰਾਂ ਮੀਲ ਦੇ ਫਾਸਲੇ 'ਤੇ ਲਡਾ ਰਜਵਾਹਾ ਉੱਪਰ ਹੈ। ਚੀਮਾਂ (ਗੋਤ) ਮਾਝੇ ਤੋਂ ਕਾਂਗੜ ਆਇਆ ਅਤੇ ਕਾਂਗੜ ਤੋਂ ਇਸ ਥਾਂ ਆ ਵਸਿਆ। ਇਸ ਨਗਰ ਤੋਂ ਵੀਹ-ਪੰਝੀ ਮੀਲ ਦੇ ਪੰਧ 'ਤੇ ਸਰਦਾਰ ਮਦਾਰ ਖਾਨ ਪਚਾਦਾ ਡੱਸਕੇ ਡੋਗਰੇ ਰਹਿੰਦਾ ਸੀ। ਉਸ ਦੀ ਚੀਮਾਂ ਗੋਤ ਦੇ ਜੱਥੇਦਾਰ ਨਾਲ ਗੂੜ੍ਹੀ ਮਿੱਤਰਤਾਈ ਹੋ ਗਈ, ਇੱਥੋਂ ਤੀਕਰ ਕਿ ਆਪਸ ਵਿੱਚ ਧਰਮ-ਭਰਾ ਬਣ ਕੇ ਪੱਗ ਵਟਾਈ।

ਕਰਤਾਰ ਦੀ ਨੇਤ, ਇੱਕ ਦਿਹਾੜੇ ਜਦੋਂ ਮਦਾਰ ਖਾਨ ਆਪਣੇ ਮਿੱਤਰ ਨੂੰ ਮਿਲਣ ਲਈ ਚੀਮੇਂ ਆਇਆ, ਬਲੜ ਪੱਤੀ ਦੇ ਆਂਡੂ ਨਾਮੀ ਜਵਾਨ ਨੇ ਉਸ ਨੂੰ ਵਿਸਾਹ ਕੇ ਮਾਰ ਦਿੱਤਾ। ਪਚਾਦੇ ਦੇ ਸੰਬੰਧੀ ਉਸ ਦੀ ਲੋਥ ਲੈ ਗਏ ਅਤੇ ਸਾਰੇ ਨਗਰ ਨੇ ਬੜੇ ਸਤਿਕਾਰ ਤੇ ਰੋਸ ਵਿੱਚ ਗੋਰ ਦੇ ਹਵਾਲੇ ਕੀਤੀ। ਸਭ ਦੇ ਮਨ ਵਿੱਚ ਕ੍ਰੋਧ ਉਬਾਲੇ ਖਾ ਰਿਹਾ ਸੀ ਕਿ ਕਦ ਸਮਾਂ ਮਿਲੇ ਤੇ ਬਦਲਾ ਲਈਏ। ਦਫ਼ਨਾਉਣ ਦੇ ਮਗਰੋਂ ਹੀ ਸਾਰੇ ਪਚਾਦੇ ਬੈਠ ਗਏ ਤੇ ਚੀਮਾਂ ਨਗਰ ਪਰ ਧਾਵਾ ਕਰਨ ਦੀ ਸਲਾਹ ਕੀਤੀ। ਇੱਕ ਵੱਡਾ ਭਾਰਾ ਕਟਕ ਇਕੱਠਾ ਹੋ ਗਿਆ ਤੇ ਪਿੰਡ ਚੀਮੇਂ ਵੱਲ ਤੁਰ ਪਿਆ। ਜਦ ਨਗਰ ਦੇ ਨੇੜੇ ਆਏ ਤਾਂ ਬਹੁਤ ਸਾਰੇ ਪਚਾਦੇ ਰੁੱਖਾਂ, ਟੋਇਆਂ ਤੇ ਟਿੱਬਿਆਂ ਦੀ ਆੜ ਵਿੱਚ ਛੁੱਪ ਗਏ, ਕੇਵਲ ਪੰਜ-ਦਸ ਪਚਾਦੇ ਬਾਹਰ ਰਹੇ। ਪਿੰਡ ਵਾਲੇ ਥੋੜ੍ਹੇ ਜਿਹੇ ਵੈਰੀ ਵੇਖ ਕੇ ਇਨ੍ਹਾਂ ਨੂੰ ਦਬੱਲਣ ਲਈ ਪਿੰਡੋਂ ਬਾਹਰ ਆਏ। ਫਿਰ ਕੀ ਸੀ? ਲੁਕੇ ਹੋਏ ਪਚਾਦੇ ਮਾਨੋ ਖੁੰਬਾਂ ਵਾਂਗੂੰ ਧਰਤੀ ਤੋਂ ਨਿਕਲ ਪਏ। ਵੱਡਾ ਭਾਰੀ ਸੰਗਰਾਮ ਹੋਇਆ ਤੇ ਚੀਮਾਂ ਗੋਤ ਦੇ ਸੱਤਰ ਸੂਰਬੀਰ ਇਸ ਘਟਨਾ ਵਿੱਚ ਮਾਰੇ ਗਏ। ਬਾਕੀ ਬਿਰਧ, ਬਾਲਕਾਂ ਵਿੱਚ ਇੰਨਾ ਡਰ ਬੈਠ ਗਿਆ ਕਿ ਪਿੰਡ ਤੋਂ ਸਾਰੇ ਰਾਤੋ-ਰਾਤ ਚਲੇ ਗਏ, ਨਗਰ ਉੱਜੜ ਗਿਆ ਤੇ ਅਮਿਹਦਪੁਰ ਵਿੱਚ ਬੁਢਲਾਡੇ ਦੇ ਪਾਸ ਜਾ ਵੱਸੇ।

ਚੀਮਾਂ ਥੇਹ ਹੋ ਗਿਆ ਤੇ ਇਸ ਉੱਤੇ ਰਾਣੀ ਵਾਲੇ ਰੰਗੜਾਂ ਦਾ ਕਬਜ਼ਾ ਹੋ ਗਿਆ। ਕੁਝ ਸਮਾਂ ਪਾ ਕੇ ਭਿੱਖੀ ਦੇ ਰਾਜੇ ਗੈਂਦੇ ਨੇ, ਜੋ ਕਿ ਸੂਰਜ ਮੱਲ ਦਾ ਭਰਾ ਸੀ, ਰੰਗੜਾਂ ਪਾਸੋਂ ਇਹ ਥਾਂ ਲੈ ਲਿਆ ਅਤੇ ਆਪਣੀ ਮੋੜ੍ਹੀ ਗੱਡੀ, ਪਰ ਪਿੰਡ ਨਾ ਵਸਿਆ। ਗੈਂਦੇ ਨੇ ਇੱਕ ਜੋਤਸ਼ੀ ਦੀ ਸਲਾਹ ਲਈ। ਉਸ

ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ-ਚੀਮਾਂ

ਨੇ ਆਖਿਆ, ਥੇਹ ਹੱਕ ਵਾਲਿਆਂ ਨੂੰ ਫਲੀਭੂਤ ਹੋਵੇਗਾ। ਇਹ ਸੁਣ ਕੇ ਗੈਂਦੇ ਨੇ ਚੀਮੇਂ ਗੋਤ ਦੀ ਖੋਜ ਭਾਲ ਕੀਤੀ ਤਾਂ ਪਤਾ ਲੱਗਾ ਕਿ ਉਹ ਚੀਮਿਉਂ ਉੱਜੜ ਕੇ ਅਹਿਮਦਪੁਰ ਭਾਈ ਕੇ ਬਾਰੇ ਵਿੱਚ ਜਾ ਵੱਸੇ ਹਨ। ਉੱਥੋਂ ਸੰਮਤ ੧੭੫੫ ਬਿਕ੍ਰਮੀ (ਸੰਨ ੧੬੯੮) ਵਿੱਚ ਗੈਂਦੇ ਨੇ ਬਿਗੂ ਨੂੰ ਆਪਣੇ ਸਾਥੀਆਂ ਸਮੇਤ ਪੁਰਾਣੇ ਥੇਹ 'ਤੇ ਲਿਆਂਦਾ ਅਤੇ ਬਿਗੂ ਦੀ ਹੱਥੀਂ ਮੋੜ੍ਹੀ ਗੜਵਾਈ ਤੇ ਚੀਮਾਂ ਨਗਰ ਵਿੱਚ ਵਸਿਆ। ਸੰਤ ਅਤਰ ਸਿੰਘ ਜੀ ਮਹਾਰਾਜ ਇਸ ਬਿਗੂ ਦੀ ਅੰਸ਼ ਵਿੱਚੋਂ ਸਨ।

ਚੀਮੇਂ ਗੋਤ ਦਾ ਸ਼ਜਰਾ ਨਸਬ ਇਹ ਹੈ:



ਬਾਬਾ ਕਰਮ ਸਿੰਘ ਜੀ ਬਾਬਾ ਗਰੀਬ ਸਿੰਘ ਜੀ ਦੇ ਸਪੁੱਤਰ ਸਨ। ਆਪ ਆਪਣੇ ਮਾਤਾ-ਪਿਤਾ ਜੀ ਦੇ ਬੜੇ ਆਗਿਆਕਾਰ ਅਤੇ ਆਈ ਸਾਧ-ਸੰਗਤ ਦੇ ਬੜੇ ਸੇਵਕ ਸਨ। ਇਹਨਾਂ ਦਾ ਸੰਜੋਗ ਮਾਤਾ ਭੋਲੀ ਜੀ, ਸਪੁੱਤਰੀ ਭਾਈ ਜੀਤਾ ਜੀ ਗੋਤ ਗੰਡੂ, ਪਿੰਡ ਫ਼ਤਹਿ ਗੜ੍ਹ ਨਾਲ ਹੋਇਆ। ਮਾਤਾ ਭੋਲੀ ਜੀ ਸੱਚ-ਮੁੱਚ ਹੀ ਭੋਲੇ-ਪਨ ਦਾ ਰੂਪ, ਇੱਕ ਪੂਰਨ ਸਤਵੰਤੀ ਅਤੇ ਸੁਸ਼ੀਲ ਸੁਭਾ ਦੀ ਇਸਤਰੀ ਸੀ।

ਚਤੁਰਾਈ ਨ ਚਤੁਰਭੁਜੁ ਪਾਇਐ ॥ (੩੨੪)

ਭੋਲੇ ਭਾਇ ਮਿਲੇ ਰਘੁਰਾਇਆ ॥ (੩੨੪)

ਇਹ ਭੀ ਗਰੀਬ-ਗੁਰਬੇ ਸਾਧ-ਸੰਤ ਦੀ ਨਿਸ਼ਚੇ ਅਤੇ ਪ੍ਰੇਮ ਨਾਲ ਸੇਵਾ ਕਰਦੇ। ਕਰਤਾਰ ਨੇ ਇਸ ਜੋੜੀ ਨੂੰ ਭਾਗ ਲਾਇਆ ਤੇ ਪਹਿਲਾਂ ਇੱਕ ਸੁਭਾਗ ਪੁੱਤਰੀ ਬਖਸ਼ੀ, ਜਿਸ ਦਾ ਨਾਮ ਬੀਬੀ ਰਤਨ ਕੌਰ ਰੱਖਿਆ ਗਿਆ।

ਜਦ ਬੀਬੀ ਕੁਝ ਵੱਡੀ ਉਮਰ ਦੀ ਹੋ ਗਈ ਤਾਂ ਮਾਤਾ ਭੋਲੀ ਜੀ ਅਤੇ ਪਿਤਾ ਬਾਬਾ ਕਰਮ ਸਿੰਘ ਨੂੰ ਭੁਝੰਗੀ ਦੀ ਸਿੱਕ ਬਣੀ ਰਹੀ। ਇਸ ਆਸ ਵਿੱਚ ਆਏ ਸਾਧ-ਸੰਤ ਦੀ ਬੜੀ ਸੇਵਾ ਕਰਦੇ ਅਤੇ ਕਰਤਾਰ ਅੱਗੇ ਅਰਦਾਸ ਕਰਦੇ ਕਿ ਸੱਚੇ ਪਾਤਸ਼ਾਹ! ਸਪੁੱਤਰ ਭੇਜ। ਏਸ ਜੋੜੀ ਦੀ ਸੇਵਾ, ਭੋਲੇ ਭਾਇ ਤੇ ਅਰਦਾਸ ਨੂੰ ਫਲ ਲੱਗਾ।

ਇੱਕ ਦਿਨ ਜਦ ਬਾਬਾ ਕਰਮ ਸਿੰਘ ਜੀ ਅੰਮ੍ਰਿਤ ਵੇਲੇ ਹਲ਼ ਵਾਹੁਣ ਜਾ ਰਹੇ ਸਨ ਤਾਂ ਉਹਨਾਂ ਨੂੰ ਇੱਕ ਸਾਧੂ ਵਾੜ ਦੇ ਪਾਸ ਖੜਾ ਦਿੱਸਿਆ। ਬਾਬਾ ਜੀ ਨੇ ਦੂਰੋਂ ਹੀ ਜੋੜਾ ਲਾਹ ਦਿੱਤਾ, ਬਲ਼ਦ ਖੜ੍ਹੇ ਕਰ ਦਿੱਤੇ ਅਤੇ ਬੜੇ ਸਤਿਕਾਰ ਨਾਲ ਹੱਥ ਜੋੜ ਸਾਧੂ ਦੀ ਚਰਨੀਂ ਆ ਲੱਗੇ। ਜਦ ਬਾਬਾ ਜੀ ਨਮਸਕਾਰ ਕਰ ਖੜ੍ਹੇ ਹੋਏ ਤਾਂ ਸਾਧੂ ਮੁਸਕਰਾਇਆ ਅਤੇ ਬੜੇ ਪ੍ਰੇਮ ਨਾਲ ਆਖਣ ਲੱਗਾ, "ਕਰਮ ਸਿੰਘ! ਅੱਜ ਤੇਰੀ ਭਾਵਨਾ ਪੂਰੀ ਹੋਈ। ਆਹ ਲੈ ਅੰਮ੍ਰਿਤ-ਜਲ ਦੀ ਸ਼ੀਸ਼ੀ, ਏਸ ਨੂੰ ਲੈ ਜਾ ਤੇ ਆਪਣੇ ਘਰ ਸਾਂਭ ਕੇ ਰੱਖ ਦੇ, ਜਿਸ ਦਿਹਾੜੇ ਤੇਰੇ ਘਰ ਇੱਕ ਸੂਰਬੀਰ ਭੁਝੰਗੀ ਪ੍ਰਗਟ ਹੋਵੇ, ਉਸ ਦਿਨ ਏਸੇ ਥਾਂ ਸਾਡੀ ਅਮਾਨਤ ਮੋੜ ਜਾਈਂ।"

ਬਾਬਾ ਜੀ ਇਹ ਅਸਚਰਜ ਕੌਤਕ ਵੇਖ ਕੇ ਕੁਝ ਹੈਰਾਨ ਤਾਂ ਹੋ ਗਏ ਪਰ ਸਾਧ-ਸੰਤ ਦੇ ਮੇਲੀ ਸਨ, ਨਿਸ਼ਚਾ ਅਡੋਲ ਰਿਹਾ ਪਿੱਛਲੇ ਪੈਰੀਂ ਘਰ ਮੁੜ ਆਏ ਅਤੇ ਅਮਾਨਤ ਆਪਣੀ ਸੁਭਾਗ ਸੁਪਤਨੀ (ਮਾਤਾ ਭੋਲੀ) ਦੇ ਸਪੁਰਦ ਕੀਤੀ ਤੇ ਸਾਧੂ ਦਾ ਬਚਨ ਸੁਣਾ ਦਿੱਤਾ।

*ਸਮਾਂ ਪਾ ਕੇ ਸੰਮਤ ੧੯੨੩ ਬਿਕ੍ਰਮੀ (ਸੰਨ ੧੮੬੬ ਈਸਵੀ) ਦਿਨ ਬੁੱਧਵਾਰ ਚੇਤ ਸੁਦੀ ਏਕਮ ਨੂੰ ਢਾਈ ਘੜੀ ਰਾਤ ਗਈ ਬਾਲਕ ਨੇ ਜਨਮ ਲਿਆ। ਪਹੁ ਫੁੱਟਦੇ ਹੀ ਬਾਬਾ ਕਰਮ ਸਿੰਘ ਨੂੰ ਸਾਧੂ ਦਾ ਬਚਨ ਯਾਦ ਆਇਆ। ਆਲੇ ਵਿੱਚੋਂ ਸਾਧੂ ਦੀ ਅਮਾਨਤ ਲੈ ਕੇ ਪਿੰਡੋਂ ਬਾਹਰ ਚਲਾ ਗਿਆ। ਉਸੇ ਥਾਂ ਵਾੜ ਕੋਲ ਸਾਧੂ ਨਜ਼ਰੀ ਪਿਆ। ਬਾਬਾ ਜੀ ਨੇ ਬੜੇ ਅਦਬ ਨਾਲ ਸਾਧੂ ਨੂੰ ਨਮਸਕਾਰ ਕੀਤੀ ਤੇ ਉਸ ਦੀ ਅਮਾਨਤ ਮੋੜ੍ਹੀ। ਸਾਧੂ ਉੱਥੋਂ ਕਿੱਧਰੇ ਚਲਿਆ ਗਿਆ ਅਤੇ ਬਾਬਾ ਕਰਮ ਸਿੰਘ ਜੀ ਘਰ ਮੁੜ ਆਏ। ਤੇਰ੍ਹਵੇਂ ਦਿਹਾੜੇ ਵਿਹੜੇ ਦੀ ਰੋਟੀ ਕੀਤੀ ਅਤੇ ਬਾਲਕ ਦਾ ਨਾਂ ਅਤਰ ਸਿੰਘ ਰੱਖਿਆ।

ਬਾਲ ਲੀਲ੍ਹਾ

ਜਦ ਸੰਤ ਜੀ ਰਿੜ੍ਹਨ ਲੱਗ ਪਏ, ਕਈ ਵਾਰੀ ਕੁੱਛਾਂ, ਕੁੱਨਾਂ ਵਿੱਚ ਲੁਕ ਕੇ ਬੈਠ ਜਾਂਦੇ ਤੇ ਭੋਲੀ ਜੀ ਢੂੰਡ-ਢੂੰਡ ਕੇ ਫਾਵੇ ਹੁੰਦੇ। ਜਦ ਢਾਈ ਵਰ੍ਹਿਆਂ ਦੇ ਹੋਏ, ਤਾਂ ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਨ ਲੱਗ ਪਏ। ਇਨ੍ਹਾਂ ਦਾ ਵੱਡੀ ਭੈਣ ਰਤਨ ਕੌਰ ਨਾਲ ਬੜਾ ਪਿਆਰ ਹੋ ਗਿਆ ਤੇ ਸਾਰਾ ਦਿਨ ਭੈਣ ਨਾਲ ਪਰਚੇ ਰਹਿੰਦੇ। ਜਦ ਪੰਜ ਛੇ ਸਾਲ ਦੇ ਹੋਏ ਤਾਂ ਬਾਲਕਾਂ ਨਾਲ ਖੇਡਣ ਲੱਗੇ। ਜਿਹੜਾ ਬਾਲਕ ਘਰ ਆਵੇ ਉਸ ਨੂੰ ਆਖਿਆ ਕਰਨ, "ਆ ਭਈ ਭਗਤਾ! ਆ ਭਈ ਪ੍ਰੇਮੀਆਂ!" ਖੇਡਣ ਵਿੱਚ ਬੜੇ ਮਿੱਠੇ ਵਚਨ ਵਰਤਦੇ। ਕਈ ਵਾਰੀ ਹਾਣੀਆਂ ਨੂੰ ਆਪਣੇ ਆਲੇ-ਦੁਆਲੇ ਬਿਠਾ ਲਿਆ ਕਰਨ ਤੇ ਲੀਰਾਂ ਦੀਆਂ ਮਾਲਾ ਬਣਾ ਕੇ ਆਪ ਫੇਰਨ ਤੇ ਉਹਨਾਂ ਨੂੰ ਫਿਰਾਵਣ ਲੱਗ ਪੈਣ। ਇੱਕ ਵਾਰੀ ਜਦ ਸੰਨ ੧੯੨੬ ਵਿੱਚ ਦਾਸ ਨੇ

---

* ਇਹ ਜਨਮ ਦੀ ਸਾਖੀ ਤੇ ਬਾਲਪਨ ਦਾ ਹੋਰ ਬਿਰਤਾਂਤ ਮਾਤਾ ਭੋਲੀ ਜੀ ਪਾਸੋਂ ਆਪ ਸੁਣਿਆ, ਜਦੋਂ ਦਾਸ ੧੯੨੦ ਤੋਂ ੧੯੨੩ ਤੱਕ ਅਕਾਲ ਕਾਲਜ ਗੁਰਸਾਗਰ ਸਾਹਿਬ ਦੀ ਟਹਿਲ ਵਿੱਚ ਸੀ।

ਸੰਤ ਜੀ ਮਹਾਰਾਜ ਨੂੰ ਮਾਤਾ ਭੋਲੀ ਜੀ ਦੀ ਦੱਸੀ ਹੋਈ ਇਹ ਗੱਲ ਸੁਣਾਈ ਤਾਂ ਮੁਸਕਰਾ ਕੇ ਕਹਿਣ ਲੱਗੇ, 'ਹਾਂ ਭਾਈ ਤੇਜਾ ਸਿੰਘ! ਨਿੱਕੀ ਉਮਰ ਤੋਂ ਹੀ ਸਾਨੂੰ ਸ਼ੌਕ ਸੀ। ਲੀਰਾਂ ਦੀ ਮਾਲਾ ਬਣਾ ਕੇ ਬੈਠ ਜਾਂਦੇ ਰਾਮ-ਨਾਮ ਦੀ ਮਾਲਾ ਫੇਰਦੇ। ਹਿਰਦੇ ਵਿੱਚ ਉਤਸ਼ਾਹ ਹੁੰਦਾ ਕਿ ਐਸਾ ਬੈਠੀਏ ਕਿ ਬੈਠਿਆਂ-ਬੈਠਿਆਂ ਹੀ ਪਿੰਡੇ 'ਤੇ ਵਰਮੀ ਜੰਮ ਜਾਏ।'

ਪੜ੍ਹਨੇ ਪੈਣਾ

ਜਦ ਸੰਤ ਜੀ ਸੱਤ ਸਾਲ ਦੇ ਹੋਏ ਤਾਂ ਪਿਤਾ ਜੀ ਆਖਣ ਲੱਗੇ ਕਿ ਸਕੂਲ ਵਿੱਚ ਦਾਖ਼ਲ ਹੋ ਜਾਓ। ਬਾਲਕ-ਰੂਪ ਸੰਤ ਜੀ ਨੇ ਬੜੇ ਹੀ ਅਦਬ ਨਾਲ ਆਖਿਆ, "ਪਿਤਾ ਜੀ! ਅਸੀਂ ਅੰਗਰੇਜ਼ੀ ਫ਼ਾਰਸੀ ਨਹੀਂ ਪੜ੍ਹਨੀ, ਅਸੀਂ ਤਾਂ ਸੱਚ ਦੀ ਹੀ ਪਾੜ੍ਹਤ ਪੜ੍ਹਾਂਗੇ।' ਇਹ ਬਚਨ ਸੁਣ ਕੇ ਪਿਤਾ ਜੀ ਨੇ ਭਾਈ ਰਾਮ ਸਿੰਘ ਨਿਰਮਲੇ ਦੇ ਡੇਰੇ ਰਾਮ ਸਿੰਘ ਜੀ ਪਾਸ ਪੜ੍ਹਨੇ ਪਾਇਆ।

ਡੰਗਰ ਚਾਰਨੇ

ਕੁਝ ਚਿਰ ਮਗਰੋਂ ਪਿਤਾ ਜੀ ਨੇ ਡੰਗਰ ਚਾਰਨ 'ਤੇ ਲਾ ਦਿੱਤਾ। ਸੰਤ ਜੀ ਜਦ ਡੰਗਰ ਬਾਹਰ ਲਿਜਾਂਦੇ ਚੁੰਨੀ ਦੇ ਪੱਲੇ ਨਾਲ ਹੱਕਦੇ, ਸੋਟੀ ਕਦੀ ਵੀ ਨਾ ਮਾਰਦੇ। ਪਿੰਡ ਦੇ ਹੋਰ ਮੁੰਡੇ ਵੀ ਸੰਤ ਜੀ ਨਾਲ ਡੰਗਰ ਰਲਾ ਲਿਆ ਕਰਨ। ਪਿੰਡ ਦੇ ਬਾਹਰ ਜਾ ਕੇ ਸੰਤ ਜੀ ਬਾਲਕਾਂ ਨੂੰ ਨਾਲ ਲੈ ਕੇ ਕਿਸੇ ਰੁੱਖ ਹੇਠਾਂ ਬੈਠ ਜਾਣ ਅਤੇ ਸਿਮਰਣ ਵਿੱਚ ਲੱਗ ਪੈਣ 'ਤੇ ਡੰਗਰ ਖੁੱਲ੍ਹੇ ਛੱਡ ਦੇਣ। ਜਦ ਡੰਗਰ ਕਿਸੇ ਦੇ ਖੇਤ ਵਿੱਚ ਪੈਣ ਤਾਂ ਨਾਲ ਦੇ ਸਾਥੀ ਵਾਰੀ-ਵਾਰੀ ਮੋੜ ਲਿਆ ਕਰਨ। ਦੁਪਹਿਰ ਵੇਲੇ ਡੰਗਰ ਰੱਜ ਕੇ ਆਪੇ ਹੀ ਦਰਖਤਾਂ ਹੇਠਾਂ ਆ ਜਾਇਆ ਕਰਨ।

ਛੋਟੀ ਅਵਸਥਾ ਵਿੱਚ ਹੀ ਸਾਧੂ ਮਹਾਤਮਾ ਨਾਲ ਪ੍ਰੇਮ ਰੱਖਦੇ। ਅਜੇ ਆਪ ਅੱਠ ਕੁ ਸਾਲ ਦੇ ਹੀ ਸਨ ਕਿ ਇੱਕ ਦਿਹਾੜੇ ਅਛੋਪ ਹੀ ਇੱਕ ਸਾਧੂ ਨਾਲ ਚਲੇ ਗਏ। ਘਰ ਵਿੱਚ ਮਾਤਾ-ਪਿਤਾ ਨੂੰ ਬੜਾ ਫ਼ਿਕਰ ਹੋਇਆ ਤੇ ਪੰਜ ਦਿਨ ਦੀ ਢੂੰਡ-ਭਾਲ ਪਿੱਛੋਂ ਪਿਤਾ ਜੀ ਨੇ ਜਾ ਕੇ ਲਿਆਂਦਾ।

ਇੱਕ ਦਿਨ ਡੰਗਰ ਚਾਰਦੇ-ਚਾਰਦੇ ਮਨ ਵਿੱਚ ਮੌਜ ਆਈ ਤੇ ਆਪਣੇ ਬਾਲ ਲੀਲ੍ਹਾ ਦੇ ਖਾਸ ਮਿੱਤਰ ਭਾਈ ਬਖਤਾਵਰ ਸਿੰਘ ਨੂੰ ਕਹਿਣ ਲੱਗੇ, "ਆ ਬਖਤਾਵਰ ਸਿੰਹਾਂ! ਆਪਾ ਸਾਧ ਬਣੀਏ।" ਸੰਤਾਂ ਨੇ ਬਖਤਾਵਰ ਸਿੰਘ ਦੀ ਚੁੰਨੀ ਲੈ ਕੇ ਉਸ ਦੀ ਗਾਤੀ ਸਜਾਈ ਅਤੇ ਬਖਤਾਵਰ ਸਿੰਘ ਨੇ ਸੰਤਾਂ ਦੀ ਚੁੰਨੀ ਨਾਲ ਉਨ੍ਹਾਂ ਨੂੰ ਗਾਤੀ ਸਜਾਈ। ਜਦ ਦੋਵੇਂ ਗਾਤੀਆਂ ਸਜ ਗਈਆਂ ਤਾਂ ਸੰਤ ਬੜਾ ਹੱਸੇ ਤੇ ਆਖਿਆ, "ਬਖਤਾਵਰ ਸਿੰਹਾਂ! ਆਪਾਂ ਬਲਾਂ ਸੋਹਣੇ ਲੱਗਦੇ ਹਾਂ।" ਬਖਤਾਵਰ ਸਿੰਘ ਬੋਲਿਆ, "ਅੱਤਰ ਸਿੰਹਾਂ! ਤੂੰ ਤਾਂ ਬੜਾ ਹੀ ਸੋਹਣਾ ਲੱਗਦਾ ਹੈਂ।" ਮਿੱਤਰ ਦੀ ਇਹ ਗੱਲ ਸੁਣ ਕੇ ਸੰਤ ਜੀ ਹੱਸ ਬੋਲੇ, "ਅੱਛਾ ਭਾਈ! ਜਦੋਂ ਅਸੀਂ ਸਾਧ ਹੋਵਾਂਗੇ, ਤੂੰ ਸਾਡੇ ਨਾਲ ਚੱਲੀਂ।" ਉਸ ਨੇ ਆਖਿਆ, 'ਚੰਗਾ।" (ਜਦੋਂ ਸੰਤ ਜੀ ਮਹਾਰਾਜ ਦਾ ਪ੍ਰਤਾਪ ਵਧਿਆ, ਆਪ ਕਈ ਵਾਰ ਬਖਤਾਵਰ ਸਿੰਘ ਨੂੰ ਲੈਣ ਆਏ। ਇੱਕ ਵਾਰੀ ਇੱਥੋਂ ਤੀਕਰ ਜ਼ੋਰ ਦਿੱਤਾ ਕਿ ਸਿੰਘਣੀ ਨੂੰ ਵੀ ਭਾਵੇਂ ਨਾਲ ਲੈ ਚੱਲ। ਉਹ ਲੰਗਰ ਪਕਾਇਆ ਕਰੇਗੀ ਤੇ ਅਸੀਂ ਨਿੱਕੀ ਉਮਰ ਦਾ ਬਚਨ ਪੂਰਾ ਕਰਾਂਗੇ। ਪਰ ਬਖਤਾਵਰ ਸਿੰਘ ਦੇ ਭਾਗ ਨਹੀਂ ਸਨ, ਉਹ ਸੰਤ ਜੀ ਨਾਲ ਨਾ ਜਾ ਸਕਿਆ।

ਸੰਤ ਜੀ ਡੰਗਰਾਂ ਨੂੰ ਨਾ ਆਪ ਮਾਰਦੇ ਤੇ ਨਾ ਮੁੰਡਿਆਂ ਨੂੰ ਮਾਰਨ ਦਿੰਦੇ, ਸਗੋਂ ਆਖਦੇ, "ਭਾਈ

ਬੇਜ਼ਬਾਨਾਂ ਨੂੰ ਨਾ ਮਾਰੋ, ਰੱਬ ਤੋਂ ਡਰੋ।'' ਜਿੱਥੇ ਮੁੰਡੇ ਗੰਦੇ ਗੀਤ ਗਾਉਣ ਲੱਗ ਪੈਂਦੇ, ਉੱਥੋਂ ਸੰਤ ਜੀ ਪਰੇ ਚਲੇ ਜਾਂਦੇ ਤੇ ਕਿਸੇ ਰੁੱਖ ਹੇਠਾਂ ਜਾ ਕੇ ਸੌਂ ਜਾਂਦੇ। ਇੱਕ ਵਾਰੀ ਆਪ ਇਸ ਤਰ੍ਹਾਂ ਸੁੱਤੇ ਪਏ ਸਨ ਤੇ ਡੰਗਰ ਬਖਤਾਵਰ ਸਿੰਘ* ਮੋੜ ਕੇ ਲਿਆ ਰਿਹਾ ਸੀ ਕਿ ਇੱਕ ਭਗਵੇਂ ਕੱਪੜਿਆਂ ਵਾਲਾ ਬਿਰਧ ਸਾਧੂ ਉਸ ਰੁੱਖ ਹੇਠਾਂ ਆ ਬੈਠਾ। ਕੁਦਰਤੀ ਉਸ ਦੀ ਨਿਗਾਹ ਸੰਤ ਜੀ ਦੇ ਚਰਨਾਂ 'ਤੇ ਪਈ, ਪਦਮ ਰੇਖਾ ਭਾਸੀ। ਕੁਝ ਚਿਰ ਗਹੁ ਕਰਕੇ ਵੇਖਦਾ ਰਿਹਾ, ਫਿਰ ਹੱਥ ਜੋੜ ਕੇ ਨਮਸਕਾਰ ਕੀਤੀ ਤੇ ਆਖਿਆ:

''ਇਹ ਬੜਾ ਬਲੀ ਸਰੀਰ ਹੋਵੇਗਾ। ਇਸ ਦੇ ਅੱਗੇ ਰਾਜੇ ਭੀ ਨਿਭਣਗੇ।'' ਇਹ ਕਹਿ ਕੇ ਸਾਧੂ ਤਾਂ ਆਪਣੇ ਰਾਹ ਪੈ ਗਿਆ, ਜਦ ਸੰਤਾਂ ਦੀ ਨੀਂਦਰ ਉਘੜੀ ਤਾਂ ਬਖਤਾਵਰ ਸਿੰਘ ਨੇ ਹੱਸ ਕੇ ਆਖਿਆ, ਅਤਰ ਸਿੰਹਾਂ! ਇੱਕ ਸਾਧ ਆਖ ਗਿਆ ਹੈ ਤੈਨੂੰ ਰਾਜੇ ਮੱਥਾ ਟੇਕਣਗੇ। ਉਦੋਂ ਤੂੰ ਕਿਧਰੇ ਮੈਨੂੰ ਨਾ ਵਿਸਾਰ ਦੇਈ। ਸੰਤ ਹੱਸੇ ਤੇ ਚੁੱਪ ਕਰ ਰਹੇ।

ਇੱਕ ਦਿਨ ਡੰਗਰ ਚਾਰਦਿਆਂ ਸਾਥੀਆਂ ਨਾਲ ਖੇਡਣ ਲੱਗ ਪਏ। ਇਨ੍ਹਾਂ ਵਿੱਚ ਇੱਕ ਮੁੰਡਾ ਸੀ, ਜਿਹੜਾ ਆਪਣੇ ਜ਼ੋਰ ਦੇ ਮਾਨ ਵਿੱਚ ਸਾਰਿਆਂ ਨਾਲ ਖਹਿੰਦਾ ਰਹਿੰਦਾ ਸੀ। ਮੁੰਡਿਆਂ ਰਲ ਕੇ ਆਖਿਆਂ, ''ਅਤਰ ਸਿੰਹਾਂ! ਇਹਦੇ ਨਾਲ ਘੋਲ ਕਰ ਤੇ ਇਹਦੀ ਆਕੜ ਭੰਨ; ਇਹ ਸਾਨੂੰ ਟਿਕਣ ਨਹੀਂ ਦੇਂਦਾ।'' ਸੰਤਾਂ ਕਿਹਾ, ''ਆਪਾਂ ਕੀ ਲੈਣਾ ਹੈ'' ਪਰ ਸਾਰੇ ਖਹਿੜੇ ਪੈ ਗਏ। ਬਚਨ ਮੰਨ ਕੇ ਸੰਤ ਤਿਆਰ ਹੋ ਗਏ। ਉਧਰੋਂ ਮੁੰਡਾ ਤਾਂ ਅੱਗੇ ਹੀ ਤਿਆਰ ਸੀ। ਥੋੜ੍ਹੇ ਚਿਰ ਵਿੱਚ ਹੀ ਸੰਤਾਂ ਨੇ ਉਸ ਨੂੰ ਸੁਹਾਗੇ ਵਾਗੂੰ ਚੁੱਕ ਕੇ ਹੇਠਾਂ ਮਾਰਿਆ। ਮੁੰਡਾ ਬੇਹੋਸ਼ ਹੋ ਗਿਆ। ਸਾਰੇ ਖਿੜ-ਖਿੜ ਹੱਸ ਪਏ, ਪਰ ਸੰਤਾਂ ਆਖਿਆ, ''ਇਹ ਕੀ ਹੋ ਗਿਆ? ਜਾਓ! ਕੋਈ ਜਲ ਤੇ ਦੁੱਧ ਲਿਆਓ, ਇਹਦੇ ਮੂੰਹ ਵਿੱਚ ਪਾਈਏ।'' ਸਾਥੀ ਦੌੜੇ-ਦੌੜੇ ਗਏ ਤੇ ਖੂਹ ਤੋਂ ਜਲ ਤੇ ਪਿੰਡ ਤੋਂ ਗਰਮ ਦੁੱਧ ਲਿਆਂਦਾ। ਸੰਤਾਂ ਨੇ ਆਪਣੇ ਹੱਥੀਂ ਉਸ ਦੇ ਮੂੰਹ 'ਤੇ ਜਲ ਦੇ ਛਿੱਟੇ ਮਾਰੇ ਤੇ ਥੋੜ੍ਹਾ ਜਿਹਾ ਜਲ ਮੂੰਹ ਵਿੱਚ ਪਾਇਆ। ਕੁਝ ਚਿਰ ਮਗਰੋਂ ਉਸ ਨੂੰ ਹੋਸ਼ ਆਈ। ਫਿਰ ਸੰਤਾਂ ਨੇ ਉਸ ਨੂੰ ਗਰਮ ਦੁੱਧ ਛਕਾਇਆ ਅਤੇ ਖੜਾ ਕਰਕੇ ਹੌਲੀ-ਹੌਲੀ ਟੋਰਿਆ। ਇਸ ਦੇ ਮਗਰੋਂ ਉਸ ਨੇ ਕਦੀ ਵੀ ਕਿਸੇ ਨੂੰ ਨਾ ਛੇੜਿਆ।

ਦੇਗ ਤੇਗ ਜਗ ਮੈ ਦੋਊ ਚਲੈ

ਸੰਤ ਜੀ ਦਾ ਮੁੱਢ ਤੋਂ ਹੀ ਵੰਡ ਕੇ ਛਕਣ ਦਾ ਸੁਭਾਉ ਸੀ। ਇੱਕ ਅਦੁੱਤੀ ਖੇਡ ਇਸ ਸੁਭਾਉ ਦੀ ਇਸ ਤਰ੍ਹਾਂ ਵਰਤੀ ਕਿ ਜਦ ਬੇਬੇ ਜੀ (ਸੰਤ ਜੀ ਮਹਾਰਾਜ ਦੀ ਵੱਡੀ ਭੈਣ ਰਤਨ ਕੌਰ) ਦਾ ਵਿਆਹ ਸੀ, ਮਾਤਾ ਭੋਲੀ ਜੀ ਨੇ ਕਾਰਜ ਦੀ ਖ਼ਾਤਰ ਇੱਕ ਭੜੋਲੀ ਵਿੱਚ ਗੁੜ ਰੱਖਿਆ ਹੋਇਆ ਸੀ। ਇੱਕ ਦਿਨ ਜਦ ਮਾਤਾ ਜੀ ਨੇ ਭੜੋਲੀ ਦਾ ਚਾਪੜ ਚੁੱਕਿਆ ਤਾਂ ਕੀ ਵੇਖਦੇ ਹਨ ਕਿ ਭੜੋਲੀ ਕੁਝ ਖਾਲ਼ੀ ਹੈ। ਦਿਲ ਵਿੱਚ ਸੋਚਿਆ ਤਾਂ ਸਮਝ ਆਈ ਕਿ ਇਹ ਅਤਰ ਸਿੰਘ ਦਾ ਕੰਮ ਹੈ, ਆਪਣੇ ਮਿੱਤਰਾਂ ਵਿੱਚ ਗੁੜ ਵੰਡ ਆਇਆ ਹੋਵੇਗਾ। ਦੂਜੇ ਦਿਨ ਪ੍ਰਭਾਤ ਵੇਲੇ ਜਦ ਬਾਹਰ ਜਾਣ ਦਾ ਵੇਲਾ ਆਇਆ ਤਾਂ ਮਾਤਾ ਅੱਖ ਬਚਾ ਕੇ ਖਲੋ ਗਈ। ਕੀ ਵੇਖਦੀ ਹੈ ਕਿ ਚੁੱਪ ਚੁੱਪੀਤੇ ਹੀ ਸੰਤ ਜੀ ਨੇ ਇੱਕ ਭੇਲੀ ਚੁੰਨੀ ਵਿੱਚ ਵਲ੍ਹੇਟ ਲਈ ਹੈ। ਜਦੋਂ ਬੂਹੇ ਤੋਂ ਬਾਹਰ ਨਿਕਲੇ ਤਦ ਮਾਤਾ ਵੀ ਦੱਬੇ ਪੈਰੀ ਪਿੱਛੇ-ਪਿੱਛੇ ਟੁਰ ਪਈ। ਪਿੰਡ ਦੇ ਚੋਰਾਹੇ ਵਿੱਚ ਹੌਲੀ ਜਿਹੀ ਸੰਤਾਂ ਦੇ ਮੋਢੇ 'ਤੇ ਹੱਥ ਰੱਖ ਕੇ ਆਖਿਆ, ''ਪੁੱਤਰ ਅਤਰ ਸਿੰਹਾਂ! ਇਹ ਚੁੰਨੀ ਵਿੱਚ ਕੀ ਹੈ?'' ਸੰਤ ਚੁੱਪ ਕਰ ਕੇ ਖਲੋ ਗਏ। ਮਾਤਾ ਭੋਲੀ ਨੇ ਗੁੜ ਦੀ ਭੇਲੀ ਚੁੰਨੀ ਵਿੱਚੋਂ ਖੋਹ ਲਈ ਅਤੇ ਘਰ ਮੁੜ ਆਈ। ਦੁਪਹਿਰਾਂ ਢਲ ਗਈਆਂ, ਸੰਤ ਪ੍ਰਸ਼ਾਦ ਛਕਣ ਨਾ ਆਏ। ਮਾਤਾ ਉਡੀਕ-ਉਡੀਕ ਕੇ ਲੱਭਣ ਗਈ।

---

* ਇਹ ਤਿੰਨ ਸਾਖੀਆਂ ਭਾਈ ਬਖ਼ਤਾਵਰ ਸਿੰਘ ਚੀਮਾਂ ਵਾਲੇ ਨੇ ਲਿਖਾਈਆਂ, ਜੋ ਸੰਤਾਂ ਨਾਲ ਖੇਡਦਾ ਤੇ ਡੰਗਰ ਚਾਰਦਾ ਰਿਹਾ।

ਕੀ ਦੇਖਦੀ ਹੈ ਕਿ ਸੰਤ ਉੱਥੇ ਚੌਂਕ ਵਿੱਚ ਖੜ੍ਹੇ ਹਨ। ਮਾਤਾ ਭੋਲੀ ਸੰਤ ਪੁੱਤਰ ਦੀ ਤਾਰ ਸਮਝ ਗਈ। ਮੁੜ ਕੇ ਘਰ ਆਈ, ਗੁੜ ਦੀ ਭੇਲੀ ਲਈ ਤੇ ਸੰਤਾਂ ਨੂੰ ਆ ਫੜਾਈ: ਆਖਿਆ "ਬੱਚਾ! ਜਾ ਆਪਣੇ ਮਿੱਤਰਾਂ ਵਿੱਚ ਵੰਡ ਆ ਪਰ ਫੇਰ ਨਾ ਕੱਢੀਂ।" ਸੰਤ ਜੀ ਨੇ ਆਖਿਆ, ਸਤਿ ਬਚਨ! ਗੁੜ ਵੰਡ ਕੇ ਘਰ ਆਏ, ਪ੍ਰਸ਼ਾਦ ਛਕਿਆ ਅਤੇ ਫੇਰ ਕਦੀ ਝੜੋਲੀ ਵੱਲ ਖਿਆਲ ਵੀ ਨਾ ਕੀਤਾ।

*ਕੁਝ ਦਿਨਾਂ ਮਗਰੋਂ ਬੇਬੇ ਰਤਨ ਕੌਰ ਜੀ ਦਾ ਵਿਆਹ ਭਾਈ ਬੱਗਾ ਸਿੰਘ ਜੀ ਨਾਲ ਜਵਾਹਰਕੀ ਪਿੰਡ ਵਿੱਚ ਹੋ ਗਿਆ। ਜਵਾਹਰਕੀ ਫੇਰਾ ਪਾ ਕੇ ਬੇਬੇ ਜੀ ਚੀਮੇਂ ਮੁੜ ਆਏ। ਬੇਬੇ ਜੀ ਨਾਲ ਸੰਤ ਜੀ ਦਾ ਬੜਾ ਪ੍ਰੇਮ ਸੀ। ਇੱਕ ਦੋ ਦਿਨ ਰਹਿਣ ਮਗਰੋਂ ਕਹਿਣ ਲੱਗੇ, ਸਾਨੂੰ ਰੋਟੀ ਪਕਾ ਦਿਓ, ਅਸੀਂ ਜਾਵਾਂਗੇ। ਚੰਗੇ ਛਾਹ ਵੇਲੇ ਰੋਟੀ ਖਾ ਕੇ ਟੁਰ ਪਏ। ਰਾਹ ਵਿੱਚ ਲਲੂਵਾਲੇ ਇੱਕ ਸਾਧੂ ਪਾਸ ਬੈਠ ਗਏ। ਚੀਮੇਂ ਮਾਤਾ-ਪਿਤਾ ਜੀ ਸਮਝਣ ਕਿ ਸੰਤ ਜੀ ਜਵਾਹਰਕੀ ਹਨ ਤੇ ਬੇਬੇ ਜੀ ਸਮਝਣ ਕਿ ਚੀਮੇਂ ਚਲੇ ਗਏ ਹਨ। ਦੋ ਚਾਰ ਦਿਨਾਂ ਮਗਰੋਂ ਪਤਾ ਲੱਗਾ ਤੇ ਪਿਤਾ ਕਰਮ ਸਿੰਘ ਜੀ ਨੇ ਆਪ ਜਾ ਕੇ ਚੀਮੇਂ ਆਂਦਾ।

ਸੰਮਤ ੧੯੩੩ ਬਿਕ੍ਰਮੀ (ਸੰਨ ੧੮੭੬ ਈਸਵੀ) ਵਿੱਚ ਚੀਮੇਂ ਮੀਂਹ ਨਾ ਵਸਿਆ ਅਤੇ ਕਾਲ ਪੈ ਗਿਆ ਡੰਗਰਾਂ ਵਾਸਤੇ ਬਾਹਰ ਮੂੰਹ ਮਾਰਨ ਨੂੰ ਪੱਠਾ ਨਹੀਂ ਸੀ। ਸੰਤ ਜੀ ਡੰਗਰ ਲੈ ਕੇ ਆਪਣੀ ਭੈਣ ਰਤਨ ਕੌਰ ਪਾਸ ਜਵਾਹਰਕੀ ਚਲੇ ਗਏ ਅਤੇ ਇੱਕ ਸਾਲ ਉੱਥੇ ਹੀ ਰਹੇ। ਨਾਲ ਭਾਈ ਹਰਨਾਮ ਸਿੰਘ** (ਜੋ ਉਸ ਸਮੇਂ ਚੀਮੇਂ ਪਿੰਡ ਦਾ ਨੰਬਰਦਾਰ ਸੀ) ਭੀ ਆਪਣੀਆਂ ਗਾਈਆਂ ਲੈ ਕੇ ਗਿਆ। ਇਹ ਸਮਾਂ ਬੇਬੇ ਜੀ ਕੋਲ ਬੜੇ ਪ੍ਰੇਮ ਨਾਲ ਬੀਤਿਆ।

ਘਰ ਦਾ ਕੰਮ ਕਾਜ ਕਰਨਾ

ਸੰਮਤ ੧੯੩੯ ਬਿਕ੍ਰਮੀ (ਸੰਨ ੧੮੮੨ ਈਸਵੀ), ਸੋਲ੍ਹਾਂ ਸਾਲ ਦੀ ਉਮਰ ਵਿੱਚ ਸੰਤ ਜੀ ਮਹਾਰਾਜ ਖੇਤੀ-ਬਾੜੀ ਦੇ ਕੰਮ ਵਿੱਚ ਲੱਗ ਪਏ। ਇੱਕ ਦਿਨ ਆਪ ਜਦ ਹਲ਼ ਵਾਹ ਕੇ ਘਰ ਆ ਰਹੇ ਸਨ, ਤਾਂ ਦੋ ਚੋਬਰ 'ਤੇ ਇੱਕ ਬੁੱਢਾ (ਸੱਤਰ-ਪਚੱਤਰ ਸਾਲ ਦਾ) ਮਿਲੇ। ਬੁੱਢਾ ਸੰਤ ਜੀ ਦਾ ਚਿਹਨ-ਚੱਕਰ ਵੇਖ ਕੇ ਠਹਿਰ ਗਿਆ ਅਤੇ ਚਿਹਰੇ ਵੱਲ ਵੇਖਣ ਲੱਗ ਪਿਆ। ਚੋਬਰ ਨੇ ਅਵਾਜ਼ ਦਿੱਤੀ, "ਬੁੱਢਿਆ ਛੇਤੀ ਆ, ਆਪਾਂ ਦੂਰ ਜਾਣਾ ਏ।" ਬੁੱਢੇ ਨੇ ਆਖਿਆ, "ਦਰਸ਼ਨ ਕਰ ਲੈਣ ਦਿਓ। ਇਹ ਤਾਂ ਕੋਈ ਕਲਾ ਵਾਲਾ ਸਰੀਰ ਹੈ।"

ਸੰਤ ਜੀ ਘਰ ਦਾ ਕੰਮ ਕਾਰਜ ਵੀ ਕਰਦੇ, ਪਰ ਬਹੁਤ ਵਾਰੀ ਇਕਾਂਤ ਬੈਠੇ ਰਹਿੰਦੇ ਤੇ ਡੰਗਰ ਖੇਤਾਂ ਵਿੱਚ ਵੜ ਜਾਂਦੇ। ਪਿਤਾ ਕਰਮ ਸਿੰਘ ਜੀ ਕਈ ਵਾਰੀ ਸੰਤ ਪੁੱਤਰ ਨੂੰ ਆਖਦੇ, ਕਿਸ ਤਰ੍ਹਾਂ ਕਰ ਕੇ ਖਾਵੇਂਗਾ? ਮਾਤਾ ਭੋਲੀ ਨਾਲ ਵੀ ਕਈ ਵਾਰੀ ਬੈਠ ਕੇ ਗੱਲਬਾਤ ਕਰਦੇ ਅਤੇ ਝੁਰਦੇ ਆਖਦੇ, "ਤੂੰ ਪੁੱਤਰ ਨਾਲ ਬੜਾ ਮੋਹ ਕਰਦੀ ਹੈਂ, ਕੰਮ ਕਾਰ ਕਰਨ ਲਈ ਨਹੀਂ ਸਮਝਾਉਂਦੀ। ਇਸ ਦੀ ਕਮਾਈ ਦਾ ਸੋਨੇ ਦਾ ਹਾਰ ਪਵਾ ਲਈਂ।"

ਇੱਕ ਦਿਨ ਮਾਤਾ ਜੀ ਨੇ ਸਦ ਕੇ ਆਖਿਆ, "ਪੁੱਤਰ! ਤਕੜਾ ਹੋ ਕੇ ਕੰਮ ਕਾਰ ਕਰਿਆ ਕਰੋ। ਤੇਰੇ ਪਿਤਾ ਜੀ ਕਈ ਵਾਰੀ ਮੈਨੂੰ ਮਿਹਣਾ ਮਾਰਦੇ ਹਨ ਕਿ ਪੁੱਤਰ ਅਤਰ ਸਿੰਘ ਦੀ ਕਮਾਈ ਦੀ ਕੰਡੀ (ਸੋਨੇ ਦੇ ਹਾਰ) ਪਵਾ ਲਵੀਂ।" ਇਹ ਸੁਣ ਕੇ ਸੰਤ ਹੱਸ ਪਏ ਤੇ ਆਖਿਆ, "ਹਾਂ ਮਾਂ ਕੰਡੀ ਪਾ ਦਿਆਂਗੇ।"

---

* ਇਹ ਸਾਖੀ ਬੇਬੇ ਰਤਨ ਕੌਰ ਜੀ ਦੀ ਜ਼ਬਾਨੀ ਸੁਣੀ।

** ਇਹ ਦੋ ਸਾਖੀਆਂ ਜ਼ਬਾਨੀ-ਚੀਮੇਂ ਵਾਲੇ ਨੰਬਰਦਾਰ ਹਰਨਾਮ ਸਿੰਘ ਜੀ।

ਕਾਂਡ ੨

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥
ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੁਖ ਮਨਾਈ ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥ (੭੫੭)

ਫੌਜ ਵਿੱਚ ਭਰਤੀ

ਹੁਣ ਕਰਤਾਰ ਦਾ ਹੁਕਮ ਹੋਇਆ ਕਿ ਜਿਸ ਕਾਰਜ ਲਈ ਤੁਹਾਨੂੰ ਭੇਜਿਆ ਸੀ, ਉਸ ਦਾ ਫਿਕਰ ਕਰੋ ਅਤੇ ਕਿਸੇ ਜੁਗਤ ਨਾਲ ਮੋਹ-ਮਾਇਆ ਦੇ ਜਾਲ ਵਿੱਚੋਂ ਨਿਕਲੋ। ਮਾਤਾ ਭੋਲੀ ਜੀ ਦਾ ਪੁੱਤਰ ਅਤਰ ਸਿੰਘ ਨਾਲ ਬੜਾ ਹੀ ਡੂੰਘਾ ਪਿਆਰ ਸੀ ਅਤੇ ਸੰਤ ਜੀ ਵੀ ਮਾਤਾ ਜੀ ਦਾ ਨਿੱਕੀ ਉਮਰ ਤੋਂ ਬਹੁਤ ਸਤਿਕਾਰ ਕਰਦੇ ਸਨ।

ਇੱਕ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਮਾਤਾ ਜੀ ਪਾਸ ਆ ਬੈਠੇ ਅਤੇ ਪ੍ਰੇਮ ਤੇ ਨਿਮਰਤਾ ਨਾਲ ਬੇਨਤੀ ਕੀਤੀ, "ਮਾਤਾ ਜੀ! ਸਾਨੂੰ ਕਰਤਾਰ ਦਾ ਹੁਕਮ ਹੈ, ਅਸੀਂ ਵੱਡਾ ਅਹੁਦਾ ਪਾਉਣਾ ਹੈ। ਸਾਨੂੰ ਤੁਸੀਂ ਫੌਜ ਵਿੱਚ ਭਰਤੀ ਹੋਣ ਦੀ ਆਗਿਆ ਦੇਵੋ।" ਭੋਲੀ ਮਾਤਾ ਉਸ ਵੇਲੇ ਕੀ ਜਾਣਦੀ ਸੀ ਕਿ ਮੇਰੇ ਬੱਚੇ ਨੇ ਕਿਹੜਾ ਅਹੁਦਾ ਪਾਉਣਾ ਹੈ। ਨਹੀਂ! ਨਹੀਂ!! ਉਹ ਤਾਂ ਇੱਕ ਐਸਾ ਅਹੁਦਾ ਧੁਰ ਦਰਗਾਹ ਤੋਂ ਹੀ ਲੈ ਕੇ ਆਇਆ ਹੋਇਆ ਹੈ, ਜਿਸ ਦੀ ਚਮਕ ਛੋਟੀ ਉਮਰ ਵਿੱਚ ਹੀ ਕਈ ਸਿਆਣੇ ਪੁਰਸ਼ਾਂ ਨੂੰ ਆਪਣਾ ਰੰਗ ਵਿਖਾ ਕੇ ਸਾਰੇ ਨਗਰ ਵਾਸੀਆਂ ਕੋਲੋਂ 'ਸੰਤ' ਅਖਵਾ ਚੁੱਕਾ ਸੀ।

ਪਹਿਲਾਂ ਤਾਂ ਮਾਤਾ ਜੀ ਨੇ ਫੌਜ ਵਿੱਚ ਜਾਣ ਤੋਂ ਰੋਕਿਆ ਅਤੇ ਆਖਿਆ, "ਪੁੱਤ! ਘਰ ਖਾਣ-ਪੀਣ ਨੂੰ ਬਹੁਤ ਕੁਝ ਹੈ, ਖੇਤੀ-ਬਾੜੀ ਦਾ ਕੰਮ ਕਾਜ ਕਰੀ ਜਾਓ ਅਤੇ ਨਗਰ ਵਿੱਚ ਹੀ ਰਹਿ ਕੇ ਮੇਰੇ ਕਾਲਜੇ ਨੂੰ ਠੰਡ ਪਾਓ।' ਪਰ ਸੰਤਾਂ ਨੂੰ ਰੱਬੀ ਹੁਕਮ, ਮੋਹ-ਮਾਇਆ ਦੇ ਚੱਕਰ ਵਿੱਚੋਂ ਨਿਕਲਣ ਦਾ ਹੋ ਚੁੱਕਾ ਸੀ, ਮਾਤਾ ਕੋਲੋਂ ਆਗਿਆ ਲੈ ਹੀ ਲਈ, "ਮਾਤਾ ਜੀ! ਅਸੀਂ ਵੱਡਾ ਅਹੁਦਾ ਪਾਉਣਾ ਹੈ, ਸਾਨੂੰ ਨਾ ਰੋਕੋ।"

ਸੰਮਤ ੧੯੪੦ ਬਿਕ੍ਰਮੀ (ਸੰਨ ੧੮੮੩ ਈਸਵੀ) ਵਿੱਚ ਹੀ ਸੰਤ ਇੱਕ ਸਰੀਰ ਹੋਰ ਨਾਲ ਲੈ ਕੇ ਧਰਮਕੋਟ ਵਿੱਚ ਭਰਤੀ ਵਾਸਤੇ ਗਏ। ਸੰਤ ਜੀ ਦਾ ਤਾਂ ਨਾਵਾਂ ਲੱਗ ਗਿਆ ਅਤੇ ਦੂਜਾ ਸਾਥੀ ਪਿੰਡ ਮੁੜ

ਆਇਆ। ਇੱਥੋਂ ਸੰਤ ਕੋਹਾਟ ਤੋਪਖ਼ਾਨੇ ਵਿੱਚ ਚਲੇ ਗਏ ਅਤੇ ਇੱਕ ਵਰ੍ਹਾ ਤੋਪਖਾਨੇ ਵਿੱਚ ਰਹੇ। ਸਾਰਾ ਦਿਨ ਨੌਕਰੀ, ਪਹਿਰਾ ਸਫ਼ਾਈ, ਮਾਲਸ਼ ਦਾ ਕੰਮ ਬਹੁਤ ਰਹਿੰਦਾ। ਇਕਾਂਤ ਸਿਮਰਣ ਅਤੇ ਗੁਰਮੁਖੀ ਵਿੱਦਿਆ ਦੇ ਵਾਧੇ ਦਾ ਬਹੁਤ ਘੱਟ ਵਕਤ ਮਿਲਦਾ।

ਇੱਕ ਦਿਨ ਸੰਤ ਜੀ ਮਹਾਰਾਜ ਸੂਬੇਦਾਰ ਦਲੇਲ ਸਿੰਘ ਨੂੰ, ਜੋ ਚੀਮੇਂ ਪਿੰਡ ਦਾ ਸੀ ਤੇ ੫੪ ਸਿੱਖ ਪਲਟਨ ਵਿੱਚ ਕੋਹਾਟ ਹੀ ਰਹਿੰਦਾ ਸੀ, ਮਿਲੇ ਗੱਲਬਾਤ ਖੁੱਲ੍ਹਣ ਪਰ ਸੰਤ ਜੀ ਨੇ ਸੂਬੇਦਾਰ ਦਲੇਲ ਸਿੰਘ ਨੂੰ ਆਖਿਆ ਕਿ ਅਸੀਂ ਤਾਂ ਫੌਜ ਵਿੱਚ ਇਸ ਖਿਆਲ ਨਾਲ ਭਰਤੀ ਹੋਏ ਸਾਂ ਕਿ ਧਰਮ ਦੀ ਕਮਾਈ ਦਾ ਅੰਨ ਛਕ ਕੇ ਬੰਦਗੀ ਕਰਾਂਗੇ ਅਤੇ ਨਾਲ-ਨਾਲ ਵਿੱਦਿਆ ਦਾ ਵਾਧਾ ਕਰਾਂਗੇ, ਪਰ ਤੋਪਖਾਨੇ ਵਿੱਚ ਤਾਂ ਇੰਨ੍ਹਾ ਕੰਮ ਹੁੰਦਾ ਹੈ ਕਿ ਪੜ੍ਹਨ ਲਈ ਰਤਾ ਵੀ ਵਿਹਲ ਨਹੀਂ ਮਿਲਦੀ। ਸੂਬੇਦਾਰ ਦਲੇਲ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਆਖਿਆ ਕਿ ਪਲਟਨ ਵਿੱਚ ਤੋਪਖਾਨੇ ਨਾਲੋਂ ਕੰਮ ਥੋੜ੍ਹਾ ਹੁੰਦਾ ਹੈ, ਅਸੀਂ ਤੁਹਾਡੀ ਬਦਲੀ ੫੪ ਪਲਟਨ ਵਿੱਚ ਕਰਾ ਲਵਾਂਗੇ।

ਸੂਬੇਦਾਰ ਦਲੇਲ ਸਿੰਘ ਰਹਿਣੀ-ਬਹਿਣੀ ਅਤੇ ਕਹਿਣੀ ਦਾ ਪੱਕਾ ਸਿੱਖ ਸੀ, ਸਾਰੀ ਫੌਜ ਅਤੇ ਅਫ਼ਸਰ ਇਸ ਦੀ ਇੱਜ਼ਤ ਕਰਦੇ ਸਨ। ਥੋੜ੍ਹੇ ਦਿਨਾਂ ਵਿੱਚ ਹੀ ਇਸ ਨੇ ਸੰਤ ਜੀ ਮਹਾਰਾਜ ਨੂੰ ਆਪਣੀ ਪਲਟਨ (ਕੰਪਨੀ ਨੰ: ਸੱਤ) ਵਿੱਚ ਬਦਲੀ ਕਰਵਾ ਲਿਆ।

ਵਿਆਹ ਬਾਰੇ

ਛੇ ਕੁ ਮਹੀਨੇ ਮਗਰੋਂ ਸੰਤ ਜੀ ਦੋ ਮਹੀਨੇ ਦੀ ਛੁੱਟੀ ਚੀਮੇਂ ਆਏ ਅਤੇ ਸਾਵਣ, ਭਾਦਰੋਂ ਪਿੰਡ ਹੀ ਰਹੇ। ਇਸ ਸਮੇਂ ਡੇਰਾ ਭਾਈ ਬੂਟਾ ਸਿੰਘ ਜੀ ਦੀ, ਜਿੱਥੇ ਕਿ ਆਪ ਨੇ ਨਿੱਕਿਆਂ ਹੁੰਦਿਆਂ ਗੁਰਮੁਖੀ ਪੜ੍ਹੀ ਸੀ, ਟਹਿਲ ਸੇਵਾ ਕਰਵਾਈ। ਪੰਜ ਦਿਨ ਵਾਸਤੇ ਜਵਾਹਰਕੀ ਬੇਬੇ ਨੂੰ ਮਿਲਣ ਗਏ। ਅੱਸੂ ਚੜ੍ਹਦੇ ਕੋਹਾਟ ਪਲਟਨ ਵਿੱਚ ਵਾਪਸ ਅੱਪੜ ਗਏ।

ਜਦ ਸੰਤ ਜੀ ਪਿੰਡ ਛੁੱਟੀ ਆਏ ਸਨ, ਤਦ ਜ਼ਿਮੀਂਦਾਰ ਜੀਵਨ ਸਿੰਘ ਪਿੰਡ ਬਡਰੁੱਖੇ ਵਾਲਾ ਇੱਕ ਦੋ ਵਾਰੀ ਚੀਮੇਂ ਆਇਆ। ਏਸ ਨੇ ਸੰਤ ਜੀ ਨੂੰ ਬੜਾ ਸੁਡੌਲ, ਸੁੰਦਰ ਅਤੇ ਹੋਨਹਾਰ ਨੌਜਵਾਨ ਵੇਖ ਕੇ ਆਪਣੀ ਸਪੁੱਤਰੀ ਮਹਾਂ ਕੌਰ ਲਈ ਯੋਗ ਵਰ ਸਮਝਿਆ ਪਰ ਸਾਕਾਂ-ਸੰਬੰਧੀਆਂ ਨਾਲ ਸਲਾਹ ਕਰਦਿਆਂ-ਕਰਦਿਆਂ ਕੱਤਕ ਦਾ ਮਹੀਨਾ ਚੜ੍ਹ ਗਿਆ। ਹੁਣ ਸੰਤ ਕੋਹਾਟ ਪਲਟਨ ਵਿੱਚ ਵਾਪਸ ਜਾ ਚੁੱਕੇ ਸਨ। ਭਾਈ ਜੀਵਨ ਸਿੰਘ ਦੀ ਸੁਪਤਨੀ ਧਰਮ ਕੌਰ ਇੱਕ ਦਿਹਾੜੇ ਚੀਮੇਂ ਆਈ ਅਤੇ ਸੰਤ ਜੀ ਦੇ ਪਿਤਾ ਜੀ ਨੂੰ ਆਖਿਆ ਕਿ ਮੈਂ ਆਪਣੀ ਧੀ ਮਹਾਂ ਕੌਰ ਦੀ ਮੰਗਣੀ ਤੁਹਾਡੇ ਪੁੱਤਰ ਅਤਰ ਸਿੰਘ ਨਾਲ ਕਰਨੀ ਹੈ। ਪਿਤਾ ਕਰਮ ਸਿੰਘ ਨੇ ਉੱਤਰ ਦਿੱਤਾ ਕਿ ਹੁਣ ਤਾਂ ਉਹ ਕੋਹਾਟ ਚਲਾ ਗਿਆ ਹੈ, ਜਦੋਂ ਫੇਰ ਛੁੱਟੀ ਆਵੇਗਾ ਤਾਂ ਸਾਕ ਲੈ ਲਵਾਂਗੇ। ਧਰਮ ਕੌਰ ਬੋਲੀ, "ਲੜਕਾ ਸਾਡੇ ਪਸੰਦ ਹੈ ਅਤੇ ਘਰ-ਬਾਰ ਵੇਖਿਆ ਹੋਇਆ ਹੈ, ਤੁਸੀਂ ਸਾਕ ਹੁਣ ਹੀ ਲੈ ਲਵੋ।" ਪਿਤਾ ਕਰਮ ਸਿੰਘ ਜੀ ਬੋਲੇ, "ਤੁਹਾਡੀ ਮਰਜ਼ੀ।" ਹੁਣ ਯੋਗ ਦਿਹਾੜਾ ਦੇਖ ਕੇ ਭਾਈ ਜੀਵਨ ਸਿੰਘ ਨੇ ਆਪਣੀ ਲੜਕੀ ਦਾ ਸਗਨ ਪਿਤਾ ਕਰਮ ਸਿੰਘ ਦੀ ਅਤੇ ਮਾਤਾ ਭੋਲੀ ਦੀ ਝੋਲੀ ਵਿੱਚ ਪਾ ਦਿੱਤਾ।

ਪਿਤਾ ਜੀ ਨੇ ਪਲਟਨ ਵਿੱਚ ਸੰਤ ਜੀ ਨੂੰ ਚਿੱਠੀ ਪਾਈ। ਵਾਪਸੀ ਡਾਕ ਉੱਤਰ ਆਇਆ ਕਿ ਸਾਨੂੰ ਅਕਾਲ ਪੁਰਖ ਦਾ ਹੁਕਮ ਵਿਆਹ ਕਰਾਉਣ ਦਾ ਨਹੀਂ। ਜੇ ਕਾਕੀ ਦੇ ਮਾਤਾ-ਪਿਤਾ ਦੀ ਰਜ਼ਾ ਹੋਵੇ ਤਾਂ ਇਹ ਸਾਕ ਸਾਡੇ ਛੋਟੇ ਭਰਾ ਜੈ ਸਿੰਘ ਨਾਲ ਕਰ ਦੇਵੋ। ਦੋਵੇਂ ਧਿਰਾਂ ਸਤਿਸੰਗੀ ਸਨ ਅਤੇ ਸੰਤ ਜੀ ਦਾ

ਉੱਤਰ ਸਪੱਸ਼ਟ ਸੀ। ਉਹਨਾਂ ਸਾਕ ਬਦਲ ਦਿੱਤਾ ਅਤੇ ਮਹਾਂ ਕੌਰ ਦਾ ਨਾਤਾ ਜੈ ਸਿੰਘ ਨਾਲ ਹੋ ਗਿਆ।

ਅੰਮ੍ਰਿਤ ਛਕਣਾ

ਹੁਣ ਸਮਾਂ ਆ ਗਿਆ ਕਿ ਸਤਿਗੁਰੂ ਦੀ ਮਰਯਾਦਾ ਅਨੁਸਾਰ ਸੰਤ ਜੀ ਸੱਚੇ ਪਾਤਸ਼ਾਹ ਗੁਰੂ ਕਲਗੀਧਰ ਜੀ ਮਹਾਰਾਜ ਦੀ ਅਕਾਲੀ ਫੌਜ ਵਿੱਚ ਭਰਤੀ ਹੋਣ। ਪਲਟਨ ਦਾ ਦਸਤੂਰ ਸੀ ਕਿ ਜਦੋਂ ਕੋਈ ਯੋਗ ਸਮਾਗਮ ਹੁੰਦਾ, ਸਾਰੇ ਨਵੇਂ ਰੰਗਰੂਟਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ। ਉਸ ਸਮੇਂ ਸਿੱਖ ਫੌਜਾਂ ਵਿੱਚ ਪਰਚਾਰ ਅਤੇ ਅੰਮ੍ਰਿਤ ਛਕਾਉਣ ਦੀ ਸੇਵਾ ਸੰਬੰਧੀ ਗਿਆਨੀ ਠਾਕਰ ਸਿੰਘ ਜੀ ਅੰਮ੍ਰਿਤਸਰ ਵਾਲੇ ਦੌਰਾ ਕਰਦੇ ਹੁੰਦੇ ਸਨ। ਆਪ ਦੌਰਾ ਕਰਦੇ-ਕਰਦੇ ਕੋਹਾਟ ਛਾਉਣੀ ਆ ਗਏ ਤੇ ਅੰਮ੍ਰਿਤ ਛਕਾਉਣ ਦੀ ਤਿਆਰੀ ੫੪ ਪਲਟਨ ਦੇ ਗੁਰਦੁਆਰੇ ਵਿੱਚ ਹੋਈ। ਭਾਈ ਜੋਧ ਸਿੰਘ ਜੀ ਗ੍ਰੰਥੀ, ਗਿਆਨੀ ਠਾਕੁਰ ਸਿੰਘ ਜੀ, ਸੂਬੇਦਾਰ ਦਲੇਲ ਸਿੰਘ ਜੀ, ਹਵਾਲਦਾਰ ਹੀਰਾ ਸਿੰਘ ਜੀ ਅੰਮ੍ਰਿਤ ਛਕਾਉਣ ਦੀ ਸੇਵਾ ਲਈ ਤਿਆਰ ਹੋਏ। ਪੰਜਵੇਂ ਪਿਆਰੇ ਦੀ ਅਜੇ ਖੋਜ-ਭਾਲ ਹੋ ਰਹੀ ਸੀ ਕਿ ਇੱਕ ਰੂਹਾਨੀ ਚਿਹਰੇ ਵਾਲੇ ਸੂਰਬੀਰ ਨਿਹੰਗ ਸਿੰਘ ਨੇ ਪਲਟਨ ਦੇ ਗੁਰਦੁਆਰੇ ਵਿੱਚ ਆ ਦੀਦਾਰੇ ਦਿੱਤੇ। ਗਿਆਨੀ ਠਾਕੁਰ ਸਿੰਘ ਜੀ ਨੇ ਅਕਾਲੀ ਸਿੰਘ ਨੂੰ ਬੇਨਤੀ ਕੀਤੀ ਕਿ ਸਾਨੂੰ ਅੰਮ੍ਰਿਤ ਛਕਾਉਣ ਲਈ ਪੰਜਵੇਂ ਗੁਰਮੁਖ ਦੀ ਲੋੜ ਹੈ, ਆਪ ਨੇ ਬੜੇ ਭਲੇ ਵੇਲੇ ਦਰਸ਼ਨ ਦਿੱਤੇ ਹਨ। ਅਕਾਲੀ ਸਿੰਘ ਨੇ ਆਖਿਆ, "ਖ਼ਾਲਸਾ ਤਾਂ ਸਤਿਗੁਰੂ ਕਲਗੀਆਂ ਵਾਲੇ ਦੇ ਹੁਕਮ ਵਿੱਚ ਇਸੇ ਕਾਰਜ ਲਈ ਕਮਰਕੱਸਾ ਕਰ ਕੇ ਆਇਆ ਹੈ।"*

ਬੱਸ ਹੁਣ ਕੀ ਦੇਰ ਸੀ, ਅੰਮ੍ਰਿਤ ਛਕਣ ਦੇ ਅਭਿਲਾਖੀ ਰਹਿਤ-ਬਹਿਤ ਪੂਰੀ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਖੜੇ ਹੋ ਗਏ ਅਤੇ ਜਥੇਦਾਰ ਨੇ ਉਨ੍ਹਾਂ ਨੂੰ ਮੂਲ-ਮੰਤਰ ਦਾ ਪਾਠ ਕਰੀ ਜਾਣ ਦਾ ਹੁਕਮ ਦਿੱਤਾ। ਪੰਜ ਪਿਆਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨ ਕੰਵਲਾਂ ਦਾ ਧਿਆਨ ਕਰਕੇ ਕਮਰਕੱਸਾ ਸਜਾ, ਸੱਚੇ ਪਾਤਸ਼ਾਹ ਦਾ ਹੁਕਮ ਪਾਲਣ ਲਈ ਤਿਆਰ ਹੋ ਗਏ। ਗ੍ਰੰਥੀ ਸਿੰਘ ਨੇ ਪ੍ਰੇਮ ਅਤੇ ਸਤਿਕਾਰ ਨਾਲ ਪੰਜਾਂ ਪਿਆਰਿਆਂ ਦੀ ਰਹਿਣੀ-ਬਹਿਣੀ ਦੀ ਪੜਤਾਲ ਕੀਤੀ। ਫੇਰ ਜਥੇਦਾਰ ਭਾਈ ਜੋਧ ਸਿੰਘ ਜੀ ਨੇ ਖੰਡਾ ਹੱਥ ਵਿੱਚ ਫੜਿਆ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਦਰਗਾਹ ਵਿੱਚ ਅਰਦਾਸਾ ਸੋਧਿਆ ਅਤੇ ਬੇਨਤੀ ਕੀਤੀ, "ਹੇ ਸੱਚੇ ਦਸ਼ਮੇਸ਼ ਪਿਤਾ! ਮਾੜੇ ਹਾਂ, ਚੰਗੇ ਹਾਂ, ਪਰ ਤੇਰੇ ਹਾਂ, ਤੇਰੀ ਓਟ ਤੇ ਆਸਰਾ ਲੈ ਕੇ ਆਪ ਦਾ ਹੁਕਮ ਪਾਲਣ ਲਈ ਕਮਰਕੱਸਾ ਕਰਦੇ ਹਾਂ। ਸਾਡੇ ਵਿੱਚ ਕੋਈ ਗੁਣ ਨਹੀਂ।"

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥ (੧੪੦੬)

ਤੁਸੀਂ ਆਪਣੇ ਬਿਰਧ ਬਾਣੇ ਦੀ ਲਾਜ ਰੱਖਣੀ, ਆਪਣੀ ਕਲਾ ਦੁਆਰਾ ਪ੍ਰੇਮ-ਰਸ, ਬੀਰ-ਰਸ, ਨਾਮ-ਰਸ ਦਾ ਪ੍ਰਕਾਸ਼ ਕਰਨਾ ਅਤੇ ਜੋ ਭੁਝੰਗੀ ਆਪ ਦੀ ਦਰਗਾਹ ਵਿੱਚ ਅੰਮ੍ਰਿਤ ਦੀ ਦਾਤ ਲੈਣ ਲਈ ਹਾਜ਼ਰ ਹੋਏ ਹਨ, ਉਨ੍ਹਾਂ ਦੇ ਹਿਰਦੇ ਵਿੱਚ ਪ੍ਰੇਮ-ਰਸ, ਬੀਰ-ਰਸ, ਨਾਮ-ਰਸ ਸਿੰਚਣਾ ਅਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣੀ।

ਅਰਦਾਸਾ ਹੁੰਦਿਆਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸੁਣ ਕੇ ਪੰਜ ਪਿਆਰੇ ਬੀਰ ਆਸਣ ਹੋ ਬੈਠੇ। ਜਥੇਦਾਰ ਜੀ ਨੇ ਸਰਬ-ਲੋਹ ਦੇ ਗੜਵੇ ਵਿੱਚੋਂ, ਸਰਬ ਲੋਹ ਦੇ ਲਿਸ਼ਕਦੇ ਬਾਟੇ ਵਿੱਚ, ਜੋ

---

* ਜ਼ਬਾਨੀ ਗਿਆਨੀ ਠਾਕੁਰ ਸਿੰਘ ਜੀ ਅੰਮ੍ਰਿਤਸਰ।

ਕਿ ਇੱਕ ਆਸਣ ਪਰ ਸਜੇ ਹੋਏ ਪੱਥਰ ਦੇ ਸੁਨਹਿਰੇ 'ਤੇ ਅਡੋਲ ਟਿਕਿਆ ਹੋਇਆ ਸੀ, ਆਪਣੀ ਹੱਥੀਂ ਜਲ ਪਾਇਆ ਅਤੇ ਪੰਜਾਂ ਪਿਆਰਿਆਂ ਨੇ ਆਪਣੇ ਬੁੱਕਾਂ ਵਿੱਚ ਪਤਾਸੇ ਪਾ ਕੇ ਬਾਟੇ ਵਿੱਚ ਪ੍ਰਵੇਸ਼ ਕਰ ਦਿੱਤੇ। ਹੁਣ ਪੰਜਾਂ ਪਿਆਰਿਆਂ ਨੇ ਸਾਵਧਾਨ ਹੋ ਕੇ ਇੱਕ ਟੱਕ ਆਪਣੀ ਨਿਗਾਹ ਜਲ 'ਤੇ ਠਹਿਰਾਈ। ਫੇਰ ਪੰਜਾਂ ਪਿਆਰਿਆਂ 'ਚੋਂ ਪਹਿਲੇ ਨੇ ਜਪੁਜੀ ਸਾਹਿਬ, ਦੂਜੇ ਨੇ ਜਾਪ ਸਾਹਿਬ, ਤੀਸਰੇ ਨੇ ਸੁਧਾ ਸਵੱਯੇ, ਚੌਥੇ ਨੇ ਚੌਪਈ ਸਾਹਿਬ, ਪੰਜਵੇਂ ਨੇ ਪੂਰੇ ਅਨੰਦ ਸਾਹਿਬ ਦਾ ਪਾਠ ਕੀਤਾ।

ਏਸ ਦੇ ਮਗਰੋਂ ਅਰਦਾਸਾ ਸੋਧ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਅਤੇ ਅੰਮ੍ਰਿਤ ਦਾ ਬਾਟਾ ਅਡੋਲ ਪੱਥਰ ਦੀ ਦੌਰੀ 'ਤੇ ਇੱਕ ਪਿਆਰੇ ਦੇ ਪਹਿਰੇ ਵਿੱਚ ਟਿਕਾ ਦਿੱਤਾ ਗਿਆ।

ਏਧਰ ਤਾਂ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਦੇ ਰਹੇ ਅਤੇ ਉੱਧਰ ਅੰਮ੍ਰਿਤ ਅਭਿਲਾਖੀ ਜਥੇਦਾਰ ਸਾਹਿਬ ਜੀ ਦੀ ਆਗਿਆ ਪਾਲਣ ਕਰਦਿਆਂ ਹੋਇਆਂ ਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਧਿਆਨ ਰੱਖ ਕੇ ਇੱਕ ਰਸ:

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (੧)

ਦਾ ਜਾਪ ਕਰਦੇ ਰਹੇ।

ਇਸ ਵੇਲੇ ਕਿਸ ਨੂੰ ਪਤਾ ਸੀ ਕਿ ੫੪ ਪਲਟਨ ਦਾ ਇੱਕ ਮਾਮੂਲੀ ਸਿਪਾਹੀ, ਜੋ ਅੰਮ੍ਰਿਤ ਪਾਨ ਕਰਨ ਲਈ ਖੜਾ ਹੈ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਘਰ ਵਿੱਚ ਵੱਡਾ ਅਹੁਦਾ ਪਾਵੇਗਾ, ਸਾਰੀ ਸ੍ਰਿਸ਼ਟੀ 'ਤੇ ਸਤਿਨਾਮ ਵਾਹਿਗੁਰੂ ਦਾ ਚੱਕਰ ਚਲਾਵੇਗਾ ਅਤੇ ਲੱਖਾਂ ਤਰਸਦਿਆਂ ਜੀਵਾਂ ਨੂੰ ਅੰਮ੍ਰਿਤ ਦੀ ਅਮੋਲਕ ਦਾਤ ਬਖਸ਼ੇਗਾ।

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ (੪੮੮)

ਹਾਂ, ਮਾਤਾ ਭੋਲੀ! ਤੇਰੀ ਕੁੱਖ ਧੰਨ ਹੈ! ਤੇਰਾ ਸਪੁੱਤਰ ਅਤਰ ਸਿੰਘ, ਜੋ ਤੇਰੇ ਨਾਲ ਵੱਡਾ ਅਹੁਦਾ ਪਾਉਣ ਦਾ ਬਚਨ ਕਰਕੇ ਆਇਆ ਸੀ, ਆਪਣਾ ਵਾਕ ਸਫਲਾ ਕਰੇਗਾ।

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥ (ਪਾ;੧੦)

ਅਤੇ ਦੀਨ ਦੁਨੀਆਂ ਦਾ ਪਾਤਸ਼ਾਹ ਹੋਣ ਕਰਕੇ ਸਾਰੀ ਸ੍ਰਿਸ਼ਟੀ ਨੂੰ ਨਿਵਾਏਗਾ।

ਸਲੋਕੁ ਮਹਲਾ ੩ ॥
ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥
ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥
ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥
ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ ਸੋਭਾ ਮੂਲਿ ਨ ਪਾਹਿ ॥੧॥ (੫੯੦)

ਹੁਣ ਜਥੇਦਾਰ ਸਾਹਿਬ ਨੇ ਅੰਮ੍ਰਿਤ ਅਭਿਲਾਖੀਆਂ ਨੂੰ ਸਾਵਧਾਨ ਕੀਤਾ ਅਤੇ ਪੰਜ ਵਾਰੀ ਮੂਲ-ਮੰਤਰ ਦਾ ਪਾਠ ਉਨ੍ਹਾਂ ਪਾਸੋਂ ਆਪਣੇ ਪਿੱਛੇ-ਪਿੱਛੇ ਕਰਵਾਇਆ। ਫਿਰ ਵਾਰੀ-ਵਾਰੀ; ਬੋਲ "ਵਾਹਿਗੁਰੂ ਜੀ

ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥'' ਦੀ ਗੂੰਜ ਵਿੱਚ ਸਭ ਅੰਮ੍ਰਿਤ ਅਭਿਲਾਖੀਆਂ ਨੂੰ ਸਾਂਝਾ ਬਾਟਾ ਫਿਰਾਵਣ ਦੇ ਮਗਰੋਂ ਜਥੇਦਾਰ ਸਾਹਿਬ ਨੇ ਉੱਚੀ ਆਵਾਜ਼ ਵਿੱਚ ਜੈਕਾਰਾ ਬੁਲਾਇਆ ਅਤੇ ਸਭ ਨੂੰ ਸਾਵਧਾਨ ਕੀਤਾ। ਫੇਰ:

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ ॥
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ ॥
ਗੁਰੁ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ ॥
ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ ॥
ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ (ਭਾਈ ਗੁਰਦਾਸ ਜੀ)

ਸ਼ਬਦ ਜੋਟੀਆਂ ਵਿੱਚ ਪੜ੍ਹਾਇਆ। ਸ਼ਬਦ ਦੇ ਭੋਗ ਮਗਰੋਂ ਸਭ ਅੰਮ੍ਰਿਤ ਛਕਣ ਵਾਲਿਆਂ ਨੂੰ ਜਥੇਦਾਰ ਸਾਹਿਬ ਨੇ ਸੁਣਾਇਆ ਕਿ ਅੱਜ ਤੋਂ ਤੁਹਾਡਾ ਜਨਮ ਖ਼ਾਲਸਾ ਹੋਇਆ, ਅੱਜ ਤੋਂ ਤੁਹਾਡਾ:

੧. ਪਿਤਾ-ਗੁਰੂ ਗੋਬਿੰਦ ਸਿੰਘ ਜੀ,
੨. ਮਾਤਾ-ਸਾਹਿਬ ਕੌਰ ਜੀ,
੩. ਜਨਮ ਭੂਮੀ-ਕੇਸ ਗੜ੍ਹ ਸਾਹਿਬ (ਜਿੱਥੇ ਕਲਗੀਧਰ ਜੀ ਮਹਾਰਾਜ ਨੇ ਪੰਜਾਂ ਪਿਆਰਿਆਂ ਦਾ ਸੀਸ ਭੇਟਾ ਲੈ ਕੇ ਖ਼ਾਲਸਾ ਪ੍ਰਗਟ ਕੀਤਾ)
੪. ਵਾਸੀ-ਅਨੰਦਪੁਰ ਸਾਹਿਬ (ਬੇਗਮਪੁਰਾ ਸਹਰ ਕੋ ਨਾਉ)
੫. ਗੁਰਦੁਆਰਾ-ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਵਾਸ ਹੋਵੇ,

ਪੰਜ ਕੱਕਾਰ-(ਕੜਾ, ਕੰਘਾ, ਕੇਸ, ਕਛਹਿਰਾ, ਕਿਰਪਾਨ) ਸਦਾ ਅੰਗ-ਸੰਗ ਰੱਖਣੇ ਅਤੇ ਚਾਰ ਬੱਜਰ ਕੁਰਹਿਤਾਂ:

(੧) ਕੇਸਾਂ ਦੀ ਬੇਅਦਬੀ (ਪੈਰ ਦੇ ਅੰਗੂਠੇ ਤੋਂ ਲੈ ਕੇ ਸੀਸ ਦੀ ਚੋਟੀ ਤੀਕਰ-ਸਾਰੇ ਰੋਮ)
(੨) ਪਰ ਇਸਤਰੀ ਗਮਨ

ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤਰੀ ਕੋ ਮਾਤ ਬਖਾਨੈ ॥

(੩) ਬਿਖਿਆ ਪਾਨ (ਤਮਾਕੂ, ਚਰਸ, ਚੰਡੂ, ਸੁਲਫਾ ਆਦਿਕ)
(੪) ਕੁੱਠਾ

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ (੪੭੨)

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (੩੬੦)

ਭੁੱਲ ਕੇ ਵੀ ਨਾ ਕਰਨੀਆਂ। ਇਹਨਾਂ ਦੇ ਕਰਨ ਨਾਲ ਸਿੱਖ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ ਅਤੇ ਮਾਤਾ ਸਾਹਿਬ ਕੌਰ ਜੀ ਦੀ ਝੋਲੀ ਵਿੱਚੋਂ ਡਿੱਗ ਪੈਂਦਾ ਹੈ।

ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ (੧੪੩)

ਫੇਰ ਸਭ ਨੂੰ ਗੁਰਮੰਤਰ ਦ੍ਰਿੜਾਇਆ।

ਵਾਹਿਗੁਰੂ ਗੁਰਮੰਤਰ ਹੈ ਜਪਿ ਹਉਮੈ ਖੋਈ। (ਭਾਈ ਗੁਰਦਾਸ ਜੀ)

ਅੰਮ੍ਰਿਤ ਵੇਲੇ ਜਾਗਣ ਅਤੇ ਪੰਜਾਂ ਬਾਣੀਆਂ ਦਾ ਪਾਠ ਨਿੱਤਨੇਮ ਨਾਲ ਕਰਨ ਦਾ ਉਪਦੇਸ਼ ਕੀਤਾ।

ਮ ੪ ॥ (ਗਉੜੀ ਕੀ ਵਾਰ)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫-੬)

ਹਰ ਇੱਕ ਅੰਮ੍ਰਿਤਧਾਰੀ ਸਿੱਖ ਦਾ ਧਰਮ ਹੈ ਕਿ ਘੱਟੋ-ਘੱਟ ਇਹ ਪੰਜ ਬਾਣੀਆਂ ਨਿੱਤਨੇਮ ਜ਼ਰੂਰ ਪੜ੍ਹੇ:

ਅੰਮ੍ਰਿਤ ਵੇਲੇ-ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵਪ੍ਰਸਾਦਿ ਸਵੱਯੇ, ਚੌਪਈ, ਅਨੰਦ ਸਾਹਿਬ (ਪੂਰਾ) ਦਾ ਪਾਠ ਕਰ ਕੇ ਅਰਦਾਸਾ ਸੋਧੇ।

ਸ਼ਾਮ ਦੇ ਵਕਤ-ਰਹਿਰਾਸ, ਚੌਪਈ, ਪੰਜ ਪਉੜੀਆਂ ਅਨੰਦ ਸਾਹਿਬ।

ਰਾਤ ਬਿਰਾਜਨ ਸਮੇਂ-ਕੀਰਤਨ ਸੋਹਿਲਾ।

ਅੰਤਮ ਉਪਦੇਸ਼-ਸਤਿਸੰਗ ਵਧਾਵਣ (ਗੁਰਮੁਖ ਨਾਮ ਦੇ ਰਸੀਆ ਨਾਲ ਪ੍ਰਸਪਰ ਮਿਲਾਪ, ਹਰੀ ਕੀਰਤਨ, ਹਰੀ ਕਥਾ, ਸ਼ਬਦ ਦੀ ਵਿਚਾਰ) ਅਤੇ ਕੁਸੰਗ (ਗੁਰਨਿੰਦਕ ਅਤੇ ਬਿਖਈ ਪੁਰਸ਼ਾਂ ਦੀ ਸੰਗਤ) ਤੋਂ ਬਚਣ ਲਈ ਪਰਪੱਕ ਕੀਤਾ।

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥੧੩੧॥ (੧੩੭੧)

ਚਾਰ ਗੱਲਾਂ ਖਾਸ ਤੌਰ 'ਤੇ ਯਾਦ ਰੱਖਣ ਦਾ ਹੁਕਮ ਦਿੱਤਾ :

(੧) **ਹੱਥਾਂ-ਪੈਰਾਂ ਨਾਲ ਚੋਰੀ ਯਾਰੀ ਨਹੀਂ ਕਰਨੀ।**
(੨) **ਕੰਨਾਂ ਨਾਲ ਨਿੰਦਾ ਨਹੀਂ ਸੁਣਨੀ।**
(੩) **ਜੀਭ ਨਾਲ ਨਿੰਦਾ ਨਹੀਂ ਕਰਨੀ।**
(੪) **ਅੱਖਾਂ ਨਾਲ ਪਰਾਇਆ ਧਨ ਤੇ ਪਰਾਇਆ ਤਨ ਦੇਖ ਕੇ ਨਹੀਂ ਸੜਨਾ।**

ਫਿਰ ਅੰਤਮ ਅਰਦਾਸਾ ਸੋਧ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ, ਕੜਾਹ ਪ੍ਰਸ਼ਾਦਿ ਵਰਤਾਇਆ ਅਤੇ ਸਾਰਿਆਂ ਅੰਮ੍ਰਿਤ ਪਾਨ ਕਰਨ ਵਾਲਿਆਂ ਨੂੰ ਇੱਕ ਬਾਟੇ ਵਿੱਚ ਕੜਾਹ ਪ੍ਰਸ਼ਾਦਿ ਛਕਾ ਕੇ ਬੀਰ ਖ਼ਾਲਸੇ ਨੂੰ ਸੱਚੇ ਭਾਈ ਹੋਣ ਦਾ ਸਬਕ ਦ੍ਰਿੜ੍ਹ ਕਰਾਇਆ।

ਜਦ ਅੰਮ੍ਰਿਤ ਪ੍ਰਚਾਰ ਹੋ ਚੁੱਕਾ, ਤਦ ਨੂਰਾਨੀ ਚਿਹਰੇ ਵਾਲਾ ਅਕਾਲੀ ਸਿੰਘ ਤਾਂ ਕੜਾਹ ਪ੍ਰਸ਼ਾਦ ਲੈ ਕੇ ਆਪਣੇ ਰਾਹ ਪਿਆ, ਬਾਕੀ ਅੰਮ੍ਰਿਤ ਛਕਣ ਵਾਲੇ ਪ੍ਰੇਮੀ ਆਪਣੇ-ਆਪਣੇ ਡੇਰਿਆਂ ਨੂੰ ਚਲੇ ਗਏ, ਪਰ ਸਿਪਾਹੀ ਅਤਰ ਸਿੰਘ ਉਸੇ ਦਿਨ ਤੋਂ ਪਲਟਨ ਦੇ ਗੁਰਦੁਆਰੇ ਟਿਕ ਪਿਆ ਅਤੇ ਭਾਈ ਜੋਧ ਸਿੰਘ ਜੀ ਗ੍ਰੰਥੀ ਦਾ ਅਰਦਲੀ ਬਣ ਗਿਆ।

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (੫੫੮)

ਸੂਬੇਦਾਰ ਦਲੇਲ ਸਿੰਘ ਜੀ ਨੇ ਸੰਤ ਜੀ ਦਾ ਪਹਿਰਾ ਮੁਆਫ਼ ਕਰਵਾ ਦਿੱਤਾ। ਪਰੇਡ ਮਗਰੋਂ ਸਾਰਾ ਦਿਨ ਹੀ ਸੰਤ ਜੀ ਗੁਰਦੁਆਰੇ ਦੀ ਟਹਿਲ ਕਰਦੇ, ਝਾੜੂ ਦੇ ਕੇ ਦਰੀਆਂ ਝਾੜ ਵਿਛਾਉਂਦੇ, ਗ੍ਰੰਥੀ ਜੋਧ ਸਿੰਘ ਜੀ ਦਾ ਪ੍ਰਸ਼ਾਦਾ ਤਿਆਰ ਕਰ ਕੇ ਤੇ ਉਨ੍ਹਾਂ ਨੂੰ ਛਕਾ ਕੇ ਫੇਰ ਆਪ ਛਕਦੇ। ਉਸ ਤੋਂ ਮਗਰੋਂ ਸਾਰਾ ਦਿਨ ਗੁਰਮੁਖੀ ਵਿੱਦਿਆ ਪੜ੍ਹਨ ਵਿੱਚ ਬਿਤਾਉਂਦੇ। ਰਾਤ ਨੂੰ ਭਾਈ ਜੋਧ ਸਿੰਘ ਜੀ ਦੀ ਟਹਿਲ ਸੇਵਾ ਕਰ ਕੇ ਨੌਂ ਵਜੇ ਬਿਰਾਜ ਜਾਂਦੇ ਅਤੇ ਅੰਮ੍ਰਿਤ ਵੇਲੇ ਦੋ ਵਜੇ ਹੀ ਜਾਗ ਪੈਂਦੇ। ਇਸ਼ਨਾਨ ਕਰ ਕੇ ਸ਼ਬਦ ਦਾ ਅਭਿਆਸ ਕਰਦੇ, ਫੇਰ ਨਿੱਤਨੇਮ ਕਰਨ ਦੇ ਮਗਰੋਂ ਪਰੇਡ ਵਿੱਚ ਜਾ ਹਾਜ਼ਰ ਹੁੰਦੇ।

ਫੌਜ ਦੀ ਕਵਾਇਦ ਪਰੇਡ ਵਿੱਚ ਵੀ ਸੰਤ ਜੀ ਮਹਾਰਾਜ ਬੜੇ ਸਾਵਧਾਨ ਰਹਿੰਦੇ ਅਤੇ ਖਾਸ ਕਰ ਚਾਂਦਮਾਰੀ ਵਿੱਚ ਸੰਤ ਜੀ ਦੀ ਗੋਲ਼ੀ ਸਦਾ ਹੀ ਗੁਲਜਰੀ ਵਿੱਚ ਲੱਗਦੀ।

ਏਸ ਸਮੇਂ ਹੀ ਪਲਟਨ ਦੇ ਸਾਰੇ ਪ੍ਰੇਮੀ ਸੰਤ ਜੀ ਮਹਾਰਾਜ ਨੂੰ 'ਸਾਧ' ਕਰ ਕੇ ਪੁਕਾਰਣ ਲੱਗ ਪਏ। ਫਰਵਰੀ ੧੯੬੬ (ਸੰਮਤ ੧੯੪੫) ਵਿੱਚ ੫੪ ਪਲਟਨ ਦੀ ਬਦਲੀ ਕੋਹਾਟ ਤੋਂ ਡੇਰਾ ਗਾਜ਼ੀ ਖਾਂ ਹੋ ਗਈ। ਫੌਜ ਤਾਂ ਕੋਹਾਟ ਬਨੂੰ ਦੀ ਸੜਕ ਪੈ ਕੇ ਪੜਾਅ-ਪੜਾਅ ਸਫ਼ਰ ਕਰਦੀ ਦੋ ਕੁ ਮਹੀਨਿਆਂ ਵਿੱਚ ਡੇਰਾ ਗਾਜ਼ੀ ਖਾਂ ਪੁੱਜੀ। ਪਲਟਨ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗ੍ਰੰਥੀ ਸਾਹਿਬ ਤੇ ਸੱਠ ਕੁ ਜਨਾਨਾ ਸਵਾਰੀਆਂ ਤੇ ਬਾਲ ਬੱਚੇ ਫੌਜੀ ਪਹਿਰੇ ਵਿੱਚ ਖੁਸ਼ਾਲ ਗੜ੍ਹ ਤੋਂ ਗਾਜ਼ੀ ਘਾਟ ਵੱਲ ਕਿਸ਼ਤੀਆਂ ਵਿੱਚ ਟੁਰ ਪਏ। ਸੰਤ ਜੀ, ਭਾਈ ਜੋਧ ਸਿੰਘ ਜੀ ਗ੍ਰੰਥੀ ਦੀ ਅਰਦਲ ਵਿੱਚ ਸਨ। ੧੭ ਦਿਨਾਂ ਵਿੱਚ ਇਹ ਸਫ਼ਰ ਪੂਰਾ ਹੋਇਆ। ਏਸ ਸਮੇਂ ਸੰਤ ਜੀ ਨੇ ਬਾਬਾ ਜੋਧ ਸਿੰਘ ਜੀ ਦੀ ਅਤੁੱਟ ਸੇਵਾ ਕੀਤੀ। ਜਦੋਂ ਪੜਾਅ ਕਰਨ ਦੇ ਸਮੇਂ ਬੇੜੀਆਂ ਦਰਿਆ ਦੇ ਕੰਢੇ ਰੁੱਖਾਂ ਜਾਂ ਕਿੱਲਿਆਂ ਨਾਲ ਬੰਨ੍ਹ ਕੇ ਖੜੀਆਂ ਕਰਦੇ, ਤਦ ਸੰਤ ਜੀ ਬਾਬਾ ਜੀ ਲਈ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਉਂਦੇ। ਫਿਰ ਆਪ ਛਕ ਕੇ ਅਤੇ ਲੰਗਰ ਦੇ ਭਾਂਡੇ ਮਾਂਜ ਕੇ ਬਾਬਾ ਜੀ ਦੀ ਟਹਿਲ ਸੇਵਾ ਕਰ, ਦਰਿਆ ਦੇ ਕੰਢੇ ਬੈਠ ਜਾਂਦੇ ਅਤੇ ਸਾਰੀ-ਸਾਰੀ ਰਾਤ ਭਜਨ ਕਰਦੇ ਰਹਿੰਦੇ। ਅੰਮ੍ਰਿਤ ਵੇਲੇ ਬੇੜੀਆਂ ਦੇ ਟੁਰਨ ਤੋਂ ਪਹਿਲਾਂ ਹੀ ਬਾਬਾ ਜੀ ਨੂੰ ਜਲ-ਪਾਣੀ ਛਕਾ ਦਿੰਦੇ ਅਤੇ ਪ੍ਰਸ਼ਾਦਾ ਸਜਾ ਕੇ ਨਾਲ ਰੱਖ ਲੈਂਦੇ। ਜਦ ਪ੍ਰਸ਼ਾਦ ਦਾ ਵਕਤ ਹੁੰਦਾ ਬਾਬਾ ਜੀ ਨੂੰ ਛਕਾ ਕੇ ਆਪ ਛਕਦੇ। ਫਿਰ ਥੋੜ੍ਹਾ ਬਿਰਾਜ ਕੇ ਸ਼ਾਮ ਤੀਕਰ ਨਾਮ ਸਿਮਰਨ ਵਿੱਚ ਲੱਗੇ ਰਹਿੰਦੇ।

ਸ਼ਬਦ ਅਭਿਆਸ

ਇਸ ਤਰ੍ਹਾਂ ਦੀਨ-ਦੁਨੀਆਂ ਦੀ ਕਾਰ ਕਰਦਿਆਂ ਹੋਇਆਂ ਇੱਕ ਦਿਨ ਭਾਈ ਜੋਧ ਸਿੰਘ ਜੀ ਨੂੰ, ਜੋ ਕਿ ਹਰ ਰੋਜ਼ ਧਿਆਨ ਵਿੱਚ ਕਈ-ਕਈ ਘੰਟੇ ਅਡੋਲ ਮਗਨ ਬੈਠੇ ਰਹਿੰਦੇ ਅਤੇ ਚਿਹਰੇ 'ਤੇ ਇੱਕ ਖਾਸ ਖਿੜਾਉ ਹੁੰਦਾ, ਸੰਤ ਜੀ ਨੇ ਪੁੱਛਿਆ, "ਬਾਬਾ ਜੀ! ਆਪ ਏਨਾ ਚਿਰ ਕਿੱਥੇ ਜਾਂਦੇ ਹੋ?" ਭਾਈ ਜੋਧ ਸਿੰਘ ਜੀ ਨੇ ਉੱਤਰ ਦਿੱਤਾ ਕਿ ਅਸੀਂ ਆਪਣੇ ਦੇਸ਼ ਜਾਂਦੇ ਹਾਂ।

ਰਾਗੁ ਗਉੜੀ ਰਵਿਦਾਸ ਜੀ ॥
ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥ (੩੪੫)

ਫੇਰ ਸੰਤ ਜੀ ਨੇ ਬਾਬਾ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ, ਦਾਸ 'ਤੇ ਵੀ ਕਿਰਪਾ ਕਰੋ ਅਤੇ ਦੇਸ਼ (ਨਿਰਾਕਾਰ ਦਾ ਦੇਸ਼) ਜਾਣ ਦੀ ਪੂਰੀ-ਪੂਰੀ ਜੁਗਤ ਦੱਸੋ। ਬਾਬਾ ਜੀ ਨੇ, ਜੋ ਸੰਤ ਜੀ ਦੀ ਸੇਵਾ ਤੋਂ ਬੜੇ ਪ੍ਰਸੰਨ ਸਨ ਅਤੇ ਇਸ ਸਮੇਂ ਦੀ ਉਡੀਕ ਵਿੱਚ ਸਨ, ਬੜੇ ਪ੍ਰੇਮ ਨਾਲ ਖੋਲ੍ਹ ਕੇ ਸਮਝਾਇਆ ਕਿ ਸ਼ਬਦ (ਗੁਰਮੰਤਰ) ਦੇ ਆਸਰੇ ਹੀ ਪਉੜੀ-ਪਉੜੀ ਸੁਰਤਿ ਸ਼ਬਦ ਵਿੱਚ ਲਿਵਲੀਨ ਕਰੀ ਦੀ ਹੈ। ਫੇਰ ਜਗਿਆਸੂ ਨੂੰ ਦੇਹ ਭੁੱਲ ਜਾਂਦੀ ਹੈ ਅਤੇ ਏਸ ਤੋਂ ਪਰੇ ਹੋ ਕੇ ਸਾਖੀ ਦੇ ਸਰੂਪ ਵਿੱਚ ਮਗਨ ਹੋ ਜਾਂਦਾ ਹੈ। ਅਭਿਆਸ ਕਰਦਿਆਂ ਧਿਆਨ ਸਦਾ ਗੁਰਮੰਤਰ ਦੇ ਸਰੂਪ ਜਾਂ ਸਤਿਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਰੱਖੀ ਦਾ ਹੈ। ਫੇਰ ਬਾਬਾ ਜੀ ਨੇ ਸੰਤ ਜੀ ਨੂੰ ਚਾਰ ਪਉੜੀਆਂ ਅਭਿਆਸ ਦੀਆਂ ਖੋਲ੍ਹ ਕੇ ਸਮਝਾਈਆਂ:-

1. ਬੈਖਰੀ - ਰਸਨਾ ਦੁਆਰਾ
2. ਮਧਮ - ਜੀਭ ਦੀ ਟੀਸੀ ਹਿੱਲੇ, ਹੋਰ ਮੂੰਹ ਨਾ ਹਿੱਲੇ
3. ਬਸੰਤੀ - ਸਵਾਸ ਦੁਆਰਾ
4. ਫੇਰ ਪਰਾ ਵਿੱਚ, ਅਭਿਆਸ ਕਰਦਿਆਂ-ਕਰਦਿਆਂ, ਸੁਤੇ-ਸਿੱਧ ਹੀ, ਸੁਰਤਿ ਸ਼ਬਦ ਵਿੱਚ ਲੀਨ ਹੋ ਜਾਂਦੀ ਹੈ। ਹਜ਼ੂਰੀ ਦੀ ਸਦਾ ਲੋੜ ਰਹਿੰਦੀ ਹੈ। ਸਿੱਖ ਹਰ ਸਮੇਂ ਸਤਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝ ਕੇ ਅਭਿਆਸ ਕਰੇ ਅਤੇ ਜਦ ਚਿੱਤ ਡੋਲੇ, ਬੇਨਤੀ ਕਰੇ, ਸਤਿਗੁਰੂ! ਮਾੜਾ ਹਾਂ, ਚੰਗਾ ਹਾਂ, ਤੇਰਾ ਹਾਂ-

ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ (੫੪੭)

ਮਾਘ ੧੯੪੪ ਬਿਕ੍ਰਮੀ ਵਿੱਚ ਸੰਤ ਜੀ ਦੇ ਪਿਤਾ ਦਾ ਦੇਹਾਂਤ ਹੋ ਗਿਆ। ਮਾਤਾ ਜੀ ਦੀ ਚਿੱਠੀ ਆਈ। ਜਵਾਬ ਦਿੱਤਾ ਕਿ ਅਸੀਂ ਘਰ ਆਵਾਂਗੇ। ਸੰਮਤ ੧੯੪੪ ਬਿਕ੍ਰਮੀ (੭ ਜਨਵਰੀ ਸੰਨ ੧੯੮੭ ਈਸਵੀ) ਵਿੱਚ ਪਲਟਨ ਵਿੱਚ ਰੀਜ਼ਰਵ ਹੋਣ ਦਾ ਹੁਕਮ ਆਇਆ। ਸੰਤ ਜੀ ਨੇ, ਜੋ ਉਸ ਵੇਲੇ ਪੂਰੇ ਛੇ ਫੁੱਟ ਉੱਚੇ, ਰੰਗ ਗੋਰਾ, ਸੁਡੋਲ ਸਰੀਰ ਤੇ ਮੁੱਛ ਫੁਟ ਹੀ ਸੀ, ਰੀਜ਼ਰਵ (Reserve) ਕਰਵਾ ਲਈ; ਪਰ ਘਰ ਨਾ ਆਏ। ਹੁਣ ਤਾਂ ਸੱਚੇ ਘਰ ਦੀ ਤਾਂਘ ਲੱਗ ਚੁੱਕੀ ਸੀ, ਇਸ ਦੀ ਖੋਜ ਲਈ ਸਿੱਧੇ ਹਜ਼ੂਰ ਸਾਹਿਬ ਦੇ ਰਾਹ ਪੈ ਗਏ।

ਕਾਂਡ ੩

ਸੂਹੀ ਮਹਲਾ ੫ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥ (੭੯੩)

ਹਜ਼ੂਰ ਸਾਹਿਬ ਦੀ ਯਾਤਰਾ ਅਤੇ ਅਤੁੱਟ ਨਾਮ ਬਾਣੀ ਸਿਮਰਨ

ਭਾਈ ਜੋਧ ਸਿੰਘ ਜੀ ਦਾ ਬੇਗਮਪੁਰੇ ਦੀ ਸੈਰ ਦਾ ਦਰਸ਼ਨ ਅਤੇ ਬਚਨ ਬਿਲਾਸ, ਸੰਤ ਜੀ ਦੇ ਚਿੱਤ ਸੱਚੇ ਦੇਸ਼ ਦੀ ਤਾਂਘ ਤਾਂ ਅੱਗੇ ਹੀ ਪੈਦਾ ਕਰ ਚੁੱਕੇ ਸਨ, ਹੁਣ ਪਿਤਾ ਜੀ ਦੇ ਚਲਾਣੇ ਦੀ ਖ਼ਬਰ ਨੇ ਮਨ 'ਤੇ ਹੋਰ ਸੱਟ ਮਾਰੀ ਕਿ ਦੁਨੀਆਂ ਤਾਂ ਚਲਦੀ ਸਰਾਂ ਹੈ, ਸਰੀਰ ਦਾ ਕੀ ਭਰੋਸਾ ਹੈ, ਪਤਾ ਨਹੀਂ ਕਿਸ ਵੇਲੇ ਜਵਾਬ ਦੇ ਜਾਵੇ। ਕੁਦਰਤੀ ਇਨ੍ਹਾਂ ਦਿਨਾਂ ਵਿੱਚ ਰੀਜ਼ਰਵ ਤਾਂ ਆਪ ਨੇ ਕਰਵਾ ਹੀ ਲਈ ਸੀ, ਸੋ ਕਿਸੇ ਨੂੰ ਦੱਸਣ ਤੋਂ ਬਗੈਰ ਡੇਰਾ ਗਾਜ਼ੀ ਖਾਂ ਤੋਂ ਸਿੱਧਾ ਹਜ਼ੂਰ ਸਾਹਿਬ ਦਾ ਰਾਹ ਲਿਆ। ਚਿੱਤ ਬੜਾ ਉਪਰਾਮ ਸੀ ਅਤੇ ਪੂਰਨ ਵੈਰਾਗ ਦੀ ਦਸ਼ਾ ਵਿੱਚ ਸੀ। ਮਨ ਵਿੱਚ ਠਾਣ ਲਿਆ ਕਿ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪੈਦਲ ਹੀ ਜਾਣਾ ਹੈ।

ਬੱਸ ਹੁਣ ਕੀ ਸੀ! ਮੁੱਖ ਤੋਂ ਇੱਕ ਰਸ ਸਿਮਰਣ ਦੀ ਤਾਰ ਬੱਝ ਗਈ ਅਤੇ ਹਿਰਦੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤਸਵੀਰ ਨੇ ਨਿਵਾਸ ਕਰ ਲਿਆ। ਦਿਨ ਰਾਤ ਇਸੇ ਧਿਆਨ ਵਿੱਚ ਮਗਨ ਤੁਰੀ ਜਾਂਦੇ। ਕਿਧਰੇ ਸਰੀਰ ਥੱਕ ਜਾਂਦਾ, ਦੋ-ਚਾਰ ਘੜੀਆਂ ਆਰਾਮ ਵੀ ਕਰ ਲੈਂਦੇ ਅਤੇ ਧਰਮਸ਼ਾਲ ਤੋਂ ਰਸਦ ਲੈ ਕੇ ਪ੍ਰਸ਼ਾਦਾ ਸਜਾ ਲੈਂਦੇ। ਪਰ ਵੈਰਾਗ ਅਤੇ ਪ੍ਰੇਮ ਦਾ ਸਮੁੰਦਰ ਮਨ ਵਿੱਚ ਠਾਠਾਂ ਮਾਰ ਰਿਹਾ ਸੀ, ਕਿਹੜਾ ਵੇਲਾ ਹੋਵੇ ਕਿ ਸਤਿਗੁਰੂ ਪ੍ਰੀਤਮ ਦੀ ਦਰਗਾਹ ਵਿੱਚ ਅਪੜੀਏ ਅਤੇ ਚਰਨ-ਧੂੜ ਵਿੱਚ ਲੇਟ ਕੇ ਸਰੀਰ ਨੂੰ ਪਵਿੱਤਰ ਕਰੀਏ:

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥ (੧੪੨੫)

ਖੱਬਾ ਪੈਰ ਚੁੱਕਦੇ ਤਾਂ 'ਵਾਹਿ' ਆਖਦੇ ਅਤੇ ਸੱਜਾ ਪੈਰ ਚੁੱਕਦੇ ਤਾਂ 'ਗੁਰੂ' ਆਖਦੇ। ਇਸ ਧੁਨ ਵਿੱਚ ਮਸਤ ਸੌ-ਸੌ ਮੀਲ ਨਿਕਲ ਜਾਂਦੇ। (ਸੰਤ ਜੀ ਮਹਾਰਾਜ ਨੇ ਦਾਸ ਨੂੰ ਇਹ ਗੱਲ ਆਪ ਸਮਝਾਈ ਕਿ ਗੁਰੂ ਕਾ ਸਿੱਖ ਇਸ ਤਰ੍ਹਾਂ ਸ਼ਬਦ ਨਾਲ ਕਦਮ ਦੀ ਤਾਰ ਜੋੜ ਲਵੇ, ਰਾਤੋ-ਰਾਤ ਸੌ ਕੋਹ ਨਸਿਆ ਜਾਵੇ, ਨਹੀਂ ਥੱਕੇਗਾ। ਪੁਰਾਤਨ ਸਿੱਖਾਂ ਵਿੱਚ ਇਹ ਸ਼ਬਦ ਦੀ ਤਾਕਤ ਹੀ ਧਾਵਿਆਂ ਅਤੇ ਹੋਰ ਗੁਰ ਸੇਵਾ ਦੇ ਕੰਮਾਂ ਵਿੱਚ ਕੰਮ ਆਉਂਦੀ ਸੀ।)

ਸੰਤ ਅਤਰ ਸਿੰਘ ਜੀ ਮਹਾਰਾਜ

ਅੰਮ੍ਰਿਤ ਵੇਲੇ ਸਤਿਗੁਰੂ ਦਾ ਹੁਕਮ ਯਾਦ ਕਰਕੇ ਫੇਰ ਕਿਸੇ ਨਦੀ ਟੋਭੇ ਦੇ ਕੰਢੇ ਜੰਗਲ ਦਿਸਾਂ ਹੋ ਕੇ ਇਸ਼ਨਾਨ ਕਰਦੇ ਅਤੇ ਰੱਬੀ ਯਾਦ ਵਿੱਚ ਮਸਤ ਹੋ ਬੈਠਦੇ, ਨਿਤਨੇਮ ਦੇ ਮਗਰੋਂ ਫਿਰ ਟੁਰ ਪੈਂਦੇ।

ਇਸ ਤਰ੍ਹਾਂ ਟੁਰਦਿਆਂ-ਟੁਰਦਿਆਂ ਕਈ ਪਹਾੜਾਂ ਵਿੱਚ ਸਾਬਤ ਪੱਥਰ ਦੇ ਘੜੇ ਹੋਏ ਸ਼ਿਵ ਜੀ ਮਹਾਰਾਜ ਦੇ ਗੱਡੇ, ਥੰਮ੍ਹ ਚਿੰਨ੍ਹ ਨਜ਼ਰ ਆਉਂਦੇ, ਤਦ ਸੰਤ ਜੀ ਮਹਾਰਾਜ ਦੇ ਮਨ ਵਿੱਚ ਇਹ ਖਿਆਲ ਆਉਂਦਾ ਕਿ ਐਸਾ ਸਾਧਨ ਕਰੀਏ ਕਿ ਮਨ ਨੂੰ ਅਹਿੱਲ ਲਈਏ:

ਪਉੜੀ ॥

ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥
ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥
ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥
ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥੮॥ (੩੨੦)

ਇਸ ਤਰ੍ਹਾਂ ਪ੍ਰੇਮ, ਵੈਰਾਗ ਅਤੇ ਵਿਚਾਰ ਵਿੱਚ ਮੰਜ਼ਲਾਂ ਤੈਹ ਕਰਦਿਆਂ-ਕਰਦਿਆਂ ਪਿਆਰੇ ਦੇ ਦਰਸ਼ਨ ਦਾ ਵਕਤ ਨੇੜੇ ਆ ਗਿਆ।

ਉਂਝ ਤਾਂ ਸੰਤ ਜੀ ਦਾ ਸਾਰਾ ਸਫ਼ਰ ਸਤਿਗੁਰੂ ਕਲਗੀਆਂ ਵਾਲੇ ਜੀ ਦੀ ਹਾਜ਼ਰੀ ਵਿੱਚ ਹੀ ਸੀ, ਪਰ ਜਦ ਇੱਕ ਦਿਨ ਪਿੱਛਲੇ ਪਹਿਰ ਦੂਰੋਂ ਨੰਦੇੜ ਸ਼ਹਿਰ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਹਰਿਮੰਦਰ ਦਾ ਸੁਨਹਿਰੀ ਕਲਸ ਨਜ਼ਰ ਆਇਆ ਤਾਂ ਮਨ ਪ੍ਰੇਮ ਦੀ ਇੱਕ ਬਿਸਮਾਦ ਰੰਗਣ ਵਿੱਚ ਰੰਗਿਆ ਗਿਆ। ਆਹਾ! ਹੁਣ ਉਸ ਭਾਗਾਂ ਵਾਲੀ ਧਰਤੀ ਦੇ ਦਰਸ਼ਨ ਹੋਣਗੇ, ਜਿੱਥੇ ਮੇਰੇ ਚੋਜੀ ਪਿਤਾ ਨੇ ਮੀਰੀ ਅਤੇ ਪੀਰੀ ਦੇ ਕਈ ਕੌਤਕ ਵਰਤਾਏ, ਖ਼ਾਲਸਾ ਜੀ ਨੂੰ ਕਾਮਲ ਫ਼ਕੀਰੀ ਦਾ ਨਕਸ਼ਾ ਖਿੱਚ ਕੇ ਵਿਖਾਇਆ। ਭਾਈ ਮਾਧੋ ਦਾਸ ਨੂੰ ਉਸ ਦਾ ਮਾਨ ਤੋੜ ਕੇ ਇੱਕ ਨਿਗਾਹ ਨਾਲ ਨਿਵਾਜ਼ਿਆ ਅਤੇ ਬੰਦਾ ਬਹਾਦਰ ਬਣਾ ਕੇ ਆਪਣੀ ਖਾਸ ਸੇਵਾ ਬਖਸ਼ੀ ਤੇ ਆਪਣੇ ਕਲੇਜੇ ਵਿੱਚ ਖੰਜਰ ਮਰਵਾ ਕੇ ਖ਼ਾਲਸੇ ਨੂੰ ਅੰਤਮ ਬਲੀਦਾਨ ਦਾ ਸਬਕ ਸਿਖਾਇਆ।

ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥ (ਪਾ ਃ ੧੦)

ਸਦਕੇ! ਬਲਿਹਾਰੀ!! ਏਸ ਧਰਤੀ ਤੋਂ, ਜਿਸ ਦੇ ਕਿਣਕੇ-ਕਿਣਕੇ ਵਿੱਚੋਂ 'ਧੰਨ ਗੁਰੂ ਗੋਬਿੰਦ ਸਿੰਘ ਜੀ! ਧੰਨ ਗੁਰੂ ਗੋਬਿੰਦ ਸਿੰਘ ਜੀ!!' ਦੀ ਅਰਸ਼ੀ ਗੂੰਜ ਆ ਰਹੀ ਹੈ। ਹੁਣ ਜ਼ਰੂਰ ਮਨ ਦੀਆਂ ਇੱਛਾਂ ਪੂਰੀਆਂ ਹੋਣਗੀਆਂ ਅਤੇ ਸੱਚੇ ਪਿਤਾ ਦੇ ਚਰਨਾਂ ਦੀ ਖੈਰਾਇਤ ਅਪਣੇ ਅਸਲੀ ਦੇਸ਼ ਦੇ ਦਰਸ਼ਨ ਹੋ ਜਾਣਗੇ।

ਏਸ ਪ੍ਰੇਮ ਦੇ ਹੁਲਾਰੇ ਵਿੱਚ ਸੰਤ-ਸਿਪਾਹੀ ਦਰਬਾਰ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਪਹੁੰਚਿਆ, ਚਰਨ-ਗੰਗਾ ਤੋਂ ਚਰਨ ਧੋ ਕੇ ਸਿੱਧਾ ਹਜ਼ੂਰੀ ਵਿੱਚ ਆਇਆ ਅਤੇ ਬਿਸਮਾਦ ਦਸ਼ਾ ਵਿੱਚ ਡੰਡਓਤ ਕੀਤੀ। ਬਸ ਡੰਡਓਤ ਕੀ ਸੀ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ (੯੧੮)

ਦਾ ਇੱਕ ਜੀਊਂਦਾ ਜਾਗਦਾ ਨਕਸ਼ਾ ਸੀ। ਚਰਨ ਧੂੜ ਦੀ ਛੋਹ ਅਤੇ ਅਰਸ਼ੀ ਖਿੱਚ ਰੋਮ-ਰੋਮ ਵਿੱਚ ਘਰ ਕਰ ਗਈ। ਹਿਰਦੇ ਵਿੱਚ ਇੱਕ ਰਸ-ਭਰੇ ਪ੍ਰੇਮ ਦੀ ਐਸੀ ਲਹਿਰ ਉੱਠੀ ਕਿ ਇਸੇ ਅਨੰਦ ਵਿੱਚ ਪਏ

ਰਹੀਏ ਤੇ ਸਰੀਰ ਖ਼ਾਲਸਾ ਜੀ ਦੀ ਚਰਨ ਧੂੜ ਵਿੱਚ ਲੈ ਹੋ ਜਾਵੇ, ਪਰ ਹੁਕਮ ਮੰਨਣ ਅਤੇ ਸਤਿਗੁਰੂ ਦੀ ਮਰਯਾਦਾ ਦੀ ਰੌਂ ਸੰਤ-ਸਿਪਾਹੀ ਦੇ ਹਿਰਦੇ ਵਿੱਚ ਚੱਲ ਪਈ। ਆਪਣੇ ਆਪ ਨੂੰ ਸੰਭਾਲਿਆ ਅਤੇ ਉੱਠ ਕੇ ਸਾਧ ਸੰਗਤ ਦਾ ਦਰਸ਼ਨ ਕੀਤਾ।

ਸਾਹਮਣੇ ਪੁਜਾਰੀ ਸਿੰਘ ਸ਼ਸਤਰ-ਬਸਤਰ ਸਜਾਏ ਹਜ਼ੂਰੀ ਵਿੱਚ ਖੜੇ ਸਨ। ਦਰਸ਼ਨੀ ਦਰਬਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੰਜ ਬੀੜਾਂ (ਤਿੰਨ ਆਦਿ, ਦੋ ਦਸਮ) ਪ੍ਰਕਾਸ਼ ਸਨ। ਸੱਜੇ ਪਾਸੇ ਰਾਗੀ ਸਿੰਘ ਕੀਰਤਨ ਕਰ ਰਹੇ ਸਨ ਅਤੇ ਖੱਬੇ ਪਾਸੇ ਕੁਝ ਨਿਹੰਗ ਸਿੰਘ ਅਤੇ ਦੱਖਣੀ ਸਿੰਘ ਸ਼ਸਤਰ-ਬਸਤਰ ਸਜਾਈ ਬੈਠੇ ਸਨ। ਪ੍ਰਕਰਮਾ ਵਿੱਚ ਗੁਰੂ ਦੀਆਂ ਸੰਗਤਾਂ ਇੱਕ ਪਾਸੇ ਮਾਈ ਅਤੇ ਇੱਕ ਪਾਸੇ ਭਾਈ ਦਰਸ਼ਨ ਦੇ ਰਹੇ ਸਨ। ਐਨ ਸਾਹਮਣੇ ਪ੍ਰਕਾਸ਼ ਅਸਥਾਨ ਦੀ ਡਾਟ ਦੇ ਉੱਤੇ ਦਸਮੇਸ਼ ਪਿਤਾ ਜੀ ਦੀ, ਮੁਸੱਵਰ ਦੀ ਬਣਾਈ ਹੋਈ ਇੱਕ ਤਸਵੀਰ ਲੱਗੀ ਹੋਈ ਸੀ, ਮਾਨੋ ਕਿ ਹੂ-ਬ-ਹੂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਰਸ਼ਨ ਦੇ ਰਹੇ ਹਨ। ਜਦ ਸੰਤ ਸਿਪਾਹੀ ਦੀ ਇਸ ਵੱਲ ਨਜ਼ਰ ਪਈ, ਅੰਮ੍ਰਿਤ ਭਰੇ ਮ੍ਰਿਗ-ਨੈਨ, ਅਰਸ਼ੀ ਸੁੰਦਰ ਚਿਹਰਾ, ਸੋਹਣਾ ਨੱਕ, ਨੂਰਾਨੀ ਦਾਹੜਾ, ਪ੍ਰਕਾਸ਼ਕ ਕਲਗੀ, ਸਜੀਲਾ ਦੁਮਾਲਾ, ਫੁਰਤੀਲਾ ਸੁਡੌਲ ਸਰੀਰ, ਸ਼ੀਹ ਵੱਤ ਪਤਲੀ ਕਮਰ, ਬੀਰ ਆਸਨ, ਬਾਂਕੀ ਕਮਾਨ ਅਤੇ ਸ਼ਸਤਰ-ਬਸਤਰ ਦੀ ਤੇਜ ਭਰੀ ਸਜਾਵਟ ਹਿਰਦੇ ਨੂੰ ਵੇਧ ਗਈ। ਘੁਟ-ਘੁਟ ਕੇ ਨੈਨਾਂ ਵਿੱਚ ਪਿਆਰੇ ਦੇ ਦਰਸ਼ਨ ਦਾ ਪ੍ਰੇਮ-ਰਸ ਲਿਆ। ਫੇਰ ਇੱਕ ਪਾਸੇ ਗੁਠ ਵਿੱਚ ਬੈਠ ਕੇ ਕੀਰਤਨ ਦੇ ਅਨੰਦ ਵਿੱਚ ਮਗਨ ਹੋ ਗਿਆ। ਹੁਣ ਰਹਰਾਸਿ ਸਾਹਿਬ ਦਾ ਵਕਤ ਹੋ ਗਿਆ। ਕੀਰਤਨੀਆਂ ਨੇ ਆਸਾ ਰਾਗ ਦਾ ਇੱਕ ਸ਼ਬਦ ਪੜ੍ਹ ਕੇ:

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ (੪੫੧)

ਭੋਗ ਦਾ ਸ਼ਬਦ ਪੜ੍ਹਿਆ ਅਤੇ ਸੋ ਦਰੁ ਦੀ ਗੂੰਜ ਉਠਾਈ। ਸੋ ਦਰੁ ਦੇ ਸ਼ੁਰੂ ਹੁੰਦਿਆਂ ਹੀ ਰਹਿਰਾਸੀਆ ਸਿੰਘ ਸ਼ਸਤਰ ਸਜਾਈ ਹਜ਼ੂਰੀ ਵਿੱਚ ਆ ਹਾਜ਼ਰ ਹੋਇਆ ਅਤੇ ਸੋ ਦਰੁ ਦੇ ਭੋਗ ਮਗਰੋਂ ਮਧੁਰ ਅਤੇ ਸਪੱਸ਼ਟ ਆਵਾਜ਼ ਵਿੱਚ ਰਹਿਰਾਸ ਸਾਹਿਬ ਦਾ ਪਾਠ ਕਰਨ ਲੱਗ ਪਿਆ:

ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥ (੯)

ਬੜੇ ਅਨੰਦ ਭਰੇ ਟਿਕਾਓ ਵਿੱਚ, ਜਿਸ ਵਿੱਚ ਕੇਵਲ ਖਾਸ-ਖਾਸ ਬਿਸਰਾਮ ਅਸਥਾਨਾਂ ਤੇ ਸਾਰੀ ਸੰਗਤ ਦੀ:

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਦੀ ਪ੍ਰੇਮ ਭਰੀ ਗੂੰਜ ਉੱਠਦੀ ਰਹੀ। ਰਹਿਰਾਸ ਸਾਹਿਬ ਦਾ ਪਾਠ ਹੋਇਆ। ਫੇਰ ਸਾਰੀ ਸੰਗਤ ਸਾਵਧਾਨ ਹੋਈ ਅਤੇ ਰਹਿਰਾਸ ਸਾਹਿਬ ਦਾ ਅਰਦਾਸਾ ਸੋਧਿਆ ਗਿਆ। ਸਾਡਾ ਸੰਤ ਯਾਤਰੂ ਵੀ, ਜੋ ਕਿ ਕੀਰਤਨ ਅਤੇ ਪਾਠ ਦੇ ਅਨੰਦ ਵਿੱਚ ਨਿਮਗਨ ਹੋਇਆ ਬੈਠਾ ਸੀ, ਅਰਦਾਸ ਦੇ ਅਰੰਭ ਹੁੰਦਿਆਂ ਹੀ ਖੜਾ ਹੋ ਗਿਆ ਅਤੇ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਹੁਣ ਆਪਣੇ ਚਰਨਾਂ ਵਿੱਚ ਹੀ ਰੱਖ। ਅਰਦਾਸੇ ਦੇ ਸੰਪੂਰਨ ਹੁੰਦਿਆਂ ਸਾਰੀ ਸੰਗਤ ਨੇ ਨਮਸਕਾਰ ਕੀਤੀ ਅਤੇ:

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਦੀ ਧੁਨੀ ਮਗਰੋਂ ਸੰਗਤ ਨੇ:

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥ (੭੯੩)

ਦੀ ਗੂੰਜ ਉਠਾਈ ਅਤੇ ਸਾਰੇ ਮਾਈ-ਭਾਈ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਸਾਧ ਸੰਗਤ ਦੀ ਚਰਨ ਧੂੜ ਲੈਣ ਲੱਗ ਪਏ।

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ (੭੬੩)

ਵੱਡਾ ਗ੍ਰੰਥੀ ਜਿਸ ਨੇ ਕਿ ਕੀਰਤਨ ਹੁੰਦਿਆਂ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਕਰ ਲਿਆ ਸੀ, ਆਪਣੇ ਸੀਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੈ ਕੇ ਹੌਲੀ-ਹੌਲੀ ਦਰਸ਼ਨੀ ਦਰਬਾਰ ਵਿੱਚੋਂ ਪ੍ਰਕਰਮਾਂ ਵੱਲ ਵਧਿਆ। ਪਿੱਛੇ-ਪਿੱਛੇ ਚੌਰ-ਬਰਦਾਰ ਸਹਿਜੇ-ਸਹਿਜੇ ਚੌਰ ਕਰਦਾ ਟੁਰਿਆ। ਹੁਣ ਮਾਈ-ਭਾਈ ਨੇ ਗ੍ਰੰਥੀ ਸਿੰਘ ਜੀ ਦੇ ਚਰਨਾਂ 'ਤੇ ਸੀਸ ਰੱਖਿਆ ਅਤੇ ਮਹਾਰਾਜ ਨੂੰ, ਜੋ ਗ੍ਰੰਥੀ ਸਿੰਘ ਦੇ ਸੀਸ 'ਤੇ ਸੁਭਾਇਮਾਨ ਸੀ ਮੱਥਾ ਟੇਕਿਆ, ਚਰਨ ਧੂੜ ਲਈ। ਗ੍ਰੰਥੀ ਸਿੰਘ ਸਾਧ ਸੰਗਤ ਦੀ ਭੀੜ ਵਿੱਚ ਟੁਰਿਆ ਗਿਆ। ਸਾਡੇ ਸੰਤ ਯਾਤਰੂ ਦੇ ਚਿੱਤ ਨੇ ਹੁਲਾਰਾ ਖਾਧਾ ਅਤੇ ਉਹ ਵੀ ਗ੍ਰੰਥੀ ਸਿੰਘ ਜੀ ਦੀ ਚਰਨ ਧੂੜ ਲੈਣ ਲਈ ਅੱਗੇ ਵਧਿਆ, ਪਰ ਇੱਕ ਸੇਵਕ ਨੇ ਰੋਕ ਦਿੱਤਾ, "ਅਜੇ ਤੁਹਾਡਾ ਅਰਦਾਸਾ ਨਹੀਂ ਹੋਇਆ, ਤੁਸੀਂ ਅੰਦਰਲੀ ਪ੍ਰਕਰਮਾਂ ਵਿੱਚ ਨਹੀਂ ਜਾ ਸਕਦੇ।" ਸੰਤ ਸਿਪਾਹੀ ਹੁਕਮੀ ਬੰਦਾ ਸੀ, ਉੱਥੇ ਹੀ ਖੜਾ ਹੋ ਗਿਆ ਅਤੇ ਸਾਧ ਸੰਗਤ ਦੇ ਦਰਸ਼ਨ ਦਾ ਇਸ ਥਾਂ ਟਿਕ ਕੇ ਅਨੰਦ ਲੈਣ ਲੱਗ ਪਿਆ। ਗ੍ਰੰਥੀ ਸਿੰਘ ਹੁਣ ਅੰਦਰਲੀ ਚੌਖੰਡੀ (ਸੱਚੇ ਪਾਤਸ਼ਾਹ ਜੀ ਦਾ ਅੰਗੀਠਾ) ਦੇ ਤੀਸਰੇ ਦਰਵਾਜ਼ੇ ਅੱਗੇ ਅੱਪੜਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪੁਜਾਰੀ ਸਿੰਘ (ਜੋ ਚੌਖੰਡੀ ਦੇ ਅੰਦਰ ਸੀ) ਦੇ ਹਵਾਲੇ ਕੀਤੀ। ਇਸੇ ਤਰ੍ਹਾਂ ਸ਼ਬਦ ਪੜ੍ਹਦਿਆਂ ਅਤੇ ਪ੍ਰਕਰਮਾਂ ਕਰਦਿਆਂ ਚੌਖੰਡੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਬਿਰਾਜਮਾਨ ਹੋਈਆਂ ਅਤੇ ਇੱਕ ਬੀੜ ਬਾਹਰ ਦਰਸ਼ਨੀ ਪ੍ਰਕਾਸ਼ ਅਸਥਾਨ ਵਿੱਚ ਸਜੀ ਰਹੀ। ਫੇਰ ਬੜੇ ਪ੍ਰੇਮ ਨਾਲ ਸਾਰੀ ਸੰਗਤ ਆਰਤੀ ਦਾ ਪਾਠ ਕਰਨ ਲੱਗ ਪਈ। ਆਰਤੀ ਦੇ ਮਗਰੋਂ ਚੌਂਕੀ ਟੁਰੀ। ਸਾਡਾ ਸੰਤ ਯਾਤਰੂ ਵੀ ਚੌਂਕੀ ਨਾਲ ਰਲ ਗਿਆ ਅਤੇ ਖਾਸ ਰੰਗ ਵਿੱਚ ਸ਼ਬਦ ਪੜ੍ਹਦਾ ਰਿਹਾ। ਚੌਂਕੀ ਦੀ ਸਮਾਪਤੀ ਮਗਰੋਂ ਸੂੱਖੇ ਅਤੇ ਕੀਰਤਨ ਸੋਹਿਲੇ ਦਾ ਪਾਠ ਹੋ ਕੇ ਪੰਜਵੀਂ ਬੀੜ ਬਿਰਾਜਮਾਨ ਕੀਤੀ ਗਈ ਅਤੇ ਸ਼ਾਮ ਦੇ ਦੀਵਾਨ ਦੀ ਸਮਾਪਤੀ ਹੋਈ। ਹੁਣ ਲੰਗਰ ਦਾ ਆਵਾਜ਼ਾ ਆਇਆ, ਸਭ ਨੇ ਪ੍ਰਸ਼ਾਦਾ ਛਕਿਆ। ਸਾਡਾ ਸੰਤ ਯਾਤਰੂ ਵੀ ਪ੍ਰਸ਼ਾਦਾ ਛਕ ਕੇ ਪ੍ਰਕਰਮਾਂ ਵਿੱਚ ਇੱਕ ਪਾਸੇ ਰਾਤ ਵਾਸਤੇ ਬਿਰਾਜਮਾਨ ਹੋ ਗਿਆ।

ਕਾਂਡ ੪

ਕਾਨੜਾ ਮਹਲਾ ੫ ॥
ਵਾਰਿ ਵਾਰਉ ਅਨਿਕ ਡਾਰਉ ॥
ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥੧॥ਰਹਾਉ॥
ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥ (੧੩੦੬)
ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ (੧੪੬)

ਨਗੀਨਾ ਘਾਟ, ਬੰਦਾ ਘਾਟ ਅਤੇ ਗੌਤਮ ਘਾਟ 'ਤੇ ਸਹਿਜ ਤਪ

ਦੂਸਰੇ ਦਿਨ ਅੰਮ੍ਰਿਤ ਵੇਲੇ ਸੰਤ ਯਾਤਰੂ ਸਵਾ ਪਹਿਰ ਦੇ ਤੜਕੇ ਉੱਠਿਆ ਅਤੇ ਗੋਦਾਵਰੀ ਗੰਗਾ ਵਿੱਚ ਨਗੀਨਾ ਘਾਟ 'ਤੇ ਇਸ਼ਨਾਨ ਕੀਤਾ। ਚੰਦ ਦੀ ਚਾਂਦਨੀ ਸੀ। ਗੋਦਾਵਰੀ ਗੰਗਾ ਘਾਟ ਦੀਆਂ ਪਉੜੀਆਂ ਹੇਠ ਬੜੀ ਅਡੋਲ ਵਗ ਰਹੀ ਸੀ। ਇੱਕ-ਦੋ ਸ਼ਹੀਦ ਸਿੰਘਾਂ ਦੇ ਅੰਗੀਠੇ ਅਤੇ ਚਬੂਤਰੇ ਨਿਰਮਲ ਜਲ ਵਿੱਚ ਸੋਭ ਰਹੇ ਸਨ। ਬੜਾ ਰਸ ਭਰਿਆ ਇਕਾਂਤ ਦਾ ਸਮਾਂ ਸੀ। ਸਾਡਾ ਸੰਤ ਯਾਤਰੂ ਇਸ਼ਨਾਨ ਕਰ ਕੇ ਘਾਟ ਦੇ ਸੱਜੇ ਪਾਸੇ ਇੱਕ ਪੱਥਰ ਦੀ ਕੋਠੜੀ ਉੱਤੇ ਬੈਠ ਕੇ ਸਿਮਰਨ ਕਰਨ ਲੱਗ ਪਿਆ। ਨਿੱਤਨੇਮ ਪੂਰਾ ਕਰਨ ਪਿੱਛੋਂ ਕੀਰਤਨ ਦੀ ਖਿੱਚ ਪਈ। ਸੱਚਖੰਡ ਦਰਬਾਰ ਜਾ ਹਾਜ਼ਰ ਹੋਇਆ ਅਤੇ ਬੜੇ ਪ੍ਰੇਮ ਨਾਲ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਿਆ। ਆਸਾ ਜੀ ਦੀ ਵਾਰ ਦਾ ਭੋਗ ਪੈਂਦਿਆਂ ਹੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਚੌਖੰਡੀ ਦਾ ਦਰਸ਼ਨੀ ਦਰਵਾਜ਼ਾ ਖੁੱਲ੍ਹਿਆ, ਪੁਜਾਰੀ ਸਿੰਘ ਸ਼ਸਤਰ-ਬਸਤਰ ਸਜਾਈ ਬਾਹਰ ਨਿਕਲਿਆ। ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਸੀ, ਅਨੰਦ ਸਾਹਿਬ ਦਾ ਪਾਠ ਹੋ ਕੇ ਮਹਾਰਾਜ ਦਾ ਭੋਗ ਲੱਗਾ। ਫੇਰ ਗ੍ਰੰਥੀ ਸਿੰਘ ਨੇ ਮਹਾਰਾਜ (ਤਿੰਨ ਆਦਿ, ਦੋ ਦਸਮ) ਦਾ ਹੁਕਮ ਵਾਰੀ-ਵਾਰੀ ਸੁਣਾਇਆ ਅਤੇ ਸਾਰੀ ਸੰਗਤ ਵਿੱਚ ਕੜਾਹ ਪ੍ਰਸ਼ਾਦ ਵਰਤਿਆ। ਹੁਣ ਸੇਵਾਦਾਰ ਨੇ ਅਵਾਜ਼ ਦਿੱਤੀ ਕਿ ਸਭ ਨਵੇਂ ਯਾਤਰੂ ਫੁੱਲ ਪਤਾਸੇ ਲੈ ਕੇ ਦਰਸ਼ਨੀ-ਦਰਬਾਰ ਦੇ ਸਾਹਮਣੇ ਪ੍ਰਕਰਮਾ ਵਿੱਚ ਹਾਜ਼ਰ ਹੋ ਜਾਣ।

ਸਾਡਾ ਸੰਤ ਸਿਪਾਹੀ ਅਤੇ ਹੋਰ ਯਾਤਰੂ ਬੜੇ ਅਦਬ ਨਾਲ ਹੱਥ ਜੋੜ ਕੇ ਬਾਹਰਲੀ ਪ੍ਰਕਰਮਾ ਵਿੱਚ ਖੜ੍ਹੇ ਹੋ ਗਏ। ਪੁਜਾਰੀ ਸਿੰਘ ਨੇ, ਜੋ ਹਜ਼ੂਰੀ ਵਿੱਚ ਖੜ੍ਹਾ ਸੀ, ਸਭ ਨੂੰ ਪੁੱਛਿਆ ਕਿ ਚਾਰ ਕੁਰਹਿਤਾਂ ਵਿੱਚੋਂ ਕੋਈ ਭੁੱਲ ਤਾਂ ਨਹੀਂ ਕੀਤੀ? ਸਾਡੇ ਸੰਤ ਯਾਤਰੂ ਨੇ ਬੜੀ ਨਿਮਰਤਾ ਭਰੀ ਗਰੀਬੀ ਵਿੱਚ ਜਵਾਬ ਦਿੱਤਾ, "ਸਰੀਰ ਤਾਂ ਹਰ ਵਕਤ ਭੁੱਲਣਹਾਰ ਹੈ, ਪਰ ਸਤਿਗੁਰੂ ਦੀ ਕ੍ਰਿਪਾ ਨਾਲ ਕੋਈ ਕੁਰਹਿਤ ਨਹੀਂ ਹੋਈ। ਸਤਿਗੁਰੂ ਆਪੇ ਹੱਥ ਦੇ ਕੇ ਬਚਾਈ ਆਉਂਦੇ ਹਨ।" ਪੁਜਾਰੀ ਸਿੰਘ ਨੇ ਅਰਦਾਸਾ ਸੋਧ ਦਿੱਤਾ ਅਤੇ ਸੰਤ ਸਿਪਾਹੀ ਨੂੰ ਪ੍ਰਕਰਮਾਂ ਕਰਨ ਦੀ ਆਗਿਆ ਹੋਈ। ਸੰਤ ਯਾਤਰੂ ਬੜੇ ਪ੍ਰੇਮ ਭਰੇ ਅਦਬ ਵਿੱਚ ਅੱਗੇ ਵਧਿਆ ਅਤੇ ਸੱਚੇ ਪਾਤਸ਼ਾਹ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਚਾਰ ਪ੍ਰਕਰਮਾਂ ਲਈਆਂ। ਕਦਮ-ਕਦਮ 'ਤੇ

ਚਿੱਤ ਵਿੱਚ ਅਰਦਾਸ ਸੀ ਕਿ ਹੇ ਦੁਸ਼ਟ ਦਮਨ ਸਤਿਗੁਰੂ! ਹੁਣ ਆਪਣੇ ਜੋਗਾ ਹੀ ਰੱਖੀਂ।

ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ (੫੪੭)

ਹੋਰ ਯਾਤਰੀ ਜੋ ਕੁਰਹਿਤ ਤੋਂ ਖਾਲੀ ਸਨ, ਉਹਨਾਂ ਨੂੰ ਵੀ ਪ੍ਰਕਰਮਾਂ ਕਰਨ ਦੀ ਆਗਿਆ ਮਿਲੀ ਅਤੇ ਜਿਨ੍ਹਾਂ ਕੋਲੋਂ ਕੋਈ ਕੁਰਹਿਤ ਹੋ ਗਈ ਸੀ, ਉਨ੍ਹਾਂ ਨੂੰ ੨੫ ਦਮੜੇ ਤਨਖਾਹ ਲੱਗੀ ਅਤੇ ਅੰਮ੍ਰਿਤ ਛਕਣ ਦਾ ਹੁਕਮ ਹੋਇਆ।

ਪੁਜਾਰੀ ਸਿੰਘ (ਜਿਸ ਦਾ ਨਾਮ ਭਾਈ ਨਾਨੂ ਸਿੰਘ ਸੀ) ਦੇ ਹਿਰਦੇ ਵਿੱਚ ਸੰਤ ਸਿਪਾਹੀ ਦਾ ਪ੍ਰੇਮ ਅਦਬ ਅਤੇ ਨਿਮਰਤਾ ਦੇਖ ਕੇ ਇੱਕ ਖਾਸ ਖਿੱਚ ਪੈਦਾ ਹੋ ਗਈ। ਅੰਮ੍ਰਿਤ ਵੇਲੇ ਦਾ ਭੋਗ ਪੈਂਦੇ ਹੀ ਇਨ੍ਹਾਂ ਨੂੰ ਆਪਣੇ ਬੁੰਗੇ ਵਿੱਚ ਲੈ ਗਿਆ ਅਤੇ ਉੱਥੇ ਉੱਪਰਲੀ ਛੱਤ ਉੱਤੇ ਇੱਕ ਕੁਟੀਆ ਵਿੱਚ ਆਸਨ ਕਰਵਾਇਆ। ਪੁਜਾਰੀ ਬੁੰਗਾ ਦਰਬਾਰ ਅਬਚਲ ਨਗਰ ਤੋਂ ਚਾਰ-ਪੰਜ ਸੋ ਕਦਮ 'ਤੇ ਗੋਦਾਵਰੀ ਗੰਗਾ ਦੇ ਕੰਢੇ ਉੱਪਰ ਹੈ। ਦਰਬਾਰ ਸਾਹਿਬ ਤੋਂ ਘਾਟ ਵੱਲ ਜਾਂਦਿਆਂ ਗੁਰਦੁਆਰਾ ਨਗੀਨਾ ਘਾਟ ਸੱਜੇ ਹੱਥ ਅਤੇ ਪੁਜਾਰੀ ਬੁੰਗਾ ਖੱਬੇ ਹੱਥ ਵੱਲ ਹੈ। ਨਗੀਨਾ ਘਾਟ 'ਤੇ ਗੁਰੂ ਕਲਗੀਧਰ ਜੀ ਮਹਾਰਾਜ ਨੇ ਕਾਮਲ ਫ਼ਕੀਰੀ ਦਾ ਰੰਗ ਮਾਣਿਆ।

ਨਾਨਕ ਕਲਿ ਵਿਚ ਆਇਆ ਰਬੁ ਫਕੀਰੁ ਇਕੋ ਪਹਿਚਾਨਾ ॥ (ਭਾਈ ਗੁਰਦਾਸ)

ਇੱਕ ਵਾਰੀ ਜਦੋਂ ਸੱਚੇ ਪਾਤਸ਼ਾਹ ਜਾਗਤ ਜੋਤ ਦੇ ਇਲਾਹੀ ਰੰਗ ਵਿੱਚ ਮਸਤ ਸਨ, ਲੱਖੀ ਵਣਜਾਰਾ ਇੱਕ ਅਮੋਲਕ ਨਗੀਨਾ ਮਹਾਰਾਜ ਦੀ ਭੇਟਾ ਲਿਆਇਆ। ਬੜੇ ਅਦਬ ਨਾਲ ਚਰਨ ਕੰਵਲਾਂ 'ਤੇ ਸੀਸ ਰੱਖਿਆ, ਚਰਨ ਧੂੜ ਮਸਤਕ ਲਾਈ ਅਤੇ ਭੇਟਾ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰੱਖੀ। ਜਦ ਗੁਰੂ ਮਹਾਰਾਜ ਨੇ ਨਿਗਾਹ ਖੋਲ੍ਹੀ, ਨਗੀਨੇ ਨੂੰ ਗੀਟੇ ਵਾਂਗੂੰ ਫੜ ਕੇ ਗੋਦਾਵਰੀ ਗੰਗਾ ਵਿੱਚ ਸੁੱਟ ਦਿੱਤਾ। ਲੱਖੀ ਬੜਾ ਨਿਰਾਸ ਹੋਇਆ ਅਤੇ ਹੱਥ ਜੋੜ ਕੇ ਮਹਾਰਾਜ ਨੂੰ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਤੁਹਾਡੀਆਂ ਤੁਸੀਂ ਹੀ ਜਾਣੋਂ; ਪਰ ਇਹ ਤਾਂ ਇੱਕ ਅਮੋਲਕ ਨਗੀਨਾ ਸੀ।" ਸਿੱਖ ਦੀ ਬੇਨਤੀ ਸੁਣ ਕੇ ਮਹਾਰਾਜ ਜੀ ਨੇ ਫੁਰਮਾਇਆ, "ਲੱਖੀ! ਜਾ ਆਪਣਾ ਨਗੀਨਾ ਗੋਦਾਵਰੀ ਵਿੱਚੋਂ ਲੱਭ ਲੈ।" ਜਦ ਲੱਖੀ ਗੋਦਾਵਰੀ ਵਿੱਚ ਵੜਿਆ, ਤਦ ਕੀ ਦੇਖੇ ਕਿ ਗੋਦਾਵਰੀ ਗੰਗਾ ਵਿੱਚ ਅਨੇਕਾਂ ਹੀ ਅਮੋਲਕ ਨਗੀਨੇ, ਗੀਟਿਆਂ ਵਾਂਗ ਪਏ ਸਨ। ਲੱਖੀ ਕੀ ਜਾਣੇ ਉਹਦਾ ਨਗੀਨਾ ਕਿਹੜਾ ਹੈ? 'ਧੰਨ ਸਤਿਗੁਰੂ! ਧੰਨ ਸਤਿਗੁਰੂ! ਆਖਦਾ ਮਹਾਰਾਜ ਪਾਸ ਆਇਆ ਅਤੇ ਚਰਨਾਂ 'ਤੇ ਢਹਿ ਪਿਆ।

ਇਸੇ ਨਗੀਨੇ ਘਾਟ 'ਤੇ ਚੋਜੀ ਸਤਿਗੁਰੂ ਨੇ ਪੰਜ ਮੋਹਰਾਂ ਹਰ ਰੋਜ਼ ਦੇ ਕੇ ਪਠਾਣ ਬੱਚੇ ਨੂੰ ਆਪਣੀ ਅਰਦਲ ਵਿੱਚ ਰੱਖਿਆ। ਇੱਥੇ ਹੀ ਹਰ ਰੋਜ਼ ਉਸ ਨੂੰ ਟਕੋਰਾਂ 'ਤੇ ਠੋਕਰਾਂ ਮਾਰ ਕੇ ਆਪਣੇ ਜਿਗਰ ਵਿੱਚ ਖੰਜਰ ਮਰਵਾਇਆ। ਏਥੇ ਹੀ ਉਸ ਦਾ ਰੁੰਡ-ਮੁੰਡ ਸਿਰ ਤਲਵਾਰ ਦੇ ਇੱਕ ਵਾਰ ਨਾਲ ਜੁਦਾ ਕਰਕੇ ਆਪਣੇ ਚਰਨਾਂ ਵਿੱਚ ਸਦਾ ਲਈ ਨਿਵਾਸ ਬਖਸ਼ਿਆ। ਏਥੇ ਹੀ ਬਹਾਦਰ ਸ਼ਾਹ ਦੇ ਭੇਜੇ ਹੋਏ ਜ਼ਰਾਹ ਦੇ ਇਲਾਜ ਨਾਲ ਸੱਚੇ ਪਾਤਸ਼ਾਹ ਦਾ ਜ਼ਖਮ ਰਾਜ਼ੀ ਹੋਇਆ। ਏਥੇ ਹੀ ਇੱਕ ਸਿੱਖ ਨੇ ਕੜੀ ਕਮਾਨ ਮਹਾਰਾਜ ਦੀ ਭੇਟਾ ਕੀਤੀ। ਇੱਥੋਂ ਹੀ ਧਨੁਸ਼ਧਾਰੀ ਸਤਿਗੁਰੂ ਜੀ ਨੇ ਇਸ ਕਮਾਨ 'ਤੇ ਚਿੱਲਾ ਚੜ੍ਹਾ ਸੰਗਤ ਨੂੰ ਫ਼ਰਮਾਇਆ ਕਿ ਜਿੱਥੇ ਸਾਡਾ ਤੀਰ ਜਾ ਕੇ ਡਿੱਗੇ, ਉੱਥੇ ਸਾਡਾ ਅਸਥਾਨ ਹੈ। ਏਥੇ ਹੀ ਸੰਗਤ ਦੀ ਅਰਦਾਸ ਪੁਰ-ਹਜ਼ੂਰ! ਜ਼ਖਮ ਅੱਲਾ ਹੈ, ਚਿੱਲਾ ਨਾ ਚੜ੍ਹਾਓ-ਮਹਾਰਾਜ ਜੀ ਨੇ ਫ਼ਰਮਾਇਆ ਕਿ ਬਸ ਹੁਣ ਅਰਸ਼ੀ ਪ੍ਰੀਤਮ ਦੀ ਹਜ਼ੂਰੀ ਵਿੱਚ ਹਾਜ਼ਰ ਹੋਣ ਦਾ ਹੁਕਮ ਆ ਗਿਆ ਹੈ, ਦੇਰੀ ਨਹੀਂ ਕਰਨੀ। ਏਥੇ ਹੀ

ਤੀਰ ਕਮਾਨ ਵਿੱਚੋਂ ਨਿਕਲਿਆ ਅਤੇ ਇੱਕ ਮਸੀਤ 'ਤੇ ਜਾ ਡਿੱਗਾ। ਮੁਸਲਮਾਨ ਕਹਿਣ, "ਜਗ੍ਹਾ ਸਾਡੀ ਹੈ' ਅਤੇ ਸਿੱਖ ਆਖਣ, 'ਸਾਡੀ"। ਏਥੇ ਹੀ ਮਹਾਰਾਜ ਨੇ ਹੁਕਮ ਦਿੱਤਾ ਕਿ ਉਸ ਥਾਂ ਨੂੰ ਪੁੱਟੋ; ਜੇਕਰ ਸਾਡੀ ਬੇਰਾਗਣ ਅਤੇ ਧੁਨੀ ਨਿਕਲੇ, ਤਾਂ ਥਾਂ ਸਾਡੀ, ਨਹੀਂ ਤਾਂ ਮੁਸਲਮਾਨਾਂ ਦੀ। ਏਥੇ ਹੀ ਬਹਾਦਰ ਸ਼ਾਹ ਨੇ ਜਗ੍ਹਾ ਪੁੱਟਣ ਦਾ ਹੁਕਮ ਦਿੱਤਾ ਅਤੇ ਮਹਾਰਾਜ ਦੀਆਂ ਨਿਸ਼ਾਨੀਆਂ ਨਿਕਲਣ ਪਰ ਮਸੀਤ ਵਾਲੀ ਥਾਂ ਸਤਿਗੁਰੂ ਜੀ ਦੇ ਹਵਾਲੇ ਕਰ ਦਿੱਤੀ। ਏਸੇ ਘਾਟ ਤੋਂ ਹੀ ਸਤਿਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਹੁਣ ਵਕਤ ਆ ਗਿਆ ਹੈ, ਸਾਡਾ ਅੰਗੀਠਾ ਸਜਾਵੋ ਅਤੇ ਬਾਹਰ ਕਨਾਤ ਲਾ ਦਿਓ। ਇਸੇ ਘਾਟ ਤੋਂ ਹੀ ਸੰਗਤ ਸਤਿਗੁਰੂ ਜੀ ਦੇ ਨਾਲ-ਨਾਲ ਸ਼ਬਦ ਪੜ੍ਹਦੀ ਹੋਈ ਅੰਗੀਠੇ ਸਾਹਿਬ ਪਾਸ ਪਹੁੰਚੀ। ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨਦੀ ਹੋਈ ਕਨਾਤ ਤੋਂ ਬਾਹਰ ਬੈਠੀ ਸ਼ਬਦ ਕੀਰਤਨ ਕਰਦੀ ਰਹੀ।

ਏਸੇ ਘਾਟ 'ਤੇ ਵੈਰਾਗ ਨਾਲ ਬੇਧੀ ਹੋਈ ਸੰਗਤ ਆਪਣੇ ਆਸਨ 'ਤੇ ਆਈ, ਇਸ਼ਨਾਨ ਕਰ ਕੇ ਸਾਰੀ ਰਾਤ ਚੋਜੀ ਪਿਤਾ ਦੇ ਅਸਚਰਜ ਕੌਤਕ-ਏਧਰ ਤਾਂ ਚਿਤਾ 'ਤੇ ਬੈਠ ਅੱਗ ਲਾਉਣਾ, ਉੱਧਰ ਸਨਧਬਧ ਹੋ ਕੇ ਇੱਕ ਸਿੱਖ ਨੂੰ ਨੀਲੇ ਘੋੜੇ 'ਤੇ ਅਸਵਾਰ ਦਰਸ਼ਨ ਦੇਣਾ-ਵਿਚਾਰਦੀ ਤੇ 'ਧੰਨ ਸਤਿਗੁਰੂ! ਧੰਨ ਸਤਿਗੁਰੂ!' ਕਹਿੰਦੀ ਪ੍ਰੇਮ ਤੇ ਵੈਰਾਗ ਵਿੱਚ ਮਗਨ ਰਹੀ। ਵਿੱਚੋਂ ਕੋਈ ਅਡੋਲ ਨਿਸਚੇ ਵਾਲੇ ਸਿੱਖ ਬੋਲ ਉੱਠਦੇ:

ਕਵਣੁ ਕਹੈ ਸ੍ਰੀ ਗੁਰੁ ਮੁਯਉ ॥ (੧੪੦੯)

ਸਤਿਗੁਰੂ ਸਦਾ ਹੀ ਹਾਜ਼ਰ ਹਨ ਅਤੇ ਸਾਡੇ ਅੰਗ-ਸੰਗ ਹਨ।

ਖ਼ਾਲਸਾ ਜੀ ਜਗਤ ਜੋਤ ਦੇ ਅਭਿਆਸ ਵਿੱਚ ਪ੍ਰਪੱਕ ਰਹੋ ਅਤੇ ਕਲਗੀਆਂ ਵਾਲੇ ਦੇ ਹੁਕਮ ਮੰਨਣ ਦਾ ਯਤਨ ਕਰੋ। ਸਤਿਗੁਰੂ ਸਦਾ ਹੀ ਸਹਾਈ ਹੋਣਗੇ ਅਤੇ ਆਪਣੇ ਬਿਰਧ ਬਾਣੇ ਦੀ ਲਾਜ ਰੱਖਣਗੇ।

ਇਸ ਫ਼ਕੀਰੀ, ਬੇਪਰਵਾਹੀ, ਬਲੀਦਾਨ, ਨਿਰਭੈਤਾ ਅਤੇ ਵੈਰਾਗ ਦੀ ਰੰਗਣ ਵਿੱਚ ਰੰਗੇ ਹੋਏ ਘਾਟ 'ਤੇ ਕੁਦਰਤ ਨੇ ਸੰਤ ਸਿਪਾਹੀ ਦਾ ਡੇਰਾ ਕਰਾਇਆ। ਬੱਸ ਹੁਣ ਕੀ ਸੀ! ਥੋੜ੍ਹੇ ਦਿਨਾਂ ਮਗਰੋਂ ਹੀ ਸੰਸਾਰੀ ਕੱਪੜੇ ਸਭ ਲਾਹ ਦਿੱਤੇ, ਸਿਰ 'ਤੇ ਖੱਦਰ ਦਾ ਛੋਟਾ ਦਸਤਾਰਾ, ਤੇੜ ਕਛਹਿਰਾ ਅਤੇ ਮੋਢੇ 'ਤੇ ਦੋ ਹੱਥ ਦਾ ਇੱਕ ਪਰਨਾ ਰੱਖ ਲਿਆ। ਦਿਨ ਰਾਤ ਸ਼ਬਦ ਦੇ ਅਭਿਆਸ ਵਿੱਚ ਲੱਗੇ ਰਹਿੰਦੇ। ਪ੍ਰਸ਼ਾਦਾ ਮਿਲ ਜਾਂਦਾ, ਤਾਂ ਛਕ ਲੈਂਦੇ, ਨਹੀਂ ਤਾਂ ਗੋਦਾਵਰੀ ਗੰਗਾ ਦਾ ਨਿਰਮਲ ਜਲ ਛਕ ਕੇ ਪਿਆਰੇ ਦੀ ਯਾਦ ਵਿੱਚ ਮਸਤ ਰਹਿੰਦੇ ਅਤੇ ਵੈਰਾਗਮਈ ਪ੍ਰੇਮ-ਰਸ ਦੇ ਹੁਲਾਰੇ ਲੈਂਦੇ।

ਪੁਜਾਰੀ ਨਾਨੂ ਸਿੰਘ ਜੀ ਤਾਂ ਅੱਗੇ ਹੀ ਬੜਾ ਸਨੇਹ ਰੱਖਦੇ ਸਨ, ਪਰ ਥੋੜ੍ਹੇ ਚਿਰ ਵਿੱਚ ਹੀ ਸ੍ਰੀ ਹਜ਼ੂਰ ਸਾਹਿਬ ਦੇ ਇੱਕ-ਦੋ ਹੋਰ ਸੇਵਕਾਂ ਦੇ ਹਿਰਦੇ ਵਿੱਚ ਸੰਤ ਜੀ ਲਈ ਖਾਸ ਖਿੱਚ ਪੈਦਾ ਹੋ ਗਈ। ਭਾਈ ਹਜ਼ੂਰਾ ਸਿੰਘ ਜੀ ਗ੍ਰੰਥੀ ਅਤੇ ਭਾਈ ਥੰਮਨ ਸਿੰਘ ਜੀ ਦੌਧਰ ਵਾਲੇ ਰਾਗੀ ਦਾ ਸੰਤ ਜੀ ਨੂੰ ਪ੍ਰਸ਼ਾਦਾ ਛਕਾਵਨ ਦਾ ਖਾਸ ਪ੍ਰੇਮ ਹੋ ਗਿਆ।

ਸੰਤ ਜੀ ਪੁਜਾਰੀ ਬੁੰਗੇ ਦੇ ਪਿੱਛੇ ਇੱਕ ਪੱਥਰ ਦੇ ਚਬੂਤਰੇ 'ਤੇ ਬੈਠ ਕੇ ਜਪੁਜੀ ਸਾਹਿਬ ਦੇ ਪਾਠ ਕਰਦੇ। ਆਪ ਦਰਿਆ ਦੇ ਕੰਢੇ ਤੋਂ ਚਿੱਟੇ ਕਾਲੇ ਰੋੜੇ ਚੁਗ ਕੇ ਆਪਣੇ ਕੋਲ ਰੱਖ ਲੈਂਦੇ। ਜਦ ਇੱਕ ਪਾਠ ਪੂਰਾ ਹੋ ਜਾਂਦਾ, ਤਦ ਇੱਕ ਰੋੜਾ ਗੋਦਾਵਰੀ ਵਿੱਚ ਸੁੱਟ ਦਿੰਦੇ। ਜਦ ਸੇਵਕ ਰੋਟੀ ਲੈ ਕੇ ਜਾਂਦਾ, ਤਦ ਚੁੱਪ ਕਰ ਕੇ ਥੜ੍ਹੇ ਤੋਂ ਕੁਝ ਦੂਰ ਹੀ ਬੈਠ ਜਾਂਦਾ। ਜਦ ਤੀਕਰ ਸਵੇਰ ਦੇ ਪਾਠਾਂ ਦੀ ਗਿਣਤੀ ਪੂਰੀ ਨਾ ਹੋ ਜਾਂਦੀ, ਸੰਤ ਜੀ ਮਹਾਰਾਜ ਆਪਣੀ ਨਿਗਾਹ ਉੱਚੀ ਨਾ ਕਰਦੇ। ਜਦ ਸਾਰੇ ਰੋੜੇ ਮੁੱਕ ਜਾਂਦੇ, ਤਦ ਗਿੱਲੇ ਪਰਨੇ

ਨਾਲ ਹੱਥ ਪੂੰਝ ਕੇ ਇੱਕ ਤਹਿ-ਤੋੜ ਮੋਟਾ ਪ੍ਰਸ਼ਾਦਾ, ਜਿਸ ਦੇ ਉੱਤੇ ਦਾਲ ਹੁੰਦੀ ਸੀ, ਲੈ ਲੈਂਦੇ ਅਤੇ ਪੱਥਰ ਤੇ ਰੱਖ ਕੇ ਛਕ ਲੈਂਦੇ। ਫੇਰ ਉੱਠ ਕੇ ਗੋਦਾਵਰੀ ਵਿੱਚ ਬੁੱਕ ਨਾਲ ਜਲ ਛਕ ਲੈਂਦੇ। (ਸੰਤ ਜੀ ਨੇ ਸੇਵਕਾਂ ਨੂੰ ਖਾਸ ਬੇਨਤੀ ਕੀਤੀ ਹੋਈ ਸੀ ਕਿ ਇੱਕੋ ਮੋਟਾ ਪ੍ਰਸ਼ਾਦਾ ਪਕਾ ਕੇ, ਉੱਪਰ ਹੀ ਦਾਲ ਭਾਜੀ ਰੱਖ ਕੇ ਲਿਆਇਆ ਕਰਨ)।

ਇਸ ਤਰ੍ਹਾਂ ਇੱਕ ਸਾਲ ਸੱਤ ਕੁ ਮਹੀਨੇ ਸੰਤ ਜੀ ਨਗੀਨਾ ਘਾਟ 'ਤੇ ਰਹੇ। ਘਾਟ ਦੇ ਸੱਜੇ ਪਾਸੇ ਇੱਕ ਪੱਥਰ ਦੀ ਕੋਠੜੀ ਹੈ, ਸਾਰੀ ਰਾਤ ਉਸ ਵਿੱਚ ਬੈਠ ਕੇ ਅਭਿਆਸ ਕਰਦੇ। ਦਿਨ ਚੜ੍ਹੇ ਪੁਜਾਰੀ ਬੁੰਗੇ ਦੇ ਪਿੱਛੇ ਆ ਕੇ ਜਪੁਜੀ ਸਾਹਿਬ ਦੇ ਪਾਠ ਸ਼ੁਰੂ ਕਰ ਦਿੰਦੇ ਪਰ ਜਦੋਂ ਕਦੀ ਬਹੁਤ ਇਕਾਂਤ ਹੋਣਾ ਹੁੰਦਾ ਜਾਂ ਅਰਾਮ ਕਰਨ ਦੀ ਲੋੜ ਪੈਂਦੀ ਤਦ ਪੁਜਾਰੀ ਬੁੰਗੇ ਦੀ ਦੂਸਰੀ ਛੱਤ ਤੇ ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਇੱਕ ਛੋਟੀ ਜਿਹੀ ਕੋਠੜੀ ਦੇ ਅੰਦਰ ਜਿਹੜੀ ਗੁਫਾ ਹੈ, ਉਸ ਵਿੱਚ ਜਾ ਬਿਰਾਜਦੇ। ਬਿਰਾਜਨਾ ਕੀ ਸੀ! ਅੱਠ ਪਹਿਰ ਚੌਂਸਠ ਘੜੀ ਨਾਮ-ਬਾਣੀ ਦੀ ਧੁਨ ਵਿੱਚ ਮਸਤ ਰਹਿੰਦੇ।

ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥ (੨੮੬)

ਗੁਰਮੰਤਰ ਤੇ ਮੂਲਮੰਤਰ ਤੋਂ ਛੁੱਟ ਇਸ ਗੋਦਾਵਰੀ ਘਾਟ ਦੀ ਕੁਟੀਆ ਵਿੱਚ ਸੰਤ ਜੀ ਨੇ ਗੁਰ-ਸ਼ਬਦ:

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ (੨੦੧)

ਅਤੇ ਗੁਰੂ ਘਰ ਦੇ ਗਾਇਤ੍ਰੀ ਮੰਤ੍ਰ:

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥
ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥
ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ (ਜਾਪੁ ਸਾਹਿਬ)

ਦੀ ਅਤੁੱਟ ਅਰਾਧਨਾ ਕੀਤੀ।

ਇਸ ਸਮੇਂ ਸੰਤ ਜੀ ਕਿਸੇ ਨਾਲ ਗੱਲਬਾਤ ਨਾ ਕਰਦੇ। ਜੇ ਕੋਈ ਗੱਲ ਛੇੜ ਵੀ ਦਿੰਦਾ, ਤਾਂ ਆਪ ਇੱਕ ਉਂਗਲੀ ਖੜੀ ਕਰ ਦਿੰਦੇ ਜਾਂ ਹੱਥ ਜੋੜ ਕੇ ਨਮਸਕਾਰ ਕਰ ਦਿੰਦੇ। ਅਧੀਨਗੀ ਬੜੀ ਸੀ, ਹਰ ਇੱਕ ਸਿੱਖ ਦੇ ਪੈਰੀਂ ਪੈਂਦੇ ਅਤੇ ਜੇ ਕੋਈ ਕੌੜਾ ਬਚਨ ਕਰ ਦਿੰਦਾ ਤਾਂ ਚੁੱਪ ਰਹਿੰਦੇ। ਦਰਬਾਰ ਸਾਹਿਬ ਦੇ ਝਾੜੂ ਦੀ ਅਤੇ ਇਸ਼ਨਾਨ ਵਾਸਤੇ ਜਲ ਦੀ ਸੇਵਾ ਕਰਦੇ।

ਕੁਝ ਖਾਸ ਸਾਖੀਆਂ

ਇਸ ਸਮੇਂ ਦੀਆਂ ਕੁਝ ਖਾਸ ਸਾਖੀਆਂ ਸੰਤ ਜੀ ਦਾ ਵੈਰਾਗ, ਤਤਕਿਸ਼ਆਂ ਅਤੇ ਪ੍ਰੇਮ ਦਾ ਨਕਸ਼ਾ ਸਾਡੇ ਸਾਹਮਣੇ ਰੱਖਦੀਆਂ ਹਨ:

*(੧) ਫ਼ਕੀਰੀ ਬਾਣਾ ਧਾਰਣ ਕਰਦੇ ਹੀ ਸੰਤ ਗੋਦਾਵਰੀ ਗੰਗਾ ਦੇ ਕੰਢੇ-ਕੰਢੇ ਟੁਰ ਪਏ। ਨਗੀਨਾ ਘਾਟ ਤੋਂ ਕੋਈ ਤਿੰਨ ਕੁ ਮੀਲ ਦੇ ਫਾਸਲੇ 'ਤੇ ਇੱਕ ਥਾਂ ਦਰਿਆ ਵਿੱਚ ਗੋਡੇ-ਗੋਡੇ ਜਲ ਸੀ। ਇੱਥੇ ਸੰਤ ਜੀ ਨੇ ਜਲ ਵਿੱਚ ਸਿਮਰਨ, ਤਪ ਅਰੰਭ ਕਰ ਦਿੱਤਾ। ਇਸ ਤਰ੍ਹਾਂ ਅੱਠ ਦਿਨ ਬੀਤ ਗਏ, ਗੰਗਾ ਜਲ ਤੋਂ ਛੁੱਟ ਹੋਰ ਕੋਈ ਅਹਾਰ ਨਹੀਂ ਸੀ। ਇੱਕ ਰਾਤ ਸ੍ਰੀ ਹਜ਼ੂਰ ਸਾਹਿਬ ਦੇ ਵੱਡੇ ਪੁਜਾਰੀ ਭਾਈ ਨਾਨੂ ਸਿੰਘ ਜੀ ਨੂੰ ਸੁਪਨਾ ਆਇਆ ਕਿ ਕਰਤਾਰ ਦਾ ਇੱਕ ਪਿਆਰਾ ਗੋਦਾਵਰੀ ਗੰਗਾ ਵਿੱਚ ਕਈ ਦਿਨਾਂ ਤੋਂ ਤਪ ਕਰ

* ਇਹ ਸਾਖੀ ਭਾਈ ਛਹਿਬਰ ਸਿੰਘ ਜੀ ਹੈੱਡ ਮਾਸਟਰ ਯਤੀਮਖਾਨਾ ਗੁਜਰਾਂਵਾਲਾ ਨੇ ਸੰਤ ਜੀ ਮਹਾਰਾਜ ਪਾਸੋਂ ਸੁਣੀ।

ਰਿਹਾ ਹੈ। ਉਸ ਨੂੰ ਅੰਨ ਗ੍ਰਹਿਣ ਕੀਤਿਆਂ ਅੱਜ ਅੱਠ ਦਿਨ ਹੋ ਗਏ ਹਨ। ਤੁਸੀਂ ਉਸ ਨੂੰ ਜਾ ਕੇ ਪ੍ਰਸ਼ਾਦ ਛਕਾਓ।

ਦੂਜੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਭੋਗ ਮਗਰੋਂ ਪੁਜਾਰੀ ਸਿੰਘ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਪਕਵਾਇਆ ਅਤੇ ਗੋਦਾਵਰੀ ਦੇ ਕੰਢੇ-ਕੰਢੇ ਟੁਰ ਪਿਆ। ਦੋ ਕੁ ਮੀਲ ਗਿਆ ਪਰ ਕੋਈ ਸਰੀਰ ਗੋਦਾਵਰੀ ਵਿੱਚ ਤਪ ਕਰਦਾ ਨਜ਼ਰ ਨਾ ਆਇਆ। ਨਿਰਾਸ ਹੋ ਕੇ ਮੁੜ ਆਇਆ।

ਰਾਤ ਨੂੰ ਫਿਰ ਸੁਪਨਾ ਆਇਆ: ਅਵਾਜ਼ ਆਈ, 'ਤੁਸਾਂ ਸਾਡੇ ਪਿਆਰੇ ਨੂੰ ਪ੍ਰਸ਼ਾਦਾ ਨਹੀਂ ਛਕਾਇਆ।' ਪੁਜਾਰੀ ਸਿੰਘ ਨੇ ਇਸੇ ਦਸ਼ਾ ਵਿੱਚ ਬੇਨਤੀ ਕੀਤੀ ਕਿ ਹਜ਼ੂਰ! ਕੁਛ ਸੂਹ ਪਤਾ ਨਹੀਂ ਲੱਗਦਾ! ਹੁਕਮ ਹੋਇਆ, ਗੋਦਾਵਰੀ ਦੇ ਕੰਢੇ-ਕੰਢੇ ਤਿੰਨ ਮੀਲ ਚਲੇ ਜਾਓ, ਓਥੋਂ ਦਰਿਆ ਦਾ ਮੋੜ ਲੰਘ ਕੇ ਨਜ਼ਰੀ ਪੈ ਜਾਵੇਗਾ।

ਦੂਜੇ ਦਿਹਾੜੇ ਪਤੇ ਅਨੁਸਾਰ ਪੁਜਾਰੀ ਸਿੰਘ ਪ੍ਰਸ਼ਾਦਾ ਲੈ ਕੇ ਪੁੱਜਾ। ਸੰਤ ਜੀ ਮਹਾਰਾਜ ਅਡੋਲ ਧਿਆਨ ਵਿੱਚ ਮਗਨ ਸਨ। ਥੋੜ੍ਹੇ ਚਿਰ ਪਿੱਛੋਂ ਜਦ ਸੰਤਾਂ ਦੀ ਸਮਾਧੀ ਖੁੱਲ੍ਹੀ, ਤਦ ਪੁਜਾਰੀ ਸਿੰਘ ਨੇ ਪ੍ਰਸ਼ਾਦ ਛਕਣ ਵਾਸਤੇ ਬੇਨਤੀ ਕੀਤੀ। ਸੰਤ ਜੀ ਨੇ ਪੁੱਛਿਆ ਕਿ ਤੁਸੀਂ ਇੱਥੇ ਕਿਸ ਤਰ੍ਹਾਂ ਆ ਗਏ। ਤਦ ਪੁਜਾਰੀ ਸਿੰਘ ਨੇ ਸੁਪਨੇ ਦੀ ਸਾਰੀ ਵਾਰਤਾ ਆਖ ਸੁਣਾਈ। ਪਹਿਲਾਂ ਤਾਂ ਸੰਤ ਜੀ ਨੇ ਪ੍ਰਸ਼ਾਦ ਛਕਣ ਤੋਂ ਨਾਂਹ ਕਰ ਦਿੱਤੀ, ਪਰ ਜਦ ਪੁਜਾਰੀ ਸਿੰਘ ਨੇ ਆਪਣੀ ਮਜਬੂਰੀ ਦੱਸੀ ਕਿ ਮੈਨੂੰ ਤਾਂ ਸੌਣਾ ਵੀ ਮੁਸ਼ਕਲ ਹੋ ਜਾਵੇਗਾ ਤਾਂ ਇਹ ਬਚਨ ਲੈ ਕੇ ਕਿ ਉਹ ਇਹ ਵਾਰਤਾ ਕਿਸੇ ਨੂੰ ਨਹੀਂ ਦੱਸਣਗੇ, ਪ੍ਰਸ਼ਾਦਾ ਛੱਕ ਲਿਆ।

*(੨) ਇੱਕ ਵਾਰੀ ਤਪ ਕਰਦਿਆਂ-ਕਰਦਿਆਂ ਖਿਆਲ ਆਇਆ ਕਿ ਉਸ ਮੰਤਰ ਦਾ ਜਾਪ ਕਰੀਏ, ਜਿਸ ਦੀ ਅਰਾਧਨਾ ਲਵ, ਕੁਸ਼ ਨੇ ਕੀਤੀ ਸੀ ਅਤੇ ਜਿਸ ਦੇ ਫਲ ਕਰਕੇ ਉਨ੍ਹਾਂ ਨੂੰ ਕੋਈ ਵੀ ਨਹੀਂ ਸੀ ਜਿੱਤ ਸਕਿਆ, ਪਰ ਫੇਰ ਮਨ ਵਿੱਚ ਖਿਆਲ ਆਇਆ ਕਿ ਗੁਰੂ ਘਰ ਦਾ ਮੰਤਰ ਅਤੇ ਗੁਰੂ ਘਰ ਦੀ ਬਾਣੀ ਹੀ ਸਾਰੇ ਕਾਰਜਾਂ ਦੇ ਪੂਰਾ ਕਰਨ ਲਈ ਸਮਰੱਥ ਹੈ।

ਮਹਾ ਮੰਤ੍ਰ ਨਾਨਕੁ ਕਥੈ ॥ (੮੧੪)

ਹੋਰ ਮੰਤਰ ਕੀ ਅਰਾਧਨਾ ਹੈ।

(੩) ਸ੍ਰੀ ਹਜ਼ੂਰ ਸਾਹਿਬ ਜਾਂਦਿਆਂ ਇੱਕ ਪ੍ਰੇਮੀ ਨੇ ਕੁਝ ਮਾਇਆ ਕੱਪੜੇ ਦੀ ਗੰਢ ਵਿੱਚ ਸਾਡੇ ਲੱਕ ਨਾਲ ਬੰਨ੍ਹ ਦਿੱਤੀ। ਜਦ ਅਸੀਂ ਹਜ਼ੂਰ ਸਾਹਿਬ ਪੁਜਾਰੀ ਬੁੰਗੇ ਡੇਰਾ ਕੀਤਾ ਤਾਂ ਇਹ ਗੰਢ ਇੱਕ ਝਾੜੀ ਦੇ ਮੁੱਢ ਨਾਲ ਟੋਇਆ ਪੁੱਟ ਕੇ ਕੱਪੜੇ ਸਮੇਤ ਦੱਬ ਦਿੱਤੀ। ਬੰਦਗੀ ਕਰਦਿਆਂ-ਕਰਦਿਆਂ ਕਈ ਵਾਰੀ ਫੁਰਨਾ ਟੋਏ ਵੱਲ ਚਲਾ ਜਾਵੇ। ਇੱਕ ਦਿਨ ਅਭਿਆਸ ਵਿੱਚ ਇਹ ਫੁਰਨਾ ਸਾਮ੍ਹਣੇ ਆਇਆ, ਤਾਂ ਮਨ ਵਿੱਚ ਠਾਨ ਲਿਆ ਕਿ ਅੱਜ ਇਸ ਪ੍ਰੇਮਣ ਦਾ ਜੂੜ ਵੱਢ ਦੇਣਾ ਹੈ। ਜਦ ਸਿਮਰਨ ਦਾ ਵੇਲਾ ਪੂਰਾ ਹੋ ਗਿਆ, ਤਦ ਟੋਏ ਪਾਸ ਜਾ ਕੇ ਉਹ ਗੰਢ ਕੱਢ ਲਿਆਂਦੀ ਅਤੇ ਗੋਦਾਵਰੀ ਗੰਗਾ ਵਿੱਚ ਲੱਛਮੀ ਦਾ ਛਿੱਟਾ ਦੇ ਦਿੱਤਾ।

(੪) ਨਗੀਨਾ ਘਾਟ ਦੇ ਪਾਸ ਹੀ ਸੌ ਕੁ ਕਦਮ 'ਤੇ ਬੰਦਾ ਘਾਟ ਹੈ ਅਤੇ ਇਸ ਤੋਂ ਚਾਰ ਪੰਜ ਸੌ ਕਦਮ 'ਤੇ ਗੌਤਮ ਘਾਟ ਹੈ। ਇੱਥੇ ਇੱਕ ਬਹੁਤ ਪੁਰਾਣਾ ਬੋੜ੍ਹ ਦਾ ਰੁੱਖ ਹੈ ਜਿਸ ਦੇ ਹੇਠ ਇੱਕ ਪੁਰਾਣੀ ਗੁਫਾ ਹੈ। ਕਈ ਵਾਰੀ ਸੰਤ ਜੀ ਇਨ੍ਹਾਂ ਇਕਾਂਤ ਅਸਥਾਨਾਂ ਵਿੱਚ ਜਾ ਨਿਕਲਦੇ ਅਤੇ ਉੱਥੇ ਹੀ ਨਾਮ

---

* ਦਾਸ ਨੂੰ ਸੰਤ ਜੀ ਮਹਾਰਾਜ ਨੇ ਆਪ ਸੁਣਾਈ ਸੀ।

** ਇਹ ਸਾਖੀ ਸੰਤ ਜੀ ਮਹਾਰਾਜ ਨੇ ਇਸ ਪ੍ਰਥਾਇ ਸੁਣਾਈ ਸੀ ਕਿ ਬੰਦਗੀ ਦੀ ਸਫਲਤਾ ਵਿੱਚ ਦਮੜੀ, ਚਮੜੀ ਦੋ ਵਿਘਨ ਹਨ।

ਸਿਮਰਨ ਦੇ ਰੰਗ ਵਿੱਚ ਮਸਤ ਹੋ ਜਾਂਦੇ। ਇੱਕ ਵਾਰੀ ਸੰਤ ਜੀ ਗੌਤਮ ਘਾਟ 'ਤੇ ਤਪ ਕਰ ਰਹੇ ਸਨ। ਜਦ ਪ੍ਰੇਮੀ ਪ੍ਰਸ਼ਾਦ ਲੈ ਕੇ ਗਿਆ, ਤਦ ਕੀ ਦੇਖਦਾ ਹੈ ਕਿ ਸੰਤ ਜੀ ਮਹਾਰਾਜ ਦੇ ਸਾਮ੍ਹਣੇ ਇੱਕ ਬੜਾ ਭਾਰੀ ਫਨੀਅਰ ਨਾਗ ਫਨ ਖਿਲਾਰੀ ਖੜ੍ਹਾ ਹੈ, ਮਾਨੋ ਦਰਸ਼ਨ ਕਰ ਕੇ ਨਾਮ-ਰਸ ਵਿੱਚ ਮਗਨ ਹੈ। ਪ੍ਰੇਮੀ ਪਹਿਲਾਂ ਤਾਂ ਡਰਿਆ, ਪਰ ਫੇਰ ਪ੍ਰਸ਼ਾਦ ਲੈ ਗਿਆ। ਜਦ ਨੇੜੇ ਪਹੁੰਚਿਆ, ਤਦ ਸਰਪ ਚਲਾ ਗਿਆ, ਸੰਤ ਜੀ ਮਹਾਰਾਜ ਨੇ ਨੇਤਰ ਖੋਲੇ ਅਤੇ ਆਖਿਆ ਕਿ ਪ੍ਰੇਮੀ ਦਰਸ਼ਨ ਦੇਣ ਆਇਆ ਸੀ।

*ਬੰਦਾ ਘਾਟ 'ਤੇ ਵੀ ਜਿੱਥੇ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਬੈਰਾਗੀ ਦਾ ਮਾਨ ਭੰਗ ਕਰਕੇ, ਉਸ ਨੂੰ ਆਪਣਾ ਸੇਵਕ ਬਣਾ, ਪੰਜਾਬ ਵੱਲ ਜ਼ਾਲਮਾਂ ਨੂੰ ਆਪਣੇ ਕਰਮਾਂ ਦਾ ਫਲ ਭੁਗਤਾਉਣ ਵਾਸਤੇ ਭੇਜਿਆ ਸੀ, ਸੰਤ ਜੀ ਕਈ ਵਾਰ ਸਤਿਗੁਰੂ ਕਲਗੀਆਂ ਵਾਲੇ ਜੀ ਦੇ ਚਰਨਾਂ ਦਾ ਧਿਆਨ ਲਾਈ ਸਮਾਧੀ ਅਸਥਿਤ ਰਹਿੰਦੇ।

---

* ਜ਼ਬਾਨੀ ਭਾਈ ਬੰਮਨ ਸਿੰਘ ਜੀ ਰਾਗੀ ਦੋਧਰ ਵਾਲੇ।

ਕਾਂਡ ੫

ਸਲੋਕ ਮ ਃ ੫ ॥
ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥੧॥ (੯੫੭)

ਸ਼ਿਕਾਰ ਘਾਟ 'ਤੇ ਤਪ

ਸਾਧ ਸੰਗਤ ਪਾਸੋਂ ਸੁਤੇ-ਸਿੱਧ ਹੀਰਾ ਘਾਟ, ਮਾਤਾ ਜੀ ਦੇ ਅਸਥਾਨ ਅਤੇ ਸ਼ਿਕਾਰ ਘਾਟ ਦੀ ਸੋਅ ਪੈ ਚੁੱਕੀ ਸੀ। ਇੱਕ ਦਿਨ ਅੰਦਰੋਂ ਸੰਕਲਪ ਉੱਠਿਆ ਕਿ ਚੱਲੋ ਇਹਨਾਂ ਅਸਥਾਨਾਂ ਦੀ ਵੀ ਚਰਨ ਧੂੜ ਲੈ ਆਈਏ। ਦੂਜੇ ਦਿਨ ਅੰਮ੍ਰਿਤ ਵੇਲੇ ਪੈਦਲ ਹੀ ਗੋਦਾਵਰੀ ਗੰਗਾ ਦੇ ਕੰਢੇ ਤੁਰ ਪਏ।

ਹੀਰਾ ਘਾਟ, ਨਗੀਨਾ ਘਾਟ ਤੋਂ ਛੇ ਕੁ ਮੀਲ ਦੀ ਵਿੱਥ ਤੇ ਗੋਦਾਵਰੀ ਦੇ ਕੰਢੇ 'ਤੇ ਹੈ। ਏਸ ਥਾਂ ਨੂੰ ਸਤਿਗੁਰੂ ਜੀ ਸੱਚੇ ਪਾਤਸ਼ਾਹ ਨੇ ਨਿਵਾਜਿਆ ਅਤੇ ਨਾਮ ਦੀ ਰੰਗਣ ਵਿਚ ਰੰਗਿਆ। ਸਤਿਗੁਰੂ ਜੀ ਏਸ ਥਾਂ ਇਕਾਂਤ ਵਾਸੀ ਰਹਿੰਦੇ, ਦੋ-ਚਾਰ ਖਾਸ ਸੇਵਕ ਅਰਦਲ ਵਿੱਚ ਰੱਖਦੇ ਅਤੇ ਮਾਤਾ ਸਾਹਿਬ ਕੌਰ ਜੀ ਸਾਰੀ ਸੰਗਤ ਸਮੇਤ ਦੋ ਕੁ ਮੀਲ਼ ਦੀ ਵਿੱਥ ਤੇ ਬਿਰਾਜਦੇ। ਲੰਗਰ ਮਾਤਾ ਜੀ ਦੇ ਡੇਰੇ ਬਣਦਾ। ਮਾਤਾ ਜੀ ਆਪ ਪ੍ਰਸ਼ਾਦਾ ਲੈ ਕੇ ਹਾਜ਼ਰ ਹੁੰਦੇ ਅਤੇ ਸੱਚੇ ਪਾਤਸ਼ਾਹ ਜੀ ਦਾ ਦਰਸ਼ਨ ਕਰ ਕੇ ਫੇਰ ਆਪਣੇ ਆਸਣ 'ਤੇ ਆ ਬਿਰਾਜਦੇ।

ਇੱਕ ਵਾਰੀ ਇਸ ਅਸਥਾਨ 'ਤੇ ਬਹਾਦਰ ਸ਼ਾਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਲਈ ਆਇਆ ਅਤੇ ਇੱਕ ਅਮੋਲਕ ਹੀਰਾ ਮਹਾਰਾਜ ਜੀ ਦੀ ਭੇਟਾ ਕੀਤਾ। ਸੱਚੇ ਪਾਤਸ਼ਾਹ ਨੇ ਇਸ ਨੂੰ ਦਰਿਆ ਵਿੱਚ ਅਛੋਪ ਹੀ ਸੁੱਟ ਦਿੱਤਾ। ਇਹ ਕੌਤਕ ਵੇਖ ਬਹਾਦਰ ਸ਼ਾਹ ਹੱਕਾ-ਬੱਕਾ ਰਹਿ ਗਿਆ। ਮਹਾਰਾਜ ਜੀ ਨੇ ਹੱਸ ਕੇ ਫਰਮਾਇਆ ਕਿ ਜਾਹ ਆਪਣਾ ਹੀਰਾ ਗੋਦਾਵਰੀ ਵਿੱਚੋਂ ਕੱਢ ਲੈ। ਬਹਾਦਰ ਸ਼ਾਹ ਹੁਕਮ ਮੰਨ ਕੇ ਗਿਆ ਅਤੇ ਕੀ ਵੇਖਿਆ ਕਿ ਅਣਗਿਣਤ ਅਮੋਲ ਹੀਰੇ ਦਰਿਆ ਵਿੱਚ ਪਏ ਸਨ। ਸ਼ਰਮਿੰਦਾ ਹੋ ਕੇ ਮਹਾਰਾਜ ਜੀ ਦੀ ਸ਼ਰਨ ਆਇਆ। ਏਸ ਖੇਲ ਕਰ ਕੇ ਇਸ ਅਸਥਾਨ ਦਾ ਨਾਮ ''ਹੀਰਾ ਘਾਟ'' ਚਲਿਆ ਆਉਂਦਾ ਹੈ।

ਸੰਤ ਜੀ ਦਿਨ ਚੜ੍ਹਦੇ ਹੀ ਹੀਰਾ ਘਾਟ ਪਹੁੰਚ ਗਏ। ਸੱਚੇ ਪਾਤਸ਼ਾਹ ਦੀ ਚਰਨ ਧੂੜ ਮਸਤਕ ਤੇ ਲਾਈ ਅਤੇ ਦੁਪਹਿਰਾ ਇਸ ਜਗ੍ਹਾ ਹੀ ਕਟਿਆ। ਸ਼ਾਮ ਦੇ ਵਕਤ ਮਾਤਾ ਜੀ ਦੇ ਅਸਥਾਨ 'ਤੇ ਪਹੁੰਚੇ ਅਤੇ ਰਾਤ ਉੱਥੇ ਹੀ ਮਾਤਾ ਜੀ ਦੀ ਗੋਦ ਵਿੱਚ ਬਿਰਾਜੇ।

ਦੂਸਰੇ ਦਿਨ ਸਵੇਰੇ ਹੀ ਸ਼ਿਕਾਰ ਘਾਟ ਵੱਲ ਟੁਰ ਪਏ। ਮਨ ਵਿੱਚ ਮੂਲੇ ਦੀ ਸਾਖੀ ਯਾਦ ਆਈ। ਸਾਰੇ ਸਰੀਰ ਦੇ ਰੋਮ ਖੜੇ ਹੋ ਗਏ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਦਿਆਲਤਾ ਅਤੇ ਮਿਹਰ ਦਾ ਨਕਸ਼ਾ ਹਿਰਦੇ ਵਿੱਚ ਬੱਝ ਗਿਆ। ਅਚੇਤ ਹੀ ਮੁੱਖ ਤੋਂ ਧੰਨ ਗੁਰੂ ਨਾਨਕ! ਧੰਨ ਗੁਰੂ ਗੋਬਿੰਦ ਸਿੰਘ ਜੀ! ਦੀ ਅਵਾਜ਼ ਨਿਕਲਣ ਲੱਗ ਪਈ। ਸੱਚੇ ਪਾਤਸ਼ਾਹ ਤੂੰ ਧੰਨ ਹੈਂ, ਅਕ੍ਰਿਤਘਣਾ ਅਤੇ ਪਾਪੀਆਂ ਨੂੰ ਤਾਰਦਾ ਹੈਂ, ਸਾਨੂੰ ਵੀ ਬਖਸ਼ ਆਪਣੇ ਚਰਨਾਂ ਦਾ ਸਦਕਾ ਗੁਰਸਿੱਖੀ ਜੀਵਨ ਨਿਬਾਹ!

ਦਰਿਆ ਇਸ ਜਗ੍ਹਾ ਕਈ ਵਿੰਗ ਖਾਂਦਾ ਹੈ। ਪਿੱਛੇ ਹੀਰਾ ਘਾਟ ਨਜ਼ਰ ਆਇਆ ਅਤੇ ਅੱਗੇ ਸੋਹਣੇ ਲਹਿਰਾਉਂਦੇ ਖੇਤਾਂ ਤੋਂ ਪਰੇ ਇੱਕ ਸੁਹਾਵਣੇ ਟਿੱਲੇ 'ਤੇ ਨਿਗਾਹ ਪਈ, ਜਿਸ ਦੇ ਚਰਨਾਂ ਹੇਠ ਇੱਕ ਪਾਸੇ ਸਰਪ ਵੱਤ ਵਲ ਖਾਂਦੀ ਗੋਦਾਵਰੀ ਗੰਗਾ ਵਗ ਰਹੀ ਸੀ।

ਇਸ ਨਜ਼ਾਰੇ ਨੇ ਮੂਲੇ ਦੇ ਛੁਟਕਾਰੇ ਦਾ ਸਾਰਾ ਨਕਸ਼ਾ ਸੰਤ ਯਾਤਰੂ ਦੇ ਸਾਹਮਣੇ ਲੈ ਆਦਾਂ; ਕਿਸ ਤਰ੍ਹਾਂ ਮੂਲਾ ਸਹੇ ਦੀ ਸ਼ਕਲ ਵਿੱਚ ਹੀਰਾ ਘਾਟ ਕੋਲ ਨਿਕਲਿਆ, ਵੇਖਦਿਆਂ ਹੀ ਸਤਿਗੁਰੂ ਜੀ ਨੂੰ ਆਪਣੇ ਪਹਿਲੇ ਜਾਮੇ ਦਾ ਬਚਨ ਯਾਦ ਆਇਆ, "ਮੂਲਿਆ! ਤੇਰਾ ਉਧਾਰ ਦਸਵੇਂ ਜਾਮੇ ਵਿੱਚ ਕਰਾਂਗੇ। ਕਿਸ ਤਰ੍ਹਾਂ ਸਤਿਗੁਰੂ ਜੀ ਨੇ ਸਹੇ ਦੇ ਮਗਰ ਘੋੜਾ ਦੌੜਾਇਆ ਅਤੇ ਕਿਸ ਤਰ੍ਹਾਂ ਸਹਿਆ ਦਰਿਆ ਦੇ ਵੱਲ ਦੀ ਓਟ ਲੈਂਦਾ, ਖੇਤਾਂ ਵਿਚ ਲੁਕਦਾ ਛਿਪੱਦਾ ਸ਼ਿਕਾਰ ਘਾਟ ਦੇ ਟਿੱਬੇ ਹੇਠ ਜਾ ਨਿਕਲਿਆ। ਕਿਸ ਤਰ੍ਹਾਂ ਟਿੱਬੇ ਨੂੰ ਦੇਖ ਕੇ ਹਫਿਆ ਹੋਇਆ ਸਹਿਆ ਜ਼ਰਾ ਠਹਿਰ ਗਿਆ ਅਤੇ ਪਿੱਛੇ ਨੂੰ ਮੁੜ ਕੇ ਵੇਖਿਆ ਤਾਂ ਥੋੜ੍ਹੇ ਹੀ ਫਾਸਲੇ ਤੇ ਸਤਿਗੁਰੂ ਜੀ ਦਾ ਘੋੜਾ ਵਾਹੋ-ਦਾਹੀ ਪਿੱਛੇ ਨਜ਼ਰ ਆਇਆ। ਦੌੜ ਕੇ ਟਿੱਬੇ 'ਤੇ ਚੜ੍ਹ ਗਿਆ। ਟੀਸੀ 'ਤੇ ਪਹੁੰਚਦਿਆਂ ਹੀ ਦਮ ਹਾਰ ਗਿਆ। ਜ਼ਰਾ ਕੁ ਠਹਿਰ ਗਿਆ ਅਤੇ ਮੁੜ ਕੇ ਵੇਖਿਆ, ਪਰ ਨਾਲ ਹੀ ਸਤਿਗੁਰੂ ਦੇ ਤੀਰ ਦਾ ਸ਼ਿਕਾਰ ਹੋ ਗਿਆ ਅਤੇ ਮੂਲਾ ਬਬਾਨ ਵਿਚ ਧੰਨ ਗੁਰੂ! ਧੰਨ ਗੁਰੂ ਨਾਨਕ! ਆਖਦਾ ਬੈਕੁੰਠ ਧਾਮ ਵਿਚ ਜਾ ਬਿਰਾਜਿਆ।

(ਨੋਟ - ਜਦ ਹਮਜ਼ਾ ਗੌਸ ਨੇ ਸਿਆਲਕੋਟ ਵਿਚ ਕ੍ਰੋਪ ਹੋ ਕੇ ਪ੍ਰਣ ਕੀਤਾ ਕਿ ਮੈ ਸ਼ਹਿਰ ਨੂੰ ਨਸ਼ਟ ਕਰ ਦੇਣਾ ਹੈ ਅਤੇ ਏਸ ਆਸ਼ਾ ਦੇ ਪੂਰਨ ਕਰਨ ਲਈ ਚਿੱਲਾ ਕੱਟਣ ਲਈ ਗੁਬੰਜ ਵਿਚ ਬੰਦ ਹੋ ਗਿਆ, ਤਦ ਗਰੀਬ ਨਿਵਾਜ ਗੁਰੂ ਨਾਨਕ ਦੇਵ ਜੀ ਮਹਾਰਾਜ, ਅਨਾਥਾਂ ਦੀ ਪੁਕਾਰ ਸੁਣ ਕੇ ਬਾਬੇ ਦੀ ਬੇਰ ਹੇਠਾਂ ਆ ਬਿਰਾਜੇ। ਹਮਜ਼ਾ ਗੌਸ ਦੇ ਗੁਬੰਜ ਵੱਲ ਜਦ ਨਿਗਾਹ ਕੀਤੀ ਤਾਂ ਗੁਬੰਜ ਟੁੱਟ ਗਿਆ। ਰੌਸ਼ਨੀ ਵੇਖ ਕੇ ਫ਼ਕੀਰ ਤਿਲਮਲਾਇਆ ਅਤੇ ਚਿੱਲਾ ਟੁੱਟਣ ਕਰ ਕੇ ਮਨ ਵਿਚ ਬੜਾ ਕ੍ਰੋਧ ਖਾਧਾ। ਇਸ ਦਸ਼ਾ ਵਿੱਚ ਬਾਹਰ ਨਿਕਲਿਆ ਸਾਹਮਣੇ ਇੱਕ ਸ਼ਾਂਤੀ ਭਰੀ ਨੂਰਾਨੀ, ਰੱਬੀ ਸੂਰਤ ਨਜ਼ਰ ਆਈ, ਦੀਦਾਰ ਕਰ ਕੇ ਕੁਝ ਕੁ ਠੰਡਾ ਹੋਇਆ। ਫੇਰ ਵੀ ਗੁੱਸੇ ਵਿੱਚ ਪੁੱਛਿਆ ਕਿ ਮੇਰਾ ਚਿੱਲਾ ਕਿਉਂ ਤੋੜਿਆ ਜੇ? ਸਤਿਗੁਰੂ ਨੇ ਫ਼ਰਮਾਇਆ ਕਿ ਫ਼ਕੀਰਾਂ ਦਾ ਧਰਮ ਦਇਆ ਕਰਨਾ ਹੈ, ਨਾ ਕਿ ਗੁੱਸੇ ਵਿਚ ਆ ਕੇ ਭਲੇ-ਬੁਰੇ ਸਾਰਿਆਂ ਨੂੰ ਨਸ਼ਟ ਕਰਨਾ। ਹਮਜ਼ਾ ਗੌਸ ਨੇ ਜਵਾਬ ਦਿੱਤਾ, ਸਿਆਲਕੋਟ ਵਿੱਚ ਭਲਾ ਕੋਈ ਨਹੀਂ। ਮਹਾਰਾਜ ਨੇ ਪ੍ਰੀਖਿਆ ਲਈ ਮਰਦਾਨੇ ਨੂੰ ਇੱਕ ਟਕਾ ਦਿੱਤਾ ਤੇ ਫ਼ਰਮਾਇਆ "ਜਾਹ, ਸ਼ਹਿਰ ਵਿੱਚੋਂ ਇੱਕ ਟਕੇ ਦਾ ਸੱਚ, ਝੂਠ ਖਰੀਦ ਕੇ ਲੈ ਆ। ਮਰਦਾਨਾ ਸਾਰਾ ਬਾਜ਼ਾਰ ਫਿਰਿਆ, ਕਿਸੇ ਨੇ ਮਸਖ਼ਰੀ ਕੀਤੀ, ਕਿਸੇ ਨੇ ਮੋੜ ਦਿੱਤਾ ਕਿ ਸਾਡੇ ਪਾਸ ਇਹ ਸੌਦਾ ਨਹੀਂ ਹੈ। ਫਿਰਦਾ-ਫਿਰਦਾ ਮੂਲੇ ਦੀ ਦੁਕਾਨ 'ਤੇ ਪਹੁੰਚਿਆ। ਇਸ ਨੇ ਟਕਾ ਲੈ ਲਿਆ ਤੇ ਕਾਗ਼ਜ਼ 'ਤੇ ਲਿਖ ਦਿੱਤਾ "ਮਰਨਾ ਸੱਚ ਹੈ ਤੇ ਜਿਊਣਾ ਝੂਠ।" ਜਵਾਬ ਲੈ ਕੇ ਮਰਦਾਨਾ ਸਤਿਗੁਰੂ ਜੀ ਦੇ ਪਾਸ ਆਇਆ। ਸਤਿਗੁਰੂ ਜੀ ਨੇ ਹਮਜ਼ਾ ਗੌਸ ਨੂੰ ਦਿਖਾਇਆ। ਫ਼ਕੀਰ ਸ਼ਰਮਿੰਦਾ ਹੋਇਆ ਤੇ ਸਤਿਗੁਰੂ ਦੀ ਸ਼ਰਨ ਆਇਆ। ਇਹ ਖ਼ਬਰ ਸਾਰੇ ਸ਼ਹਿਰ ਵਿਚ ਧੁੰਮ ਗਈ। ਸਾਰੇ ਨਗਰ ਵਾਸੀ ਸਤਿਗੁਰੂ ਜੀ ਦੀ ਚਰਨੀਂ ਲੱਗੇ ਅਤੇ ਮੂਲਾ, ਸਤਿਗੁਰੂ ਜੀ ਦਾ ਸਿੱਖ ਬਣ ਕੇ ਸਤਿਗੁਰੂ ਜੀ ਦੇ ਨਾਲ ਟੁਰ ਪਿਆ। ਕੁਛ ਸਮਾਂ ਮਹਾਰਾਜ ਜੀ ਦੇ ਨਾਲ ਰਿਹਾ, ਜਦ ਵਿਚਰਦੇ-ਵਿਚਰਦੇ ਪੂਰਬ ਦੇਸ ਵਿਚ ਪਹੁੰਚੇ, ਤਦ ਮੂਲੇ ਨੂੰ ਸਿਆਲਕੋਟ ਤੋਂ ਆਪਣੀ ਇਸਤਰੀ ਦਾ ਮੋਹ ਭਰਿਆ ਸੁਨੇਹਾ ਮਿਲਿਆ ਕਿ ਛੇਤੀ ਮੁੜ ਆਓ, ਨਹੀਂ ਤਾਂ ਘਰ ਉਜੜ ਜਾਏਗਾ। ਮੂਲੇ ਨੇ ਸਤਿਗੁਰੂ ਜੀ ਕੋਲੋਂ ਆਗਿਆ ਮੰਗੀ। ਮਹਾਰਾਜ ਹੱਸ ਪਏ ਤੇ ਆਖਿਆ, "ਮੂਲਿਆ! ਜੇ ਮੋਹ ਤੋੜ ਦੇਵੇਂ, ਤੈਨੂੰ ਐਤਕੀਂ ਹੀ ਜੀਵਨ

ਮੁਕਤ ਕਰ ਦੇਈਏ।'' ਮੂਲੇ ਨੇ ਉੱਤਰ ਦਿੱਤਾ, ''ਸੱਚੇ ਪਾਤਸ਼ਾਹ! ਔਖਾ ਹੈ, ਆਗਿਆ ਬਖਸ਼ੋ।'' ਮਹਾਰਾਜ ਨੇ ਕਿਹਾ, ''ਭਲਾ ਜਾਹ ਤੇਰੀ ਮਰਜ਼ੀ।'' ਮੂਲਾ ਆਪਣੇ ਪਰਵਾਰ ਵਿੱਚ ਚਲਾ ਗਿਆ ਕੁਛ ਚਿਰ ਮਗਰੋਂ ਸਤਿਗੁਰੂ ਜੀ ਫਿਰ ਸਿਆਲਕੋਟ ਪਹੁੰਚੇ। ਹਿਰਦੇ ਵਿੱਚ ਖਿਆਲ ਆਇਆ ਕਿ ਚੱਲੋ ਆਪਣੇ ਸਿੱਖ ਦਾ ਦਰਸ਼ਨ ਮੇਲਾ ਕਰੀਏ। ਬਾਲੇ ਮਰਦਾਨੇ ਨੂੰ ਨਾਲ ਲੈ ਕੇ ਉਸ ਦੇ ਘਰ ਵੱਲ ਟੁਰ ਪਏ। ਅਜੇ ਘਰ ਤੋਂ ਦੂਰ ਹੀ ਸਨ ਕਿ ਮੂਲੇ ਦੀ ਇਸਤਰੀ ਦੀ ਇਨ੍ਹਾਂ 'ਤੇ ਨਿਗਾਹ ਪੈ ਗਈ। ਮਨ ਵਿੱਚ ਖਿਆਲ ਆਇਆ ਕਿ ਉਹੀ ਤਿੰਨੇ ਸਾਧ ਆ ਰਹੇ ਹਨ, ਫੇਰ ਮੇਰੇ ਪਤੀ ਨੂੰ ਭਰਮਾ ਕੇ ਲੈ ਜਾਣਗੇ। ਦੌੜੀ-ਦੌੜੀ ਪਤੀ ਪਾਸ ਆਈ ਤੇ ਬੇਨਤੀ ਕੀਤੀ, ''ਕਿਤੇ ਲੁਕ ਜਾਓ, ਉਹੀ ਤਿੰਨੇ ਸਾਧੂ ਆ ਰਹੇ ਹਨ, ਕਿਧਰੇ ਫੇਰ ਨਾ ਘਰੋਂ ਕੱਢ ਲਿਜਾਣ।'' ਮੋਹ ਦਾ ਮਾਰਿਆ ਮੂਲਾ, ਇਸਤਰੀ ਦੇ ਆਖੇ ਲੱਗ ਕੇ ਗੋਹਿਆ ਦੇ ਕੋਠੇ ਵਿੱਚ ਲੁਕ ਗਿਆ। ਇੰਨੇ ਵਿੱਚ ਸਤਿਗੁਰੂ ਜੀ ਬੂਹੇ ਅੱਗੇ ਆ ਪਹੁੰਚੇ। ਤਿੰਨ ਵਾਰੀ ਆਵਾਜ਼ ਮਾਰੀ, 'ਮੂਲਿਆ'। ਇਸਤਰੀ ਨੇ ਤਿੰਨੇ ਵਾਰੀ ਉੱਤਰ ਦਿੱਤਾ ਮੂਲਾ ਹੈ ਨਹੀ। ਸਤਿਗੁਰੂ ਮੁੜ ਗਏ। ਕਰਤਾਰ ਦੇ ਭਾਣੇ ਵਿੱਚ ਗੋਹਿਆਂ ਵਿੱਚੋਂ ਨਿਕਲ ਕੇ ਇੱਕ ਫਨੀਅਰ ਨਾਗ ਨੇ ਡੰਗ ਮਾਰਿਆ। ਡੰਗ ਲਗਦਿਆਂ ਹੀ ਮੂਲਾ ਬੇਸੁਧ ਹੋ ਗਿਆ। ਜਦ ਮੂਲੇ ਦੀ ਇਸਤਰੀ ਪਤੀ ਨੂੰ ਕੱਢਣ ਲਈ ਗਈ, ਤਦ ਭਾਣਾ ਵਰਤਿਆ ਦੇਖ ਕੇ ਲੱਗੀ ਪਿੱਟਣ। ਸਾਰੇ ਗਵਾਂਢੀ ਇਕੱਠੇ ਹੋ ਗਏ। ਵਿੱਚੋਂ ਕਿਸੇ ਸਿਆਣੇ ਨੇ ਪੁੱਛਿਆ, ''ਗੱਲ ਤਾਂ ਦੱਸ ਕੀ ਹੈ? ਮੂਲੇ ਦੀ ਇਸਤਰੀ ਸਾਰੀ ਵਿੱਥਿਆ ਸੁਣਾਈ। ਪ੍ਰੇਮੀ ਨੇ ਕਿਹਾ, ਬੜੀ ਅਵੱਗਿਆ ਹੋਈ, ਚੱਲੋ ਮੂਲੇ ਨੂੰ ਮੰਜੇ 'ਤੇ ਪਾ ਸੰਤਾਂ ਪਾਸ ਲੈ ਚੱਲੋ। ਉਹਨਾਂ ਦੀ ਸ਼ਰਨ ਬਗੈਰ ਕੋਈ ਸਹਾਰਾ ਨਹੀਂ। ਇੰਨੇ ਨੂੰ ਸਤਿਗੁਰੂ ਜੀ ਥੋੜ੍ਹੀ ਦੂਰ ਇੱਕ ਜਗ੍ਹਾ 'ਤੇ ਜਾ ਬੈਠੇ ਸਨ। ਜਦ ਮੂਲੇ ਨੂੰ ਮਹਾਰਾਜ ਜੀ ਪਾਸ ਲੈ ਗਏ ਤਾਂ ਸੱਚੇ ਪਾਤਸ਼ਾਹ ਨੇ ਫ਼ਰਮਾਇਆ ਕਿ ਹੁਣ ਤਾਂ ਜ਼ਹਿਰ ਚੜ੍ਹ ਗਿਆ ਹੈ, ਕੁਛ ਨਹੀਂ ਹੋ ਸਕਦਾ। ਅਗਲੇ ਜਨਮ ਇਹ ਸਹਿਆ (ਖਰਗੋਸ਼) ਬਣੇਗਾ, ਅਸੀਂ ਦਸਵੇਂ ਜਾਮੇ ਵਿੱਚ ਇਸ ਦਾ ਉਧਾਰ ਕਰਾਂਗੇ, ਦਸਵੇਂ ਪਾਤਸ਼ਾਹ ਨੇ ਇਹ ਬਚਨ ਪੂਰਾ ਕੀਤਾ।)

ਸੰਤ ਯਾਤਰੂ, ਸਤਿਗੁਰੂ ਜੀ ਦੀ ਏਸ ਖੇਡ ਅਤੇ 'ਬਲਿਹਾਰੀ ਕੁਦਰਤ ਵਸਿਆ' ਦੇ ਰੰਗ ਵਿੱਚ ਮਸਤ ਤੁਰਦਾ ਆਇਆ, ਤਾਂ ਹੀ ਪਤਾ ਲੱਗਾ ਕਿ ਉਹ ਸ਼ਿਕਾਰ ਘਾਟ ਦੇ ਟਿੱਲੇ ਦੇ ਪੈਰਾਂ ਵਿੱਚ ਅੱਪੜ ਗਿਆ ਹੈ। ਮੁੱਖੋਂ ਧੰਨ ਗੁਰੂ ਨਾਨਕ! ਧੰਨ ਗੁਰੂ ਗੋਬਿੰਦ ਸਿੰਘ ਜੀ! ਦੀ ਆਵਾਜ਼ ਆਈ ਅਤੇ ਸਾਰਾ ਤਨ-ਮਨ ਸ਼ਰਧਾ ਦੀ ਰੰਗਣ ਵਿੱਚ ਰੰਗਿਆ ਗਿਆ।

ਥੋੜ੍ਹੀ ਦੂਰ ਚੜ੍ਹ ਕੇ ਇੱਕ ਮੰਦਰ ਨਜ਼ਰੀ ਪਿਆ ਅਤੇ ਨਾਲ ਹੀ ਉੱਪਰ ਜਾਂਦਿਆਂ ਗੁਰਦੁਆਰੇ ਦਾ ਇੱਕ ਸੇਵਕ ਮਿਲਿਆ। ਸੰਤ ਜੀ ਦੀ ਵੈਰਾਗ ਭਰੀ ਅਤੇ ਤਪੱਸਵੀ ਸੂਰਤ ਨੂੰ ਵੇਖ ਕੇ ਇਹ ਸੇਵਕ ਖਿੱਚਿਆ ਗਿਆ ਅਤੇ ਸੰਤ ਜੀ ਮਹਾਰਾਜ ਦੇ ਨਾਲ-ਨਾਲ ਹੀ ਹੋ ਟੁਰਿਆ। ਪਹਿਲਾਂ ਮੰਦਰ ਦਾ ਦਰਸ਼ਨ ਕਰਾਇਆ। ਇਹ ਹਨੂੰਮਾਨ ਜੀ ਦੀ ਮਾਤਾ ਅੰਜਨੀ ਦੇ ਲੁਕਣ ਦੀ ਥਾਂ ਹੈ, ਜੋ ਆਪਣੇ ਪਿਤਾ ਗੌਤਮ ਦੇ ਸਰਾਪ ਤੋਂ ਡਰ ਕੇ ਇੱਥੇ ਆ ਲੁਕੀ ਸੀ ਤੇ ਇਸੇ ਥਾਂ ਉਸ ਦੇ ਉਦਰ ਤੋਂ ਪਵਨ ਪੁੱਤਰ ਹਨੂੰਮਾਨ ਜਨਮਿਆ ਸੀ।

ਉੱਪਰ ਜਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਗੁਰਦੁਆਰੇ ਦਾ ਦਰਸ਼ਨ ਕੀਤਾ ਅਤੇ ਚਰਨ ਧੂੜ ਮਸਤਕ ਤੇ ਲਾਈ। ਫੇਰ ਸੇਵਕ ਨੇ ਟਿੱਬੇ ਦੇ ਉੱਪਰ ਇੱਕ ਕੁਦਰਤੀ ਤਲਾਬ ਵਿਖਾਇਆ ਜਿਸ ਦਾ ਜਲ ਹਾੜ ਸਿਆਲ ਕਦੇ ਵੀ ਨਹੀਂ ਸੀ ਸੁੱਕਦਾ। ਫੇਰ ਸੇਵਕ ਨੇ ਸੰਤ ਜੀ ਮਹਾਰਾਜ ਨੂੰ ਅਰਾਮ ਕਰਨ ਵਾਸਤੇ ਇੱਕ ਨਿੱਕੀ ਜਿਹੀ ਕੁਟੀਆ ਦੱਸੀ ਅਤੇ ਆਪ ਪ੍ਰਸ਼ਾਦਾ ਲੈਣ ਵਾਸਤੇ ਹੇਠ ਪਿੰਡ ਵਿੱਚ ਚਲਾ ਗਿਆ। ਕੁਝ ਚਿਰ ਮਗਰੋਂ ਜਵਾਰੀ (ਜਵਾਰ) ਦੇ ਮੋਟੇ ਪ੍ਰਸ਼ਾਦੇ ਅਤੇ ਲੱਸੀ ਲਿਆਇਆ ਅਤੇ ਸੰਤ ਜੀ ਮਹਾਰਾਜ ਪ੍ਰਸ਼ਾਦਾ ਛਕਣ ਲੱਗ ਪਏ

ਤੇ ਇਹ ਪ੍ਰੇਮੀ ਸ਼ਿਕਾਰ ਘਾਟ ਦੀ ਸਾਖੀ ਸੁਣਾਉਂਦਾ ਰਿਹਾ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਮੂਲੇ ਦੇ ਉਧਾਰ ਮਗਰੋਂ ਟੀਕਰੀ ਤੇ ਚੜ੍ਹੇ, ਸਹੇ ਦਾ ਸਸਕਾਰ ਕੀਤਾ ਅਤੇ ਖ਼ਾਲਸਾ ਜੀ ਨੂੰ ਆਖਿਆ ਕਿ, "ਖ਼ਾਲਸਾ ਜੀ! ਕਿਆ ਠੰਡੀ-ਠੰਡੀ ਅਨੰਦਪੁਰ ਦੀ ਹਵਾ ਆਉਂਦੀ ਹੈ। ਤੁਸੀਂ ਏਥੇ ਹੀ ਠਹਿਰੋ, ਤੁਹਾਨੂੰ ਇਸ ਦੇਸ਼ ਦਾ ਰਾਜ ਦਿੱਤਾ।" ਪਰ ਸਿੰਘਾਂ ਨੇ ਆਖਿਆ, "ਸੱਚੇ ਪਾਤਸ਼ਾਹ! ਪਿੱਛੇ ਪੰਜਾਬ ਦੇ ਘਰ ਬਾਲ-ਬੱਚੇ ਯਾਦ ਆਉਂਦੇ ਹਨ।" ਸਤਿਗੁਰੂ ਜੀ ਨੇ ਹੁਕਮ ਦਿੱਤਾ, "ਘਰ ਏਧਰ ਹੀ ਬਣਾ ਲਵੋ।" ਪਰ ਸਿੱਖ ਨਾ ਮੰਨੇ।

ਇਹ ਦੇਖ ਕੇ ਸਤਿਗੁਰੂ ਜੀ ਨੇ ਫ਼ਰਮਾਇਆ, ਹੁਣ ਬਚਨ ਨਹੀਂ ਮੰਨਦੇ, ਫੇਰ ਜੂਠੀਆਂ ਪੱਤਲਾਂ ਚੱਟੋਗੇ। ਏਧਰ ਸੰਤ ਜੀ ਨੇ ਪ੍ਰਸ਼ਾਦਾ ਛਕ ਲਿਆ-ਜਵਾਰ ਕੀ ਸੀ, ਮਿੱਠੇ ਦੁੱਧ ਦੇ ਘੁੱਟ ਅਤੇ ਉੱਧਰ ਸੇਵਕ ਨੇ ਸਾਖੀ ਦਾ ਭੋਗ ਪਾਇਆ। ਹੱਥ ਧੋ ਕੇ ਸੰਤ ਜੀ ਇਕਾਂਤ ਹੋ ਗਏ ਅਤੇ ਸੇਵਕ ਆਪਣੇ ਕੰਮ ਲੱਗ ਪਿਆ।

ਸ਼ਿਕਾਰ ਘਾਟ ਦੀ ਹਵਾ, ਜਲ ਦਾ ਕੁੰਡ, ਸੇਵਕ ਦਾ ਗਰੀਬ ਸੁਭਾਵ ਅਤੇ ਮਿੱਠੇ ਜਵਾਰ ਦੇ ਪ੍ਰਸ਼ਾਦੇ ਸੰਤ ਜੀ ਮਹਾਰਾਜ ਨੂੰ ਬੜੇ ਪਸੰਦ ਆਏ ਅਤੇ ਆਪ ਇੱਥੇ ਹੀ ਟਿੱਕ ਪਏ, ਤਿੰਨ ਮਹੀਨੇ ਇੱਥੇ ਹੀ ਬਿਤਾਏ। ਸੰਤ ਜੀ ਦਿਨ-ਰਾਤ ਸਿਮਰਨ, ਬਾਣੀ ਅਤੇ ਸਤਿਗੁਰੂ ਦੇ ਹੁਕਮ ਦੀ ਕਮਾਈ ਵਿੱਚ ਮਸਤ ਰਹਿੰਦੇ। ਕਦੀ-ਕਦੀ ਸੰਤ ਜੀ ਨਾਲ ਦੇ ਜੰਗਲ ਵਿੱਚ ਵੀ ਚਲੇ ਜਾਂਦੇ ਅਤੇ ਉੱਥੇ ਕੰਦ ਮੂਲ ਜਾਂ ਕਬੀਠ ਛਕ ਕੇ ਹੀ ਆਪਣੇ ਅਨੰਦ ਵਿੱਚ ਮਸਤ ਰਹਿੰਦੇ।

ਪੂਜਾਰੀ ਨਾਨੂ ਸਿੰਘ ਸੰਤ ਜੀ ਮਹਾਰਾਜ ਦਾ ਬੜਾ ਖਿਆਲ ਰੱਖਦੇ। ਉਨ੍ਹਾਂ ਨੇ ਸੰਤ ਜੀ ਨੂੰ ਇਸੇ ਜਗ੍ਹਾ ਭਾਈ ਹਜ਼ੂਰਾ ਸਿੰਘ ਜੀ ਗ੍ਰੰਥੀ ਦੇ ਹੱਥ ਦੋ ਕਛਹਿਰੇ ਅਤੇ ਪਰਨਾ ਭੇਜਿਆ। ਸੰਤ ਜੀ ਨੇ ਇੱਕ ਕਛਹਿਰਾ ਅਤੇ ਪਰਨਾ ਰੱਖ ਲਿਆ। ਜਦੋਂ ਭਾਈ ਹਜ਼ੂਰਾ ਸਿੰਘ ਜੀ ਨੇ ਪੁਰਾਣਾ ਕਛਹਿਰਾ ਮੰਗਿਆ, ਤਾਂ ਆਪ ਨੇ ਗੋਦਾਵਰੀ ਗੰਗਾ ਵਿਚ ਜਲ ਪ੍ਰਵਾਹ ਕਰ ਦਿੱਤਾ। ਇੱਕ ਲੱਖ ਪਾਠ ਜਪੁਜੀ ਸਾਹਿਬ ਦੇ ਨਗੀਨਾ ਘਾਟ ਉੱਤੇ ਅਤੇ ਪੱਝੀ ਹਜ਼ਾਰ ਸ਼ਿਕਾਰ ਘਾਟ ਉੱਤੇ ਪੂਰੇ ਕੀਤੇ।

ਸਮਾਂ ਬੜਾ ਸੋਹਣਾ ਬੀਤਿਆ। ਸੇਵਕ ਇਨ੍ਹਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ, ਪਰ ਸਚਖੰਡ ਦਰਬਾਰ ਦੀ ਚਰਨ ਧੂੜ ਨੇ ਫੇਰ ਖਿੱਚ ਕੀਤੀ। ਸੰਤ ਜੀ ਨਗੀਨਾ ਘਾਟ ਵੱਲ ਮੁੜ ਪਏ। ਮਾਤਾ ਜੀ ਦੇ ਅਸਥਾਨ ਅਤੇ ਘਾਟ ਤੋਂ ਹੁੰਦੇ ਹੋਏ ਨਗੀਨਾ ਘਾਟ ਅੱਪੜੇ ਅਤੇ ਪੂਜਾਰੀ ਬੁੰਗੇ ਵਿੱਚ ਆ ਡੇਰਾ ਕੀਤਾ। ਅੱਗੇ ਵਾਗੂੰ ਹੀ ਸਿਮਰਨ ਅਤੇ ਤਪ ਵਿੱਚ ਮਸਤ ਰਹਿੰਦੇ ਅਤੇ ਦੌਧਰ ਵਾਲੇ ਰਾਗੀ ਥੰਮਨ ਸਿੰਘ ਜੀ ਅਤੇ ਭਾਈ ਹਜ਼ੂਰਾ ਸਿੰਘ ਜੀ ਗ੍ਰੰਥੀ ਸੇਵਾ ਕਰਦੇ।

ਹੁਣ ਹਜ਼ੂਰ ਸਾਹਿਬ ਆਇਆਂ ਦੋ ਸਾਲ ਪੂਰੇ ਹੋਣ ਵਾਲੇ ਸਨ ਕਿ ਇੱਕ ਦਿਨ ਗੋਦਾਵਰੀ ਗੰਗਾ ਦੇ ਕੰਢੇ, ਸਿਮਰਨ ਕਰਦਿਆਂ ਮਨ ਵਿੱਚ ਲਹਿਰ ਉੱਠੀ ਕਿ ਸਰੀਰ ਨੂੰ ਕੀ ਰੱਖਣਾ ਹੈ, ਇਸ ਨੂੰ ਇੱਥੇ ਹੀ ਸਤਿਗੁਰੂ ਦੇ ਚਰਨਾਂ ਵਿੱਚ ਲੈ ਕਰ ਦਈਏ। ਬਿਜਲੀ ਵੱਤ ਤਰੰਗ ਉੱਠਦਿਆਂ ਹੀ ਗੋਦਾਵਰੀ ਗੰਗਾ ਵਿੱਚ ਛਾਲ ਕੱਢ ਮਾਰੀ ਪਰ ਅਛੋਪ ਹੀ ਕਿਸੇ ਨੇ ਕੰਢੇ ਤੇ ਸੁੱਟ ਦਿੱਤਾ ਅਤੇ ਆਖਿਆ, "ਸਿੱਖਾ! ਸਾਵਧਾਨ ਹੋ, ਤੂੰ ਤਾਂ ਪੰਜਾਬ ਦੇਸ਼ ਵਿੱਚ ਅੰਮ੍ਰਿਤ ਦਾ ਪ੍ਰਵਾਹ ਅਤੇ ਸਾਰੀ ਦੁਨੀਆਂ ਵਿੱਚ ਸਤਿਨਾਮ ਦਾ ਚੱਕਰ ਚਲਾਉਣਾ ਹੈ।"

ਏਸ ਕੌਤਕ ਦੇ ਕੁਝ ਦਿਨ ਮਗਰੋਂ, ਸੰਤ ਜੀ ਕੁਝ ਦਾਤਨਾਂ ਲੈ ਕੇ ਦਰਬਾਰ ਸਾਹਿਬ ਆ ਹਾਜ਼ਰ ਹੋਏ ਅਤੇ ਅਰਦਾਸਾ ਸੋਧ ਕੇ ਪੰਜਾਬ ਵੱਲ ਤਿਆਰੀ ਕਰ ਲਈ। ਸੱਚਖੰਡ ਦਰਬਾਰ ਦੇ ਪੁਜਾਰੀ ਭਾਈ ਨਾਨੂ ਸਿੰਘ ਜੀ ਬਸਤਰ ਦੇ ਰਹੇ, ਪਰ ਸੰਤ ਜੀ ਮਹਾਰਾਜ ਨੇ ਨਾ ਲਏ।

ਕਾਂਡ ੬

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥
ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥
ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥ (੪੪੯)

ਹਰਿਦੁਆਰ-ਰਿਸ਼ੀਕੇਸ਼ ਤਪ ਕਰਨਾ

ਹਜ਼ੂਰ ਸਾਹਿਬ ਆਇਆਂ ਦੋ ਸਾਲ ਹੋ ਚੁੱਕੇ ਸਨ ਅਤੇ ਗੋਦਾਵਰੀ ਗੰਗਾ ਵਿੱਚ ਛਾਲ ਮਾਰਨ ਅਤੇ ਕੰਢੇ ਪਰ ਅਛੋਪ ਸੁੱਟੇ ਜਾਣ ਦੇ ਸਮੇਂ ਅਕਾਲੀ ਹੁਕਮ ਵੀ ਸੁਣਿਆ ਸੀ ਕਿ 'ਸਿੱਖਾ!' ਤੂੰ ਤਾਂ ਪੰਜਾਬ ਵਿੱਚ ਅੰਮ੍ਰਿਤ ਦਾ ਪ੍ਰਵਾਹ ਚਲਾਉਣਾ ਹੈ। ਚਿੱਤ ਕੁਝ ਉਪਰਾਮ ਹੋ ਗਿਆ, ਚੁੱਪੀਤੇ ਹੀ ਤਿਆਰੀ ਕਰ ਲਈ, ਇੱਕ ਪ੍ਰੇਮੀ ਭਗਤ ਸਿੰਘ ਨਾਮੀ ਨਾਲ ਤਿਆਰ ਹੋ ਗਿਆ। ਦੂਸਰੇ ਦਿਨ ਅੰਮ੍ਰਿਤ ਵੇਲੇ ਮੂੰਹ ਹਨੇਰੇ ਹੀ ਅਰਦਾਸਾ ਸੋਧ ਕੇ ਟੁਰ ਪਏ। ਚਿੱਤ ਵਿੱਚ ਤਾਂ ਕਲਗੀਧਰ ਦੇ ਸੱਚਖੰਡ ਦੇ ਦਰਬਾਰ ਦੇ ਦਰਸ਼ਨ ਦੀ ਖੋਹ ਪੈਂਦੀ ਸੀ ਪਰ ਮਨ ਵਿੱਚ ਸਤਿਗੁਰੂ ਦਾ ਹੁਕਮ ਸੀ, ਦਰਸ਼ਨ ਤੋਂ ਹੁਕਮ ਵੱਡਾ ਸਮਝ ਕੇ ਟੁਰ ਆਏ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ (੪੭੧)

ਕਈ ਮੰਜਿਲਾਂ ਤੈਅ ਕਰਨ ਦੇ ਮਗਰੋਂ ਮੱਧ ਹਿੰਦੁਸਤਾਨ ਵਿੱਚ ਪਹੁੰਚੇ। ਏਸ ਦੇਸ਼ ਵਿੱਚ ਬੜੇ-ਬੜੇ ਘਣੇ ਜੰਗਲ ਹਨ। ਸੜਕ ਕਈ ਵਾਰੀ ਸੈਂਕੜੇ ਮੀਲ ਇਨ੍ਹਾਂ ਜੰਗਲਾਂ ਦੇ ਵਿੱਚੋਂ ਦੀ ਲੰਘਦੀ ਹੈ।

ਇੱਕ ਦਿਨ ਸੰਤ ਜੀ ਮਹਾਰਾਜ ਅਤੇ ਭਾਈ ਭਗਤ ਸਿੰਘ ਜੀ ਏਸ ਦੇਸ਼ ਵਿੱਚ ਟੁਰੇ ਜਾ ਰਹੇ ਸਨ। ਸੜਕ ਦੇ ਦੋਵਾਂ ਪਾਸੀਂ ਬੜਾ ਘਣਾ ਜੰਗਲ ਸੀ। ਕੁਝ ਦੂਰ ਇੱਕ ਬੜਾ ਭਾਰੀ ਜੰਗਲੀ ਸ਼ੇਰ ਨਜ਼ਰ ਆਇਆ। ਭਾਈ ਭਗਤ ਸਿੰਘ ਜੀ ਨੇ ਮਨ ਵਿੱਚ ਭਉ ਖਾਧਾ ਅਤੇ ਥੋੜ੍ਹਾ ਜਿਹਾ ਝਿਜਕਿਆ, ਪਰ ਸੰਤ ਜੀ ਮਹਾਰਾਜ ਅਡੋਲ ਹੀ ਚਲਦੇ ਗਏ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (੧੪੨੭)

ਸ਼ੇਰ ਜਦੋਂ ਨੇੜੇ ਆਇਆ, ਤਦ ਉਸ ਨੇ ਸੰਤ ਜੀ ਦੇ ਚਿਹਰੇ ਵੱਲ ਤੱਕਿਆ, ਮਾਨੋ ਕਿ ਦਰਸ਼ਨ ਕਰਦਾ ਹੈ, ਸੰਤ ਜੀ ਮਹਾਰਾਜ ਨੇ ਉਸ ਵੱਲ ਅੰਮ੍ਰਿਤ ਭਰੇ ਨੇਤਰ ਮੋੜੇ।

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ (੨੭੩)

ਨਿਗਾਹ ਪੈਂਦਿਆਂ ਹੀ ਸ਼ੇਰ ਦੇ ਹਿਰਦੇ ਵਿੱਚ ਠੰਡ ਪੈ ਗਈ ਅਤੇ ਉਹ ਪੂਛ ਹਿਲਾਉਂਦਾ-ਹਿਲਾਉਂਦਾ ਇੱਕ ਬਿੱਲੀ ਦੀ ਨਿਆਈਂ ਜੰਗਲ ਵਿੱਚ ਵੜ ਗਿਆ। ਸੰਤ ਜੀ ਮਹਾਰਾਜ ਨੇ ਭਾਈ ਭਗਤ ਸਿੰਘ ਵੱਲ ਤੱਕਿਆ ਅਤੇ ਹੱਸ ਕੇ ਆਖਿਆ, ਭਾਈ ਭਗਤ ਸਿੰਘ ਜੀ ਅੰਤਰਜਾਮੀ ਦਰਸ਼ਨ ਦੇਣ ਆਇਆ ਸੀ।

ਮੱਧ ਹਿੰਦੁਸਤਾਨ ਨੂੰ ਚੀਰਦੇ ਹੋਏ ਖਾਂਡਵਾ ਦੇ ਰਸਤੇ ਆਪ ਅਜਮੇਰ ਪਹੁੰਚੇ ਅਤੇ ਪੁਸ਼ਕਰ ਰਾਜ

ਤੀਰਥਾਂ ਦੇ ਦਰਸ਼ਨ ਕੀਤੇ। ਇੱਥੇ ਕਿਸੇ ਪਾਸੋਂ ਗੰਗਾ ਜੀ ਦੇ ਕੁੰਭ ਦਾ ਪਤਾ ਲੱਗਾ ਤਾਂ ਸੰਤ ਜੀ ਸਿੱਧੇ ਹਰਿਦੁਆਰ ਪਹੁੰਚੇ। ਕੁਦਰਤੀ ਏਥੇ ਭਾਈ ਕਿਸ਼ਨ ਸਿੰਘ ਜੀ ਘਾਘਦਾ ਵਾਲੇ, ਜੋ ਕਿ ਪਿੰਡ ਚੀਮੇਂ ਵਿੱਚ ਸੰਤ ਭਾਈ ਬੂਟਾ ਸਿੰਘ ਜੀ ਦੇ ਡੇਰੇ ਰਹਿੰਦੇ ਸਨ ਅਤੇ ਕੁੰਭ ਦੇ ਇਕੱਠ 'ਤੇ ਆਏ ਹੋਏ ਸਨ, ਸੰਤ ਜੀ ਮਹਾਰਾਜ ਨੂੰ ਮਿਲ ਪਏ। ਉਨ੍ਹਾਂ ਆਖਿਆ ਕਿ ਮਾਤਾ ਭੋਲੀ ਜੀ ਬਹੁਤ ਉਦਾਸ ਰਹਿੰਦੇ ਹਨ ਅਤੇ ਹਰ ਵਕਤ ਆਪ ਨੂੰ ਯਾਦ ਕਰਦੇ ਰਹਿੰਦੇ ਹਨ ਕ੍ਰਿਪਾ ਕਰਕੇ ਕਦੀ ਉਨ੍ਹਾਂ ਨੂੰ ਚੀਮੇਂ ਦਰਸ਼ਨ ਦੇਵੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ਮਾਤਾ ਜੀ ਦੇ ਦਰਸ਼ਨ ਤਾਂ ਜ਼ਰੂਰ ਕਰਾਂਗੇ ਪਰ ਮਾਤਾ ਜੀ ਨੂੰ, ਆਖ ਦੇਣਾ ਕਿ ਹੁਣ ਅਸੀਂ ਘਰ ਨਹੀਂ ਠਹਿਰ ਸਕਦੇ: ਅਸਾਂ ਪਿਆਰੇ ਦੀ ਕਾਰ ਵਿੱਚ ਹਾਜ਼ਰੀ ਭਰਨੀ ਹੈ।

ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥ (੪੪੯)

ਕੁੰਭ ਦੇ ਦਰਸ਼ਨ ਮੇਲੇ ਦੇ ਮਗਰੋਂ ਕੁਝ ਚਿਰ ਤਾਂ ਸੰਤ ਜੀ ਹਰਿਦੁਆਰ ਰਹੇ, ਫੇਰ ਰਿਖੀਕੇਸ਼ ਚਲੇ ਗਏ। ਏਸ ਸਮੇਂ ਇਨ੍ਹਾਂ ਪਾਸ ਤੇੜ ਕੇਵਲ ਇੱਕ ਕਛਹਿਰਾ ਅਤੇ ਸਿਰ 'ਤੇ ਛੋਟਾ ਭੂਰੀ ਦਾ ਦਸਤਾਰਾ ਸੀ। ਸਫ਼ਰ ਵੇਲੇ ਇੱਕ ਛੋਟੀ ਕਾਲੀ ਚਿੱਟੀ ਭੂਰੀ ਪਾਸ ਰੱਖਦੇ, ਪਰ ਜਦ ਕਿਧਰੇ ਕੁਝ ਸਮੇਂ ਵਾਸਤੇ ਟਿਕ ਪੈਂਦੇ ਤਾਂ ਇਹ ਭੀ ਆਸਣ 'ਤੇ ਪਏ ਰਹਿੰਦੇ।

ਹਰਿਦੁਆਰ ਅਤੇ ਰਿਖੀਕੇਸ਼ ਸੰਤ ਜੀ ਮਹਾਰਾਜ ਦੋ ਵਜੇ ਇੱਕ ਚੁੱਭੀ ਗੰਗਾ ਵਿੱਚ ਲਾ ਕੇ ਛੇਤੀ ਆਸਣ 'ਤੇ ਆ ਜਾਂਦੇ ਕਿ ਕਿਧਰੇ ਅਭਿਆਸ ਦਾ ਇੱਕ ਪਲ ਵੀ ਅਜਾਂਈ ਨਾ ਚਲਿਆ ਜਾਵੇ। ਫੇਰ ਦੁਪਹਿਰ ਤਕ ਇੱਕ-ਰਸ ਨਾਮ-ਬਾਣੀ ਵਿੱਚ ਮਗਨ ਰਹਿੰਦੇ। ਜਦ ਛੇਤ੍ਰ ਵਰਤਨ ਦਾ ਸਮਾਂ ਹੁੰਦਾ ਤਾਂ ਚੁੱਪ ਕਰਕੇ ਭੰਡਾਰੀ ਅੱਗੇ ਹੱਥ ਕਰ ਦਿੰਦੇ, ਉਦੋਂ ਮੂੰਹੋਂ ਨਾ ਬੋਲਦੇ। ਜੇ ਕੋਈ ਪ੍ਰਸ਼ਾਦਾ ਹੱਥ ਤੇ ਰੱਖ ਦਿੰਦਾ ਤਾਂ ਛਕ ਲੈਂਦੇ, ਨਹੀ ਤਾਂ ਗੰਗਾ ਜਲ ਛਕ ਕੇ ਫੇਰ ਅਭਿਆਸ ਵਿੱਚ ਜੁੱਟ ਪੈਂਦੇ। ਰਾਤ ਦੇ ਸਮੇਂ ਵੀ ਅਭਿਆਸ ਵਿੱਚ ਲੱਗੇ ਰਹਿੰਦੇ ਅਤੇ ਜਦ ਨੀਂਦ ਜ਼ੋਰ ਪਾਉਂਦੀ ਤਾਂ ਬੈਠੇ-ਬੈਠੇ ਹੀ ਬਿਰਾਜ ਲੈਂਦੇ ਜਾਂ ਆਪਣੇ ਆਸਣ ਤੇ ਹੀ ਟੇਢੇ ਹੋ ਜਾਂਦੇ।

ਕਈ ਵਾਰੀ ਸਾਰੇ ਛੇਤਰਾਂ ਤੋਂ ਹੀ ਪ੍ਰਸ਼ਾਦਾ ਲੈ ਆਉਂਦੇ ਅਤੇ ਦਸ-ਦਸ ਪੰਦਰਾਂ-ਪੰਦਰਾਂ ਪ੍ਰਸ਼ਾਦੇ ਛਕ ਜਾਂਦੇ ਅਤੇ ਕਈ ਵਾਰੀ ਵੈਰਾਗ ਦਸ਼ਾ ਵਿੱਚ ਰੋਈ ਜਾਂਦੇ ਅਤੇ ਪ੍ਰਸ਼ਾਦੇ ਕੁੱਤਿਆਂ ਨੂੰ ਪਾਈ ਜਾਂਦੇ।

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥ (੧੪੨੮)

ਇੱਕ ਵਾਰੀ ਰਿਖੀਕੇਸ਼ ਵਿਖੇ ਰਾਤ ਸਮੇਂ ਅਭਿਆਸ ਵਿੱਚ ਲੱਗੇ ਹੋਏ ਸਨ, ਚਿੱਤ ਸਰੀਰ ਤੋਂ ਬੜਾ ਉਪਰਾਮ ਹੋ ਗਿਆ, ਵੈਰਾਗ ਨੇ ਉਛਾਲਾ ਮਾਰਿਆ ਕਿ ਚੱਲੋ ਇਸ ਖਲੜੇ ਨੂੰ ਸਾਂਭ ਕੇ ਕੀ ਰੱਖਣਾ ਹੈ।

ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥ (੭੪੧)

ਏਸ ਨੂੰ ਕਿਸੇ ਅਰਥ ਲਾ ਦੇਈਏ। ਇਹ ਖਿਆਲ ਆਉਂਦਿਆਂ ਹੀ ਸੰਤ ਜੀ ਮਹਾਰਾਜ ਉਸ ਚਸ਼ਮੇ 'ਤੇ ਚਲੇ ਗਏ, ਜਿੱਥੇ ਰਾਤ ਨੂੰ ਦੂਨ ਦੇ ਜੰਗਲ ਦੇ ਸ਼ੇਰ ਪਾਣੀ ਪੀਣ ਆਉਂਦੇ ਸਨ। ਚਸ਼ਮੇ ਦੇ ਇੱਕ ਕਿਨਾਰੇ 'ਤੇ ਸੰਤ ਜੀ ਮਹਾਰਾਜ ਚੌਂਕੜੀ ਸਜਾ ਵੈਰਾਗ ਰੰਗਣ ਵਿੱਚ ਰੱਤੇ ਹੋਏ, ਨਾਮ-ਰਸ ਵਿੱਚ ਮਗਨ ਹੋ ਗਏ। ਕਈ ਸ਼ੇਰ ਪਾਣੀ ਪੀਣ ਆਏ, ਉਨ੍ਹਾਂ ਨੇ ਸੰਤ ਜੀ ਨੂੰ ਸੁੰਘਿਆ, ਪਰ ਖਾਧਾ ਕਿਸੇ ਨਾ। ਅੰਮ੍ਰਿਤ ਵੇਲੇ ਕਰਤਾਰ ਦੀ ਰਜ਼ਾ ਮੰਨ ਕੇ ਸੰਤ ਜੀ ਮਹਾਰਾਜ ਚਸ਼ਮੇ ਤੋਂ ਚਲੇ ਆਏ ਅਤੇ ਮਨ ਵਿੱਚ ਵਿਚਾਰ ਕੀਤੀ, "ਹੁਕਮੀ ਦਾ ਹੁਕਮ ਇਸ ਸਰੀਰ ਕੋਲੋਂ ਅਪਣੀ ਕਾਰ ਲੈਣ ਦਾ ਹੈ, ਤੇਰਾ ਕੰਮ ਹੁਕਮ ਮੰਨ ਕੇ ਸਤਿਗੁਰੂ ਦੀ ਰਜ਼ਾ ਵਿੱਚ ਹਾਜ਼ਰ ਰਹਿਣਾ ਹੈ, ਵਕਤ ਆਉਣ ਤੇ ਸਤਿਗੁਰੂ ਆਪ ਹੀ ਏਸ ਸਰੀਰ ਨੂੰ ਆਪਣੀ ਸੇਵਾ ਚੱਕਰ ਵਿੱਚ ਲੈ ਲੈਣਗੇ।"

ਇੱਕ ਦਿਨ ਰਿਖੀਕੇਸ਼ ਸਿਲਾ 'ਤੇ ਬੈਠੇ ਸੰਤ ਜੀ ਮਹਾਰਾਜ ਨਾਮ ਸਿਮਰਨ ਵਿੱਚ ਮਗਨ ਸਨ ਕਿ ਇੱਕ ਬੜਾ ਭਾਰੀ ਨਾਗ ਸਿਲ ਦੇ ਹੇਠੋਂ ਨਿਕਲ, ਆਪਣੇ ਫਨ ਖਿਲਾਰ, ਸਾਹਮਣੇ ਖੜਾ ਹੋ ਗਿਆ ਅਤੇ ਬੜੇ ਜ਼ੋਰ ਨਾਲ ਫੁੰਕਾਰੇ ਮਾਰਨ ਲੱਗ ਪਿਆ। ਸੰਤ ਜੀ ਮਹਾਰਾਜ ਨੇ ਨੇਤਰ ਖੋਲ੍ਹੇ, ਉਸ ਵੱਲ ਤੱਕਿਆ ਅਤੇ ਇਹ ਕਹਿ ਕੇ 'ਹੱਛਾ ਪ੍ਰੇਮੀਆਂ! ਤੇਰੀ ਮੇਰ ਛੱਡ ਦਿੰਦੇ ਹਾਂ' ਸਿਲਾ ਛੱਡ ਦਿੱਤੀ ਅਤੇ ਕੁਝ ਫਾਸਲੇ 'ਤੇ ਇੱਕ ਹੋਰ ਸਿਲਾ ਤੇ ਬੈਠ ਸਿਮਰਨ ਵਿੱਚ ਲੱਗ ਪਏ।

ਏਸ ਤਰ੍ਹਾਂ ਰਿਖੀਕੇਸ਼ ਵਿੱਚ ਸਾਲ ਤੋਂ ਵਧੀਕ ਸਮਾਂ ਬੀਤ ਗਿਆ। ਇੱਕ ਦਿਨ ਸਾਧ ਸੰਗਤ ਦੀ ਇੱਕਤਰਤਾ ਵਿੱਚ ਭਾਈ ਰਾਮ ਸਿੰਘ ਥਮ੍ਹਾਲੀ ਵਾਲੇ ਸੰਤ ਜੀ ਨੂੰ ਮਿਲ ਪਏ। ਦਰਸ਼ਨ ਮੇਲਾ ਹੁੰਦਿਆਂ ਹੀ ਆਪਸ ਵਿੱਚ ਪ੍ਰੇਮ ਹੋ ਗਿਆ, ਮਾਨੋ ਕਿ ਪੂਰਬ ਸੰਜੋਗ ਦਾ ਕੋਈ ਅੰਕੁਰ ਫੁੱਟ ਪਿਆ ਹੈ।

ਸੰਤ ਰਾਮ ਸਿੰਘ ਜੀ ਦਾ ਇੱਕ ਅਸਥਾਨ ਸਿਆਲਕੋਟ ਐਕ ਦੇ ਕੰਢੇ 'ਤੇ ਵੀ ਸੀ। ਇੱਕ ਦਿਨ ਬਚਨ ਬਿਲਾਸ ਕਰਦਿਆਂ ਉਨ੍ਹਾਂ ਸੰਤ ਜੀ ਮਹਾਰਾਜ ਅੱਗੇ ਸਿਆਲਕੋਟ ਜਾਣ ਦਾ ਸੰਕਲਪ ਪ੍ਰਗਟ ਕੀਤਾ। ਇਹ ਸੁਣ ਕੇ ਕੁਦਰਤੀ ਸੰਤ ਜੀ ਨੂੰ ਭਾਈ ਕਿਸ਼ਨ ਸਿੰਘ ਦਾ ਸੁਨੇਹਾ ਕਿ ਮਾਤਾ ਭੋਲੀ ਜੀ ਬਹੁਤ ਯਾਦ ਕਰਦੇ ਹਨ ਤੇ ਆਪਣਾ ਬਚਨ ਕਿ 'ਮਾਤਾ ਜੀ ਨੂੰ ਕਦੀ ਜ਼ਰੂਰ ਮਿਲਾਂਗੇ' ਯਾਦ ਆਏ ਸੋ ਸੰਤ ਜੀ ਮਹਾਰਾਜ ਦਾ ਪੰਜਾਬ ਵੱਲ ਮੁੜਨ ਦਾ ਖਿਆਲ ਹੋ ਗਿਆ।

ਕਾਂਡ ੭

ਸਿਰੀਰਾਗੁ ਮਹਲਾ ੩ ॥

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥
ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥
ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥
ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥
ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥ਰਹਾਉ॥
ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥
ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ ॥
ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥੨॥
ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥
ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥
ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥੩॥
ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥
ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥
ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥ (੩੨)

ਰਿਖੀਕੇਸ਼ ਤੋਂ ਪੰਜਾਬ ਫੇਰੀ

ਦੂਜੇ ਦਿਨ ਹੀ ਅੰਮ੍ਰਿਤ ਵੇਲੇ ਅਰਦਾਸਾ ਸੋਧ ਕੇ ਦੋਵੇਂ ਸੰਤ ਮਿੱਤਰ ਪਹਾੜ ਦੀ ਕੰਧੀ-ਕੰਧੀ ਟੁਰ ਪਏ। ਰਸਤੇ ਵਿੱਚ ਪਾਉਂਟੇ ਸਾਹਿਬ ਅਤੇ ਨਾਹਨ, ਦਸ਼ਮੇਸ਼ ਪਿਤਾ ਜੀ ਦੇ ਗੁਰਦੁਆਰਿਆਂ ਦੀ ਯਾਤਰਾ ਕਰਦੇ ਹੋਏ ਪੈਦਲ ਹੀ ਸਿਆਲਕੋਟ ਅੱਪੜੇ। ਇੱਥੋਂ ਸੰਤ ਜੀ ਮਹਾਰਾਜ ਕੁਝ ਦਿਨ ਔਕ ਦੇ ਕਿਨਾਰੇ, ਬਾਬਾ ਜੀ ਦੀ ਬੇਰ ਦੇ ਪੁਲ਼ ਪਾਸ, ਸੰਤ ਰਾਮ ਸਿੰਘ ਜੀ ਦੇ ਡੇਰੇ ਬਿਰਾਜੇ। ਬਾਬਾ ਜੀ ਦੀ ਬੇਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਧੂੜ ਮਸਤਕ ਲਾਈ:

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ (੪੬੮)

ਫੇਰ ਬਾਰ (ਪੱਛਮੀ ਪੰਜਾਬ) ਵਿੱਚੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚੇ। ਇੱਕ ਦਿਨ ਅੰਮ੍ਰਿਤ ਵੇਲੇ ਸੁਧਾਸਰ ਵਿੱਚ ਇਸ਼ਨਾਨ ਕਰ ਕੇ ਬਾਬਾ ਅਟੱਲ ਸਾਹਿਬ ਦੀ ਤੀਸਰੀ ਛੱਤ ਤੇ ਚੜ੍ਹ ਗਏ ਅਤੇ ਨਾਮ-ਰੰਗ ਵਿੱਚ ਮਸਤ ਹੋ ਬੈਠੇ। ਤਿੰਨ ਦਿਨ ਏਸ ਰੰਗਣ ਵਿੱਚ ਅਡੋਲ-ਰੱਤੇ ਰਹੇ, ਕਿਸੇ ਨੇ ਪ੍ਰਸ਼ਾਦ ਪਾਣੀ ਨਾ ਪੁੱਛਿਆ। ਚੌਥੇ ਦਿਨ ਸੁਤੇ ਹੀ ਚਿੱਤ ਵਿੱਚ ਪ੍ਰੇਮ ਭਰੀ ਲਹਿਰ ਉਪਜੀ, "ਬਾਬਾ ਅਟੱਲ! ਪੱਕੀਆਂ ਪਕਾਈਆਂ ਘੱਲ।"

ਸੰਕਲਪ ਫੁਰਿਆ ਹੀ ਸੀ ਕਿ ਉਸੇ ਵੇਲੇ ਇੱਕ ਪ੍ਰੇਮੀ ਖੀਰ ਅਤੇ ਪ੍ਰਸ਼ਾਦਾ ਲੈ ਕੇ ਆ ਗਿਆ। ਉਸ ਨੇ ਸੰਤ ਜੀ ਮਹਾਰਾਜ ਜੀ ਨੂੰ ਬੜੇ ਅਦਬ ਨਾਲ ਨਮਸਕਾਰ ਕੀਤੀ ਅਤੇ ਭੋਜਨ ਅੱਗੇ ਲਿਆ ਰੱਖਿਆ। ਸੰਤ ਜੀ

ਮਹਾਰਾਜ ਜੀ ਦੇ ਮੁੱਖ ਤੋਂ ਧੰਨ ਬਾਬਾ ਅਟੱਲ, ਧੰਨ ਸਤਿਗੁਰੂ, ਧੰਨ ਤੇਰਾ ਬਚਨ ਮੰਨਣ ਵਾਲੇ ਅਤੇ "ਧੰਨ ਤੇਰੀ ਮਾਨ ਨਿਮਾਨੀ ਰਜ਼ਾ ਭਰੀ ਖੇਡ" ਸਹਿਜ ਸੁਭਾਉ ਨਿਕਲੇ ਅਤੇ ਆਪ ਕੁਛ ਚਿਰ ਬਿਸਮਾਦ ਰੰਗਣ ਵਿੱਚ ਰੰਗੇ ਰਹੇ। ਹੁਣ ਪ੍ਰੇਮੀ ਨੇ ਬੇਨਤੀ ਕੀਤੀ ਕਿ ਮਹਾਰਾਜ ਪ੍ਰਸ਼ਾਦ ਛਕੋ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦੇ ਹੱਥ ਤੇ ਲੈ ਲਏ ਅਤੇ ਸ਼ੁਕਰ ਤੇ ਪ੍ਰਸੰਨਤਾ ਦਾ ਰੂਪ ਹੋ ਕੇ ਛਕੇ।

ਮਾਤਾ ਭੋਲੀ ਜੀ ਦੇ ਦਰਸ਼ਨ

ਅੰਮ੍ਰਿਤਸਰ ਸਾਹਿਬ ਤੋਂ ਸੰਤ ਜੀ ਮਹਾਰਾਜ ਦਮਦਮੇ ਸਾਹਿਬ ਗੁਰੂ ਕਾਸ਼ੀ ਸੰਮਤ ੧੯੪੮ ਬਿਕ੍ਰਮੀ (ਸੰਨ ੧੮੯੧ ਈਸਵੀ) ਵਿੱਚ ਵਿਸਾਖੀ ਦੇ ਜੋੜ-ਮੇਲੇ 'ਤੇ ਚਲੇ ਗਏ। ਸਾਧ ਸੰਗਤ ਦੇ ਦਰਸ਼ਨ ਕੀਤੇ। ਗੁਰੂ ਕਲਗੀਆਂ ਵਾਲੇ ਦੇ ਦਮਦਮੇ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬੇਰ ਦੇ ਦੀਦਾਰ ਲਏ।

ਦਮਦਮੇ ਸਾਹਿਬ ਤੋਂ ਸੰਤ ਜੀ ਮਹਾਰਾਜ ਮਾਤਾ ਭੋਲੀ ਜੀ ਦੇ ਪ੍ਰੇਮ ਦੇ ਖਿੱਚੇ ਹੋਏ ਚੀਮੇਂ ਗਏ ਅਤੇ ਬਾਹਰ ਹੀ ਆਪਣੇ ਖੇਤ ਵਿੱਚ ਜਾ ਬੈਠੇ। ਕੁਦਰਤੀ ਆਪ ਜੀ ਦੀ ਭੈਣ ਜੋ ਉਸ ਵੇਲੇ ਯਾਰਾਂ ਸਾਲਾਂ ਦੀ ਸੀ ਮਹਿੰ ਚਾਰਦੀ-ਚਾਰਦੀ ਆ ਨਿਕਲੀ। ਸੰਤ ਜੀ ਨੇ ਪਛਾਣ ਲਿਆ, ਪਰ ਬੀਬੀ ਜੀ ਨੇ ਨਹੀਂ ਪਛਾਣਿਆ। ਸੰਤ ਜੀ ਨੇ ਬੀਬੀ ਨੂੰ ਪੁੱਛਿਆ ਕਿ ਅਸੀਂ ਤੇਰੀ ਮਹਿੰ ਚਾਰਦੇ ਹਾਂ, ਤੂੰ ਪਿੰਡ ਨੂੰ ਜਾ ਅਤੇ ਮਾਤਾ ਜੀ ਨੂੰ ਸੱਦ ਲਿਆ ਇਹ ਸੁਣ ਕੇ ਬੀਬੀ ਨੂੰ ਵੀ ਆਪਣਾ ਚਿਰ ਦਾ ਵਿੱਛੜਿਆ ਹੋਇਆ ਭਰਾ ਯਾਦ ਆਇਆ ਅਤੇ ਉਹ ਦੌੜੀ-ਦੌੜੀ ਘਰ ਗਈ ਅਤੇ ਮਾਤਾ ਜੀ ਨੂੰ ਆਖਣ ਲੱਗੀ, "ਮਾਂ ਜੀ! ਉੱਠੋ ਛੇਤੀ, ਮੇਰੇ ਨਾਲ ਚੱਲੋ, ਗਵਾਚਾ ਹੋਇਆ ਵੀਰ ਬਾਹਰ ਖੇਤ ਵਿੱਚ ਆਇਆ ਬੈਠਾ ਹੈ।" ਇਹ ਖ਼ਬਰ ਇਸ ਤਰ੍ਹਾਂ ਅਚਾਨਕ ਸੁਣ ਕੇ ਮਾਤਾ ਜੀ ਕੁਝ ਬੌਰੀ ਜਿਹੀ ਹੋ ਗਈ ਅਤੇ ਬੀਬੀ ਨੂੰ ਪ੍ਰੇਮ ਅਤੇ ਹੈਰਾਨੀ ਵਿੱਚ ਪੁੱਛਿਆ:

"ਬੱਚੀ! ਕੀ ਸੱਚ ਆਖਨੀ ਹੈਂ? ਤੇਰਾ ਵੀਰ ਸੱਚ-ਮੁੱਚ ਆ ਗਿਆ ਹੈ ਅਤੇ ਬਾਹਰ ਖੇਤ ਵਿੱਚ ਬੈਠਾ ਹੈ?"

ਬੱਚੀ - ਹਾਂ ਮਾਤਾ ਜੀ! ਸੱਚ-ਮੁੱਚ ਆ ਗਏ ਹਨ। ਮੈਂ ਵੀਰ ਨੂੰ ਅੱਖੀਂ ਡਿਠਾ ਹੈ ਅਤੇ ਵੀਰ ਦੇ ਬਚਨ ਕੰਨੀ ਸੁਣੇ ਹਨ ਕਿ ਜਾ ਮਾਤਾ ਜੀ ਨੂੰ ਸੱਦ ਲਿਆ। ਹੁਣ ਤੁਸੀਂ ਘਬਰਾਉ ਨਾ! ਮੇਰੇ ਨਾਲ ਚੱਲੋ। ਛੇਤੀ ਕਰੋ ਵੀਰ ਉਡੀਕ ਰਿਹਾ ਹੈ।

ਮਾਤਾ ਜੀ - ਚੰਗਾ, ਬੱਚਾ! ਚਲਦੀ ਹਾਂ। ਕੰਨ ਤਾਂ ਸੁਣਦੇ ਹਨ, ਪਰ ਦਿਲ ਅਜੇ ਵੀ ਨਹੀਂ ਮੰਨਦਾ ਕਿ ਵੱਡਾ ਅਹੁਦਾ (ਰੁਤਬਾ) ਲੈਣ ਵਾਲਾ ਪਿਆਰਾ ਪੁੱਤਰ ਸੱਚ-ਮੁੱਚ ਆ ਗਿਆ ਹੈ।

ਹੁਣ ਮਾਤਾ ਜੀ ਉੱਠੇ ਗੜਵੇ ਵਿੱਚ ਕੁਝ ਦੁੱਧ ਪਾਇਆ, ਛੰਨਾ ਉੱਪਰ ਰੱਖਿਆ ਅਤੇ ਭੈਣ ਦਇਆ ਕੌਰ ਜੀ (ਮਾਤਾ ਜੀ ਦੀ ਦਿਰਾਣੀ) ਨੂੰ ਨਾਲ ਲੈ ਕੇ ਬੱਚੀ ਦੇ ਨਾਲ ਖੇਤ ਵੱਲ ਗਏ। ਮਾਤਾ ਜੀ ਅਤੇ ਚਾਚੀ ਜੀ ਨੂੰ ਦੂਰੋਂ ਆਂਦਾ ਵੇਖ ਕੇ ਸੰਤ ਜੀ ਖੜੇ ਹੋ ਗਏ ਅਤੇ ਬੜੀ ਨਿਮਰਤਾ ਨਾਲ ਮਾਤਾ ਜੀ ਅਤੇ ਚਾਚੀ ਜੀ ਦੇ ਚਰਨੀਂ ਹੱਥ ਲਾਇਆ, ਮਾਤਾ ਜੀ ਨੇ ਪੁੱਤਰ ਨੂੰ ਗਲ ਲਾਇਆ ਤੇ ਪਿਆਰ ਦਿੱਤਾ। "ਮੈਂ ਸਦਕੇ ਪੁੱਤਰ! ਬੜਾ ਚਿਰ ਲਾਇਆ, ਸੱਤ ਸਾਲ ਮਗਰੋਂ ਨਗਰ ਫੇਰੀ ਪਾਈ! ਆਪਣੇ ਪਿਤਾ ਜੀ ਦੇ ਚਲਾਣੇ ਨੂੰ ਵੀ ਭੁਲਾ ਦਿੱਤਾ!"

ਸੰਤ ਜੀ ਨੇ ਆਖਿਆ, ਮਾਤਾ ਜੀ! ਪਿਤਾ ਜੀ ਦਾ ਚਲਾਣਾ ਤਾਂ ਸਾਨੂੰ ਕਦੀ ਵੀ ਨਹੀ ਭੁਲਿਆ, ਇਹ ਤਾਂ ਹਰ ਵੇਲੇ ਸਾਡੇ ਦਿਲ ਵਿੱਚ ਰਿਹਾ। ਸਾਨੂੰ ਹਰ ਵਕਤ ਯਾਦ ਆਉਂਦਾ ਹੈ ਕਿ ਦੁਨੀਆਂ ਚਲਦੀ ਸਰਾਂ ਹੈ। ਵੈਰਾਗ ਵਿੱਚ ਇਹੋ ਖਿੱਚ ਪਏ ਕਿ ਚੱਲੋ ਸੱਚੇ ਪਿਤਾ ਗੁਰੂ ਕਲਗੀਆਂ ਵਾਲੇ ਦੇ ਚਰਨਾਂ ਵਿੱਚ ਹਜ਼ੂਰ ਸਾਹਿਬ

ਹਾਜ਼ਰ ਹੋ ਜਾਈਏ ਅਤੇ ਚੱਲਣ ਦੀ ਕੁਝ ਤਿਆਰੀ ਕਰ ਲਈਏ। ਦੋ ਸਾਲ ਉੱਥੇ ਰਹੇ। ਫੇਰ ਹਰਿਦੁਆਰ ਆਏ ਉੱਥੇ ਤੁਹਾਡਾ ਸੁਨੇਹਾ ਮਿਲਿਆ, ਪਰ ਕਰਤਾਰ ਦੇ ਹੁਕਮ ਵਿੱਚ ਕੁਝ ਚਿਰ ਰਿਖੀਕੇਸ਼ ਲੱਗ ਗਿਆ। ਹੁਣ ਅਸੀਂ ਤੁਹਾਡੇ ਚਰਨਾਂ ਵਿੱਚ ਹਾਜ਼ਰ ਹੋ ਗਏ ਹਾਂ।''

ਮਾਤਾ ਜੀ – ਪੁੱਤ! ਲੱਖ-ਲੱਖ ਸ਼ੁਕਰ ਹੈ ਕਿ ਤੂੰ ਦਰਸ਼ਨ ਦਿੱਤੇ। ਹੁਣ ਤਾਂ ਇੱਥੇ ਹੀ ਰਹਿਣਾ।

ਸੰਤ ਜੀ – ਸਤਿ ਬਚਨ, ਮਾਤਾ ਜੀ! ਠਹਿਰਾਂਗੇ।

ਮਾਤਾ ਜੀ ਨੂੰ ਪ੍ਰੇਮ ਮਿਲਾਪ ਦੀ ਲਹਿਰ ਵਿੱਚ ਸਭ ਕੁਝ ਭੁੱਲ ਗਿਆ ਸੀ, ਹੁਣ ਗੜ੍ਹਵੇ ਵੱਲ ਨਜ਼ਰ ਪਈ, ਕਟੋਰੇ ਵਿੱਚ ਦੁੱਧ ਪਾ ਕੇ ਸੰਤਾਂ ਅੱਗੇ ਰੱਖਿਆ ਅਤੇ ਆਖਿਆ, 'ਪੁੱਤਰ! ਪੀ ਲੈ।' ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਛਕਿਆ।

ਹੁਣ ਮਾਤਾ ਜੀ ਨੇ ਪਿੰਡ ਚੱਲਣ ਵਾਸਤੇ ਆਖਿਆ, ਪਰ ਸੰਤ ਜੀ ਮਹਾਰਾਜ ਨੇ ਬੇਨਤੀ ਕੀਤੀ ਕਿ ਬਾਹਰ ਖੇਤ ਵਿੱਚ ਹੀ ਰਹਾਂਗੇ। ਖੇਤ ਵਿੱਚ ਵਣ ਦਾ ਇੱਕ ਰੁੱਖ ਸੀ ਅਤੇ ਉਸ ਨਾਲ ਇੱਕ ਹੀਂਸ* ਦਾ ਛਤਰੀ ਵਾਲਾ ਝਾੜ ਸੀ। ਸੰਤ ਜੀ ਨੇ ਉਸ ਹੀਂਸ ਹੇਠ ਆਸਣ ਲਾ ਲਿਆ।

ਦਿਨ ਰਾਤ ਤੇੜ ਕਛਹਿਰਾ, ਸਿਰ 'ਤੇ ਛੋਟੀ ਭੂਰੀ ਦਾ ਦਸਤਾਰਾ, ਨੰਗੇ ਧੜ, ਨਾਮ-ਰਸ ਦੀ ਰੰਗਣ ਵਿੱਚ ਮਸਤ ਰਹਿੰਦੇ। ਕਦੀ ਕਿਸੇ ਨੇ ਆਪ ਨੂੰ ਲੰਮਾ ਪਿਆ ਹੋਇਆ ਨਹੀਂ ਵੇਖਿਆ। ਮਾਤਾ ਜੀ ਹਰ ਰੋਜ਼ ਬੜੇ ਪ੍ਰੇਮ ਨਾਲ ਇੱਥੇ ਹੀ ਪ੍ਰਸ਼ਾਦ, ਜਲ-ਪਾਣੀ ਲੈ ਆਉਂਦੇ ਅਤੇ ਬੜੀ ਸ਼ਰਧਾ ਨਾਲ ਟਹਿਲ ਕਰਦੇ। ਪ੍ਰਸ਼ਾਦਾ ਛਕਣ ਦੇ ਮਗਰੋਂ ਸੰਤ ਜੀ ਮਹਾਰਾਜ ਮਾਤਾ ਜੀ ਨੂੰ ਹਰ ਰੋਜ਼ ਜਪੁਜੀ ਸਾਹਿਬ ਦੀ ਇੱਕ ਪਉੜੀ ਕੰਠ ਕਰਾਉਂਦੇ ਅਤੇ ਏਸ ਤਰ੍ਹਾਂ ਸਾਰਾ ਜਪੁਜੀ ਸਾਹਿਬ ਯਾਦ ਕਰਵਾ ਦਿੱਤਾ।

ਇੱਕ ਦਿਨ ਪ੍ਰੇਮ ਦੀ ਲਹਿਰ ਵਿੱਚ ਆ ਕੇ ਮਾਤਾ ਜੀ ਨੇ ਬੇਨਤੀ ਕੀਤੀ ਕਿ ਪੁੱਤਰ! ਮੈਂ ਸਦਕੇ ਜਾਵਾਂ ਤੇਰੇ ਤਪ ਤੋਂ, ਬੇਸ਼ੱਕ ਸਾਰੀ ਉਮਰ ਇਸ ਤਰ੍ਹਾਂ ਹੀ ਕਰੀ ਜਾਓ, ਪਰ ਮੇਰੇ ਪਾਸ ਹੀ ਰਹੋ। ਸੰਤ ਜੀ ਮਹਾਰਾਜ ਹੱਸ ਕੇ ਬੋਲੇ, 'ਚੰਗਾ ਮਾਤਾ ਜੀ! ਪਰ ਸਾਡੀ ਇੱਕ ਸ਼ਰਤ ਹੈ: ਸਾਨੂੰ ਵਿਆਹ ਵਾਸਤੇ ਨਾ ਕਹਿਣਾ। ਜਿਸ ਦਿਨ ਤੁਸੀਂ ਵਿਆਹ ਵਾਸਤੇ ਆਖੋਗੇ, ਉਦੋਂ ਹੀ ਅਸੀਂ ਚਲੇ ਜਾਵਾਂਗੇ। ਮਾਤਾ ਜੀ ਨੇ ਆਖਿਆ, ''ਬੱਚਾ! ਸਤਿ ਬਚਨ। ਮੈਂ ਵਿਆਹ ਵਾਸਤੇ ਤੁਹਾਨੂੰ ਕਾਹਨੂੰ ਕਹਿਣਾ ਹੈ। ਮੈਨੂੰ ਤਾਂ ਤੇਰੇ ਦਰਸ਼ਨ ਦੀ ਲੋੜ ਹੈ।''**

ਇਸ ਤਰ੍ਹਾਂ ਤਪ ਕਰਦਿਆਂ ਅਤੇ ਮਾਤਾ ਜੀ ਦਾ ਪ੍ਰੇਮ ਲੈਂਦਿਆਂ ਵਿਸਾਖ, ਜੇਠ ਤੇ ਹਾੜ ਤਿੰਨ ਮਹੀਨੇ ਬੀਤ ਗਏ। ਹੁਣ ਸਮਾਂ ਆ ਗਿਆ ਜਦ ਚੋਜੀ ਗੋਬਿੰਦ ਨੇ ਕਿਸੇ ਹੋਰ ਧਰਤੀ 'ਤੇ ਸੰਤ ਜੀ ਮਹਾਰਾਜ ਦੇ ਚਰਨ ਪਵਾਉਣੇ ਸਨ ਤੇ ਅਨੇਕਾਂ ਜੀਵਾਂ ਦਾ ਉਧਾਰ ਕਰਨਾ ਸੀ।

ਇੱਕ ਦਿਨ ਹੋਣੀ ਨੇ ਮਾਤਾ ਜੀ ਦੇ ਹਿਰਦੇ ਵਿੱਚ ਮੋਹ ਦੀ ਹਨੇਰੀ ਚਲਾ ਦਿੱਤੀ, ਉਨ੍ਹਾਂ ਨੂੰ ਆਪਣਾ ਬਚਨ ਭੁੱਲ ਗਿਆ ਅਤੇ ਪ੍ਰਸ਼ਾਦ ਛਕਾਉਣ ਦੇ ਮਗਰੋਂ ਕਹਿਣ ਲੱਗੇ, ''ਪੁੱਤਰ! ਕਿੰਨਾ ਚੰਗਾ ਹੋਵੇ ਕਿ ਤੂੰ ਵਿਆਹ ਕਰਵਾ ਲਵੇਂ, ਨਾਲੇ ਤਾਂ ਬੰਦਗੀ ਕਰੇਂ ਤੇ ਨਾਲ ਹੀ ਘਰ ਦੇ ਕੰਮ ਵਿੱਚ ਲੱਗ ਜਾਵੇਂ। ਜੈ ਸਿੰਘ ਇਕੱਲਾ ਹੈ ਤੇ ਕੰਮ ਇਕੱਲੇ ਦੇ ਵੱਸ ਨਹੀ ਆਉਂਦਾ।'' ਇਹ ਬਚਨ ਸੁਣ ਕੇ ਸੰਤ ਜੀ ਮਹਾਰਾਜ ਬੜੇ ਹੱਸ ਅਤੇ ਆਖਿਆ, ''ਮਾਤਾ ਜੀ! ਤੁਸਾਂ ਆਪਣਾ ਬਚਨ ਹਾਰ ਦਿੱਤਾ ਹੈ। ਅਸੀਂ ਹੁਣ ਚਾਲੇ ਪਾਵਾਂਗੇ।''

ਦੂਸਰੇ ਦਿਨ ਸੰਤ ਜੀ ਮਹਾਰਾਜ ਚੀਮੇਂ ਤੋਂ ਕਲਿਆਂਵਾਲੀ ਚੱਲੇ ਗਏ। ਉੱਥੇ ਭਾਈ ਵਰਿਆਮ ਸਿੰਘ ਜੀ ਪਾਸ, ਜੋ ਕਿ ੫੪ ਨੰਬਰ ਪਲਟਨ ਵਿੱਚੋਂ ਨਾਵਾਂ ਕਟਵਾ ਕੇ ਘਰ ਆਏ ਹੋਏ ਸਨ, ਕਟੂ ਨੰਗਲ ਪਹੁੰਚੇ। ਭਾਈ

* ਜਿੱਥੇ ਹੁਣ ਗੁਰਦੁਆਰਾ ਨਾਨਕਸਰ ਹੈ।

** ਮਾਤਾ ਜੀ ਦੀ ਜ਼ਬਾਨੀ।

ਵਰਿਆਮ ਸਿੰਘ ਜੀ ਦਰਸ਼ਨ ਕਰ ਕੇ ਨਿਹਾਲ ਹੋ ਗਏ। ਬੜੇ ਪ੍ਰੇਮ ਨਾਲ ਟਹਿਲ ਸੇਵਾ ਕੀਤੀ ਤੇ ਦਸ ਦਿਨ ਸੰਤ ਜੀ ਨੂੰ ਆਪਣੇ ਪਾਸ ਰੱਖਿਆ।

ਇੱਕ ਦਿਨ ਸੰਤ ਜੀ ਮਹਾਰਾਜ ਨੇ ਭਾਈ ਵਰਿਆਮ ਸਿੰਘ ਜੀ ਨੂੰ ਆਖਿਆ ਕਿ ਸਾਡਾ ਸੰਕਲਪ ਸੰਤ ਭਾਈ ਰਾਮ ਸਿੰਘ ਜੀ ਪਾਸ ਸਿਆਲਕੋਟ ਜਾਣ ਦਾ ਹੈ। ਅਸੀਂ ਉਨ੍ਹਾਂ ਨਾਲ ਬਚਨ ਕਰ ਆਏ ਸੀ ਕਿ ਮਾਤਾ ਜੀ ਦੇ ਦਰਸ਼ਨ ਮੇਲੇ ਮਗਰੋਂ ਫੇਰ ਤੁਹਾਡੇ ਪਾਸ ਆ ਜਾਵਾਂਗੇ।

ਸੰਤ ਜੀ ਮਹਾਰਾਜ ਦਾ ਬਚਨ ਸੁਣਦੇ ਹੀ ਭਾਈ ਵਰਿਆਮ ਸਿੰਘ ਜੀ ਨੇ ਆਪਣਾ ਘੋੜਾ ਤਿਆਰ ਕਰ ਲਿਆ ਅਤੇ ਸੰਤ ਜੀ ਨੂੰ ਸਵਾਰ ਕਰਾਕੇ ਬਰਨਾਲੇ ਦੇ ਸਟੇਸ਼ਨ 'ਤੇ ਲੈ ਗਿਆ। ਥੋੜ੍ਹੇ ਚਿਰ ਮਗਰੋਂ ਹੀ ਸਿਆਲਕੋਟ ਜਾਣ ਵਾਲੀ ਗੱਡੀ ਆ ਗਈ।

ਭਾਈ ਵਰਿਆਮ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਸਿਆਲਕੋਟ ਦੀ ਟਿਕਟ ਲੈ ਦਿੱਤੀ ਅਤੇ ਗੱਡੀ ਚੜ੍ਹਾ ਦਿੱਤਾ। ਦੂਜੇ ਦਿਨ ਸੰਤ ਜੀ ਮਹਾਰਾਜ ਸਿਆਲਕੋਟ ਜਾ ਉੱਤਰੇ ਅਤੇ ਸਿੱਧੇ ਸੰਤ ਭਾਈ ਰਾਮ ਸਿੰਘ ਜੀ ਦੇ ਡੇਰੇ ਐਕ ਦੇ ਕੰਡੇ ਪਹੁੰਚ ਗਏ।

ਕਾਂਡ ੮

ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥
ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥
ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥
ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥
ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥ (੨੯੨)

ਫੌਜ ਵਿੱਚੋਂ ਨਾਮ ਕਟਾਉਣਾ

ਇੱਕ ਦਿਨ ਨਗਰ ਫੇਰੀ ਸਮੇਂ ਸੰਤ ਜੀ ਮਹਾਰਾਜ ਨਾਨਕਸਰ ਸਾਹਿਬ ਵਾਲੀ ਹੀਂਸ ਹੇਠ ਤਪ ਕਰ ਰਹੇ ਸਨ, ਭਾਈ ਹਰਨਾਮ ਸਿੰਘ ਜੀ ਨੰਬਰਦਾਰ ਚੀਮਾਂ, ਜੋ ਕਿ ਛੋਟੀ ਉਮਰ ਤੋਂ ਹੀ ਸੰਤ ਜੀ ਮਹਾਰਾਜ ਦਾ ਸੰਗੀ ਸੀ, ਦਰਸ਼ਨ ਕਰਨ ਲਈ ਆਇਆ। ਬਚਨ-ਬਿਲਾਸ ਕਰਦਿਆਂ ਭਾਈ ਹਰਨਾਮ ਸਿੰਘ ਜੀ ਨੇ ਸੰਤ ਜੀ ਨੂੰ ਆਖਿਆ, ਮੈਂ ਤੁਹਾਨੂੰ ਇੱਕ ਗੱਲ ਦੱਸਣੀ ਹੁਣ ਤੀਕਰ ਭੁਲਿਆ ਹੀ ਰਿਹਾ: ਤੁਹਾਡੇ ਪਿੰਡ ਆਉਣ ਤੋਂ ਕੁਝ ਚਿਰ ਪਹਿਲਾਂ ਪਲਟਨ ਵਿੱਚੋਂ ਤੁਹਾਡੇ ਗੈਰ-ਹਾਜ਼ਰ ਹੋਣ ਦਾ ਪ੍ਰਵਾਨਾ ਆਇਆ ਸੀ। ਸਰਕਾਰ ਤੁਹਾਡੀ ਬੜੀ ਢੂੰਡ-ਭਾਲ ਕਰ ਰਹੀ ਹੈ। ਸੰਤ ਮਹਾਰਾਜ ਇਹ ਸੁਣ ਕੇ ਚੁੱਪ ਰਹੇ, ਪਰ ਮਨ ਵਿੱਚ ਵਿਚਾਰਿਆ ਕਿ ਇਹ ਬੰਧਨਾਂ ਦੀ ਜ਼ੰਜੀਰ ਵੀ ਤੋੜਨੀ ਲੋੜੀਂਦੀ ਹੈ। ਤਦ ਹੀ ਸੱਚੇ ਪਾਤਸ਼ਾਹ ਸਤਿਗੁਰੂ ਕਲਗੀਆਂ ਵਾਲੇ ਦੀ ਨੌਕਰੀ ਨਿਸ਼ਚਿੰਤ ਹੋ ਸਕੇਗੀ।

ਜਦ ਸੰਤ ਜੀ ਮਹਾਰਾਜ ਸਿਆਲਕੋਟ ਪਹੁੰਚੇ ਤਾਂ ਇੱਕ ਦਿਨ ਸੰਤ ਭਾਈ ਰਾਮ ਸਿੰਘ ਜੀ ਨਾਲ ਇਹ ਗੱਲ ਕੀਤੀ। ਉਨ੍ਹਾਂ ਨੇ ਆਖਿਆ ਕਿ ਦਸਤੂਰ ਤਾਂ ਪੂਰਾ ਕਰਨਾ ਤੁਹਾਡਾ ਧਰਮ ਹੈ, ਇੱਕ ਵਾਰੀ ਪਲਟਨ ਵਿੱਚ ਜਾ ਕੇ ਹਾਜ਼ਰ ਹੋ ਜਾਓ ਅਤੇ ਆਪਣਾ ਨਾਮ ਕਟਾ ਆਓ। ਸੰਤ ਜੀ ਨੇ ਕਿਹਾ, 'ਸਤਿ ਬਚਨ'।

ਹੁਣ ਨਾਮ ਕਟਾਉਣ ਦਾ ਸੰਕਲਪ ਤੀਬਰ ਹੋ ਗਿਆ। ਸੰਤ ਜੀ ਮਹਾਰਾਜ ਸਿਆਲਕੋਟ ਥੋੜ੍ਹੇ ਹੀ ਦਿਨ ਰਹੇ। ਏਥੇ ਹੀ ਭਾਈ ਰਾਮ ਸਿੰਘ ਜੀ ਨੇ ਪ੍ਰੇਮ ਦਵਾਰਾ ਸਿਆਲਕੋਟ ਛਾਉਣੀ ਤੋਂ ਪਤਾ ਕਰ ਲਿਆ ਕਿ ੫੪ ਪਲਟਨ ਅੱਜ-ਕੱਲ੍ਹ ਐਬਟਾਬਾਦ ਹੈ। ਪੂਰਾ ਪਤਾ ਲੱਗਣ ਪਰ ਸੰਤ ਜੀ ਨੇ ਸੰਤ ਭਾਈ ਰਾਮ ਸਿੰਘ ਜੀ ਪਾਸੋਂ ਆਗਿਆ ਲਈ ਅਤੇ ਅਰਦਾਸਾ ਸੋਧ ਕੇ ਨਾਮ ਕਟਾਉਣ ਲਈ ਟੂਰ ਪਏ। ਟੂਰਨ ਸਮੇਂ ਸੰਤ ਭਾਈ ਰਾਮ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਅਸੀਂ ਥੋੜ੍ਹੇ ਚਿਰ ਮਗਰੋਂ ਆਪਣੇ ਡੇਰੇ ਥਮ੍ਹਾਲੀ, ਪੋਠੋਹਾਰ ਵਿੱਚ ਜਾਣਾ ਹੈ, ਤੁਸੀਂ ਜ਼ਰੂਰ ਪਲਟਨ ਵਿੱਚੋਂ ਨਾਮ ਕਟਵਾ ਕੇ ਸਾਨੂੰ ਥਮ੍ਹਾਲੀ ਦਰਸ਼ਨ ਦੇਣਾ। ਸੰਤ ਜੀ ਹੱਸ ਕੇ ਬੋਲੇ, "ਹੱਛਾ ਜਿਵੇਂ ਕਰਤਾਰ ਦੀ ਰਜ਼ਾਇ।"

ਹੋਤੀ ਮਰਦਾਨ ਸੰਤ ਭਾਈ ਕਰਮ ਸਿੰਘ ਜੀ ਦੇ ਡੇਰੇ ਦੇ ਦਰਸ਼ਨ ਕਰਨ ਦਾ ਸੰਕਲਪ ਇੱਕ ਪ੍ਰੇਮੀ ਨੇ ਸਿਆਲਕੋਟ ਪਾਇਆ ਸੀ। ਸੰਤ ਪਹਿਲਾਂ ਹੋਤੀ ਮਰਦਾਨ ਸੰਤ ਬਾਬਾ ਕਰਮ ਸਿੰਘ ਜੀ ਦੇ ਡੇਰੇ ਗਏ, ਫੇਰ ਐਬਟਾਬਾਦ ਵੱਲ ਮੁੜੇ। ਏਥੇ ਪਹੁੰਚਦੇ ਹੀ ੫੪ ਪਲਟਨ ਦੇ ਕਰਨਲ ਦੀ ਕੋਠੀ ਦਾ ਪਤਾ ਲਿਆ ਅਤੇ ਸਿੱਧੇ ਉੱਥੇ ਜਾ ਹਾਜ਼ਰ ਹੋਏ। ਕੋਠੀ ਦੇ ਪਹਿਰੇ ਲਈ ਜੋ ਸਿੰਘ ਆਏ ਹੋਏ ਸਨ, ਉਨ੍ਹਾਂ ਨੇ ਚਿਹਰੇ-ਮੋਹਰੇ ਤੋਂ ਪਛਾਣ

ਲਿਆ। ਹਜ਼ੂਰ ਸਾਹਿਬ ਦੇ ਤਪ ਦੀ ਸੋਅ ਅੱਪੜ ਹੀ ਚੁੱਕੀ ਸੀ । ਉਨ੍ਹਾਂ ਨੇ ਬੜੇ ਅਦਬ ਨਾਲ ਨਮਸਕਾਰ ਕੀਤੀ ਅਤੇ ਦਰਸ਼ਨ ਕਰਕੇ ਨਿਹਾਲ ਹੋ ਗਏ। ਪੁੱਛਿਆ, ''ਸੰਤ ਜੀ! ਕਿਸ ਤਰ੍ਹਾਂ ਆਉਣਾ ਹੋਇਆ ਹੈ?'' ਤਾਂ ਸੰਤ ਜੀ ਨੇ ਆਖਿਆ ਕਿ ਭਾਈ, ਅਸੀਂ ਨਗਰ ਵਿਖੇ ਮਾਤਾ ਜੀ ਦਾ ਦਰਸ਼ਨ ਕਰਨ ਲਈ ਗਏ। ਉੱਥੇ ਪਤਾ ਲੱਗਾ ਕਿ ਸਾਡੀ ਗੈਰ-ਹਾਜ਼ਰੀ ਦੀ ਚਿੱਠੀ ਸਾਡੇ ਪਿੱਛੇ-ਪਿੱਛੇ ਫਿਰਦੀ ਹੈ। ਹੁਣ ਕਰਨਲ ਸਾਹਿਬ ਨੂੰ ਮਿਲ ਕੇ ਪਲਟਨ ਦਾ ਦਸਤੂਰ ਪੂਰਾ ਕਰਨ ਆਏ ਹਾਂ। ਸਿਪਾਹੀ ਜਾਣਦੇ ਸਨ ਕਿ ਸੰਤ ਜੀ ਨੇ ਹੁਣ ਨੌਕਰੀ ਨਹੀਂ ਕਰਨੀ ਅਤੇ ਕਰਨਲ ਸਾਹਿਬ ਨੇ ਇਨ੍ਹਾਂ ਜਿਹੇ ਸੂਰਬੀਰ, ਸੱਚੇ-ਸੁੱਚੇ ਅਤੇ ਹਰ ਕੰਮ ਵਿੱਚ ਪੂਰੇ ਸਿਪਾਹੀ ਨੂੰ ਕਦੇ ਵੀ ਨਹੀਂ ਛੱਡਣਾ। ਉਹ ਕਈ ਵਾਰੀ ਗੱਲਬਾਤ ਵਿੱਚ ਆਖ ਚੁੱਕਾ ਸੀ, ''ਵੈੱਲ ਅਤਰ ਸਿੰਘ ਬਰਾ ਅੱਛਾ ਮਜ਼ਬੂਟ ਸ਼ਰੀਫ ਸਿਪਾਹੀ ਥਾ, ਵੁਹ ਕਹਾਂ ਚਲਾ ਗਿਆ ਹੈ? ਹਮ ਉਸ ਕੀ ਜ਼ਰੂਰ ਟਲਾਸ਼ ਕਰੇਗਾ ਔਰ ਪਲਟਨ ਮੇਂ ਲਾਏਗਾ। ਉਸ ਕਾ ਕਾਮ ਹਮ ਕੋ ਬਹੁਟ ਪਸੰਡ ਥਾ।'' ਜਦ ਸੰਤ ਜੀ ਕਰਨਲ ਦੇ ਪੇਸ਼ ਹੋਣਗੇ ਤਾਂ ਕਰਨਲ ਨੇ ਪਲਟਨ ਵਿੱਚ ਰਖਣ ਦਾ ਯਤਨ ਕਰਨਾ ਹੈ ਅਤੇ ਸੰਤ ਜੀ ਨੇ ਨਹੀਂ ਰਹਿਣਾ। ਏਸ ਦਾ ਨਤੀਜਾ ਕੁਆਟਰ ਗਾਰਡ ਵਿੱਚ ਕੈਦ ਹੋਵੇਗਾ। ਸਿਪਾਹੀਆਂ ਦੇ ਦਿਲ ਵਿੱਚ ਇਹ ਵਿਚਾਰ ਤੁਰੰਤ ਫੁਰ ਗਿਆ ਅਤੇ ਉਨ੍ਹਾਂ ਨੇ ਸੰਤ ਜੀ ਮਹਾਰਾਜ ਨੂੰ ਬੜੇ ਪ੍ਰੇਮ ਨਾਲ ਆਖਿਆ, ''ਤੁਸਾਂ ਕਰਨਲ ਸਾਹਿਬ ਕੋਲੋਂ ਕੀ ਲੈਣਾ ਹੈ? ਆਪਣਾ ਅਨੰਦ ਲਈ ਜਾਵੋ।'' ਪਰ ਸੰਤ ਜੀ ਮਹਾਰਾਜ ਨੇ ਜਵਾਬ ਦਿੱਤਾ; ਭਾਈ ਅਸਾਂ ਦਸਤੂਰ ਜ਼ਰੂਰ ਪੂਰਾ ਕਰਨਾ ਹੈ। ਏਸੇ ਇਰਾਦੇ ਨਾਲ ਅਸੀਂ ਸਿਆਲਕੋਟ ਤੋਂ ੫੪ ਪਲਟਨ ਦਾ ਪਤਾ ਲੈ ਕੇ ਐਬਟਾਬਾਦ ਆਏ ਹਾਂ।

ਹੁਣ ਸਿਪਾਹੀਆਂ ਨੇ ਸਮਝ ਲਿਆ ਕਿ ਸੰਤ ਜ਼ਰੂਰ ਆਪਣੀ ਖੇਡ ਪੂਰੀ ਕਰਕੇ ਹੀ ਰਹਿਣਗੇ। ਤਦ ਉਨ੍ਹਾਂ ਵਿੱਚੋਂ ਇੱਕ ਨੇ, ਜੋ ਕਿ ਕਰਨਲ ਗੈਸਲੀ ਸਾਹਿਬ ਦਾ ਅਰਦਲੀ ਸੀ, ਕਰਨਲ ਸਾਹਿਬ ਨੂੰ ਜਾ ਖ਼ਬਰ ਕੀਤੀ, ''ਹਜ਼ੂਰ! ਗੈਰ-ਹਾਜ਼ਰ ਸਿਪਾਹੀ ਅਤਰ ਸਿੰਘ ਕੋਠੀ ਦੇ ਬਾਹਰ ਖੜਾ ਹੈ ਅਤੇ ਹਜ਼ੂਰ ਨਾਲ ਮੁਲਾਕਾਤ ਕਰਨਾ ਮੰਗਦਾ ਹੈ।''

ਇਹ ਸੁਣ ਕੇ ਕਰਨਲ ਨੇ ਆਖਿਆ, ''ਵੈੱਲ, ਅਤਰ ਸਿੰਘ ਚਾਂਡਮਾਰੀ ਮੇਂ ਪਹਿਲਾ ਇਨਾਮ ਲੇਨੇ ਵਾਲਾ ਆ ਗਿਆ?'' ਸਿਪਾਹੀ ਨੇ ਕਿਹਾ, ''ਹਜ਼ੂਰ ਬਾਹਰ ਖੜਾ ਹੈ।'' ਕਰਨਲ ਸਾਹਿਬ ਆਖਣ ਲੱਗੇ, ''ਵੈੱਲ ਉਸ ਕੋ ਬੋਲੋ ਹਮ ਅਬੀ ਆਟਾ ਹੈ।'' ਥੋੜ੍ਹੇ ਚਿਰ ਮਗਰੋਂ ਹੀ ਕਰਨਲ ਗੈਸਲੀ ਬਾਹਰ ਆ ਗਿਆ। ਭਾਵੇਂ ਸੰਤ ਜੀ ਮਹਾਰਾਜ ਕਿਸੇ ਹੋਰ ਰੰਗ ਵਿੱਚ ਮਸਤ ਸਨ, ਮੋਢੇ 'ਤੇ ਕਾਲੀ ਕੰਬਲੀ, ਸਿਰ ਤੇ ਛੋਟਾ ਭੂਰੀ ਦਾ ਦਸਤਾਰ ਅਤੇ ਤੇੜ ਕੇਵਲ ਕਛਹਿਰਾ ਸੀ, ਉਸ ਨੇ ਆਉਂਦਿਆਂ ਹੀ ਪਹਿਚਾਣ ਲਿਆ। ''ਵੈੱਲ, ਅਤਰ ਸਿੰਘ! ਅਛਾ ਹੈ? ਯਹ ਨਿਆਂ ਲਿਬਾਸ ਕਹਾਂ ਸੇ ਪਹਿਨ ਲੀਆ? ਟੁਮ ਤੋਂ ਖੂਬ ਜਵਾਨ ਹੈ। ਫੌਜ ਕਾ ਵਰਡੀ ਹੀ ਠੀਕ ਹੈ। ਬਹੁਟ ਅਛਾ ਹੁਆ, ਟੁਮ ਆ ਗਿਆ। ਟੁਮਾਰੀ ਗੈਰ-ਹਾਜ਼ਰੀ ਬਹੁਤ ਲੰਬਾ ਹੈ, ਪਰ ਟੁਮ ਕੋ ਮੁਆਫ਼ ਕਰ ਡੇਂਗੇ। ਫੌਜ ਮੇਂ ਹਾਜ਼ਰ ਹੋ ਜਾਓ। ਥੋੜ੍ਹਾ ਕੁਆਰਟਰ ਗਾਰਡ ਮੇਂ ਜਾਨਾ ਹੋਗਾ।'' ''ਅਰਡਲੀ! ਜਾਓ ਹਮਾਰਾ ਸੂਬੇਡਾਰ ਸਾਹਿਬ ਕੋ ਸਲਾਮ ਡੋ ਔਰ ਹੁਕਮ ਡੋ ਕਿ ਸਿਪਾਹੀ ਅਟਰ ਸਿੰਘ ਕੋ ਫੌਜੀ ਬਿਸਟਰਾ ਔਰ ਉਸ ਕੀ ਬਰਡੀ ਮਿਲ ਜਾਏ। ਕੁਆਰਟਰ ਗਾਰਡ ਮੇਂ ਅਭੀ ਰੱਖੋ, ਹਮ ਉਸ ਕਾ ਫੈਸਲਾ ਜਲਡੀ ਕਰ ਡੇਂਗੇ ਔਰ ਪਲਟਨ ਮੇਂ ਹਾਜ਼ਰ ਕਰ ਲੇਂਗੇ।''

ਸੰਤ ਜੀ ਮਹਾਰਾਜ ਚੁੱਪ-ਚਾਪ ਕਰਨਲ ਸਾਹਿਬ ਦੀ ਗੱਲ-ਬਾਤ ਸੁਣਦੇ। ਜਦ ਉਹ ਆਪਣਾ ਹੁਕਮ ਅਰਦਲੀ ਨੂੰ ਸੁਣਾ ਚੁੱਕਾ ਤਦ ਸੰਤ ਜੀ ਮਹਾਰਾਜ ਨੇ ਬੜੇ ਅਦਬ ਭਰੇ ਮਿੱਠੇ ਬਚਨਾਂ ਵਿੱਚ ਆਖਿਆ, ''ਕਰਨਲ ਸਾਹਿਬ! ਅਸਾਂ ਤਾਂ ਜੋ ਪੱਕੀ ਵਰਦੀ ਧਾਰਨ ਕਰਨੀ ਸੀ ਕਰ ਲਈ ਹੈ। ਹੁਣ ਤਾਂ ਹਜ਼ੂਰ ਪਾਸੋਂ ਨਾਮ ਕਟਾਉਣ ਵਾਸਤੇ ਆਏ ਹਾਂ।''

ਕਰਨਲ ਇਹ ਗੱਲ ਸੁਣ ਕੇ ਕੁਝ ਹੈਰਾਨ ਅਤੇ ਕੁਝ ਗੁੱਸੇ ਵੀ ਹੋਇਆ, ਪਰ ਉਹ ਚਾਹੁੰਦਾ ਸੀ ਕਿ ਸਿਪਾਹੀ ਅਤਰ ਸਿੰਘ ਫੌਜ ਵਿੱਚ ਹੀ ਰਹੇ। ਆਪਣੇ ਆਪ ਨੂੰ ਰੋਕ ਕੇ ਆਖਿਆ, ''ਵੈੱਲ, ਅਟਰ ਸਿੰਘ! ਐਸਾ ਮਟ ਬੋਲੋ, ਹਮ ਟੁਮ ਕੋ ਜਲਡੀ ਹਵਲਡਾਰ ਬਨਾ ਡੇਗਾ ਔਰ ਫਿਰ ਟੁਮ ਕੋ ਬਹੁਟ ਜਲਡੀ ਸਰਡਾਰੀ ਡੇਗਾ।'' ਇਹ ਕਹਿ ਕੇ ਕਰਨਲ ਤਾਂ ਕੋਠੀ ਅੰਦਰ ਚਲਾ ਗਿਆ ਅਤੇ ਪਹਿਰੇ ਦਾ ਇੱਕ ਸਿਪਾਹੀ ਸੰਤ ਜੀ ਨੂੰ ਨਾਲ ਲੈ ਕੇ ਕੁਆਰਟਰ ਗਾਰਡ ਵੱਲ ਟੁਰ ਪਿਆ। ਉੱਥੇ ਉਸ ਨੇ ਸੰਤ ਜੀ ਮਹਾਰਾਜ ਨੂੰ ਤਾਂ ਗਾਰਦ ਦੇ ਹਵਾਲੇ ਕਰ ਦਿੱਤਾ ਅਤੇ ਆਪ ਪਲਟਨ ਵਿੱਚ ਜਾ ਕੇ ਸੂਬੇਦਾਰ ਦਲੇਲ ਸਿੰਘ ਅਤੇ ਹੋਰ ਅਫ਼ਸਰਾਂ ਨੂੰ ਖ਼ਬਰ ਕੀਤੀ ਕਿ ਗੈਰ-ਹਾਜ਼ਰ ਸਿਪਾਹੀ ਅਤਰ ਸਿੰਘ ਕਰਨਲ ਸਾਹਿਬ ਦੀ ਕੋਠੀ ਹਾਜ਼ਰ ਹੋ ਗਿਆ ਹੈ ਅਤੇ ਕਰਨਲ ਸਾਹਿਬ ਨੇ ਉਸ ਨੂੰ ਕੁਆਟਰ ਗਾਰਦ ਭੇਜ ਦਿੱਤਾ ਹੈ ਤੇ ਸਾਹਿਬ ਦਾ ਹੁਕਮ ਹੈ ਕਿ ਸਿਪਾਹੀ ਅਤਰ ਸਿੰਘ ਦਾ ਬਿਸਤਰਾ ਅਤੇ ਵਰਦੀ ਕੁਆਟਰ ਗਾਰਦ ਵਿੱਚ ਪਹੁੰਚਾਓ।

ਜਦ ਇਹ ਖ਼ਬਰ ਸੂਬੇਦਾਰ ਦਲੇਲ ਸਿੰਘ ਜੀ ਨੂੰ ਮਿਲੀ, ਤਦ ਉਹ ਬੜੀ ਛੇਤੀ-ਛੇਤੀ ਕੁਝ ਅਫ਼ਸਰਾਂ ਅਤੇ ਸਿਪਾਹੀਆਂ ਸਮੇਤ ਕੁਆਰਟਰ ਗਾਰਦ ਵਿੱਚ ਸੰਤਾਂ ਵਾਸਤੇ ਬਿਸਤਰਾ ਅਤੇ ਵਰਦੀ ਲੈ ਕੇ ਪਹੁੰਚੇ। ਦਰਸ਼ਨ ਕਰਦਿਆਂ ਹੀ ਚਿੱਤ ਨੂੰ ਸ਼ਾਂਤੀ ਆਈ ਅਤੇ ਕਲੇਜੇ ਵਿੱਚ ਠੰਢ ਪੈ ਗਈ। ਆਖਣ ਲੱਗਾ, ''ਬੜੀ ਕਿਰਪਾ ਕੀਤੀ ਕਿ ਦੀਦਾਰ ਦਿੱਤੇ ਜੇ। ਪਰ ਏਸ ਤਰ੍ਹਾਂ ਕਾਹਨੂੰ ਕੁਆਰਟਰ ਗਾਰਦ ਵਿੱਚ ਤਕਲੀਫ਼ ਪਾਉਣੀ ਸੀ ਆਪਣੀ ਮੌਜ ਵਿੱਚ ਹੀ ਵਿਚਰੀ ਜਾਂਦੇ! ਅਸੀਂ ਆਪੇ ਹੀ ਹੌਲੀ-ਹੌਲੀ ਸਾਹਿਬ ਨੂੰ ਆਖ ਕੇ ਕਿ ਅਤਰ ਸਿੰਘ ਸਾਧੂ ਹੋ ਗਿਆ ਹੈ, ਨਾਵਾਂ ਕਟਵਾ ਲੈਂਦੇ। ਪਰ ਵਾਹ-ਵਾਹ ਕਰਤਾਰ ਦੀ ਨੇਤ ਏਸੇ ਬਹਾਨੇ ਸਾਨੂੰ ਪਾਪੀਆਂ ਨੂੰ ਦਰਸ਼ਨ ਹੋਣੇ ਸਨ! ਹੁਣ ਵੀ ਸਤਿਗੁਰੂ ਭਲੀ ਕਰਨਗੇ ਅਤੇ ਸੁਤੇ-ਸਿੱਧ ਹੀ ਨਾਮ ਕਟਿਆ ਜਾਵੇਗਾ।

ਸੰਤ ਜੀ ਮਹਾਰਾਜ ਆਪਣੇ ਮਿੱਤਰ ਸੂਬੇਦਾਰ ਦਲੇਲ ਸਿੰਘ ਜੀ ਅਤੇ ਆਪਣੀ ਪਲਟਨ ਦੇ ਹੋਰ ਅਫ਼ਸਰਾਂ ਤੇ ਸਾਥੀਆਂ ਨੂੰ ਦੇਖ ਕੇ ਬੜੇ ਪ੍ਰਸੰਨ ਹੋਏ। ਕੁਝ ਚਿਰ ਬੜੇ ਪ੍ਰੇਮ ਨਾਲ ਬਾਤ-ਚੀਤ ਹੁੰਦੀ ਰਹੀ। ਸਾਰਿਆਂ ਦੇ ਬੇਨਤੀ ਕਰਨ ਪਰ ਸੰਤ ਜੀ ਨੇ ਸੰਖੇਪ ਮਾਤਰ ਪਲਟਨ ਤੋਂ ਸਿੱਧੇ ਹਜ਼ੂਰ ਸਾਹਿਬ ਜਾਣ, ਹਰਿਦੁਆਰ ਦੇ ਕੁੰਭ ਅਤੇ ਰਿਖੀਕੇਸ਼ ਤਪ ਕਰਨ ਦੀ ਸਾਖੀ ਸੁਣਾਈ। ਫੇਰ ਪਿੰਡ ਜਾ ਕੇ ਮਾਤਾ ਜੀ ਦੇ ਮਿਲਾਪ ਅਤੇ ਨੰਬਰਦਾਰ ਹਰਨਾਮ ਸਿੰਘ ਜੀ ਦੀ ਜ਼ਬਾਨੀ ਸਰਕਾਰੀ ਢੂੰਡ-ਭਾਲ ਦੀ ਵਿੱਥਿਆ ਦੱਸੀ। ਜਦ ਸੁਣਿਆਂ ਕਿ ਗੈਰ-ਹਾਜ਼ਰੀ ਦਾ ਪ੍ਰਵਾਨਾ ਸਾਡੇ ਮਗਰ-ਮਗਰ ਫਿਰਦਾ ਹੈ ਤਦ ਮਨ ਵਿੱਚ ਠਾਨ ਲਿਆ ਕਿ ਹੁਣ ਨਾਮ ਕਟਵਾ ਕੇ ਹੀ ਨਿਸ਼ਚਿੰਤ ਹੋ ਸਤਿਗੁਰੂ ਸੱਚੇ ਪਾਤਸ਼ਾਹ ਦੀ ਚਾਕਰੀ ਕਰਨੀ ਠੀਕ ਹੈ। ਸੋ ਅਸੀਂ ਸਿੱਧੇ ਚੀਮੇਂ ਤੋਂ ਸਿਆਲਕੋਟ ਆਪਣੇ ਮਿੱਤਰ ਸੰਤ ਭਾਈ ਰਾਮ ਸਿੰਘ ਜੀ ਦੇ ਪਾਸ ਗਏ ਅਤੇ ਉਨ੍ਹਾਂ ਦੀ ਸਲਾਹ ਦੇ ਨਾਲ ਏਥੇ ਨਾਮ ਕਟਾਉਣ ਲਈ ਆਏ ਹਾਂ।

ਗੱਲਬਾਤ ਕਰ ਕੇ ਸਾਰੇ ਆਪਣੀ-ਆਪਣੀ ਥਾਂ ਚਲੇ ਗਏ। ਸੂਬੇਦਾਰ ਦਲੇਲ ਸਿੰਘ ਜੀ ਨੇ ਦੋ ਪ੍ਰੇਮੀਆਂ ਦਾ ਪਹਿਰਾ ਲਾ ਦਿੱਤਾ ਕਿ ਪਲਟਨ ਦੇ ਲੰਗਰ ਵਿੱਚੋਂ ਜਲ-ਪਾਣੀ ਅਤੇ ਪ੍ਰਸ਼ਾਦਾ ਸੰਤ ਮਹਾਰਾਜ ਨੂੰ ਵਕਤ ਸਿਰ ਪਹੁੰਚਾ ਦਿਆ ਕਰਨ।

ਸੰਤ ਜੀ ਮਹਾਰਾਜ ਨੇ ਫੌਜ ਦੀ ਵਰਦੀ ਤਾਂ ਮੋੜ ਦਿੱਤੀ, ਪਰ ਬਿਸਤਰਾ ਰੱਖ ਲਿਆ। ਦਰੀ, ਗਦੇਲਾ ਅਤੇ ਉੱਪਰ ਲੈਣ ਵਾਲੀ ਰਜਾਈ ਵੀ ਤਹਿ ਕਰ ਕੇ ਕੁਆਰਟਰ ਗਾਰਦ ਦੀ ਕੋਠੜੀ ਹੇਠਾਂ ਵਿੱਛਾ ਲਈ ਅਤੇ ਸਤਿਗੁਰੂ ਕਲਗੀਆਂ ਵਾਲੇ ਦਾ ਧਿਆਨ ਧਰ, ਕਰਤਾਰ ਦੇ ਸਿਮਰਨ ਵਿੱਚ ਆਸਣ ਜਮਾ ਬੈਠ ਗਏ ਅਤੇ ਕਈ ਦਿਨ ਏਸੇ ਰੰਗ ਵਿੱਚ ਅਡੋਲ ਮਸਤ ਰਹੇ।

ਦੂਜੇ ਦਿਨ ਸਵੇਰੇ ਹੀ ਜਦ ਕਰਨਲ ਗੈਸਲੀ ਸਾਹਿਬ ਪਲਟਨ ਦੀ ਪ੍ਰੇਡ ਦੇ ਮਗਰੋਂ ਦਫ਼ਤਰ ਵਿੱਚ

ਆਇਆ ਤਾਂ ਸੂਬੇਦਾਰ ਦਲੇਲ ਸਿੰਘ ਅਤੇ ਹੋਰ ਅਫ਼ਸਰਾਂ ਨੇ ਅਰਜ਼ ਕੀਤੀ, "ਹਜ਼ੂਰ! ਅਤਰ ਸਿੰਘ ਸਿਪਾਹੀ ਫ਼ਕੀਰ ਹੋ ਗਿਆ ਹੈ, ਅਬ ਹਮਾਰੀ ਪਲਟਨ ਕੇ ਕਾਮ ਕਾ ਨਹੀਂ ਰਹਾ।" ਅਫ਼ਸਰਾਂ ਦੀ ਅਰਜ਼ ਸੁਣ ਕੇ ਕਰਨਲ ਸਾਹਿਬ ਕੁਝ ਅਫਸੋਸ ਨਾਲ ਬੋਲਿਆ, ਵੈਲ, ਅਟਰ ਸਿੰਘ ਸਿਪਾਹੀ ਬੜਾ ਅੱਛਾ ਥਾ, ਹਮ ਟੋ ਉਸ ਕੋ ਪਲਟਨ ਮੇਂ ਰੱਖ ਕਰ ਬਹੁਤ ਖੁਸ਼ ਥਾ, ਹਮ ਉਸ ਕੋ ਕਬ ਕਾ ਸਰਡਾਰ ਬਨਾ ਦੇਤਾ ਮਗਰ ਬਰਾ ਅਫਸੋਸ ਹੈ, ਕਿਸੀ ਨੇ ਹਮਾਰੇ ਸਿਪਾਹੀ ਕੋ ਬਿਗਾਰ ਡੀਆ। ਅੱਛਾ ਹਮ ਉਸ ਕੋ ਕੁਛ ਦਿਨ ਕੁਆਰਟਰ ਗਾਰਡ ਮੇਂ ਰੱਖੇਗਾ। ਸ਼ਾਇਦ ਸਮਝ ਜਾਏ ਔਰ ਫੌਜ ਮੇਂ ਰਹਨਾ ਮਾਨ ਲੇ। ਸਾਰੇ ਅਫ਼ਸਰਾਂ ਨੇ ਫੇਰ ਅਰਜ਼ ਕੀਤੀ, 'ਹਜ਼ੂਰ ਕੀ ਮਰਜ਼ੀ, ਪਰ ਸਿਪਾਹੀ ਅਤਰ ਸਿੰਘ ਤੋਂ ਖੁਦਾ ਕਾ ਨੌਕਰ ਹੋ ਗਿਆ ਹੈ। ਕੱਲ੍ਹ ਸ਼ਾਮ ਕਾ ਉਸੀ ਕੀ ਯਾਦ ਮੇਂ ਲਗਾ ਹੂਆ ਹੈ। ਪਹਿਰੇ ਵਾਲੇ ਕਹਿਤੇ ਹੈਂ ਕਿ ਰਾਤ ਭਰ ਨਹੀਂ ਸੋਇਆ। ਅਬ ਭੀ ਉਸੀ ਤਰ੍ਹਾਂ ਬੈਠਾ ਹੈ।'

ਕਰਨਲ ਸਾਹਿਬ ਨੇ ਥੋੜਾ ਘਬਰਾ ਕੇ ਕਿਹਾ, "ਹਮ ਖੁਡ ਡੇਖ ਲੇਗਾ।"

ਏਸ ਤਰ੍ਹਾਂ ਕਈ ਦਿਨ ਬੀਤ ਗਏ। ਅਫਸਰਾਂ ਨੇ ਵੀ, ਹਰ ਰੋਜ਼ ਜਦ ਮੌਕਾ ਬਣੇ ਅਰਜ਼ ਕਰਨੀ ਨਾ ਛੱਡੀ ਅਤੇ ਕਰਨਲ ਸਾਹਿਬ ਨੇ ਵੀ ਕਈ ਦਿਨ-ਰਾਤ ਵਕਤ ਬਦਲ-ਬਦਲ ਕੇ ਚੋਰੀ-ਚੋਰੀ ਸੰਤ ਜੀ ਮਹਾਰਾਜ ਨੂੰ ਦੇਖਿਆ, ਪਰ ਹਮੇਸ਼ਾ ਹੀ ਸੰਤ ਜੀ ਇੱਕ-ਰਸ ਰੱਬ ਦੀ ਯਾਦ ਵਿੱਚ ਮਸਤ ਨਜ਼ਰ ਆਏ।

ਆਖਰ ਇੱਕ ਦਿਨ ਰੋਜ਼ ਦੇ ਦਸਤੂਰ ਅਨੁਸਾਰ ਜਦ ਫੇਰ ਦੋ ਅਫਸਰਾਂ ਨੇ ਕਰਨਲ ਸਾਹਿਬ ਪਾਸ ਅਰਜ਼ ਕੀਤੀ ਤਦ ਉਸ ਨੇ ਆਖਿਆ, "ਵੈੱਲ, ਠੀਕ ਹੈ ਅਤਰ ਸਿੰਘ ਸਿਪਾਹੀ ਖੁਡਾ ਕਾ ਨੌਕਰ ਹੋ ਗਿਆ ਹੈ। ਹਮ ਨੇ ਜਬ ਡੇਖਾ ਵੁਹ ਭੁਆ ਹੀ ਕਰਟਾ ਡੇਖਾ। ਉਸ ਕੋ ਕੁਆਰਟਰ ਗਾਰਡ ਸੇ ਲੈ ਆਓ। ਹਮ ਉਸ ਕਾ ਨਾਮ ਕੱਟ ਕਰ ਬਰੀ ਖੁਸ਼ੀ ਸੇ ਰੁਖਸਤ ਕਰੇਗਾ।"

ਕਰਨਲ ਸਾਹਿਬ ਦੀ ਇਹ ਗੱਲ ਸੁਣ ਕੇ ਸੂਬੇਦਾਰ ਦਲੇਲ ਸਿੰਘ ਜੀ ਅਤੇ ਪਲਟਨ ਦੇ ਸਾਰੇ ਅਫਸਰ ਬੜੇ ਹੀ ਖੁਸ਼ ਹੋਏ ਅਤੇ ਦੌੜੇ-ਦੌੜੇ ਸੰਤ ਜੀ ਮਹਾਰਾਜ ਪਾਸ ਕੁਆਰਟਰ ਗਾਰਡ ਗਏ ਅਤੇ ਬੜੀ ਚਾਈਂ-ਚਾਈਂ ਇਹ ਖ਼ਬਰ ਸੰਤ ਜੀ ਮਹਾਰਾਜ ਨੂੰ ਸੁਣਾਈ। ਸੰਤ ਜੀ ਅਡੋਲ ਹੀ ਆਪਣੇ ਆਸਣ ਤੋਂ ਉੱਠ ਬੈਠੇ ਅਤੇ ਨਾਲ ਦਫ਼ਤਰ ਵੱਲ ਨੂੰ ਟੁਰ ਪਏ।

ਜਦ ਦਫ਼ਤਰ ਪਹੁੰਚੇ ਤਦ ਕਰਨਲ ਸਾਹਿਬ ਨੇ ਬੜੇ ਪ੍ਰੇਮ ਨਾਲ ਆਖਿਆ, "ਵੈੱਲ ਅਤਰ ਸਿੰਘ! ਹਮ ਨੇ ਡੇਖ ਲੀਆ ਹੈ, ਟੁਮ ਪੱਕਾ ਖੁਡਾ ਕਾ ਨੌਕਰ ਹੋ ਗਿਆ ਹੈ। ਆਜ ਸੇ ਟੁਮ ਕੋ ਪਲਟਨ ਸੇ ਛੁੱਟੀ। ਟੁਮ ਜਾਉ, ਔਰ ਅਪਨੇ ਖੁਡਾ ਕਾ ਕਾਮ ਕਰੋ। ਹਮ ਟੁਮ ਪਰ ਬਹੁਤ ਖੁਸ਼ ਹੈ ਯਿਹ ਲੋ ਟੁਮਾਰਾ ਚਾਂਡਮਾਰੀ (ਗੋਲੀ ਨਿਸ਼ਾਨਾ) ਮੇਂ ਬਰਗੇਡ ਮੇਂਸੇ ਅਵੱਲ ਰਹਿਣੇ ਕਾ ਇਨਾਮ। ਯਿਹ ਬਹੁਟ ਸਾਲ ਸੇ ਪੜਾ ਹੈ। ਹਮ ਬੜੀ ਖੁਸ਼ੀ ਸੇ ਟੁਮਾਰਾ ਨਾਮ ਕਾਟਤਾ ਹੈ।"

ਸੰਤ ਜੀ ਅਡੋਲ ਹੀ ਖੜੇ ਕਰਨਲ ਸਾਹਿਬ ਦੀ ਗੱਲ-ਬਾਤ ਸੁਣਦੇ ਰਹੇ। ਸਾਹਿਬ ਨੇ ਇਨਾਮ ਦੇ ੧੦੦ ਰੁਪਏ ਸੰਤ ਜੀ ਨੂੰ ਫੜਾਏ ਅਤੇ ਬੜੇ ਪ੍ਰੇਮ ਨਾਲ ਵਿਦਾ ਕੀਤਾ।

ਦਫ਼ਤਰ ਤੋਂ ਬਾਹਰ ਆਉਂਦਿਆਂ ਹੀ ਸੰਤ ਜੀ ਮਹਾਰਾਜ ਨੇ ਇਹ (੧੦੦) ਸੌ ਰੁਪਏ ਗਰੀਬ-ਗੁਰਬੇ ਨੂੰ ਵੰਡ ਦਿੱਤੇ ਅਤੇ ਐਬਟਾਬਾਦ ਤੋਂ ਕੂਚ ਕਰਨ ਲਈ ਤਿਆਰੀ ਕਰ ਲਈ।*

---

* ਇਹ ਸਾਖੀ ਸੂਬੇਦਾਰ ਦਲੇਲ ਸਿੰਘ ਜੀ ਨੇ ਸੁਣਾਈ

ਕਾਂਡ ੯

ਸੋਰਠਿ ਮਹਲਾ ੫ ॥
ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥
ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥
ਸੰਤਹੁ ਸੁਖੁ ਹੋਆ ਸਭ ਥਾਈ ॥
ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ਰਹਾਉ॥
ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥
ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥ (੬੨੭)

ਐਬਟਾਬਾਦ ਤੋਂ ਟੁਰਨਾ

ਨਾਮ ਕੱਟ ਜਾਣ ਪਰ ਸੂਬੇਦਾਰ ਦਲੇਲ ਸਿੰਘ ਜੀ ਅਤੇ ਪਲਟਨ ਦੇ ਹੋਰ ਪ੍ਰੇਮੀਆਂ ਨੇ ਬੜਾ ਹੀ ਯਤਨ ਕੀਤਾ ਕਿ ਮਹਾਰਾਜ ਕੁਝ ਦਿਨ ਐਬਟਾਬਾਦ ਹੀ ਅਟਕਣ, ਪਰ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਸਾਰੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਹੁਣ ਕਰਤਾਰ ਦਾ ਹੁਕਮ ਠਹਿਰਨ ਦਾ ਨਹੀਂ। ਫੇਰ ਸੁਤੇ-ਸਿੱਧ ਸਤਿਗੁਰੂ ਕਦੀ ਨਾ ਕਦੀ ਦਰਸ਼ਨ ਕਰਾਉਣਗੇ। ਸਭ ਨੇ ਅਰਦਾਸ ਕੀਤੀ ਕਿ ਆਪ ਜੀ ਦੀ ਰਜ਼ਾਇ ਅਤੇ ਅਕਾਲ ਪੁਰਖ ਦੇ ਹੁਕਮ ਵਿੱਚ ਅਸੀਂ ਵਿਘਨ ਨਹੀਂ ਪਾਉਣਾ ਚਾਹੁੰਦੇ, ਪਰ ਹੁਣ ਲੰਗਰ ਤਿਆਰ ਹੈ, ਪ੍ਰਸ਼ਾਦਾ ਜ਼ਰੂਰ ਛਕ ਕੇ ਜਾਓ। ਸੰਤ ਜੀ ਮਹਾਰਾਜ ਨੇ ਕਿਹਾ, 'ਸਤਿ ਬਚਨ!' ਸਾਰੇ ਪ੍ਰੇਮੀ ਹੁਣ ਪਲਟਨ ਦੇ ਲੰਗਰ ਵੱਲ ਟੁਰ ਪਏ। ਉੱਥੇ ਪਹੁੰਚਣ ਪਰ ਸੰਤ ਜੀ ਨੂੰ ਪ੍ਰਸ਼ਾਦ ਛਕਣ ਵਾਸਤੇ ਅਰਜ਼ ਕੀਤੀ, ਪਰ ਸੰਤ ਜੀ ਮਹਾਰਾਜ ਨੇ ਕਿਹਾ, 'ਪੰਗਤ ਲਾਓ, ਸਾਰੇ ਇਕੱਠੇ ਛਕਾਂਗੇ। ਪੰਗਤ ਲੱਗ ਗਈ ਅਤੇ ਲੰਗਰ ਵਰਤਣ ਲੱਗ ਪਿਆ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਇਹ ਸ਼ਬਦ ਪੜ੍ਹਿਆ:

ਧਾਰਨਾ;

ਹੋਣਗੇ ਸੰਜੋਗੀ ਮੇਲੇ, ਕਦੇ ਹੋਣਗੇ ਸੰਜੋਗੀ ਮੇਲੇ, ਪਿਆਰੀਆਂ ਸੰਗਤਾਂ ਦੇ, ਪਿਆਰਿਆ।
ਕਦੀ ਹੋਣਗੇ.....।

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥ (੪੩੯)

ਮਗਰ-ਮਗਰ ਸਭ ਨੇ ਪੜ੍ਹਿਆ ਅਤੇ ਕੋਈ ਐਸਾ ਕਰੁਣਾ ਰਸ ਆਇਆ ਕਿ ਸਾਰਿਆਂ ਦੇ ਹਿਰਦੇ ਬੇਧੇ ਗਏ ਅਤੇ ਨੇਤਰਾਂ ਵਿੱਚੋਂ ਵੈਰਾਗ ਜਲ ਵਹਿ ਟੁਰਿਆ। ਪ੍ਰਸ਼ਾਦਾ ਹੁਣ ਵਰਤ ਗਿਆ ਅਤੇ;

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥ (੨੬੯)

ਪ੍ਰਸ਼ਾਦਾ ਛਕਣ ਦੇ ਮਗਰੋਂ ਸੰਤ ਜੀ ਨੇ ਟੁਰਨ ਲਈ ਕਮਰਕੱਸਾ ਕਰ ਲਿਆ। ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਫੇਰ ਜਲਦੀ ਦਰਸ਼ਨ ਦੇਣਾ। ਸੰਤ ਜੀ ਮਹਾਰਾਜ ਨੇ ਆਖਿਆ, ''ਹੱਛਾ ਜੋ ਕਰਤਾਰ ਨੂੰ ਭਾਵੇਂ।''

ਇਹ ਕਹਿ ਕੇ ਸੰਤ ਜੀ ਨੇ ਅਰਦਾਸਾ ਸੋਧਿਆ ਅਤੇ ਹਵੇਲੀਆਂ ਦੀ ਸੜਕ ਵੱਲ ਟੁਰ ਪਏ। ਪ੍ਰੇਮੀਆਂ ਦੇ ਬੇਨਤੀ ਕਰਨ ਪਰ ਅੱਡੇ ਤੀਕਰ ਟੁਰ ਗਏ ਅਤੇ ਉੱਥੋਂ ਹਵੇਲੀਆਂ ਦੇ ਟਾਂਗੇ 'ਤੇ ਅਸਵਾਰ ਹੋ ਗਏ।

ਹੁਣ ਟਾਂਗਾ ਟੁਰ ਪਿਆ ਅਤੇ ਸੰਤ ਜੀ ਮਹਾਰਾਜ ਸਤਿਗੁਰੂ ਦੇ ਸ਼ੁਕਰ ਵਿੱਚ ਐਸੇ ਮਸਤ ਹੋਏ ਕਿ ਸਰੀਰ ਦੀ ਸੁੱਧ-ਬੁੱਧ ਭੁੱਲ ਗਈ। ਰੋਮ-ਰੋਮ ਇਹੀ ਅਰਦਾਸ ਕਰੇ ਕਿ ਹੇ ਸੱਚੇ ਪਾਤਸ਼ਾਹ! ਤੂੰ ਬੜੀ ਮਿਹਰ ਕਰ ਕੇ ਸਾਡੀ ਸਹਿਜੇ ਹੀ ਬੰਦ-ਖ਼ੁਲਾਸ ਕਰਾਈ ਹੈ ਅਤੇ ਆਪਣੀ ਕਾਰ ਵਿੱਚ ਨਿਸ਼ਚਿੰਤ ਲਾਇਆ ਹੈ, ਹੁਣ ਇਹ ਮਿਹਰ ਕਰੀਂ ਕਿ ਤੇਰੇ ਚਰਨਾਂ ਵਿੱਚ ਨਿਭ ਜਾਵੇ।

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥ (੧੩੭੨)

ਅਤੇ ਇਹ ਸਰੀਰ ਤੇਰੀ ਟਹਿਲ ਵਿੱਚ ਹੀ ਲੈਅ ਹੋ ਜਾਵੇ।

ਇਹ ਪ੍ਰੇਮ ਅਤੇ ਸ਼ੁਕਰ ਦੀ ਮਨ ਵਿੱਚ ਕੋਈ ਐਸੀ ਖਿੱਚ ਪਈ ਕਿ ਨੇਤਰਾਂ ਵਿੱਚੋਂ ਨੀਰ ਵਹਿ ਟੁਰਿਆ, ਵੈਰਾਗ ਥੰਮ੍ਹਿਆ ਨਾ ਜਾਵੇ। ਹਵੇਲੀਆਂ ਦੇ ਅੱਧ ਵਿੱਚ ਅੱਪੜੇ ਹੋਣਗੇ ਕਿ ਇੱਕ ਖ਼ਾਸ ਪ੍ਰਕਾਸ਼ ਅਤੇ ਜਲਵੇ ਦੀ ਲਹਿਰ ਸਰੀਰ ਵਿੱਚ ਭਾਸੀ, ਟਾਂਗੇ ਦੇ ਦੋਵੇਂ ਪਾਸੇ ਪੰਜ ਸੱਜੇ ਅਤੇ ਪੰਜ ਖੱਬੇ, ਦਸੇ ਪਾਤਸ਼ਾਹੀਆਂ ਅਸਵਾਰ ਨਜ਼ਰ ਆਈਆਂ ਅਤੇ ਆਵਾਜ਼ ਆਈ ਬੱਚਾ ਅਸੀਂ ਹਰ ਵਕਤ ਤੇਰੇ ਅੰਗ-ਸੰਗ ਰਹਾਂਗੇ, ਅਸਾਂ ਤੈਨੂੰ ਆਪ ਆਪਣੀ ਕਾਰ ਵਾਸਤੇ ਅਜ਼ਾਦ ਕੀਤਾ ਹੈ।*

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ (੬੪੮)

ਸ਼ਾਹਾਂ ਦੀ ਢੇਰੀ ਨੌਂ ਮਹੀਨੇ ਪਾਠ

ਹਵੇਲੀਆਂ ਪਹੁੰਚ ਕੇ ਸੰਤ ਜੀ ਮਹਾਰਾਜ ਟਾਂਗੇ ਤੋਂ ਉੱਤਰੇ ਅਤੇ ਇੱਥੋਂ ਉਸੇ ਵਕਤ ਸ਼ਾਹ ਦੀ ਢੇਰੀ ਦੇ ਰਸਤੇ ਪੰਜੇ ਸਾਹਿਬ ਵੱਲ ਟੁਰ ਪਏ।

ਮਨ ਸ਼ੁਕਰ ਅਤੇ ਹਜ਼ੂਰੀ ਦੀ ਰੰਗਣ ਵਿੱਚ ਰੱਤਾ ਹੋਇਆ ਸੀ ਅਤੇ ਕਦਮਾਂ ਦੀ ਤਾਰ ਗੁਰਮੰਤਰ ਨਾਲ ਜੁੜੀ ਹੋਈ ਸੀ। ਦਿਨ ਡੁੱਬਣ ਤੋਂ ਖਾਸਾ ਚਿਰ ਪਹਿਲਾਂ ਸ਼ਾਹ ਦੀ ਢੇਰੀ ਅੱਪੜ ਗਏ ਅਤੇ ਸਿੱਧੇ ਬਜ਼ਾਰ ਵਿੱਚੋਂ ਟੁਰੇ ਚਲੇ ਗਏ। ਲੰਘਦਿਆਂ-ਲੰਘਦਿਆਂ ਕੁਦਰਤੀ ਇੱਕ ਪ੍ਰੇਮੀ ਭਾਈ ਗੁਰਮੁਖ ਸਿੰਘ ਜੀ (ਜੋ ਆਪਣੀ ਦੁਕਾਨ ਦੇ ਸਾਹਮਣੇ ਮੰਜੀ ਡਾਹ ਕੇ ਬੈਠਾ ਹੋਇਆ ਸੀ) 'ਤੇ ਸੰਤ ਜੀ ਮਹਾਰਾਜ ਦੀ ਨਜ਼ਰ ਪਈ। ਪ੍ਰੇਮੀ ਦਾ ਸੋਹਣਾ ਚਿੱਟਾ ਦਾਹੜਾ ਸੀ, ਚਿਹਰਾ ਖੇੜੇ ਵਿੱਚ ਸੀ ਅਤੇ ਨੇਤਰਾਂ ਵਿੱਚ ਇੱਕ ਖਾਸ ਪ੍ਰੇਮ ਦੀ ਰੰਗਣ ਸੀ। ਮਨ ਵਿੱਚ ਖਿਆਲ ਆਇਆ ਕਿ ਇਸ ਪਾਸੋਂ ਪੰਜੇ ਸਾਹਿਬ ਦਾ ਰਸਤਾ ਪੁੱਛ ਲਈਏ।

ਸੰਤ ਜੀ ਇਸ ਵੱਲ ਅਜੇ ਜ਼ਰਾ ਕੁ ਵਧੇ ਹੀ ਸਨ ਕਿ ਭਾਈ ਗੁਰਮੁਖ ਸਿੰਘ ਜੀ ਨੇ ਬੜੇ ਪ੍ਰੇਮ ਭਰੇ ਅਦਬ ਨਾਲ ਬੇਨਤੀ ਕੀਤੀ, 'ਆਓ ਸੰਤ ਜੀ ਬੈਠ ਜਾਓ' ਅਤੇ ਆਪਣੀ ਮੰਜੀ ਦੇ ਸਿਰਹਾਣੇ ਵੱਲ ਇਸ਼ਾਰਾ

* ਐਬਟਾਬਾਦ ਤੋਂ ਹਵੇਲੀਆਂ ਟਾਂਗੇ ਤੇ ਚੜ੍ਹ ਕੇ ਜਾਂਦਿਆਂ ਦਸਾਂ ਪਾਤਸ਼ਾਹੀਆਂ ਦੇ ਦਰਸ਼ਨ ਦਾ ਜ਼ਿਕਰ ਸੰਤ ਜੀ ਮਹਾਰਾਜ ਨੇ ਖੁਦ ਇੱਕ ਪ੍ਰੇਮ ਦੀ ਲਹਿਰ ਵਿੱਚ ਦਾਸ ਨਾਲ ਕਸ਼ਮੀਰ ਦੀ ਆਖ਼ਰੀ ਯਾਤਰਾ ੧੯੨੬ ਵਿੱਚ ਕੀਤਾ।

ਕੀਤਾ। ਏਸ ਦੇ ਪ੍ਰੇਮ ਦੀ ਖਿੱਚ ਕੁਦਰਤੀ ਕੁਝ ਐਸੀ ਪਈ ਕਿ ਭਾਵੇਂ ਸੰਤ ਜੀ ਮਹਾਰਾਜ ਦਾ ਸੰਕਲਪ ਸਿੱਧਾ ਪੰਜੇ ਸਾਹਿਬ ਵੱਲ ਟੁਰੇ ਜਾਣ ਦਾ ਹੀ ਸੀ, ਪ੍ਰੇਮ ਵੱਸ ਹੋਏ ਏਸ ਦੀ ਮੰਜੀ ਦੀ ਪਵਾਂਦੀ ਬੈਠ ਗਏ।

ਪ੍ਰੇਮੀ ਨੇ ਬੇਨਤੀ ਕੀਤੀ, "ਸੰਤ ਜੀ! ਸਾਡੇ ਪਾਸ ਠਹਿਰੋ।" ਸੰਤਾਂ ਨੇ ਆਖਿਆ, "ਸਾਡਾ ਸੰਕਲਪ ਪੰਜੇ ਸਾਹਿਬ ਜਾਵਣ ਦਾ ਹੈ।" ਸੁਭਾਵਕ ਹੀ ਪ੍ਰੇਮੀ ਦੇ ਸਰਲ ਸ਼ੁੱਧ ਹਿਰਦੇ ਵਿੱਚੋਂ ਨਿਕਲਿਆ, "ਸਾਡੇ ਗਰੀਬਾਂ ਦੀ ਰੁੱਖੀ-ਸੁੱਕੀ ਕੌਣ ਕਬੂਲਦਾ ਹੈ, ਅੱਜ ਕੱਲ੍ਹ ਦੇ ਸਾਧ ਤਾਂ ਜਿੱਥੇ ਕੜਾਹ ਪ੍ਰਸ਼ਾਦ ਦੇ ਗੱਫੇ ਮਿਲਣ, ਉੱਥੇ ਜਾਂਦੇ ਹਨ।' ਇਹ ਬਚਨ ਕੋਈ ਐਸਾ ਭੋਲੇ-ਭਾਇ ਅਤੇ ਪ੍ਰੇਮ ਵਿੱਚ ਨਿਕਲਿਆ ਕਿ ਸੰਤ ਜੀ ਮਹਾਰਾਜ ਦਾ ਪੰਜੇ ਸਾਹਿਬ ਜਾਣ ਦਾ ਸੰਕਲਪ ਏਸ ਗੁਰਮੁਖ ਦੀ ਭਾਵਨਾ ਵਿੱਚ ਲੈਅ ਹੋ ਗਿਆ। ਜਵਾਬ ਦਿੱਤਾ, "ਚੰਗਾ ਭਾਈ ਅਸੀਂ ਤੁਹਾਡੇ ਪਾਸ ਹੀ ਠਹਿਰਾਂਗੇ।" ਇਹ ਸੁਣ ਕੇ ਭਾਈ ਗੁਰਮੁਖ ਸਿੰਘ ਬੜਾ ਗਦਗਦ ਹੋਇਆ। ਉਸੇ ਵਕਤ ਵੱਡੇ ਪੁੱਤਰ ਸੁੰਦਰ ਸਿੰਘ ਜੀ ਨੂੰ ਹੱਟੀ ਤੇ ਬਿਠਾ, ਸੰਤ ਜੀ ਮਹਾਰਾਜ ਨੂੰ ਆਪਣੇ ਘਰ ਲੈ ਗਿਆ। ਘਰ ਵੜਦਿਆਂ ਹੀ ਸੁਪਤਨੀ ਰਾਧਾ ਨਜ਼ਰ ਆਈ, ਖਿੜੇ ਮੱਥੇ ਉਸ ਨੂੰ ਆਖਿਆ, "ਭਾਗਾਂ ਵਾਲੀਏ, ਅਸਾਂ ਤੇਰੇ ਘਰ ਇੱਕ ਗੁਰਮੁਖ ਸੰਤ ਲਿਆਂਦੇ ਹਨ, ਇਹ ਆਪਣੇ ਪਾਸ ਠਹਿਰਣਗੇ।" ਮਾਈ ਰਾਧਾ ਨੇ ਬੜੇ ਪ੍ਰੇਮ ਨਾਲ ਉੱਤਰ ਦਿੱਤਾ, 'ਧੰਨ ਭਾਗ।' ਇਸ ਸੁਭਾਗ ਜੋੜੀ ਦੇ ਘਰ 'ਤੇ ਸਤਿਗੁਰੂ ਦੀ ਬੜੀ ਮੇਹਰ ਸੀ। ਘਰ ਵਿੱਚ ਸਭ ਤੋਂ ਚੰਗੇ ਕਮਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ ਅਤੇ ਸਦਾ ਆਏ ਗਏ ਸਾਧੂ ਦੀ ਸੇਵਾ ਬਣੀ ਰਹਿੰਦੀ ਸੀ। ਕਰਤਾਰ ਉੱਝ ਵੀ ਇਨ੍ਹਾਂ 'ਤੇ ਤੁੱਠਾ ਸੀ। ਦੋ ਆਗਿਆਕਾਰ ਸਪੁੱਤਰ ਭਾਈ ਸੁੰਦਰ ਸਿੰਘ ਅਤੇ ਭਾਈ ਜੀਵਨ ਸਿੰਘ ਬਖਸ਼ੇ ਸਨ ਅਤੇ ਹੋਰ ਦੁਨੀਆਂ ਦੇ ਕਿਸੇ ਪਦਾਰਥ ਦੀ ਤੋੜ ਨਹੀਂ ਸੀ।

ਇਸ ਸਤਿਸੰਗੀ ਅਤੇ ਆਗਿਆਕਾਰ ਪਰਿਵਾਰ ਵਿੱਚ ਸੰਤ ਜੀ ਮਹਾਰਾਜ ਦਾ ਚਿੱਤ ਲੱਗ ਗਿਆ ਅਤੇ ਵੱਡੇ ਪੁੱਤਰ ਸੁੰਦਰ ਸਿੰਘ ਨਾਲ ਇਨ੍ਹਾਂ ਦਾ ਖਾਸ ਪ੍ਰੇਮ ਹੋ ਗਿਆ, ਪਰ ਸਭ ਤੋਂ ਵੱਧ ਜਿਹੜੀ ਗੱਲ ਸੰਤ ਜੀ ਮਹਾਰਾਜ ਦੇ ਮਨ ਲੱਗੀ ਉਹ ਸਤਿਗੁਰੂ ਸੱਚੇ ਪਾਤਸ਼ਾਹ ਦਾ ਇਕਾਂਤ ਅਤੇ ਰਸ-ਭਰਿਆ ਪ੍ਰਕਾਸ਼ ਦਾ ਕਮਰਾ ਸੀ। ਸੰਤ ਜੀ ਦਿਨ-ਰਾਤ ਸਤਿਗੁਰੂ ਦੇ ਪਾਠ ਵਿੱਚ ਲੱਗੇ ਰਹਿੰਦੇ ਅਤੇ ਸਿਰਫ਼ ਸੌਚ-ਇਸ਼ਨਾਨ ਤੇ ਪ੍ਰਸ਼ਾਦ ਦੇ ਸਮੇਂ ਪਰ ਉੱਠਦੇ। ਕਦੇ ਲੋੜ ਪੈਂਦੀ ਤਾਂ ਮਹਾਰਾਜ ਕਮਰੇ ਵਿੱਚ ਹੀ ਘੜੀ ਦੋ ਘੜੀ ਟੇਢੇ ਹੋ ਜਾਂਦੇ।

ਮਾਈ ਰਾਧਾ ਜੀ ਦਾ ਵੀ ਕੁਦਰਤੀ ਸੰਤ ਜੀ ਮਹਾਰਾਜ ਨਾਲ ਆਪਣੇ ਬੱਚਿਆ ਤੋਂ ਵੀ ਵਧੀਕ ਪ੍ਰੇਮ ਹੋ ਗਿਆ ਤੇ ਹਰ ਵਕਤ ਇਨ੍ਹਾਂ ਦਾ ਖਿਆਲ ਰੱਖਣ ਲੱਗ ਪਈ। ਸੰਤ ਜੀ ਮਹਾਰਾਜ ਬਹੁਤ ਘੱਟ ਬੋਲਦੇ ਅਤੇ ਆਪਣੇ ਮੂੰਹੋਂ ਕਿਸੇ ਚੀਜ਼ ਦੀ ਭੀ ਮੰਗ ਨਾ ਕਰਦੇ, ਏਥੋਂ ਤੀਕਰ ਕਿ ਜਦ ਪਾਠ ਕਰਦਿਆਂ ਇਨ੍ਹਾਂ ਦਾ ਸੀਸ ਸਖ਼ਤ ਦਰਦ ਕਰਨ ਲੱਗ ਪੈਂਦਾ ਤਾਂ ਵੀ ਚੁੱਪ ਰਹਿੰਦੇ, ਪਰ ਮਾਤਾ ਰਾਧਾ ਦੇ ਜਿਗਰੀ ਪ੍ਰੇਮ ਨੇ ਸਿਰ ਦਰਦ ਦੀ ਇਹ ਨਿਸ਼ਾਨੀ ਲੱਭ ਲਈ। ਜਦ ਕਦੀ ਸੰਤ ਜੀ ਮਹਾਰਾਜ ਦਾ ਸੀਸ ਸਖ਼ਤ ਦੁਖਣ ਲੱਗ ਪੈਂਦਾ ਤਦ ਇਨ੍ਹਾਂ ਦਾ ਚਿਹਰਾ ਸ਼ਾਮ ਰੰਗ ਹੋ ਜਾਂਦਾ। ਮਾਈ ਰਾਧਾ ਉਸ ਵੇਲੇ ਪੁੱਤਰ ਵਾਂਗੂੰ ਬਾਹੋ ਪਕੜ ਲੈਂਦੇ ਅਤੇ ਕੇਸੀਂ ਇਸ਼ਨਾਨ ਕਰਵਾ ਦਿੰਦੇ। ਇਸ ਸਮੇਂ ਸੰਤ ਜੀ ਦੇ ਕੇਸ ਬੜੇ ਭਾਰੀ ਸਨ, ਖੜ੍ਹੇ ਹੋ ਕੇ ਇਸ਼ਨਾਨ ਕਰਦੇ ਫੇਰ ਵੀ ਕੇਸ ਧਰਤੀ ਨਾਲ ਲੱਗ ਜਾਂਦੇ।

ਸਿਆਲ ਦੀ ਰਾਤ ਵਿੱਚ ਤਾਂ ਸੰਤ ਜੀ ਮਹਾਰਾਜ ਕਈ ਵਾਰੀ ਸਾਰੀ-ਸਾਰੀ ਰਾਤ ਪਾਠ ਕਰੀ ਜਾਂਦੇ ਅਤੇ ਪ੍ਰੇਮ ਵਿੱਚ ਏਨੇ ਮਸਤ ਹੋ ਜਾਂਦੇ ਕਿ ਭੂਰੀ ਉੱਤੋਂ ਲਹਿ ਜਾਂਦੀ ਅਤੇ ਪੋਹ-ਮਾਘ ਦੀ ਠੰਢ ਵਿੱਚ ਨਗਨ ਬੈਠੇ ਪਾਠ ਕਰੀ ਜਾਂਦੇ। ਮਾਈ ਰਾਧਾ ਇਨ੍ਹਾਂ ਦਾ ਬੜਾ ਹੀ ਖਿਆਲ ਰੱਖਦੀ ਅਤੇ ਰਾਤ ਨੂੰ ਕਈ ਵਾਰ ਉੱਠ ਕੇ ਭੂਰੀ ਉੱਤੇ ਦੇ ਆਉਂਦੀ।

ਇੱਕ ਵਾਰੀ ਮਾਈ ਜੀ ਦੇ ਚਿੱਤ ਵਿੱਚ ਖਿਆਲ ਆਇਆ ਕਿ ਭੂਰੀ ਤਾਂ ਰਾਤ ਵਿੱਚ ਕਈ ਵਾਰੀ ਉੱਤੇ ਦੇਈ ਦੀ ਹੈ ਪਰ ਫੇਰ ਲਹਿ-ਲਹਿ ਜਾਂਦੀ ਹੈ, ਇਹ ਗੱਲ ਸੋਚ ਕੇ ਮਾਤਾ ਰਾਧਾ ਨੇ, ਖੱਦਰ ਦਾ ਲੰਮਾਂ ਚੋਲਾ ਸੀਤਾ ਅਤੇ ਜਦ ਰਾਤੀਂ ਸੰਤ ਜੀ ਪਾਠ ਕਰ ਰਹੇ ਸਨ, ਬੈਠਿਆਂ-ਬੈਠਿਆਂ ਉਨ੍ਹਾਂ ਦੇ ਗਲ਼ ਪਾ ਦਿੱਤਾ। ਜਦ ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਪਾਠ ਕਰ ਕੇ ਉੱਠੇ ਤਾਂ ਮਾਤਾ ਜੀ ਨੂੰ ਆਖਿਆ, "ਮਾਈ, ਅੱਜ ਸਾਨੂੰ ਕੀ ਬਣਾ ਦਿੱਤਾ ਈ?"

ਇੱਕ ਦਿਨ ਮਾਈ ਰਾਧਾ ਨੇ ਇਹ ਖਿਆਲ ਕਰਕੇ ਕਿ ਹਰ ਵਕਤ ਪਾਠ ਕਰਦੇ ਹਨ, ਸੀਸ ਥੱਕ ਜਾਂਦਾ ਹੈ, ਸੰਤਾਂ ਦੀ ਥਾਲੀ ਵਿੱਚ ਮੱਖਣ ਰੱਖ ਦਿੱਤਾ। ਸੰਤਾਂ ਨੇ ਮਾਈ ਜੀ ਨੂੰ ਆਖਿਆ, "ਮਾਈ ਜੀ! ਸਾਡਾ ਬਚਨ ਰੁੱਖੀ-ਸੁੱਕੀ ਖਾ ਕੇ ਰਹਿਣ ਦਾ ਹੈ, ਮੱਖਣ ਚੁੱਕ ਲਵੋ।" ਮਾਈ ਜੀ ਨੇ ਬਚਨ ਮੰਨ ਕੇ ਮੱਖਣ ਤਾ ਚੁੱਕ ਲਿਆ ਪਰ ਮਨ ਵਿੱਚ ਬੜਾ ਦਰਦ ਪੈਦਾ ਹੋਇਆ, 'ਏਨਾ ਪਾਠ ਕਰਦੇ ਹਨ ਪਰ ਪ੍ਰਸ਼ਾਦਾ ਟੱਬਰ ਦਾ ਹੀ ਛਕਦੇ ਹਨ, ਧੰਨ ਇਹ ਅਤੇ ਧੰਨ ਇਨ੍ਹਾਂ ਦੀ ਕਮਾਈ।'

ਮਾਤਾ ਜੀ ਦੀ ਹੋਰ ਤਾਂ ਕੋਈ ਵਾਹ ਨਾ ਲੱਗੀ। ਹੁਣ ਸਿਰ ਦਰਦ ਅਤੇ ਸ਼ਾਮ ਰੰਗ ਨੂੰ ਨਾ ਉਡੀਕਿਆ ਕਰਨ। ਦੂਜੇ-ਚੌਥੇ ਦਿਨ ਬਾਹੋਂ ਫੜ ਕੇ ਕੇਸੀਂ ਇਸ਼ਨਾਨ ਕਰਾ ਦਿਆ ਕਰਨ ਅਤੇ ਤਾਲੂ ਖੂਬ ਮੱਖਣ ਨਾਲ ਝੱਸ ਦਿਆ ਕਰਨ। ਇੱਕ ਦਿਨ ਜਦ ਮਾਈ ਰਾਧਾ ਇਸ ਤਰ੍ਹਾਂ ਪ੍ਰੇਮ ਕਰ ਰਹੀ ਸੀ ਤਦ ਸੰਤ ਜੀ ਮਹਾਰਾਜ ਨੇ ਆਖਿਆ, "ਮਾਈ, ਤੁਸੀਂ ਸਾਡੇ ਨਾਲ ਬੜਾ ਪ੍ਰੇਮ ਕਰਦੇ ਹੋ, ਕਿਧਰੇ ਤੁਸੀਂ ਸਾਡੇ ਪਿੱਛਲੇ ਜਨਮ ਦੀ ਮਾਤਾ ਹੀ ਨਾ ਹੋਵੋ"।

ਹਰਿ ਜਨੁ ਪਰਵਾਰੁ ਸਧਾਰੁ ਹੈ ॥
ਇਕੀਹ ਕੁਲੀ ਸਭੁ ਜਗਤਿ ਛਡਾਵੈ ॥ (੧੬੭)

ਇਸ ਤਰ੍ਹਾਂ ਪ੍ਰੇਮ ਅਤੇ ਸਤਿਗੁਰੂ ਜੀ ਦੇ ਪਾਠ ਦੀ ਹਾਜ਼ਰੀ ਵਿੱਚ ਨੌਂ ਮਹੀਨੇ ਗੁਜ਼ਰ ਗਏ। ਕਰਤਾਰ ਦੇ ਹੁਕਮ ਵਿੱਚ ਮਾਈ ਰਾਧਾ ਦੇ ਵੱਡੇ ਪੁੱਤਰ ਸੁੰਦਰ ਸਿੰਘ ਨੇ ਅਚਨਚੇਤ ਹੀ ਚੜ੍ਹਾਈ ਦੀ ਤਿਆਰੀ ਕਰ ਲਈ। ਸੰਤ ਜੀ ਮਹਾਰਾਜ ਦਾ ਇਸ ਨਾਲ ਬੜਾ ਪ੍ਰੇਮ ਸੀ, ਪਾਸ ਬੈਠੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਇਹ ਵੀ ਨਾਮ ਰੰਗ ਵਿੱਚ ਮਸਤ ਰਿਹਾ। ਜਦ ਚਲਾਣੇ ਦਾ ਵਕਤ ਆਇਆ ਤਦ ਸੰਤ ਜੀ ਨੇ ਇਸ ਦਾ ਸੀਸ ਆਪਣੇ ਗੋਡੇ ਤੇ ਰੱਖ ਲਿਆ ਅਤੇ ਆਖਿਆ, "ਪ੍ਰੇਮੀਆਂ। ਬੋਲ ਵਾਹਿਗੁਰੂ!" ਭਾਈ ਸੁੰਦਰ ਸਿੰਘ ਜੀ ਨੇ ਤਿੰਨ ਵਾਰੀ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਆਖਿਆ ਅਤੇ ਸਦਾ ਲਈ ਅਕਾਲ ਦੇ ਚਰਨਾਂ ਵਿੱਚ ਅਭੇਦ ਹੋ ਗਿਆ।

ਸਸਕਾਰ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਆਪਣੇ ਮਿੱਤਰ ਦੇ ਨਮਿਤ ਆਪ ਪਾਠ ਰੱਖਿਆ ਅਤੇ ਸਾਰਾ ਪਾਠ ਆਪ ਹੀ ਕੀਤਾ। ਦਸਵੇਂ ਦਿਨ ਭੋਗ ਪਿਆ, ਅਤੁੱਟ ਲੰਗਰ ਵਰਤਿਆ, ਕੜਾਹ ਪ੍ਰਸ਼ਾਦ ਦੇ ਕੜਾਹੇ ਤਿਆਰ ਕਰਕੇ ਸਾਰਾ ਦਿਨ ਸਾਧ-ਸੰਗਤ ਅਤੇ ਗਰੀਬ-ਗੁਰਬੇ ਨੂੰ ਛਕਾਇਆ। ਸੰਤ ਜੀ ਮਹਾਰਾਜ ਸਾਰਾ ਦਿਨ ਆਪਣੇ ਮਿੱਤਰ ਦੀ ਅਖ਼ੀਰੀ ਟਹਿਲ ਵਿੱਚ ਹਾਜ਼ਰ ਰਹੇ ਅਤੇ ਮਾਈ-ਭਾਈ ਨੂੰ ਪ੍ਰਸ਼ਾਦ ਵਰਤਾਉਂਦੇ ਰਹੇ।

ਰਾਤ ਦੇ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾ ਬਿਰਾਜੇ ਅਤੇ ਅੰਮ੍ਰਿਤ ਵੇਲੇ ਅਛੋਪ ਹੀ ਭੂਰੀ ਮੋਢੇ 'ਤੇ ਰੱਖ ਕੇ ਚਲੇ ਗਏ।

ਕਾਂਡ ੧੦

ਮਾਰੂ ਮਹਲਾ ੫ ॥
ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥੧॥
ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥
ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥੩॥
ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰ ਰੋਜਾ ਪੈ ਖਾਕਾ ॥ ਭਿਸਤੁ ਪੀਰ ਲਫਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥
ਸਚੁ ਕਮਾਵੈ ਸੋਈ ਕਾਜੀ ॥ ਜੋ ਦਿਲੁ ਸੋਧੈ ਸੋਈ ਹਾਜੀ ॥
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ॥੬॥
ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥
ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥੭॥
ਦਿਲ ਮਹਿ ਜਾਨਹੁ ਸਭ ਫਿਲਹਾਲਾ ॥ ਖਿਲਖਾਨਾ ਬਿਰਾਦਰ ਹਮੂ ਜੰਜਾਲਾ ॥
ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥੮॥
ਅਵਲਿ ਸਿਫਤਿ ਦੂਜੀ ਸਾਬੂਰੀ ॥ ਤੀਜੈ ਹਲੇਮੀ ਚਉਥੈ ਖੈਰੀ ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ ॥੯॥
ਸਗਲੀ ਜਾਨਿ ਕਰਹੁ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ॥੧੦॥
ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥
ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ ॥੧੧॥
ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥੧੨॥
ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥੧੩॥
ਜਾ ਕਉ ਮਿਹਰ ਮਿਹਰ ਮਿਹਰਵਾਨਾ ॥ ਸੋਈ ਮਰਦੁ ਮਰਦੁ ਮਰਦਾਨਾ ॥
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ ॥੧੪॥

ਕੁਦਰਤਿ ਕਾਦਰ ਕਰਣ ਕਰੀਮਾ ॥ ਸਿਫਤਿ ਮੁਹਬਤਿ ਅਥਾਹ ਰਹੀਮਾ ॥
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ॥੧੫॥ (੧੦੮੩)

ਸ੍ਰੀ ਪੰਜਾ ਸਾਹਿਬ ਜੀ ਦੇ ਦਰਸ਼ਨ

ਐਬਟਾਬਾਦ ਤੋਂ ਪੰਜਾ ਸਾਹਿਬ ਜਾਂਦੇ-ਜਾਂਦੇ ਕੁਦਰਤ ਨੇ ਸੰਤਾਂ ਨੂੰ ਸ਼ਾਹ ਦੀ ਢੇਰੀ ਅਟਕਾ ਲਿਆ। ਏਥੇ ਕਰਤਾਰ ਨੇ ਪ੍ਰੇਮ ਅਤੇ ਗੁਰਬਾਣੀ ਦੇ ਪਾਠ ਦਾ ਨੌਂ ਮਹੀਨੇ ਇੱਕ ਅਦੁੱਤੀ ਚੱਕਰ ਚਲਾਇਆ। ਅਚੇਤ ਹੀ ਭਾਈ ਸੁੰਦਰ ਸਿੰਘ ਜੀ ਦੇ ਚਲਾਣੇ ਨੇ ਏਸ ਅਤੁੱਟ ਲਹਿਰ ਵਿੱਚ ਠੋਕਰ ਮਾਰ ਦਿੱਤੀ। ਚਿੱਤ ਭਾਵੇਂ ਕਈ ਵਾਰੀ ਅੱਗੇ ਵੀ ਉਪਰਾਮ ਹੋ ਜਾਂਦਾ ਅਤੇ ਸੰਤ ਜੀ ਮਹਾਰਾਜ ਕਦੀ-ਕਦੀ ਇਸ਼ਾਰਾ ਵੀ ਕਰ ਦਿੰਦੇ, ''ਦਰਯਾ ਚਲਦੇ ਭਲੇ ਅਤੇ ਫਕੀਰ ਰਮਤੇ ਭਲੇ'' ਪਰ ਹੁਣ ਸੰਤਾਂ ਦਾ ਚਿੱਤ ਡਾਢ੍ਹਾ ਉਪਰਾਮ ਹੋ ਗਿਆ ਅਤੇ ਪੰਜਾ ਸਾਹਿਬ ਦੇ ਦਰਸ਼ਨ ਦਾ ਪੁਰਾਣਾ ਸੰਕਲਪ ਜਾਗ ਉੱਠਿਆਂ। ਉਨ੍ਹਾਂ ਨੇ ਠਾਨ ਲਿਆ ਕਿ ਆਪਣੇ ਮਿੱਤਰ ਦਾ ਪਾਠ ਸੰਪੂਰਨ ਹੁੰਦਿਆਂ ਹੀ ਪੰਜਾ ਸਾਹਿਬ ਪੁੱਜ ਕੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਚਰਨ ਧੂੜ ਮਸਤਕ 'ਤੇ ਲਾਉਣੀ ਹੈ ਅਤੇ ਪੰਜੇ ਸਾਹਿਬ ਦੇ ਨਿਰਮਲ ਜਲ ਵਿੱਚ ਇਸ਼ਨਾਨ ਕਰ ਕੇ ਤਨ-ਮਨ ਠੰਢਾ ਕਰਨਾ ਹੈ।

ਸ਼ਾਹ ਦੀ ਢੇਰੀ, ਸੱਚੇ ਪਾਤਸ਼ਾਹ ਦੇ ਕਮਰੇ ਨੂੰ, ਜਿਸ ਵਿੱਚ ਸੰਤ ਜੀ ਬਿਰਾਜਦੇ ਸਨ, ਦੋ ਬੂਹੇ ਸਨ। ਇੱਕ ਵੱਡਾ ਦਰਵਾਜ਼ਾ, ਜੋ ਵਿਹੜੇ ਵਿੱਚ ਖੁੱਲ੍ਹਦਾ ਸੀ ਅਤੇ ਇੱਕ ਛੋਟੀ ਮੋਰੀ, ਜੋ ਬਾਹਰ ਵੱਲ ਨਿਕਲਦੀ ਸੀ। ਆਪਣੇ ਮਿੱਤਰ ਦੇ ਦੁਸਹਿਰੇ ਤੇ ਜੱਗ ਵਾਲੀ ਰਾਤ ਸੰਤ ਚੁੱਪ-ਚੁੱਪੀਤੇ ਹੀ ਦੋ ਵਜੇ ਪਿੱਛਲੀ ਮੋਰੀ ਥਾਣੀ ਬਾਹਰ ਹੋ ਗਏ ਅਤੇ ਸਿੱਧੇ ਪੰਜਾ ਸਾਹਿਬ ਅੱਪੜ ਗਏ। ਹਿਰਦੇ ਵਿੱਚ ਸਤਿਗੁਰੂ ਨਾਨਕ ਦੇਵ ਜੀ ਅਤੇ ਮਰਦਾਨੇ ਦੀ ਤਸਵੀਰ ਬੱਝ ਗਈ ਅਤੇ ਮੁੱਖ ਤੋਂ 'ਧੰਨ ਗੁਰੂ ਨਾਨਕ! ਧੰਨ ਭਾਈ ਮਰਦਾਨਾ!' ਆਪਣੇ ਆਪ ਹੀ ਨਿਕਲਣ ਲੱਗ ਪਿਆ।

ਸ੍ਰੀ ਪੰਜਾ ਸਾਹਿਬ ਵਿੱਚ ਅੱਗੇ ਹੀ ਸੰਗਤਾਂ ਦੀ ਗਹਿਮਾ-ਗਹਿਮ ਲੱਗੀ ਹੋਈ ਸੀ। ਸਰਬੱਤ ਮਾਈ-ਭਾਈ 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!' ਦੀ ਧੁਨ ਉਠਾ ਰਹੇ ਸੀ ਅਤੇ ਅੰਮ੍ਰਿਤ ਕੁੰਡ ਵਿੱਚ ਆਪਣਾ ਤਨ-ਮਨ ਸੀਤਲ ਕਰ ਰਹੇ ਸਨ। ਕਈ ਪ੍ਰੇਮੀ ਸਤਿਗੁਰੂ ਦੇ ਪੰਜੇ ਦੇ ਸਾਹਮਣੇ ਜਾ ਕੇ ਬੜੀ ਸ਼ਰਧਾ ਅਤੇ ਪ੍ਰੇਮ ਸਹਿਤ ਅੰਮ੍ਰਿਤ ਲੈ ਰਹੇ ਸਨ।

ਇਹ ਨਜ਼ਾਰਾ ਦੇਖ ਕੇ ਸੰਤ ਜੀ ਮਹਾਰਾਜ ਦਾ ਮਨ ਹੋਰ ਵੀ ਸਤਿਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਲਿਪਟ ਗਿਆ ਅਤੇ ਇੱਕ ਵਿਸਮਾਦ ਦੀ ਰੰਗਣ ਵਿੱਚ ਰੰਗਿਆ ਗਿਆ। ਕੁਝ ਸਮਾਂ ਏਸ ਰੰਗ ਵਿੱਚ ਬੀਤਿਆ, ਫੇਰ ਅੰਮ੍ਰਿਤ ਕੁੰਡ ਦੀ ਸ਼ੋਭਾ, ਜਿਸ ਦੇ ਹੇਠਲੇ ਪੱਥਰ ਅਤੇ ਮੱਛੀਆਂ ਇੱਕ-ਇੱਕ ਕਰਕੇ ਨਜ਼ਰ ਆ ਰਹੀਆਂ ਸਨ, ਨੇ ਮਨ ਨੂੰ ਖਿੱਚਿਆ। ਦਸਤਾਰ, ਪਰਨਾ ਅਤੇ ਭੂਰੀ ਕੰਢੇ 'ਤੇ ਰੱਖਦੇ ਬੜੇ ਅਦਬ ਨਾਲ ਵਿੱਚ ਉੱਤਰੇ ਅਤੇ ਅੰਮ੍ਰਿਤ ਜਲ ਵਿੱਚ ਟੁੱਭੇ ਲਾਏ। ਤਨ-ਮਨ ਵਿੱਚ ਠੰਢ ਪਈ, ਫੇਰ ਦਰਬਾਰ ਸਾਹਿਬ ਦੇ ਬਾਹਰ ਇੱਕ ਗੁੱਠੇ ਬੈਠ ਕੇ 'ਨਾਮ ਸਿਮਰਨ' ਵਿੱਚ ਜੁੱਟ ਪਏ।

ਥੋੜ੍ਹੇ ਚਿਰ ਮਗਰੋਂ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਨ ਅਰੰਭ ਹੋ ਪਿਆ, ਇਸ ਨੇ ਹੋਰ ਭੀ ਸੰਤ ਜੀ ਨੂੰ ਰਸ ਵਿੱਚ ਮਗਨ ਕਰ ਦਿੱਤਾ। ਦਿਨ ਚੜ੍ਹੇ ਕੀਰਤਨ ਦਾ ਭੋਗ ਪਿਆ ਅਤੇ ਅਰਦਾਸੇ ਮਗਰੋਂ ਸੰਤ ਜੀ ਲੰਗਰ ਵਿੱਚੋਂ ਜਲ-ਪਾਣੀ ਛਕ ਕੇ ਵਲੀ ਕੰਧਾਰੀ ਦੇ ਅਸਥਾਨ ਵੱਲ ਟੁਰ ਪਏ।

ਇਸ ਬਿਖੜੀ ਘਾਟੀ ਦੇ ਚੜ੍ਹਦੇ-ਚੜ੍ਹਦੇ ਕਦਮ-ਕਦਮ 'ਤੇ 'ਧੰਨ ਭਾਈ ਮਰਦਾਨਾ' ਮੁੱਖੋਂ ਆਪਣੇ ਆਪ ਪਿਆ ਨਿਕਲਦਾ ਸੀ। 'ਵਾਹ-ਵਾਹ ਭਾਈ ਮਰਦਾਨਾ! ਇੰਨਾ ਤਿਹਾਇਆ ਹੁੰਦਿਆਂ ਹੋਇਆ ਵੀ ਸੱਚੇ ਪਾਤਸ਼ਾਹ

ਦਾ ਹੁਕਮ ਮੰਨਿਆ ਅਤੇ ਤਿੰਨ ਵਾਰੀ ਮਾਣ ਦੇ ਭਰੇ ਹੰਕਾਰੀ ਵਲੀ ਕੰਧਾਰੀ ਦੇ ਕਬੋਲ ਸਹੇ।'

ਵਿਚਾਰੇ ਮਰਦਾਨੇ ਦੀ ਕੀ ਤਾਕਤ ਸੀ। ਇਹ ਤਾਂ ਚੋਜੀ ਸਤਿਗੁਰੂ ਜੀ ਦੀ ਆਪਣੀ ਖੇਡ ਸੀ, ਜਿਨ੍ਹਾਂ ਨੇ ਹੰਕਾਰੀ ਫ਼ਕੀਰ ਦਾ ਦਾਰੂ ਕਰਨ ਲਈ ਭਾਈ ਮਰਦਾਨੇ ਨੂੰ ਇਹ ਤਾਕਤ ਬਖਸ਼ੀ।

ਜਦ ਸੰਤ ਜੀ ਮਹਾਰਾਜ ਧੁਰ ਪਹਾੜੀ ਦੀ ਟੀਸੀ 'ਤੇ ਚੜ੍ਹੇ, ਤਦ ਵਲੀ ਕੰਧਾਰੀ ਦਾ ਉਸ ਵੇਲੇ ਦਾ ਨਕਸ਼ਾ ਸਾਹਮਣੇ ਆ ਗਿਆ। ਖਿੱਚਵਾਂ ਚਿਹਰਾ, ਕ੍ਰੋਧ ਭਰੇ ਨੈਣ, ਗੁੱਸੇ ਨਾਲ ਕੰਬਦਾ ਸਰੀਰ, ਮਾਣ ਦਾ ਮੱਤਾ ਹੋਇਆ ਫ਼ਕੀਰ, ਸਤਿਗੁਰੂ ਨਾਨਕ ਦੇਵ ਜੀ ਉੱਤੇ ਪਹਾੜ ਦਾ ਪਹਾੜ ਰੇੜ੍ਹ ਰਿਹਾ ਹੈ। ਰਿੱਧੀ-ਸਿੱਧੀ ਵਿੱਚ ਭੁੱਲਿਆ ਹੋਇਆ ਨਹੀਂ ਜਾਣਦਾ ਕਿ ਆਪ ਖੁਦਾ, ਨਾਨਕ ਨਿਰੰਕਾਰੀ ਨਾਮ ਧਰਾ ਕੇ ਇਸ ਦੇ ਭਾਗਾਂ ਨੂੰ ਇੱਥੇ ਪਹੁੰਚਿਆ ਹੈ ਅਤੇ ਇਸ ਦਾ ਰੋਗ ਦੂਰ ਕਰਕੇ ਇਸ ਨੂੰ ਅਸਲ ਫ਼ਕੀਰੀ ਦੀ ਸੂਝ ਕਰਾਉਣ ਆਇਆ ਹੈ।

ਹੁਣ ਸੰਤ ਜੀ ਮਹਾਰਾਜ ਦੀ ਨਿਗਾਹ ਪੰਜੇ ਵੱਲ ਪਈ। ਹੇਠਾਂ ਸਤਿਗੁਰੂ ਜੀ ਦੀ ਤੇਜਸ੍ਵੀ ਤੇ ਸੁੰਦਰ ਮਨਮੋਹਣੀ ਸੂਰਤ ਨਜ਼ਰ ਆਈ, ਪਹਾੜ ਦਾ ਟੁੱਕੜਾ ਬਿਜਲੀ ਦੀ ਤੇਜ਼ੀ ਨਾਲ ਆ ਰਿਹਾ ਹੈ। ਸਤਿਗੁਰੂ ਜੀ ਨੇ ਸੱਜਾ ਪੰਜਾ ਖੜਾ ਕੀਤਾ ਹੈ। ਛੂੰਹਦੇ ਸਾਰ ਹੀ ਪੱਥਰ ਮੋਮ ਹੋ ਗਿਆ ਹੈ ਅਤੇ ਨਾਲ ਹੀ ਨਾਲ ਵਲੀ ਕੰਧਾਰੀ ਦੇ ਕੁੰਡ ਸਾਰਾ ਦਾ ਪਾਣੀ ਹੇਠਾਂ ਵਹਿ ਟੁਰਿਆ ਹੈ ਅਤੇ ਵਿਚਾਰਾ ਵਲੀ ਕੰਧਾਰੀ 'ਵਲੀ' ਦੀ ਥਾਂ ਫੂਕ ਨਿਕਲੀ ਖੱਲ ਵਾਂਗਣ ਨਿਰਾਸਤਾ ਦਾ ਅਵਤਾਰ, ਉੱਪਰ ਖਲੋਤਾ ਨਜ਼ਰ ਆਉਂਦਾ ਹੈ। ਇਹ ਅਦੁੱਤੀ ਅੰਤਰ-ਮੁੱਖੀ ਦਰਸ਼ਨ ਦੇਖ ਕੇ ਸੰਤ ਜੀ ਮਹਾਰਾਜ 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!' ਦੀ ਧੁੰਨੀ ਵਿੱਚ ਅਲਮਸਤ ਹੋ ਗਏ। ਪਹਾੜੀ ਦੇ ਇੱਕ ਪਾਸੇ ਵੱਲ ਇਕਾਂਤ ਬੈਠ ਗਏ ਅਤੇ ਕਿੰਨਾ ਚਿਰ ਹੀ ਸਤਿਗੁਰੂ ਜੀ ਦੇ ਬੇਅੰਤ ਗੁਣਾਂ ਵਿੱਚ ਲੀਨ ਟਿਕੇ ਰਹੇ।

ਸ਼ਾਮ ਦੇ ਵਕਤ ਹੇਠਾਂ ਆ ਕੇ ਲੰਗਰ ਵਿੱਚ ਪ੍ਰਸ਼ਾਦਾ ਛਕਿਆ ਅਤੇ ਰਾਤ ਦੇ ਵਕਤ ਬਿਰਾਜ ਗਏ। ਦੂਜੇ ਦਿਹਾੜੇ ਸਾਰਾ ਦਿਨ ਪੰਜਾ ਸਾਹਿਬ ਅਨੰਦ ਲਿਆ ਅਤੇ ਸ਼ਾਮ ਦੇ ਵਕਤ ਮਾਨਸਰੋਵਰ ਵੱਲ ਟੁਰ ਪਏ।

ਇੱਧਰ ਮਾਈ ਰਾਧਾ ਅੰਮ੍ਰਿਤ ਵੇਲੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿੱਚ ਗਈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਉਹ ਮਨਮੋਹਣੀ ਮੂਰਤ ਪਾਠ ਕਰਦੀ ਨਜ਼ਰ ਨਾ ਆਈ। ਜਦ ਗਹੁ ਨਾਲ ਦੇਖਿਆ ਤਦ ਨਜ਼ਰ ਪਿਆ ਕਿ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵੀ ਨਹੀਂ ਹੋਏ ਅਤੇ ਬਾਹਰ ਵਾਲੀ ਮੋਰੀ ਵੀ ਖੁੱਲ੍ਹੀ ਹੈ।

ਪਹਿਲਾਂ ਤਾਂ ਮਾਈ ਨੇ ਸਮਝਿਆ ਕਿ ਸੰਤ ਕੱਲ੍ਹ ਜੱਗ-ਰੁਝੇਵੇਂ ਕਰਕੇ ਥੱਕੇ ਹੋਣ ਦੇ ਕਾਰਨ ਚਿਰਕੇ ਉੱਠੇ ਹੋਣਗੇ ਅਤੇ ਅਜੇ ਬਾਹਰ ਇਸ਼ਨਾਨ ਪਾਣੀ ਕਰਨ ਗਏ ਹੋਏ ਹੋਣਗੇ। ਬਹੁਤ ਚਿਰ ਉਡੀਕਿਆ, ਪਰ ਜਦ ਦਿਨ ਹੀ ਚੜ੍ਹ ਗਿਆ, ਤਾਂ ਮਨ ਵਿੱਚ ਖੋਹ ਪੈਣ ਲੱਗ ਪਈ ਕਿ ਕਿੱਧਰੇ ਪੰਛੀ ਉਡਾਰੀ ਹੀ ਨਾ ਮਾਰ ਗਏ ਹੋਣ, ਸਾਧਾਂ-ਫਕੀਰਾਂ ਦਾ ਕੀ ਹੈ? ਮੌਜ਼ ਆਈ ਤੇ ਟਿਕੇ ਰਹੇ, ਮੌਜ਼ ਆਈ ਤੇ ਕੂਚ ਕਰ ਗਏ।

ਇੱਕ ਤਾਂ ਮਾਈ ਦੇ ਦਿਲ ਵਿੱਚ ਪੁੱਤਰ ਦੇ ਵਿਜੋਗ ਦਾ ਸੱਲ ਸੀ, ਦੂਜੇ ਪਾਸੇ ਸੰਤ ਜੀ ਮਹਾਰਾਜ ਦਾ ਵਿਛੋੜਾ ਹੁੰਦਾ ਨਜ਼ਰ ਆਇਆ। ਬੜੀ ਵਿਆਕੁਲ ਹੋ ਕੇ ਆਪਣੇ ਪਤੀ ਗੁਰਮੁਖ ਸਿੰਘ ਅਤੇ ਛੋਟੇ ਪੁੱਤਰ ਜੀਵਨ ਸਿੰਘ ਨੂੰ ਖ਼ਬਰ ਕੀਤੀ, "ਸੰਤ ਜੀ ਆਪਣੇ ਕਮਰੇ ਵਿੱਚ ਨਜ਼ਰ ਨਹੀਂ ਆਉਂਦੇ, ਕਿੱਧਰੇ ਢੂੰਡ-ਭਾਲ ਕਰੋ।" ਪ੍ਰੇਮੀਆਂ ਨੇ ਕੁਝ ਹੋਰ ਸਤਿਸੰਗੀ ਨਾਲ ਲਏ। ਇੱਕ-ਦੋ ਦਿਨ ਦੂਰ ਨੇੜੇ ਦੇ ਪਹਾੜੀ ਕੰਦਰਾਂ ਵਿੱਚ ਖੋਜ ਕੀਤੀ, ਪਰ ਸੰਤ ਜੀ ਨਾ ਮਿਲੇ।

ਫੇਰ ਖਿਆਲ ਆਇਆ ਕਿ ਕਿੱਧਰੇ ਪੰਜਾ ਸਾਹਿਬ ਨਾ ਚਲੇ ਗਏ ਹੋਵਣ। ਪ੍ਰੇਮੀ ਉੱਥੇ ਵੀ ਗਏ ਪਰ ਜਦ ਪੜਤਾਲ ਕੀਤੀ ਤਦ ਪਤਾ ਲੱਗਾ ਕਿ ਭੂਰੀ ਦੀ ਦਸਤਾਰ, ਤੇੜ ਕਛਹਿਰਾ ਅਤੇ ਛੋਟੀ ਕਮਲੀ ਵਾਲਾ ਇੱਕ ਸਾਧੂ ਰਾਤ ਠਹਿਰ ਕੇ ਦੂਜੇ ਦਿਨ ਕਿਸੇ ਵੇਲੇ ਕਿੱਧਰੇ ਅੱਗੇ ਚਲਾ ਗਿਆ ਹੈ।

ਪ੍ਰੇਮੀ ਤਾਂ ਪੰਜਾ ਸਾਹਿਬ ਦੇ ਦਰਸ਼ਨ ਕਰਕੇ ਨਿਰਾਸ਼ ਹੋ ਘਰ ਮੁੜ ਆਏ, ਪਰ ਉਧਰੋਂ ਸੰਤ ਜੀ ਪਹਾੜ ਦੀਆਂ ਗਲੀਆਂ ਦੇ ਰਸਤੇ ਮਾਨਸੇਹਰੇ ਹੁੰਦੇ ਹੋਏ ਦੋਮੇਲ ਪਹੁੰਚ ਗਏ।

ਪੂਰਨ ਇਕਾਂਤ ਸਿਮਰਨ

ਦੋਮੇਲ, ਜਿਸ ਦਾ ਦੂਜਾ ਨਾਮ ਮੁਜ਼ੱਫਰ ਅਬਾਦ ਹੈ, ਕਸ਼ਮੀਰ ਦਾ ਇੱਕ ਬੜਾ ਸੁੰਦਰ ਤੇ ਛੋਟਾ ਜਿਹਾ ਕਸਬਾ ਹੈ। ਇੱਕ ਪਾਸਿਉਂ ਦਰਿਆਏ ਜਿਹਲਮ, ਸ੍ਰੀਨਗਰ, ਬਾਰਾਮੂਲਾ, ਊੜੀ ਤੋਂ ਹੁੰਦਾ ਹੋਇਆ ਸੜਕ ਦੇ ਨਾਲ-ਨਾਲ ਪਹਾੜਾਂ ਵਿੱਚ ਸੱਪ ਵਾਂਗ ਕਈ ਵਲਾਂਗੜੇ ਖਾਂਦਾ ਆਉਂਦਾ ਹੈ, ਦੂਜੇ ਪਾਸਿਉਂ ਇਸ ਨੂੰ ਕਿਸ਼ਨ ਗੰਗਾ ਹੱਸਦੀ-ਹੱਸਦੀ ਮਿਲਦੀ ਹੈ। ਦੋਹਾਂ ਭੈਣ-ਭਰਾਵਾਂ ਦਾ ਮਿਲਾਪ ਇੱਕ ਬੜੀ ਰਮਣੀਕ ਅਤੇ ਸੁੰਦਰ ਪਹਾੜੀ ਦੇ ਹੇਠ ਹੁੰਦਾ ਹੈ।

ਠੀਕ ਇਸ ਪਹਾੜੀ ਦੇ ਉੱਤੇ ਇੱਕ ਬੜਾ ਸੁੰਦਰ ਗੁਰਦੁਆਰਾ ਹੈ, ਜਿੱਥੇ ਕਿ ਹਰ ਵਕਤ ਲੰਗਰ ਵਰਤਦਾ ਹੈ ਅਤੇ ਕਈ ਗੁਫਾਵਾਂ ਸਾਧੂਆਂ ਦੇ ਇਕਾਂਤ ਸਿਮਰਨ ਵਾਸਤੇ ਬਣੀਆਂ ਹੋਈਆਂ ਹਨ। ਇਸ ਤੋਂ ਮੀਲ ਕੁ ਦੀ ਵਿੱਥ ਤੇ ਦਰਿਆ ਜਿਹਲਮ ਦੇ ਕਿਨਾਰੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੀਰੀ-ਪੀਰੀ ਸਿਮਰਨ ਦਾ ਅਸਥਾਨ ਹੈ।*

ਜਦ ਸੰਤ ਜੀ ਦੁਮੇਲ ਪਹੁੰਚੇ, ਤਦ ਕਿਸ਼ਨ-ਗੰਗਾ ਅਤੇ ਦਰਿਆ-ਜਿਹਲਮ ਦਾ ਮਿਲਾਪ ਅਸਥਾਨ ਇਨ੍ਹਾਂ ਨੂੰ ਬੜਾ ਹੀ ਪਸੰਦ ਆਇਆ। ਮੌਜ ਵਿੱਚ ਆ ਕੇ ਕਿਸ਼ਨ-ਗੰਗਾ ਦੇ ਕਿਨਾਰੇ ਆਸਣ ਜਮਾ ਕੇ ਬੈਠ ਗਏ। ਸੰਤ ਭੀਮ ਸਿੰਘ ਜੀ, ਜੋ ਉਨ੍ਹਾਂ ਦਿਨਾਂ ਵਿੱਚ ਇਸ ਗੁਰਦੁਆਰੇ ਰਹਿੰਦੇ ਸਨ, ਸ਼ਾਮ ਦੇ ਵਕਤ ਜਲ ਪਾਣੀ ਵਰਤਨ ਵਾਸਤੇ ਦਰਿਆ ਦੇ ਕਿਨਾਰੇ ਗਏ। ਉਨ੍ਹਾਂ ਨੇ ਸੰਤ ਜੀ ਮਹਾਰਾਜ ਨੂੰ ਸਮਾਧੀ ਅਸਥਿਤ ਦੇਖਿਆ। ਗੁਰਦੁਆਰੇ ਆ ਕੇ ਮਹੰਤ ਦਯਾ ਸਿੰਘ ਜੀ ਕੋਲ ਜ਼ਿਕਰ ਕੀਤਾ। ਇਹ ਬੜੇ ਹੀ ਪ੍ਰੇਮੀ ਪੁਰਸ਼ ਸਨ। ਉਸੇ ਵੇਲੇ ਦਰਿਆ ਦੇ ਕਿਨਾਰੇ ਵੱਲ ਟੁਰ ਪਏ ਅਤੇ ਸੰਤ ਜੀ ਮਹਾਰਾਜ ਨੂੰ ਬੜੇ ਪ੍ਰੇਮ ਨਾਲ ਗੁਫਾ ਵਿੱਚ ਲੈ ਆਏ। ਇੱਕ-ਦੋ ਦਿਨ ਤਾਂ ਸੰਤ ਜੀ ਮਹਾਰਾਜ ਗੁਫਾ ਵਿੱਚ ਰਹੇ, ਫੇਰ ਆਪਣਾ ਇਰਾਦਾ (ਆਸ਼ਾ) ਦਰਿਆ ਕਿਸ਼ਨ-ਗੰਗਾ 'ਤੇ ਇੱਕ ਝੁੱਗੀ ਪਾਉਣ ਦਾ ਪ੍ਰਗਟ ਕੀਤਾ। ਮਹੰਤ ਸਾਹਿਬ ਅਤੇ ਸੰਤ ਭੀਮ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਉੱਥੇ ਇੱਕ ਸੁੰਦਰ ਕੁਟੀਆ ਪਵਾ ਦਿੱਤੀ।

ਸੁੰਦਰ ਜਲ ਦਾ ਕਿਨਾਰਾ, ਗੁਰੂ ਦਾ ਲੰਗਰ ਅਤੇ ਰਸ-ਭਰੀ ਇਕਾਂਤ, ਜਿੱਥੇ ਕਿ ਸੁਤੇ-ਸਿੱਧ ਹੀ ਸਮਾਧੀ ਲੱਗ ਜਾਵੇ, ਫ਼ਕੀਰ ਦੀਆਂ ਇਹ ਤਿੰਨੇ ਲੋੜਾਂ ਇਸ ਜਗ੍ਹਾ ਕੁਦਰਤ ਨੇ ਪੂਰੀਆਂ ਕੀਤੀਆਂ ਹੋਈਆਂ ਸਨ। ਸੰਤ ਜੀ ਮਹਾਰਾਜ ਕਈ ਮਹੀਨੇ ਏਥੇ 'ਨਾਮ-ਸਿਮਰਨ' ਕਰਦੇ ਅਤੇ 'ਬਲਿਹਾਰੀ ਕੁਦਰਤ ਵਸਿਆ' ਦਾ ਅਨੰਦ ਮਾਣਦੇ ਰਹੇ।

ਇੱਕ ਦਿਨ 'ਨਾਮ-ਸਿਮਰਨ' ਵਿੱਚ ਬੈਠਿਆਂ-ਬੈਠਿਆਂ ਸੰਤ ਭਾਈ ਰਾਮ ਸਿੰਘ ਜੀ ਦੇ ਦਰਸ਼ਨ ਦੀ ਖਿੱਚ ਹੋਈ-ਆਖਦੇ ਹਨ ਕਿ ਤੁਹਾਡਾ ਤਾਂ ਸਾਨੂੰ ਨਾਮ ਕਟਵਾ ਕੇ ਛੇਤੀ ਮਿਲਣ ਦਾ ਬਚਨ ਸੀ, ਪਰ ਹੁਣ ਤਾਂ ਕਿੰਨਾ ਚਿਰ ਲੰਘ ਗਿਆ ਹੈ। ਅਸੀਂ ਆਪਣੇ ਬਚਨ ਅਨੁਸਾਰ ਕਿੰਨੇ ਚਿਰ ਤੋਂ ਸਿਆਲਕੋਟ ਛੱਡ ਕੇ ਥਮ੍ਹਾਲੀ ਆਏ ਬੈਠੇ ਹਾਂ।

---

* ਇਹ ਅਸਥਾਨ ਹੁਣ ਪਾਕਿਸਤਾਨੀਆਂ ਦੇ ਹਮਲੇ ਦਾ ਸ਼ਿਕਾਰ ਹੋ ਕੇ ਪਾਕਿਸਤਾਨੀ ਕਸ਼ਮੀਰ ਵਿੱਚ ਰਹਿ ਗਿਆ ਹੈ।

ਦੂਜੇ ਦਿਨ ਹੀ ਸੰਤ ਜੀ ਅੰਮ੍ਰਿਤ ਵੇਲੇ ਮਹੰਤ ਸਾਹਿਬ ਅਤੇ ਸੰਤ ਭੀਮ ਸਿੰਘ ਜੀ ਤੋਂ ਵਿਦਾ ਹੋ ਕੇ ਟੁਰ ਪਏ ਅਤੇ ਕੋਹਾਲੇ ਦੇ ਰਸਤੇ ਕੋਹਮਰੀ ਪਹੁੰਚੇ। ਕੋਹਮਰੀ ਪਹਾੜ ਦੀ ਸੁੰਦਰਤਾ ਅਤੇ ਠੰਢ ਨੇ ਪ੍ਰੇਰਨਾ ਕੀਤੀ ਕਿ ਕੁਝ ਦਿਨ ਏਥੇ ਬਿਲਕੁਲ ਏਕਾਂਤ ਸਿਮਰਨ ਦਾ ਰੰਗ ਮਾਣੀਏ ਤੇ ਪਹਾੜ ਦੀ ਕਿਸੇ ਐਸੀ ਚੋਟੀ 'ਤੇ ਜਾ ਬੈਠੀਏ, ਜਿੱਥੇ ਕਿਸੇ ਬੰਦੇ ਦੀ ਜਾਤ ਭੀ ਨਜ਼ਰ ਨਾ ਆਵੇ।

ਇਹ ਸੰਕਲਪ ਧਾਰ ਕੇ ਸੰਤ ਜੀ ਮਹਾਰਾਜ ਨੇ ਇੱਕ ਕੋਰੀ ਕੁੰਨੀ (ਮਿੱਟੀ ਦਾ ਛੋਟਾ ਬਰਤਨ), ਲੂਣ ਅਤੇ ਤੀਲਾਂ ਦੀ ਡੱਬੀ ਆਪਣੇ ਨਾਲ ਲੈ ਲਈ ਕਿ ਜਦ ਕਦੀ ਭੁੱਖ ਬਹੁਤਾ ਜ਼ੋਰ ਪਾਵੇਗੀ ਤਾਂ ਦਰੱਖਤਾਂ ਦੇ ਪੱਤੇ ਉਬਾਲ ਕੇ ਛਕ ਲਿਆ ਕਰਾਂਗੇ ਅਤੇ ਟੋਆ (ਪੇਟ) ਭਰ ਲਵਾਂਗੇ। ਇੱਕ ਬੜੀ ਇਕਾਂਤ ਪਹਾੜੀ ਲੱਭੀ, ਜਿਸ ਦੇ ਸਿਖਰ 'ਤੇ ਇੱਕ ਸੁੰਦਰ ਚਸ਼ਮਾ ਸੀ ਅਤੇ ਕਈ ਮੀਲ ਕਿਸੇ ਅਬਾਦੀ ਦਾ ਨਿਸ਼ਾਨ ਵੀ ਨਜ਼ਰ ਨਹੀਂ ਸੀ ਆਉਂਦਾ। ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋ ਕੇ ਬੈਠ ਗਏ ਕਿ ਹੁਣ ਪੂਰਨ ਇਕਾਂਤ ਵਿੱਚ ਸਿਮਰਨ ਦਾ ਸੰਕਲਪ ਪੂਰਾ ਹੋ ਜਾਵੇਗਾ।

ਤਿੰਨ ਦਿਨ ਇੱਕ-ਰਸ 'ਨਾਮ-ਰੰਗ' ਵਿੱਚ ਖੂਬ ਹੁਲਾਰੇ ਲਏ। ਚੌਥੇ ਦਿਨ ਕੀ ਵੇਖਦੇ ਹਨ ਕਿ ਇੱਕ ਮਾਈ ਮੱਕੀ ਦੇ ਦੋ ਮੋਟੇ-ਮੋਟੇ ਪ੍ਰਸ਼ਾਦੇ, ਉੱਤੇ ਸਰ੍ਹੋਂ ਦਾ ਸਾਗ ਲਈ ਬੈਠੀ ਹੈ। ਸੰਤ ਜੀ ਮਹਾਰਾਜ ਨੇ ਹੈਰਾਨ ਹੋ ਕੇ ਪੁੱਛਿਆ, "ਮਾਈ ਤੂੰ ਕਿੱਥੋਂ? ਏਥੇ ਤਾਂ ਦੂਰ-ਦੂਰ ਤੀਕਰ ਕੋਈ ਬਸਤੀ ਨਜ਼ਰ ਨਹੀਂ ਆਉਂਦੀ।"

ਮਾਈ ਨੇ ਬੜੇ ਪ੍ਰੇਮ ਨਾਲ ਉੱਤਰ ਦਿੱਤਾ, "ਮਹਾਰਾਜ! ਐਹ ਜਿਹੜੀ ਦੋ ਕੁ ਮੀਲ ਉੱਚੀ ਪਹਾੜੀ ਨਜ਼ਰ ਆਉਂਦੀ ਹੈ, ਉਹਦੇ ਓਹਲੇ ਮੇਰਾ ਛੋਟਾ ਜਿਹਾ ਮੋਹੜਾ ਹੈ। ਸਾਡੇ ਨੇੜੇ-ਤੇੜੇ ਸਿਵਾਏ ਇਸ ਚਸ਼ਮੇ ਦੇ, ਜਿੱਥੇ ਕਿ ਆਪ ਬੈਠੇ ਹੋ, ਹੋਰ ਕਿਤੇ ਜਲ ਨਹੀਂ। ਮੈਂ ਹਰ ਰੋਜ਼ ਜਲ ਭਰਨ ਆਉਂਦੀ ਹਾਂ। ਤਿੰਨ ਦਿਨ ਆਪ ਨੂੰ ਏਸੇ ਥਾਂ ਬੈਠਾ ਦੇਖਿਆ। ਅੱਜ ਮੇਰੇ ਦਿਲ ਵਿੱਚ ਖਿਆਲ ਆਇਆ ਕਿ ਤੁਹਾਡੇ ਵਾਸਤੇ ਪ੍ਰਸ਼ਾਦੇ ਲੈ ਆਵਾਂ। ਸੋ, ਇਹ ਮੱਕੀ ਦੇ ਪ੍ਰਸ਼ਾਦੇ ਅਤੇ ਸਾਗ ਹਾਜ਼ਰ ਹੈ, ਕ੍ਰਿਪਾ ਕਰਕੇ ਛਕ ਲਵੋ।" ਸੰਤ ਜੀ ਮਹਾਰਾਜ ਨੇ ਦੋਵੇਂ ਹੱਥ ਅੱਗੇ ਕਰਕੇ ਪ੍ਰਸ਼ਾਦੇ ਹੱਥਾਂ 'ਤੇ ਲੈ ਲਏ ਅਤੇ ਬੜੇ ਪ੍ਰੇਮ ਨਾਲ ਛਕੇ। ਪਿੱਛੋਂ ਚਸ਼ਮੇ ਵਿੱਚੋਂ ਬੁੱਕ ਨਾਲ ਜਲ ਪੀ ਲਿਆ।

ਜਦ ਮਾਈ ਚਲੀ ਗਈ ਤਾਂ ਸੰਤ ਜੀ ਮਹਾਰਾਜ ਨੇ ਸੋਚਿਆ ਕਿ ਕਰਤਾਰ ਦੀ ਨੇਤ ਵਿੱਚ ਪ੍ਰਾਲਬਧ ਭੋਗ ਹਰ ਥਾਂ 'ਤੇ ਆ ਪਹੁੰਚਦਾ ਹੈ ਅਤੇ ਉਸ ਦੇ ਹੁਕਮ ਵਿੱਚ ਜੀਵਾਂ ਦਾ ਵੀ ਮੇਲ ਹੋ ਜਾਂਦਾ ਹੈ। ਚੱਲੋ ਹੁਣ ਅੱਗੇ ਚੱਲੀਏ। ਕੁੰਨੀ ਪਹਾੜੀ ਤੇ ਹੀ ਛੱਡ ਦਿੱਤੀ 'ਤੇ ਹੇਠਾਂ ਉੱਤਰ ਕੇ ਰਾਵਲਪਿੰਡੀ ਦਾ ਰਾਹ ਲਿਆ।

ਸੰਤ ਸਿੱਧੇ ਰਾਵਲਪਿੰਡੀ ਆ ਪਹੁੰਚੇ ਅਤੇ ਤੋਪਖਾਨੇ ਦੇ ਪਾਸ ਕੁਝ ਦਿਨ ਇੱਕ ਗੁਫਾ ਵਿੱਚ ਗੁਪਤ ਰਹੇ। ਏਥੋਂ ਦੋਭੇਰਨ ਦੇ ਰਸਤੇ ਮੱਘਰ ੧੯੫੦ ਬਿਕ੍ਰਮੀ (ਸੰਨ ੧੮੯੩ ਈਸਵੀ) ਵਿੱਚ ਥਮ੍ਹਾਲੀ ਸੰਤ ਰਾਮ ਸਿੰਘ ਜੀ ਪਾਸ ਅੱਪੜ ਗਏ, ਜੋ ਕੁਝ ਚਿਰ ਤੋਂ ਇਨ੍ਹਾਂ ਦੀ ਤੀਬਰ ਉਡੀਕ ਵਿੱਚ ਸਨ।

ਕਾਂਡ ੧੧

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥ (੧੩੮੧)

ਥਮ੍ਹਾਲੀ ਤੋਂ ਕਨੋਹੇ

ਜਦ ਸੰਤ ਜੀ ਮਹਾਰਾਜ ਥਮ੍ਹਾਲੀ ਸੰਤ ਭਾਈ ਰਾਮ ਸਿੰਘ ਜੀ ਦੇ ਡੇਰੇ ਅੱਪੜੇ ਤਦ ਭਾਈ ਰਾਮ ਸਿੰਘ ਜੀ ਇਨ੍ਹਾਂ ਨੂੰ ਬੜੇ ਪ੍ਰੇਮ ਨਾਲ ਮਿਲੇ, ਘੁੱਟ ਕੇ ਜੱਫੀ ਵਿੱਚ ਲੈ ਲਿਆ ਤੇ ਕਹਿਣ ਲੱਗੇ, "ਤੁਸਾਂ ਬੜਾ ਚਿਰ ਲਾਇਆ। ਨਾਮ ਕਟਾ ਕੇ ਕਿੱਥੇ-ਕਿੱਥੇ ਰਹੇ?" ਮਹਾਰਾਜ ਨੇ ਸਾਰੀ ਵਿੱਥਿਆ ਆਖ ਸੁਣਾਈ। ਫੇਰ ਪ੍ਰਸ਼ਾਦਾ ਛਕ ਕੇ ਬਿਰਾਜ ਗਏ।

ਥਮ੍ਹਾਲੀ ਪਿੰਡ ਕੱਲਰ ਤੋਂ ਚਾਰ ਮੀਲ ਦੀ ਵਿੱਥ 'ਤੇ ਦੋਭੇਰਨ-ਕੱਲਰ ਦੀ ਸੜਕ ਉੱਪਰ ਸਿੱਖ ਜ਼ਿਮੀਂਦਾਰਾਂ ਦਾ ਇੱਕ ਨਗਰ ਹੈ। ਏਥੇ ਹੀ ਬਹਾਦਰ ਜਰਨੈਲ ਸਰਦਾਰ ਹਰੀ ਸਿੰਘ ਜੀ ਨਲਵਾ ਦੇ ਸਹੁਰੇ ਸਨ। ਪਿੰਡ ਦੇ ਸਾਰੇ ਮਾਈ-ਭਾਈ ਸਤਿਸੰਗ ਦੇ ਪ੍ਰੇਮੀ ਹਨ। ਸੰਤ ਭਾਈ ਰਾਮ ਸਿੰਘ ਜੀ ਨੇ ਇਨ੍ਹਾਂ ਦਾ ਪ੍ਰੇਮ ਵੇਖ ਕੇ ਆਪਣਾ ਡੇਰਾ ਏਥੇ ਪਿੰਡ ਤੋਂ ਦੋ ਕੁ ਸੌ ਕਰਮ ਦੇ ਫਾਸਲੇ 'ਤੇ ਇੱਕ ਸੁੰਦਰ ਇਕਾਂਤ ਥਾਂ, ਵੱਗਦੇ ਜਲ ਦੇ ਕਿਨਾਰੇ, ਬਣਾ ਲਿਆ ਸੀ। ਏਸ ਦੇ ਸੇਵਕ ਸੰਤ ਭਾਈ ਜਵਾਹਰ ਸਿੰਘ ਜੀ ਅਤੁੱਟ ਲੰਗਰ ਜਾਰੀ ਰੱਖਦੇ ਅਤੇ ਆਏ ਗਏ ਸਾਧ, ਸੰਤ, ਮੁਸਾਫਰ ਦੀ ਬੜੀ ਟਹਿਲ ਕਰਦੇ।

ਸੰਤ ਜੀ ਮਹਾਰਾਜ ਕੁਝ ਚਿਰ ਏਸ ਪ੍ਰੇਮ ਅਤੇ ਸੇਵਾ ਭਾਵ ਦੀ ਲਹਿਰ ਵਿੱਚ ਰਹੇ। ਇੱਕ ਦਿਨ ਸੰਤ ਭਾਈ ਰਾਮ ਸਿੰਘ ਜੀ ਨਾਲ ਗੁਰਦੁਆਰੇ ਦੇ ਬਾਗ਼ ਵਿੱਚ ਬੈਠੇ ਸੀ, ਪ੍ਰੇਮ ਦੇ ਬਚਨ ਹੋ ਰਹੇ ਸਨ। ਬਚਨ-ਬਿਲਾਸ ਕਰਦਿਆਂ-ਕਰਦਿਆਂ ਸੰਤ ਜੀ ਮਹਾਰਾਜ ਨੇ ਆਖਿਆ ਕਿ ਸਾਡੇ ਚਿੱਤ ਵਿੱਚ ਹੁਣ ਅਤੁੱਟ ਏਕਾਂਤ ਸਿਮਰਨ ਕਰਨ ਦਾ ਤੀਬਰ ਸੰਕਲਪ ਹੈ। ਭਾਈ ਰਾਮ ਸਿੰਘ ਜੀ ਨੇ ਜਵਾਬ ਦਿੱਤਾ ਕਿ ਸਾਡੇ ਇਸ ਇਲਾਕੇ ਵਿੱਚ ਦੋ ਡੇਰੇ ਹਨ: ਇੱਕ ਥਮ੍ਹਾਲੀ, ਜਿੱਥੇ ਆਪ ਬਿਰਾਜ ਰਹੇ ਹੋ ਤੇ ਦੂਜਾ ਕਨੋਹਾ,* ਜੋ ਏਸੇ ਦੋ ਮੀਲ ਦੇ ਫਾਸਲੇ 'ਤੇ ਕੱਲਰ-ਚੋਹਾ ਖ਼ਾਲਸਾ ਦੀ ਸੜਕ 'ਤੇ ਹੈ। ਕੱਲ੍ਹ ਅੰਮ੍ਰਿਤ ਵੇਲੇ ਚੱਲ ਕੇ ਤੁਹਾਨੂੰ ਕਨੋਹੇ ਦੇ ਡੇਰੇ ਦਾ ਦਰਸ਼ਨ ਕਰਵਾ ਦਿਆਂਗੇ। ਫੇਰ ਦੋਹਾਂ ਅਸਥਾਨਾਂ ਵਿੱਚੋਂ ਜਿਹੜਾ ਆਪ ਦੇ ਪਸੰਦ ਆਵੇ, ਉੱਥੇ ਆਪਣਾ ਇਕਾਂਤ ਸਿਮਰਨ ਦਾ ਸੰਕਲਪ ਪੂਰਾ ਕਰ ਲੈਣਾ। ਦੂਜੇ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਸੰਤ ਭਾਈ ਰਾਮ ਸਿੰਘ ਜੀ ਨਾਲ ਕਨੋਹੇ ਵੱਲ ਟੁਰ ਪਏ। ਠੰਢੇ-ਠੰਢੇ ਕਨੋਹੇ ਪੁੱਜ ਗਏ ਅਤੇ ਗੁਰਦੁਆਰੇ ਵਿੱਚ ਜਾ ਡੇਰਾ ਕੀਤਾ।

ਕਨੋਹਾ ਸਿੱਖਾਂ ਦਾ ਇੱਕ ਪੁਰਾਣਾ ਪਿੰਡ ਹੈ। ਸਾਰੇ ਨਗਰ ਵਾਸੀ ਜ਼ਿਮੀਂਦਾਰੀ 'ਤੇ ਗੁਜ਼ਾਰਾ ਕਰਦੇ ਹਨ। ਨਾਲ-ਨਾਲ ਕਈ ਸੱਜਣ ਸ਼ਾਹੂਕਾਰੇ ਅਤੇ ਦੁਕਾਨ ਦਾ ਵੀ ਕੰਮ-ਕਾਜ ਕਰ ਲੈਂਦੇ ਹਨ। ਪਿੰਡ ਦੇ ਨਾਲੋਂ ਇੱਕ ਬੜਾ ਭਾਰੀ ਕੱਸ (ਪਾਣੀ ਦਾ ਨਾਲਾ) ਲੰਘਦਾ ਹੈ, ਜਿਸ ਵਿੱਚ ਸੋਮੇ ਹੋਣ ਕਰਕੇ ਪਾਣੀ ਸਦਾ ਹੀ ਰਹਿੰਦਾ ਹੈ। ਖਾਸ ਗੁਰਦੁਆਰੇ ਵਿੱਚ ਇੱਕ ਬਾਉਲੀ ਹੈ, ਜਿਸ ਦੇ ਦੋ ਹਿੱਸੇ ਕੀਤੇ ਹੋਏ ਹਨ, ਇੱਕ ਪਾਣੀ ਪੀਣ ਵਾਸਤੇ ਤੇ ਦੂਜਾ ਇਸ਼ਨਾਨ ਕਰਨ ਵਾਸਤੇ। ਹੋਰ ਵੀ ਥਾਂ-ਥਾਂ ਕਈ ਖੂਹ ਅਤੇ ਚਸ਼ਮੇ ਹਨ। ਗੱਲ ਕੀ, ਇਸ ਨਗਰ ਵਿੱਚ ਅਤੁੱਟ ਖੁੱਲ੍ਹੇ ਪਾਣੀ ਦੀ ਬੜੀ ਮੌਜ ਹੈ।

---

* ਜੋ ਹੁਣ ਪਾਕਿਸਤਾਨ ਵਿੱਚ ਹੈ।

ਨਗਰ ਦੀ ਅਬਾਦੀ ਦੇ ਨਾਲ ਹੀ ਇੱਕ ਉੱਚੀ ਟੇਕਰੀ 'ਤੇ ਸਿੱਖਾਂ ਦੇ ਵਕਤ ਦੇ ਪੁਰਾਣੇ ਕਿਲ੍ਹੇ ਦੇ ਨਿਸ਼ਾਨ ਹਨ ਅਤੇ ਪਿੰਡ ਵੀ ਆਲੇ-ਦੁਆਲੇ ਦੀ ਜ਼ਮੀਨ ਨਾਲੋਂ ਉੱਚੀ ਥਾਂ 'ਤੇ ਅਬਾਦ ਹੈ। ਨਗਰ ਦੀ ਅਬਾਦੀ ਅਤੇ ਕੱਲਰ-ਚੋਹਾ ਖ਼ਾਲਸਾ ਦੀ ਸੜਕ ਦੇ ਵਿਚਕਾਰ ਪੁਲਾਹੀਆਂ ਦੀ ਇੱਕ ਬੜੀ ਘਣੀ ਝੰਗੀ ਹੈ, ਜੋ ਸੜਕ ਅਤੇ ਪਿੰਡ ਤੋਂ ਬੜੀ ਨੀਵੀਂ ਹੈ। ਇੱਥੇ ਦਿਨ-ਦੀਵੀਂ ਜੇ ਕੁਝ ਸੱਜਣ ਇਕਾਂਤ ਸਿਮਰਨ ਵਾਸਤੇ ਬੈਠ ਜਾਣ ਤਾਂ ਕਿਸੇ ਨੂੰ ਦੂਰੋਂ ਪਤਾ ਤੱਕ ਨਹੀਂ ਲੱਗਦਾ।

ਪਾਣੀ ਦੀ ਖੁੱਲ੍ਹ ਅਤੇ ਇਕਾਂਤ ਝੰਗੀ ਕਰ ਕੇ ਸੰਤ ਜੀ ਮਹਾਰਾਜ ਨੂੰ ਤਪ ਕਰਨ ਲਈ ਕਨੋਹਾ ਪਸੰਦ ਆ ਗਿਆ। ਆਪ ਨੇ ਸੰਤ ਭਾਈ ਰਾਮ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਾਡੇ ਵਾਸਤੇ ਇਹ ਥਾਂ ਅਨੁਕੂਲ ਹੈ।

ਇਸ ਨਗਰ ਵਿੱਚ ਠੀਕ ਧਰਮਸ਼ਾਲਾ ਦੇ ਸਾਹਮਣੇ ਭਾਈ ਵਜ਼ੀਰ ਸਿੰਘ ਜੀ ਦਾ ਘਰ ਸੀ। ਇਹਨਾਂ ਦੀ ਸੁਪਤਨੀ ਭਾਗਭਰੀ, ਆਏ-ਗਏ ਸਾਧੂ ਦੀ ਬੜੀ ਸੇਵਾ ਕਰਦੀ। ਆਪਣੇ ਸੁਭਾਵ ਅਨੁਸਾਰ ਇਹ ਮਾਈ ਬੜੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਲੱਗ ਪਈ। ਕਰਤਾਰ ਦੀ ਨੇਤ, ਮਾਈ ਦਾ ਨਿੱਕਾ (ਲੜਕਾ) ਬਿਮਾਰ ਹੋ ਗਿਆ। ਮਾਈ ਦੇ ਹਿਰਦੇ ਵਿੱਚ ਸੰਤ ਜੀ ਮਹਾਰਾਜ ਪਾਸੋਂ ਅਖੰਡ ਪਾਠ ਰਖਾਉਣ ਦਾ ਸੰਕਲਪ ਪੈਦਾ ਹੋਇਆ। ਉਸ ਨੇ ਆਪਣੇ ਪਤੀ ਭਾਈ ਵਜ਼ੀਰ ਸਿੰਘ ਜੀ ਨੂੰ ਆਖਿਆ ਕਿ ਤੁਸੀਂ ਸੰਤ ਭਾਈ ਰਾਮ ਸਿੰਘ ਜੀ ਨਾਲ ਸਲਾਹ ਕਰ ਕੇ ਸੰਤ ਜੀ ਮਹਾਰਾਜ ਪਾਸੋਂ ਅਖੰਡ ਪਾਠ ਅਰੰਭ ਕਰਾਉਣ ਦੀ ਬੇਨਤੀ ਕਰੋ।

ਇਕੱਲੇ ਹੀ ਅਖੰਡ ਪਾਠ ਕਰਨਾ

ਭਾਈ ਵਜ਼ੀਰ ਸਿੰਘ ਜੀ ਆਪਣੀ ਸੁਪਤਨੀ ਦਾ ਪ੍ਰੇਮ ਪੂਰਾ ਕਰਨ ਲਈ ਸੰਤ ਭਾਈ ਰਾਮ ਸਿੰਘ ਜੀ ਪਾਸ ਗਏ ਅਤੇ ਆਖਿਆ, "ਸਾਡਾ ਪ੍ਰੇਮ ਹੈ ਕਿ ਸੰਤ ਜੀ ਮਹਾਰਾਜ ਪਾਸੋਂ ਅਖੰਡ ਪਾਠ ਅਰੰਭ ਕਰਵਾਈਏ। ਉਹ ਤਾਂ ਕਿਸੇ ਨਾਲ ਬੋਲਦੇ-ਚਾਲਦੇ ਨਹੀਂ, ਨਾ ਜਾਣੀਏ ਸਾਡੀ ਬੇਨਤੀ ਪ੍ਰਵਾਨ ਕਰਨ ਜਾਂ ਨਾ ਕਰਨ।" ਸੰਤ ਰਾਮ ਸਿੰਘ ਜੀ ਨੇ ਆਖਿਆ, "ਤੁਸੀਂ ਅਖੰਡ ਪਾਠ ਦੀ ਸਮੱਗਰੀ ਤਿਆਰ ਕਰੋ, ਸਾਨੂੰ ਨਿਸ਼ਚਾ ਹੈ ਕਿ ਸੰਤ ਜ਼ਰੂਰ ਅਖੰਡ ਪਾਠ ਕਰਨਗੇ।" ਜਦ ਸਮੱਗਰੀ ਤਿਆਰ ਹੋ ਗਈ, ਤਦ ਭਾਈ ਵਜ਼ੀਰ ਸਿੰਘ ਜੀ ਸੰਤ ਭਾਈ ਰਾਮ ਸਿੰਘ ਜੀ ਪਾਸ ਡੇਰੇ ਗਏ ਅਤੇ ਸੰਤ ਜੀ ਨੂੰ ਬੁਲਾਵਣ ਲਈ ਬੇਨਤੀ ਕੀਤੀ। ਉਨ੍ਹਾਂ ਨੇ ਆਖਿਆ, "ਤੁਸੀਂ ਆਪ ਜਾਵੋ ਅਤੇ ਜਾ ਕੇ ਅਖੰਡ ਪਾਠ ਰੱਖਣ ਦੀ ਬੇਨਤੀ ਕਰੋ। ਸੰਤ ਆਪ ਹੀ ਤੁਹਾਡੇ ਮਗਰ ਟੁਰ ਪੈਣਗੇ।"

ਸੰਤ ਜੀ ਮਹਾਰਾਜ ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕੱਸ ਵਿੱਚ ਕਿਸੇ ਇਕਾਂਤ ਜਗ੍ਹਾ ਬੈਠ ਜਾਂਦੇ ਅਤੇ ਇੱਕ-ਰਸ ਸਿਮਰਨ ਵਿੱਚ ਲੱਗ ਜਾਂਦੇ। ਦੁਪਹਿਰ ਦੇ ਵੇਲੇ ਗੁਰਦੁਆਰੇ ਵਾਪਸ ਆਉਂਦੇ ਅਤੇ ਫੇਰ ਪ੍ਰਸ਼ਾਦ ਛਕ ਕੇ ਕੁਝ ਚਿਰ ਲਈ ਬਿਰਾਜ ਜਾਂਦੇ। ਭਾਈ ਵਜ਼ੀਰ ਸਿੰਘ ਜੀ ਨੇ ਚਿੱਤ ਵਿੱਚ ਖਿਆਲ ਤਾਂ ਕੀਤਾ ਕਿ ਮਹਾਂਪੁਰਖ ਕਿਸੇ ਨਾਲ ਵੀ ਨਹੀਂ ਬੋਲਦੇ, ਮੇਰੀ ਬੇਨਤੀ ਦਾ ਜਵਾਬ ਨਾ ਜਾਣੀਏ ਦੇਣ ਕਿ ਨਾ ਦੇਣ, ਪਰ ਆਪਣੀ ਸੁਭਾਗ ਸੁਪਤਨੀ ਦੇ ਪ੍ਰੇਮ ਦਾ ਬੱਧਾ ਹੋਇਆ, ਸੰਤ ਭਾਈ ਰਾਮ ਸਿੰਘ ਜੀ ਦਾ ਬਚਨ ਮੰਨ ਕੇ, ਸੰਤ ਜੀ ਮਹਾਰਾਜ ਵੱਲ ਟੁਰ ਪਿਆ। ਅੱਠ ਵਜੇ ਦਾ ਵਕਤ ਸੀ। ਸੰਤ ਸਿਮਰਨ ਵਿੱਚ ਲੱਗੇ ਹੋਏ ਸਨ। ਇਸ ਨੇ ਦੂਰੋਂ ਹੀ ਦੇਖ ਕੇ ਡਰਦੇ-ਡਰਦੇ ਬੇਨਤੀ ਕੀਤੀ, "ਮਹਾਰਾਜ, ਗੁਰਦੁਆਰੇ ਵਿੱਚ ਅਖੰਡ ਪਾਠ ਰਖਵਾਉਣਾ ਹੈ, ਦਰਸ਼ਨ ਦੇਵੋ।" ਸੰਤ ਜੀ ਮਹਾਰਾਜ ਨੇ ਇਸ ਨੂੰ ਉੱਤਰ ਤਾਂ ਕੋਈ ਨਾ ਦਿੱਤਾ, ਪਰ ਇਸ ਦੀ ਗੱਲ ਸੁਣਦੇ ਹੀ ਉੱਠ ਖੜੋਤੇ ਅਤੇ ਇਸ ਦੇ ਮਗਰ-ਮਗਰ ਗੁਰਦੁਆਰੇ ਸਾਹਿਬ ਵਿੱਚ ਆ ਗਏ।

ਭਾਈ ਵਜ਼ੀਰ ਸਿੰਘ ਜੀ ਨੇ ਘਰ ਜਾ ਕੇ ਆਪਣੀ ਸੁਪਤਨੀ ਨੂੰ ਇਹ ਖ਼ਬਰ ਸੁਣਾਈ। ਮਾਈ ਭਾਗਭਰੀ ਨੇ ਆਪਣੀ ਬੇਨਤੀ ਪੂਰੀ ਹੋਣ ਪਰ ਕਰਤਾਰ ਦਾ ਸ਼ੁਕਰ ਕੀਤਾ। ਕੜਾਹ-ਪ੍ਰਸ਼ਾਦ ਤਿਆਰ ਕੀਤਾ ਹੋਇਆ ਸੀ,

ਗੁਰਦੁਆਰੇ ਸਾਹਿਬ ਲਿਆ ਹਾਜ਼ਰ ਕੀਤਾ। ਅਖੰਡ ਪਾਠ ਦੀ ਸਾਰੀ ਸਮੱਗਰੀ ਆ ਗਈ, ਇੱਕ ਇਕਾਂਤ ਥਾਂ ਕੁੰਭ ਟਿਕਾਇਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇੱਕ ਪਾਸੇ ਪੰਜ ਗ੍ਰੰਥੀ ਦੀ ਪੋਥੀ ਪ੍ਰਕਾਸ਼ ਕੀਤੀ ਗਈ। ਗ੍ਰੰਥੀ ਸਿੰਘ ਜੀ ਨੇ ਸੰਖ ਪੂਰਿਆ। ਇਹ ਖ਼ਬਰ ਕਿ ਨਵੇਂ ਸੋਹਣੇ ਜਵਾਨ ਮਹਾਂਪੁਰਖ, ਜੋ ਹਰ ਵਕਤ ਸਿਮਰਨ ਵਿੱਚ ਮਸਤ ਰਹਿੰਦੇ ਹਨ ਅਤੇ ਕਿਸੇ ਨਾਲ ਵੀ ਗੱਲਬਾਤ ਨਹੀਂ ਕਰਦੇ, ਪਾਠ ਅਰੰਭ ਕਰਨਗੇ। ਸਾਰੇ ਪਿੰਡ ਵਿੱਚ ਬਿਜਲੀ ਵਾਂਗੂੰ ਫੈਲ ਚੁੱਕੀ ਸੀ। ਗ੍ਰੰਥੀ ਸਿੰਘ ਦੇ ਸੰਖ ਪੂਰਨ ਦੀ ਹੀ ਦੇਰੀ ਸੀ ਕਿ ਸਾਰੇ ਪ੍ਰੇਮੀ ਮਾਈ-ਭਾਈ ਗੁਰਦੁਆਰੇ ਵਿੱਚ ਆ ਗਏ ਅਤੇ ਅੰਦਰ ਤਿਲ ਧਰਨ ਦੀ ਥਾਂ ਵੀ ਨਾ ਰਹੀ।

ਸੰਤ ਜੀ ਮਹਾਰਾਜ ਪੰਜ ਇਸ਼ਨਾਨਾ ਸੋਧ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਤਾਬਿਆ ਸੱਜ ਗਏ ਅਤੇ ਪੰਜ ਗ੍ਰੰਥੀ ਦੇ ਪਾਠ ਵਾਲਾ ਸਿੰਘ ਵੀ ਆਪਣੇ ਪਹਿਰੇ 'ਤੇ ਹਾਜ਼ਰ ਹੋ ਗਿਆ। ਸੰਗਤ ਦੇ ਇਕੱਤਰ ਹੋਣ 'ਤੇ ਗ੍ਰੰਥੀ ਸਿੰਘ ਨੇ ਅਰਦਾਸਾ ਸੋਧਿਆ ਅਤੇ ਠੀਕ ਦਸ ਵਜੇ ਅਖੰਡ ਪਾਠ ਅਰੰਭ ਹੋਇਆ।

ਸੰਤ ਜੀ ਮਹਾਰਾਜ ਨੇ ਬੜੀ ਉੱਚੀ ਅਤੇ ਰਸੀਲੀ ਸੁਰ ਵਿੱਚ ੧ਓ ਸਤਿਨਾਮੁ ਕਰਤਾ ਪੁਰਖੁ ਦੀ ਧੁੰਨ ਉਠਾਈ, ਸਾਰੇ ਮਾਈ-ਭਾਈ ਸੁਣ ਕੇ ਮੋਹਿਤ ਹੋ ਗਏ। ਜਪੁਜੀ ਸਾਹਿਬ ਦੇ ਪਾਠ ਮਗਰੋਂ ਕੜਾਹ ਪ੍ਰਸ਼ਾਦ ਵਰਤਿਆ ਅਤੇ ਕੁਝ ਪ੍ਰੇਮੀਆਂ ਤੋਂ ਛੁੱਟ ਸਾਰੇ ਮਾਈ-ਭਾਈ ਆਪਣੇ ਘਰੋਂ-ਘਰੀ ਟੁਰ ਪਏ, ਪਰ ਇਸ ਰਸੀਲੀ ਅਵਾਜ਼ ਦੀ ਗੂੰਜ ਨਾਲ ਹੀ ਗਈ ਅਤੇ ਅੱਧ ਮੀਲ ਤੋਂ ਸੁਣੀਂਦੀ ਰਹੀ।

ਹੁਣ ੧੧ ਵਜੇ ਦਾ ਵੇਲਾ ਹੋ ਗਿਆ, ਇੱਕ ਪ੍ਰੇਮੀ ਪਾਠੀ ਬਦਲਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿੱਚ ਆਇਆ, ਪਰ ਸੰਤ ਜੀ ਨੇ ਹੱਥ ਨਾਲ ਇਸ਼ਾਰਾ ਕੀਤਾ ਕਿ ਅਜੇ ਅਸੀਂ ਹੋਰ ਪਾਠ ਕਰਾਂਗੇ। ਏਸ ਤਰ੍ਹਾਂ ਫੇਰ ਦੋ ਵਾਰੀ ਬਦਲਣ ਦਾ ਯਤਨ ਕੀਤਾ, ਪਰ ਸੰਤ ਜੀ ਮਹਾਰਾਜ ਪਹਿਲਾਂ ਵਾਂਗੂੰ ਹੀ ਇਸ਼ਾਰਾ ਕਰੀ ਗਏ। ਬੜੀ ਮੁਸ਼ਕਲ ਨਾਲ ਸੰਤ ਭਾਈ ਰਾਮ ਸਿੰਘ ਜੀ ਦੇ ਜ਼ੋਰ ਦੇਵਣ ਪਰ ਚਾਰ ਕੁ ਵਜੇ ਘੜੀ ਕੁ ਉੱਠੇ, ਜਲ-ਪਾਣੀ ਛਕਿਆ ਅਤੇ ਫੇਰ ਪਾਠ ਵਿੱਚ ਜੁੱਟ ਪਏ।

ਹੁਣ ਰਾਤ ਦੇ ਅੱਠ ਵੱਜ ਗਏ ਅਤੇ ਸਾਧ-ਸੰਗਤ ਨੇ ਵੀ ਇਹ ਪ੍ਰਤੀਤ ਕਰ ਲਿਆ ਕਿ ਮਹਾਂਪੁਰਖ ਸਾਰੀ ਰਾਤ ਪਾਠ ਆਪ ਹੀ ਕਰਨਗੇ, ਹੁਣ ਬਦਲੀ ਵਾਸਤੇ ਕੋਈ ਨਾ ਜਾਵੇ। ਸਭ ਨੇ ਸਮਝ ਲਿਆ ਕਿ ਜਦ ਲੋੜ ਪਵੇਗੀ ਤਾਂ ਆਪ ਹੀ ਛੈਣੇ ਵਜਾ ਦੇਵਣਗੇ, ਫੇਰ ਸਹਾਰਾ ਦੇ ਦਿਆਂਗੇ। ਬਸ ਹੁਣ ਕੀ ਸੀ, ਪ੍ਰਸ਼ਾਦ ਛਕਣ ਦੇ ਮਗਰੋਂ ਪਿੰਡ ਦੇ ਸਾਰੇ ਮਾਈ-ਭਾਈ ਗੁਰਦੁਆਰੇ ਵਿੱਚ ਖਿੱਚੇ ਹੋਏ ਚਲੇ ਆਏ। ਰਾਤ ਦੇ ਬਾਰਾਂ ਵੱਜ ਗਏ ਫੇਰ ਦੋ, ਤਿੰਨ, ਚਾਰ ਦਾ ਵਕਤ ਹੋ ਗਿਆ, ਪਰ ਸੰਤ ਜੀ ਉਸੇ ਉੱਚੀ ਅਤੇ ਸੁਰੀਲੀ ਸੁਰ ਵਿੱਚ ਪਾਠ ਕਰੀ ਗਏ। ਗੁਰਬਾਣੀ ਦਾ ਪਾਠ ਅਤੇ ਐਸੀ ਮਨਮੋਹਣੀ ਅਵਾਜ਼ ਕਿ ਕਿਸੇ ਦਾ ਵੀ ਜੀਅ ਹਿੱਲਣ ਤੇ ਨਹੀਂ ਸੀ ਕਰਦਾ, ਪਰ ਚਾਰ ਵਜੇ ਹਾਲ਼ੀ (ਕਿਸਾਨ) ਲੋਕ ਮਜਬੂਰੀ ਦੇ ਕਾਰਨ ਚਲੇ ਗਏ। ਖੇਤਾਂ ਵਿੱਚ ਹਲ਼ ਤਾਂ ਜਾ ਜੁੱਤੇ ਪਰ ਚਿੱਤ ਗੁਰਦੁਆਰੇ ਵੱਲ ਖਿੱਚਿਆ ਰਿਹਾ। ਇਨ੍ਹਾਂ ਗੁਰਮੁਖਾਂ ਦੇ ਭਾਗਾਂ ਨੂੰ ਸੰਤ ਜੀ ਮਹਾਰਾਜ ਦਾ ਪਾਠ ਉਸ ਇਕਾਂਤ ਸਮੇਂ ਸਪੱਸ਼ਟ ਇੱਕ-ਇੱਕ ਮੀਲ ਤੀਕਰ ਸੁਣੀਂਦਾ ਸੀ।

ਹੁਣ ਸਵੇਰ ਹੋਈ, ਛੇ ਵਜੇ ਦਾ ਵਕਤ ਹੋਇਆ। ਇਸ ਸਮੇਂ ਸੰਤ ਜੀ ਮਹਾਰਾਜ ਨੇ ਛੈਣੇ ਵਜਾਏ। ਇੱਕ ਪ੍ਰੇਮੀ ਨੇ ਪਾਠ ਲੈ ਲਿਆ। ਸੰਤ ਜੀ ਗੁਰਦੁਆਰੇ ਤੋਂ ਬਾਹਰ ਗਏ ਅਤੇ ਥੋੜ੍ਹੇ ਚਿਰ ਮਗਰੋਂ ਸੌਚ-ਇਸ਼ਨਾਨ ਕਰ ਕੇ ਫੇਰ ਪਾਠ 'ਤੇ ਆ ਬੈਠੇ।

ਹੁਣ ਸੰਤ ਜੀ ਮਹਾਰਾਜ ਦਾ ਇੱਕ-ਰਸ ਚੌਕੜੇ ਤੇ ਹੀ ਸਾਰਾ ਦਿਨ ਅਤੇ ਸਾਰੀ ਰਾਤ ਪਾਠ ਕਰਨ ਦਾ ਸੰਕਲਪ ਸੀ, ਪਰ ਸੰਤ ਭਾਈ ਰਾਮ ਸਿੰਘ ਜੀ ਨੇ ਫਿਰ ਜ਼ੋਰ ਦੇ ਕੇ ਚਾਰ ਵਜੇ ਜਲ-ਪਾਣੀ ਛਕਣ ਵਾਸਤੇ ਉਠਾ

ਲਿਆ। ਘੜੀ ਕੁ ਵਿੱਚ ਹੀ ਜਲ-ਪਾਣੀ ਛਕ ਕੇ ਬਾਹਰੋਂ ਹੋ ਕੇ ਅਤੇ ਪੰਜ ਇਸ਼ਨਾਨਾ ਕਰਕੇ ਸੰਤ ਜੀ ਫਿਰ ਪਾਠ 'ਤੇ ਬੈਠ ਗਏ ਅਤੇ ਤੀਸਰੇ ਦਿਨ ਸਵੇਰੇ ਛੇ ਵਜੇ ਪਾਠ ਦਾ ਭੋਗ ਸਮਾਪਤ ਕਰ ਦਿੱਤਾ। ਪ੍ਰੇਮ-ਮਈ ਉੱਚੀ ਅਵਾਜ਼ ਆਦਿ ਤੋਂ ਲੈ ਕੇ ਅੰਤ ਤੀਕਰ ਉਸੇ ਸੁਰ ਵਿੱਚ ਰਹੀ, ਜ਼ਰਾ ਵੀ ਢਿੱਲੀ ਨਹੀਂ ਹੋਈ। ਸੰਤ ਜੀ ਮਹਾਰਾਜ ਦਾ ਪਾਠ ਇੰਨਾ ਤੇਜ਼ ਸੀ ਕਿ ਭੋਗ ਚਾਰ ਵਜੇ ਹੀ ਤਿਆਰ ਹੋ ਜਾਂਦਾ, ਪਰ ਪਾਠ ਦਾ ਪਿੱਛਲਾ ਹਿੱਸਾ ਸੰਤ ਜੀ ਮਹਾਰਾਜ ਨੇ ਮਾਈ ਭਾਗਭਰੀ ਦੀ ਬੇਨਤੀ ਕਰਨ ਪਰ ਕਿ ਮਹਾਰਾਜ! ਭੋਗ ਦਿਨ ਚੜ੍ਹੇ ਪਾਉਣਾ ਹੈ, ਲਮਕਾ ਦਿੱਤਾ।

ਪੁਲਾਹੀਆਂ ਦੀ ਝੰਗੀ ਵਿੱਚ

ਅਖੰਡ ਪਾਠ ਦੇ ਭੋਗ ਮਗਰੋਂ ਸੰਤ ਭਾਈ ਰਾਮ ਸਿੰਘ ਜੀ ਥਮ੍ਹਾਲੀ ਚਲੇ ਗਏ ਅਤੇ ਸੰਤ ਜੀ ਮਹਾਰਾਜ ਇੱਕ-ਦੋ ਦਿਨ ਗੁਰਦੁਆਰੇ ਵਿੱਚ ਹੀ ਰਹੇ। ਮਾਈ-ਭਾਈ ਦਰਸ਼ਨ ਕਰਨ ਲਈ ਜ਼ਿਆਦਾ ਆਉਣ ਲੱਗ ਪਏ, ਏਸ ਲਈ ਇੱਕ ਦਿਨ ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨ ਕਰ ਕੇ ਅਛੋਪ ਹੀ ਪੁਲਾਹੀਆਂ ਦੀ ਝੰਗੀ ਵਿੱਚ ਜਾ ਬੈਠੇ।

ਇਸ ਝੰਗੀ ਵਿੱਚ ਇੱਕ ਬੜਾ ਭਾਰੀ ਸੱਪ ਰਹਿੰਦਾ ਸੀ। ਏਸ ਸੱਪ ਦੇ ਡਰ ਦੇ ਮਾਰੇ ਕੋਈ ਸਰੀਰ ਪੁਲਾਹੀਆਂ ਵਿੱਚ ਨਹੀਂ ਸੀ ਜਾਂਦਾ। ਇੱਕ ਵਾਰੀ ਏਸ ਸੱਪ ਨੇ ਕੱਲਰ ਅਤੇ ਚੋਹਾ ਖ਼ਾਲਸਾ ਵਾਲੀ ਸੜਕ ਵੀ ਬੰਦ ਕਰ ਦਿੱਤੀ ਸੀ। ਕਈ ਵਾਰੀ ਰਾਹ ਜਾਣ ਵਾਲਿਆਂ ਦੇ ਮਗਰ ਦੌੜਿਆ, ਏਸ ਲਈ ਰਾਹੀ ਸੜਕ ਛੱਡ ਕੇ ਦੂਰੋਂ ਵਲਾ ਪਾਂਦੇ ਹੋਏ ਥਮ੍ਹਾਲੀ ਵਾਲੇ ਖੇਤਾਂ ਵਿੱਚੋਂ ਹੀ ਹੋ ਕੇ ਲੰਘਣ ਲੱਗ ਪਏ। ਇਸ ਸਰਪ ਦੇ ਸਰੀਰ ਵਿੱਚੋਂ ਇੱਕ ਖਾਸ ਕਿਸਮ ਦੀ ਵਾਸ਼ਨਾ ਆਉਂਦੀ ਸੀ।

ਸੱਪ ਦੇ ਡਰ ਦੇ ਮਾਰੇ ਝੰਗੀ ਵੱਲ ਤਾਂ ਕੋਈ ਜਾਂਦਾ ਹੀ ਨਹੀਂ ਸੀ। ਕਿਸੇ ਨੂੰ ਕੀ ਖਿਆਲ ਸੀ ਕਿ ਸੰਤ ਜੀ ਇਸ ਵਿੱਚ ਗੁਪਤ ਹੋ ਗਏ ਹਨ। ਪੰਜ ਦਿਨ ਮਾਈ ਭਾਗਭਰੀ ਅਤੇ ਭਾਈ ਵਜ਼ੀਰ ਸਿੰਘ ਨੂੰ ਕੋਈ ਪਤਾ ਨਾ ਲੱਗਾ। ਵਿਚਾਰੇ ਵਿਆਕੁਲ ਹੋਏ-ਹੋਏ ਪ੍ਰਸ਼ਾਦ ਲੈ ਕੇ ਕਈ ਥਾਂ ਢੂੰਡ ਭਾਲ ਕਰਨ, ਪਰ ਨਿਰਾਸ ਹੋ ਕੇ ਮੁੜ ਆਉਣ।

ਇੱਕ ਦਿਨ ਭਾਈ ਵਜ਼ੀਰ ਸਿੰਘ ਕਿਸੇ ਮੋਹੜੇ (ਛੋਟੇ ਪਿੰਡ) ਗਿਆ ਅਤੇ ਮੁੜਦੀ ਵਾਰੀ ਪੁਲਾਹੀਆਂ ਦੀ ਝੰਗੀ ਦੇ ਕਿਨਾਰੇ ਆਪਣੇ ਖੇਤ ਵਿੱਚ ਫੇਰਾ ਮਾਰਨ ਲਈ ਆਇਆ। ਖੇਤ ਵਿੱਚ ਟੁਰਦਿਆਂ-ਟੁਰਦਿਆਂ ਇਸ ਦੀ ਨਿਗਾਹ ਪੁਲਾਹੀਆਂ ਦੀ ਝੰਗੀ ਵੱਲ ਪੈ ਗਈ। ਕੀ ਵੇਖਦਾ ਹੈ ਕਿ ਭੂਰੀ ਦੀ ਦਸਤਾਰ ਵਾਲਾ ਇੱਕ ਸਾਧੂ ਚੌਂਕੜੀ ਮਾਰੀ, ਸਮਾਧੀ ਅਸਥਿਤ ਇੱਕ ਪੁਲਾਹੀ ਦੇ ਪਾਸ ਬੈਠਾ ਹੈ। ਮਨ ਵਿੱਚ ਤਾਰ ਖੜਕ ਗਈ ਕਿ ਇਹ ਤਾਂ ਸੰਤ ਜੀ ਮਹਾਰਾਜ ਹਨ।

ਭਾਈ ਵਜ਼ੀਰ ਸਿੰਘ ਦੌੜਿਆ-ਦੌੜਿਆ ਸੰਤ ਜੀ ਮਹਾਰਾਜ ਵੱਲ ਗਿਆ ਅਤੇ ਜਾਂਦਾ ਹੀ ਚਰਨਾਂ ਪਰ ਢਹਿ ਪਿਆ ਅਤੇ ਬੜੇ ਵੈਰਾਗ ਵਿੱਚ ਆਖਿਆ, "ਮਹਾਰਾਜ ਜੀ! ਸਾਨੂੰ ਵੱਡਾ ਦੋਸ਼ ਲੱਗਾ, ਅਸੀਂ ਖਾਂਦੇ-ਪੀਂਦੇ ਰਹੇ ਅਤੇ ਆਪ ਪੰਜ ਦਿਨ ਭੁੱਖੇ ਹੀ ਰਹੇ।" ਸੰਤ ਜੀ ਮਹਾਰਾਜ ਨੇ ਪ੍ਰੇਮੀ ਨੂੰ ਬੜੇ ਪ੍ਰੇਮ ਨਾਲ ਚਰਨਾਂ ਤੋਂ ਉਠਾਇਆ ਅਤੇ ਆਖਿਆ, "ਭਾਈ! ਤੁਹਾਡਾ ਕੋਈ ਦੋਸ਼ ਨਹੀਂ ਹੈ, ਤੁਹਾਨੂੰ ਤਾਂ ਸਾਡਾ ਪਤਾ ਹੀ ਨਹੀਂ ਸੀ।"

ਹੁਣ ਭਾਈ ਵਜ਼ੀਰ ਸਿੰਘ ਦੇ ਦਿਲ ਵਿੱਚ ਖਿਆਲ ਆਇਆ ਕਿ ਮਹਾਰਾਜ ਜੀ ਤਾਂ ਪੰਜ ਦਿਨਾਂ ਦੇ ਭੁੱਖੇ ਹਨ ਤੇ ਮੈਂ ਅਜੇ ਏਥੇ ਬੈਠਾ ਹਾਂ। ਖਿਆਲ ਆਉਂਦੇ ਹੀ ਦੌੜ ਪਿਆ ਅਤੇ ਘਰ ਆ ਪਹੁੰਚਾ। ਆਪਣੀ ਸੁਪਤਨੀ ਭਾਗਭਰੀ ਨੂੰ ਆਖਿਆ, "ਭਾਗਾਂ ਵਾਲੀਏ! ਹੁਣ ਦੇਗਚਾ ਧਰਨ ਦਾ ਵਕਤ ਨਹੀਂ, ਸੰਤ ਜੀ ਮਹਾਰਾਜ

ਪੰਜ ਦਿਨ ਦੇ ਭੁੱਖੇ ਪੁਲਾਹੀਆਂ ਵਿੱਚ ਕਰਤਾਰ ਦੇ ਰੰਗ ਵਿੱਚ ਮਸਤ ਹਨ, ਛੇਤੀ ਫੁਲਕਾ ਪਕਾ ਕੇ ਚੂਰੀ ਕੁਟ ਦੇ।'' ਪਤਵੰਤੀ ਨੇ ਬੜੀ ਛੇਤੀ ਚੂਰੀ ਤਿਆਰ ਕਰ ਦਿੱਤੀ ਅਤੇ ਭਾਈ ਵਜ਼ੀਰ ਸਿੰਘ ਜੀ ਪੁਲਾਹੀਆਂ ਵਿੱਚ ਲੈ ਗਏ। ਜਾਂਦਿਆਂ ਹੀ ਬੇਨਤੀ ਕੀਤੀ ਕਿ ਮਹਾਰਾਜ ਜੀ! ਛਕੋ। ਸੰਤ ਜੀ ਨੇ ਪ੍ਰੇਮੀ ਦਾ ਪ੍ਰੇਮ ਦੇਖ ਕੇ ਪ੍ਰੇਮ ਨਾਲ ਚੂਰੀ ਛਕੀ ਅਤੇ ਕੁਝ ਜਲ ਪਾਨ ਕੀਤਾ।

ਪ੍ਰਸ਼ਾਦ ਛਕਦਿਆਂ-ਛਕਦਿਆਂ ਹੀ ਸੰਤ ਜੀ ਮਹਾਰਾਜ ਉੱਤੇ ਧੁੱਪ ਆ ਗਈ। ਇਹ ਦੇਖ ਕੇ ਭਾਈ ਵਜ਼ੀਰ ਸਿੰਘ ਦੇ ਹਿਰਦੇ ਵਿੱਚ ਛੱਪਰ ਪਾਉਣ ਦਾ ਫੁਰਨਾ ਹੋਇਆ। ਉਸੇ ਦਿਨ ਸੰਤ ਭਾਈ ਰਾਮ ਸਿੰਘ ਜੀ ਪਾਸ ਥਮ੍ਹਾਲੀ ਜਾ ਕੇ ਬੇਨਤੀ ਕੀਤੀ। ਸੰਤ ਭਾਈ ਰਾਮ ਸਿੰਘ ਜੀ ਪ੍ਰੇਮੀ ਦੇ ਨਾਲ ਆਏ ਅਤੇ ਸੰਤ ਜੀ ਮਹਾਰਾਜ ਨਾਲ ਸਲਾਹ ਕਰ ਕੇ ਭਾਈ ਵਜ਼ੀਰ ਸਿੰਘ ਜੀ ਨੂੰ ਛੱਪਰ ਪਾਉਣ ਦੀ ਆਗਿਆ ਲੈ ਦਿੱਤੀ। ਆਗਿਆ ਮਿਲਣ ਦੀ ਹੀ ਦੇਰ ਸੀ, ਭਾਈ ਵਜ਼ੀਰ ਸਿੰਘ ਜੀ ਨੇ ਛੱਪਰ ਪਾ ਦਿੱਤਾ ਅਤੇ ਸੰਤ ਜੀ ਮਹਾਰਾਜ ਦਾ ਪੁਲਾਹੀਆਂ ਦੀ ਝੰਗੀ ਵਿੱਚ ਪੱਕਾ ਆਸਣ ਲੱਗ ਪਿਆ।

ਇੱਕ ਦਿਨ ਸਰਦਾਰ ਬੂਟਾ ਸਿੰਘ, ਜੋ ਭਾਈ ਵਜ਼ੀਰ ਸਿੰਘ ਜੀ ਦੇ ਛੋਟੇ ਭਾਈ ਸਨ, ਝੰਗੀ ਵੱਲ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਆਏ। ਅਜੇ ਛੱਪਰ ਤੋਂ ਕੁਝ ਦੂਰ ਹੀ ਸਨ ਕਿ ਉਨ੍ਹਾਂ ਨੇ ਇੱਕ ਬੜਾ ਭਾਰੀ ਸਰਪ ਦੇਖਿਆ। ਦੇਖਦਿਆਂ ਹੀ ਦਿਲ ਦਹਿਲ ਗਿਆ। ਦੌੜ ਕੇ ਪਿੰਡ ਦੇ ਗੁਰਦੁਆਰੇ ਵਿੱਚ ਆ ਕੇ ਸ਼ੋਰ ਪਾਇਆ, ''ਪੁਲਾਹੀਆਂ ਵਿੱਚ ਸਾਧੂ ਨੂੰ ਸੱਪ ਖਾ ਗਿਆ।'' ਬਹੁਤ ਲੋਕ ਇਕੱਠੇ ਹੋ ਗਏ ਅਤੇ ਝੰਗੀ ਦੇ ਬਾਹਰ ਆ ਖਲੋਤੇ, ਪਰ ਡਰਦਾ ਮਾਰਿਆ ਅੰਦਰ ਕੋਈ ਨਾ ਜਾਵੇ। ਸੰਤ ਜੀ ਮਹਾਰਾਜ ਨੇ ਦੂਰੋਂ ਹੀ ਅਵਾਜ਼ ਦਿੱਤੀ, ''ਡਰੋ ਨਹੀਂ, ਸੱਪ ਚਲਾ ਗਿਆ ਹੈ, ਉਹ ਤਾਂ ਦਰਸ਼ਨ ਦੇਣ ਲਈ ਆਇਆ ਸੀ, ਹੁਣ ਨਹੀਂ ਆਵੇਗਾ।''

ਇਹ ਸੁਣ ਕੇ ਪ੍ਰੇਮੀਆਂ ਦਾ ਧਰਵਾਸ ਬੱਝ ਗਿਆ ਅਤੇ ਸਾਰੀ ਸੰਗਤ ਨੇ ਝੰਗੀ ਵਿੱਚ ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ ਅਤੇ ਕਰਤਾਰ ਦਾ ਸ਼ੁਕਰ ਕੀਤਾ ਕਿ ਸਾਧੂ ਨੂੰ ਸੱਪ* ਨੇ ਨਹੀਂ ਖਾਧਾ।

---

* ਇੱਕ ਵਾਰੀ ਇਹ ਸੱਪ ਮਾਈ ਭਾਗਭਰੀ ਨੇ ਆਪਣੀ ਅੱਖੀਂ ਵੇਖਿਆ ਸੀ ਅਤੇ ਸੰਤ ਜੀ ਮਹਾਰਾਜ ਨੂੰ ਪੁੱਛਿਆ ਸੀ। ਮਹਾਰਾਜ ਜੀ ਨੇ ਫ਼ਰਮਾਇਆ ਸੀ ਕਿ ਇਹ ਪੁਰਾਣਾ ਸਰਪ ਹੈ ਤੇ ਏਸ ਦੀ ਉਮਰ ਘੱਟ ਤੋਂ ਘੱਟ ਸੌ ਸਾਲ ਹੈ।

ਕਾਂਡ ੧੨

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ ਜੋਬਨ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪ (੭੯੪)

ਭਾਰੀ ਸਹਿਜ ਤਪੱਸਿਆ

ਹੁਣ ਛੱਪਰ ਪੈ ਗਿਆ ਅਤੇ ਸੰਤ ਜੀ ਮਹਾਰਾਜ ਦਾ ਪੁਲਾਹੀਆਂ ਵਿੱਚ ਹੀ ਰਹਿਣ ਦਾ ਪੱਕਾ ਇਰਾਦਾ ਹੋ ਗਿਆ। ਨਗਰ ਵੱਲ ਕਦੀ ਵੀ ਨਾ ਆਉਣ ਅਤੇ ਦਿਨ-ਰਾਤ ਏਥੇ ਹੀ ਨਾਮ-ਸਿਮਰਨ ਵਿੱਚ ਲੱਗੇ ਰਹਿਣ। ਭਾਈ ਵਜ਼ੀਰ ਸਿੰਘ ਜੀ ਦੋ ਵਕਤ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਲੈ ਆਇਆ ਕਰਨ। ਇਸ ਨੂੰ ਸੰਤ ਜੀ ਮਹਾਰਾਜ ਨੇ ਇੱਕ ਦਿਨ ਬੜੇ ਪ੍ਰੇਮ ਨਾਲ ਆਖਿਆ ਕਿ 'ਸਾਡਾ ਪ੍ਰਸ਼ਾਦਾ ਆਪਣੀ ਖੇਤੀ ਦੀ ਕਮਾਈ ਦੇ ਅੰਨ ਦਾ ਲਿਆਇਆ ਕਰੋ: ਜੋ ਦਾਣੇ ਲਹਿਣੇ-ਦੇਣੇ ਦੇ ਲੋਕਾਂ ਪਾਸੋਂ ਆਉਂਦੇ ਹਨ, ਉਹ ਅੱਡ ਹੀ ਰੱਖਿਆ ਕਰੋ। ਭਾਈ! ਧਰਮ ਕਿਰਤ ਦੇ ਅੰਨ ਨਾਲ ਸੁਰਤ ਸਿਮਰਨ ਵਿੱਚ ਚੰਗੀ ਲੱਗਦੀ ਹੈ।' ਭਾਈ ਵਜ਼ੀਰ ਸਿੰਘ ਨੇ ਬੜੇ ਅਦਬ ਅਤੇ ਸ਼ਰਧਾ ਨਾਲ ਆਖਿਆ, 'ਸਤਿ ਬਚਨ।'

ਛੱਪਰ ਵਿੱਚ ਉੱਪਰ ਤਾਂ ਛਾਂ ਸੀ, ਪਰ ਪਾਸਿਆਂ ਤੋਂ ਧੁੱਪ ਦਾ ਉਹਲਾ ਨਹੀਂ ਸੀ। ਸੰਤ ਜੀ ਮਹਾਰਾਜ ਸਾਰਾ ਦਿਨ ਸਮਾਧੀ ਅਸਥਿਤ, ਇੱਕੋ ਚੌਂਕੜੀ, ਬੈਠੇ ਰਹਿੰਦੇ। ਸੂਰਜ ਦੇ ਚੜ੍ਹਨ ਅਤੇ ਦੁਪਹਿਰ ਢਲਣ ਮਗਰੋਂ ਸਰੀਰ 'ਤੇ ਧੁੱਪ ਪੈਂਦੀ, ਪਰ ਸੰਤ ਜੀ ਇੱਕ-ਰਸ ਆਪਣੇ ਆਸਣ 'ਤੇ ਹੀ ਟਿਕੇ ਰਹਿੰਦੇ। ਜੇਠ ਹਾੜ ਦੇ ਦਿਨ ਸਨ, ਧੁੱਪ ਅਤੇ ਲੂ ਨਾਲ ਸਰੀਰ ਕਾਲਾ ਸਿਆਹ ਹੋ ਗਿਆ।

ਮਾਈ ਭਾਗਭਰੀ, ਜੋ ਕਿ ਕਈ ਵਾਰੀ ਦਰਸ਼ਨ ਕਰਨ ਜਾਂਦੀ, ਦੂਰੋਂ ਹੀ ਬੇਨਤੀ ਕਰਦੀ ਕਿ ਮਹਾਰਾਜ! ਛਾਂਵੇਂ ਹੋ ਬੈਠੋ। ਪਰ ਸੰਤ ਜੀ ਚੁੱਪ ਕਰ ਰਹਿੰਦੇ। ਭਾਈ ਵਜ਼ੀਰ ਸਿੰਘ ਜੀ ਨੇ ਇਹ ਹਾਲ ਦੇਖ ਕੇ ਇੱਕ ਦਿਨ ਸੰਤ ਭਾਈ ਰਾਮ ਸਿੰਘ ਜੀ ਪਾਸ ਜਾ ਕੇ ਬੇਨਤੀ ਕੀਤੀ ਕਿ ਧੁੱਪ ਅਤੇ ਲੂ ਕਰ ਕੇ ਸੰਤ ਜੀ ਮਹਾਰਾਜ ਨੂੰ ਬੜੀ ਖੇਚਲ ਰਹਿੰਦੀ ਹੈ, ਆਗਿਆ ਹੋਵੇ ਤਾਂ ਦਾਸ ਇੱਕ ਕੁਟੀਆ ਪਾ ਦੇਵੇ।

ਸੰਤ ਰਾਮ ਸਿੰਘ ਜੀ, ਸੰਤ ਜੀ ਮਹਾਰਾਜ ਪਾਸ ਪੁਲਾਹੀਆਂ ਵਿੱਚ ਆਏ ਅਤੇ ਆਖਿਆ, "ਮਹਾਰਾਜ!

ਚੰਗਾ ਹੋਵੇ ਜੇ ਇੱਕ ਕੁਟੀਆ ਬਣ ਜਾਵੇ। ਅਸੀਂ ਵੀ ਤਾਂ ਏਥੇ ਆ ਕੇ ਤੁਹਾਡੇ ਪਾਸ ਬੈਠਿਆ ਕਰਾਂਗੇ।'' ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, ''ਤੁਹਾਡੀ ਰਜ਼ਾਇ।'' ਥੋੜ੍ਹੇ ਦਿਨਾਂ ਵਿੱਚ ਹੀ ਢਾਏ (ਉੱਚੀ ਜਗ੍ਹਾ) ਉੱਤੇ ਕੁਟੀਆ ਤਿਆਰ ਹੋ ਗਈ।

ਇੱਕ ਦਿਨ ਭਾਈ ਵਜ਼ੀਰ ਸਿੰਘ ਨੇ ਕਿਸੇ ਕੰਮ ਵਾਸਤੇ ਪਿੰਡ ਤੋਂ ਬਾਹਰ ਜਾਣਾ ਸੀ। ਤੁਰਨ ਤੋਂ ਪਹਿਲਾਂ ਸੰਤ ਜੀ ਮਹਾਰਾਜ ਪਾਸ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ, ''ਮਹਾਰਾਜ! ਅੱਜ ਮੈਂ ਕਿਸੇ ਕੰਮ ਲਈ ਪਿੰਡ ਤੋਂ ਬਾਹਰ ਜਾਣਾ ਹੈ, ਆਗਿਆ ਹੋਵੇ ਤਾਂ ਮੇਰੀ ਸਿੰਘਣੀ ਹਜ਼ੂਰ ਦਾ ਪ੍ਰਸ਼ਾਦਾ ਲੈ ਆਵੇ!'' ਮਹਾਰਾਜ ਨੇ ਕਿਹਾ, 'ਚੰਗਾ'।

ਪਹਿਲੇ ਬਾਰਾਂ ਦਿਨ ਮਾਈ ਭਾਗਭਰੀ ਦੂਰੋਂ ਹੀ ਮਹਾਰਾਜ ਜੀ ਦਾ ਦਰਸ਼ਨ ਕਰ ਕੇ ਚਲੀ ਜਾਂਦੀ। ਹੁਣ ਤੇਰ੍ਹਵੇਂ ਦਿਨ ਸਤਿਗੁਰੂ ਨੇ ਆਪਣੀ ਮਿਹਰ ਨਾਲ ਪ੍ਰਸ਼ਾਦਾ ਲਿਆਉਣ ਦੀ ਸੇਵਾ ਬਖਸ਼ੀ। ਜਿਸ ਵਕਤ ਮਾਈ ਪ੍ਰਸ਼ਾਦਾ ਲੈ ਕੇ ਆਈ, ਤਦ ਸੰਤ ਜੀ ਮਹਾਰਾਜ ਇੱਕ ਨਵੇਂ ਟੋਏ ਦੇ ਪਾਸ ਚੌਂਕੜੀ ਸਜਾਏ ਬੈਠੇ ਸਨ। ਮਾਈ ਨੇ ਜਲ ਤੇ ਪ੍ਰਸ਼ਾਦਾ ਟਿਕਾ ਕੇ ਇੱਕ ਪਾਸੇ ਰੱਖ ਦਿੱਤਾ ਅਤੇ ਸੰਤ ਜੀ ਮਹਾਰਾਜ ਦੇ ਹੱਥ ਧੁਆਉਣ ਲੱਗੀ। ਸੰਤ ਜੀ ਮਹਾਰਾਜ ਨੇ ਕਿਹਾ ਕਿ ਜਲ ਦੂਰੋਂ ਕਾਹਨੂੰ ਲਿਆਉਣਾ ਸੀ, ਅਸਾਂ ਏਥੋਂ ਹੀ ਜਲ ਕੱਢ ਲਿਆ ਹੈ। ਅਸਾਂ ਪੱਥਰ ਦੀ ਠੀਕਰੀ ਨਾਲ ਇਹ ਟੋਇਆ ਬਣਾਇਆ ਹੈ ਅਤੇ ਕਰਤਾਰ ਨੇ ਬੜਾ ਮਿੱਠਾ ਅਤੇ ਸੋਹਣਾ ਜਲ ਭੇਜ ਦਿੱਤਾ ਹੈ। ਮਾਈ ਭਾਗਭਰੀ ਪ੍ਰਸ਼ਾਦ ਛਕਾ ਕੇ ਘਰ ਚਲੀ ਗਈ। ਸ਼ਾਮ ਦੇ ਵੇਲੇ ਭਾਈ ਵਜ਼ੀਰ ਸਿੰਘ ਜੀ ਸੰਤ ਜੀ ਪਾਸ ਆਏ। ਮਹਾਰਾਜ ਨੇ ਆਖਿਆ ਭਾਈ ਵਜ਼ੀਰ ਸਿੰਘ ਕਰਤਾਰ ਨੇ ਸਾਨੂੰ ਇੱਕ ਸੋਹਣੀ ਬਾਵਲੀ ਬਖਸ਼ੀ ਹੈ। ਜੇਕਰ ਇਸ ਬਾਵਲੀ ਦੇ ਉੱਤੇ ਇੱਕ ਕੁਟੀਆ ਪੈ ਜਾਵੇ ਅਤੇ ਇੱਕ ਤਖ਼ਤਪੋਸ਼ ਬਣ ਜਾਵੇ ਤਦ ਅਸੀਂ ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ ਕਰੀਏ।'

ਦੋ ਦਿਨ ਵਿੱਚ ਕੁਟੀਆ ਵੀ ਬਣ ਗਈ ਅਤੇ ਤਖ਼ਤਪੋਸ਼ ਵੀ ਤਿਆਰ ਹੋ ਗਿਆ। ਮਹਾਰਾਜ ਬੜੇ ਪ੍ਰਸੰਨ ਹੋਏ ਅਤੇ ਬਾਵਲੀ ਉੱਤੇ ਤਖਤਪੋਸ਼ ਡਾਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਦਾ ਪ੍ਰਕਾਸ਼ ਕਰ ਲਿਆ।

ਇੱਕ ਦਿਨ ਭਾਈ ਵਜ਼ੀਰ ਸਿੰਘ ਜੀ ਨੇ ਬੇਨਤੀ ਕੀਤੀ, ''ਮਹਾਰਾਜ! ਜੇ ਹੁਕਮ ਹੋਵੇ ਤਾਂ ਇੱਕ ਖੂਹ ਪੁੱਟ ਲਈਏ।'' ਸੰਤ ਜੀ ਮਹਾਰਾਜ ਨੇ ਆਖਿਆ, ''ਸਤਿ ਬਚਨ!'' ਭਾਈ ਵਜ਼ੀਰ ਸਿੰਘ ਜੀ ਨੇ ਘਰ ਆ ਕੇ ਆਪਣੀ ਸੁਪਤਨੀ ਨਾਲ ਗੱਲ ਕੀਤੀ ਕਿ ਸੰਤ ਜੀ ਮਹਾਰਾਜ ਨੇ ਖੂਹ ਲਾਉਣ ਦੀ ਆਗਿਆ ਦੇ ਦਿੱਤੀ ਹੈ। ਭਾਗਾਂ ਵਾਲੀ ਨੇ ਆਖਿਆ, ''ਦੇਰੀ ਨਾ ਕਰੋ, ਹੁਣੇ ਹੀ ਮਜ਼ਦੂਰ ਲਾ ਦੇਵੋ।''

ਉਸੇ ਵੇਲੇ ਮਜ਼ਦੂਰ ਲੱਗ ਗਏ ਅਤੇ ਖੂਹ ਪੁੱਟਣਾ ਸ਼ੁਰੂ ਹੋ ਗਿਆ ਜਦ ਖੂਹ ਪੰਦਰ੍ਹਾਂ ਹੱਥ ਦੇ ਨੇੜੇ-ਤੇੜੇ ਗਿਆ ਤਾਂ ਭਾਈ ਵਜ਼ੀਰ ਸਿੰਘ ਨੇ ਰਾਤ ਨੂੰ ਸੌਣ ਵੇਲੇ ਕੁਝ ਕੁ ਫਿਕਰ ਨਾਲ ਆਖਿਆ ਕਿ ਖਬਰੇ ਪਾਣੀ ਕਦੋਂ ਨਿਕਲੇਗਾ। ਜਦ ਦੂਸਰੇ ਦਿਨ ਭਾਈ ਵੀਰ ਸਿੰਘ ਅਤੇ ਉਸ ਦੀ ਸੁਪਤਨੀ ਪ੍ਰਸ਼ਾਦਾ ਲੈ ਕੇ ਆਏ ਤਦ ਕੀ ਦੇਖਣ ਕਿ ਖੂਹ ਵਿੱਚ ਪਾਣੀ ਆ ਗਿਆ ਹੈ। ਦੋਵੇਂ ਜੀਅ ਬੜੇ ਹੀ ਹੈਰਾਨ ਹੋਏ ਤੇ ਸੰਤ ਜੀ ਮਹਾਰਾਜ ਪਾਸ ਚਾਈਂ-ਚਾਈਂ ਜਾ ਆਖਿਆ, ''ਮਹਾਰਾਜ! ਪਾਣੀ ਨਿਕਲ ਆਇਆ ਹੈ।''

ਇਹ ਸੁਣ ਕੇ ਸੰਤ ਜੀ ਮਹਾਰਾਜ ਮੁਸਕਰਾਏ ਅਤੇ ਕਿਹਾ, ''ਰਾਤ ਨੂੰ ਸਾਡੇ ਪ੍ਰੇਮੀ ਭਾਈ ਵਜ਼ੀਰ ਸਿੰਘ ਨੇ ਬੜੇ ਉਦਾਸ ਹੋ ਕੇ ਆਖਿਆ ਸੀ ਕਿ ਖਬਰੇ ਪਾਣੀ ਕਦੋਂ ਨਿਕਲੇਗਾ। ਸੋ ਅਸਾਂ ਜਲ ਭਗਵਾਨ ਨੂੰ ਦਰਸ਼ਨ ਦੇਣ ਦੀ ਬੇਨਤੀ ਕਰਕੇ ਮੰਗਵਾ ਲਿਆ ਹੈ।'' ਭਾਈ ਵਜ਼ੀਰ ਸਿੰਘ ਤਾਂ ਹੱਕਾ-ਬੱਕਾ ਰਹਿ ਗਿਆ ਅਤੇ ਕੁਝ ਵੀ

ਪਿੰਡ ਕਨੋਹਾ ਜਿਲ੍ਹਾ ਰਾਵਲਪਿੰਡੀ ਵਿੱਚ
ਸੱਤ ਜੀ ਮਹਾਰਾਜ ਦੀ ਭਾਰੀ ਤਪੱਸਿਆ ਦੀ ਝਾਕੀ

ਨਾ ਬੋਲਿਆ ਪਰ ਮਾਈ ਭਾਗਭਰੀ ਨੇ ਆਖਿਆ, "ਹਾਂ ਮਹਾਰਾਜ ਜੀ! ਉਦਾਸ ਹੋ ਗਏ ਸਨ ਅਤੇ ਰਾਤ ਨੂੰ ਇਹ ਬਚਨ ਆਖੇ ਸਨ। ਸਾਨੂੰ ਬਖਸ਼ ਲਵੋ!" ਇਹ ਕਹਿ ਕੇ ਦੋਵੇਂ (ਪਤੀ-ਪਤਨੀ) ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ।

ਇਸ ਦੇ ਮਗਰੋਂ ਖੂਹ ਹੋਰ ਨਾ ਪੁੱਟਿਆ। ਉਸਾਰੀ ਸ਼ੁਰੂ ਹੋ ਗਈ ਅਤੇ ਥੋੜ੍ਹੇ ਦਿਨਾਂ ਵਿੱਚ ਹੀ ਖੂਹ ਤਿਆਰ ਹੋ ਗਿਆ। ਖੂਹ ਹੋਣ ਪਰ ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗਭਰੀ ਨੇ ਜੱਗ ਕਰਨ ਦੀ ਸਲਾਹ ਕੀਤੀ। ਦੋਹਾਂ ਜੀਆਂ ਨੇ ਹੱਥ ਜੋੜ ਕੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ, "ਮਹਾਰਾਜ! ਜੱਗ ਕਰਨ ਦਾ ਸੰਕਲਪ ਹੈ, ਆਗਿਆ ਦੇਵੋ ਤਾਂ ਕਰੀਏ।" ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਖੁਸ਼ੀ ਬਖਸ਼ੀ।

ਦੂਸਰੇ ਦਿਨ ਭਾਈ ਵਜ਼ੀਰ ਸਿੰਘ ਨੇ ਆਟਾ, ਦਾਲ, ਘਿਉ ਆਦਿਕ ਲੰਗਰ ਦੀ ਸਾਰੀ ਸਮੱਗਰੀ ਪੁਲਾਹੀਆਂ ਵਿੱਚ ਲੈ ਆਂਦੀ। ਲੋਹਾਂ ਗੱਡੀਆਂ ਗਈਆਂ, ਦੇਗਚਿਆਂ ਲਈ ਚੁਰਾਂ (ਭੱਠੀਆਂ) ਤਿਆਰ ਹੋ ਗਈਆ, ਮਾਈ-ਭਾਈ ਸੇਵਾ ਵਿੱਚ ਜੁੱਟ ਪਏ ਅਤੇ ਬੜੇ ਸੋਹਣੇ ਵੇਲੇ ਬਾਰਾਂ ਵਜੇ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਸਜ ਗਿਆ ਅਤੇ ਲੰਗਰ ਤਿਆਰ ਹੋ ਗਿਆ।

ਭਾਈ ਵਜ਼ੀਰ ਸਿੰਘ ਜੀ ਦੇ ਚਿੱਤ ਵਿੱਚ ਆਸ਼ਾ ਹੋਈ ਕਿ ਸ਼ਬਦ ਕੀਰਤਨ ਦਾ ਵੀ ਸਮਾਗਮ ਬਣ ਜਾਵੇ। ਇਸ ਨੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਆਪ ਦੀ ਮਿਹਰ ਨਾਲ ਹੋਰ ਤਾਂ ਜੱਗ ਦੇ ਸਾਰੇ ਕਾਰਜ ਸੋਹਣੇ ਨਿੱਭ ਰਹੇ ਹਨ, ਪਰ ਅਜੇ ਤਕ ਕੀਰਤਨ ਕਰਨ ਵਾਲਾ ਕੋਈ ਜੱਥਾ ਨਹੀਂ ਪਹੁੰਚਿਆ। ਸੰਤ ਜੀ ਮਹਾਰਾਜ ਨੇ ਕਿਹਾ, "ਧੀਰਜ ਕਰੋ, ਸਤਿਗੁਰੂ ਆਪਣੇ ਕਾਰਜ ਆਪ ਕਰੇਗਾ ਅਤੇ ਕੋਈ ਨਾ ਕੋਈ ਕੀਰਤਨੀ ਜੱਥਾ ਭੇਜ ਦੇਵੇਗਾ।"

ਭਾਈ ਵਜ਼ੀਰ ਸਿੰਘ ਜੀ ਅਤੇ ਸੰਤ ਜੀ ਮਹਾਰਾਜ ਇਹ ਬਚਨ ਕਰ ਰਹੇ ਸਨ ਕਿ ਕੀਰਤਨ ਕਰਨ ਵਾਲਾ ਇੱਕ ਜੱਥਾ ਸੰਤ ਜੀ ਮਹਾਰਾਜ ਦੀ ਕੁਟੀਆ ਅੱਗੇ ਆ ਪਹੁੰਚਿਆ। ਜਥੇ ਨੇ ਸਾਜ਼ ਕੁਟੀਆ ਦੇ ਬਾਹਰ ਟਿਕਾਏ ਤੇ ਆਪ ਅੰਦਰ ਜਾ ਕੇ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਬੈਠੇ-ਬੈਠੇ ਅੰਦਰੋਂ ਹੀ ਫੁਰਨਾ ਹੋਇਆ, ਹਜ਼ੂਰ ਦੀ ਹਾਜ਼ਰੀ ਭਰੀਏ। ਉਸੇ ਵਕਤ ਟੁਰ ਪਏ ਅਤੇ ਆ ਹਾਜ਼ਰ ਹੋਏ ਹਾਂ। ਹੁਣ ਜੇ ਆਗਿਆ ਹੋਵੇ, ਤਾਂ ਕੀਰਤਨ ਕਰੀਏ।

ਸੰਤ ਜੀ ਕੁਟੀਆ ਤੋਂ ਬਾਹਰ ਆ ਗਏ ਅਤੇ ਖੁੱਲ੍ਹੇ ਮੈਦਾਨ ਵਿੱਚ ਕੀਰਤਨ ਅਰੰਭ ਕਰ ਦਿੱਤਾ, ਸੰਗਤ ਬਹੁਤ ਇਕੱਠੀ ਹੋ ਗਈ। ਆਸ ਤੋਂ ਬਹੁਤ ਹੀ ਜ਼ਿਆਦਾ ਸੰਗਤ ਦੇਖ ਕੇ ਭਾਈ ਵਜ਼ੀਰ ਸਿੰਘ ਜੀ ਕੁਝ ਗਿਣਤੀ ਵਿੱਚ ਪੈ ਗਏ ਕਿ ਕਿੱਧਰੇ ਲੰਗਰ ਵਿੱਚ ਤੋਟਾ ਨਾ ਆ ਜਾਵੇ। ਮਹਾਰਾਜ ਜੀ ਅੱਗੇ ਬੇਨਤੀ ਕੀਤੀ ਕਿ ਹਜ਼ੂਰ ਹੁਕਮ ਦੇਵੋ ਤਾਂ ਹੋਰ ਕੜਾਹ ਪ੍ਰਸ਼ਾਦ ਤਿਆਰ ਕਰੀਏ ਅਤੇ ਹੋਰ ਆਟਾ ਲਿਆ ਕੇ ਪਕਵਾਈਏ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਚਿੰਤਾ ਨਾ ਕਰੋ, ਸਤਿਗੁਰੂ ਹਾਜ਼ਰ ਸਮੱਗਰੀ ਵਿੱਚ ਵੀ ਬਰਕਤਾਂ ਪਾਉਣਗੇ।"

ਇਹ ਕਹਿ ਕੇ ਸੰਤ ਜੀ ਮਹਾਰਾਜ ਨੇ ਕੜਾਹ ਪ੍ਰਸ਼ਾਦ, ਪ੍ਰਸ਼ਾਦਿਆਂ ਅਤੇ ਤਿਆਰ ਲੰਗਰ ਦੀ ਸਾਰੀ ਸਮੱਗਰੀ ਉੱਪਰ ਕੱਪੜਾ ਪਵਾ ਦਿੱਤਾ। ਆਪ ਚੌਂਕੜੀ ਮਾਰ ਕੇ ਪਾਸ ਹੀ ਬੈਠ ਗਏ ਤੇ ਹੁਕਮ ਦਿੱਤਾ ਕਿ ਲੰਗਰ ਵਰਤਾਓ। ਹੁਕਮ ਦੇਣ ਦੀ ਦੇਰ ਸੀ ਕਿ ਮਾਈ-ਭਾਈ ਦੀਆਂ ਪੰਗਤਾਂ ਲੱਗ ਗਈਆਂ। ਸ਼ਾਮ ਤੀਕਰ ਲੰਗਰ ਅਤੁੱਟ ਵਰਤਿਆ, ਕੜਾਹ-ਪ੍ਰਸ਼ਾਦ ਸਭ ਨੂੰ ਮਿਲਿਆ ਤੇ ਸਭ ਨੇ ਪ੍ਰਸੰਨ ਹੋ ਕੇ ਛਕਿਆ ਅਤੇ ਘਰਾਂ ਨੂੰ ਜਾਣ ਵੇਲੇ ਵੀ ਵਰਤਾਰਾ ਨਾਲ ਲੈ ਗਏ। ਸਾਰੇ ਪਿੰਡ ਵਿੱਚ ਲੰਗਰ ਦਾ ਪ੍ਰਸ਼ਾਦ ਵਰਤਾਇਆ ਗਿਆ, ਗਾਈਆਂ-ਮੱਝਾਂ ਨੇ ਵੀ ਰੱਜ ਕੇ ਖਾਧਾ, ਫੇਰ ਭੀ ਦੋ ਤਿੰਨ ਸੌ ਪ੍ਰਸ਼ਾਦੇ ਵੱਧ ਰਹੇ।

ਜਦ ਤੀਕ ਲੰਗਰ ਵਰਤਦਾ ਰਿਹਾ ਸੰਤ ਜੀ ਆਪਣੇ ਆਸਣ ਤੋਂ ਨਾ ਹਿੱਲੇ। ਜਦ ਸਾਰਾ ਜੱਗ ਵਰਤ ਚੁੱਕਾ ਸੀ ਤਦ ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗਭਰੀ ਨੇ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ! ਇਹ ਸਭ ਆਪ ਜੀ ਦੀ ਕਿਰਪਾ ਹੈ ਕਿ ਜੱਗ ਐਸਾ ਅਤੁੱਟ ਸੰਪੂਰਨ ਹੋਇਆ ਹੈ। ਅਸੀਂ ਤਾਂ ਘਬਰਾ ਗਏ ਸਾਂ, ਸਿਰਫ਼ ਚਾਰ ਬੋਰੀਆਂ ਆਟਾ ਅਤੇ ਬਾਈ ਸੇਰ ਕੜਾਹ ਪ੍ਰਸ਼ਾਦ ਸੀ।

ਇਹ ਸੁਣ ਕੇ ਸੰਤ ਜੀ ਮਹਾਰਾਜ ਬੜੇ ਖਿੜਖਿੜਾ ਕੇ ਹੱਸ ਪਏ ਤੇ ਆਖਿਆ, "ਪ੍ਰੇਮੀਓ! ਇਹ ਸਭ ਸਤਿਗੁਰੂ ਨਾਨਕ ਦੇਵ ਜੀ ਦੀ ਬਰਕਤ ਹੈ। ਅਸੀਂ ਤਾਂ ਉਹਨਾਂ ਦੇ ਚਰਨਾਂ ਦਾ ਧਿਆਨ ਕਰ ਕੇ:

ਤਿਚਰੁ ਮੂਲਿ ਨ ਥੁੜੰਦੀਦੋ ਜਿਚਰੁ ਆਪਿ ਕ੍ਰਿਪਾਲੁ ॥
ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥ (੧੪੨੬)

ਗੁਪਤ ਪੜ੍ਹਦੇ ਰਹੇ। ਤੁਸੀਂ ਵੀ ਜਦੋਂ ਲੰਗਰ ਸਜਾਓ ਅਤੇ ਵਰਤਾਓ ਤਾਂ ਇਹ ਸ਼ਬਦ ਗੁਪਤ ਪੜ੍ਹਿਆ ਕਰਨਾ, ਕਦੀਂ ਵੀ ਤੋਟ ਨਾ ਆਵੇਗੀ।" ਇਹ ਕਹਿ ਕੇ ਸੰਤ ਜੀ ਬਾਵਲੀ ਵਾਲੀ ਕੁਟੀਆ ਵਿੱਚ ਗਏ, ਥੋੜ੍ਹਾ ਲੰਗਰ ਦਾ ਪ੍ਰਸ਼ਾਦ ਛਕਿਆ ਅਤੇ ਸਭ ਸੰਗਤ ਨੂੰ ਵਿਦਾ ਕਰ ਕੇ ਆਪਣੇ ਰੰਗ ਵਿੱਚ ਜੁੜ ਗਏ।

ਕਾਂਡ ੧੩

ਪਹਿਲਾਂ ਬਾਬੇ ਪਾਯਾ ਬਖਸ਼ ਦਰ ਪਿਛੋਂ ਦੇ ਫਿਰ ਘਾਲ ਕਮਾਈ ॥
ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿੱਚਾਈ ॥
ਭਾਰੀ ਕਰੀ ਤਪੱਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ ॥
ਬਾਬਾ ਪੈਧਾ ਸਚ ਖੰਡ ਨਾਨਿਧਿ ਨਾਮ ਗਰੀਬੀ ਪਾਈ ॥
ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ ॥
ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ ॥
ਬਾਬੇ ਭੇਖ ਬਣਾਇਆ ਉਦੱਾਸੀ ਕੀ ਰੀਤ ਚਲਾਈ ॥
ਚੜ੍ਹਿਆ ਸੋਧਨ ਧਰਤ ਲੁਕਾਈ ॥੨੪॥ (ਭਾਈ ਗੁਰਦਾਸ ਜੀ)

ਚਾਲ੍ਹੀ ਦਿਨ ਕਠਨ ਤਪ

ਜੱਗ ਦੇ ਮਗਰੋਂ ਛੇ ਦਿਨ ਸੰਤ ਜੀ ਮਹਾਰਾਜ ਹੌਲੀ-ਹੌਲੀ ਖੁਰਾਕ ਘਟਾਈ ਗਏ। ਛੇਕੜਲੇ ਦਿਨ ਸਵੇਰੇ ਇੱਕ ਗਰਾਹੀ ਛਕੀ ਅਤੇ ਸ਼ਾਮ ਨੂੰ ਅੰਨ ਬਿਲਕੁਲ ਗ੍ਰਹਿਣ ਨਾ ਕੀਤਾ। ਸਤਵੇਂ ਦਿਹਾੜੇ ਭਾਈ ਵਜ਼ੀਰ ਸਿੰਘ ਜੀ ਅਤੇ ਮਾਈ ਭਾਗਭਰੀ ਆਪਣੇ ਨਿੱਤਨੇਮ ਅਨੁਸਾਰ ਜਦ ਸੇਵਾ ਲਈ ਆਏ ਤਦ ਕੀ ਵੇਖਦੇ ਹਨ ਕਿ ਬਾਵਲੀ ਵਾਲੀ ਕੁਟੀਆ ਦਾ ਦਰਵਾਜ਼ਾ ਬੰਦ ਹੈ ਅਤੇ ਸੰਤ ਬਾਹਰ ਕਿੱਧਰੇ ਨਜ਼ਰ ਨਹੀਂ ਆਉਂਦੇ। ਪ੍ਰੇਮੀ ਸਾਰਾ ਦਿਨ ਬੈਠ-ਬੈਠ ਕੇ ਚਲੇ ਗਏ।

ਮਾਈ ਭਾਗਭਰੀ ਦੇ ਚਿੱਤ ਵਿੱਚ ਸੰਤ ਜੀ ਮਹਾਰਾਜ ਦੇ ਚਰਨ ਕੰਵਲਾਂ ਦਾ ਤੀਬਰ ਪ੍ਰੇਮ ਸੀ। ਇਹ ਹਰ ਰੋਜ਼ ਚੂਰੀ ਕੁੱਟ ਕੇ ਲਿਆਵੇ ਅਤੇ ਕੁਟੀਆ ਦੇ ਬਾਹਰ ਬਹੁਤ ਚਿਰ ਬੈਠੀ ਰਹੇ ਕਿ ਸੰਤ ਹੁਣੇ ਬਾਹਰ ਨਿਕਲਦੇ ਹਨ ਪਰ ਹਰ ਰੋਜ਼ ਨਿਰਾਸ ਹੋ ਕੇ ਕੁਟੀਆ ਦੀ ਪ੍ਰਦੱਖਣਾ ਕਰ ਕੇ ਚਲੀ ਜਾਵੇ। ਇਸ ਤਰ੍ਹਾਂ ਮਾਈ ਭਾਗਭਰੀ ਨੂੰ ਚਾਲ੍ਹੀ ਦਿਨ ਦਰਸ਼ਨ ਨਾ ਹੋਏ। ਇਕਤਾਲ੍ਹੀਵੇਂ ਦਿਨ ਜਦ ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗਭਰੀ ਅੰਮ੍ਰਿਤ ਵੇਲੇ ਆਏ ਤਦ ਕੀ ਦੇਖਦੇ ਹਨ ਕਿ ਕੁਟੀਆ ਦਾ ਦਰਵਾਜ਼ਾ ਖੁੱਲ੍ਹਾ ਹੈ ਅਤੇ ਮਹਾਰਾਜ ਅੰਦਰ ਹਨ। ਪ੍ਰੇਮੀ ਬੜੇ ਹੀ ਖੁਸ਼ ਹੋਏ ਅਤੇ ਬੇਨਤੀ ਕੀਤੀ ਕਿ ਹਜ਼ੂਰ! ਬਾਹਰ ਆ ਕੇ ਖੁੱਲ੍ਹੇ ਦਰਸ਼ਨ ਦੇਵੋ। ਸੰਤ ਜੀ ਮਹਾਰਾਜ ਨੇ ਅੰਦਰੋਂ ਹੀ ਜਵਾਬ ਦਿੱਤਾ ਕਿ ਸਾਡਾ ਇਰਾਦਾ ਛੇ ਮਹੀਨੇ ਅੰਦਰ ਹੀ ਰਹਿਣ ਦਾ ਹੈ। ਅਸਾਂ ਦਰਵਾਜ਼ਾ ਅੱਜ ਏਸ ਲਈ ਖੋਲ੍ਹਿਆ ਹੈ ਕਿ ਤੁਸੀਂ ਬਹੁਤ ਘਬਰਾ ਗਏ ਸੀ ਅਤੇ ਸਾਨੂੰ ਤੁਹਾਡੀ ਬਹੁਤ ਖਿੱਚ ਪੈਂਦੀ ਸੀ।

ਇਹ ਸੁਣ ਕੇ ਮਾਈ ਅਤੇ ਉਸ ਦਾ ਪਤੀ ਦੋਵੇਂ ਕੁਟੀਆ ਦੇ ਦਰਵਾਜ਼ੇ ਵਿੱਚ ਖੜੇ ਹੋ ਗਏ ਅਤੇ ਬਹੁਤ ਹੱਥ ਜੋੜੇ। ਫਿਰ ਅੰਦਰ ਜਾ ਕੇ ਚਰਨਾਂ 'ਤੇ ਢਹਿ ਪਏ ਤੇ ਬੇਨਤੀ ਕੀਤੀ, "ਮਹਾਰਾਜ! ਸਰੀਰ ਬਹੁਤ ਕਮਜ਼ੋਰ ਹੋ ਗਿਆ ਹੈ, ਕੁਝ ਚਿਰ ਏਸ ਨੂੰ ਅਰਾਮ ਆ ਜਾਵੇ, ਫੇਰ ਹਜ਼ੂਰ ਛੇ ਮਹੀਨੇ ਦਾ ਤਪ ਅਰੰਭ ਕਰ ਲੈਣ।" ਪ੍ਰੇਮੀਆਂ ਦੀ ਅਤਿ ਨਿਮਰਤਾ ਅਤੇ ਪ੍ਰੇਮ ਭਰੀ ਬੇਨਤੀ ਸੰਤ ਜੀ ਮਹਾਰਾਜ ਨੂੰ ਮਨਜ਼ੂਰ ਕਰਨੀ ਪਈ।

ਫੇਰ ਸੰਤ ਜੀ ਕੁਟੀਆ ਤੋਂ ਬਾਹਰ ਆ ਗਏ। ਮਾਈ ਭਾਗਭਰੀ ਦੌੜੀ-ਦੌੜੀ ਘਰ ਆਈ, ਕੁਝ ਘਿਓ

ਲਿਆਈ ਤੇ ਆਉਂਦਿਆਂ ਹੀ ਘਿਓ ਨਾਲ ਮਹਾਰਾਜ ਦਾ ਗਲਾ ਮੱਲਣ ਲੱਗ ਪਈ। ਮਹਾਰਾਜ ਨੇ ਆਖਿਆ, "ਭੋਲੀ ਮਾਈ! ਸਾਡਾ ਗਲਾ ਨਹੀਂ ਸੁੱਕਿਆ, ਸਾਨੂੰ ਤਾਂ ਪਤਾ ਵੀ ਨਹੀਂ ਲੱਗਾ। ਅਸਾਂ ਦਰਵਾਜ਼ਾ ਤਾਂ ਖੋਲ੍ਹਿਆ ਹੈ ਕਿ ਸਾਨੂੰ ਤੁਹਾਡੀ ਖਿੱਚ ਹਰ ਵੇਲੇ ਪੈਂਦੀ ਸੀ ਅਤੇ ਹਰ ਰੋਜ਼ ਪ੍ਰਸ਼ਾਦ ਦੀ ਨਿਰਾਦਰੀ ਹੁੰਦੀ ਸੀ।" ਫੇਰ ਮਾਈ ਨੇ ਖਾਣ ਵਾਸਤੇ ਕੁਝ ਨਰਮ ਚੀਜ਼ ਲਿਆਂਦੀ ਅਤੇ ਦੁੱਧ ਛਕਾਇਆ। ਦੋ ਦਿਨ ਮਹਾਰਾਜ ਨੂੰ ਪ੍ਰਸ਼ਾਦਾ ਨਾ ਦਿੱਤਾ, ਖਿੱਚੜੀ ਆਦਿਕ ਨਰਮ ਖੁਰਾਕ ਲਿਆਉਂਦੀ ਰਹੀ।

ਛੇ ਮਹੀਨੇ ਕਠਨ ਤਪ

ਦੋ ਮਹੀਨੇ ਸੰਤ ਜੀ ਬਾਹਰ ਰਹੇ। ਫਿਰ ਸੰਤ ਜੀ ਮਹਾਰਾਜ ਨੇ ਖੁਰਾਕ ਘਟਾਉਣੀ ਸ਼ੁਰੂ ਕਰ ਦਿੱਤੀ ਅਤੇ ਅੱਠਵੇਂ ਦਿਨ-ਰਾਤ ਨੂੰ ਅੰਨ ਬਿਲਕੁਲ ਗ੍ਰਹਿਣ ਨਾ ਕੀਤਾ। ਮਾਈ ਭਾਗਭਰੀ ਪਿਛਲੀ ਖੇਡ ਤੋਂ ਹੁਣ ਕੁਝ ਜਾਣੂ ਹੋ ਚੁੱਕੀ ਸੀ, ਉਸ ਨੇ ਪੁੱਛਿਆ ਕਿ 'ਮਹਾਰਾਜ! ਫਿਰ ਚਿੱਲੇ ਪੈਸੋ?'

ਸੰਤ ਜੀ ਮਹਾਰਾਜ ਹੱਸ ਪਏ ਅਤੇ ਆਖਿਆ ਕਿ ਤੁਸਾਂ ਤਾਂ ਸਾਡੇ ਦਿਲ ਦੀ ਬੁੱਝ ਲਈ। ਸੁਭਾਗ ਜੋੜੀ ਨੇ ਬੇਨਤੀ ਕੀਤੀ ਕਿ ਮਹਾਰਾਜ! ਕੁਝ ਖਾਣ ਵਾਸਤੇ ਦੱਸੋ, ਨਹੀਂ ਤਾਂ ਅਸੀਂ ਦੋਵੇਂ ਜੀਅ ਭੁੱਖੇ ਤਿਹਾਏ ਦਰ ਅੱਗੇ ਬੈਠੇ ਰਹਾਂਗੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅੰਨ ਛਕ ਕੇ, ਇੱਕ-ਰਸ ਬੈਠਿਆ ਨਹੀਂ ਜਾਂਦਾ ਅਤੇ ਚਿਲ੍ਹਾ ਵੀ ਮਨਜ਼ੂਰ ਨਹੀਂ ਹੁੰਦਾ। ਸਾਡੇ ਵਾਸਤੇ ਅੰਮ੍ਰਿਤ ਵੇਲੇ ਪਾਉ ਕੁ ਦੁੱਧ ਅਤੇ ਸ਼ਾਮ ਨੂੰ ਪਾਈਆ-ਭਰ ਸਰਦਾਈ ਕੁਟੀਆ ਦੇ ਆਲੇ ਵਿੱਚ ਬਾਹਰ ਰੱਖ ਜਾਇਆ ਕਰਨਾ, ਅਸੀਂ ਆਪੇ ਹੀ ਲੈ ਲਿਆ ਕਰਾਂਗੇ। ਨਾਲ ਹੀ ਹਰ ਰੋਜ਼ ਇੱਕ ਦਾਤਣ ਧਰ ਦਿਆ ਕਰਨੀ।

ਗੁਰਮਤਾ ਹੋ ਗਿਆ ਅਤੇ ਦੂਸਰੇ ਦਿਨ ਹੀ ਸੰਤ ਜੀ ਮਹਾਰਾਜ ਨੇ ਆਪਣੀ ਕੁਟੀਆ ਦਾ ਦਰਵਾਜ਼ਾ ਬੰਦ ਕਰ ਲਿਆ। ਪ੍ਰੇਮੀ ਹਰ ਰੋਜ਼ ਅੰਮ੍ਰਿਤ ਵੇਲੇ ਦੁੱਧ ਅਤੇ ਸ਼ਾਮ ਦੇ ਵਕਤ ਸਰਦਾਈ ਤੇ ਇੱਕ ਸੱਜਰੀ ਦਾਤਨ ਕੁਟੀਆ ਦੇ ਆਲੇ ਵਿੱਚ ਰੱਖ ਜਾਇਆ ਕਰਨ। ਮਹਾਰਾਜ ਲੈ ਲੈਣ ਅਤੇ ਖਾਲੀ ਬਰਤਨ ਮੋਰੀ ਵਿੱਚ ਰੱਖ ਦੇਣ। ਇਸ ਤਰ੍ਹਾਂ ਗਿਣਦਿਆਂ-ਗਿਣਦਿਆਂ ਪ੍ਰੇਮੀਆਂ ਨੇ ਛੇ ਮਹੀਨੇ ਬਿਤਾਏ। ਸੰਤ ਜੀ ਮਹਾਰਾਜ ਅੰਦਰ 'ਸ੍ਰੀ ਅਕਾਲ ਜੀ' ਦੀ ਯਾਦ ਵਿੱਚ ਮਗਨ ਸਨ ਅਤੇ ਇਹ ਦੋਵੇਂ ਮਰਜੀਵੜੇ ਬਾਹਰ ਸੇਵਾ ਦੀ ਧੁਨ ਵਿੱਚ ਮਸਤ ਸਨ। ਦੰਪਤੀ ਨੂੰ ਹਰ ਵਕਤ ਇਹ ਤਾਂਘ ਲੱਗੀ ਰਹਿੰਦੀ ਸੀ ਕਿ ਕਦ ਉਹ ਸੁਭਾਗ ਦਿਨ ਆਵੇ ਜਦ ਮਹਾਰਾਜ ਜੀ ਦੇ ਖੁੱਲ੍ਹੇ ਦਰਸ਼ਨ ਹੋਣ।

ਚਿਰਾਂ ਦੇ ਉਡੀਕਦਿਆਂ ਨੂੰ ਇਹ ਦਿਨ ਆ ਗਿਆ। ਠੀਕ ਛੇ ਮਹੀਨੇ ਬੀਤਣ ਮਗਰੋਂ ਜਦ ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗਭਰੀ ਅੰਮ੍ਰਿਤ ਵੇਲੇ ਆਏ ਤਦ ਕੀ ਦੇਖਣ ਕਿ ਕੁਟੀਆ ਦਾ ਦਰਵਾਜ਼ਾ ਖੁੱਲ੍ਹਾ ਹੈ ਪਰ ਮਹਾਰਾਜ ਅਜੇ ਅੰਦਰ ਹੀ ਹਨ। ਦੋਵੇਂ ਜੀਅ ਅੰਦਰ ਗਏ, ਸਰੀਰ ਕੁਝ ਨਿਰਬਲ ਹੋ ਗਿਆ ਸੀ ਅਤੇ ਅੰਦਰ ਹੀ ਲੱਤਾਂ, ਬਾਹਵਾਂ, ਗਲੇ ਅਤੇ ਸਾਰੇ ਸਰੀਰ 'ਤੇ ਗਰਮ ਘਿਉ ਦੀ ਮਾਲਸ਼ ਕੀਤੀ। ਫੇਰ ਆਰਾਮ ਨਾਲ ਮਹਾਰਾਜ ਜੀ ਨੂੰ ਬਾਹਰ ਲਿਆਂਦਾ। ਬਾਹਰ ਆ ਕੇ ਤਾਲੂ ਵਿੱਚ ਮੱਖਣ ਝੱਸਿਆ ਅਤੇ ਕੇਸਾਂ ਨੂੰ ਘਿਉ ਲਾਇਆ। ਇਸ ਵੇਲੇ ਕੇਸ ਬੜੇ ਲੰਮੇ ਸਨ ਅਤੇ ਜਦ ਸੰਤ ਜੀ ਮਹਾਰਾਜ ਖੜੇ ਹੁੰਦੇ, ਪੈਰਾਂ ਤੀਕਰ ਜਾਂਦੇ ਸਨ।

ਇੱਕ ਸਾਲ ਤਪ ਕਰਨਾ

ਥੋੜ੍ਹੇ ਚਿਰ ਮਗਰੋਂ ਮਹਾਰਾਜ ਨੇ ਪ੍ਰੇਮੀਆਂ ਨੂੰ ਆਖਿਆ ਕਿ ਸਾਡਾ ਜੀਅ ਏਥੇ ਬੈਠ ਕੇ ਸਿਮਰਨ ਵਿੱਚ ਇੰਨਾ ਲੱਗਦਾ ਹੈ ਅਤੇ ਅਨੰਦ ਵਿੱਚ ਮਗਨ ਰਹਿੰਦਾ ਹੈ ਕਿ ਚਿੱਤ ਚਾਹੁੰਦਾ ਹੈ ਕਿ ਕਈ ਸਾਲ ਬੈਠੇ ਹੀ ਰਹੀਏ

ਅਤੇ ਬੈਠਿਆਂ-ਬੈਠਿਆਂ ਸਰੀਰ 'ਤੇ ਵਰਮੀ (ਸਾਰਾ ਸਰੀਰ ਮਿੱਟੀ ਨਾਲ ਢੱਕਿਆ ਜਾਏ) ਜੰਮ ਜਾਵੇ। ਹੁਣ ਅਸੀਂ ਛੇਤੀ ਇੱਕ ਸਾਲ ਵਾਸਤੇ ਕੁਟੀਆ ਦਾ ਦਰਵਾਜ਼ਾ ਅੜਾ ਲਵਾਂਗੇ। ਮਾਈ ਭਾਗਭਰੀ ਅਤੇ ਉਸ ਦਾ ਪਤੀ ਇਹ ਸੁਣ ਕੇ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ ਅਤੇ ਬੇਨਤੀ ਕੀਤੀ, "ਮਹਾਰਾਜ! ਕੁਝ ਚਿਰ ਤਾਂ ਅਰਾਮ ਕਰ ਲਵੋ।" ਪ੍ਰੇਮੀਆਂ ਦੇ ਖਹਿੜੇ ਪੈ ਜਾਣ ਪਰ ਸੰਤ ਜੀ ਮਹਾਰਾਜ ਨੇ ਚਾਰ ਮਹੀਨੇ ਬਾਹਰ ਰਹਿਣ ਦਾ ਬਚਨ ਕੀਤਾ।

ਮਾਈ ਭਾਗਭਰੀ ਹਰ ਰੋਜ਼ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਦੇ ਸਰੀਰ ਨੂੰ ਬੜੇ ਪ੍ਰੇਮ ਨਾਲ ਮਾਲਸ਼ ਕਰਦੀ, ਜੋ ਅੰਨ ਨਾ ਛਕਣ ਅਤੇ ਅੰਦਰ ਬੈਠਣ ਕਰ ਕੇ ਬੜਾ ਹੀ ਸੁੱਕ ਗਿਆ ਸੀ ਅਤੇ ਕਾਲਾ ਸਿਆਹ ਹੋ ਗਿਆ ਸੀ। ਗਲੇ ਨੂੰ ਵੀ ਮਾਲਸ਼ ਨਾਲ ਨਰਮ ਕੀਤਾ। ਦਸ ਦਿਨ ਦੋਧੀ ਛਕਣ ਮਗਰੋਂ ਅੰਨ ਅੰਦਰ ਗਿਆ। ਇੱਕ ਦਿਨ ਜਦ ਮਾਈ ਮਾਲਸ਼ ਕਰ ਰਹੀ ਸੀ ਤਦ ਸੰਤ ਜੀ ਮਹਾਰਾਜ ਨੇ ਫਰਮਾਇਆ, "ਮਾਈ! ਇਸ ਮਿੱਟੀ ਨੂੰ ਕਿਉਂ ਸਵਾਰਨੀ ਹੈਂ? ਇਸ ਕੋਲੋਂ ਜਿੰਨ੍ਹਾਂ ਕੰਮ ਲੈ ਲਈਏ ਉਨਾਂ ਹੀ ਚੰਗਾ ਹੈ।"

ਇਸ ਤਰ੍ਹਾਂ ਪ੍ਰੇਮ ਦੀ ਲਹਿਰ ਵਿੱਚ ਚਾਰ ਮਹੀਨੇ ਬੜੀ ਛੇਤੀ ਬੀਤ ਗਏ। ਮਹਾਰਾਜ ਨੇ ਫਿਰ ਬਾਰਾਂ ਦਿਨ ਹੌਲੀ-ਹੌਲੀ ਖੁਰਾਕ ਘਟਾ ਕੇ, ਕਨੋਹੇ ਦੀ ਇਸ ਸੁਭਾਗ ਜੋੜੀ ਨੂੰ ਆਖਿਆ ਕਿ ਅਸੀਂ ਇੱਕ ਸਾਲ ਵਾਸਤੇ ਇੱਕ-ਰਸ ਸਿਮਰਨ ਲਈ ਕੁਟੀਆ ਵਿੱਚ ਬੈਠਾਂਗੇ। ਦੰਪਤੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਕੁਝ ਅੰਨ-ਪਾਣੀ ਛਕਣ ਵਾਸਤੇ ਮਨਜ਼ੂਰ ਕਰੋ। ਦੁਪਹਿਰ ਤੀਕਰ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠੇ ਬੇਨਤੀ ਕਰੀ ਗਏ ਅਤੇ ਪ੍ਰਸ਼ਾਦਾ ਵੀ ਨਾ ਛਕਿਆ। ਸੰਤਾਂ ਨੇ ਆਖਿਆ ਕਿ ਘਰ ਜਾ ਕੇ ਪ੍ਰਸ਼ਾਦਾ ਛਕੋ, ਫੇਰ ਸ਼ਾਮ ਵੇਲੇ ਆਉਣਾ। ਪਰ ਪ੍ਰੇਮੀ ਅੰਞਾਣੇ ਬਾਲਕਾਂ ਵਾਗੂੰ ਖਹਿੜੇ ਪੈ ਗਏ ਅਤੇ ਭੋਲੇ-ਭਾਇ ਆਖਿਆ, "ਜਦ ਬਚਨ ਕਰਸੋ ਅਤੇ ਖਾਣ-ਪੀਣ ਵਾਸਤੇ ਕੁਝ ਠਹਿਰਾਵਸੋ ਤਦ ਜਾਸਾਂ।"

ਇਹ ਸੁਣ ਕੇ ਮਹਾਰਾਜ ਹੱਸ ਕੇ ਬੋਲੇ, "ਤੁਸੀਂ ਕੀ ਚਾਹੁੰਦੇ ਹੋ?" ਮਾਈ ਭਾਗਭਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਹੁਕਮ ਕਰੋ, ਤਾਂ ਪਤਲੀ ਛੁਹਾਨੀ ਲੈ ਆਇਆ ਕਰੀਏ। ਮਹਾਰਾਜ ਨੇ ਛੁਹਾਨੀ ਮਨਜ਼ੂਰ ਨ ਕੀਤੀ ਪਰ ਆਖਿਆ ਕਿ ਅੰਮ੍ਰਿਤ ਵੇਲੇ ਦੁੱਧ, ਪਿਛਲੇ ਪਹਿਰ ਸਰਦਾਈ ਅਤੇ ਰਾਤ ਵੇਲੇ ਸਬਜ਼ੀ ਦਾ ਕੌਲ, ਇੱਕ ਸੱਜਰੀ ਦਾਤਨ ਅੱਗੇ ਵਾਂਗੂੰ ਕੁਟੀਆ ਦੇ ਆਲੇ ਵਿੱਚ ਧਰ ਜਾਇਆ ਕਰਨੀ। ਬੇਨਤੀ ਮਨਜ਼ੂਰ ਹੋਣ ਪਰ ਪ੍ਰੇਮੀ ਬੜੇ ਖੁਸ਼ ਹੋਏ, ਪਰ ਨਾਲ ਹੀ ਬੇਨਤੀ ਕੀਤੀ ਕਿ ਹਜ਼ੂਰ! ਅੱਠਵੇਂ ਦਿਨ ਕੇਸੀ ਇਸ਼ਨਾਨ ਵਾਸਤੇ ਦਹੀਂ ਧਰਨ ਦੀ ਆਗਿਆ ਦੇਵੋ। ਮਹਾਰਾਜ ਨੇ ਕਿਹਾ, 'ਸਤਿ ਬਚਨ।'

ਹੁਣ ਪ੍ਰੇਮੀ ਪ੍ਰਸ਼ਾਦ ਛਕਣ ਲਈ ਘਰ ਆਏ ਅਤੇ ਸ਼ਾਮ ਨੂੰ ਮਹਾਰਾਜ ਦੇ ਦਰਸ਼ਨ ਕੀਤੇ। ਮਨ ਵਿੱਚ ਵੈਰਾਗ ਸੀ; ਕੀ ਜਾਣੀਏ, ਇਹ ਸਾਲ ਕਦ ਬੀਤਸੀ ਅਤੇ ਕਦ ਇਹ ਸਮਾਂ ਫੇਰ ਮਿਲਸੀ! ਦੂਸਰੇ ਦਿਨ ਕੁਦਰਤੀ ਪਹਿਲੀ ਵਿਸਾਖ, ਖਾਲਸਾ ਜੀ ਦਾ ਜਨਮ ਦਿਨ ਸੀ, ਸੰਤ ਜੀ ਮਹਾਰਾਜ ਪੰਜਾਂ ਪਿਆਰਿਆਂ ਦੇ ਸਾਹਿਬ, ਅਕਾਲੀ ਪੰਥ ਦੇ ਸਜਾਵਣ ਵਾਲੇ, ਮੀਰੀ-ਪੀਰੀ ਦੇ ਮਾਲਕ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਚਰਨਾਂ ਕੰਵਲਾਂ ਦੇ ਧਿਆਨ ਧਰ ਅੰਮ੍ਰਿਤ ਵੇਲੇ ਦੋ ਵਜੇ ਹੀ ਆਸਣ ਜਮਾ ਕੇ ਕੁਟੀਆ ਵਿੱਚ ਬੈਠ ਗਏ ਅਤੇ ਦਰਵਾਜ਼ਾ ਬੰਦ ਕਰ ਦਿੱਤਾ।

ਮਾਈ ਭਾਗਭਰੀ ਦਿਨ ਵਿੱਚ ਦੋ ਵਾਰੀ ਆਵੇ ਅਤੇ ਦੁੱਧ, ਸਰਦਾਈ ਆਲੇ ਵਿੱਚ ਧਰ ਜਾਵੇ। ਸ਼ਾਮ ਵੇਲੇ ਭਾਈ ਵਜ਼ੀਰ ਸਿੰਘ ਜੀ ਦਾਤਨ ਅਤੇ ਸਬਜ਼ੀ ਦਾ ਕੌਲਾ ਲੈ ਆਉਣ ਅਤੇ ਖਾਲੀ ਬਰਤਨ ਲੈ ਜਾਣ। ਦੋਵੇਂ ਜੀ ਕੁਟੀਆ ਦੇ ਆਲੇ-ਦੁਆਲੇ ਹਰ ਰੋਜ਼ ਕਈ ਪ੍ਰਕਰਮਾਂ ਕਰਨ ਅਤੇ ਕੁਟੀਆ ਵੱਲ ਕੰਨ ਲਾ ਕੇ ਸੁਣਨ ਪਰ ਕੋਈ ਆਵਾਜ਼ ਨਾ ਆਵੇ।

ਪ੍ਰੇਮੀਆਂ ਦੇ ਘਰ ਦੁੱਧ ਅਤੇ ਸਰਦਾਈ ਦਾ ਤਾਂ ਕੋਈ ਘਾਟਾ ਨਹੀਂ ਸੀ, ਪਰ ਕਨੋਹੇ ਜੈਸੇ ਨਗਰ ਵਿੱਚ ਹਰ ਰੋਜ਼ ਸਬਜ਼ੀ ਦਾ ਮਿਲਣਾ ਕਠਨ ਸੀ। ਇਹਨਾਂ ਨੂੰ ਸਬਜ਼ੀ ਦਾ ਬੜਾ ਫਿਕਰ ਰਹੇ, ਪਰ ਥੋੜ੍ਹੇ ਦਿਨਾਂ ਵਿੱਚ ਹੀ ਕਰਤਾਰ ਨੇ ਕੋਈ ਐਸੀ ਖੇਲ ਵਰਤਾਈ ਕਿ ਕੱਲਰ, ਡੇਰਾ ਖਾਲਸਾ, ਰਾਵਲਪਿੰਡੀ ਤੋਂ ਸਬਜ਼ੀ ਆਉਣ ਲੱਗ ਪਈ ਤੇ ਘਰ ਵਿੱਚ ਸਬਜ਼ੀ ਦੇ ਟੋਕਰੇ ਭਰੇ ਹੀ ਰਹਿਣ।

ਇਸ ਤਰ੍ਹਾਂ ਸੰਤ ਜੀ ਮਹਾਰਾਜ ਜਾਗਦੀ ਜੋਤ ਨਾਲ ਇੱਕ ਟਕ ਜੁੜੇ ਰਹੇ।

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟਿ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥ (ਪਾਃ ੧੦)

ਪੂਰੇ ਇੱਕ ਵਰ੍ਹੇ ਮਗਰੋਂ ਠੀਕ ਪਹਿਲੀ ਵਿਸਾਖ ਵਾਲੇ ਦਿਨ ਸੰਮਤ ੧੯੫੩ (ਸੰਨ ੧੮੯੬ ਈਸਵੀ) ਨੂੰ ਅੰਮ੍ਰਿਤ ਵੇਲੇ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ ਗਿਆ। ਪ੍ਰੇਮੀ ਅੱਗੇ ਹੀ ਇਸ ਦਿਨ ਦੀ ਉਡੀਕ ਵਿੱਚ ਸੁੱਖਾਂ-ਸੁੱਖ ਰਹੇ ਸਨ। ਜਦ ਅੰਮ੍ਰਿਤ ਵੇਲੇ ਆਏ ਅਤੇ ਦਰਵਾਜ਼ਾ ਖੁੱਲ੍ਹਾ ਦੇਖਿਆ ਤਾਂ ਚਿੱਤ ਬੜੇ ਹੀ ਪ੍ਰਸੰਨ ਹੋਏ। ਨਾਲ ਹੀ ਮਨ ਵਿੱਚ ਧੁੱਖ-ਧੁਖੀ ਲੱਗੀ ਹੋਈ ਸੀ ਕਿ ਖ਼ਬਰੇ ਸਰੀਰ ਦਾ ਕੀ ਹਾਲ ਹੋਵੇਗਾ?

ਪ੍ਰੇਮ ਅਤੇ ਫਿਕਰ ਦੀ ਇਸ ਦਸ਼ਾ ਵਿੱਚ ਪ੍ਰੇਮੀ ਕੁਟੀਆ ਵਿੱਚ ਗਏ। ਕੀ ਦੇਖਦੇ ਹਨ ਕਿ ਸਰੀਰ ਭਾਵੇਂ ਬਿਲਕੁਲ ਸੁੱਕ ਗਿਆ ਹੈ ਅਤੇ ਹੱਡੀਆਂ ਭਾਵੇਂ ਇੱਕ-ਇੱਕ ਕਰਕੇ ਗਿਣੀਆਂ ਜਾਂਦੀਆਂ ਹਨ ਪਰ ਚਿਹਰਾ ਖਿੜਿਆ ਹੋਇਆ ਹੈ ਅਤੇ ਮੱਥੇ 'ਤੇ ਕੋਈ ਐਸਾ ਨੂਰ ਹੈ ਕਿ ਜਲਾਲ ਝੱਲਿਆ ਨਹੀਂ ਜਾਂਦਾ।

ਪ੍ਰੇਮੀ ਚਰਨਾਂ 'ਤੇ ਢਹਿ ਪਏ। ਲੱਤਾਂ ਦੱਬੀਆਂ, ਮਾਲਸ਼ ਕੀਤੀ ਅਤੇ ਫੇਰ ਬਾਹਰ ਲਿਆਂਦਾ। ਮਹਾਰਾਜ ਹੱਸ ਕੇ ਬੋਲੇ, "ਅਸੀਂ ਕੋਈ ਹਲ਼ ਵਾਹੁੰਦੇ ਰਹੇ ਹਾਂ ਕਿ ਥੱਕ ਗਏ ਹਾਂ? ਤੁਸੀਂ ਸਾਡਾ ਇਤਨਾ ਫਿਕਰ ਕਿਉਂ ਕਰਦੇ ਹੋ?" ਭਾਈ ਵਜ਼ੀਰ ਸਿੰਘ ਨੇ ਆਖਿਆ, "ਮਹਾਰਾਜ! ਆਪ ਤੋਂ ਵੱਡਾ ਹਲ਼ ਕਿਸ ਨੇ ਵਾਹੁਣਾ ਹੈ? ਆਪ ਸਾਰੀ ਸ੍ਰਿਸ਼ਟੀ ਦੇ ਥੰਮ੍ਹਣ ਲਈ ਆਪਣੇ ਸਰੀਰ ਨੂੰ ਇਸ ਤਤਿਖਿਆ ਵਿੱਚ ਪਾਉਂਦੇ ਹੋ।"

ਪਹਿਲੇ ਦੋ ਤਪਾਂ ਦੀ ਸੋਅ ਅੱਗੇ ਫੈਲ ਚੁੱਕੀ ਸੀ, ਪਰ ਤੀਸਰੇ ਸਾਲ ਦੇ ਤਪ ਦੀ ਧਾਂਕ ਤਾਂ ਦੂਰ-ਦੂਰ ਚਲੀ ਗਈ। ਗੁਰੂ ਕੀਆਂ ਸੰਗਤਾਂ ਹਰ ਰੋਜ਼ ਆਉਣ ਲੱਗ ਪਈਆਂ। ਢੋਲਕ ਛੈਣਿਆਂ ਦੀ ਗੂੰਜ ਹਰ ਵਕਤ ਲੱਗੀ ਰਹੇ। ਕਦੀ ਕੋਈ ਜਥਾ ਏਸ ਪਾਸਿਓਂ ਆ ਜਾਵੇ ਅਤੇ ਕਦੀ ਕੋਈ ਜਥਾ ਉਸ ਪਾਸਿਓਂ ਆ ਜਾਵੇ। ਹਰ ਵਕਤ ਦੀਵਾਨ ਲੱਗਾ ਰਹੇ ਅਤੇ ਇੱਕ ਦੂਸਰੇ ਦੇ ਪਿੱਛੋਂ ਬੇਅੰਤ ਪ੍ਰੇਮੀ ਜੱਗ (ਗੁਰੂ ਦਾ ਲੰਗਰ) ਕਰਨ ਲੱਗ ਪਏ। ਸੰਗਤਾਂ ਦੀ ਗਹਿਮਾ-ਗਹਿਮ ਹਰ ਵਕਤ ਲੱਗੀ ਰਹੇ। ਤੀਸਰੇ ਤਪ ਤੋਂ ਬਾਹਰ ਨਿਕਲਦਿਆਂ ਹੀ ਮਹਾਰਾਜ ਨੇ ਇਹ ਫ਼ਰਮਾਇਆ ਕਿ ਇਸ ਧਰਤੀ 'ਤੇ ਅੱਗੇ ਵੀ ਤਪ ਹੋਇਆ ਹੈ। ਪੁਲਾਹੀਆਂ ਦੇ ਪਾਰ ਸਾਹਮਣੇ ਮੁਸਲਮਾਨ ਫ਼ਕੀਰ ਅਤੇ ਝੁੱਗੀ ਵਿੱਚ ਇੱਕ ਸਾਧ ਨੇ ਤਪ ਕੀਤਾ ਹੈ। ਏਸ ਦੇ ਹੁਣ ਫੇਰ ਭਾਗ ਜਾਗ ਪਏ ਹਨ ਅਤੇ ਇਹ ਥਾਂ ਪ੍ਰਗਟ ਹੋਈ ਹੈ।

(ਇੱਕ ਵਾਰੀ ਜਦ ਮਹਾਰਾਜ ਫੇਰ ਕਨੋਹੇ ਆਏ ਤਾਂ ਅਸਥਾਨ ਢਹਿਆ ਹੋਇਆ ਸੀ। ਭਾਈ ਵਜ਼ੀਰ ਸਿੰਘ ਅਤੇ ਭਾਗਭਰੀ ਨੇ ਆਖਿਆ, "ਹਜ਼ੂਰ ਹੁਕਮ ਹੋਵੇ ਤਾਂ ਇਸ ਨੂੰ ਬਣਾਈਏ।" ਮਹਾਰਾਜ ਜੀ ਨੇ ਆਖਿਆ, "ਤੁਸੀਂ ਚੁੱਪ ਰਹੋ, ਆਪੇ ਹੀ ਕੋਈ ਪ੍ਰੇਮੀ ਉੱਠੇਗਾ ਤੇ ਇਸ ਅਸਥਾਨ ਦੀ ਟਹਿਲ ਕਰੇਗਾ।")

ਕਾਂਡ ੧੪

ਸੂਹੀ ਮਹਲਾ ੫॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥ (੭੪੭)

ਸੰਗਤਾਂ ਦਾ ਖਿੱਚੇ ਆਉਣਾ

ਤੀਸਰੇ ਤਪ ਦੇ ਮਗਰੋਂ ਸੰਗਤਾਂ ਦਾ ਆਉਣਾ ਜਾਣਾ ਬਹੁਤ ਹੋ ਗਿਆ ਅਤੇ ਕਈ ਪ੍ਰੇਮੀ ਸੰਤ ਜੀ ਮਹਾਰਾਜ ਦਾ ਪ੍ਰਤਾਪ ਵੇਖ ਕੇ ਈਰਖਾ ਵੀ ਕਰਨ ਲੱਗ ਪਏ। ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗਭਰੀ ਦੇ ਬੇਨਤੀ ਕਰਨ ਪਰ ਸੰਤ ਜੀ ਮਹਾਰਾਜ ਨੇ ਰਾਤ ਵੇਲੇ ਅਨਿੰਨ ਭਗਤਾਂ ਦੇ ਘਰ ਪ੍ਰਸ਼ਾਦਾ ਛਕਣਾ ਸ਼ੁਰੂ ਕਰ ਦਿੱਤਾ ਅਤੇ ਰਾਤ ਅਰਾਮ ਵੀ ਇਹਨਾਂ ਦੇ ਘਰ ਹੀ ਕਰਨ। ਦੋ ਤਿੰਨ ਘੰਟੇ ਸਮਾਧੀ ਅਸਥਿਤ ਹੋਣ ਦੇ ਮਗਰੋਂ ਦਿਨ ਚੜ੍ਹਦੇ ਨਾਲ ਹੀ ਤਪ ਅਸਥਾਨ ਵੱਲ ਜਾਣ ਅਤੇ ਭਾਈ ਵਜ਼ੀਰ ਸਿੰਘ ਤੇ ਮਾਈ ਭਾਗਭਰੀ ਦੋਹਾਂ ਨੂੰ ਨਾਲ ਲੈ ਆਉਣ। ਆਪ ਪਾਠ ਕਰਨ ਅਤੇ ਇਹਨਾਂ ਪ੍ਰੇਮੀਆਂ ਨੂੰ ਵੀ ਕਰਾਉਣ।

ਕੁਝ ਚਿਰ ਮਗਰੋਂ ਸਵੇਰੇ ਅਤੇ ਸ਼ਾਮ ਸ਼ਬਦ ਕੀਰਤਨ ਸ਼ੁਰੂ ਕਰ ਦਿੱਤਾ। ਸਾਰਾ ਪਿੰਡ ਨਾਲ ਰਲ ਜਾਵੇ। ਦੋ ਸਾਲ ਇਹ ਕੀਰਤਨ ਬਗੈਰ ਸਾਜ਼ਾਂ ਦੇ ਹੁੰਦਾ ਰਿਹਾ। ਫੇਰ ਮਹਾਰਾਜ ਨੇ ਰਾਵਲਪਿੰਡੀ ਤੋਂ ਜੋੜੀ ਮੰਗਵਾਈ। ਜੋੜੀ ਆਇਆਂ ਨੂੰ ਥੋੜ੍ਹੇ ਹੀ ਦਿਨ ਬੀਤੇ ਸਨ ਕਿ ਰਾਗੀ ਰਾਮ ਸਿੰਘ ਜੀ ਸਰੰਦੇ ਵਾਲਾ, ਭਾਈ ਨੰਦ ਸਿੰਘ ਜੀ ਅਤੇ ਭਾਈ ਵਰਿਆਮ ਸਿੰਘ ਜੀ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋ ਗਏ ਅਤੇ ਨਿੱਤਨੇਮ ਕੀਰਤਨ ਰਾਗ ਵਿੱਚ ਸ਼ੁਰੂ ਹੋ ਗਿਆ।

ਭਾਈ ਪ੍ਰੇਮ ਸਿੰਘ ਜੀ

ਹੁਣ ਮਹਾਰਾਜ ਦੀ ਨਿਗਾਹ ਜਥਾ ਬਣਾਉਣ ਵੱਲ ਹੋਈ ਅਤੇ ਆਏ ਦਿਨ ਨਵੇਂ ਤੋਂ ਨਵੇਂ ਸੇਵਕ ਰਲਣ ਲੱਗ ਪਏ। ਇੱਕ ਦਿਨ ਭਾਈ ਪ੍ਰੇਮ ਸਿੰਘ ਜੀ, ਪਿੰਡ ਦੇ ਧੋਬੀ, ਗੁਰਦੁਆਰਾ ਸਾਹਿਬ ਦੀ ਬਾਵਲੀ ਉੱਤੇ ਕੱਪੜੇ ਧੋ ਰਹੇ ਸਨ ਅਤੇ ਨਾਲ-ਨਾਲ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਕੁਦਰਤੀ ਸੰਤ ਮਾਈ ਭਾਗਭਰੀ ਦੇ

ਘਰੋਂ ਪੁਲਾਹੀਆਂ ਵੱਲ ਜਾ ਰਹੇ ਸਨ। ਜਦ ਕੋਲੋਂ ਲੰਘੇ ਤਦ ਭਾਈ ਪ੍ਰੇਮ ਸਿੰਘ ਜੀ ਉੱਤੇ ਆਪ ਦੀ ਨਿਗਾਹ ਪੈ ਗਈ। ਆਖਿਆ, "ਪ੍ਰੇਮੀਆ! ਤੂੰ ਤਾਂ ਗੁਰਮੁਖ ਸਿੱਖ ਹੈਂ, ਕਿਉਂ ਲੋਕਾਂ ਦੀ ਮੈਲ ਧੋਂਦਾ ਹੈਂ?" ਇਹ ਗੱਲ ਸੁਣ ਕੇ ਭਾਈ ਪ੍ਰੇਮ ਸਿੰਘ ਸੰਤ ਜੀ ਮਹਾਰਾਜ ਜੀ ਦੇ ਮਗਰ ਟੁਰ ਪਿਆ, ਚਰਨਾਂ 'ਤੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ, "ਹਜ਼ੂਰ! ਮੇਰੇ ਹੱਥ ਟੁੰਡੇ ਹਨ, ਮੈਂ ਮਿਹਨਤ ਕਰ ਕੇ ਗੁਜ਼ਾਰਾ ਕਰਦਾ ਹਾਂ, ਮੈਨੂੰ ਤਾਂ ਵਿਹਲੇ ਬੈਠੇ ਨੂੰ ਰੋਟੀ ਵੀ ਕੋਈ ਨਹੀਂ ਦੇਣ ਲੱਗਾ।" ਮਹਾਰਾਜ ਨੇ ਕਿਹਾ, "ਤੇਰੇ ਮਸਤਕ 'ਤੇ ਭਜਨ ਕਰਨਾ ਲਿਖਿਆ ਹੈ, ਰੋਟੀਆਂ ਤੇਰੇ ਮਗਰ-ਮਗਰ ਫਿਰਨਗੀਆਂ।"

ਸੰਤ ਜੀ ਮਹਾਰਾਜ ਦੀ ਇਹ ਅਸੀਸ ਸੁਣ ਕੇ ਭਾਈ ਪ੍ਰੇਮ ਸਿੰਘ ਜੀ ਦਾ ਹੌਂਸਲਾ ਵੱਧ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਇੱਕ ਦਿਨ ਦੀ ਮੁਹਲਤ ਦੇਵੋ, ਕੱਲ੍ਹ ਸਵੇਰੇ ਹਜ਼ੂਰ ਨੂੰ ਉੱਤਰ ਦਿਆਂਗਾ।" ਦੂਸਰੇ ਦਿਨ ਭਾਈ ਪ੍ਰੇਮ ਸਿੰਘ ਆਇਆ, "ਹਜ਼ੂਰ! ਮੇਰਾ ਮਨ ਆਪ ਦਾ ਹੁਕਮ ਮੰਨਣ ਲਈ ਤਿਆਰ ਹੋ ਗਿਆ ਹੈ। ਮੈਨੂੰ ਆਗਿਆ ਦੇਵੋ ਜੋ ਮੈਂ ਕੱਪੜੇ ਸੁਕਾ ਕੇ ਪ੍ਰੇਮੀਆਂ ਦੇ ਘਰ ਦੇ ਆਵਾਂ; ਫਿਰ ਹਾਜ਼ਰ ਹੋ ਜਾਵਾਂਗਾ।" ਮਹਾਰਾਜ ਨੇ ਕਿਹਾ ਕਿ ਚੰਗਾ, ਦੇ ਆਓ। ਕੱਪੜੇ ਪਿੰਡ ਵਿੱਚ ਦੇ ਕੇ ਸ਼ਾਮ ਨੂੰ ਭਾਈ ਪ੍ਰੇਮ ਸਿੰਘ ਆ ਹਾਜ਼ਰ ਹੋਇਆ। ਆਪਣਾ ਘਰ ਵੇਚ ਕੇ ਗੁਰਦੁਆਰਾ ਸਾਹਿਬ ਵਿੱਚ ਇੱਕ ਚੁਬਾਰਾ ਬਣਵਾ ਦਿੱਤਾ, ਭਾਂਡੇ ਗੁਰਦੁਆਰਾ ਸਾਹਿਬ ਵਿੱਚ ਦੇ ਦਿੱਤੇ, ਚੰਗੇ ਕੱਪੜੇ ਵੇਚ ਕੇ ਜੱਗ (ਗੁਰੂ ਦਾ ਲੰਗਰ) ਕੀਤਾ ਅਤੇ ਪਾਟੇ ਕੱਪੜੇ ਫੂਕ ਦਿੱਤੇ।

ਹੁਣ ਪ੍ਰੇਮ ਸਿੰਘ ਦਿਨ-ਰਾਤ ਭਜਨ ਵਿੱਚ ਲੱਗ ਪਿਆ ਅਤੇ ਸੰਤ ਜੀ ਮਹਾਰਾਜ ਦੀ ਕਿਰਪਾ ਦ੍ਰਿਸ਼ਟੀ ਨਾਲ ਗਿਆਨੀ ਬਣ ਗਿਆ। ਇੱਕ ਵਾਰੀ ਜਦ ਸੰਤ ਜੀ ਕਈ ਸਾਲ ਦੇ ਦੌਰੇ ਮਗਰੋਂ ਫੇਰ ਕਨੋਹੇ ਆਏ ਤਾਂ ਉਸ ਵਕਤ ਗਿਆਨੀ ਪ੍ਰੇਮ ਸਿੰਘ ਨਾਲ ਸਨ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਮਗਰੋਂ ਸੰਤ ਜੀ ਮਹਾਰਾਜ, ਸੰਗਤ ਦੀ ਬੇਨਤੀ ਕਰਨ ਪਰ ਇੱਕ ਸ਼ਬਦ ਦਾ ਅਰਥ ਕਰ ਰਹੇ ਸਨ। ਇਸ ਵਕਤ ਭਾਈ ਪ੍ਰੇਮ ਸਿੰਘ ਜੀ ਗੁਰਦੁਆਰਾ ਸਾਹਿਬ ਦੀ ਅਖੀਰਲੀ ਕੋਠੀ ਵਿੱਚ ਬੈਠੇ ਸਨ। ਅੰਦਰੋਂ ਹੀ ਬੋਲ ਉੱਠੇ, "ਮਹਾਰਾਜ ਜੀ! ਤੁਸੀਂ ਭੁੱਲਦੇ ਹੋ।" ਮਹਾਰਾਜ ਨੇ ਫ਼ਰਮਾਇਆ, "ਗੁਰੂ ਦੀ ਬਾਣੀ ਬੇਅੰਤ ਹੈ। ਇਸ ਦਾ ਅਰਥ ਕੋਈ ਨਹੀਂ ਲਖ ਸਕਦਾ, ਪਰ ਤੁਸੀਂ ਹੁਣ ਗਿਆਨੀ ਹੋ ਗਏ ਹੋ ਅਤੇ ਵਿੱਦਿਆ ਦਾ ਕੁਝ ਅਭਿਮਾਨ ਹੋ ਗਿਆ ਹੈ, ਤੁਸੀਂ ਹੁਣ ਸਾਥੋਂ ਵੱਖਰੇ ਰਿਹਾ ਕਰੋ।" ਸੋ ਕੁਝ ਚਿਰ ਵਾਸਤੇ ਭਾਈ ਪ੍ਰੇਮ ਸਿੰਘ ਜੀ ਵੱਖਰੇ ਹੋ ਗਏ। ਫੇਰ ਗੁਰਸਾਗਰ ਮਸਤੂਆਣੇ ਦੀ ਸੇਵਾ ਵਿੱਚ ਹਾਜ਼ਰ ਹੋ ਗਏ ਪਰ ਇੱਥੋਂ ਵੀ ਵੱਖ ਹੋ ਕੇ ਕਾਂਜਲੇ ਚਲੇ ਗਏ।

ਭਾਈ ਬਾਜ ਸਿੰਘ ਜੀ

ਭਾਈ ਬਾਜ ਸਿੰਘ ਜੀ ਕੱਲਰ ਵਿੱਚ ਦੁਕਾਨ ਕਰਦੇ ਸਨ ਅਤੇ ਆਪਣੇ ਟੱਟੂ ਤੇ ਗੁਜਰਖਾਨ ਸੌਦਾ ਸੂਦ ਲੈਣ ਲਈ ਬਹੁਤ ਵਾਰੀ ਜਾਂਦੇ ਸਨ। ਭਾਈ ਸਾਹਿਬ ਬਹੁਤ ਚਿਰ ਤੋਂ ਹੀ ਆਏ-ਗਏ ਸਾਧੂਆਂ ਦੀ ਬੜੀ ਸੇਵਾ ਕਰਦੇ। ਜਦ ਤੀਸਰੇ ਤਪ ਮਗਰੋਂ ਸੰਤ ਜੀ ਮਹਾਰਾਜ ਦੀ ਸੋਅ ਸੁਣੀ ਤਾਂ ਆਪ ਦਰਸ਼ਨ ਵਾਸਤੇ ਆਉਣ ਲੱਗ ਪਏ। ਜਦ ਕਦੀ ਗੁਜਰਖਾਨ ਜਾਣ ਮਹਾਰਾਜ ਜੀ ਵਾਸਤੇ ਕੋਈ ਨਾ ਕੋਈ ਵਸਤੂ ਲੈ ਆਉਣ ਤੇ ਕਨੋਹੇ ਹਾਜ਼ਰੀ ਭਰ ਕੇ ਫੇਰ ਕੱਲਰ ਜਾਇਆ ਕਰਨ।

ਇੱਕ ਦਿਨ ਭਾਈ ਬਾਜ ਸਿੰਘ ਜੀ ਗੁਜਰਖਾਨ ਤੋਂ ਆਏ, ਟੱਟੂ ਹੱਥ ਵਿੱਚ ਫੜਿਆ ਹੋਇਆ ਸੀ। ਟੱਟੂ ਨੂੰ ਪੁਲਾਹੀਆਂ ਨਾਲ ਬੰਨ੍ਹ ਕੇ ਮਹਾਰਾਜ ਨੂੰ ਨਮਸਕਾਰ ਵੀ ਕੀਤੀ ਅਤੇ ਭੇਟਾ ਅੱਗੇ ਰੱਖੀ, ਫੇਰ ਟੱਟੂ ਦਾ ਲਾਗਾ ਧੋਣ ਲੱਗ ਪਏ। ਮਹਾਰਾਜ ਜੀ ਨੇ ਪੁੱਛਿਆ, "ਭਾਈ ਬਾਜ ਸਿੰਘ ਜੀ! ਕੋਈ ਸੰਬੰਧੀ ਹੈਨ?" ਭਾਈ ਬਾਜ ਸਿੰਘ

ਜੀ ਨੇ ਉੱਤਰ ਦਿੱਤਾ, "ਮਹਾਰਾਜ ਜੀ! ਕੋਈ ਨਹੀਂ।" ਇਹ ਸੁਣ ਕੇ ਆਪ ਨੇ ਫ਼ਰਮਾਇਆ, "ਫੇਰ ਕਿਉਂ ਟੰਟੇ ਕਰਦੇ ਹੋ ਅਤੇ ਟੱਟੂ ਦਾ ਲਾਗਾ ਧੋਂਦੇ ਹੋ? ਤੁਹਾਡੇ ਮਸਤਕ 'ਤੇ ਬੜਾ ਭਜਨ ਅਤੇ ਫ਼ਕੀਰੀ ਹੈ। ਤੁਸਾਂ ਅਨੇਕਾਂ ਜੀਵਾਂ ਦਾ ਭਲਾ ਕਰਨਾ ਹੈ ਦੁਨੀਆਂ ਤੁਹਾਡੀ ਨਮਸਕਾਰੀ ਹੋਵੇਗੀ।"

ਭਾਈ ਬਾਜ ਸਿੰਘ ਜੀ ਨੇ ਉਸੇ ਘੜੀ ਬਚਨ ਮੰਨ ਲਿਆ ਕੱਲਰ ਜਾ ਕੇ ਟੱਟੂ ਛੱਡ ਦਿੱਤਾ, ਦੁਕਾਨ ਲੁਟਾ ਦਿੱਤੀ ਅਤੇ ਸੰਤ ਜੀ ਮਹਾਰਾਜ ਪਾਸ ਆ ਗਏ। ਸੰਤ ਜੀ ਨੇ ਬੜਾ ਪ੍ਰੇਮ ਕੀਤਾ, ਦੋ-ਤਿੰਨ ਦਿਨ ਆਪਣੇ ਪਾਸ ਰੱਖਿਆ ਤੇ ਫੇਰ ਹੁਕਮ ਦਿੱਤਾ ਕਿ ਅਸੀਂ ਤੁਹਾਨੂੰ ਨਾਲ ਨਹੀਂ ਰੱਖਣਾ, ਤੁਸੀਂ ਕਿੱਧਰੇ ਹੋਰ ਜਾ ਕੇ ਸਿਮਰਨ ਕਰੋ। ਭਾਈ ਬਾਜ ਸਿੰਘ ਹੁਕਮ ਮੰਨ ਕੇ ਥੋਹੇ ਖ਼ਾਲਸੇ ਠਾਕੁਰ ਨਿਹਾਲ ਸਿੰਘ ਜੀ ਪਾਸ ਚਲੇ ਗਏ ਅਤੇ ਕਰਤਾਰ ਦੀ ਯਾਦ ਵਿੱਚ ਲੱਗ ਪਏ। ਕੁਝ ਚਿਰ ਮਗਰੋਂ ਸੰਗਤਾਂ ਵਿੱਚ ਕੀਰਤਨ ਅਰੰਭ ਕਰ ਦਿੱਤਾ ਅਤੇ ਧੱਨੀ, ਪੋਠੋਹਾਰ ਦੇ ਇੱਕ ਬੜੇ ਪ੍ਰਸਿੱਧ ਸੰਤ ਹੋਏ। ਬੜੀ ਉੱਚੀ ਸੁਰ ਵਿੱਚ ਢੋਲਕੀ ਛੈਣਿਆਂ ਦੀ ਗੂੰਜ ਨਾਲ ਕੀਰਤਨ ਕਰਦੇ ਅਤੇ ਕਈ ਵਾਰੀ ਮੌਜ ਵਿੱਚ ਆ ਕੇ ਤੂਤੀਆਂ ਤੇ ਢੋਲ ਵਜਵਾ ਕੇ ਸ਼ਬਦ ਪੜ੍ਹਦੇ।

ਭਾਈ ਕਲਿਆਣ ਸਿੰਘ ਜੀ

ਪਹਿਲਾਂ ਇਹਨਾਂ ਦਾ ਨਾਮ ਕਲਿਆਣ ਦਾਸ ਸੀ। ਕੱਲਰ ਰਹਿੰਦੇ ਅਤੇ ਬਜ਼ਾਜ਼ੀ ਦੀ ਦੁਕਾਨ ਕਰਦੇ ਸਨ। ਸੰਤ ਸਾਧੂ ਦੇ ਖੋਜੀ ਸਨ। ਸੰਤ ਜੀ ਮਹਾਰਾਜ ਦੀ ਤਤਿਖਿਆ ਸੁਣ ਕੇ ਇੱਕ ਦਿਨ ਕਨੋਹੇ ਦਰਸ਼ਨ ਕਰਨ ਲਈ ਆਏ। ਮਨ ਵਿੱਚ ਖਿਆਲ ਸੀ ਕਿ ਕੋਈ ਮਨ ਦੀਆਂ ਵਾਗਾਂ ਮੋੜਨ ਵਾਲਾ ਮਿਲ ਜਾਵੇ। ਜਦ ਭਾਈ ਕਲਿਆਣ ਦਾਸ ਜੀ ਨੇ ਦੂਰੋਂ ਹੀ ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰਨ ਲਈ ਜੋੜਾ ਲਾਹਿਆ, ਤਦ ਸੰਤ ਜੀ ਮਹਾਰਾਜ ਨੇ ਆਖਿਆ, "ਆਓ ਭਾਈ ਕਲਿਆਣ ਸਿੰਘ ਜੀ! ਅਸੀਂ ਤੁਹਾਨੂੰ ਚਿਰ ਦੇ ਉਡੀਕ ਰਹੇ ਸੀ।" ਭਾਈ ਕਲਿਆਣ ਦਾਸ ਜੀ ਨੇ ਅੱਗੇ ਸੰਤ ਜੀ ਦੇ ਦਰਸ਼ਨ ਕਦੀ ਵੀ ਨਹੀਂ ਸੀ ਕੀਤੇ। ਇਹਨਾਂ ਦੇ ਮੁਖਾਰਬਿੰਦ ਤੋਂ ਆਪਣਾ ਨਾਮ ਸੁਣ ਕੇ ਨਿਸ਼ਾ ਹੋ ਗਈ ਕਿ ਇਹ ਕੋਈ ਪੂਰਨ ਅੰਤਰਜਾਮੀ ਸਾਧੂ ਹਨ, ਚਰਨਾਂ 'ਤੇ ਢਹਿ ਪਿਆ। ਮਹਾਰਾਜ ਨੇ ਆਦਰ ਨਾਲ ਉਠਾਇਆ ਤੇ ਕਿਹਾ, "ਕੋਈ ਸ਼ਬਦ ਸੁਣਾਓ।" ਭਾਈ ਕਲਿਆਣ ਦਾਸ ਨੂੰ ਇਸ ਸਮੇਂ ਸ਼ਬਦ ਤਾਂ ਕੋਈ ਵੀ ਕੰਠ ਨਹੀਂ ਸੀ, ਬੜੀ ਸੁਰੀਲੀ ਤੇ ਮਿੱਠੀ ਅਵਾਜ਼ ਨਾਲ ਪੰਚਮ ਸੁਰ ਵਿੱਚ ਇਹ ਬਿਸ਼ਨ ਪਦਾ ਪੜ੍ਹ ਕੇ ਸੁਣਾਇਆ, ਜਿਸ ਦਾ ਅੰਤਰਾ ਇਹ ਸੀ:

ਕੋਈ ਮੋੜੇ ਮਨ ਦੀਆਂ ਵਾਗਾਂ ਨੂੰ । ਕੋਈ ਮੋੜੇ ਮਨ ਦੀਆਂ ਵਾਗਾਂ ਨੂੰ ।

ਸੰਤ ਜੀ ਮਹਾਰਾਜ ਬੜੇ ਪ੍ਰੇਮ ਵਿੱਚ ਬਿਸ਼ਨ-ਪਦਾ ਸੁਣਦੇ ਰਹੇ। ਜਦ ਭਾਈ ਕਲਿਆਣ ਦਾਸ ਨੇ ਭੋਗ ਪਾਇਆ ਤਦ ਸੰਤ ਜੀ ਨੇ ਬੜੀ ਉੱਚੀ ਸੁਰ ਵਿੱਚ ਪੜ੍ਹਿਆ:

ਕੋਈ ਵਿਰਲਾ ਮੋੜਨ ਹਾਰਾ ਮਨ ਦੀਆਂ ਵਾਗਾਂ ਨੂੰ।
ਕੋਈ ਵਿਰਲਾ ਮੋੜਨ ਹਾਰਾ ਮਨ ਦੀਆਂ ਵਾਗਾਂ ਨੂੰ।

ਭਾਈ ਕਲਿਆਣ ਦਾਸ ਦੇ ਹਿਰਦੇ ਵਿੱਚ ਇਹ ਤੁਕ ਤੀਰ ਦਾ ਕੰਮ ਕਰ ਗਈ ਅਤੇ ਮਨ ਬੈਰਾਗ ਵਿੱਚ ਭਿੱਜ ਗਿਆ। ਕੱਲਰ ਜਾ ਕੇ ਦੁਕਾਨ ਦੀਆਂ ਕੁੰਜੀਆਂ ਸੁੱਟ ਆਏ ਤੇ ਸੰਤ ਜੀ ਮਹਾਰਾਜ ਪਾਸੋਂ ਅੰਮ੍ਰਿਤ ਛਕ ਕੇ ਬਾਈ ਕਲਿਆਣ ਸਿੰਘ ਜੀ ਹੋਏ ਅਤੇ ਸੰਮਤ ੧੯੭੯ ਬਿਕ੍ਰਮੀ (ਸੰਨ ੧੯੨੨ ਈਸਵੀ) ਤੀਕਰ ਸਮਤ ਜੀ ਮਹਾਰਾਜ ਨਾਲ ਕੀਰਤਨ ਵਿੱਚ ਹਾਜ਼ਰ ਰਹੇ।

ਭਾਈ ਬੂਟਾ ਸਿੰਘ ਜੀ

ਭਾਈ ਬੂਟਾ ਸਿੰਘ ਜੀ ਰਾਗੀ ਨਿੱਕੀ ਉਮਰ ਤੋਂ ਹੀ ਗੁਰਬਾਣੀ ਅਤੇ ਕੀਰਤਨ ਦੇ ਆਸ਼ਕ ਸਨ। ਇਹਨਾਂ ਦਾ ਪਿੰਡ ਦੁਭੇਰਨ ਸੀ ਅਤੇ ਨਰਾਇਣ ਸਿੰਘ ਜੀ ਰਾਗੀ ਨਾਲ ਕੀਰਤਨ ਕਰਦੇ ਹੁੰਦੇ ਸਨ। ਇੱਕ-ਦੋ ਵਾਰੀ ਅੱਗੇ ਵੀ ਸੰਤ ਜੀ ਮਹਾਰਾਜ ਦੇ ਦਰਸ਼ਨ ਕੀਤੇ ਹੋਏ ਸਨ। ਜਦ ਇਹਨਾਂ ਦੀ ਉਮਰ ਬਾਈ ਸਾਲ ਦੀ ਸੀ, ਇਹ ਅੰਮ੍ਰਿਤ ਵੇਲੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਮਾਈ ਭਾਗਭਰੀ ਦੇ ਘਰ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਆਏ। ਇਹਨਾਂ ਦੇ ਹੱਥ 'ਤੇ ਗਾਨਾਂ ਬੱਧਾ ਹੋਇਆ ਸੀ ਤੇ ਇਹਨਾਂ ਦਾ ਵਿਆਹ ਸੋਧਿਆ ਹੋਇਆ ਸੀ। ਆਉਂਦਿਆਂ ਹੀ ਬੇਨਤੀ ਕੀਤੀ, "ਮਹਾਰਾਜ ਜੀ! ਮੇਰੇ ਗੱਲ ਬਲਾ ਪੈਣ ਲੱਗੀ ਹੈ, ਮੇਰੀ ਮਾਂ ਬੜਾ ਜ਼ੋਰ ਦੇ ਕੇ ਮੇਰਾ ਵਿਆਹ ਕਰਵਾਉਂਦੀ ਹੈ, ਪਰ ਮੇਰਾ ਚਿੱਤ ਨਹੀਂ ਮੰਨਦਾ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, ਤਕੜਾ ਹੋ! ਬੰਧਨਾਂ ਵਿੱਚ ਨਾ ਪੈ ਇਹ ਸੁਣ ਕੇ ਭਾਈ ਬੂਟਾ ਸਿੰਘ ਜੀ ਨੇ ਗਾਨਾ ਤੋੜ ਦਿੱਤਾ ਤੇ ਮੱਥਾ ਟੇਕ ਕੇ ਚਲੇ ਗਏ। ਜਦ ਇਹ ਬਾਹਰ ਨਿਕਲੇ ਤਦ ਮਾਈ ਭਾਗਭਰੀ ਨੇ ਜੋ ਕਿ ਇਹਨਾਂ ਦੇ ਬਚਨ ਸੁਣ ਰਹੀ ਸੀ, ਮਹਾਰਾਜ ਜੀ ਨੂੰ ਪੁੱਛਿਆ, "ਹਜ਼ੂਰ! ਕੀ ਏਸ ਤੇ ਕੋਈ ਮੁਕੱਦਮਾ ਬਣ ਗਿਆ ਹੈ?" ਸੰਤ ਜੀ ਮਹਾਰਾਜ ਬੜਾ ਹੱਸੇ ਅਤੇ ਉੱਤਰ ਦਿੱਤਾ, "ਨਹੀਂ ਏਸ ਦੇ ਭਾਗਾਂ ਵਿੱਚ ਗੁਰਬਾਣੀ ਦਾ ਕੀਰਤਨ ਅਤੇ ਬੰਦਗੀ ਹੈ। ਵਿਵਾਹ ਦਾ ਬੰਧਨ ਪੈਣਾ ਸੀ, ਸੋ ਇਹ ਗਾਨਾ ਤੋੜ ਕੇ ਚਲਾ ਗਿਆ ਹੈ।"

ਬਾਬਾ ਖੇਮ ਸਿੰਘ ਜੀ ਦਾ ਪਹਿਲਾ ਮਿਲਾਪ

ਇੱਕ ਦਿਨ ਬਾਬਾ ਖੇਮ ਸਿੰਘ ਜੀ ਆਪਣੇ ਦੌਰੇ ਵਿੱਚ ਕਨੋਹੇ ਆਏ। ਥੋੜ੍ਹਾ ਦਿਨ ਚੜ੍ਹੇ ਆਪਣੇ ਨਿੱਤਨੇਮ ਅਨੁਸਾਰ ਸ਼ਿਕਾਰ ਲਈ ਪੁਲਾਹੀਆਂ ਦੀ ਝੰਗੀ ਵਿੱਚੋਂ ਲੰਘੇ। ਏਸ ਵਕਤ ਸੰਤ ਜੀ ਭੂਰੀ ਲਈ ਆਪਣੀ ਮੌਜ ਵਿੱਚ ਲੇਟੇ ਪਏ ਸਨ। ਚਰਨ ਦੋਵੇਂ ਨੰਗੇ ਸਨ। ਬਾਬਾ ਖੇਮ ਸਿੰਘ ਜੀ ਸੰਤਾਂ, ਸਾਧੂਆਂ ਦੇ ਬੜੇ ਮਿਲਾਪੀ ਸਨ। ਬੰਦਗੀ ਵਾਲੇ ਅਤੇ ਸਤਿਸੰਗੀ ਹੋਣ ਕਰਕੇ ਆਪਣੇ ਰੰਗ ਵਿੱਚ ਮਸਤ ਸਾਧੂ ਨੂੰ ਬਾਬਾ ਜੀ ਨੇ ਜਗਾਉਣਾ ਵਾਜਬ ਨਾ ਸਮਝਿਆ। ਥੋੜ੍ਹਾ ਚਿਰ ਬੈਠ ਕੇ ਚਲੇ ਗਏ, ਪਰ ਕੁਦਰਤੀ ਬਾਬਾ ਜੀ ਦੀ ਨਿਗਾਹ ਸੰਤਾਂ ਦੇ ਚਰਨਾਂ 'ਤੇ ਪੈ ਗਈ, ਸਾਧੂ ਦੇ ਦੋਹਾਂ ਪੈਰਾਂ 'ਤੇ 'ਪਦਮ-ਰੇਖਾ' ਨਜ਼ਰ ਆਈ।

ਜਦ ਬਾਬਾ ਜੀ ਨਗਰ ਵਿੱਚ ਆਏ, ਤਦ ਆਪਣੇ ਸਿੱਖਾਂ ਸੇਵਕਾਂ ਨੂੰ ਪੱਛਿਆ, "ਤੁਹਾਡੀ ਝੰਗੀ ਵਿੱਚ ਇਹ ਕਿਹੜਾ ਸਾਧੂ ਹੈ? ਏਸ ਨੇ ਤਾਂ ਚਕ੍ਰਵਰਤੀ ਰਾਜਾ ਬਣਨਾ ਸੀ, ਇਹ ਭੂਰੀ ਲਈ ਇੱਥੇ ਕਿਸ ਤਰ੍ਹਾਂ ਪਿਆ ਹੈ?" ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਦੇ ਕਨੋਹੇ ਆਉਣ ਅਤੇ ਪੁਲਾਹੀਆਂ ਵਿੱਚ ਤਿੰਨ ਕਠਨ ਤਪ ਕਰਨ ਦੀ ਵਿੱਥਿਆ ਆਖ ਸੁਣਾਈ।

ਹੁਣ ਬਾਬਾ ਜੀ ਦੇ ਹਿਰਦੇ ਵਿੱਚ ਸੰਤ ਜੀ ਮਹਾਰਾਜ ਦੇ ਮਿਲਾਪ ਦੀ ਖਿੱਚ ਹੋਰ ਵੱਧ ਗਈ। ਇਸ ਦਿਨ ਪ੍ਰਸ਼ਾਦਾ ਕੁਦਰਤੀ ਭਾਈ ਵਜ਼ੀਰ ਸਿੰਘ ਦੇ ਘਰ ਸੀ। ਬਾਬਾ ਜੀ ਨੇ ਬੱਕਰਾ ਝਟਕਾਉਣਾ ਬੰਦ ਕਰ ਦਿੱਤਾ ਅਤੇ ਭਾਈ ਵਜ਼ੀਰ ਸਿੰਘ ਨੂੰ ਕਿਹਾ ਕਿ ਪ੍ਰਸ਼ਾਦ ਵੇਲੇ ਸੰਤ ਜੀ ਮਹਾਰਾਜ ਨੂੰ ਪੰਗਤ ਵਿੱਚ ਦਰਸ਼ਨ ਦੇਣ ਲਈ ਬੇਨਤੀ ਕਰਨਾ। ਜਦ ਪ੍ਰਸ਼ਾਦਾ ਤਿਆਰ ਹੋ ਗਿਆ ਤਾਂ ਬਾਬਾ ਜੀ ਆਪਣੇ ਸੇਵਕਾਂ ਸਮੇਤ ਆਏ ਅਤੇ ਸੰਤ ਜੀ ਮਹਾਰਾਜ ਵੀ ਪੁਲਾਹੀਆਂ ਵਿੱਚੋਂ ਆ ਗਏ।

ਬਾਬਾ ਜੀ ਨੇ ਸੰਤ ਜੀ ਨੂੰ ਆਪਣੇ ਪਾਸ ਬਿਠਾ ਲਿਆ। ਹੁਣ ਪ੍ਰਸ਼ਾਦ ਵਰਤਣਾ ਸ਼ੁਰੂ ਹੋ ਗਿਆ। ਜਦ ਪ੍ਰਸ਼ਾਦ ਵਰਤ ਚੁੱਕਾ ਤਦ ਸੰਤ ਜੀ ਨੇ ਬਾਬਾ ਜੀ ਨੂੰ ਕਿਹਾ, "ਤੁਸਾਂ ਅੱਜ ਨਿੱਤ ਦਾ ਭੋਜਨ ਕਿਉਂ ਬੰਦ ਕਰ ਦਿੱਤਾ?" ਬਾਬਾ ਜੀ ਨੇ ਪ੍ਰੇਮ ਨਾਲ ਜਵਾਬ ਦਿੱਤਾ ਕਿ ਤੁਹਾਡੇ ਨਾਲ ਪੰਗਤ ਵਿੱਚ ਬੈਠਿਆਂ ਇਹ ਗੱਲ ਸ਼ੋਭਾ

ਨਹੀਂ ਪਾਉਂਦੀ ਸੀ। ਬਾਬਾ ਖੇਮ ਸਿੰਘ ਜੀ ਜਿੰਨਾ ਚਿਰ ਇਸ ਦੌਰੇ ਵਿੱਚ ਕਨੋਹੇ ਰਹੇ, ਸਭ ਦੇ ਘਰ ਬੱਕਰਾ ਝਟਕਾਉਣਾ ਬੰਦ ਕਰ ਦਿੱਤਾ। ਹਰ ਰੋਜ਼ ਸੰਤ ਜੀ ਮਹਾਰਾਜ ਨੂੰ ਪੁਲਾਹੀਆਂ ਵਿੱਚੋਂ ਸਦਵਾ ਲੈਂਦੇ ਅਤੇ ਪੰਗਤ ਵਿੱਚ ਨਾਲ ਬੈਠ ਕੇ ਪ੍ਰਸ਼ਾਦਾ ਛਕਦੇ।

ਕੌੜਾ ਪਾਣੀ ਮਿੱਠਾ ਹੋ ਗਿਆ

ਭਾਈ ਵਜ਼ੀਰ ਸਿੰਘ ਜੀ ਦੇ ਘਰ ਦੇ ਬੂਹੇ ਅੱਗੇ ਇੱਕ ਕੱਚੀ ਖੂਹੀ ਸੀ। ਸੰਤ ਜੀ ਮਹਾਰਾਜ ਇਨ੍ਹਾਂ ਨੂੰ ਆਖਦੇ ਕਿ ਖੂਹ ਪੱਕਾ ਕਰਾ ਲਵੋ। ਅੱਗੋਂ ਮਾਈ ਭਾਗਭਰੀ ਤੇ ਉਸ ਦਾ ਪਤੀ ਜਵਾਬ ਦਿੰਦੇ ਕਿ ਹਜ਼ੂਰ! ਖੂਹੀ ਦਾ ਪਾਣੀ ਕੌੜਾ ਹੈ। ਇੱਕ ਦਿਨ ਸੰਤ ਜੀ ਮਹਾਰਾਜ ਨੇ ਪਾਣੀ ਦੀ ਚੁਲੀ ਭਰ ਕੇ ਖੂਹੀ ਵਿੱਚ ਸੁੱਟ ਦਿੱਤੀ ਅਤੇ ਆਖਿਆ, "ਖੂਹ ਬਣਾਵੋ, ਪਾਣੀ ਮਿੱਠਾ ਹੈ।" ਸੁਭਾਗ ਜੋੜੀ ਨੇ 'ਸਤਿ ਬਚਨ' ਕਹਿ ਕੇ ਮਜ਼ਦੂਰ ਲਾ ਦਿੱਤੇ। ਚਾਰ-ਪੰਜ ਗਜ਼ ਤੇ ਬੜਾ ਸੁੰਦਰ ਮਿੱਠਾ ਪਾਣੀ ਨਿਕਲਿਆ। ਫੇਰ ਉਸਾਰੀ ਲਾ ਕੇ ਪੱਕਾ ਖੂਹ ਤਿਆਰ ਹੋਇਆ। ਹੁਣ ਤੀਕਰ ਇਹ ਖੂਹ ਭਾਈ ਵਜ਼ੀਰ ਸਿੰਘ ਦੇ ਘਰ ਦੇ ਬੂਹੇ ਅੱਗੇ ਮੌਜੂਦ ਹੈ।

ਪਿੰਡ ਵੱਲੋਂ ਜਾਂਦਿਆਂ ਹੋਇਆਂ ਦੋ ਫਰਲਾਂਗ 'ਤੇ ਵੱਡੇ ਕੱਸ ਦੀ ਬਾਹੀ 'ਤੇ ਸੰਤ ਜੀ ਮਹਾਰਾਜ ਨੇ ਪਹਾੜੀ ਵਿੱਚ ਆਪਣੀ ਹੱਥੀਂ ਇੱਕ ਛੋਟੀ ਜਿਹੀ ਗੁਫਾ ਬਣਾਈ। ਇਸ ਵਿੱਚ ਕਈ ਵਾਰੀ ਅਛੋਪ ਹੀ ਚਲੇ ਜਾਂਦੇ ਤੇ ਕਰਤਾਰ ਦੀ ਯਾਦ ਵਿੱਚ ਮਸਤ ਰਹਿੰਦੇ। ਇਸ ਗੁਫਾ ਤੋਂ ਦੋ-ਤਿੰਨ ਸੌ ਗਜ਼ ਤੇ, ਪਿੰਡ ਵਾਲੇ ਪਾਸੇ ਸੰਤ ਜੀ ਮਹਾਰਾਜ ਨੇ ਇੱਕ ਬਾਵਲੀ ਵੀ ਆਪਣੀ ਹੱਥੀਂ ਇਸ਼ਨਾਨ ਕਰਨ ਵਾਸਤੇ ਬਣਵਾਈ, ਜੋ ਹੁਣ ਤੀਕਰ ਮੌਜੂਦ ਹੈ।

ਇੱਕ ਦਿਨ ਸੰਤ ਜੀ ਮਹਾਰਾਜ ਪਿਛਲੇ ਪਹਿਰ ਇੱਕ-ਦੋ ਵਜੇ ਦੇ ਕਰੀਬ ਪੁਲਾਹੀਆਂ ਵਿੱਚੋਂ ਉੱਠ ਕੇ ਮਾਈ ਭਾਗਭਰੀ ਦੇ ਘਰ ਆਏ। ਜੇਠ-ਹਾੜ ਦੇ ਦਿਨ ਸਨ। ਮਾਈ ਨੇ ਪੁੱਛਿਆ, "ਮਹਾਰਾਜ! ਇਸ ਵੇਲੇ ਧੁੱਪ ਵਿੱਚ ਕਿਸ ਤਰ੍ਹਾਂ ਆਏ?" ਸੰਤ ਜੀ ਮਹਾਰਾਜ ਨੇ ਕਿਹਾ ਕਿ ਗੁਰੂ ਕੀ ਸੰਗਤ ਆਈ ਹੈ, ਪ੍ਰਸ਼ਾਦਾ ਤਿਆਰ ਕਰੋ। ਮਾਈ ਨੇ ਆਖਿਆ, "ਜੀ ਸਦਕੇ!" ਚੌਂਕੇ ਵਿੱਚੋਂ ਮਾਈ ਨੇ ਕੁਝ ਆਟਾ ਚੁੱਕਿਆ ਹੋਇਆ ਸੀ। ਪੁੱਛਿਆ, "ਮਹਾਰਾਜ! ਐਨਾ ਕੁ ਆਟਾ ਹੈ, ਹੁਕਮ ਦੇਵੋ ਤਾਂ ਹੋਰ ਗੁੰਨ ਲਵਾਂ?" ਆਪ ਜੀ ਨੇ ਫ਼ਰਮਾਇਆ, "ਇਹੋ ਹੀ ਪੂਰਾ ਹੋ ਜਾਵੇਗਾ।" ਮਾਈ ਨੇ ਤੰਦੂਰ ਤਾਇਆ ਅਤੇ ਕੁਝ ਕੁ ਆਟਾ ਵੀ ਗੁੰਨ ਲਿਆ। ਤੰਦੂਰ ਦਾ ਧੂੰਆਂ ਸੰਤ ਜੀ ਮਹਾਰਾਜ ਵੱਲ ਜਾਂਦਾ ਸੀ। ਮਾਈ ਨੇ ਕਿਹਾ ਕਿ ਹਜ਼ੂਰ ਨੂੰ ਤੰਦੂਰ ਦਾ ਧੂਆਂ ਲੱਗਦਾ ਹੈ। ਆਪ ਨੇ ਆਖਿਆ, "ਕੋਈ ਡਰ ਨਹੀਂ, ਇੱਕ ਵਾਰੀ ਧੂਆਂ ਲੱਗਣਾ ਹੀ ਹੈ।" ਪ੍ਰਸ਼ਾਦੇ ਲਾਹ ਕੇ ਅੰਦਰ ਲਿਆਂਦੇ ਅਤੇ ਫੇਰ ਬਾਹਰ ਤੰਦੂਰ ਵੱਲ ਗਈ। ਕੀ ਵੇਖਦੀ ਹੈ ਕਿ ਤੰਦੂਰ ਬਿਲਕੁਲ ਠੰਢਾ ਹੋ ਗਿਆ ਹੈ। ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਘਬਰਾਓ ਨਹੀਂ, ਪੰਗਤ ਲਾ ਕੇ ਪ੍ਰਸ਼ਾਦੇ ਵਰਤਾਵੋ, ਇਹ ਪ੍ਰਸ਼ਾਦੇ ਪੂਰੇ ਹੋ ਜਾਣਗੇ।" ਸੰਗਤ ਨੂੰ ਸੱਦਿਆ, ਪੰਗਤ ਲਗਾਈ ਅਤੇ ਸੰਤ ਜੀ ਮਹਾਰਾਜ ਦੇ ਬਚਨ ਦੀ ਬਰਕਤ ਨਾਲ ਸੱਠ ਕੁ ਸਰੀਰ ਪ੍ਰਸੰਨ ਹੋ ਕੇ ਉੱਠੇ। ਤੰਦੂਰ ਦਾ ਵੀ ਇੱਕੋ ਹੀ ਪੂਰ ਲੱਗਾ ਅਤੇ ਜਿਹੜਾ ਆਟਾ ਨਵਾਂ ਗੁੰਨ੍ਹਿਆ ਸੀ, ਉਹ ਵੀ ਵੱਧ ਰਿਹਾ।

ਇੱਕ ਦਿਨ ਸ: ਮੋਹਨ ਸਿੰਘ ਚੂਨੇ ਵਾਲੇ ਦੇ ਪੁੱਤਰ ਤੇਜਾ ਸਿੰਘ ਦਾ ਵਿਆਹ ਸੀ, ਉਸ ਦੀ ਬਰਾਤ ਜਾਣੀ ਸੀ। ਵਿਆਹ ਦੀ ਖੁਸ਼ੀ ਵਿੱਚ ਬਹੁਤ ਸਾਰੇ ਮੁਸਲਮਾਨ ਡੰਡੇ ਲੈ ਕੇ ਆ ਗਏ ਅਤੇ ਬੜਾ ਘੜਮੱਸ ਆਣ ਮਚਾਇਆ। ਮਾਈ ਭਾਗਭਰੀ ਵਿਆਹ ਵਾਲੇ ਘਰ ਤੋਂ ਛੇਤੀ ਆਪਣੇ ਘਰ ਮੁੜ ਆਈ, ਕਿਉਂ ਜੁ ਇਹ ਸੰਤ ਜੀ ਦਾ ਪੁਲਾਹੀਆਂ ਤੋਂ ਆਉਣ ਦਾ ਵੇਲਾ ਸੀ, ਕਿਧਰੇ ਰੌਲਾ ਸੁਣ ਕੇ ਗੁੱਸੇ ਨਾ ਹੋ ਜਾਣ। ਅਜੇ ਮਾਈ ਘਰ ਵੜੀ ਹੀ ਸੀ ਕਿ ਸੰਤ ਜੀ ਮਹਾਰਾਜ ਘਰ ਆ ਗਏ। ਰੌਲਾ ਸੁਣ ਕੇ ਆਪ ਨੇ ਪੁੱਛਿਆ ਕਿ ਇਹ ਕੀ ਗੱਲ ਹੈ?

ਮੁਸਲਮਾਨ ਏਨਾ ਰੌਲਾ ਕਿਉਂ ਪਾਉਂਦੇ ਹਨ? ਮਾਈ ਭਾਗਭਰੀ ਨੇ ਕਿਹਾ, "ਹਜ਼ੂਰ! ਰੌਲਾ ਕੋਈ ਨਹੀਂ। ਇੱਕ ਮਾਈ ਨੇ ਕੋਲੋਂ ਮਿਹਣਾ ਮਾਰਿਆ।"

ਦੂਸਰੇ ਦਿਨ ਸੰਤ ਜੀ ਮਹਾਰਾਜ ਚਲੇ ਗਏ। ਭਾਈ ਵਜ਼ੀਰ ਸਿੰਘ ਜੀ ਅਤੇ ਮਾਈ ਭਾਗਭਰੀ ਨੇ ਬੜੀ ਢੂੰਡ-ਭਾਲ ਕੀਤੀ। ਪਤਾ ਲੱਗਾ ਕਿ ਕੱਲਰ ਦੇ ਥਾਣੇ ਦੇ ਪਾਸ ਲੂਨੀ ਨਾਲੇ ਦੀ ਰੇਤ ਵਿੱਚ ਬੈਠੇ ਹਨ। ਦੋਵੇਂ ਜੀ ਉੱਥੇ ਗਏ ਅਤੇ ਸੰਤ ਜੀ ਨੂੰ ਬੇਨਤੀ ਕਰ ਕੇ ਵਾਪਸ ਲੈ ਆਏ।

ਤੀਸਰੇ ਤਪ ਤੋਂ ਦੋ ਕੁ ਮਹੀਨੇ ਪਿੱਛੋਂ ਗੁਜਰਖਾਨ* ਦਾ ਭਾਈ ਬਿਸ਼ਨ ਸਿੰਘ ਅਤੇ ਹੋਰ ਸੰਗਤ ਸੰਤ ਜੀ ਮਹਾਰਾਜ ਨੂੰ ਗੁਜਰਖਾਨ ਲੈ ਗਏ। ਹੀਰਾ ਸਿੰਘ, ਮਾਈ ਭਾਗਭਰੀ ਦਾ ਭੁਝੰਗੀ, ਜੋ ਏਸ ਵਕਤ ਨੌਂ ਸਾਲ ਦਾ ਸੀ, ਸੰਤ ਜੀ ਨਾਲ ਬਹੁਤ ਪ੍ਰੇਮ ਰੱਖਦਾ ਸੀ। ਹਰ ਵਕਤ ਸੰਤ ਜੀ ਨਾਲ ਰਹਿੰਦਾ, ਨਾਲ ਹੀ ਸ਼ਬਦ ਪੜ੍ਹਦਾ ਅਤੇ ਪ੍ਰਸ਼ਾਦਾ ਵੀ ਨਾਲ ਹੀ ਛਕਦਾ। ਇਹ ਬੜਾ ਉਦਾਸ ਹੋ ਗਿਆ। ਮਾਈ ਅਤੇ ਭਾਈ ਵਜ਼ੀਰ ਸਿੰਘ ਦਾ ਚਿੱਤ ਵੀ ਨਾ ਲੱਗੇ। ਸੱਤ-ਅੱਠ ਦਿਨ ਮਗਰੋਂ ਗੁਜਰਖਾਨ ਗਏ ਅਤੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕਰ ਕੇ ਉਨ੍ਹਾਂ ਨੂੰ ਕਨੋਹੇ ਲੈ ਆਏ।

ਇਸ ਤੋਂ ਤੀਸਰੇ ਦਿਨ ਮਗਰੋਂ ਜਦ ਸੰਤ ਜੀ ਪ੍ਰਸ਼ਾਦਾ ਛਕਣ ਲਈ ਮਾਈ ਦੇ ਘਰ ਆਏ, ਮਾਈ ਦਾ ਛੋਟਾ ਲੜਕਾ ਬੇਅੰਤ ਸਿੰਘ, ਜੋ ਤਿੰਨ ਸਾਲ ਦਾ ਸੀ, ਬਹੁਤ ਬਿਮਾਰ ਸੀ। ਜਦ ਸੰਤ ਜੀ ਮਹਾਰਾਜ ਨੇ ਪ੍ਰਸ਼ਾਦਾ ਛਕਣ ਲਈ ਰਸੋਈ ਅੰਦਰ ਚਰਨ ਪਾਏ, ਤਦ ਭੁਝੰਗੀ ਦੇ ਸੁਆਸ ਮਾਈ ਦੀ ਝੋਲੀ ਵਿੱਚ ਹੀ ਨਿਕਲ ਗਏ। ਮਾਈ ਨੇ ਝੋਲੀ ਘੁੱਟ ਲਈ ਅਤੇ ਲੜਕੇ ਦੇ ਚਲਾਣੇ ਦੀ ਜ਼ਰਾ ਵੀ ਉਘ-ਸੁੱਘ ਨਾ ਕੱਢੀ।

ਮਾਈ ਦੀ ਨਿਨਾਣ 'ਮੱਖਣੀ' ਰੋਟੀ ਪਕਾ ਰਹੀ ਸੀ। ਇਸ ਨੇ ਸੰਤ ਜੀ ਮਹਾਰਾਜ ਅਤੇ ਭਾਈ ਵਜ਼ੀਰ ਸਿੰਘ ਨੂੰ ਕੱਪੜਾ ਵਿੱਛਾ ਦਿੱਤਾ ਅਤੇ ਮਾਈ ਭਾਗਭਰੀ ਨੂੰ ਪ੍ਰਸ਼ਾਦਾ ਵਰਤਾਉਣ ਲਈ ਕਿਹਾ। ਮਾਈ ਨੇ ਕਿਹਾ, 'ਤੂੰ ਹੀ ਛਕਾ ਦੇ, ਕਾਕਾ ਬਿਮਾਰ ਹੈ।' ਜਦ ਸੰਤ ਜੀ ਨੇ ਪ੍ਰਸ਼ਾਦਾ ਛਕ ਲਿਆ ਤਦ ਮਾਈ ਨੂੰ ਪੁੱਛਿਆ, "ਮਾਈ ਜੀ! ਕਾਕੇ ਦਾ ਕੀ ਹਾਲ ਹੈ?" ਮਾਈ ਨੇ ਕਿਹਾ, "ਮਹਾਰਾਜ! ਤੁਸੀਂ ਤਾਂ ਜਾਣੀ ਜਾਣ ਹੋ। ਹੁਣ ਮਾਈ ਨੇ ਲੜਕੇ ਦਾ ਮੁਰਦਾ ਮੰਜੀ 'ਤੇ ਲਿਟਾ ਦਿੱਤਾ।" ਸੰਤ ਜੀ ਮਹਾਰਾਜ ਦੇ ਮੁੱਖ ਤੋਂ ਇਹ ਬਚਨ ਨਿਕਲਿਆ, "ਇਸ ਦਾ ਨਾਂ ਹੈ 'ਸੇਵਾ' ਮਾਈ ਤੂੰ ਹਰਖ ਸੋਗ ਨਹੀਂ ਕਰਨਾ। ਤੇਰੇ ਭਾਗਾਂ ਵਿੱਚ ਭੁਝੰਗੀ ਕੋਈ ਵੀ ਨਹੀਂ ਸੀ, ਸਾਧ ਸੰਗਤ ਦੀ ਸੇਵਾ ਕਰਕੇ ਤੇਰੇ ਘਰ ਪਰਉਪਕਾਰੀ ਜੀਵ ਜਨਮ ਆ ਲੈਂਦੇ ਹਨ। ਆਪਣੀ ਮੌਜ ਨਾਲ ਹੀ ਆ ਜਾਂਦੇ ਹਨ ਅਤੇ ਮੌਜ ਨਾਲ ਹੀ ਚਲੇ ਜਾਂਦੇ ਹਨ।"

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ (੭੪੯)

ਗੁਜਰਖਾਨ ਤੋਂ ਭਾਈ ਬਿਸ਼ਨ ਸਿੰਘ ਜੀ, ਮਹਾਰਾਜ ਨਾਲ ਕਨੋਹੇ ਆ ਗਏ ਸਨ। ਨੌਂ ਦਿਨ ਏਥੇ ਹੀ ਰਹੇ। ਬੜਾ ਭਾਰੀ ਜੱਗ (ਗੁਰੂ ਦਾ ਲੰਗਰ) ਕੀਤਾ। ਸੰਗਤਾਂ ਬਹੁਤ ਆਈਆਂ ਅਤੇ ਭਾਈ ਬਿਸ਼ਨ ਸਿੰਘ ਜੀ ਨੇ ਅਤੁੱਟ ਸੇਵਾ ਕੀਤੀ। ਬੜਾ ਸ਼ਬਦ ਕੀਰਤਨ ਹੋਇਆ, ਮਾਨੋਂ ਬੈਕੁੰਠ ਕਨੋਹੇ ਵਿੱਚ ਹੀ ਆ ਉਤਰਿਆ ਹੈ।

---

* ਇਹ ਅਸਥਾਨ ਹੁਣ ਪਾਕਿਸਤਾਨ ਵਿੱਚ ਹੈ।

ਕਾਂਡ ੧੫

ਆਸਾ ਮਹਲਾ ੫ ॥
ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ਰਹਾਉ॥
ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥ (੪੦੩)

ਕਨੋਹੇ ਤੋਂ ਦੋਭੇਰਨ ਜਾਣਾ ਅਤੇ ਮੁੜ ਆਉਣਾ

ਸੰਤ ਜੀ ਮਹਾਰਾਜ ਨੂੰ ਗੁਜਰਖਾਨ ਤੋਂ ਆਇਆਂ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਦੁਭੇਰਨ ਦੀ ਸੰਗਤ ਬੜਾ ਪ੍ਰੇਮ ਕਰ ਕੇ ਸੰਤ ਜੀ ਨੂੰ ਨਾਲ ਲੈ ਗਈ। ਭਾਈ ਕਲਿਆਣ ਸਿੰਘ ਜੀ ਇਸ ਸਮੇਂ ਸੰਤ ਜੀ ਦੇ ਨਾਲ ਸਨ। ਦੋ ਦਿਨ ਮਗਰੋਂ ਭਾਈ ਵਜ਼ੀਰ ਸਿੰਘ ਜੀ ਸਾਰੇ ਟੱਬਰ ਸਮੇਤ ਦੋਭੇਰਨ ਗਏ ਅਤੇ ਬੇਨਤੀ ਕੀਤੀ, "ਮਹਾਰਾਜ! ਨਿੱਕਾ ਨਹੀਂ ਵਿਰਚਦਾ, ਕਿਰਪਾ ਕਰ ਕੇ ਸਾਡੇ ਨਾਲ ਚੱਲੋ।" ਸੰਤ ਜੀ ਮਹਾਰਾਜ ਨੇ ਭੁਝੰਗੀ ਹੀਰਾ ਸਿੰਘ ਨੂੰ ਥਾਪੜੀ ਦਿੱਤੀ ਅਤੇ ਕਿਹਾ, "ਚੁੱਪ ਕਰ ਕੇ ਘਰ ਜਾਓ, ਅਸੀਂ ਛੇਤੀ ਆ ਜਾਵਾਂਗੇ।" ਸੰਤਾਂ ਦੀ ਥਾਪੀ ਮਿਲਦੇ ਹੀ ਨਿੱਕਾ ਚੁੱਪ ਹੋ ਗਿਆ ਅਤੇ ਭਾਈ ਵਜ਼ੀਰ ਸਿੰਘ ਜੀ ਟੱਬਰ ਸਮੇਤ ਕਨੋਹੇ ਮੁੜ ਆਏ ਅਤੇ ਸੰਤ ਜੀ ਮਹਾਰਾਜ ਦੋਭੇਰਨ ਹੀ ਰਹੇ।

ਸੱਤ ਦਿਨ ਸੰਤ ਜੀ ਮਹਾਰਾਜ ਦੋਭੇਰਨ ਰਹੇ। ਅੱਠਵੇਂ ਦਿਨ ਜਦ ਅੰਮ੍ਰਿਤ ਵੇਲੇ ਬਾਹਰ ਇਸ਼ਨਾਨ ਕਰਨ ਵਾਸਤੇ ਨਿਕਲੇ ਤਦ ਸੰਤ ਜੀ ਨੂੰ ਨੀਲੇ ਘੋੜੇ 'ਤੇ ਅਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਅਰਦਲ ਵਿੱਚ ਪੰਜ ਪਿਆਰਿਆਂ ਦੇ ਦਰਸ਼ਨ ਹੋਏ। ਸੰਤਾਂ ਨੇ ਗੁਰੂ ਕਲਗੀਆਂ ਵਾਲੇ ਨੂੰ ਨਮਸਕਾਰ ਕੀਤੀ। ਦਸ਼ਮੇਸ਼ ਪਿਤਾ ਜੀ ਨੇ ਫ਼ਰਮਾਇਆ, "ਅਸੀਂ ਤੁਹਾਡੇ ਸੇਵਕ ਨੂੰ ਲੈਣ ਚੱਲੇ ਹਾਂ।"

ਇਸ਼ਨਾਨ ਕਰ ਕੇ ਸੰਤ ਜੀ ਆਪਣੇ ਨਿੱਤਨੇਮ ਵਿੱਚ ਲੱਗੇ ਰਹੇ। ਫੇਰ ਸਵੇਰ ਸਾਰ ਹੀ ਦੋਭੇਰਨ ਤੋਂ ਟੁਰ ਪਏ ਅਤੇ ਰੋਟੀ ਵੇਲੇ ਕਨੋਹੇ ਆ ਪਹੁੰਚੇ। ਭਾਈ ਵਜ਼ੀਰ ਸਿੰਘ ਜੀ ਨੇ ਦੂਰੋਂ ਹੀ ਦੇਖ ਲਿਆ ਅਤੇ ਬੜੀ ਖੁਸ਼ੀ ਵਿੱਚ ਬੋਲਿਆ, "ਮਹਾਰਾਜ! ਆ ਗਏ।"

ਭਾਈ ਵਜ਼ੀਰ ਸਿੰਘ ਦਾ ਅੰਤਮ ਸਮਾਂ

ਦੂਸਰੇ ਦਿਨ ਸਵੇਰ ਦਾ ਪ੍ਰਸ਼ਾਦ ਸੰਤ ਜੀ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਆਪਣੇ ਨਾਲ ਹੀ ਛਕਾਇਆ। ਸੰਤ ਜੀ ਮਹਾਰਾਜ ਦਾ ਚਿਹਰਾ ਕੁਝ ਉਦਾਸ ਸੀ। ਲੌਂਢੇ ਵੇਲੇ ਭਾਈ ਵਜ਼ੀਰ ਸਿੰਘ ਜੀ ਨੂੰ ਬੁਖਾਰ ਚੜ੍ਹ ਗਿਆ। ਮਾਈ ਭਾਗਭਰੀ ਜੀ ਨੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਸਵਾਮੀ ਜੀ ਨੂੰ ਬੁਖਾਰ ਚੜ੍ਹ ਗਿਆ ਹੈ। ਸੰਤ ਜੀ ਨੇ ਫ਼ਰਮਾਇਆ, "ਅਕਾਲ ਪੁਰਖ ਦਾ ਹੁਕਮ ਹੈ।" ਇਹ ਬਚਨ ਸੁਣ ਕੇ ਮਾਈ ਜੀ ਦੇ ਹਿਰਦੇ ਵਿੱਚ ਕੁਝ ਠੋਕਰ ਵੱਜੀ। ਸੰਤ ਜੀ ਮਹਾਰਾਜ ਨੂੰ ਫੇਰ ਪੁੱਛਿਆ, "ਮਹਾਰਾਜ! ਇਹ ਗੱਲ ਕਿਉਂ ਆਖੀ?" ਸੰਤ ਜੀ ਨੇ

ਹੁਕਮ ਦਿੱਤਾ ਕਿ ਹੁਣ ਇਹਨਾਂ ਨਾਲ ਸਰੀਰ ਦੀ ਕੋਈ ਗੱਲ ਨਾ ਕਰੋ, ਸਤਿਗੁਰੂ ਦੇ ਚਰਨਾਂ ਵੱਲ ਧਿਆਨ ਕਰਨ ਦੇਵੋ।

ਭਾਈ ਵਜ਼ੀਰ ਸਿੰਘ ਜੀ ਨੂੰ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਕਿਹਾ, "ਤੁਹਾਡੀ ਹੁਣ ਸੱਚਖੰਡ ਦੀ ਤਿਆਰੀ ਹੈ, ਦੁਨੀਆਂ ਦੀ ਕਿਸੇ ਚੀਜ਼ ਦਾ ਧਿਆਨ ਨਾ ਕਰੋ। ਪਿੱਛੇ ਜੋ ਰਹੇਗਾ, ਆਪੇ ਹੀ ਦੁਨੀਆਂ ਨੂੰ ਸੰਭਾਲ ਲਏਗਾ।" ਇਹ ਕਹਿ ਕੇ ਸਾਰੇ ਪਰਿਵਾਰ ਨੂੰ ਹੁਕਮ ਦੇ ਦਿੱਤਾ ਕਿ ਇਹਨਾਂ ਦੀ ਬੀਮਾਰੀ ਦੀ ਖ਼ਬਰ ਕਿਸੇ ਨੂੰ ਵੀ ਨਹੀਂ ਕਰਨੀ।

ਸੰਤ ਜੀ ਮਹਾਰਾਜ ਹਰ ਵਕਤ ਭਾਈ ਵਜ਼ੀਰ ਸਿੰਘ ਦੇ ਪਾਸ ਰਹਿੰਦੇ, ਨਾਮ ਬਾਣੀ ਦਾ ਪ੍ਰਵਾਹ ਚਲਾਈ ਰੱਖਦੇ ਅਤੇ ਪਰਿਵਾਰ ਦੇ ਕਿਸੇ ਭੀ ਸਰੀਰ ਨੂੰ ਇਹਨਾਂ ਦੇ ਪਾਸ ਗੱਲਬਾਤ ਕਰਨ ਲਈ ਨਾ ਆਉਣ ਦਿੰਦੇ। ਚਾਰ ਦਿਨ ਸੰਤ ਜੀ ਨੇ ਪ੍ਰਸ਼ਾਦਾ ਨਾ ਛਕਿਆ। ਪੰਜਵੇਂ ਦਿਨ ਮਾਈ ਭਾਗਭਰੀ ਨੇ ਆਪਣੇ ਪਤੀ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਪ੍ਰਸ਼ਾਦਾ ਛਕਸੋ, ਤਦ ਸੰਤ ਜੀ ਮਹਾਰਾਜ ਛਕਸਨ। ਇਹ ਕਹਿ ਕੇ ਮਾਈ ਪ੍ਰਸ਼ਾਦ ਲਿਆਈ। ਸੰਤ ਜੀ ਮਹਾਰਾਜ ਨੇ ਇੱਕ ਫੁਲਕਾ ਲਿਆ, ਅੱਧਾ ਭਾਈ ਵਜ਼ੀਰ ਸਿੰਘ ਜੀ ਨੂੰ ਛਕਾਇਆ ਅਤੇ ਅੱਧਾ ਆਪ ਛਕਿਆ।

ਅਗਲੇ ਦਿਨ ਅੰਮ੍ਰਿਤ ਵੇਲੇ ਜਦ ਸੰਤ ਜੀ ਇਸ਼ਨਾਨ ਕਰਨ ਗਏ, ਤਦ ਭਾਈ ਵਜ਼ੀਰ ਸਿੰਘ ਜੀ ਨੇ ਆਪਣੀ ਸੁਪਤਨੀ ਨੂੰ ਕਿਹਾ ਕਿ ਸਾਡੀ ਹੁਣ ਤਿਆਰੀ ਹੈ। ਮਹਾਰਾਜ ਜੀ ਨੂੰ ਸੱਦ ਲਿਆਓ। ਅਸਾਂ ਉਹਨਾਂ ਦੇ ਗੋਡੇ 'ਤੇ ਸੀਸ ਰੱਖ ਕੇ ਪ੍ਰਾਣ ਦੇਣੇ ਹਨ। ਮਾਈ ਭਾਗਭਰੀ ਦੌੜੀ-ਦੌੜੀ ਸੰਤ ਜੀ ਪਾਸ ਕੱਸ ਵਾਲੀ ਬਾਵਲੀ 'ਤੇ ਗਈ ਅਤੇ ਆਪਣੇ ਪਤੀ ਦੀ ਅਰਦਾਸ ਆਖ ਸੁਣਾਈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅਜੇ ਭਾਈ ਵਜ਼ੀਰ ਸਿੰਘ ਜੀ ਦੇ ਅੰਤ ਵਿੱਚ ਦੋ ਘੰਟੇ ਰਹਿੰਦੇ ਹਨ। ਤੁਸੀਂ ਚਲੋ, ਅਸੀਂ ਇਸ਼ਨਾਨ ਕਰ ਕੇ ਆਉਂਦੇ ਹਾਂ।

ਮਾਈ ਭਾਗਭਰੀ ਬਚਨ ਮੰਨ ਕੇ ਘਰ ਆ ਗਈ। ਥੋੜ੍ਹੇ ਚਿਰ ਮਗਰੋਂ ਸੰਤ ਜੀ ਵੀ ਆ ਪਹੁੰਚੇ। ਆਉਂਦਿਆਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਮੰਜੀ ਸਾਹਿਬ ਹੇਠਾਂ ਇੱਕ ਛੋਟੀ ਜਿਹੀ ਕਟੋਰੀ ਵਿੱਚ ਜਲ ਰੱਖਿਆ ਅਤੇ ਕੁਝ ਚਿਰ ਪਾਠ ਕਰਦੇ ਰਹੇ। ਫੇਰ ਅੰਮ੍ਰਿਤ ਭਾਈ ਵਜ਼ੀਰ ਸਿੰਘ ਜੀ ਦੇ ਪਾਸ ਲੈ ਆਂਦਾ। ਇਹਨਾਂ ਨੇ ਉਹ ਉੱਠ ਕੇ ਪ੍ਰੇਮ ਨਾਲ ਛਕ ਲਿਆ।

ਹੁਣ ਭਾਈ ਵਜ਼ੀਰ ਸਿੰਘ ਜੀ ਦਾ ਅੰਤ ਦਾ ਸਮਾਂ ਨੇੜੇ ਆ ਗਿਆ। ਭਾਈ ਸਾਹਿਬ ਨੇ ਬੇਨਤੀ ਕੀਤੀ ਕਿ ਸੰਤ ਜੀ ਸ਼ਬਦ ਪੜ੍ਹਨਗੇ ਅਤੇ ਮੈਂ ਮੰਜੇ 'ਤੇ ਹੋਵਾਂਗਾ- ਇਸ ਤਰ੍ਹਾਂ ਸ਼ਬਦ ਦੀ ਬੇਅਦਬੀ ਹੋਵੇਗੀ। ਮੇਰਾ ਬਿਸਤਰਾ ਹੇਠਾਂ ਕਰ ਦੇਵੋ। ਸਵਾਮੀ ਜੀ ਦਾ ਹੁਕਮ ਮੰਨ ਕੇ ਮਾਈ ਜੀ ਨੇ ਬੜੀ ਛੇਤੀ ਬਿਸਤਰਾ ਧਰਤੀ 'ਤੇ ਕਰ ਦਿੱਤਾ। ਫੇਰ ਭਾਈ ਵਜ਼ੀਰ ਸਿੰਘ ਜੀ ਨੇ ਆਪਣੀ ਸੁਪਤਨੀ ਨੂੰ ਆਪਣੇ ਪਾਸ ਸੱਦਿਆ ਅਤੇ ਆਖਿਆ, "ਮੇਰੇ ਚਲਾਣੇ ਮਗਰੋਂ ਸੰਤ ਜੀ ਮਹਾਰਾਜ ਨੂੰ ਆਪਣੇ ਪਾਸ ਰੱਖਣਾ ਅਤੇ ਅੱਗੇ ਵਾਂਗੂੰ ਟਹਿਲ ਕਰੀ ਜਾਣਾ; ਕੋਠੀ ਵਿੱਚ ਅੰਨ-ਦਾਣਾ ਬਹੁਤ ਹੈ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਤੁਸੀਂ ਹੁਣ ਸਾਡਾ ਫਿਕਰ ਛੱਡ ਦੇਵੋ, ਕਰਤਾਰ ਵੱਲ ਧਿਆਨ ਕਰੋ। ਸਾਡਾ ਇੱਥੇ ਰਹਿਣਾ ਤੁਹਾਡੇ ਸਰੀਰ ਨਾਲ ਹੀ ਬਣਦਾ ਸੀ, ਹੁਣ ਅਸੀਂ ਨਹੀਂ ਰਹਿ ਸਕਦੇ, ਕਦੀ-ਕਦੀ ਦਰਸ਼ਨ ਮੇਲੇ ਲਈ ਆ ਜਾਇਆ ਕਰਾਂਗੇ।"

ਹੁਣ ਸੰਤ ਜੀ ਮਹਾਰਾਜ ਨੇ ਆਪਣੇ ਪ੍ਰੇਮੀ ਨੂੰ ਥੰਮ੍ਹ ਕੇ ਨਵੇਂ ਬਿਸਤਰੇ 'ਤੇ ਖੜਿਆ। ਭਾਈ ਵਜ਼ੀਰ ਸਿੰਘ ਨੇ ਅਰਜ਼ ਕੀਤੀ, "ਮਹਾਰਾਜ! ਆਪ ਨੂੰ ਤਕਲੀਫ਼ ਤਾਂ ਹੋਸੀ, ਪਰ ਮੈਂ ਆਪ ਦੀ ਝੋਲੀ ਵਿੱਚ ਬੈਠਣਾ ਹੈ।" ਪ੍ਰੇਮੀ ਦਾ ਬਚਨ ਸੁਣ ਕੇ ਸੰਤ ਜੀ ਬੈਠ ਗਏ। ਪਿੱਛੇ ਮਾਈ ਭਾਗਭਰੀ ਨੇ ਦੋ ਤੁਲਾਈਆਂ ਇਕੱਠੀਆਂ ਕਰ ਕੇ ਰੱਖ ਦਿੱਤੀਆਂ ਅਤੇ ਸੰਤ ਜੀ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਆਪਣੀ ਝੋਲੀ ਵਿੱਚ ਲੈ ਲਿਆ। ਭਾਈ ਵਜ਼ੀਰ

ਸਿੰਘ ਜੀ ਨੇ ਸੰਤ ਜੀ ਮਹਾਰਾਜ ਦੀ ਚਰਨ ਧੂੜ ਬੜੇ ਪ੍ਰੇਮ ਨਾਲ ਮਸਤਕ 'ਤੇ ਲਾਈ। ਮਹਾਰਾਜ ਨੇ ਹੁਕਮ ਦਿੱਤਾ ਕਿ ਸਤਿਨਾਮ ਵਾਹਿਗੁਰੂ ਦਾ ਜਾਪ ਕਰੀ ਜਾਵੋ।

ਸੰਤਾਂ ਦੀ ਗੋਦੀ, ਬਾਣੀ ਦਾ ਪਾਠ, ਪ੍ਰੇਮੀ ਦੀ ਧੁਨ, ਸ੍ਵਾਸ-ਸ੍ਵਾਸ ਵਾਹਿਗੁਰੂ ਦੇ ਸਿਮਰਨ ਵਿੱਚ ਲੱਗ ਗਈ। ਥੋੜ੍ਹੇ ਚਿਰ ਵਿੱਚ ਸੰਤ ਜੀ ਮਹਾਰਾਜ ਦੇ ਚਰਨ ਮੰਗੇ, ਸੰਤਾਂ ਨੇ ਚਰਨ ਅੱਗੇ ਕੀਤੇ। ਭਾਈ ਵਜ਼ੀਰ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਪਰਸੇ ਅਤੇ ਬੇਨਤੀ ਕੀਤੀ, "ਹਜ਼ੂਰ! ਸਦਾ ਚਰਨਾਂ ਵਿੱਚ ਰੱਖਣਾ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਤੁਸੀਂ ਸਦਾ ਹੀ ਸਾਡੇ ਨਾਲ ਰਹੋਗੇ। ਫੇਰ ਅਵਾਜ਼ ਰਲ ਆਈ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਅੰਮ੍ਰਿਤ ਵੇਲੇ ਹੀ ਜੋਤ ਵਿੱਚ ਜੋਤ ਰਲ ਗਈ ਅਤੇ ਭਾਈ ਵਜ਼ੀਰ ਸਿੰਘ ਜੀ ਸਦਾ ਲਈ ਕਲਗੀਧਰ ਜੀ ਮਹਾਰਾਜ ਦੀ ਗੋਦ ਵਿੱਚ ਜਾ ਬਿਰਾਜੇ।

ਇਸ ਵਕਤ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਅਤੇ ਵੈਰਾਗ ਵਿੱਚ ਇਹ ਸ਼ਬਦ ਪੜ੍ਹਿਆ:

ਆਸਾ ਮਹਲਾ ੧ ॥

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥
ਲੋਕਾ ਮਤ ਕੋ ਫਕੜਿ ਪਾਇ ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥ (੩੫੮)

ਪਰਿਵਾਰ ਦੇ ਕਿਸੇ ਸਰੀਰ ਨੂੰ ਨੇੜੇ ਨਾ ਆਉਣ ਦਿੱਤਾ ਅਤੇ ਨਾ ਹੀ ਕਿਸੇ ਨੂੰ ਰੋਣ ਦਿੱਤਾ। ਸ਼ੁਕਰ, ਰਜ਼ਾ ਅਤੇ 'ਸਤਿਨਾਮ, ਵਾਹਿਗੁਰੂ' ਦੀ ਧੁਨੀ ਵਿੱਚ ਲਾਈ ਰੱਖਿਆ।

ਉਸੇ ਵਕਤ ਸੰਤ ਜੀ ਮਹਾਰਾਜ ਨੇ ਸਾਰੇ ਪਿੰਡਾਂ ਦੀਆਂ ਸਿੱਖ ਸੰਗਤਾਂ ਵੱਲ ਚਿੱਠੀਆਂ ਲਿਖਾ ਭੇਜੀਆਂ ਕਿ ਭਾਈ ਵਜ਼ੀਰ ਸਿੰਘ ਜੀ ਸਚਖੰਡ ਨਿਵਾਸ ਕਰ ਗਏ ਹਨ, ਸਭ ਮਾਈ-ਭਾਈ ਦਰਸ਼ਨ ਦੇਵੋ। ਨਾਲ ਹੀ ਫ਼ਰਮਾਇਆ ਕਿ ਇਹ ਹੀ ਸਾਡੇ ਸੰਬੰਧੀ ਹਨ, ਅਸਾਂ ਇਹਨਾਂ ਨੂੰ ਹੀ ਸੱਦਣਾ ਹੈ।

ਫੇਰ ਭਾਈ ਵਜ਼ੀਰ ਸਿੰਘ ਜੀ ਦੇ ਇਸ਼ਨਾਨ ਦੀ ਤਿਆਰੀ ਕੀਤੀ। ਸੰਤ ਜੀ ਨੇ ਆਪਣੀ ਹੱਥੀਂ ਇਸ਼ਨਾਨ ਕਰਾਇਆ ਅਤੇ ਇਸ਼ਨਾਨ ਕਰਾ ਕੇ ਮਾਈ ਭਾਗਭਰੀ ਦੇ ਕਮਰੇ ਪਾਸ ਲਿਆਂਦਾ। ਮਾਈ ਜੀ ਨੇ ਉੱਠ ਕੇ ਮੱਥਾ ਟੇਕਿਆ ਅਤੇ ਬੜੇ ਵੈਰਾਗ ਵਿੱਚ ਆਖਿਆ, "ਸਵਾਮੀ ਜੀ! ਭੁੱਲਾਂ ਬਖਸ਼ਣੀਆਂ, ਤੁਸੀਂ ਤਾਂ ਆਪ ਸੱਚਖੰਡ ਜਾ ਬਿਰਾਜੇ ਅਤੇ ਦਾਸੀ ਨੂੰ ਸੰਤ ਜੀ ਮਹਾਰਾਜ ਦੇ ਆਸਰੇ ਛੱਡ ਚਲੇ?" ਇਹ ਕਹਿ ਕੇ ਵੈਰਾਗ ਵਿੱਚ ਮਾਈ ਜੀ ਦੇ ਅੱਥਰੂ ਭਰ ਆਏ। ਜਦ ਪਿੱਛੇ ਮੁੜ ਕੇ ਵੇਖਿਆ ਤਾਂ ਸੰਤ ਜੀ ਮਹਾਰਾਜ ਦੇ ਨੇਤਰਾਂ ਵਿੱਚ ਵੀ ਜਲ ਭਰ ਆਇਆ ਸੀ। ਮਾਈ ਨੇ ਅਰਜ਼ ਕੀਤੀ, "ਮਹਾਰਾਜ! ਇਹ ਕੀ? "ਤੁਸੀਂ ਤਾਂ ਹੌਂਸਲਾ ਦਿੰਦੇ ਸਉ।" ਸੰਤ ਜੀ ਨੇ ਵੈਰਾਗ ਵਿੱਚ ਫ਼ਰਮਾਇਆ, "ਸਾਡਾ ਅੱਜ ਰੋਮ ਖੁਸਿਆ ਹੈ।"

ਹੁਣ ਪਿੰਡਾਂ ਦੀਆਂ ਸੰਗਤਾਂ ਬਹੁਤ ਆ ਗਈਆਂ। ਢੋਲਕੀ ਛੈਣਿਆਂ ਨਾਲ ਕੀਰਤਨ ਦੀ ਘਨਘੋਰ ਵਿੱਚ ਭਾਈ ਵਜ਼ੀਰ ਸਿੰਘ ਜੀ ਦੇ ਸਰੀਰ ਨੂੰ ਬਾਹਰ ਲੈ ਗਏ। ਅੰਗੀਠਾ ਅੱਗੇ ਤਿਆਰ ਸੀ। ਜਾਂਦਿਆਂ ਹੀ ਸੰਤਾਂ ਨੇ ਅਰਦਾਸਾ ਸੋਧ ਕੇ ਭਾਈ ਵਜ਼ੀਰ ਸਿੰਘ ਜੀ ਦੀ ਦੇਹ ਨੂੰ ਏਸ ਉੱਪਰ ਰੱਖ ਦਿੱਤਾ। ਜੁਗਤ ਨਾਲ ਸਰਹਾਣੇ ਅਤੇ ਪਾਸਿਆਂ ਤੇ ਲੱਕੜੀਆਂ ਜੋੜੀਆਂ, ਚਾਰੇ ਪਾਸੇ ਫੂਸ ਰੱਖਿਆ ਅਤੇ ਸੀਸ 'ਤੇ ਚਿਹਰੇ ਉੱਤੇ ਘਿਉ ਪਾਇਆ। ਸੰਤ ਜੀ ਮਹਾਰਾਜ ਨੇ ਅਰਦਾਸਾ ਸੋਧਿਆ ਅਤੇ ਸਾਧ-ਸੰਗਤ ਨੇ ਲਾਂਬੂ ਲਾ ਦਿੱਤਾ।

ਸਾਰੀ ਸੰਗਤ ਕੁਝ ਦੂਰ ਬੈਠ ਗਈ ਅਤੇ ਅਸਚਰਜ ਵੈਰਾਗਮਈ ਕੀਰਤਨ ਹੋਇਆ। ਜਦ ਅਗਨੀ ਸਾਰੇ ਪਾਸਿਆਂ ਵੱਲੋਂ ਫਿਰ ਗਈ, ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧਿਆ। ਸੰਤ ਜੀ ਮਹਾਰਾਜ ਸਾਰੀ ਸੰਗਤ ਸਮੇਤ ਧਰਮਸਾਲ ਆਏ ਅਤੇ ਕੜਾਹ ਪ੍ਰਸ਼ਾਦ ਸਜਾ ਕੇ ਸਾਰੀ ਸੰਗਤ ਨੂੰ ਵਰਤਾਇਆ। ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਭਾਈ ਵਜ਼ੀਰ ਸਿੰਘ ਜੀ ਦੇ ਘਰ ਲੈ ਗਏ। ਜਾਂਦਿਆਂ ਹੀ ਅਖੰਡ ਪਾਠ ਅਰੰਭ ਕਰ ਦਿੱਤਾ ਅਤੇ ਸੱਤ ਅਖੰਡ ਪਾਠਾਂ ਦੇ ਭੋਗ ਪਾਏ। ਇਹਨਾਂ ਸਾਰਿਆਂ ਅਖੰਡ ਪਾਠਾਂ ਵਿੱਚ ਸੰਤ ਜੀ ਮਹਾਰਾਜ ਨੇ ਬਹੁਤ ਹਿੱਸਾ ਲਿਆ।

ਸਸਕਾਰ ਮਗਰੋਂ ਜਦ ਅਖੰਡ ਪਾਠ ਰੱਖਿਆ ਗਿਆ ਤਦ ਸੰਤ ਜੀ, ਮਾਈ ਭਾਗਭਰੀ ਪਾਸ ਗਏ। ਮਾਈ ਨੇ ਬੜੇ ਵੈਰਾਗ ਵਿੱਚ ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਬੜੇ ਮੰਦੇ ਭਾਗ ਹਨ, ਸਵਾਮੀ ਜੀ ਚਲੇ ਗਏ ਅਤੇ ਮੈਨੂੰ ਨਿਮਾਣੀ ਨੂੰ ਨਾ ਆਪ ਦੇ ਦਰਸ਼ਨ ਹੋ ਸਕਣਗੇ, ਨਾ ਮੈਂ ਇਸ਼ਨਾਨ ਕਰਾ ਸਕਾਂਗੀ ਅਤੇ ਨਾ ਹੀ ਨਾਲ ਜਾ ਸਕਾਂਗੀ। ਸੰਤ ਜੀ ਮਹਾਰਾਜ ਨੇ ਧੀਰਜ ਦਿੱਤਾ, ਤੁਹਾਡੇ ਪਤੀ ਜੀ ਮੋਏ ਨਹੀਂ, ਸੱਚਖੰਡ ਗਏ ਹਨ; ਤੁਹਾਨੂੰ ਦਰਸ਼ਨ ਕਰਾਵਾਂਗੇ।' ਫੇਰ ਪੁੱਛਿਆ ਕਿ ਕੋਈ ਭਰਾ ਹੈ? ਮਾਈ ਨੇ ਕਿਹਾ, "ਹਾਂ, ਮਹਾਰਾਜ! ਇੱਕ ਭਰਾ ਹੋਰ ਹੈ, ਪਰ ਨੌਕਰ ਹੈ।" ਸੰਤ ਜੀ ਮਹਾਰਾਜ ਨੇ ਉਸੇ ਵਕਤ ਚਿੱਠੀ ਪਾ ਕੇ ਬੁਲਾ ਲਿਆ, ਨੌਕਰੀ ਛੁਡਾ ਦਿੱਤੀ ਅਤੇ ਅੰਮ੍ਰਿਤ ਛਕਾ ਕੇ ਨੰਦ ਸਿੰਘ ਨਾਮ ਰੱਖਿਆ ਤੇ ਮਾਈ ਭਾਗਭਰੀ ਦੇ ਪਾਸ ਟਿਕਾ ਦਿੱਤਾ। ਮਹਾਰਾਜ ਨੇ ਇਸ ਸਮੇਂ ਮਾਈ ਦੀ ਲੜਕੀ ਨੂੰ ਵੀ ਅੰਮ੍ਰਿਤ ਛਕਾਇਆ।

ਸਤਾਰ੍ਹਵੇਂ ਵਾਲੇ ਦਿਨ ਸੰਤ ਜੀ ਮਹਾਰਾਜ ਨੇ ਬੜਾ ਭਾਰੀ ਜੱਗ (ਗੁਰੂ ਦਾ ਲੰਗਰ) ਕੀਤਾ। ਨੇੜੇ-ਨੇੜੇ ਦੇ ਪਿੰਡਾਂ ਦੀਆਂ ਸਭ ਸੰਗਤਾਂ ਆਈਆਂ, ਅਖੰਡ ਸ਼ਬਦ ਕੀਰਤਨ ਹੋਇਆ, ਕੜਾਹ-ਪ੍ਰਸ਼ਾਦ ਦੇ ਕਈ ਕੜਾਹੇ ਲੱਥੇ ਅਤੇ ਸਾਰੀ ਸੰਗਤ ਨੇ ਪ੍ਰਸੰਨ ਹੋ ਕੇ ਛਕਿਆ ਅਤੇ ਗਰੀਬ ਅਭਿਆਗਤ ਨੂੰ ਵੀ ਅਤੁੱਟ ਵਰਤਇਆ।

ਜੱਗ (ਗੁਰੂ ਦਾ ਲੰਗਰ) ਦੇ ਮਗਰੋਂ ਜਦ ਸੰਤ ਜੀ ਜਾਣ ਵਾਸਤੇ ਤਿਆਰ ਹੋਏ, ਤਦ ਮਾਈ ਭਾਗਭਰੀ ਨੇ ਨਮਸਕਾਰ ਕੀਤੀ ਅਤੇ ਕਾਕੇ ਹੀਰਾ ਸਿੰਘ ਨੂੰ ਚਰਨੀਂ ਲਾਇਆ। ਸੰਤ ਜੀ ਮਹਾਰਾਜ ਨੇ ਕਾਕੇ ਨੂੰ ਪਿਆਰ ਦਿੱਤਾ ਅਤੇ ਫ਼ਰਮਾਇਆ, "ਇਸ ਨੂੰ ਸਾਡਾ ਹੀ ਰੂਪ ਸਮਝਣਾ।" ਇਹ ਆਖ ਕੇ ਸੰਤ ਜੀ ਕੱਲਰ ਟੁਰ ਪਏ। ਮਾਈ ਭਾਗਭਰੀ ਪ੍ਰੇਮ ਦੀ ਲਹਿਰ ਨੂੰ ਨਾ ਰੋਕ ਸਕੀ, ਦੌੜੀ-ਦੌੜੀ ਘਰ ਦਾ ਬੂਹਾ ਖੁੱਲ੍ਹਾ ਹੀ ਛੱਡ ਕੇ ਪਿੱਛੇ ਹੋ ਟੁਰੀ ਅਤੇ ਸੜਕ ਤੀਕਰ ਦੌੜੀ ਚਲੀ ਗਈ। ਸੜਕ ਉੱਤੇ ਸੰਤ ਜੀ ਮਹਾਰਾਜ ਖੜੇ ਹੋ ਗਏ ਅਤੇ ਮਾਈ ਨੂੰ ਬੜੇ ਪ੍ਰੇਮ ਨਾਲ ਮੋੜ ਦਿੱਤਾ। ਬਚਨ ਕੀਤਾ, "ਅਸੀਂ ਸਦਾ ਤੁਹਾਡੇ ਅੰਗ-ਸੰਗ ਹਾਂ, ਕਦੀ-ਕਦੀ ਦਰਸ਼ਨ ਕਰਾਂਗੇ।"

ਜਦ ਸੜਕ ਤੋਂ ਕੱਲਰ ਵੱਲ ਟੁਰਨ ਲੱਗੇ ਤਦ ਮਹਾਰਾਜ ਨੇ ਭਾਈ ਨੰਦ ਸਿੰਘ ਅਤੇ ਮਾਈ ਭਾਗਭਰੀ ਨੂੰ ਸੱਦ ਕੇ ਆਖਿਆ ਕਿ ਤੁਸਾਂ ਸਾਨੂੰ ਸੱਦਣ ਲਈ ਵੀ ਨਹੀਂ ਆਉਣਾ, ਜਦ ਕਦੀ ਇਸ ਇਲਾਕੇ ਵਿੱਚ ਆਵਾਂਗੇ ਤਦ ਆਪੇ ਹੀ ਕਨੋਹੇ ਨੂੰ ਯਾਦ ਕਰ ਲਵਾਂਗੇ।

ਕਾਂਡ ੧੬

ਸੋਰਠਿ ਮਹਲਾ ੩ ਘਰੁ ੧ ਤਿਤੁਕੀ
ੴ ਸਤਿਗੁਰ ਪ੍ਰਸਾਦਿ ॥

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥
ਹਰਿ ਜੀ ਏਹ ਤੇਰੀ ਵਡਿਆਈ ॥
ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ਰਹਾਉ॥
ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥
ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥੨॥
ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥
ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥
ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥੩॥
ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥
ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥
ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥
ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥
ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥
ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥
ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥
ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥
ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥੬॥
ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥
ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥
ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥
ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥
ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥
ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥੮॥ (੬੩੭)

ਕਨੋਹੇ ਨਿਵਾਸ ਦੀਆਂ ਕੁਝ ਸਾਖੀਆਂ

(੧) ਇੱਕ ਦਿਨ ਮਾਈ ਭਾਗਭਰੀ ਨੂੰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਅੱਜ ਅਸੀਂ ਕੁਟੀਆ ਵਿੱਚ ਨਹੀਂ ਬੈਠਾਂਗੇ, ਬਾਹਰ ਪੁਲਾਹੀਆਂ ਦੇ ਹੇਠ ਬੈਠੇ ਹੋਵਾਂਗੇ, ਸਾਡਾ ਪ੍ਰਸ਼ਾਦਾ ਉੱਥੇ ਹੀ ਲੈ ਆਉਣਾ। ਮਾਈ ਭਾਗਭਰੀ ਨੇ ਪੁੱਛਿਆ, "ਮਹਾਰਾਜ! ਕਿਹੜੀਆਂ ਪੁਲਾਹੀਆਂ ਹੇਠ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਲੋੜ ਲੈਣਾ।" ਮਾਈ ਭਾਗਭਰੀ ਨੇ ਆਖਿਆ, "ਮਹਾਰਾਜ! ਲੋੜ ਲੈਸਾਂ।' ਮਹਾਰਾਜ ਨੇ ਹੱਸ ਕੇ ਆਖਿਆ ਕਿ ਲੋੜ ਲੈਣਾ। ਜਦ ਦੁਪਹਿਰ ਦੇ ਵਕਤ ਮਾਈ ਭਾਗਭਰੀ ਪ੍ਰਸ਼ਾਦ ਲੈ ਕੇ ਆਈ ਤਦ ਉਸ ਨੇ ਸਾਰੀ ਝੰਗੀ ਭਾਲੀ, ਪਰ ਸੰਤ ਜੀ ਮਹਾਰਾਜ ਕਿਧਰੇ ਵੀ ਨਾ ਲੱਭੇ। ਮਾਈ ਬੜੀ ਹੈਰਾਨ ਅਤੇ ਪਰੇਸ਼ਾਨ ਹੋਈ, ਪਰ ਹੈਸੀ ਸੇਵਕ, ਦਿਲ ਵਿੱਚ ਫੁਰ ਆਇਆ ਕਿ ਸਤਿਗੁਰੂ ਅੱਗੇ ਅਰਦਾਸ ਸੋਧੀਏ, ਆਪੇ ਹੀ ਸੰਤ ਜੀ ਦਰਸ਼ਨ ਦੇਸਣ। ਦੋਵੇਂ ਹੱਥ ਜੋੜ ਮਾਈ ਜੀ ਨੇ ਬੜੀ ਨਿਮਰਤਾ ਅਤੇ ਅਧੀਨਗੀ ਸਹਿਤ ਅਰਦਾਸਾ ਕੀਤਾ ਅਤੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ! ਭੁੱਲ ਗਈ ਆਪ ਨਾਲ ਬਰਾਬਰੀ ਨਹੀਂ ਬਣਦੀ, ਮਿਹਰ ਕਰੋ, ਦਰਸ਼ਨ ਦੇਵੋ।" ਅਰਦਾਸ ਦਾ ਭੋਗ ਪੈਣ ਦੀ ਹੀ ਦੇਰ ਸੀ ਕਿ ਸੰਤ ਜੀ ਮਹਾਰਾਜ ਕੁਟੀਆ ਤੋਂ ਉੱਪਰਲੀਆਂ ਪੁਲਾਹੀਆਂ ਵਿੱਚ ਬੈਠੇ ਨਜ਼ਰ ਆਏ। ਮਾਈ ਜੀ ਨੇ ਨਮਸਕਾਰ ਕੀਤੀ, "ਮਹਾਰਾਜ! ਮੈਂ ਭੁੱਲ ਗਈ; ਅੱਗੇ ਤੋਂ ਏਸ ਤਰ੍ਹਾਂ ਕਦੇ ਨਾ ਆਖਸਾਂ।" ਸੰਤ ਜੀ ਮਹਾਰਾਜ ਖਿੜ-ਖਿੜਾ ਕੇ ਹੱਸ ਪਏ ਅਤੇ ਆਖਿਆ, "ਅਸੀਂ ਤਾਂ ਏਥੇ ਹੀ ਬੈਠੇ ਸਾਂ, ਕਿਧਰੇ ਵੀ ਨਹੀਂ ਸੀ ਗਏ।" ਮਾਈ ਨੇ ਕਿਹਾ, "ਇਹੋ ਜਿਹੀਆਂ ਚੀਜ਼ਾਂ ਲੋੜਿਆਂ ਨਹੀਂ ਲੱਭਦੀਆਂ।" ਫਿਰ ਮਾਈ ਨੇ ਸੰਤ ਜੀ ਮਹਾਰਾਜ ਦੇ ਹੱਥ ਧੁਆਏ, ਪ੍ਰਸ਼ਾਦਾ ਛਕਾਇਆ ਅਤੇ ਕਰਤਾਰ ਦੇ ਸ਼ੁਕਰ ਵਿੱਚ ਰੰਗੀ ਹੋਈ ਆਪਣੇ ਘਰ ਚਲੀ ਗਈ।

(੨) ਤੀਸਰੇ ਤਪ ਦੇ ਮਗਰੋਂ ਸੰਤ ਜੀ ਮਹਾਰਾਜ ਸ਼ਾਮ ਦਾ ਪ੍ਰਸ਼ਾਦਾ ਭਾਈ ਵਜ਼ੀਰ ਸਿੰਘ ਜੀ ਦੇ ਘਰ ਛਕਣ ਲੱਗ ਪਏ। ਤਦ ਪਿੰਡ ਦੇ ਕਈ ਪ੍ਰੇਮੀਆਂ ਵਿੱਚ ਉਤਸ਼ਾਹ ਹੋਇਆ ਕਿ ਅਸੀਂ ਵੀ ਸੰਤ ਜੀ ਨੂੰ ਪ੍ਰਸ਼ਾਦ ਛਕਾਈਏ।

ਇੱਕ ਦਿਨ ਸੰਤ ਜੀ ਮਹਾਰਾਜ ਭਾਈ ਸ਼ਾਮ ਸਿੰਘ ਜੀ ਬ੍ਰਾਹਮਣ ਦੇ ਘਰ ਪ੍ਰਸ਼ਾਦ ਛਕਣ ਜਾ ਰਹੇ ਸਨ, ਨਾਲ ਦੋ ਸਰੀਰ ਹੋਰ ਸਨ। ਰਸਤੇ ਵਿੱਚ ਭਾਈ ਕਲਿਆਨ ਸਿੰਘ ਕੋਹਲੀ ਦਾ ਘਰ ਸੀ। ਉਸ ਦੀ ਮਾਤਾ ਮਾਈ ਢੇਰੋਂ ਮੰਜੇ 'ਤੇ ਬਿਮਾਰ ਪਈ ਸੀ। ਮਾਈ ਨੇ ਉੱਠ ਕੇ ਸੰਤ ਜੀ ਦੇ ਚਰਨ ਪਕੜ ਲਏ ਅਤੇ ਛੱਡੇ ਨਾ। ਸੰਤ ਜੀ ਮਹਾਰਾਜ ਨੇ ਆਖਿਆ, "ਬਸ ਮਾਈ! ਹੁਣ ਛੱਡ ਦੇ।" ਮਾਈ ਨੇ ਖੜੀ ਹੋ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਮੈਂ ਬੜੀ ਦੁਖੀ ਹਾਂ, ਪੁੱਤਰ ਨੇ ਦੁੱਖ ਵਿੱਚ ਘਰੋਂ ਬਾਹਰ ਕੱਢ ਛਡਿਆ ਹੈ। ਬਿਮਾਰ ਹਾਂ, ਸਰੀਰ ਵੀ ਨਹੀਂ ਛੁੱਟਦਾ।" ਇਹ ਦਰਦ ਭਰੀ ਪੁਕਾਰ ਸੁਣ ਕੇ ਸੰਤ ਜੀ ਮਹਾਰਾਜ ਦਾ ਹਿਰਦਾ ਦ੍ਰਵ ਗਿਆ। ਸੁਤੇ-ਸਿੱਧ ਮੁੱਖੋਂ ਬਚਨ ਨਿਕਲਿਆ, "ਮਾਈ! ਕੱਲ ਇਸ ਵੇਲੇ ਤੇਰਾ ਸਰੀਰ ਛੁੱਟ ਜਾਵੇਗਾ।"

ਫਿਰ ਭਾਈ ਸ਼ਾਮ ਸਿੰਘ ਜੀ ਦੇ ਘਰ ਪਹੁੰਚੇ, ਪੰਗਤ ਲਗੀ, ਪ੍ਰਸ਼ਾਦ ਦਾ ਥਾਲ ਸੰਤ ਜੀ ਮਹਾਰਾਜ ਅੱਗੇ ਰੱਖਿਆ ਗਿਆ। ਮਹਾਰਾਜ ਦੇ ਦਿਲ ਵਿੱਚ ਮਾਈ ਦੀ ਦਰਦ ਭਰੀ ਸਾਖੀ ਦਾ ਇੰਨਾ ਅਸਰ ਹੋਇਆ ਕਿ ਆਪ ਨੇ ਪ੍ਰਸ਼ਾਦ ਨਾ ਛਕਿਆ, ਨਾਲ ਦੇ ਸਾਥੀਆਂ ਨੇ ਛਕ ਲਿਆ, ਸ਼ਾਮ ਦੇ ਦੀਵਾਨ ਵਿੱਚ ਸੰਤ ਜੀ ਮਹਾਰਾਜ ਨੇ ਆਖਿਆ, "ਸਾਡੇ ਸਰੀਰ ਨੂੰ ਬਹੁਤ ਕਸ਼ਟ ਹੋਇਆ ਹੈ, ਅੱਗੇ ਤੋਂ ਪਿੰਡ ਵਿੱਚ ਕਿਸੇ ਦੇ ਘਰ ਪ੍ਰਸ਼ਾਦ ਛਕਣ ਨਹੀਂ ਜਾਣਾ, ਹਰ ਇੱਕ ਦਾ ਕਰਜ਼ ਨਹੀ ਲਾਹਿਆ ਜਾਂਦਾ, ਇੱਕ ਘਰ ਦਾ ਹੀ ਕਰਜ਼ ਬਹੁਤ ਹੈ। ਮਾਈ ਭਾਗਭਰੀ ਜੀ ਨੂੰ ਹੁਕਮ ਦੇ ਦਿੱਤਾ ਕਿ ਅੱਗੇ ਤੋਂ ਪ੍ਰਸ਼ਾਦਾ ਤੁਹਾਡੇ ਘਰ ਹੀ ਛਕਿਆ ਕਰਾਂਗੇ।"

ਦੂਸਰੇ ਦਿਨ ਸੰਤ ਜੀ ਸ਼ਾਮ ਦੇ ਕੀਰਤਨ ਵਿੱਚ ਇੱਕ ਪ੍ਰੇਮੀ ਨੂੰ ਭੇਜਿਆ ਕਿ ਜਾਓ, ਪਤਾ ਕਰੋ, ਉਸ ਮਾਈ ਦਾ ਕੀ ਹਾਲ ਹੈ। ਉਸ ਨੇ ਆ ਕੇ ਕਿਹਾ, "ਮਹਾਰਾਜ! ਮਾਈ ਸਰੀਰ ਛੱਡ ਗਈ ਹੈ।" ਇਸ ਤੋਂ ਮਗਰੋਂ ਸੰਤ ਜੀ ਮਹਾਰਾਜ ਨੇ ਪਿੰਡ ਦੇ ਵਿੱਚ ਕਿਸੇ ਦੇ ਘਰ ਪ੍ਰਸ਼ਾਦ ਨਹੀਂ ਛਕਿਆ।

(੩) ਇੱਕ ਦਿਨ ਪੁਲਾਹੀਆਂ ਵਿੱਚ ਭਾਰੀ ਦੀਵਾਨ ਲੱਗਾ ਹੋਇਆ ਸੀ। ਸੰਤ ਜੀ ਮਹਾਰਾਜ ਪੜ੍ਹੀਆਂ (ਇਹ ਦੋ ਪੜ੍ਹੀਆਂ ਸੰਤ ਜੀ ਮਹਾਰਾਜ ਨੇ ਵੱਡੇ ਕੱਸ ਵਿੱਚੋਂ ਆਪ ਚੁੱਕ ਕੇ ਲਿਆਂਦੀਆਂ ਸਨ ਤੇ ਇਨ੍ਹਾਂ ਤੇ ਬੈਠ ਕੇ ਸਮਾਧੀ ਅਸਥਿਤ ਹੁੰਦੇ ਸੀ) 'ਤੇ ਬੈਠੇ ਜੋਟੀਆਂ ਦੇ ਸ਼ਬਦ ਪੜ੍ਹਾ ਰਹੇ ਸਨ, ਗੁਰੂ ਦੀ ਸੰਗਤ ਪਿੱਛੇ-ਪਿੱਛੇ ਪੜ੍ਹ ਰਹੀ ਸੀ। ਇੱਕ ਬੜਾ ਭਾਰੀ ਸਰਪ ਸਾਧ ਸੰਗਤ ਵਿੱਚ ਆ ਗਿਆ, ਮਾਨੋ ਕਿ ਦਰਸ਼ਨ ਕਰਨ ਅਤੇ ਸ਼ਬਦ ਦਾ ਲਹਿਰਾ ਲੈਣ ਆਇਆ ਹੈ। ਸਾਰੀ ਸੰਗਤ ਡਰ ਕੇ ਦੌੜਨ ਲੱਗ ਪਈ ਪਰ ਸੰਤ ਜੀ ਅਡੋਲ ਬੈਠੇ ਸ਼ਬਦ ਪੜ੍ਹਦੇ ਰਹੇ। ਸਰਪ ਪੌੜੀਆਂ ਦੇ ਨਾਲ ਛੋਹ ਕੇ ਸਾਧ-ਸੰਗਤ ਦੀ ਚਰਨ ਧੂੜ ਲੈ ਕੇ ਸਿੱਧਾ ਚਲਾ ਗਿਆ। ਸੰਗਤ ਮੁੜ ਆਈ ਅਤੇ ਦੀਵਾਨ ਫੇਰ ਉਸੇ ਤਰ੍ਹਾਂ ਭਰ ਗਿਆ।

(੪) ਜਦ ਸੰਤ ਜੀ ਮਹਾਰਾਜ ਮਾਈ ਭਾਗਭਰੀ ਦੇ ਘਰ ਰਾਤ ਵੇਲੇ ਬਿਸਰਾਮ ਕਰਨ ਲੱਗ ਪਏ ਤਾਂ ਇਕ ਦਿਨ ਮਾਈ ਨੇ ਬੇਨਤੀ ਕੀਤੀ, "ਮਹਾਰਾਜ! ਬੱਚੇ ਸ਼ੋਰ ਕਰਦੇ ਹਨ, ਆਪ ਨੂੰ ਤਕਲੀਫ਼ ਹੁੰਦੀ ਹੋਵੇਗੀ।" ਸੰਤਾਂ ਨੇ ਫ਼ਰਮਾਇਆ, "ਬੱਚਿਆਂ ਦੀ ਕੋਈ ਵੀ ਤਕਲੀਫ਼ ਨਹੀਂ। ਸਾਰੀ ਰਾਤ ਤਾਂ ਸੁੱਤੇ ਰਹਿੰਦੇ ਹਨ ਅਤੇ ਦਿਨ ਚੜ੍ਹਨ ਦੇ ਨੇੜੇ ਜੋ ਬੋਲਦੇ ਵੀ ਹਨ, ਤਾਂ ਇਨ੍ਹਾਂ ਦੀ ਅਵਾਜ਼ ਦ੍ਵੈਤ ਤੋਂ ਰਹਿਤ, ਰੱਬ ਦੀ ਅਵਾਜ਼ ਹੀ ਹੁੰਦੀ ਹੈ, ਏਸ ਨਾਲ ਬਿਰਤੀ ਨਹੀਂ ਉਖੜਦੀ।"

(੫) ਇੱਕ ਦਿਨ ਮਾਈ ਭਾਗਭਰੀ ਨੇ ਬੇਨਤੀ ਕੀਤੀ, "ਮਹਾਰਾਜ! ਅੰਮ੍ਰਿਤ ਵੇਲੇ ਆਪ ਭਜਨ ਕਰਦੇ ਹੋ ਅਤੇ ਮੈਂ ਰਿੜਕਣਾ ਪਾ ਦਿੰਦੀ ਹਾਂ, ਆਪ ਨੂੰ ਖੇਚਲ ਹੁੰਦੀ ਹੋਵੇਗੀ।' ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਰਿੜਕਣ ਦੀ ਅਵਾਜ਼ ਬੜੀ ਚੰਗੀ ਹੁੰਦੀ ਹੈ, ਏਸ ਨਾਲ ਆਪਣੀ ਤਾਰ (ਸਿਮਰਨ) ਜੋੜ ਲੈਂਦੇ ਹਾਂ।"

(੬) ਇੱਕ ਦਿਨ ਭਾਈ ਵਜ਼ੀਰ ਸਿੰਘ ਅਤੇ ਸੰਤ ਜੀ ਮਹਾਰਾਜ ਚੌਂਕੇ ਵਿਚ ਚੁੱਲ੍ਹੇ ਪਾਸ ਬੈਠੇ ਸਨ, ਮਾਈ ਭਾਗਭਰੀ ਖੂਹ ਤੋਂ ਜਲ ਲੈਣ ਗਈ। ਜਦ ਮਾਈ ਮੁੜ ਕੇ ਆਈ ਤਦ ਕੀ ਵੇਖਦੀ ਹੈ ਕਿ ਸੰਤ ਜੀ ਫੁਲਕੇ ਪਕਾ ਰਹੇ ਹਨ ਅਤੇ ਦੋ ਫੁਲਕੇ ਪਕਾ ਚੁੱਕੇ ਹਨ। ਮਾਈ ਨੇ ਕਿਹਾ, "ਮਹਾਰਾਜ! ਇਹ ਕੀ?" ਸੰਤ ਜੀ ਹੱਸ ਕੇ ਬੋਲੇ, "ਕਿਧਰੇ ਅਟਕਲ ਨਾ ਭੁੱਲ ਜਾਵੇ।" ਫੇਰ ਮਾਈ ਨੇ ਬੇਨਤੀ ਕੀਤੀ, "ਮਹਾਰਾਜ! ਫੇਰ ਇੱਕ ਹੋਰ ਪਕਾਓ!" ਸੰਤ ਜੀ ਮਹਾਰਾਜ ਨੇ ਇੱਕ ਹੋਰ ਫੁਲਕਾ ਪਕਾਇਆ। ਇੱਕ ਫੁਲਕਾ ਭਾਈ ਵਜ਼ੀਰ ਸਿੰਘ ਜੀ ਨੂੰ ਦਿੱਤਾ, ਇੱਕ ਮਾਈ ਭਾਗਭਰੀ ਨੂੰ ਤੇ ਇੱਕ ਆਪ ਲਿਆ।

(੭) ਇੱਕ ਸਾਲ ਕਨੋਹੇ ਵਿੱਚ ਮੀਂਹ ਉੱਕਾ ਹੀ ਨਾ ਵਸਿਆ। ਲੋਕੀ ਤ੍ਰਾਸ-ਤ੍ਰਾਸ ਕਰ ਉੱਠੇ। ਸਾਰਾ ਪਿੰਡ ਇਕੱਠਾ ਹੋ ਗਿਆ ਅਤੇ ਮਾਈ ਭਾਗਭਰੀ ਪਾਸ ਗਿਆ ਅਤੇ ਆਖਿਆ ਕਿ ਸੰਤ ਜੀ ਮਹਾਰਾਜ ਨੂੰ ਬੇਨਤੀ ਕਰੋ ਕਿ ਹਲ਼ ਜੋੜਨ, ਮੀਂਹ ਵੱਸ ਪਏਗਾ। ਪਿੰਡ ਵਾਲਿਆਂ ਦੀ ਬੇਨਤੀ ਸੁਣ ਕੇ ਮਾਈ ਸੰਤ ਜੀ ਮਹਾਰਾਜ ਪਾਸ ਬਾਹਰ ਕੁਟੀਆ ਵਿੱਚ ਗਈ। ਸਾਰੇ ਪਿੰਡ ਦੇ ਲੋਕੀਂ ਮਗਰ ਲੱਗ ਟੁਰੇ।

ਮਾਈ ਜੀ ਨੇ ਸੰਤ ਜੀ ਦੇ ਚਰਨਾਂ 'ਤੇ ਸੀਸ ਧਰਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਪਿੰਡ ਵਿੱਚ ਮੀਂਹ ਨਹੀਂ ਪੈਂਦਾ। ਸਾਰਾ ਪਿੰਡ ਬੇਨਤੀ ਕਰਦਾ ਹੈ ਕਿ ਆਪ ਅੱਜ ਹੱਲ਼ ਜੋੜੋ ਤਾਂ ਮੀਂਹ ਪਵੇ। ਸੰਤ ਜੀ ਮਹਾਰਾਜ ਹੱਸ ਪਏ ਤੇ ਕਿਹਾ, "ਸਾਡਾ ਵੀ ਤਪੇ ਵਾਂਗੂੰ ਹਾਲ ਕਰਨਾ ਹੈ?" ਫੇਰ ਕੁਟੀਆ ਤੋਂ ਬਾਹਰ ਆਏ, ਉੱਪਰਲੇ ਖੇਤ ਵਿੱਚ ਹਲ਼ ਜੋੜਿਆ। ਅਜੇ ਸੰਤ ਜੀ ਮਹਾਰਾਜ ਨੇ ਹੱਥੀ ਪਰ ਹੱਥ ਰੱਖਿਆ ਹੀ ਸੀ ਕਿ ਇੱਕ

ਪਾਸਿਉਂ ਕਾਲੀ ਬਦਲੀ ਨਜ਼ਰ ਆਈ। ਖੇਤ ਦਾ ਇੱਕ ਗੇੜਾ ਦਿੰਦਿਆਂ ਮੀਂਹ ਲਹਿ ਪਿਆ ਅਤੇ ਬੜੇ ਜ਼ੋਰ ਨਾਲ ਵਸਿਆ।

(੮) ਇੱਕ ਰਾਤ ਅੰਮ੍ਰਿਤ ਵੇਲੇ ਦੋ ਵਜੇ ਭਾਈ ਕਿਰਪਾਲ ਸਿੰਘ ਜੀ ਦੀ ਅੱਖ ਖੁੱਲ੍ਹ ਗਈ। ਇਹ ਕੱਸ ਵੱਲ ਬਾਹਰ ਨਿਕਲ ਟੁਰੇ। ਕੀ ਵੇਖਦੇ ਹਨ ਕਿ ਪੰਜ ਸੂਰਬੀਰ ਸਿੰਘ ਘੋੜਿਆਂ 'ਤੇ ਅਸਵਾਰ, ਪਿੰਡ ਦੇ ਪਾਸ ਵੱਡੇ ਕੱਸ ਕੋਲੋਂ ਪੁਲਾਹੀਆਂ ਦੀ ਝੰਗੀ ਵੱਲ ਜਾ ਰਹੇ ਹਨ। ਭਾਈ ਕਿਰਪਾਲ ਸਿੰਘ ਨੇ ਇਨ੍ਹਾਂ ਨੂੰ ਬੜੇ ਅਦਬ ਨਾਲ ਫਤਹਿ ਬੁਲਾ ਕੇ ਪੁੱਛਿਆ ਕਿ ਆਪ ਕੌਣ ਹੋ ਅਤੇ ਇਸ ਵੇਲੇ ਏਥੇ ਕਿਸ ਤਰ੍ਹਾਂ ਆਏ ਹੋ? ਉਨ੍ਹਾਂ ਨੇ ਜਵਾਬ ਦਿੱਤਾ, "ਭਾਈ ਸਿੱਖਾਂ! ਤੂੰ ਕੀ ਲੈਣਾ ਹੈ?" ਸਵੇਰੇ ਸੰਤ ਜੀ ਮਹਾਰਾਜ ਪਾਸ ਹਾਜ਼ਰ ਹੋਇਆ ਅਤੇ ਰਾਤ ਦੀ ਵਿੱਥਿਆ ਆਖ ਸੁਣਾਈ। ਮਹਾਰਾਜ ਨੇ ਕਿਹਾ, "ਇਸ ਗੱਲ ਨੂੰ ਏਥੇ ਹੀ ਛੱਡ ਦੇ। ਸਤਿਗੁਰੂ ਕਲਗੀਆਂ ਵਾਲੇ ਦੀਆਂ ਸ਼ਹੀਦ ਫੌਜਾਂ ਆਪਣੀ ਮੌਜ ਵਿੱਚ ਵਿਚਰਦੀਆਂ ਹਨ। ਇਨ੍ਹਾਂ ਦੇ ਕੰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਕਿਸੇ ਅੱਗੇ ਇਨ੍ਹਾਂ ਦੀ ਗੱਲ ਚਲਾਉਣੀ ਚਾਹੀਦੀ ਹੈ।"

ਕਾਂਡ ੧੭

ਸੂਹੀ ਮਹਲਾ ੫॥
ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥
ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥
ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥
ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥
ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥
ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥
ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥
ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥
ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥
ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥ (੭੪੮)

ਲੂਨੀ (ਅੱਜ-ਕੱਲ੍ਹ ਪਾਕਿਸਤਾਨ) ਦੇ ਰੇਤੇ ਉੱਤੇ ਅਤੁੱਟ ਸਿਮਰਨ

ਕੱਲਰ ਦੀ ਲੂਨੀ (ਅੱਜ-ਕੱਲ੍ਹ ਪਾਕਿਸਤਾਨ) ਵਿਚ ਕਿਲ੍ਹੇ ਦੇ ਹੇਠ, ਜਿੱਥੇ ਅੱਜ-ਕੱਲ੍ਹ ਥਾਣਾ ਹੈ, ਸੰਤ ਜੀ ਮਹਾਰਾਜ ਅੱਗੇ ਵੀ ਇੱਕ ਵਾਰੀ ਥੋੜ੍ਹੇ ਦਿਨਾਂ ਵਾਸਤੇ ਕਨੋਹੇ ਤੋਂ ਗੁਪਤ ਵਿਚਰ ਗਏ ਸਨ। ਉਸ ਸਮੇਂ ਸੰਤ ਜੀ ਨੂੰ ਇਹ ਥਾਂ ਬੜੀ ਇਕਾਂਤ, ਸ਼ਾਂਤ ਤੇ ਰਸ-ਭਰੀ ਭਾਸੀ। ਹੁਣ ਭਾਈ ਵਜ਼ੀਰ ਸਿੰਘ ਜੀ ਦਾ ਜੱਗ ਸੰਪੂਰਨ ਹੋਣ ਮਗਰੋਂ ਸੰਤ ਜੀ ਮਹਾਰਾਜ ਮਾਈ ਭਾਗਭਰੀ ਨੂੰ ਭਾਈ ਨੰਦ ਸਿੰਘ ਜੀ ਦੇ ਸਪੁਰਦ ਕਰ ਕੇ ਤੇ ਪ੍ਰੇਮੀਆਂ ਨੂੰ ਦਿਲਾਸਾ ਦੇ ਕੇ ਸਿੱਧੇ ਲੂਨੀ ਦੀ ਰੇਤ ਵਿੱਚ ਆ ਬੈਠੇ ਅਤੇ ਕਰਤਾਰ ਦੀ ਯਾਦ ਵਿੱਚ ਜੁੜ ਗਏ।

ਜਿਸ ਅਸਥਾਨ 'ਤੇ ਸੰਤ ਜੀ ਮਹਾਰਾਜ ਕੁਦਰਤੀ ਆ ਬੈਠੇ, ਇਹ ਸਾਰੇ ਕੱਲਰ ਵਿੱਚ ਖਾਸ ਰਮਣੀਕ ਥਾਂ ਹੈ। ਕਾਸ਼ੀ ਨਾਲੇ ਦਾ ਵਹਿਣ ਇੱਥੇ ਬੜਾ ਚੌੜਾ ਸ਼ੋਭਨੀਕ ਹੈ। ਥੋੜ੍ਹਾ-ਥੋੜ੍ਹਾ ਜਲ ਹਰ ਮੌਸਮ ਵਿੱਚ ਵਗਦਾ ਰਹਿੰਦਾ ਹੈ ਅਤੇ ਇੱਕ ਦੋ ਜਗ੍ਹਾ ਡੂੰਘੇ ਥਾਂ ਢੰਨ੍ਹਾਂ ਦੀ ਸ਼ਕਲ ਵਿੱਚ ਹੋ ਜਾਂਦਾ ਹੈ। ਇੱਕ ਢੰਨ੍ਹ ਸ਼ਹਿਰ ਵਾਲੇ ਪਾਸੇ ਦੀ ਕੰਧੀ ਹੇਠ ਹੈ। ਇੱਥੇ ਹਰ ਬਹਾਰ ਵਿੱਚ ਪ੍ਰੇਮੀ ਇਸ਼ਨਾਨ ਕਰਨ ਲਈ ਆਉਂਦੇ ਹਨ। ਏਸ ਕੰਧੀ ਦੀ ਸਭ ਤੋਂ ਉੱਚੀ ਟੇਕਰੀ ਤੇ ਢੰਨ੍ਹ ਤੋਂ ੧੦੦ ਕਰਮ ਦੀ ਵਿੱਥ 'ਤੇ ਪੁਰਾਣਾ ਕਿਲ੍ਹਾ (ਅੱਜ-ਕੱਲ੍ਹ ਥਾਣਾ) ਸ਼ੋਭਨੀਕ ਹੈ। ਕੰਧੀ ਤੋਂ ਕੁਝ ਦੂਰ ਨਗਰ ਵਾਲੇ ਪਾਸੇ ਬਾਬਾ ਸਾਹਿਬ ਸਿੰਘ ਜੀ ਦਾ ਦਮਦਮਾ ਅਤੇ ਬਾਬਾ ਖੇਮ ਸਿੰਘ ਜੀ ਦੇ ਸੁੰਦਰ ਮੰਦਰ ਨਜ਼ਰ ਆਉਂਦੇ ਹਨ।

ਕਾਂਸ਼ੀ ਦੇ ਦੂਸਰੇ ਕਿਨਾਰੇ 'ਤੇ ਪੁਲਾਹੀਆਂ ਅਤੇ ਬਹਿੜਕਾਂ ਦਾ ਇੱਕ ਘਣਾ ਜੰਗਲ ਹੈ। ਨਾਲੇ ਦੇ ਵਹਿਣ ਵਿੱਚ ਵੱਡੇ-ਛੋਟੇ ਪੱਥਰ ਅਤੇ ਰੰਗ-ਬਰੰਗੇ ਗੀਟੇ ਸ਼ੋਭਨੀਕ ਹਨ। ਕਈ ਥਾਈਂ ਚਮਕਦੀ ਸੁੰਦਰ ਰੇਤ ਦੇ ਤਖਤੇ ਹਨ, ਜਿਨ੍ਹਾਂ ਨੂੰ ਵੇਖ ਕੇ ਫ਼ਕੀਰਾਂ ਅਤੇ ਡਾਂਗਰੀਆਂ ਪਾਲੀਆਂ ਦਾ ਦਿਲ ਸੁਭਾਵਕ ਹੀ ਲੇਟਣ-ਬੈਠਣ ਤੇ ਕਰ ਆਉਂਦਾ ਹੈ। ਕਾਂਸ਼ੀ ਦੇ ਨਗਰ ਵਾਲੇ ਕੰਢੇ 'ਤੇ ਸੋਹਣੇ-ਸੋਹਣੇ ਬਾਗ਼ ਹਨ। ਸੰਤ ਜੀ ਮਹਾਰਾਜ ਦੇ ਇਸ ਥਾਂ

ਬੈਠਣ ਤੋਂ ਕੁਝ ਦਿਨ ਪਹਿਲਾਂ ਇੱਕ ਨਿਰਮਲਾ ਸਾਧੂ ਕੱਲਰ ਵਿਖੇ ਆਇਆ ਸੀ। ਇਸ ਦਾ ਆਸਣ ਗੁਰਦੁਆਰਾ ਦਮਦਮਾ ਸਾਹਿਬ ਬਾਬਾ ਸਾਹਿਬ ਸਿੰਘ ਜੀ ਵਿੱਚ ਸੀ। ਇਹ ਹਰ ਰੋਜ਼ ਅੰਮ੍ਰਿਤ ਵੇਲੇ ਕਾਂਸ਼ੀ ਦੀ ਢੰਨ੍ਹ ਤੇ ਇਸ਼ਨਾਨ ਕਰਨ ਲਈ ਆਉਂਦਾ ਅਤੇ ਕਈ ਵਾਰੀ ਪਾਰ ਲੂਨੀ ਵਿੱਚ ਜਾ ਕੇ ਨਾਮ-ਸਿਮਰਨ ਕਰਨ ਲੱਗ ਜਾਂਦਾ। ਇੱਕ ਦਿਨ ਜਦ ਇਹ ਆਪਣਾ ਨਿੱਤਨੇਮ ਕਰਨ ਲਈ ਲੂਨੀ ਵੱਲ ਗਿਆ ਤਾਂ ਕੀ ਵੇਖਦਾ ਹੈ ਕਿ ਰੇਤ ਉੱਪਰ ਕਾਲੀ ਕੰਬਲੀ ਵਾਲਾ ਇਕ ਸਾਧੂ ਆਸਨ ਜਮਾਈ ਬੈਠਾ ਹੈ। ਇਹ ਭੀ ਕੁਝ ਫਾਸਲੇ ਤੇ ਬੈਠ ਗਿਆ ਅਤੇ ਆਪਣੀ ਨਿਤ ਦੀ ਕਾਰ ਵਿੱਚ ਲੱਗ ਪਿਆ।

ਪਾਠ-ਸਿਮਰਨ ਦੇ ਮਗਰੋਂ ਨਿਰਮਲਾ ਸਾਧੂ, ਸੰਤ ਜੀ ਮਹਾਰਾਜ ਪਾਸ ਗਿਆ ਅਤੇ ਬੜੀ ਨਿਮਰਤਾ ਭਰੀ ਅਵਾਜ਼ ਵਿੱਚ ਬੇਨਤੀ ਕੀਤੀ, "ਮਹਾਰਾਜ! ਆਪ ਇਸ ਜੰਗਲ ਵਿੱਚ ਕਿਉਂ ਬੈਠੇ ਹੋ? ਉੱਠੋ, ਮੇਰੇ ਨਾਲ ਚੱਲੋ ਅਤੇ ਅਰਾਮ ਨਾਲ ਗੁਰਦੁਆਰੇ ਵਿੱਚ ਆਸਣ ਕਰੋ।"

ਸੰਤ ਜੀ ਮਹਾਰਾਜ ਨੇ ਨੇਤ੍ਰ ਖੋਲ੍ਹੇ ਅਤੇ ਆਖਿਆ, "ਸੰਤ ਜੀ! ਸਾਡਾ ਵਾਸਾ ਜੰਗਲ ਵਿੱਚ ਹੀ ਠੀਕ ਹੈ, ਕਰਤਾਰ ਦਾ ਹੁਕਮ ਇਵੇਂ ਹੀ ਹੈ।"

ਫੇਰ ਆਪਸ ਵਿੱਚ ਪਰਸਪਰ ਬਚਨ-ਬਿਲਾਸ ਸ਼ੁਰੂ ਹੋ ਗਏ। ਸੰਤ ਜੀ ਮਹਾਰਾਜ ਦੀ ਬਿਰਤੀ, ਦਮਕਦੇ ਮਸਤ ਅਤੇ ਮਿੱਠੇ ਬੋਲ ਨੇ ਨਿਰਮਲੇ ਸਾਧੂ ਦਾ ਮਨ ਮੋਹ ਲਿਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਸਾਧੂ ਨੂੰ ਭਗਵੇਂ ਕੱਪੜੇ ਸੋਭਦੇ ਹਨ, ਆਗਿਆ ਹੋਵੇ ਤਾਂ ਗੇਰੂਏ ਬਸਤਰ ਰੰਗਾ ਲਿਆਵਾਂ।' ਸੰਤ ਜੀ ਮਹਾਰਾਜ ਹੱਸ ਪਏ ਅਤੇ ਕਿਹਾ, "ਸਾਨੂੰ ਕੁਦਰਤੀ ਰੰਗ ਹੀ ਚੰਗਾ ਹੈ।"

ਨਿਰਮਲੇ ਸਾਧੂ ਦਾ ਸੰਤ ਜੀ ਮਹਾਰਾਜ ਨਾਲ ਅਤੀ ਪ੍ਰੇਮ ਹੋ ਗਿਆ। ਇੱਕ-ਦੋ ਦਿਨ ਤਾਂ ਇਨ੍ਹਾਂ ਵਾਸਤੇ ਮਧੂਕੜੀ ਕਰਕੇ ਆਪ ਪਰਸ਼ਾਦਾ ਲਿਆਉਂਦਾ ਰਿਹਾ। ਫੇਰ ਏਸ ਨੇ ਭਾਈ ਤਰਲੋਕ ਸਿੰਘ ਜੀ (ਜੋ ਪਿੱਛੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਮੈਨੇਜਰ ਹੋਏ ਤੇ ਹੁਣ ਗੁਰਪੁਰੀ ਨਿਵਾਸ ਕਰ ਗਏ ਹਨ) ਦੀ ਮਾਤਾ ਮਾਈ ਰੱਜੀ, ਸਰਦਾਰ ਸੰਤ ਸਿੰਘ ਜੀ ਦੀ ਮਾਤਾ ਮਾਈ ਰਾਜ ਦੇਵੀ, ਚੌਧਰੀ ਕਰਤਾਰ ਸਿੰਘ ਜੀ ਅਤੇ ਹੋਰ ਪ੍ਰੇਮੀਆਂ ਨੂੰ ਖ਼ਬਰ ਕਰ ਦਿੱਤੀ ਕਿ ਲੂਨੀ ਵਿੱਚ ਕਿਲ੍ਹੇ ਦੇ ਹੇਠ ਇੱਕ ਕੂਰੀ ਵਾਲੇ ਸੰਤ ਆਏ ਹੋਏ ਹਨ। ਆਓ! ਤੁਹਾਨੂੰ ਦਰਸ਼ਨ ਕਰਵਾਈਏ।

ਫੇਰ ਤਾਂ ਹੌਲੀ-ਹੌਲੀ ਸਾਰੇ ਕੱਲਰ ਦੇ ਮਾਈ-ਭਾਈ ਨੂੰ ਪਤਾ ਲੱਗ ਗਿਆ ਤੇ ਸੰਗਤ ਬਹੁਤ ਆਉਣ ਲੱਗ ਪਈ, ਸ਼ਬਦ ਕੀਰਤਨ ਸ਼ੁਰੂ ਹੋ ਗਿਆ ਅਤੇ ਕਈ ਦੀਵਾਨ ਲੱਗੇ। ਪ੍ਰੇਮੀ ਸ਼ਹਿਰ ਵਿੱਚੋਂ ਵਾਰੀ-ਵਾਰੀ ਲੰਗਰ ਪਕਾ ਕੇ ਲੈ ਜਾਂਦੇ ਅਤੇ ਸਾਰੀ ਸੰਗਤ ਲੂਨੀ ਵਿੱਚ ਹੀ ਪੰਗਤ ਲਾ ਕੇ ਛਕਦੀ। ਥਮ੍ਹਾਲੀ ਵਾਲੇ ਸੰਤ ਭਾਈ ਰਾਮ ਸਿੰਘ ਜੀ ਇਸ ਥਾਂ 'ਤੇ ਕਈ ਵਾਰੀ ਸੰਤ ਜੀ ਮਹਾਰਾਜ ਦਾ ਦਰਸ਼ਨ ਮੇਲਾ ਕਰਨ ਵਾਸਤੇ ਆਉਂਦੇ ਅਤੇ ਇਨ੍ਹਾਂ ਨੂੰ 'ਸਿੰਘ ਸਾਹਿਬ ਜੀ' ਕਹਿ ਕੇ ਬੁਲਾਉਂਦੇ।

ਲੂਨੀ ਦੀਆਂ ਖਾਸ ਸਾਖੀਆਂ

ਏਸ ਤਰ੍ਹਾਂ ਲੂਨੀ ਵਿੱਚ ਸੰਤ ਜੀ ਮਹਾਰਾਜ ਸੱਤ-ਅੱਠ ਮਹੀਨੇ ਬਿਰਾਜੇ ਅਤੇ ਅਨੇਕਾਂ ਜੀਵਾਂ ਦਾ ਭਲਾ ਕੀਤਾ। ਏਸ ਸਮੇਂ ਦੀਆਂ ਖਾਸ ਸਾਖੀਆਂ ਇਹ ਹਨ:

(੧) ਇੱਕ ਦਿਨ ਬਾਬਾ ਖੇਮ ਸਿੰਘ ਜੀ ਬੇਦੀ ਲੂਨੀ ਵੱਲ ਸ਼ਿਕਾਰ ਖੇਡਣ ਵਾਸਤੇ ਗਏ। ਸੰਤ ਜੀ ਮਹਾਰਾਜ ਨੇ ਬਾਬਾ ਜੀ ਨੂੰ ਦੂਰੋਂ ਹੀ ਪਛਾਣ ਲਿਆ, ਆਪਣੇ ਆਸਣ ਤੋਂ ਉੱਠ ਖੜੋਤੇ ਅਤੇ ਬਾਬਾ ਜੀ ਦੇ

ਸਵਾਗਤ ਲਈ ਚਾਰ ਕਦਮ ਅੱਗੇ ਗਏ। ਬਾਬਾ ਖੇਮ ਸਿੰਘ ਜੀ ਨੇ ਇਨ੍ਹਾਂ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਆਖਿਆ ਕਿ ਮੇਰੇ ਅਸਲੀ ਪੁੱਤਰ ਤੁਸੀਂ ਹੀ ਹੋ। ਜੋ ਗੁਰਬਾਣੀ ਵਿੱਚ ਗੁਰਸਿੱਖੀ ਦੀ ਮਹਿਮਾ ਪੜ੍ਹੀ ਸੀ, ਉਹ ਤੁਹਾਡੀ ਕਮਾਈ ਵਿੱਚ ਪ੍ਰਤੱਖ ਵੇਖ ਲਈ ਹੈ। ਫੇਰ ਬਾਬਾ ਜੀ ਸ਼ਿਕਾਰ ਵੱਲ ਚਲੇ ਗਏ ਅਤੇ ਸੰਤ ਜੀ ਆਪਣੇ ਪ੍ਰੀਤਮ ਦੀ ਯਾਦ ਵਿੱਚ ਲੱਗ ਗਏ।

(੨) ਇਸ ਤੋਂ ਥੋੜ੍ਹੇ ਚਿਰ ਮਗਰੋਂ ਬਾਬਾ ਖੇਮ ਸਿੰਘ ਜੀ ਦੀ ਲੜਕੀ ਦੀ ਸ਼ਾਦੀ ਸੀ। ਬਾਬਾ ਜੀ ਨੇ ਸਰਦਾਰ ਨਿਰਮਲ ਸਿੰਘ, ਮਲਕ ਖਜ਼ਾਨ ਸਿੰਘ ਅਤੇ ਰਾਇ ਬਹਾਦਰ ਬੂਟਾ ਸਿੰਘ (ਪਿੰਡੀ) ਦੇ ਹੱਥੀਂ ਸੰਤ ਜੀ ਮਹਾਰਾਜ ਵਾਸਤੇ ਲੰਗਰ ਦੀ ਰਸਦ ਅਤੇ ਦੁਸ਼ਾਲੇ ਭੇਜੇ। ਰਸਦ ਸੰਤ ਜੀ ਨੇ ਰੱਖ ਲਈ, ਪਰ ਦੁਸ਼ਾਲੇ ਇਹ ਆਖ ਕੇ ਮੋੜ ਦਿੱਤੇ ਕਿ 'ਦੁਸ਼ਾਲੇ ਬਾਬਾ ਜੀ ਨੂੰ ਹੀ ਸੋਭਦੇ ਹਨ, ਸਾਨੂੰ ਫਕੀਰਾਂ ਨੂੰ ਭੂਰੀ ਹੀ ਠੀਕ ਹੈ।' ਜਦ ਬਾਬਾ ਜੀ ਨੇ ਸੰਤ ਜੀ ਦਾ ਇਹ ਬਚਨ ਸੁਣਿਆ ਤਦ ਬੜੇ ਪ੍ਰੇਮ ਵਿੱਚ ਸੁਭਾਵਕ ਹੀ ਆਖਿਆ, "ਜੇ ਇਹ ਭੂਰੀ ਏਸੇ ਤਰ੍ਹਾਂ ਰਹੀ ਤਾਂ ਏਸ ਦਾ ਪ੍ਰਤਾਪ ਬਹੁਤ ਵਧੇਗਾ ਤੇ ਏਸ ਦੇ ਅੱਗੇ ਰਾਜੇ ਵੀ ਨਿਵਣਗੇ ਹੁਣ ਭਾਵੇਂ ਸਾਡੇ ਦੁਸ਼ਾਲੇ ਮੋੜ ਦਿੱਤੇ ਹਨ, ਇੱਕ ਦਿਨ ਦੁਸ਼ਾਲੇ ਹੀ ਲੈਣਗੇ।" ਫੇਰ ਬਾਬਾ ਜੀ ਨੇ ਹੋਰ ਖੁੱਲ੍ਹੀ ਰਸਦ ਭੇਜੀ ਅਤੇ ਲੂਨੀ ਵਿੱਚ ਬੜਾ ਭਾਰਾ ਜੱਗ (ਗੁਰੂ ਦਾ ਲੰਗਰ) ਹੋਇਆ।

(੩) ਇੱਕ ਵਾਰ ਭਾਈ ਘਨਈਆ ਲਾਲ, ਭਾਈ ਆਤਮਾ ਸਿੰਘ ਕੋਹਲੀ ਅਤੇ ਭਾਈ ਦੁੱਨਾ ਸਿੰਘ ਨੂੰ ਇਹ ਫੁਰਨਾ ਫੁਰਿਆ ਕਿ ਲੋਕ ਜੋ ਆਖਦੇ ਹਨ ਕਿ ਸੰਤ ਜੀ ਮਹਾਰਾਜ ਦਿਨ-ਰਾਤ ਤਪ ਕਰਦੇ ਰਹਿੰਦੇ ਹਨ, ਦੇਖੀਏ ਤਾਂ ਸਹੀ ਇਹ ਗੱਲ ਕਿੱਥੋਂ ਤੀਕਰ ਠੀਕ ਹੈ। ਤਿੰਨੇ ਪ੍ਰੇਮੀ ਰਾਤ ਦੇ ਵਕਤ ਚੋਰਾਂ ਵਾਂਗੂੰ ਗੁਪਤ ਤੌਰ 'ਤੇ ਲੂਨੀ ਵਿੱਚ ਗਏ ਅਤੇ ਸਾਰੀ ਰਾਤ ਵਾਰੀ-ਵਾਰੀ ਪਹਿਰਾ ਦਿੱਤਾ। ਸੰਤ ਜੀ ਇੱਕ-ਰਸ ਸਮਾਧੀ ਵਿੱਚ ਲੀਨ ਰਹੇ। ਅੰਮ੍ਰਿਤ ਵੇਲੇ ਤਿੰਨੇ ਬੜੇ ਡਰੇ, ਸੰਤ ਜੀ ਮਹਾਰਾਜ ਪਾਸ ਆਏ ਅਤੇ ਚਰਨਾਂ 'ਤੇ ਢਹਿ ਪਏ। ਅਤਿ ਨਿਮਾਣੇ ਹੋ ਕੇ ਬੇਨਤੀ ਕੀਤੀ, "ਮਹਾਰਾਜ! ਬਖ਼ਸ਼ ਲਵੋ! ਸਾਥੋਂ ਬੜੀ ਅਵੱਗਿਆ ਹੋਈ, ਅਸਾਂ ਆਪ ਦੀ ਪ੍ਰੀਖਿਆ ਕੀਤੀ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਐਤਕੀਂ ਤਾਂ ਬਖ਼ਸ਼ ਲਿਆ ਪਰ ਅੱਗੇ ਤੋਂ ਕਿਸੇ ਫ਼ਕੀਰ ਦੀ ਕੋਈ ਪ੍ਰੀਖਿਆ ਨਹੀਂ ਕਰਨੀ।" ਭਾਈ ਆਤਮਾ ਸਿੰਘ ਜੀ ਅਤੇ ਭਾਈ ਦੁੱਨਾ ਸਿੰਘ ਜੀ ਨੇ ਪਿੱਛੋਂ ਅੰਮ੍ਰਿਤ ਛਕ ਲਿਆ। ਭਾਈ ਦੁੱਨਾ ਸਿੰਘ ਜੀ ਨੂੰ ਤਾਂ ਇਤਨਾ ਵੈਰਾਗ ਹੋਇਆ ਕਿ ਉਹ ਘਰ ਛੱਡ ਕੇ 'ਨਾਮ-ਸਿਮਰਨ' ਵਿੱਚ ਲੱਗ ਪਏ ਅਤੇ ਪੂਰੇ ਵਿਰਕਤ ਸਾਧੂ ਹੋਏ।

(੪) ਇੱਕ ਵਾਰੀ ਸੰਤ ਜੀ ਮਹਾਰਾਜ ਕਾਂਸ਼ੀ ਵਿੱਚ ਇਸ਼ਨਾਨ ਕਰਕੇ, ਅੰਮ੍ਰਿਤ ਵੇਲੇ ਜੇਠ ਦੇ ਮਹੀਨੇ ਲੂਨੀ ਦੇ ਰੇਤੇ 'ਤੇ ਆਸਣ ਜਮਾ ਕੇ ਬੈਠ ਗਏ। ਨਾਮ ਵਿੱਚ ਐਸੇ ਲਿਵ-ਲੀਨ ਹੋਏ ਕਿ ਸਰੀਰ ਦੀ ਸੁੱਧ-ਬੁੱਧ ਹੀ ਨਾ ਰਹੀ। ਸਿਖਰ ਦੁਪਹਿਰ ਹੋ ਗਈ। ਸੰਤ ਭਾਈ ਬਾਜ਼ ਸਿੰਘ ਜੀ 'ਦੁੱਖ-ਭੰਜਨੀ' ਬੇਹਾ ਖ਼ਾਲਸਾ ਤੋਂ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਵਾਸਤੇ ਆਏ। ਜਦ ਲੂਨੀ ਵਿੱਚ ਪਹੁੰਚੇ ਤਦ ਕੀ ਵੇਖਦੇ ਹਨ ਕਿ ਕੜਕਦੀ ਧੁੱਪ ਵਿੱਚ ਸੰਤ ਜੀ ਮਹਾਰਾਜ ਅੱਗ ਵਾਂਗੂਣ ਤਪਦੀ ਰੇਤ ਉੱਤੇ ਸਮਾਧੀ ਅਸਥਿਤ ਬੈਠੇ ਹਨ। ਸਰੀਰ ਤੋਂ ਮੁੜਕਾ ਚੋ-ਚੋ ਰੇਤ ਵਿੱਚ ਪੈ ਰਿਹਾ ਹੈ, ਮਾਨੋ ਕਿ ਨਾਮ-ਰਸ ਦੇ ਫਵਾਰੇ ਫੁੱਟ-ਫੁੱਟ ਕੇ ਇਸ ਧਰਤੀ ਨੂੰ ਹਮੇਸ਼ਾ ਲਈ ਆਤਮ-ਜੀਵਨ ਦੀ ਦਾਤ ਬਖਸ਼ ਰਹੇ ਹਨ।

ਭਾਈ ਬਾਜ਼ ਸਿੰਘ ਜੀ ਰੇਤੇ ਵਿੱਚ ਗਏ ਤੇ ਦੂਰੋਂ ਹੀ ਸੰਤ ਜੀ ਮਹਾਰਾਜ ਨੂੰ ਨਮਸਕਾਰ ਕੀਤੀ ਕੁਝ ਚਿਰ ਪਾਸ ਬੈਠਣ ਨੂੰ ਚਿੱਤ ਕੀਤਾ, ਪਰ ਗਰਮੀ ਨੇ ਪੇਸ਼ ਨਾ ਜਾਣ ਦਿੱਤੀ। ਵਾਪਸ ਮੁੜ ਆਏ ਅਤੇ ਦਰਖਤ ਦੀ ਛਾਂਵੇਂ ਆ ਕੇ ਬੈਠ ਗਏ। ਸ਼ਾਮ ਨੂੰ ਰਹਿਰਾਸ ਦੇ ਸਮੇਂ ਸੰਤ ਜੀ ਮਹਾਰਾਜ ਦੀ ਸਮਾਧੀ ਖੁੱਲ੍ਹੀ ਅਤੇ ਦਰਸ਼ਨ ਮੇਲਾ ਹੋਇਆ।

(੫) ਇੱਕ ਪ੍ਰੇਮੀ ਭਾਈ ਗਣੇਸ਼ਾ ਨਾਮੀ ਕੱਲਰ ਦੇ ਰਹਿਣ ਵਾਲਾ ਝੁਮਾਲੀ ਵਾਲੇ ਸੰਤ ਭੀਮ ਸਿੰਘ ਜੀ ਦਾ ਸੇਵਕ ਸੀ। ਇਹ ਇੱਕ ਤਕੜਾ ਡਾਕੂ ਸੀ ਤੇ ਇਸ ਦੀ ਧਾਂਕ ਸਾਰੇ ਇਲਾਕੇ ਵਿੱਚ ਫੈਲੀ ਹੋਈ ਸੀ। ਇਹ ਲੂਨੀ ਦੀਆਂ ਪੁਲਾਹੀਆਂ ਵਿਚ ਆਪਣਾ ਬਹੁਤ ਸਾਰਾ ਸਮਾਂ ਲੁਕ ਕੇ ਬਿਤਾਉਂਦਾ ਹੁੰਦਾ ਸੀ। ਜਦ ਸੰਤ ਜੀ ਮਹਾਰਾਜ ਏਸ ਥਾਂ 'ਤੇ ਆ ਬਿਰਾਜੇ, ਤਦ ਇਨ੍ਹਾਂ ਦੇ ਦਿਨ-ਰਾਤ ਇੱਕ ਆਸਣ 'ਤੇ ਬੈਠ ਕੇ ਤਪ ਕਰੀ ਜਾਣ ਨੇ ਇਸ ਦੇ ਦਿਲ ਵਿੱਚ ਖਿੱਚ ਪਾਈ ਤੇ ਨੇੜੇ ਆਉਣ ਲੱਗ ਪਿਆ। ਦਰਸ਼ਨ ਮੇਲਾ ਕੀਤਾ, ਦਿਲ ਨੂੰ ਠੰਢ ਪਈ ਅਤੇ ਹੌਲੀ-ਹੌਲੀ ਬਚਨ-ਬਿਲਾਸ ਭੀ ਕਰਨ ਲੱਗ ਪਿਆ। ਸ਼ਰਨ ਆਇਆ, ਪਿਛਲੇ ਅਵਗੁੱਣ ਬਖ਼ਸ਼ਾਏ ਅਤੇ ਸੰਤ ਜੀ ਦਾ ਚਰਨ ਸੇਵਕ ਹੋ ਗਿਆ।

ਹੁਣ ਸਤਿਗੁਰੂ ਨਾਨਕ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਦਾ ਪੁਰਬ ਨੇੜੇ ਆ ਗਿਆ। ਸੰਤ ਜੀ ਨੇ ਲੂਨੀ ਵਿੱਚ ਅਖੰਡ ਪਾਠ ਅਤੇ ਜੱਗ (ਗੁਰੂ ਦਾ ਲੰਗਰ) ਕਰਨ ਦਾ ਸੰਕਲਪ ਪ੍ਰਗਟ ਕੀਤਾ। ਭਾਈ ਗਣੇਸ਼ੇ ਨੇ ਸੰਤ ਜੀ ਦਾ ਬਚਨ ਸੁਣ ਕੇ ਕਮਰਕਸਾ ਕਰ ਲਿਆ। ਬੜਾ ਉੱਦਮ ਕੀਤਾ ਅਤੇ ਜੱਗ (ਗੁਰੂ ਦਾ ਲੰਗਰ) ਦੀ ਸਾਰੀ ਸਮੱਗਰੀ, ਬਰਤਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਸ਼ਾਮਿਆਨਾ ਸੰਗਤ ਨਾਲ ਮਿਲ ਕੇ ਲੂਨੀ ਵਿੱਚ ਲੈ ਆਂਦਾ। ਅਖੰਡ ਪਾਠ ਅਰੰਭ ਹੋ ਗਿਆ। ਕੱਲਰ ਦੀ ਸੰਗਤ ਮਾਈ-ਭਾਈ ਦਰਸ਼ਨ ਮੇਲੇ ਵਾਸਤੇ ਹੁੰਮ-ਹੁੰਮਾ ਕੇ ਆਏ। ਅਖੰਡ ਪਾਠ ਦੇ ਦੂਸਰੇ ਦਿਨ ਕੁਝ ਹਨੇਰੀ ਅਤੇ ਮੀਂਹ ਦਾ ਰੰਗ ਬਣਿਆ। ਉਸ ਵਕਤ ਸੰਤ ਜੀ ਆਪ ਪਾਠ ਕਰ ਰਹੇ ਸਨ। ਹਨੇਰੀ ਆਈ, ਮੀਂਹ ਵੀ ਸ਼ੁਰੂ ਹੋ ਗਿਆ, ਪਰ ਸੰਤ ਜੀ ਮਹਾਰਾਜ ਪਾਠ ਕਰੀ ਗਏ। ਥੋੜ੍ਹੇ ਚਿਰ ਪਿੱਛੋਂ ਮੀਂਹ ਹਨੇਰੀ ਟਲ ਗਏ ਮਾਨੋ ਕਦੇ ਕੁਝ ਹੋਇਆ ਹੀ ਨਹੀਂ ਸੀ।

ਤੀਸਰੇ ਦਿਨ ਸਵੇਰੇ ਅਖੰਡ ਪਾਠ ਦਾ ਭੋਗ ਪਿਆ। ਕੱਲਰ ਦੀ ਸਾਰੀ ਸੰਗਤ ਤੇ ਨਾਲ ਦੇ ਪਿੰਡਾਂ ਤੋਂ ਹੋਰ ਮਾਈ-ਭਾਈ ਬਹੁਤ ਆਏ। ਲੰਗਰ ਅਤੁੱਟ ਪੱਕਿਆ ਅਤੇ ਸਾਰਾ ਦਿਨ ਜੱਗ (ਗੁਰੂ ਦਾ ਲੰਗਰ) ਵਰਤਦਾ ਰਿਹਾ। ਇਹ ਜੱਗ (ਗੁਰੂ ਦਾ ਲੰਗਰ) ਅਤੇ ਦੀਵਾਨ ਐਸਾ ਸਫਲ ਹੋਇਆ ਕਿ ਇਸ ਦੀ ਰਮਕ ਹੁਣ ਤੀਕਰ ਕੱਲਰ ਦੇ ਮਾਈ-ਭਾਈ ਦੇ ਹਿਰਦੇ 'ਤੇ ਉੱਕਰੀ ਪਈ ਹੈ। ਭੋਗ ਤੋਂ ਕੁਝ ਸਮਾਂ ਪਿੱਛੋਂ ਸੰਤ ਜੀ ਮਹਾਰਾਜ ਅਛੋਪ ਹੀ ਚਲੇ ਗਏ ਅਤੇ ਡੇਰਾ ਖ਼ਾਲਸਾ ਦੀ ਜੂਹ ਨੂੰ ਜਾ ਨਿਵਾਜਿਆ।

ਕਾਂਡ ੧੮

ਸੋਰਠਿ ਮਹਲਾ ੫

ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥
ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥
ਮੇਰਾ ਗੁਰੁ ਹੋਆ ਆਪਿ ਸਹਾਈ ॥
ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ਰਹਾਉ॥
ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥
ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥
ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥
ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥
ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥
ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥ (੬੧੫)

ਡੇਰਾ ਖਾਲਸਾ ਦੀਆਂ ਸਾਖੀਆਂ

ਲੂਨੀ ਦੇ ਅਖੰਡ ਪਾਠ ਅਤੇ ਜੱਗ (ਗੁਰੂ ਦਾ ਲੰਗਰ) ਸੰਪੂਰਨ ਹੋਣ ਤੋਂ ਥੋੜ੍ਹਾ ਚਿਰ ਮਗਰੋਂ ਸੰਤ ਜੀ ਮਹਾਰਾਜ ਚੁਪੀਤੇ ਹੀ ਕੱਲਰ ਤੋਂ ਚੱਲ ਪਏ ਅਤੇ ਅੱਠ ਕੁ ਮੀਲ ਟੁਰ ਕੇ ਡੇਰਾ ਖ਼ਾਲਸਾ ਆ ਪਹੁੰਚੇ। ਡੇਰਾ ਖ਼ਾਲਸਾ ਮਾਨਕਿਆਲਾ ਸਟੇਸ਼ਨ ਤੋਂ ਚਾਰ ਮੀਲ ਦੀ ਵਿੱਥ ਤੇ ਸਿੱਖਾਂ ਦਾ ਇੱਕ ਪੁਰਾਣਾ ਨਗਰ ਹੈ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਇਹ ਖ਼ਾਲਸਾ ਜੀ ਦਾ ਇੱਕ ਖ਼ਾਸ ਮੁਕਾਮ ਸੀ। ਪਿੰਡ ਭਾਵੇਂ ਛੋਟਾ ਜਿਹਾ ਹੈ, ਪਰ ਇਸ ਵਿੱਚ ਸਿੱਖੀ ਦੇ ਪਿਆਰੇ ਪੁਰਾਣੇ ਆਹਲੂਵਾਲੀਏ ਸਰਦਾਰ ਘਰਾਣੇ ਵਸਦੇ ਸਨ। ਇਲਾਕਾ ਬੜਾ ਸੁੰਦਰ ਅਤੇ ਰਮਣੀਕ ਹੈ। ਪਾਣੀ ਦੇ ਛੋਟੇ-ਵੱਡੇ ਕਈ ਕੱਸ ਅਤੇ ਕੱਸੀਆਂ ਵੱਗ ਰਹੀਆਂ ਹਨ। ਕਈ ਥਾਂ ਕੁਦਰਤੀ ਪਾਣੀ ਧਰਤੀ ਵਿੱਚੋਂ ਸਿੰਮਦਾ ਹੈ। ਥਾਂ-ਥਾਂ ਪੁਲਾਹੀਆਂ ਅਤੇ ਹੋਰ ਬਿਰਛਾਂ ਦੇ ਸੋਹਣੇ-ਸੋਹਣੇ ਝੁੰਡ ਹਨ।

ਇੱਕ ਐਸੇ ਝੁੰਡ ਵਿੱਚ ਵਗਦੇ ਜਲ ਦੇ ਕੰਢੇ ਨਗਰ ਤੋਂ ਮੀਲ ਕੁ ਦੇ ਫਾਸਲੇ 'ਤੇ ਸੰਤ ਜੀ ਮਹਾਰਾਜ ਪਹਿਲੀ ਹਾੜ ਵਾਲੇ ਦਿਨ ਆ ਬੈਠੇ। ਕੱਸ ਦੀ ਰੇਤ ਦਾ ਨਰਮ-ਨਰਮ ਵਿਛਾਉਣਾ ਪਸੰਦ ਆਇਆ। ਸੋ ਉਸ ਵਿੱਚ ਆਸਣ ਜਮਾ ਕੇ ਕਰਤਾਰ ਦੀ ਯਾਦ ਵਿੱਚ ਲਿਵਲੀਨ ਹੋ ਗਏ। ਤਿੰਨ ਦਿਨ ਏਸ ਤਰ੍ਹਾਂ ਬੈਠਿਆਂ ਹੀ ਬੀਤ ਗਏ। ਸਰਦਾਰ ਰੋਚਾਰਾਮ ਸਿੰਘ ਜੀ, ਜੋ ਕਿ ਹਰ ਰੋਜ਼ ਏਸ ਸੁੰਦਰ ਅਤੇ ਰਮਣੀਕ ਥਾਂ ਪਾਸੇ ਵੱਲ ਸੈਰ ਕਰਨ ਆਉਂਦੇ, ਸੰਤ ਜੀ ਨੂੰ ਇਸ ਤਰ੍ਹਾਂ ਬੈਠਿਆਂ ਦੇਖਦੇ ਰਹੇ। ਮਨ ਵਿੱਚ ਖਿਆਲ ਕੀਤਾ ਕਿ ਕੋਈ ਸਾਧ ਆਪਣੀ ਮੌਜ ਵਿੱਚ ਬੈਠਾ ਹੈ, ਆਪ ਹੀ ਉੱਠ ਜਾਵੇਗਾ ਪਰ ਜਦ ਚੌਥੇ ਦਿਨ ਵੀ ਅਡੋਲ ਬੈਠੇ ਵੇਖਿਆ, ਤਦ ਸਰਦਾਰ ਰੋਚਾਰਾਮ ਸਿੰਘ ਜੀ ਆਪਣੇ ਘਰ ਆਏ ਅਤੇ ਪ੍ਰਸ਼ਾਦਾ ਪਕਵਾ ਕੇ ਸੰਤ ਜੀ ਮਹਾਰਾਜ ਵਾਸਤੇ ਲੈ ਗਏ। ਸੰਤ ਜੀ ਨੇ ਪ੍ਰਸ਼ਾਦਾ ਛਕਿਆ। ਸਰਦਾਰ ਰੋਚਾਰਾਮ ਸਿੰਘ ਜੀ ਨਗਰ ਆਏ ਅਤੇ ਸੰਤ ਜੀ ਅਛੋਪ ਹੀ ਸਾਗਰੀ ਚਲੇ ਗਏ।

ਸਾਗਰੀ ਪਿੰਡ ਮਾਨਕਿਆਲਾ ਸਟੇਸ਼ਨ ਤੋਂ ਗੱਡੀਓਂ ਉੱਤਰਦਿਆਂ ਸੱਜੇ ਪਾਸੇ ਦੋ ਕੁ ਮੀਲ ਦੀ ਵਿੱਥ 'ਤੇ

ਸਾਮ੍ਹਣੇ ਨਜ਼ਰ ਆਉਂਦਾ ਹੈ। ਇਹ ਭੀ ਪੋਠੋਹਾਰ (ਅੱਜ-ਕੱਲ੍ਹ ਪਾਕਿਸਤਾਨ) ਦੇ ਇਲਾਕੇ ਵਿੱਚ ਸਿੱਖਾਂ ਦਾ ਇੱਕ ਪੁਰਾਣਾ ਕਸਬਾ ਹੈ। ਏਥੇ ਸੰਤ ਜੀ ਮਹਾਰਾਜ ਨਗਰ ਤੋਂ ਬਾਹਰ ਇੱਕ ਬੋਹੜ ਦੇ ਬ੍ਰਿਛ ਹੇਠ ਜਾ ਬੈਠੇ। ਇੱਕ-ਦੋ ਦਿਨ ਮਧੂਕੜੀ (ਹਰ ਇੱਕ ਘਰ ਤੋਂ ਮੰਗ ਕੇ) ਕਰਕੇ ਪ੍ਰਸ਼ਾਦਾ ਛਕਿਆ।

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥ (੧੬੯)

ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥
ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥੧੬੯॥ (੧੩੭੩)

ਫੇਰ ਇੱਕ ਭੁਝੰਗੀ ਲਹਿਣਾ ਸਿੰਘ (ਪਿੱਛੋਂ ਡਾਕਟਰ ਲਹਿਣਾ ਸਿੰਘ ਜੀ ਮਿਉਂਸੀਪਲ ਕਮੇਟੀ ਅਬੋਹਰ ਦੇ ਪ੍ਰੈਜ਼ੀਡੈਂਟ) ਦਾ ਸੰਤ ਜੀ ਮਹਾਰਾਜ ਨਾਲ ਬੜਾ ਪ੍ਰੇਮ ਹੋ ਗਿਆ। ਇਸ ਨੇ ਸੰਤ ਜੀ ਮਹਾਰਾਜ ਦੇ ਨਗਰ ਆਉਣ ਦਾ ਠੀਕ ਵਕਤ ਤਾੜ ਲਿਆ। ਉਸ ਤੋਂ ਪਹਿਲਾਂ ਹੀ ਇਹ ਦੋ-ਚਾਰ ਘਰਾਂ ਤੋਂ ਵਾਰੀ-ਵਾਰੀ ਪ੍ਰਸ਼ਾਦਾ ਲੈ ਆਵੇ ਅਤੇ ਸੰਤ ਜੀ ਮਹਾਰਾਜ ਦੇ ਆਉਣ ਤੋਂ ਪਹਿਲਾਂ ਹੀ ਜਲ-ਪ੍ਰਸ਼ਾਦਾ ਲੈ ਕੇ ਹਾਜ਼ਰ ਹੋ ਜਾਵੇ ਸੰਤ ਜੀ ਮਹਾਰਾਜ ਇਸ ਦਾ ਪ੍ਰੇਮ ਪੂਰਾ ਕਰਕੇ ਦੂਰ ਜੰਗਲ ਵਿੱਚ 'ਸਿਮਰਨ' ਲਈ ਨਿਕਲ ਜਾਂਦੇ। ਰਾਤ ਦੇ ਸਮੇਂ ਪਿੰਡ ਦੇ ਗੁਰਦੁਆਰੇ ਆ ਜਾਂਦੇ। ਇਸ ਸਮੇਂ ਦੂਰ-ਨੇੜੇ ਦੇ ਨਗਰਾਂ ਦੀ ਸੰਗਤ ਵੀ ਗੁਰਦੁਆਰੇ ਵਿੱਚ ਇਕੱਠੀ ਹੋ ਜਾਂਦੀ ਸੀ। ਸੰਤ ਜੀ ਇਹਨਾਂ ਨੂੰ ਦੋ-ਚਾਰ ਘੜੀਆਂ ਜੋਟੀਆਂ ਦੇ ਸ਼ਬਦ ਬੜੀ ਉੱਚੀ ਸੁਰ ਵਿੱਚ ਪੜ੍ਹਾਉਂਦੇ ਅਤੇ ਫੇਰ ਰਾਤ ਲਈ ਇਕਾਂਤ ਹੋ ਜਾਂਦੇ। ਕਿਸੇ ਨਾਲ ਬਿਨਾਂ ਸ਼ਬਦ ਪੜ੍ਹਨ ਦੇ ਕੋਈ ਗੱਲਬਾਤ ਨਾ ਕਰਦੇ। ਕਈ ਵਾਰ ਜਦ ਬਾਹਰਲੇ ਪਿੰਡਾਂ ਦੀ ਸੰਗਤ ਦਰਸ਼ਨ ਵਾਸਤੇ ਜ਼ਿਆਦਾ ਆ ਜਾਂਦੀ ਤਾਂ ਸੰਤ ਜੀ ਕਈ ਦਿਨ ਪਿੰਡ ਨਾ ਵੜਦੇ, ਫੇਰ ਆਪੇ ਹੀ ਆ ਜਾਂਦੇ।*

ਇਧਰ ਤਾਂ ਮਹਾਰਾਜ ਨੇ ਸਾਗਰੀ ਆ ਕੇ ਇਹ ਰੰਗ ਲਾ ਦਿੱਤਾ ਉੱਧਰ ਡੇਰੇ ਖ਼ਾਲਸੇ ਜਦ ਸਵੇਰੇ ਸਰਦਾਰ ਰੋਚਾਰਾਮ ਸਿੰਘ ਜੀ ਸੈਰ ਕਰਨ ਕਈ ਬਾਹਰ ਕੱਸ ਵੱਲ ਆਏ ਤਦ ਸਾਧੂ ਦਾ ਆਸਣ ਖਾਲੀ ਵੇਖਿਆ। ਚਿੱਤ 'ਤੇ ਬੜੀ ਸੱਟ ਵਜੀ। ਸੋਚ ਵਿੱਚ ਪੈ ਗਏ, ਤਿੰਨ ਦਿਨ ਤਾਂ ਸੇਵਾ ਤੋਂ ਬਿਨਾਂ ਐਵੇਂ ਹੀ ਗਵਾਏ, ਜਦ ਸੇਵਾ ਦਾ ਪ੍ਰੇਮ ਮਨ ਵਿੱਚ ਜਾਗਿਆ ਤਦ ਸਾਧੂ ਜੀ ਇੱਕ ਵਾਰੀ ਹੀ ਪ੍ਰਸ਼ਾਦ ਛਕ ਕੇ ਕਿਧਰੇ ਅਲੋਪ ਹੋ ਗਏ। ਹਰ ਰੋਜ਼ ਏਧਰ ਹੀ ਸੈਰ ਕਰਨ ਆਏ ਅਤੇ ਹਰ ਰੋਜ਼ ਇਸ ਉਡੀਕ ਵਿੱਚ ਰਹੇ ਕਿ ਕਦ ਸੰਤ ਜੀ ਆਉਣ, ਇਹ ਕਿਸ ਤਰ੍ਹਾਂ ਦਰਸ਼ਨ ਕਰ ਕੇ ਤਪੇ ਹੋਏ ਹਿਰਦੇ ਨੂੰ ਠੰਢਾ ਕਰੇ ਅਤੇ ਸੇਵਾ ਨਾਲ ਆਪਣਾ ਜਨਮ ਸਫਲ ਕਰੇ।

ਸਰਦਾਰ ਰੋਚਾਰਾਮ ਸਿੰਘ ਦੀ ਇਸ ਖਿੱਚ ਨੇ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਵੀ ਧੂਹ ਪਾਈ ਅਤੇ ਇੱਕ ਦਿਨ ਆਪੇ ਹੀ ਡੇਰਾ ਖ਼ਾਲਸਾ ਵਿਖੇ ਉਸੇ ਕੱਸ ਦੀ ਰੇਤ ਵਿੱਚ ਆ ਬੈਠੇ। ਜਦ ਸਰਦਾਰ ਆਪਣੇ ਨੇਮ ਅਨੁਸਾਰ ਅੰਮ੍ਰਿਤ ਵੇਲੇ ਸੈਰ ਕਰਨ ਲਈ ਆਇਆ ਤਦ ਰੱਬੀ ਮੂਰਤ ਨੂੰ ਕੱਸ ਵਿੱਚ ਬੈਠੇ ਦੇਖਦਿਆਂ ਹੀ ਨੈਣਾਂ ਅਤੇ ਹਿਰਦੇ ਵਿੱਚ ਠੰਢ ਪੈ ਗਈ। ਦੌੜਿਆ-ਦੌੜਿਆ ਸੰਤ ਜੀ ਮਹਾਰਾਜ ਪਾਸ ਆਇਆ ਅਤੇ ਚਰਨਾਂ 'ਤੇ ਢਹਿ ਪਿਆ। ਕਹਿਣ ਲੱਗਾ, "ਸੰਤ ਜੀ ਮਹਾਰਾਜ! ਬੜੀ ਕ੍ਰਿਪਾ ਕੀਤੀ, ਇਸ ਨਿਮਾਣੇ ਨੂੰ ਫੇਰ ਦਰਸ਼ਨ ਦਿੱਤੇ।" ਫੇਰ ਬੇਨਤੀ ਕਰਕੇ ਸੰਤ ਜੀ ਨੂੰ ਪਿੰਡ ਵਿੱਚ ਆਪਣੀ ਬੈਠਕ ਵਿਖੇ ਲੈ ਆਇਆ ਅਤੇ ਵੀਹ ਦਿਨ ਆਪਣੇ ਪਾਸ ਹੀ ਰਖਿਆ। ਹੁਣ ਸੰਤ ਜੀ ਮਹਾਰਾਜ ਦਾ ਸਰਦਾਰ ਹੋਰਾਂ ਪਾਸ ਡੇਰਾ ਖ਼ਾਲਸੇ ਟਿਕਣ ਦਾ ਸੰਗਤਾਂ ਨੂੰ ਵੀ ਪਤਾ ਲੱਗ ਪਿਆ। ਇਹਨਾਂ ਦੇ ਸਾਥੀ ਭਾਈ ਕਲਿਆਨ ਸਿੰਘ ਜੀ, ਪ੍ਰੇਮ ਸਿੰਘ ਜੀ, ਬੂਟਾ ਸਿੰਘ ਜੀ, ਰਾਗੀ ਸਿੰਘ ਜੀ ਵੀ ਏਥੇ ਨਾਲ ਆ ਰਲੇ।

---

* ਨੋਟ: ਜਬਾਨੀ ਡਾਕਟਰ ਲਹਿਣਾ ਸਿੰਘ ਅਸਿਸਟੈਂਟ ਇੰਜੀਨੀਅਰ, ਪ੍ਰੈਜੀਡੈਂਟ ਮਿਉਂਸੀਪਲ ਕਮੇਟੀ, ਅਬੋਹਰ।

ਇਸ ਸਮੇਂ ਭਾਈ ਬੂਟਾ ਸਿੰਘ ਜੀ ਦੀ ਮਾਤਾ ਮਾਈ ਭਾਗਵੰਤੀ ਦੇ ਘਰ ਟਿਕੀ ਹੋਈ ਸੀ। ਉਸ ਨੇ ਮਾਈ ਭਾਗਵੰਤੀ ਨਾਲ ਸੰਤ ਜੀ ਮਹਾਰਾਜ ਦੀ ਗੱਲਬਾਤ ਚਲਾਈ। ਮਹਾਰਾਜ ਦੀਆਂ ਸਾਖੀਆਂ ਸੁਣ ਕੇ ਭਾਗਵੰਤੀ ਦੇ ਹਿਰਦੇ ਵਿੱਚ ਸੰਤ ਜੀ ਦੇ ਦਰਸ਼ਨ ਦਾ ਬੜਾ ਪ੍ਰੇਮ ਜਾਗ ਪਿਆ। ਭਾਗਵੰਤੀ ਨੇ ਬੂਟਾ ਸਿੰਘ ਜੀ ਦੀ ਮਾਈ ਨੂੰ ਪੁਛਿਆ, "ਮਹਾਰਾਜ ਨੂੰ ਕਿਸ ਤਰ੍ਹਾਂ ਮਿਲਿਆ ਜਾਵੇ?" ਉਸ ਨੇ ਕਿਹਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਪੂਰੇ ਪ੍ਰੇਮ ਨਾਲ ਤਾਜ਼ਾ ਫੁਲਕਾ ਪਕਾ ਕੇ ਚੂਰੀ ਕੁਟ ਲਵੋ, ਫਿਰ ਮਹਾਰਾਜ ਦੇ ਦਰਸ਼ਨ ਲਈ ਚਲਾਂਗੇ।

ਮਾਈ ਭਾਗਵੰਤੀ ਜੀ ਨੇ ਦੂਜੇ ਦਿਹਾੜੇ ਅੰਮ੍ਰਿਤ ਵੇਲੇ ਬੜੇ ਉਤਸ਼ਾਹ ਨਾਲ ਇਸ਼ਨਾਨ ਕੀਤਾ, ਰਸੋਈ ਵਿੱਚ ਪੋਚਾ ਦੇ ਕੇ ਪ੍ਰਸ਼ਾਦ ਸਜਾਇਆ, ਚੂਰੀ ਤਿਆਰ ਕੀਤੀ ਅਤੇ ਭਾਈ ਬੂਟਾ ਸਿੰਘ ਜੀ ਦੀ ਮਾਈ ਨਾਲ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਸਰਦਾਰ ਰੋਚਾਰਾਮ ਸਿੰਘ ਦੀ ਬੈਠਕ ਵਿੱਚ ਗਈ। ਭਾਗਵੰਤੀ ਸੰਕੋਚ ਨਾਲ ਬਾਹਰ ਬੈਠ ਗਈ ਅਤੇ ਬੂਟਾ ਸਿੰਘ ਜੀ ਦੀ ਮਾਤਾ ਅੰਦਰ ਚਲੀ ਗਈ।

ਸੰਤ ਜੀ ਮਹਾਰਾਜ ਇਸ ਵੇਲੇ ਪਲੰਘ 'ਤੇ ਲੇਟੇ ਹੋਏ ਸਨ। ਮਾਈ ਦੇ ਅੰਦਰ ਜਾਂਦਿਆਂ ਹੀ ਉੱਠ ਕੇ ਬੈਠ ਗਏ ਅਤੇ ਕਿਹਾ, "ਆਪਣੀ ਸਾਥਣ ਨੂੰ ਕਿਉਂ ਬਾਹਰ ਛੱਡ ਆਈ ਹੈ? ਉਸ ਨੂੰ ਵੀ ਨਾਲ ਲਿਆ ਅਤੇ ਸਾਡੀ ਵਸਤ ਸਾਡੇ ਹਵਾਲੇ ਕਰ।" ਮਾਈ ਦੌੜੀ-ਦੌੜੀ ਬਾਹਰ ਆਈ ਤੇ ਭਾਗਵੰਤੀ ਨੂੰ ਬੈਠਕ ਅੰਦਰ ਲੈ ਗਈ ਅਤੇ ਚੂਰੀ ਮਹਾਰਾਜ ਦੀ ਭੇਟ ਕੀਤੀ। ਸੰਤ ਜੀ ਮਹਾਰਾਜ ਨੇ ਚੂਰੀ ਆਪ ਵੀ ਛਕੀ, ਸਾਰਿਆਂ ਨੂੰ ਥੋੜ੍ਹੀ-ਥੋੜ੍ਹੀ ਵੰਡੀ ਅਤੇ ਕੁਝ ਸੀਤ ਪ੍ਰਸ਼ਾਦ ਕਟੋਰੇ ਵਿੱਚ ਭਾਗਵੰਤੀ ਨੂੰ ਦਿੱਤਾ। ਭਾਗਵੰਤੀ ਦਰਸ਼ਨ ਕਰ ਕੇ; ਸੀਤ ਪ੍ਰਸ਼ਾਦ ਛਕ ਕੇ ਨਿਹਾਲ ਹੋਈ ਅਤੇ ਗਦ-ਗਦ ਹੋ ਕੇ ਆਪਣੇ ਘਰ ਆਈ। ਏਸ ਦੇ ਰੋਮ-ਰੋਮ ਵਿੱਚ ਸੰਤ ਜੀ ਮਹਾਰਾਜ ਦੇ ਚਰਨ ਕੰਵਲਾਂ ਦਾ ਪ੍ਰੇਮ ਘਰ ਕਰ ਗਿਆ।

ਇੱਕ ਦਿਹਾੜੇ ਰਾਤ ਵੇਲੇ ਭਾਈ ਜਵਾਹਰ ਸਿੰਘ ਜੀ ਦੇ ਘਰ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ ਸੀ। ਪਿਸ਼ਾਵਰ ਤੋਂ ਇੱਕ ਸਾਧੂ, ਜਿਹਨਾਂ ਨੂੰ ਲੋਕ 'ਤਪੀ ਜੀ' ਕਹਿ ਕੇ ਬੁਲਾਉਂਦੇ ਸਨ, ਕੁਝ ਚਿਰ ਤੋਂ ਡੇਰਾ ਖ਼ਾਲਸਾ ਆਏ ਹੋਏ ਸੀ। ਇਹਨਾਂ ਨੂੰ ਭੀ ਭਾਈ ਜਵਾਹਰ ਸਿੰਘ ਜੀ ਨੇ ਪ੍ਰਸ਼ਾਦ ਛਕਣ ਲਈ ਸੱਦਿਆ। ਸਾਰੀ ਸੰਗਤ ਬੈਠ ਗਈ ਅਤੇ ਤਪੀ ਜੀ ਵੀ ਨਾਲ ਹੀ ਸੱਜ ਗਏ। ਜਦ ਪ੍ਰਸ਼ਾਦਾ ਵਰਤ ਗਿਆ ਤਦ ਸਾਰੀ ਸੰਗਤ ਪ੍ਰਸ਼ਾਦਾ ਛਕਣ ਲਗ ਪਈ, ਪਰ ਤਪੀ ਜੀ ਬੈਠੇ ਹੀ ਰਹੇ, ਪ੍ਰਸ਼ਾਦਾ ਨਾ ਛਕਣ। ਤਪੀ ਜੀ ਪ੍ਰਸ਼ਾਦ ਤੋਂ ਪਹਿਲੋਂ ਏਸ ਵਕਤ ਥੋੜ੍ਹੀ 'ਪੰਜ ਰਤਨੀ' ਛਕਦੇ ਹੁੰਦੇ ਸਨ। ਇਹ ਏਸ ਉਡੀਕ ਵਿੱਚ ਰਹੇ ਕਿ ਆਪਣੀ ਚੀਜ਼ ਆਵੇ ਤਾਂ ਪ੍ਰਸ਼ਾਦ ਛਕੀਏ ਅਤੇ ਘਰ ਵਾਲੇ ਏਸ ਸੰਗ ਵਿੱਚ ਕਿ ਸੰਤ ਜੀ ਮਹਾਰਾਜ ਕੀ ਕਹਿਣਗੇ। ਇਤਨੇ ਚਿਰ ਵਿੱਚ ਸੰਤ ਜੀ ਨੇ ਆਪ ਹੀ ਘਰ ਵਾਲਿਆਂ ਨੂੰ ਆਖਿਆ, "ਭਾਈ ਤਪੀ ਜੀ ਦੀ ਵਸਤ ਤਪੀ ਜੀ ਨੂੰ ਲਿਆ ਦਿਓ।" ਹੁਕਮ ਸੁਣਦੇ ਹੀ ਪ੍ਰੇਮੀਆਂ ਨੇ ਤਪੀ ਜੀ ਨੂੰ ਉਨ੍ਹਾਂ ਦੀ ਖੁਰਾਕ ਹਾਜ਼ਰ ਕਰ ਦਿੱਤੀ ਅਤੇ ਤਪੀ ਜੀ ਸੰਗਤ ਨਾਲ ਪ੍ਰਸ਼ਾਦ ਛਕਣ ਲੱਗ ਪਏ। ਪ੍ਰਸ਼ਾਦ ਛਕਣ ਪਿੱਛੋਂ ਤਪੀ ਜੀ ਨੇ ਮਾਈ ਭਾਗਵੰਤੀ ਜੀ ਨੂੰ ਕਿਹਾ ਕਿ ਸੰਤ ਜੀ ਅਵਤਾਰੀ ਜੀਅ ਹਨ, ਬੜੀ ਛੇਤੀ ਪ੍ਰਗਟ ਹੋਣਗੇ ਅਤੇ ਸਾਰੀ ਸ੍ਰਿਸ਼ਟੀ ਦਾ ਉਧਾਰ ਕਰਨਗੇ।

ਹੁਣ ਮਾਈ ਭਾਗਵੰਤੀ ਜੀ ਨੇ ਬੇਨਤੀ ਕੀਤੀ ਕਿ ਦੂਜੇ ਦਿਨ ਸਵੇਰੇ ਪ੍ਰਸ਼ਾਦਾ ਸਾਡੇ ਘਰ ਹੋਵੇ। ਸੰਤ ਜੀ ਮਹਾਰਾਜ ਨੇ ਬੇਨਤੀ ਪ੍ਰਵਾਨ ਕਰ ਲਈ ਪਰ ਕਰਤਾਰ ਦੀ ਨੇਤ, ਪ੍ਰਸ਼ਾਦ ਤਿਆਰ ਹੋਇਆ ਹੀ ਸੀ ਕਿ ਭਾਗਵੰਤੀ ਦੇ ਘਰ ਇੱਕ ਪ੍ਰੇਮੀ ਨੇ ਆ ਸੁਨੇਹਾ ਦਿੱਤਾ ਕਿ ਸੰਤ ਜੀ ਮਹਾਰਾਜ ਮਲਕਪੁਰ ਚਲੇ ਗਏ ਹਨ। ਮਾਈ ਜੀ ਨੇ ਰਜਾਇ ਮੰਨ ਪ੍ਰਸ਼ਾਦਾ ਹੋਰ ਸਾਧ-ਸੰਗਤ ਅਤੇ ਸਿੱਖਾਂ ਨੂੰ ਛਕਾ ਦਿੱਤਾ, ਪਰ ਸੰਤ ਜੀ ਮਹਾਰਾਜ ਦੇ ਆਪਣੇ ਘਰ ਵਿੱਚ ਚਰਨ ਪਵਾਉਣ ਦੀ ਖਿੱਚ ਅੱਗੇ ਨਾਲੋਂ ਕਈ ਗੁਣਾਂ ਹੋਰ ਵੱਧ ਗਈ। ਹਰ ਪਲ ਹਰ ਘੜੀ ਖਿਆਲ ਕਰੇ ਕਿ ਕਦੋਂ ਸੰਤ ਜੀ ਮਹਾਰਾਜ ਆਉਣ ਅਤੇ ਇਸ ਨਿਮਾਣੀ ਦਾ ਚੌਂਕਾ ਪਵਿੱਤਰ ਹੋਵੇ।

ਇੱਧਰ ਮਲਕਪੁਰ, ਜੋ ਮਾਨਕਿਆਲੇ ਦੇ ਪਾਸ ਹੈ, ਦੀ ਸੰਗਤ ਨੇ ਬੜਾ ਪ੍ਰੇਮ ਕੀਤਾ। ਸੰਤ ਜੀ ਮਹਾਰਾਜ ਨੇ ਦੋ ਦਿਨ ਦੀਵਾਨ ਲਾਇਆ। ਉਧਰੋਂ ਮਾਈ ਭਾਗਵੰਤੀ ਦੀ ਖਿੱਚ ਪੈ ਰਹੀ ਸੀ। ਸੰਤ ਜੀ ਨੇ ਸੰਗਤ ਕੋਲੋਂ ਆਗਿਆ ਮੰਗੀ, ਪਰ ਸੰਗਤ ਆਉਣ ਨਾ ਦੇਵੇ, ਰਾਤ ਪਹਿਰਾ ਲਾ ਦਿੱਤਾ। ਜਦ ਸਾਰੇ ਸੌਂ ਗਏ, ਤਦ ਸੰਤ ਜੀ ਮਹਾਰਾਜ ਨੇ ਭਾਈ ਬੂਟਾ ਸਿੰਘ ਜੀ ਨੂੰ ਹੌਲੀ ਜਿਹੀ ਟੋਹ ਕੇ ਜਗਾਇਆ ਅਤੇ ਚੁਪ-ਚਪੀਤੇ ਹੀ ਪਹਿਰੇ ਵਿੱਚੋਂ ਨਿਕਲ ਤੁਰੇ। ਰਸਤਾ ਉੱਚਾ ਨੀਵਾਂ ਸੀ ਤੇ ਕਈ ਕੱਸਾਂ-ਕੱਸੀਆਂ ਵਿੱਚੋਂ ਦੀ ਲੰਘਦਾ ਸੀ, ਪਰ ਰਾਤ ਚਾਨਣੀ ਸੀ। ਜਦ ਇੱਕ ਵੱਡੇ ਕੱਸ ਵਿੱਚ ਆਏ ਤਦ ਦੂਰੋਂ ਇੱਕ ਵਡਾ ਭਾਰੀ ਫਨੀਅਰ ਸਰਪ ਨਜ਼ਰ ਆਇਆ। ਭਾਈ ਬੂਟਾ ਸਿੰਘ ਬਹੁਤ ਡਰਿਆ ਅਤੇ ਕੰਬਣ ਲੱਗ ਪਿਆ ਪਰ ਸੰਤ ਜੀ ਮਹਾਰਾਜ ਨੇ ਉਸ ਨੂੰ ਜੱਫੀ ਵਿੱਚ ਲੈ ਲਿਆ ਅਤੇ ਹੌਂਸਲਾ ਦਿੱਤਾ। ਸਰਪ ਸੰਤ ਜੀ ਮਹਾਰਾਜ ਦੀਆਂ ਤਿੰਨ ਪ੍ਰਕਰਮਾ ਕਰ ਕੇ ਚਲਾ ਗਿਆ। ਏਥੋਂ ਥੋੜੀ ਦੂਰ ਹੀ ਗਏ ਸੀ ਕਿ ਵਰਖਾ ਸ਼ੁਰੂ ਹੋ ਗਈ ਪਰ ਮਾਨਕਿਆਲਾ ਨੇੜੇ ਸੀ, ਛੇਤੀ ਨਾਲ ਅੱਪੜ ਗਏ।

ਰਾਤ ਸੰਤ ਜੀ ਮਹਾਰਾਜ ਨੇ ਮਾਨਕਿਆਲੇ ਹੀ ਬਿਤਾਈ। ਏਥੇ ਅੰਮ੍ਰਿਤ ਵੇਲੇ ਦੀਵਾਨ ਲੱਗਾ, ਸੋ ਕੁ ਮਾਈ-ਭਾਈ ਇਕੱਠੇ ਹੋ ਗਏ। ਮਾਨਕਿਆਲੇ ਤੋਂ ਸੰਤ ਜੀ ਨੇ ਅੰਮ੍ਰਿਤ ਵੇਲੇ ਹੀ ਇੱਕ ਆਦਮੀ ਦੇ ਹੱਥ ਮਾਈ ਭਾਗਵੰਤੀ ਨੂੰ ਸੁਨੇਹਾ ਭੇਜਿਆ ਕਿ ਪ੍ਰਸ਼ਾਦ ਤਿਆਰ ਕਰੋ ਅਸੀਂ ਆ ਰਹੇ ਹਾਂ। ਭਾਗਵੰਤੀ ਅੱਗੇ ਹੀ ਇਸ ਸਿੱਕ ਵਿੱਚ ਸੀ, ਸੁਨੇਹਾ ਮਿਲਦਿਆਂ ਹੀ ਚਿੱਤ ਖਿੜ ਗਿਆ ਅਤੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਤਿਆਰ ਕੀਤਾ। ਦਸ ਵਜੇ ਦੇ ਕਰੀਬ ਸੰਤ ਜੀ ਮਹਾਰਾਜ ਆ ਪਹੁੰਚੇ। ਭਾਗਵੰਤੀ ਨੇ ਚਰਨ ਧੋ ਕੇ ਚਰਨਾਮ੍ਰਿਤ ਲਿਆ, ਨੇਤਰਾਂ ਅਤੇ ਸੀਸ 'ਤੇ ਲਾਇਆ ਅਤੇ ਫੇਰ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਬੀਬੀ ਦਾ ਪ੍ਰੇਮ ਪੂਰਾ ਕਰ ਕੇ ਰਾਤ ਦੇ ਵਕਤ ਸੰਤ ਜੀ ਚੁਪ-ਚਪੀਤੇ ਹੀ ਡੇਰਾ ਖ਼ਾਲਸਾ ਤੋਂ ਕੂਚ ਕਰ ਗਏ।

ਕਾਂਡ ੧੯

ਸੋਰਠਿ ਮਹਲਾ ੫ ॥
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥
ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥ (੬੧੧)

ਮਜੂਰੀ ਕਰਨਾ

ਡੇਰੇ ਖ਼ਾਲਸੇ ਮਾਈ ਭਾਗਵੰਤੀ ਦਾ ਪ੍ਰੇਮ ਪੂਰਾ ਕਰਕੇ ਜਦ ਸੰਤ ਜੀ ਮਹਾਰਾਜ ਪ੍ਰਸ਼ਾਦ ਛਕਣ ਦੇ ਮਗਰੋਂ ਆਰਾਮ ਕਰਨ ਵਾਸਤੇ ਬਾਹਰ ਗਏ ਤਦ ਆਪ ਨੇ ਸਾਥੀਆਂ ਨਾਲ ਸਲਾਹ ਕੀਤੀ ਕਿ ਧਰਮ-ਕਿਰਤ ਦੇ ਪ੍ਰਸ਼ਾਦ ਨਾਲ ਭਜਨ ਵਿੱਚ ਬਿਰਤੀ ਬੜੀ ਚੰਗੀ ਟਿਕਦੀ ਹੈ, ਨਾਲੇ ਅਸੀਂ ਲੋਕਾਂ ਦੇ ਸਿਰ 'ਤੇ ਐਵੇਂ ਭਾਰ ਪਾਉਂਦੇ ਹਾਂ, ਸਾਨੂੰ ਮਜੂਰੀ ਕਰਕੇ ਰੋਟੀ ਖਾਣੀ ਚਾਹੀਦੀ ਹੈ। ਇਹ ਗੁਰਮਤਾ ਕਰਕੇ ਸੰਤ ਜੀ ਜਥੇ ਸਮੇਤ ਕੁਝ ਚਿਰ ਲਈ ਬਿਰਾਜ ਗਏ। ਫੇਰ ਬਾਹਰ ਹੀ ਸਿਮਰਨ ਵਿੱਚ ਲੱਗੇ ਰਹੇ। ਰਾਤ ਡੇਰੇ ਖ਼ਾਲਸੇ ਕਟੀ। ਅੰਮ੍ਰਿਤ ਵੇਲੇ ਕੀਰਤਨ ਦੀ ਸਮਾਪਤੀ ਮਗਰੋਂ ਹੀ ਟੁਰ ਪਏ ਤੇ ਕਨੜਾਲੀ, ਚੌਤਰੇ ਤੋਂ ਹੁੰਦੇ ਹੋਏ ਧਮਿਆਲ ਆ ਪਹੁੰਚੇ ਅਤੇ ਪਿੰਡ ਤੋਂ ਬਾਹਰ ਗੁਫਾ ਵਿੱਚ ਹੀ ਡੇਰਾ ਕੀਤਾ।

ਦੂਜੇ ਦਿਹਾੜੇ ਅੰਮ੍ਰਿਤ ਵੇਲੇ ਭਾਈ ਕਲਿਆਨ ਸਿੰਘ ਜੀ ਅਤੇ ਇੱਕ ਹੋਰ ਸਰੀਰ ਮਜੂਰਾਂ ਦਾ ਵੇਸ ਕਰ ਕੇ, ਪਿੰਡ ਵਿੱਚ ਮਜੂਰੀ ਕਰਨ ਗਏ। ਇੱਕ ਸ਼ਾਹੂਕਾਰ ਦੀ ਹਵੇਲੀ ਬਣ ਰਹੀ ਸੀ। ਉੱਥੇ ਅੱਠ ਆਨੇ ਦਿਹਾੜੀ 'ਤੇ ਕੰਮ ਲੱਗ ਪਏ। ਇਨ੍ਹਾਂ ਨੂੰ ਬੜੀ ਮਿਹਨਤ ਤੇ ਉਤਸ਼ਾਹ ਨਾਲ ਕੰਮ ਕਰਦਿਆਂ ਵੇਖ ਕੇ ਮਕਾਨ ਦੇ ਮਾਲਕ ਨੂੰ, ਜੋ ਕਿ ਇੱਕ ਸਿੱਖ ਸੀ, ਸ਼ੱਕ ਹੋਇਆ ਕਿ ਇਹ ਪ੍ਰੇਮੀ ਮਾਮੂਲੀ ਮਜ਼ਦੂਰ ਨਹੀਂ ਹਨ। ਦੁਪਹਿਰ ਵੇਲੇ ਛੁੱਟੀ ਦੇ ਵਕਤ ਇਹਨਾਂ ਨੂੰ ਸਦ ਕੇ ਪੁੱਛਿਆ ਕਿ ਤੁਸੀਂ ਕੌਣ ਹੋ? ਇਨ੍ਹਾਂ ਉੱਤਰ ਦਿੱਤਾ ਕਿ ਅਸੀਂ ਮਜੂਰ ਹਾਂ। ਮਜੂਰੀ ਕਰਨ ਵਾਸਤੇ ਆਏ ਹਾਂ। ਮਾਲਕ ਮਕਾਨ ਨੇ ਕਿਹਾ ਕਿ ਤੁਸੀਂ ਅੱਧੇ ਦਿਨ ਵਿੱਚ ਹੀ ਸਾਰੇ ਦਿਨ ਦਾ ਕੰਮ ਕਰ ਦਿੱਤਾ ਹੈ ਤੁਸੀਂ ਅੱਠ ਆਨੇ ਲਵੋ ਅਤੇ ਜਾਵੋ, ਪਰ ਇਨ੍ਹਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਆਖਿਆ, "ਇਹ ਨਹੀਂ ਹੋ ਸਕਦਾ ਕਿ ਅਸੀਂ ਕੰਮ ਤਾਂ ਅੱਧਾ ਦਿਨ ਕਰੀਏ ਅਤੇ ਮਜੂਰੀ ਦਿਨ ਦੀ ਲੈ ਲਈਏ।" ਇਹ ਗੱਲ ਸੁਣ ਕੇ ਮਾਲਕ ਮਕਾਨ ਦੇ ਦਿਲ ਵਿੱਚ ਪੱਕਾ ਨਿਸ਼ਚਾ ਹੋ ਗਿਆ ਕਿ ਇਹ ਦੋਵੇਂ ਸੱਜਣ ਮਜ਼ਦੂਰ ਨਹੀਂ

ਹਨ। ਜਦ ਸ਼ਾਮ ਪੈਣ 'ਤੇ ਸਾਰਿਆਂ ਨੂੰ ਮਜੂਰੀ ਵੰਡੀ ਤਦ ਇਨ੍ਹਾਂ ਦੋਹਾਂ ਨੂੰ ਵੀ ਅੱਠ-ਅੱਠ ਆਨੇ ਮਿਲੇ। ਇਹ ਇਸ ਹੱਕ ਦੀ ਮਾਇਆ ਨਾਲ ਰਸਦ ਪਾਣੀ ਲੈ ਕੇ ਬਾਹਰ ਗੁਫਾ ਵਿੱਚ ਗਏ ਅਤੇ ਪ੍ਰਸ਼ਾਦਾ ਤਿਆਰ ਕੀਤਾ।

ਜਦ ਸੰਤ ਜੀ ਮਹਾਰਾਜ ਨੇ ਪ੍ਰਸ਼ਾਦ ਛਕਿਆ ਤਾਂ ਬੜੇ ਗਦ-ਗਦ ਹੋਏ ਤੇ ਕਿਹਾ, "ਅੱਜ ਪ੍ਰਸ਼ਾਦ ਦਾ ਬੜਾ ਹੀ ਅਨੰਦ ਆਇਆ ਹੈ, ਧਰਮ-ਕਿਰਤ ਦੇ ਪ੍ਰਸ਼ਾਦ ਵਿੱਚ ਕੁਦਰਤੀ ਰਸ ਹੁੰਦਾ ਹੈ। ਕਲ ਅਸੀਂ ਵੀ ਤੁਹਾਡੇ ਨਾਲ ਮਜ਼ਦੂਰੀ ਕਰਨ ਚਲਾਂਗੇ।" ਦੂਜੇ ਦਿਨ ਸੰਤ ਜੀ ਮਹਾਰਾਜ ਵੀ ਭੇਸ ਬਦਲ ਕੇ ਮਜ਼ਦੂਰੀ ਤੇ ਜਾ ਲੱਗੇ। ਮਾਲਕ ਮਕਾਨ ਦੇ ਦਿਲ ਵਿੱਚ ਤਾਂ ਪਿਛਲੇ ਦਿਨ ਦਾ ਸ਼ੱਕ ਸੀ ਕਿ ਇਹ ਸੱਜਣ ਮਜ਼ਦੂਰ ਨਹੀਂ ਹਨ, ਇਨ੍ਹਾਂ ਦੀ ਖੇਲ ਵਿੱਚ ਕੋਈ ਖਾਸ ਭੇਦ ਹੈ, ਹੁਣ ਸੰਤ ਜੀ ਮਹਾਰਾਜ ਦੇ ਮਸਤਕ ਦੀ ਚਮਕ ਅਤੇ ਨੇਤਰਾਂ ਵਿੱਚ ਨਾਮ-ਰੰਗ ਦੀ ਮਸਤੀ ਦੇਖ ਕੇ ਇਹ ਸੰਤ ਜੀ ਮਹਾਰਾਜ ਦੀ ਚਰਨੀਂ ਆ ਲੱਗਾ, "ਮਹਾਰਾਜ! ਆਪ ਮਜ਼ਦੂਰ ਨਹੀਂ ਹੋ। ਮੇਰੇ ਗਰੀਬ 'ਤੇ ਮਿਹਰ ਕਰੋ, ਬੈਠ ਕੇ ਦਰਸ਼ਨ ਦਿਓ। ਦਾਸ ਸੇਵਾ ਲਈ ਹਾਜ਼ਰ ਹੈ।" ਏਨੇ ਵਿੱਚ ਨਗਰ ਦੀ ਸੰਗਤ ਦੇ ਕੁਝ ਹੋਰ ਸਰੀਰ ਵੀ ਆ ਗਏ। ਉਨ੍ਹਾਂ ਨੇ ਸੰਤ ਜੀ ਮਹਾਰਾਜ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਤੁਸੀਂ ਅਕਾਲ ਰੂਪ ਸਾਧੂ ਪ੍ਰਤੀਤ ਹੁੰਦੇ ਹੋ, ਸਾਡੇ ਨਗਰ 'ਤੇ ਭਾਰ ਨਾ ਚਾੜ੍ਹੋ ਅਤੇ ਸਾਨੂੰ ਗਰੀਬਾਂ ਨੂੰ ਵੀ ਸੇਵਾ ਕਰਨ ਦਾ ਸਮਾਂ ਬਖ਼ਸ਼ੋ। ਸਾਡਾ ਭਲਾ ਹੋਰ ਕਿਸ ਤਰ੍ਹਾਂ ਹੋਵੇਗਾ।"

ਸੰਤ ਜੀ ਮਹਾਰਾਜ ਨੇ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਹੁਕਮ ਦਿੱਤਾ; ਚੰਗਾ ਸਾਨੂੰ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਘਰਾਂ ਤੋਂ ਪ੍ਰਸ਼ਾਦਾ ਪਹੁੰਚਾ ਦਿਆ ਕਰੋ।' ਸੰਗਤ ਨੇ ਇਹ ਪ੍ਰਬੰਧ ਕਰ ਦਿੱਤਾ। ਧਮਿਆਲ ਵਿੱਚ ਸੰਤ ਜੀ ਮਹਾਰਾਜ ਦੋ ਮਹੀਨੇ ਬਾਹਰ ਗੁਫਾ ਵਿੱਚ ਠਹਿਰੇ, ਨਿੱਤਨੇਮ ਕੀਰਤਨ ਦਾ ਪ੍ਰਵਾਹ ਚਲਾਇਆ ਤੇ ਕਈ ਜੀਵਾਂ ਨੂੰ ਨਾਮ-ਰੰਗ ਦੀ ਕਣੀ ਬਖਸ਼ੀ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੮॥* (੬੦੮)

ਰਾਵਲਪਿੰਡੀ ਇਲਾਕੇ ਵਿੱਚ ਨਾਮ ਬਾਣੀ ਦਾ ਸਿਮਰਨ

ਧਮਿਆਲ ਤੋਂ ਸੰਤ ਜੀ ਮਹਾਰਾਜ ਰਾਵਲਪਿੰਡੀ ਆਏ ਤੇ ਇੱਕ ਮੰਦਰ ਪਾਸ ਆ ਬੈਠੇ। ਅੰਮ੍ਰਿਤ ਵੇਲੇ ੪ ਤੋਂ ੬ ਵਜੇ ਤੀਕਰ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਭੋਗ ਦੇ ਮਗਰੋਂ ਕੁਝ ਚਿਰ ਏਥੇ ਹੀ ਕਰਤਾਰ ਦੀ ਯਾਦ ਵਿੱਚ ਟਿਕੇ ਰਹੇ, ਫੇਰ ਮਸਾਨ ਘਾਟ ਜਾ ਬੈਠੇ। ਉੱਥੇ ਸ਼ਹਿਰ ਰਾਵਲਪਿੰਡੀ ਦੀ ਸੰਗਤ ਬਹੁਤ ਆ ਗਈ, ਮਾਈ-ਭਾਈ ਅਨੇਕ ਤਰ੍ਹਾਂ ਦੇ ਫਲ-ਫੁੱਲ ਅਤੇ ਭੋਜਨ ਲੈ ਕੇ ਹਾਜ਼ਰ ਹੋਏ। ਇਹ ਦੇਖ ਕੇ ਭਾਈ ਪ੍ਰੇਮ ਸਿੰਘ ਜੀ ਨੇ ਆਖਿਆ ਕਿ ਅਸੀਂ ਤਾਂ ਮਜੂਰੀ ਕਰ ਕੇ ਰੋਟੀ ਖਾਣ ਆਏ ਸੀ, ਪਰ ਦੇਖੋ ਕਰਤਾਰ ਨੇ ਇਹ ਕੀ ਰੰਗ ਬਣਾ ਦਿੱਤਾ ਹੈ।

ਮਸਾਨ ਘਾਟ ਦੇ ਨਾਲ ਹੀ ਇੱਕ ਬਾਗ਼ ਹੈ, ਜਿਸ ਦਾ ਨਾਮ 'ਤਪੋ ਬਣ' ਹੈ। ਏਥੇ ਸਭ ਸੰਪ੍ਰਦਾਵਾਂ ਦੇ ਸਾਧੂ ਆ ਕੇ ਬਿਰਾਜਦੇ ਹਨ। ਸੰਤ ਜੀ ਮਹਾਰਾਜ ਦੀ ਸੋਭਾ ਸੁਣ ਕੇ ਇਹ ਸਾਰੇ ਸਾਧੂ ਦਰਸ਼ਨ ਕਰਨ ਲਈ ਆਏ। ਸੰਤ ਜੀ ਬੜੇ ਪ੍ਰੇਮ ਅਤੇ ਆਦਰ ਨਾਲ ਮਿਲੇ; ਪ੍ਰਸ਼ਨ-ਉੱਤਰ ਵਿੱਚ ਸਭ ਦਾ ਘਰ ਪੂਰਾ ਕੀਤਾ। ਉਹ ਸਾਧੂ ਸੰਤ ਜੀ ਮਹਾਰਾਜ ਦੇ ਤੇਜਮਈ ਸਰੂਪ, ਗਰੀਬੀ ਦੇ ਪੂਰਨ ਵਿਚਾਰ ਤੋਂ ਮੋਹਿਤ ਹੋ ਗਏ।

ਮਸਾਨ ਘਾਟ ਤੋਂ ਸੰਤ ਜੀ ਮਹਾਰਾਜ ਜਥੇ ਸਮੇਤ ਰਾਮ ਕੁੰਡ ਚਲੇ ਗਏ ਜੋ ਕਿ ਸ਼ਹਿਰ ਰਾਵਲਪਿੰਡੀ ਤੋਂ ੬ ਕੁ ਮੀਲ ਦੀ ਵਿੱਥ 'ਤੇ ਹੈ। ਏਥੇ ਇੱਕ ਦੋ ਦਿਨ ਤਾਂ ਪਹਾੜੀ ਦੇ ਹੇਠ ਰਹੇ, ਫੇਰ ਉੱਪਰ ਜਾ ਕੇ ਡੇਰਾ ਕੀਤਾ। ਜਦ ਸੰਤ ਜੀ ਪਹਾੜੀ 'ਤੇ ਸਨ, ਰਾਤ ਵੇਲੇ ਦੋ ਵਾਰੀ ਸ਼ੇਰ ਆਇਆ। ਸੰਤ ਜੀ ਮਹਾਰਾਜ ਨੇ ਆਪਣੇ ਸਾਥੀਆਂ

---

* ਨੋਟ: ਏਸ ਮਜੂਰੀ ਕਰਨ ਵਾਲੀ ਸਾਖੀ ਦਾ ਤੱਤ ਭਾਈ ਬੂਟਾ ਸਿੰਘ ਜੀ ਰਾਗੀ, ਮਾਸਟਰ ਛਹਿਬਰ ਸਿੰਘ ਜੀ ਉਪਦੇਸ਼ਕ ਕਾਲਜ ਗੁਜਰਾਂਵਾਲਾ ਅਤੇ ਭਾਈ ਮੋਹਨ ਸਿੰਘ ਜੀ ਵੈਦ ਤਰਨਤਾਰਨ ਦੇ ਬਿਆਨ ਵਿੱਚੋਂ ਕੱਢਿਆ ਹੈ।

ਨੂੰ ਜਗਾ ਕੇ ਸ਼ੇਰ ਦਾ ਦੀਦਾਰ ਕਰਾਇਆ ਤੇ ਨਾਲ ਹੀ ਆਖਿਆ ਕਿ ਤੁਸੀਂ ਤਾਂ ਸੁੱਤੇ ਪਏ ਰਹਿੰਦੇ ਹੋ ਪਰ ਰਾਤ ਸਮੇਂ ਜਾਨਵਰ ਵੀ ਉੱਠ ਕੇ ਕਰਤਾਰ ਦੀ ਯਾਦ ਵਿੱਚ ਲੱਗ ਜਾਂਦੇ ਹਨ।

ਇੱਕ ਦਿਨ ਰਾਮ ਕੁੰਡ ਤੇ ਭਾਈ ਬੂਟਾ ਸਿੰਘ ਜੀ ਰਾਗੀ ਦੀ ਬਿਰਤੀ ਨਾਮ ਸਿਮਰਨ ਵਿੱਚ ਟਿਕ ਗਈ, ਸਰੀਰ ਅਤੇ ਸੰਸਾਰ ਅਭਾਵ ਹੋ ਗਿਆ ਅਤੇ ਆਤਮ-ਰਸ ਦੀ ਲਹਿਰ ਚੱਲ ਪਈ। ਸਾਖੀ ਰੂਪ ਸੰਤ, ਜੋ ਸਭ ਦੇ ਹਿਰਦੇ ਦੇ ਜਾਣੀ-ਜਾਣ ਸਨ, ਭਾਈ ਬੂਟਾ ਸਿੰਘ ਤੇ ਬੜੇ ਪ੍ਰਸੰਨ ਹੋਏ ਅਤੇ ਫ਼ਰਮਾਇਆ ਕਿ ਏਸ ਛਿਨ ਨੂੰ ਇੱਕ-ਰਸ ਪੱਕਾ ਕਰਨਾ ਹੈ।

ਏਕ ਚਿਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥ (ਪਾ: ੧੦)

ਇੱਕ ਦਿਨ ਜਥੇ ਨੇ ਅਰਜ਼ ਕੀਤੀ ਕਿ ਮਹਾਰਾਜ! ਏਸ ਥਾਂ ਸ਼ੇਰ ਆਉਂਦਾ ਹੈ, ਨਾ ਜਾਣੀਏ, ਕਿਸੇ 'ਤੇ ਵਾਰ ਕਰ ਦੇਵੇ। ਸੰਗਤ ਦੀ ਬੇਨਤੀ ਮੰਨ ਕੇ ਸੰਤ ਜੀ ਮਹਾਰਾਜ ਪਹਾੜੀ ਤੋਂ ਹੇਠਾਂ ਉੱਤਰ ਆਏ। ਏਸ ਜਗ੍ਹਾ ਰਾਵਲਪਿੰਡੀ ਅਤੇ ਨੇੜੇ-ਨੇੜੇ ਦੇ ਨਗਰਾਂ ਦੀ ਸੰਗਤ ਬਹੁਤ ਆਉਣ ਲੱਗ ਪਈ। ਕਈ ਜੱਗ (ਗੁਰੂ ਦਾ ਲੰਗਰ) ਹੋਏ, ਅਖੰਡ ਪਾਠਾਂ ਦੇ ਭੋਗ ਪਏ ਅਤੇ ਸਾਧ-ਸੰਗਤ ਦੇ ਜੋੜ ਮੇਲੇ ਹੋਏ।

ਸੰਤ ਜੀ ਮਹਾਰਾਜ ਦੀ ਮਹਿਮਾ ਇਲਾਕੇ ਵਿੱਚ ਬਹੁਤ ਫੈਲ ਗਈ। ਏਥੋਂ ਤਕ ਕਿ ਮੁਸਲਮਾਨ ਵੀ ਦਰਸ਼ਨ ਲਈ ਆਉਣ ਲੱਗ ਪਏ, ਦਰਸ਼ਨ ਕਰ ਕੇ ਨਿਹਾਲ ਹੁੰਦੇ ਤੇ ਆਖਦੇ 'ਇਹ ਸੱਚਾ ਪੀਰ ਹੈ।'

ਰਾਮ ਕੁੰਡ ਤੋਂ ਸੰਤ ਜੀ ਮਹਾਰਾਜ ਰਾਵਲਪਿੰਡੀ ਆਏ ਤੇ ਲੇਈ ਦੇ ਕਿਨਾਰੇ ਆ ਡੇਰਾ ਕੀਤਾ, ਸੰਗਤ ਹੁੰਮ-ਹੁੰਮਾ ਕੇ ਦਰਸ਼ਨ ਨੂੰ ਆਈ ਤੇ ਸ਼ਬਦ ਕੀਰਤਨ ਸ਼ੁਰੂ ਹੋ ਗਿਆ। ਹਰ ਰੋਜ਼ 'ਆਸਾ ਜੀ ਦੀ ਵਾਰ' ਅਤੇ 'ਸੋਦਰੁ' ਦੇ ਦੀਵਾਨ ਲੱਗਦੇ। ਬਾਬੂ ਟੇਕ ਚੰਦ ਜੀ ਤੇ ਮਿਸਤਰੀ ਕਿਸ਼ਨ ਸਿੰਘ ਜੀ ਦਾ ਸੰਤ ਜੀ ਮਹਾਰਾਜ ਨਾਲ ਬਹੁਤ ਪ੍ਰੇਮ ਹੋ ਗਿਆ। ਇਨ੍ਹਾਂ ਨੇ ਬੇਨਤੀ ਕੀਤੀ, "ਮਹਾਰਾਜ! ਹੁਕਮ ਦੇਵੋ ਤਾਂ ਲੇਈ ਦੇ ਕਿਨਾਰੇ ਗੁਫਾਵਾਂ ਬਣ ਜਾਣ।" ਸੰਤ ਜੀ ਮਹਾਰਾਜ ਨੇ ਕਿਹਾ, "ਸਾਧ ਸੰਗਤ ਦੀ ਮਰਜ਼ੀ!" ਥੋੜ੍ਹੇ ਚਿਰ ਵਿੱਚ ਗੁਫਾ ਤਿਆਰ ਹੋ ਗਈਆਂ ਅਤੇ ਸੰਤ ਜੀ ਛੇ ਮਹੀਨੇ ਏਸ ਜਗ੍ਹਾ ਹੀ ਟਿਕੇ ਰਹੇ। ਸਾਰੇ ਸ਼ਹਿਰ ਦੇ ਮਾਈ-ਭਾਈ ਅਤੇ ਸਾਧੂ ਹਰ ਰੋਜ਼ ਦੋ ਵਕਤ ਇਕੱਤਰ ਹੋ ਕੇ ਦਰਸ਼ਨ ਕਰਦੇ, ਕੀਰਤਨ ਨਾਲ ਨਿਹਾਲ ਹੁੰਦੇ।

ਸਾਧ ਕੈ ਸੰਗਿ ਨਹੀ ਕਛੁ ਘਾਲ ॥
ਦਰਸਨੁ ਭੇਟਤ ਹੋਤ ਨਿਹਾਲ ॥ (੨੭੨)

ਇੱਕ ਦਿਹਾੜੇ ਸੰਤ ਜੀ ਮਹਾਰਾਜ ਜਥੇ ਸਮੇਤ ਅੰਮ੍ਰਿਤ ਵੇਲੇ ਗੁਫਾ ਵਿੱਚ ਕੀਰਤਨ ਕਰ ਰਹੇ ਸਨ। ਤਿੰਨ-ਚਾਰ ਸੱਪ ਨਿਕਲੇ ਅਤੇ ਸੰਤ ਜੀ ਮਹਾਰਾਜ ਦੇ ਪਾਸ ਕੀਰਤਨ ਵਿੱਚ ਮਸਤ ਖੇਡਦੇ ਰਹੇ। ਇਨ੍ਹਾਂ ਨੂੰ ਦੇਖ ਕੇ ਭਾਈ ਪ੍ਰੇਮ ਸਿੰਘ ਜੀ ਉੱਠ ਕੇ ਆਉਣ ਲੱਗੇ, ਤਾਂ ਸੰਤ ਜੀ ਨੇ ਫ਼ਰਮਾਇਆ, "ਭਾਣੇ ਵਿੱਚ ਰਹੋ ਅਤੇ ਕਰਤਾਰ ਦੇ ਰੰਗ ਦੇਖੋ!" ਭਾਈ ਬੂਟਾ ਸਿੰਘ ਰਾਗੀ ਨੂੰ ਮਹਾਰਾਜ ਨੇ ਹੁਕਮ ਦਿੱਤਾ ਕਿ ਕੀਰਤਨ ਬੰਦ ਨਹੀਂ ਕਰਨਾ। ਜਿਤਨਾ ਚਿਰ ਕੀਰਤਨ ਹੁੰਦਾ ਰਿਹਾ, ਇਹ ਨਾਗ ਮਸਤੀ ਵਿੱਚ ਬੈਠੇ ਅਨੰਦ ਲੈਂਦੇ ਰਹੇ, ਜਦ ਕੀਰਤਨ ਬੰਦ ਹੋ ਗਿਆ, ਤਦ ਚਲੇ ਗਏ। ਇਹਨਾਂ ਵਿੱਚੋਂ ਇੱਕ ਬੜਾ ਭਾਰੀ ਨਾਗ ਦੋ-ਤਿੰਨ ਦਿਨ ਦੋਵੇਂ ਵੇਲੇ ਦੀਵਾਨ ਵਿੱਚ ਕੀਰਤਨ ਸੁਣਨ ਲਈ ਆਉਂਦਾ ਰਿਹਾ।

ਇੱਕ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਸਾਧ-ਸੰਗਤ ਬੜੀ ਦੇਰ ਨਾਲ ਆਈ। ਸੰਤ ਜੀ ਨੇ ਦੇਰੀ ਦਾ ਕਾਰਨ ਪੁੱਛਿਆ। ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਠਾਕੁਰ ਨਿਹਾਲ ਸਿੰਘ ਜੀ ਆਏ ਹੋਏ ਸਨ,

ਇਸ ਲਈ ਦੇਰੀ ਹੋ ਗਈ ਹੈ। ਸੰਤ ਜੀ ਨੇ ਸੁਤੇ-ਸਹਿਜ ਹੀ ਬਚਨ ਕੀਤਾ ਕਿ ਸਾਨੂੰ ਦਰਸ਼ਨ ਨਹੀਂ ਹੋਏ।

ਰਾਵਲਪਿੰਡੀ ਤੋਂ ਸੰਤ ਜੀ ਮਹਾਰਾਜ ਖਾਨ ਪੁਰ ਵਾਲੇ ਰਸਤੇ ਹਰੀਪੁਰ ਚਲੇ ਗਏ ਅਤੇ ਬਾਹਰ ਬਾਗ਼ ਵਿੱਚ ਜਾ ਡੇਰਾ ਲਾਇਆ। ਆਸਣ ਅਜੇ ਕੀਤਾ ਹੀ ਸੀ ਕਿ ਝੱਟ ਠਾਕੁਰ ਨਿਹਾਲ ਸਿੰਘ ਜੀ ਆ ਪਹੁੰਚੇ।

ਸੰਤ ਜੀ ਅਤੇ ਠਾਕੁਰ ਜੀ ਬੜੇ ਪ੍ਰੇਮ ਨਾਲ ਮਿਲੇ, ਆਪਸ ਵਿੱਚ ਪ੍ਰਣਾਮ ਕੀਤਾ। ਸੰਤ ਜੀ ਮਹਾਰਾਜ ਇੱਕ ਮਹੀਨਾ ਹਰੀਪੁਰ ਠਹਿਰੇ। ਦੋ ਵਕਤ ਕੀਰਤਨ ਹੁੰਦਾ ਅਤੇ ਠਾਕੁਰ ਜੀ ਹਰ ਰੋਜ਼ ਕੀਰਤਨ ਵਿੱਚ ਆਉਂਦੇ।

ਇੱਕ ਦਿਨ ਸੰਤ ਜੀ ਮਹਾਰਾਜ ਕਹਿਣ ਲੱਗੇ ਕਿ ਆਪਣੀ ਚੀਜ਼ ਵਸਤ ਸੰਭਾਲ ਰੱਖਣੀ, ਰਾਤ ਨੂੰ ਬੜਾ ਤੂਫਾਨ ਆਉਣਾ ਹੈ। ਸੰਤ ਜੀ ਹਰੀਪੁਰ ਤੋਂ ਟੁਰ ਪਏ। ਅਜੇ ਚਾਰ ਕੁ ਮੀਲ ਆਏ ਸਨ ਕਿ ਬੜੀ ਸਖ਼ਤ ਹਨ੍ਹੇਰੀ ਆਈ। ਰਾਗੀ ਨਰਾਇਣ ਸਿੰਘ ਸਰੰਦੇ ਵਾਲਾ ਰੋਣ ਲੱਗ ਪਿਆ ਕਿ ਮਹਾਰਾਜ! ਡਰ ਆਉਂਦਾ ਹੈ। ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਸਭ ਇੱਕ ਦੂਜੇ ਦੀ ਬਾਂਹ ਫੜ ਕੇ ਘੇਰਾ ਬੰਨ੍ਹ ਕੇ ਬੈਠ ਜਾਓ। ਬਚਨ ਹੁੰਦਿਆਂ ਹੀ ਸਭ ਨੇ ਇੱਕ ਦੂਜੇ ਦੀ ਬਾਂਹ ਫੜ ਲਈ ਅਤੇ ਘੇਰਾ ਬਣਾ ਕੇ ਬੈਠ ਗਏ! ਸਾਧ ਸੰਗਤ ਦੇ ਏਸ ਜੀਊਂਦੇ ਜਾਗਦੇ ਕਿਲ੍ਹੇ ਦੇ ਵਿਚਕਾਰ ਰਾਗੀ ਨਰਾਇਣ ਸਿੰਘ ਜੀ ਨੂੰ ਲਿਆ ਗਿਆ। ਜਦ ਹਨੇਰੀ ਦਾ ਜ਼ੋਰ ਕੁਝ ਘਟ ਗਿਆ ਤਦ ਏਸੇ ਤਰ੍ਹਾਂ ਹੀ ਟੁਰ ਪਏ ਅਤੇ ਦੋ ਕੁ ਮੀਲ 'ਤੇ ਇੱਕ ਚਾਰ-ਦੀਵਾਰੀ ਵਿੱਚ ਬਿਰਾਜ ਗਏ।

ਅੰਮ੍ਰਿਤ ਵੇਲੇ ਪਤਾ ਲੱਗਾ ਕਿ ਨਾਲ ਹੀ ਪਿੰਡ ਮਖਸੂਦ ਦਾ ਗੁਰਦੁਆਰਾ ਹੈ। ਇਸ਼ਨਾਨ ਪਾਣੀ, ਨਿੱਤਨੇਮ ਦੇ ਮਗਰੋਂ ਇਸ ਗੁਰਦੁਆਰੇ ਵਿੱਚ ਆਸਾ ਜੀ ਦੀ ਵਾਰ ਦਾ ਦੀਵਾਨ ਲੱਗਾ। ਪਿੰਡ ਦੀ ਸਾਰੀ ਸੰਗਤ ਇਕੱਤਰ ਹੋ ਗਈ।

ਇੱਧਰ ਤਾਂ ਸੰਤ ਜੀ ਮਹਾਰਾਜ ਮਖਸੂਦ ਅੱਪੜ ਗਏ, ਉੱਧਰ ਹਰੀਪੁਰ ਵਿੱਚ ਹਨੇਰੀ ਦੇ ਕਾਰਨ ਠਾਕੁਰ ਨਿਹਾਲ ਸਿੰਘ ਜੀ ਦੀ ਲੱਤ ਟੁੱਟ ਗਈ ਅਤੇ ਹੋਰ ਤਕੜੀ ਸੱਟ ਲੱਗੀ। ਠਾਕੁਰ ਜੀ ਨੇ ਉਸੇ ਵੇਲੇ ਕਹਿ ਦਿੱਤਾ ਕਿ ਸਾਨੂੰ ਪ੍ਰਲੋਕ ਦੇ ਸੁਨੇਹੇ ਆ ਗਏ ਹਨ, ਸੰਤ ਜੀ ਮਹਾਰਾਜ ਨੂੰ ਲੱਭ ਕੇ ਲਿਆਵੋ।

ਸੰਗਤ ਵਿੱਚੋਂ ਕੁਝ ਸਰੀਰ ਉਸੇ ਵਕਤ ਸੰਤ ਜੀ ਮਹਾਰਾਜ ਦੀ ਢੂੰਡ-ਭਾਲ ਵਾਸਤੇ ਟੁਰ ਪਏ ਅਤੇ ਅੰਮ੍ਰਿਤ ਵੇਲੇ ਮਖਸੂਦ ਦੀਵਾਨ ਵਿੱਚ ਅੱਪੜ ਗਏ। ਦੀਵਾਨ ਦੇ ਭੋਗ ਮਗਰੋਂ ਪ੍ਰੇਮੀਆਂ ਨੇ ਠਾਕੁਰ ਜੀ ਦੀ ਸਾਰੀ ਵਿੱਥਿਆ ਆਖ ਸੁਣਾਈ। ਸੰਤ ਜੀ ਮਹਾਰਾਜ ਉਸੇ ਵਕਤ ਵਾਪਸ ਹਰੀਪੁਰ ਵੱਲ ਟੁਰ ਪਏ, ਠਾਕੁਰ ਨਿਹਾਲ ਸਿੰਘ ਜੀ ਦਾ ਦਰਸ਼ਨ ਮੇਲਾ ਕੀਤਾ ਅਤੇ ਇੱਕ ਹਫ਼ਤਾ ਹੋਰ ਹਰੀਪੁਰ ਰਹੇ ਬੜਾ ਸਤਿਸੰਗ ਹੋਇਆ।

ਇਸ ਸਮੇਂ ਇੱਕ ਦਿਨ ਸੰਤ ਜੀ ਮਹਾਰਾਜ ਜਥੇ ਸਮੇਤ ਇੱਕ ਬਾਗ ਵਿੱਚ ਜਾ ਬੈਠੇ। ਉੱਥੇ ਚਾਲ੍ਹੀ-ਪੰਜਾਹ ਮੁਸਲਮਾਨ ਫ਼ਕੀਰ ਬੈਠੇ ਹੋਏ ਹੁੱਕਾ ਪੀ ਰਹੇ ਸਨ। ਸੰਤ ਜੀ ਦਾ ਦਰਸ਼ਨ ਕਰਦੇ ਹੀ ਫ਼ਕੀਰਾਂ ਨੇ ਹੁੱਕੇ ਚੁੱਕ ਦਿੱਤੇ ਅਤੇ ਸਾਰੇ ਦੇ ਸਾਰੇ ਬੜੇ ਪ੍ਰੇਮ ਨਾਲ ਬੋਲ ਉੱਠੇ ਕਿ ਅੱਲ੍ਹਾ ਦਾ ਨੂਰ ਹੈ, ਦਰਸ਼ਨ ਕਰੋ, ਇਹ ਰੱਬ ਦਾ ਫ਼ਕੀਰ ਸਭ ਦਾ ਸਾਂਝਾ ਹੈ, ਇਸ ਦਾ ਦੀਦਾਰ ਅੱਲ੍ਹਾ ਪਾਕ ਦਾ ਦੀਦਾਰ ਹੈ। ਇਹ ਕਹਿ ਕੇ ਸਾਰੇ ਫ਼ਕੀਰ ਸੰਤ ਜੀ ਮਹਾਰਾਜ ਦੇ ਆਲੇ-ਦੁਆਲੇ ਬਹਿ ਗਏ। ਉਨ੍ਹਾਂ ਦਾ ਪ੍ਰੇਮ ਦੇਖ ਕੇ ਸੰਤ ਜੀ ਮਹਾਰਾਜ ਨੇ ਜਥੇ ਨੂੰ ਸਾਜ ਖੋਲ੍ਹਣ ਦਾ ਹੁਕਮ ਦਿੱਤਾ। ਪਲ ਦੇ ਪਲ ਵਿੱਚ ਦੀਵਾਨ ਲੱਗ ਗਿਆ ਅਤੇ ਸੰਤ ਜੀ ਮਹਾਰਾਜ ਨੇ ਇੱਕ ਖਾਸ ਇਲਾਹੀ ਰੰਗ ਵਿੱਚ ਇਹ ਸ਼ਬਦ ਤਿਲੰਗ ਰਾਗ ਵਿੱਚ ਪੜ੍ਹਿਆ:

ਰਾਗੁ ਤਿਲੰਗ ਮਹਲਾ ੧ ਘਰੁ ੧

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ਰਹਾਉ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥ (੭੨੧)

ਬਸ ਹੁਣ ਕੀ ਸੀ, ਸਾਰੇ ਫ਼ਕੀਰ ਵਜਦ ਵਿੱਚ ਆ ਗਏ, ਸੰਤ ਜੀ ਮਹਾਰਾਜ ਨੂੰ ਸਿਜਦੇ ਕਰਨ ਲੱਗ ਪਏ ਅਤੇ 'ਵਾਹ ਤੇਰੀ ਕੁਦਰਤ' 'ਸੁਬ੍ਹਾਨ ਅੱਲ੍ਹਾ' ਦੇ ਨਾਹਰੇ ਬੁਲੰਦ ਕੀਤੇ। ਸਭ ਦੇ ਹਿਰਦੇ ਵਿੱਚ ਵੈਰਾਗ ਅਤੇ ਪ੍ਰੇਮ ਠਾਠਾਂ ਮਾਰਨ ਲੱਗ ਪਿਆ ਅਤੇ ਏਸ ਰੰਗ ਵਿੱਚ ਦੋ ਘੜੀ ਰੱਬੀ ਨੂਰ ਦੇ ਜ਼ਹੂਰ ਵਿੱਚ ਸਭ ਨੇ ਏਕਤਾ ਦਾ ਅਰਸ਼ੀ-ਰਸ ਲਿਆ।

ਜਦ ਦੀਵਾਨ ਦਾ ਭੋਗ ਪਿਆ ਤਦ ਫ਼ਕੀਰਾਂ ਦੀ ਜਮਾਤ ਨੇ ਅਰਜ਼ ਕੀਤੀ ਕਿ ਹਜ਼ੂਰ! ਰਸਦ ਹਾਜ਼ਰ ਹੈ, ਪ੍ਰਸ਼ਾਦ ਤਿਆਰ ਕਰਵਾ ਦਿੰਦੇ ਹਾਂ, ਮਿਹਰ ਕਰਕੇ ਸਾਡੀ ਇਹ ਖਿਦਮਤ ਕਬੂਲ ਕਰੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, 'ਸਾਡਾ ਪ੍ਰਸ਼ਾਦ ਸ਼ਹਿਰ ਵਿੱਚ ਇੱਕ ਪ੍ਰੇਮੀ ਦੇ ਘਰ ਤਿਆਰ ਹੈ, ਪ੍ਰਸ਼ਾਦਾ ਉੱਥੇ ਛਕਾਂਗੇ। ਅਸੀਂ ਤਾਂ ਦੀਦਾਰ ਕਰਨ ਵਾਸਤੇ ਬਾਗ਼ ਵਿੱਚ ਆਏ ਸੀ।' ਇਹ ਸੁਣ ਕੇ ਫ਼ਕੀਰਾਂ ਨੇ ਸੰਤ ਜੀ ਦੀ ਰਜ਼ਾ ਮੰਨ ਲਈ ਅਤੇ ਬੜੇ ਅਦਬ ਨਾਲ ਸੰਤ ਜੀ ਨੂੰ ਵਿਦਾ ਕੀਤਾ।

ਇੱਕ ਦਿਨ ਗ੍ਰੰਥੀ ਬਚਨ ਸਿੰਘ (ਜੋ ਸੰਤ ਜੀ ਮਹਾਰਾਜ ਨਾਲ ਹਰੀਪੁਰ ਗਿਆ ਸੀ) ਸੰਤ ਜੀ ਮਹਾਰਾਜ ਦੇ ਪਿੱਛੇ-ਪਿੱਛੇ ਬਜ਼ਾਰ ਵਿੱਚੋਂ ਦੀਵਾਨ ਵੱਲ ਜਾ ਰਿਹਾ ਸੀ ਕਿ ਚੋਹਾ ਖ਼ਾਲਸਾ ਦੇ ਰਹਿਣ ਵਾਲੇ ਭਾਈ ਹਰੀ ਸਿੰਘ ਨੇ (ਜਿਸ ਦੀ ਸ਼ਰਾਬ ਦੀ ਹੱਟੀ ਸੀ) ਏਸ ਨੂੰ ਬਾਹੋਂ ਫੜ ਕੇ ਰੋਕ ਲਿਆ ਅਤੇ ਪਿੰਡ ਦੀ ਸੁੱਖ-ਸਾਂਦ ਪੁੱਛੀ, ਉਸ ਨੂੰ ਆਪਣੀ ਹੱਟੀ ਵਿੱਚ ਲੈ ਗਿਆ ਅਤੇ ਚਾਰ-ਪੰਜ ਮਿੰਟ ਬਿਠਾ ਕੇ ਆਪਣੇ ਰਿਸ਼ਤੇਦਾਰਾਂ ਦੀ ਬਾਬਤ ਗੱਲਬਾਤ ਕੀਤੀ। ਸੰਤ ਜੀ ਮਹਾਰਾਜ ਅੱਗੇ ਚਲੇ ਗਏ ਸਨ। ਭਾ: ਬਚਨ ਸਿੰਘ ਏਥੋਂ ਉੱਠ ਕੇ ਦੀਵਾਨ ਵਿੱਚ ਪੁੱਜਾ। ਜਦ ਦੀਵਾਨ ਦਾ ਭੋਗ ਪੈ ਗਿਆ, ਤਾਂ ਇੱਕ ਪ੍ਰੇਮੀ ਨੇ ਉੱਠ ਕੇ ਭਰੇ ਦੀਵਾਨ ਵਿੱਚ ਸ਼ਕਾਇਤ ਕੀਤੀ ਕਿ ਮਹਾਰਾਜ! ਆਪ ਦਾ ਇੱਕ ਸੇਵਕ ਆਬਕਾਰੀ ਵਿੱਚ ਵੜਿਆ ਹੋਇਆ ਸੀ, ਉਸ ਨੂੰ ਤਨਖਾਹ ਲੱਗਣੀ ਚਾਹੀਦੀ ਹੈ। ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਪੁੱਛ ਕੀਤੀ। ਉਸੇ ਵੇਲੇ ਭਾਈ ਹਰੀ ਸਿੰਘ, ਜੋ ਭਾਈ ਬਚਨ ਸਿੰਘ ਦੇ ਥੋੜ੍ਹੇ ਚਿਰ ਪਿੱਛੋਂ ਹੀ ਦੀਵਾਨ ਵਿੱਚ ਪਹੁੰਚ ਗਿਆ ਸੀ, ਖੜ੍ਹਾ ਹੋ ਗਿਆ ਅਤੇ ਅਰਜ਼ ਕੀਤੀ ਕਿ ਮਹਾਰਾਜ! ਮੇਰੀ ਹੱਟੀ ਸ਼ਰਾਬ ਦੀ ਹੈ। ਮੈਂ ਬਾਹੋਂ ਖਿੱਚ ਕੇ ਪਿੰਡ ਅਤੇ ਕੁਟੰਬੀਆਂ ਦੀ ਸੁੱਖ-ਸਾਂਦ ਪੁੱਛਣ ਲਈ ਭਾਈ ਬਚਨ ਸਿੰਘ ਜੀ ਨੂੰ ਪੰਜ ਕੁ ਮਿੰਟ ਲਈ ਅੰਦਰ ਜ਼ਰੂਰ ਬਿਠਾਇਆ ਸੀ। ਏਸ ਨੇ ਸ਼ਰਾਬ ਕੋਈ ਨਹੀਂ ਪੀਤੀ।

ਇਹ ਸੁਣ ਸੰਤ ਜੀ ਮਹਾਰਾਜ ਹੱਸ ਪਏ ਅਤੇ ਆਖਿਆ ਕਿ ਭਾਈ ਬਚਨ ਸਿੰਘ ਨੇ ਕੁਸੰਗਤ ਭਾਵੇਂ ਬੜੀ ਥੋੜ੍ਹੀ ਅਤੇ ਅਣਭੋਲ ਕੀਤੀ ਹੈ, ਪਰ ਉਸ ਦਾ ਫਲ ਕਿੰਨੀ ਬਦਨਾਮੀ ਦਾ ਹੋਇਆ ਹੈ। ਸੋ ਸਾਧ-ਸੰਗਤ ਜੀ! ਕੁਸੰਗ ਤੋਂ ਬਚੋ।

ਜਦ ਹਰੀਪੁਰ ਪਿੰਡ ਮਖ਼ਸੂਦ ਤੋਂ ਆਇਆਂ ਸੱਤ ਦਿਨ ਹੋ ਗਏ ਤਦ ਸੰਤ ਜੀ ਮਹਾਰਾਜ ਜੀ ਨੇ ਜੱਥੇ ਨੂੰ ਹੁਕਮ ਦਿੱਤਾ ਕਿ ਠਾਕੁਰ ਨਿਹਾਲ ਸਿੰਘ ਜੀ ਅਤੇ ਸਾਧ-ਸੰਗਤ ਦਾ ਪ੍ਰੇਮ ਲੈ ਲਿਆ ਹੈ, ਹੁਣ ਠਾਕੁਰ ਜੀ ਦੇ ਚਲਾਣੇ ਦਾ ਸਮਾਂ ਆ ਗਿਆ ਹੈ। ਸਾਡਾ ਹੁਣ ਕੂਚ ਕਰਨਾ ਯੋਗ ਹੈ, ਕਿਧਰੇ ਠਾਕੁਰ ਜੀ ਬੰਧਨ ਵਿੱਚ ਹੀ ਨਾ ਪਾ ਦੇਣ। ਨਾਲ ਹੀ ਠਾਕੁਰ ਜੀ ਦੀ ਮਰਿਆਦਾ ਸਨਾਤਨੀ ਹੈ ਅਤੇ ਆਪਣੀ ਖ਼ਾਲਸਾ। ਇਹ ਕਹਿ ਕੇ ਚੁਪੀਤੇ ਹੀ ਸੰਤ ਜੀ ਜਥੇ ਸਮੇਤ ਟੁਰ ਪਏ ਅਤੇ ਪੰਜਾ ਸਾਹਿਬ ਦੇ ਰਸਤੇ ਸਿੱਧੇ ਕਨੋਹੇ ਆ ਪਹੁੰਚੇ।

ਦੂਸਰੇ ਦਿਨ ਹਰੀਪੁਰ ਵਿੱਚ ਠਾਕੁਰ ਨਿਹਾਲ ਸਿੰਘ ਜੀ ਦਾ ਸਰੀਰ ਸ਼ਾਂਤ ਹੋ ਗਿਆ।

ਕਾਂਡ ੨੦

ਮਾਝ ਮਹਲਾ ੪ ॥

ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥
ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥
ਕੋਈ ਸਜਣੁ ਸੰਤੁ ਮਿਲੈ ਵਡਭਾਗੀ
ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥
ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥
ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥
ਮਿਲਿ ਸਤਸੰਗਤਿ ਖੋਜੁ ਦਸਾਈ
ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥
ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ
ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥
ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥
ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥
ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ
ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥ (੯੪)

ਪੋਠੋਹਾਰ ਇਲਾਕੇ ਵਿੱਚ ਵਿਚਰਨਾ

ਭਾਈ ਵਜ਼ੀਰ ਸਿੰਘ ਜੀ ਦੇ ਚਲਾਣੇ ਮਗਰੋਂ ਸੱਤ ਅਖੰਡ ਪਾਠਾਂ ਦਾ ਭੋਗ ਪਾ ਕੇ ਅਤੇ ਆਪਣੇ ਪ੍ਰੇਮੀ ਦਾ ਜੱਗ ਸੰਪੂਰਨ ਕਰ ਕੇ ਅਰ ਮਾਈ ਭਾਗਭਰੀ ਤੇ ਭੁਝੰਗੀ ਹੀਰਾ ਸਿੰਘ ਨੂੰ ਦਿਲਾਸਾ ਦੇ ਕੇ ਸੰਤ ਜੀ ਮਹਾਰਾਜ ਕੱਲਰ ਲੂਨੀ ਵਿੱਚ ਤਪ ਕਰਨ ਚਲੇ ਗਏ ਤੇ ਭਾਈ ਨੰਦ ਸਿੰਘ ਜੀ ਨੂੰ ਹੁਕਮ ਦੇ ਗਏ ਕਿ ਸਾਨੂੰ ਕਦੇ ਵੀ ਸੱਦਣ ਨਹੀਂ ਆਉਣਾ; ਅਸੀਂ ਆਪ ਹੀ ਕਰਤਾਰ ਦੇ ਹੁਕਮ ਵਿੱਚ ਕਨੋਹੇ ਆ ਜਾਇਆ ਕਰਾਂਗੇ।

ਏਧਰ ਤਾਂ ਸੰਤ ਜੀ ਮਹਾਰਾਜ ਨੇ ਕੱਲਰ, ਡੇਰਾ ਖ਼ਾਲਸਾ, ਸਾਗਰੀ, ਮਲਕਪੁਰ, ਹਰੀਪੁਰ ਅਤੇ ਹੋਰ ਕਈ ਥਾਂਵਾਂ ਦੇ ਜੀਵਾਂ ਨੂੰ ਨਾਮ ਅਤੇ ਕੀਰਤਨ ਦੇ ਰਸ ਵਿੱਚ ਲਿਆਂਦਾ, ਓਧਰ ਵਿਚਾਰੀ ਭਾਗਭਰੀ ਇੱਕ ਤਾਂ ਪਤੀ ਦੇ ਵਿਛੋੜੇ ਦੇ ਸੱਲ੍ਹ ਅਤੇ ਦੂਜੇ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਦੀ ਸਿੱਕ ਵਿੱਚ ਬਿਰਹੋਂ ਦੀ ਕੁੱਠੀ ਦਿਨ-ਰਾਤ ਗੁਰੂ ਕਲਗੀਧਰ ਜੀ ਦੇ ਚਰਨਾਂ ਵਿੱਚ ਅਰਦਾਸ ਕਰੇ ਕਿ ਹੇ ਸੱਚੇ ਪਾਤਸ਼ਾਹ! ਕਦੋਂ ਉਹ ਦਿਨ ਆਵੇਗਾ, ਜਦ ਆਪ ਦੇ ਪੂਰਨ ਗੁਰਸਿੱਖ ਨਾਮ-ਬਾਣੀ ਤੇ ਪ੍ਰੇਮ ਦੇ ਪੁੰਜ ਸੰਤ ਜੀ ਮਹਾਰਾਜ ਦੇ ਦਰਸ਼ਨ ਹੋਣਗੇ। ਭੁਝੰਗੀ

ਹੀਰਾ ਸਿੰਘ ਵੀ ਆਪਣੀ ਮਾਤਾ ਨੂੰ ਤੋਤਲੀ-ਤੋਤਲੀ ਬੋਲੀ ਵਿੱਚ ਰੋਜ਼ ਕਈ ਵਾਰ ਪੁੱਛੇ, "ਅੰਮੀ ਜੀ! ਮਹਾਰਾਜ ਕਿੱਥੇ ਗਏ, ਕਦ ਆਸਣ?"

ਇਨ੍ਹਾਂ ਪ੍ਰੇਮੀ ਜੀਵੜਿਆਂ ਦੀ ਪੁਕਾਰ ਅਤੇ ਦਿਲ ਦੀ ਸੱਚੀ ਖਿੱਚ ਨੇ ਰੰਗ ਲਿਆਂਦਾ ਅਤੇ ਸੰਤ ਜੀ ਮਹਾਰਾਜ ਹਰੀਪੁਰ ਤੋਂ ਕਨੋਹੇ ਆ ਪਹੁੰਚੇ। ਸਿੱਧਾ ਭਾਈ ਵਜ਼ੀਰ ਸਿੰਘ ਜੀ ਦੇ ਘਰ ਆਏ। ਮਾਈ ਭਾਗਭਰੀ ਨੇ ਦੂਰੋਂ ਹੀ ਸੰਤ ਜੀ ਮਹਾਰਾਜ ਨੂੰ ਆਉਂਦਿਆਂ ਦੇਖ ਲਿਆ। ਦੌੜੀ-ਦੌੜੀ ਘਰੋਂ ਬਾਹਰ ਆਈ ਅਤੇ ਚਰਨਾਂ 'ਤੇ ਢਹਿ ਪਈ। ਵੈਰਾਗ ਅਤੇ ਪ੍ਰੇਮ ਦੀ ਰੰਗਣ ਵਿੱਚ ਸਰੀਰ ਦੀ ਸੁੱਧ-ਬੁੱਧ ਭੁੱਲ ਗਈ। ਕਿੰਨਾ ਹੀ ਚਿਰ ਸੀਸ ਚਰਨਾਂ 'ਤੇ ਧਰ ਚਰਨ ਪ੍ਰੇਮ-ਜਲ ਨਾਲ ਧੋ ਦਿੱਤੇ। ਸੰਤ ਜੀ ਮਹਾਰਾਜ ਵੀ ਇਸ ਰਸ ਵਿੱਚ ਕੁਝ ਚਿਰ ਖੜ੍ਹੇ ਰਹੇ। ਫੇਰ ਮਾਈ ਦਾ ਸੀਸ ਚੁੱਕਿਆ ਅਤੇ ਦਿਲਾਸਾ ਦਿੱਤਾ ਕਿ ਅਸੀਂ ਤਾਂ ਹਰ ਵਕਤ ਤੁਹਾਡੇ ਅੰਗ-ਸੰਗ ਰਹੇ ਹਾਂ। ਸਾਡਾ ਅਸਲੀ ਸਰੂਪ ਸਤਿਨਾਮ ਵਾਹਿਗੁਰੂ ਹੈ, ਜੋ ਹਰ ਵਕਤ ਤੁਹਾਡੇ ਹਿਰਦੇ ਵਿੱਚ ਵਸਦਾ ਹੈ।

ਮਾਈ ਹੁਕਮ ਮੰਨ ਕੇ ਉੱਠੀ, ਛੇਤੀ-ਛੇਤੀ ਘਰ ਦੇ ਵਿਹੜੇ ਵਿੱਚ ਆਈ ਅਤੇ ਮਹਾਰਾਜ ਜੀ ਨੂੰ ਪਲੰਘ ਡਾਹ ਦਿੱਤਾ। ਏਨੇ ਚਿਰ ਭੁਝੰਗੀ ਹੀਰਾ ਸਿੰਘ ਵੀ ਖੇਡਦਾ-ਖੇਡਦਾ ਬਾਹਰੋਂ ਆ ਗਿਆ ਅਤੇ ਆਉਂਦਿਆਂ ਹੀ ਮਹਾਰਾਜ ਨਾਲ ਗੱਲਵਕੜੀ ਪਾ ਲਈ ਤੇ ਆਖਿਆ, "ਮਹਾਰਾਜ! ਏਨਾਂ ਚਿਰ ਕਿੱਥੇ ਲਾਇਆ? ਮੈਂ ਤਾਂ ਹਰ ਰੋਜ਼ ਤੁਹਾਨੂੰ ਯਾਦ ਕਰਦਾ ਸਾਂ।" ਸੰਤ ਜੀ ਮਹਾਰਾਜ ਨੇ ਭੁਝੰਗੀ ਦੇ ਸਿਰ 'ਤੇ ਹੱਥ ਫੇਰਿਆ ਅਤੇ ਆਪਣੇ ਪਾਸ ਬਿਠਾ ਲਿਆ। ਏਨੇ ਚਿਰ ਵਿੱਚ ਭਾਈ ਨੰਦ ਸਿੰਘ ਜੀ ਹਲ਼ ਦਾ ਜੋਤਰਾ ਲਾਹ ਕੇ ਬਾਹਰੋਂ ਆ ਗਏ, ਬੜੇ ਪ੍ਰੇਮ ਅਤੇ ਅਦਬ ਨਾਲ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਆਖਿਆ ਕਿ ਮਹਾਰਾਜ! ਤੁਸਾਂ ਤਾਂ ਸਾਨੂੰ ਭੁੱਲਾ ਹੀ ਦਿੱਤਾ। ਸਾਡੀਆਂ ਤਾਂ ਰਾਹ ਵੇਖਦਿਆਂ ਅੱਖੀਆਂ ਥੱਕ ਗਈਆਂ ਪਰ ਸ਼ੁਕਰ ਹੈ ਦਰਸ਼ਨ ਦਿੱਤੇ! ਹੁਣ ਅਸਾਂ ਜਾਣ ਨਹੀਂ ਦੇਣਾ। ਸੰਤ ਜੀ ਮਹਾਰਾਜ ਨੇ ਹੱਸ ਕੇ ਜਵਾਬ ਦਿੱਤਾ ਕਿ ਜੋ ਸਤਿਗੁਰੂ ਨੂੰ ਭਾਵੇ।

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥ (੬੫੩)

ਹੁਣ ਪ੍ਰਸ਼ਾਦ ਤਿਆਰ ਹੋ ਗਿਆ, ਸੰਤ ਜੀ ਮਹਾਰਾਜ ਨੇ ਪੰਗਤ ਲਗਾਣ ਦਾ ਹੁਕਮ ਦਿੱਤਾ। ਪ੍ਰਸ਼ਾਦ ਛਕਣ ਮਗਰੋਂ ਸੰਤ ਜੀ ਮਹਾਰਾਜ ਅਤੇ ਨਾਲ ਦੀ ਸੰਗਤ ਪੁਲਾਹੀਆਂ ਵਿੱਚ ਚਲੇ ਗਏ। ਸੰਤ ਜੀ ਮਹਾਰਾਜ ਨੇ ਬਾਉਲੀ ਵਾਲੀ ਕੁਟੀਆ ਵਿੱਚ ਆਸਣ ਲਾਇਆ ਅਤੇ ਬਾਕੀ ਸਾਧ ਸੰਗਤ ਦੂਸਰੀ ਕੁਟੀਆ ਅਤੇ ਪੁਲਾਹੀਆਂ ਹੇਠ ਬਿਰਾਜ ਗਈ।

ਏਸ ਤਰ੍ਹਾਂ ਪ੍ਰੇਮ ਅਤੇ ਸੇਵਾ ਦੀ ਲਹਿਰ ਵਿੱਚ ਕੁਝ ਦਿਨ ਬੀਤੇ। ਦੋ ਵਕਤ ਦੀਵਾਨ ਲੱਗਦਾ ਅਤੇ ਸਾਰੇ ਪਿੰਡ ਦੀ ਸੰਗਤ ਦਰਸ਼ਨ ਅਤੇ ਕੀਰਤਨ ਦਾ ਅਨੰਦ ਲੈ ਕੇ ਨਿਹਾਲ ਹੁੰਦੀ। ਭੁਝੰਗੀ ਹੀਰਾ ਸਿੰਘ ਬੜੇ ਪ੍ਰੇਮ ਨਾਲ ਸ਼ਬਦ ਪੜ੍ਹਦਾ ਅਤੇ ਹਰ ਵਕਤ ਮਹਾਰਾਜ ਦੇ ਨਾਲ ਹੀ ਰਹਿੰਦਾ, ਪਰ ਕਰਤਾਰ ਦਾ ਹੁਕਮ ਸੀ ਕਿ ਸੰਤ ਜੀ ਮਹਾਰਾਜ ਹੋਰ ਸੰਗਤਾਂ ਨੂੰ ਨਿਹਾਲ ਕਰਨ। ਦੁੱਖ ਭੰਜਨੀ ਤੋਂ ਠਾਕੁਰ ਨਿਹਾਲ ਸਿੰਘ ਜੀ ਦੇ ਜੱਗ (ਗੁਰੂ ਦਾ ਲੰਗਰ) ਦੇ ਸਮਾਗਮ 'ਤੇ ਦਰਸ਼ਨ ਦੇਣ ਲਈ, ਥੋਹੇ ਖ਼ਾਲਸੇ ਦੇ ਪ੍ਰੇਮੀ ਕਨੋਹੇ ਲੈਣ ਵਾਸਤੇ ਆ ਗਏ ਅਤੇ ਸੰਤ ਜੀ ਮਹਾਰਾਜ ਨੂੰ ਆਪਣੇ ਨਾਲ ਲੈ ਕੇ ਚੱਲ ਪਏ। ਜਦ ਕਨੋਹੇ ਤੋਂ ਸੰਤ ਜੀ ਮਹਾਰਾਜ ਥਮ੍ਹਾਲੀ ਦੇ ਰਸਤੇ ਪਹਾੜਾਂ ਵਿੱਚੋਂ ਹੁੰਦੇ ਹੋਏ ਦੁੱਖ ਭੰਜਨੀ ਵੱਲ ਜਾ ਰਹੇ ਸਨ, ਰਸਤੇ ਵਿੱਚ ਚਲਦੇ-ਚਲਦੇ ਬੈਠ ਗਏ ਅਤੇ ਕਹਿਣ ਲੱਗੇ, "ਭਾਈ ਪ੍ਰੇਮੀਓ! ਅਸੀਂ ਨਾ ਕਿਧਰੋਂ ਆਏ ਹਾਂ, ਨਾ ਕਿਧਰੇ ਜਾਣਾ ਹੈ।"

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰ ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥ (੨੯੬)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (੮੪੬)

ਇਸ ਰੰਗ ਵਿੱਚ ਸੰਤ ਜੀ ਦੁੱਖ ਭੰਜਨੀ ਪਹੁੰਚੇ। ਅੱਗੇ ਵੀ ਇੱਕ ਵਾਰੀ ਸੰਤ ਜੀ ਮਹਾਰਾਜ ਦੁੱਖ ਭੰਜਨੀ, ਥੋਹਾ ਖ਼ਾਲਸਾ ਆਪਣੀ ਮੌਜ ਵਿੱਚ ਹੋ ਗਏ ਸਨ। ਉਸ ਵਕਤ ਲੂਨੀ ਕੱਲਰ ਤਪ ਕਰਦੇ ਸਨ।

ਪਹਿਲਾਂ ਜਦੋਂ ਸੰਤ ਜੀ ਦੁੱਖ ਭੰਜਨੀ ਗਏ ਸਨ ਤਾਂ ਇਹਨਾਂ ਦਾ ਤੇਜਸਵੀ, ਤਪੀ ਸਰੂਪ, ਖਿੜਿਆ ਮਸਤਕ ਅਤੇ ਮਸਤ ਰੰਗੀਲੇ ਨੇਤਰ ਦੇਖ ਕੇ ਠਾਕੁਰ ਨਿਹਾਲ ਸਿੰਘ ਜੀ ਨੇ ਆਖਿਆ ਸੀ ਕਿ ਇਹ ਬੜੇ ਪ੍ਰਤਾਪੀ ਮਹਾਂਪੁਰਖ ਹੋਣਗੇ।

ਥੋਹਾ ਖ਼ਾਲਸਾ ਦੇ ਬਾਗ਼ ਵਿੱਚ ਭਾਈ ਪਿਆਰਾ ਸਿੰਘ ਜੀ ਰੋਜ਼ ਸ਼ਾਮ ਵੇਲੇ ਕਥਾ ਕਰਦੇ ਸਨ। ਸੰਗਤ ਬਹੁਤ ਇਕੱਤਰ ਹੁੰਦੀ ਸੀ। ਉੱਥੇ ਵੀ ਸੰਤ ਜੀ ਮਹਾਰਾਜ ਨੇ ਦਰਸ਼ਨ ਦਿੱਤੇ। ਕਥਾ ਦੇ ਭੋਗ ਮਗਰੋਂ ਐਸੇ ਵੈਰਾਗ ਵਿੱਚ ਸ਼ਬਦ ਪੜ੍ਹੇ ਕਿ ਭਾਈ ਪਿਆਰਾ ਸਿੰਘ ਘਰ-ਬਾਰ ਛੱਡ ਕੇ ਇਹਨਾਂ ਦੇ ਨਾਲ ਟੁਰਨ ਨੂੰ ਤਿਆਰ ਹੋ ਗਿਆ, ਪਰ ਉਸਦੀ ਸੁਪਤਨੀ ਨੇ ਬੇਨਤੀ ਕਰ ਕੇ ਕਿ ਨਿੱਕਾ-ਨਿੱਕਾ ਬਾਲ-ਬੱਚਾ ਰੁਲ ਜਾਏਗਾ, ਉਸ ਨੂੰ ਘਰ ਹੀ ਰੱਖ ਲਿਆ।

ਐਤਕੀਂ ਜਦ ਸੰਤ ਜੀ ਮਹਾਰਾਜ ਜੱਗ (ਗੁਰੂ ਦਾ ਲੰਗਰ) ਦੇ ਸਮੇਂ ਦੁੱਖ ਭੰਜਨੀ ਪਹੁੰਚੇ, ਤਦ ਬੜਾ ਭਾਰੀ ਦੀਵਾਨ ਲੱਗਾ ਹੋਇਆ ਸੀ। ਇੱਕ ਮਰਾਸੀ, ਜਿਸ ਦੀ ਅਵਾਜ਼ ਬੜੀ ਹੀ ਮਨਮੋਹਣੀ ਸੀ, ਕੀਰਤਨ ਕਰ ਰਿਹਾ ਸੀ। ਕਈ ਪ੍ਰੇਮੀ ਇਸ ਨੂੰ ਕੀਰਤਨ ਵਿੱਚ ਮਾਇਆ ਅਰਦਾਸ ਕਰਾਉਣ ਲੱਗ ਪਏ। ਇਸ ਤਰ੍ਹਾਂ ਕੀਰਤਨ ਦਾ ਰਸ ਟੁੱਟਦਾ ਸੀ। ਇਹ ਦੇਖ ਕੇ ਸੰਤ ਜੀ ਮਹਾਰਾਜ ਨੇ ਆਖਿਆ, "ਸਾਧ ਸੰਗਤ ਜੀ! ਇਸ ਪ੍ਰੇਮੀ ਨੂੰ ਜੋ ਕੁਝ ਦੇਣਾ ਹੈ, ਇੱਕੇ ਵਾਰ ਦੇ ਦੇਵੋ, ਤੇ ਇਸ ਨੂੰ ਰਜਾ ਦੇਵੋ। ਵਿਚਕਾਰ ਅਰਦਾਸਾ ਕਰਨਾ ਸ਼ਬਦ ਦੇ ਰਸ ਵਿੱਚ ਤੋਟ ਲਿਆਉਂਦਾ ਹੈ। ਰਾਗੀ ਸਿੰਘ ਨੂੰ ਚਾਹੀਦਾ ਹੈ ਕਿ ਪਿੱਛੋਂ ਇਕੱਠਾ ਅਰਦਾਸਾ ਕਰ ਦੇਵੇ ਕਿ ਸੱਚੇ ਪਾਤਸ਼ਾਹ! ਜਿਸ-ਜਿਸ ਨੇ ਮਾਇਆ ਅਰਦਾਸ ਕਰਾਈ ਹੈ, ਉਸ ਦੀ ਮਾਇਆ ਆਪਣੇ ਲੇਖੇ ਲਾਈਂ ਅਤੇ ਉਸ ਨੂੰ ਨਾਮ-ਦਾਨ ਬਖ਼ਸ਼ੀ।" ਇਸ ਹੁਕਮ ਨੂੰ ਸਭ ਨੇ ਬੜੇ ਪ੍ਰੇਮ ਨਾਲ ਮੰਨ ਲਿਆ। ਕੀਰਤਨੀਏ ਨੂੰ ਮਾਇਆ ਦਾ ਗੱਫਾ ਅਰਦਾਸ ਹੋ ਗਿਆ ਅਤੇ ਉਸ ਨੇ ਪਿੱਛੋਂ ਦੋ ਘੰਟੇ ਇੱਕ-ਰਸ ਕੀਰਤਨ ਕੀਤਾ ਅਤੇ ਸੰਤ ਜੀ ਮਹਾਰਾਜ ਸਮਾਧੀ ਲਗਾਈ ਪੂਰਨ ਸਰੋਤੇ ਦੇ ਰੂਪ ਵਿੱਚ ਬੈਠ ਕੇ ਆਤਮ-ਰਸ ਦਾ ਅਨੰਦ ਮਾਣਦੇ ਰਹੇ।

ਦੁੱਖ ਭੰਜਨੀ ਦੇ ਏਸ ਜੋੜ-ਮੇਲੇ 'ਤੇ ਸਾਰੇ ਇਲਾਕੇ ਦੀ ਸੰਗਤ ਇਕੱਠੀ ਹੋ ਗਈ ਸੀ। ਡੇਰਾ ਖ਼ਾਲਸਾ, ਕੱਲਰ, ਥੋਹਾ, ਕਹੂਟਾ, ਨਾਰਾ, ਚੋਹਾ, ਮਟੋਰ, ਥੰਮ੍ਹਾਲੀ ਅਤੇ ਪੋਠੋਹਾਰ ਦੇ ਹੋਰ ਨਗਰਾਂ ਦੀ ਸੰਗਤ ਆਈ ਹੋਈ ਸੀ। ਸਭ ਸੰਤ ਜੀ ਮਹਾਰਾਜ ਨੂੰ ਲਿਜਾਣ ਲਈ ਆਪਣੀ-ਆਪਣੀ ਖਿੱਚ ਕਰ ਰਹੇ ਸਨ। ਭਾਈ ਕਸ਼ਮੀਰਾ ਸਿੰਘ ਜੀ ਅਤੇ ਭਾਈ ਸਾਧੂ ਸਿੰਘ ਜੀ ਕਹੂਟਾ ਨਿਵਾਸੀਆਂ ਨੇ ਅਰਜ਼ ਕੀਤੀ ਕੀ ਮਹਾਰਾਜ! ਕਹੂਟੇ ਚੱਲੋ। ਸੰਤ ਜੀ ਨੇ ਖੁੱਲ੍ਹ ਕੇ ਕਿਸੇ ਨੂੰ ਉੱਤਰ ਨਹੀਂ ਦਿੱਤਾ। ਸਾਧ ਸੰਗਤ ਵਿੱਚ ਏਸ ਖ਼ਿਆਲ ਦੀ ਵੀ ਲਹਿਰ ਚੱਲੀ ਹੋਈ ਸੀ ਕਿ ਸੰਤ ਜੀ ਮਹਾਰਾਜ ਨੂੰ ਦੁੱਖ ਭੰਜਨੀ ਦਾ ਮਹੰਤ ਬਣਾਇਆ ਜਾਵੇ। ਜਿਸ ਵਕਤ ਇੱਕ ਵਜੇ ਰਾਤ ਦਾ ਸਮਾਂ ਹੋਇਆ ਸੰਤ ਜੀ ਨੇ ਭਾਈ ਕਸ਼ਮੀਰਾ ਸਿੰਘ ਜੀ ਨੂੰ ਬਾਹੋਂ ਫੜ ਕੇ ਉਠਾਇਆ ਅਤੇ ਚੁਪੀਤੇ ਹੀ ਸਿੱਧਾ ਕਹੂਟੇ ਵੱਲ ਟੁਰ ਪਏ। ਰਸਤੇ ਵਿੱਚ ਰਾਹ ਭੁੱਲ ਗਏ। ਮਹੀਨਾ ਜੇਠ ਦਾ ਸੀ; ਸੰਤ ਜੀ ਮਹਾਰਾਜ ਨੂੰ ਬੜੀ ਪਿਆਸ ਲੱਗੀ। ਕੁਦਰਤ ਦੀ ਨੇਤ, ਕੁਦਰਤੀ ਇੱਕ ਬਾਉਲੀ ਸਾਹਮਣੇ ਆ ਗਈ। ਸੰਤ ਜੀ ਜਲ ਛਕਣ ਵਾਸਤੇ ਬਾਉਲੀ

ਵਿੱਚ ਉੱਤਰਨ ਲੱਗੇ। ਭਾਈ ਕਸ਼ਮੀਰਾ ਸਿੰਘ ਜੀ ਨੇ ਬਹੁਤ ਬੇਨਤੀ ਕੀਤੀ, "ਮਹਾਰਾਜ ਜੀ! ਡੰਗ ਡਾਲ ਦਾ ਵੇਲਾ ਹੈ; ਬਾਉਲੀ ਵਿੱਚ ਨਾ ਵੜੋ।" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ ਕਿ ਪ੍ਰੇਮੀਆ! ਸਰੀਰ ਦਾ ਖੈ ਕਰਨ ਵਾਲਾ ਕਾਲ ਹੈ, ਜਦ ਤੀਕਰ ਪੂਰਾ ਨਹੀਂ ਹੁੰਦਾ, ਉਹ ਕਾਲ ਵੀ ਏਸ ਸਰੀਰ ਦੀ ਰਾਖੀ ਕਰਦਾ ਹੈ; ਸਾਨੂੰ ਕੋਈ ਡਰ ਨਹੀਂ।

(ਸੰਤ ਜੀ ਮਹਾਰਾਜ ਦੀ ਏਸ ਨਿਰਭੈਤਾ ਅਤੇ ਅਡੋਲਤਾ ਦੀਆਂ ਪੋਠੋਹਾਰ ਦੇ ਤਪ ਅਤੇ ਦੌਰੇ ਵਿਖੇ ਹੋਰ ਕਈ ਮਿਸਾਲਾਂ ਹਨ, ਜਿਨ੍ਹਾਂ ਵਿੱਚੋਂ ਮਲਕਪੁਰ ਦੇ ਰਸਤੇ ਦੇ ਕੱਸ ਵਿੱਚ ਸਰਪ ਮਿਲਣ ਦੀ ਸਾਖੀ ਅੱਗੇ ਆ ਚੁੱਕੀ ਹੈ। ਕਨੋਹੇ ਵੀ ਵੱਡੇ ਸੱਪ ਤੋਂ ਵੱਖਰਾ ਇੱਕ ਛੋਟਾ ਸੱਪ ਬਾਉਲੀ ਵਾਲੀ ਕੁਟੀਆ ਵਿੱਚ ਰਹਿੰਦਾ, ਕਈ ਵਾਰੀ ਸੰਤ ਜੀ ਮਹਾਰਾਜ ਦੇ ਕੋਲ ਆ ਜਾਂਦਾ ਅਤੇ ਸੰਤ ਜੀ ਮਹਾਰਾਜ ਇਹਨਾਂ ਨੂੰ ਅਡੋਲ ਹੀ ਚੁੱਕ ਕੁਟੀਆ ਦੇ ਆਲੇ ਵਿੱਚ ਬਿਠਾ ਦਿੰਦੇ। ਬਾਹਰੋਂ ਜੋ ਪ੍ਰੇਮੀ ਕੁਟੀਆ ਵੱਲ ਆਉਂਦਾ, ਉਸ ਨੂੰ ਚੌਂਕੀਦਾਰ ਵਾਂਗੂੰ ਫੁਕਾਰੇ ਮਾਰ ਕੇ ਪੈਂਦਾ, ਪਰ ਸੰਤ ਜੀ ਮਹਾਰਾਜ ਦੇ ਮਨ੍ਹਾਂ ਕਰਨ ਪਰ ਚੁੱਪ ਕਰ ਜਾਂਦਾ। ਜਦ ਤੀਜੀ ਵਾਰੀ ਥੋਹਾ ਖ਼ਾਲਸਾ ਆਏ ਤਦ ਇੱਕ ਵਾਰੀ ਦੀਵਾਨ ਵਿੱਚ ਕਾਲੀ ਭੂਰੀ ਲੈ ਕੇ ਬੈਠੇ ਸਨ, ਇੱਕ ਬੜਾ ਭਾਰੀ ਅਠੂਹਾਂ ਆਪ ਤੇ ਚੜ੍ਹ ਗਿਆ। ਇੱਕ ਪ੍ਰੇਮੀ ਨੇ ਦੇਖ ਕੇ ਬੇਨਤੀ ਕੀਤੀ, "ਮਹਾਰਾਜ! ਬੜਾ ਜ਼ਹਿਰੀ ਅਠੂਹਾਂ ਆਪ 'ਤੇ ਚੜ੍ਹ ਰਿਹਾ ਹੈ।" ਆਪ ਬਿਲਕੁਲ ਅਡੋਲ ਬੈਠੇ ਰਹੇ ਅਤੇ ਆਖਿਆ, "ਜ਼ਰਾ ਭਰਮ ਨਾ ਕਰੋ! ਪ੍ਰੇਮੀ ਦਰਸ਼ਨ ਮੇਲੇ ਵਾਸਤੇ ਆਇਆ ਹੈ, ਸੋ ਹੋ ਗਿਆ। ਜੇਕਰ ਏਸ ਨੇ ਆਪਣਾ ਕੰਮ ਕਰਨਾ ਹੈ ਤਾਂ ਕਰ ਜਾਵੇਗਾ; ਨਹੀਂ ਤਾਂ ਤੁਰ ਜਾਏਗਾ।" ਥੋੜ੍ਹੇ ਚਿਰ ਮਗਰੋਂ ਅਠੂਹਾਂ ਆਪੇ ਹੀ ਸਰੀਰ ਤੋਂ ਲਹਿ ਗਿਆ। ਏਸ ਦੌਰੇ ਵਿੱਚ ਸੰਤ ਜੀ ੧੫, ੧੬ ਦਿਨ ਥੋਹੇ ਰਹੇ; ਬੜਾ ਪ੍ਰਚਾਰ ਹੋਇਆ।)

ਭਾਈ ਕਸ਼ਮੀਰਾ ਸਿੰਘ ਜੀ ਨੂੰ ਇਹ ਕਹਿ ਕੇ ਸਾਨੂੰ ਕੋਈ ਡਰ ਨਹੀਂ, ਸੰਤ ਜੀ ਮਹਾਰਾਜ ਬਾਵਲੀ ਵਿੱਚ ਉੱਤਰ ਗਏ ਅਤੇ ਪ੍ਰਸੰਨ ਹੋ ਕੇ ਜਲ ਛਕਿਆ। ਫੇਰ ਟੁਰ ਪਏ ਅਤੇ ਦਿਨ ਚੜ੍ਹਨ ਦੇ ਕੁਝ ਚਿਰ ਮਗਰੋਂ ਕਹੂਟੇ ਪਹੁੰਚ ਗਏ।

ਸਾਰਾ ਦਿਨ ਭਾਈ ਕਸ਼ਮੀਰਾ ਸਿੰਘ ਤੇ ਸਾਧੂ ਸਿੰਘ ਜੀ ਦਾ ਪ੍ਰੇਮ ਲਿਆ। ਫੇਰ ਰਾਤ ਚੁੱਪ-ਚੁਪੀਤੇ ਹੀ ਇਕੱਲੇ ਨਿਕਲ ਗਏ। ਕਹੂਟੇ ਤੋਂ ਪੁਨਛ ਵੱਲ ਜੋ ਸੜਕ ਜਾਂਦੀ ਹੈ, ਉਸ ਵਿੱਚ ਜਾ ਪਏ ਅਤੇ ਜਿੱਥੇ ਦੂਸਰਾ ਮੀਲ ਆਉਂਦਾ ਹੈ, ਸੱਜੇ ਪਾਸੇ ਪਹਾੜੀ 'ਤੇ ਇੱਕ ਸੁੰਦਰ ਚਸ਼ਮਾ ਦੇਖ ਕੇ ਬੈਠ ਗਏ। ਏਸ ਥਾਂ ਤੋਂ ਡੇਢ ਕੁ ਮੀਲ ਦੇ ਫਾਸਲੇ 'ਤੇ ਪਹਾੜ ਵਿੱਚ ਇੱਕ ਮੁਸਲਮਾਨ ਫ਼ਕੀਰ ਰਹਿੰਦਾ ਸੀ, ਜੋ ਹਰਦਮ ਆਪਣੇ ਮਾਲਕ ਦੀ ਯਾਦ ਵਿੱਚ ਲੱਗਾ ਰਹਿੰਦਾ ਸੀ। ਅੱਲ੍ਹਾ ਦੀ ਬੇਤਾਰ ਤਾਰ ਏਸ ਦੇ ਹਿਰਦੇ ਵਿੱਚ ਜਾਗ ਚੁੱਕੀ ਸੀ। ਜਿਸ ਰਾਤ ਦੇ ਸੰਤ ਜੀ ਮਹਾਰਾਜ ਚਸ਼ਮੇ ਦੇ ਕੋਲ ਪਹਾੜੀ 'ਤੇ ਆ ਬੈਠੇ, ਇਸ ਨੂੰ ਹਰ ਵਕਤ ਸਾਰਾ ਪਹਾੜ ਵਾਹਿਗੁਰੂ-ਵਾਹਿਗੁਰੂ ਧੁੰਨ ਨਾਲ ਗੂੰਜਦਾ ਸੁਣਨ ਲੱਗ ਪਿਆ। ਦਿਲ ਵਿੱਚ ਖਿਆਲ ਆਇਆ: ਮੈਂ ਬਹੁਤ ਚਿਰ ਤੋਂ ਏਥੇ ਹੀ ਬੈਠਾ ਹਾਂ, ਇਹ ਖੇਡ ਅੱਗੇ ਕਦੀ ਨਹੀਂ ਵਰਤੀ, ਜ਼ਰੂਰ ਕੋਈ ਨਾਨਕ ਦਾ ਪਿਆਰਾ ਇਸ ਪਹਾੜ 'ਤੇ ਬੈਠਾ ਹੈ, ਉਸ ਦੇ ਰੋਮ-ਰੋਮ ਵਿੱਚ ਵਾਹਿਗੁਰੂ ਸ਼ਬਦ ਘਰ ਕਰ ਚੁੱਕਾ ਹੈ ਅਤੇ ਉਸ ਦੇ ਹਿਰਦੇ ਦੀ ਤਾਰ, ਬਨ-ਪਰਬਤ ਨੇ ਲੈ ਲਈ ਹੈ। ਇਉਂ ਸਾਰਾ ਪਹਾੜ ਇਸ ਇਲਾਹੀ ਤਾਰ ਵਿੱਚ ਵੱਜਣ ਲੱਗ ਪਿਆ ਹੈ। ਦਿਲ ਵਿੱਚ ਖਿੱਚ ਹੋਈ ਕਿ ਰੱਬ ਦੇ ਐਸੇ ਪਿਆਰੇ ਦੇ ਦੀਦਾਰ ਹੋਣ।

ਇਸ ਫ਼ਕੀਰ ਦੀ ਕੁਟੀਆ ਪਾਸ ਜੋ ਚਸ਼ਮਾ ਸੀ, ਦੂਜੇ ਦਿਨ ਹੀ ਸੰਤ ਜੀ ਅੰਮ੍ਰਿਤ ਵੇਲੇ ਉਸ ਤੇ ਇਸ਼ਨਾਨ ਕਰਨ ਲਈ ਆ ਗਏ। ਫ਼ਕੀਰ ਦਰਸ਼ਨ ਕਰਦੇ ਹੀ ਸਮਝ ਗਿਆ ਕਿ ਮਨ ਦੀ ਮੁਰਾਦ ਪੂਰੀ ਹੋਈ

ਹੈ। ਨੇੜੇ ਆ ਕੇ ਪੁੱਛਿਆ, "ਮਹਾਰਾਜ! ਆਪ ਕਿੱਥੇ ਰਹਿੰਦੇ ਹੋ?" ਸੰਤ ਜੀ ਨੇ ਆਖਿਆ, "ਪਹਾੜੀ ਦੇ ਉੱਪਰ। ਫ਼ਕੀਰ ਨੇ ਸਿਜਦਾ ਕੀਤਾ ਅਤੇ ਬੇਨਤੀ ਕੀਤੀ, "ਮਹਾਰਾਜ! ਮੇਰਾ ਪ੍ਰਸ਼ਾਦ ਕਬੂਲ ਕਰੋ।" ਸੰਤ ਜੀ ਮਹਾਰਾਜ ਨੇ ਆਖਿਆ, "ਸਤਿ ਬਚਨ।" ਫ਼ਕੀਰ ਖ਼ਾਲਸਈ ਬਦਾਮ ਲੈ ਆਇਆ ਅਤੇ ਸੰਤ ਜੀ ਨੇ ਦੋ ਮੁੱਠਾਂ ਲੈ ਲਈਆਂ। ਨਾਲ ਹੀ ਫ਼ਰਮਾਇਆ, "ਫ਼ਕੀਰ ਸਾਂਈ! ਸਾਡੇ ਇਸ ਥਾਂ ਰਹਿਣ ਦਾ ਭੇਦ ਕਿਸੇ ਨੂੰ ਨਹੀਂ ਦੇਣਾ।" ਫ਼ਕੀਰ ਨੇ ਕੌਲ ਕੀਤਾ ਕਿ ਇਸੇ ਤਰ੍ਹਾਂ ਹੋਵੇਗਾ।

ਹੁਣ ਦੂਸਰੇ-ਤੀਸਰੇ ਦਿਨ ਸੰਤ ਜੀ ਮਹਾਰਾਜ ਇਸ ਫ਼ਕੀਰ ਪਾਸ ਜਾਂਦੇ ਅਤੇ ਛੋਲਿਆਂ ਦੀਆਂ ਦੋ-ਚਾਰ ਮੁੱਠਾਂ ਲੈ ਕੇ ਆ ਜਾਂਦੇ। ਥੋੜ੍ਹਾ ਚਿਰ ਤਾਂ ਫ਼ਕੀਰ ਨੇ ਆਪਣਾ ਕੌਲ ਪਾਲਿਆ, ਪਰ ਫੇਰ ਰਹਿ ਨਾ ਸਕਿਆ; ਲੋਕਾਂ ਨੂੰ ਦੱਸ ਦਿੱਤਾ ਕਿ ਕੁਝ ਚਿਰ ਤੋਂ ਪਹਾੜੀ 'ਤੇ ਇੱਕ ਕਾਮਲ ਸਿੱਖ ਫ਼ਕੀਰ ਰਹਿੰਦਾ ਹੈ। ਜਿਸ ਦਿਨ ਦਾ ਆਇਆ ਹੈ, ਸਾਰੇ ਬਨ-ਪਰਬਤ ਰੱਬ ਦੀ ਯਾਦ ਵਿੱਚ ਲੱਗ ਪਏ ਹਨ।

ਕਹੂਟੇ ਦੀ ਸਾਧ ਸੰਗਤ ਅੱਗੇ ਹੀ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਵਿਆਕੁਲ ਹੋ ਰਹੀ ਸੀ। ਕਈ ਥਾਂ ਮਹਾਰਾਜ ਜੀ ਦੀ ਢੂੰਡ-ਭਾਲ ਕਰ ਕੇ ਨਿਰਾਸ਼ ਹੋ ਚੁੱਕੀ ਸੀ। ਫ਼ਕੀਰ ਦੀ ਇਹ ਗੱਲ ਸੁਣ ਕੇ ਇਹਨਾਂ ਦੇ ਮੁਰਦਾ ਹਿਰਦਿਆਂ ਵਿੱਚ ਨਵੇਂ ਸਿਰੇ ਜਾਨ ਪੈ ਗਈ। ਪਹਾੜੀ 'ਤੇ ਖੋਜ ਕੀਤੀ ਅਤੇ ਥੋੜ੍ਹੇ ਚਿਰ ਵਿੱਚ ਹੀ ਸੰਤ ਜੀ ਮਹਾਰਾਜ ਨੂੰ ਚਸ਼ਮੇ ਪਾਸ ਇੱਕ ਦਰਖਤ ਦੇ ਹੇਠ ਕਰਤਾਰ ਦੀ ਯਾਦ ਵਿੱਚ ਬੈਠਾ ਆ ਤੱਕਿਆ। ਸਾਰੀ ਸੰਗਤ ਆਲੇ-ਦੁਆਲੇ ਬੈਠ ਗਈ। ਇਹਨਾਂ ਦੀ ਪ੍ਰੇਮ ਦੀ ਤਾਰ ਨੇ ਖਿੱਚ ਪਾਈ, ਥੋੜ੍ਹੇ ਚਿਰ ਮਗਰੋਂ ਸੰਤ ਜੀ ਮਹਾਰਾਜ ਜੀ ਨੇ ਨੇਤਰ ਖੋਲ੍ਹੇ। ਮਸਤ ਅੰਮ੍ਰਿਤ ਭਰੀ ਨਿਗਾਹ ਨੇ ਸਭ ਦੇ ਹਿਰਦੇ ਠਾਰ ਦਿੱਤੇ, ਮਾਈ-ਭਾਈ ਜੀ ਮਹਾਰਾਜ ਦੀ ਚਰਨ-ਧੂੜ ਆਪਣੇ ਮਸਤਕ 'ਤੇ ਲਾ ਕੇ ਨਿਹਾਲ ਹੋਏ। ਫੇਰ ਤਾਂ ਸਾਰੇ ਸ਼ਹਿਰ ਨੂੰ ਪਤਾ ਹੋ ਗਿਆ। ਸੰਗਤ ਰੋਜ਼ ਨੇਮ ਨਾਲ ਆਉਣ ਲੱਗ ਪਈ ਅਤੇ ਸੰਤ ਜੀ ਮਹਾਰਾਜ ਦੇ ਸਾਥੀ ਵੀ ਏਥੇ ਆ ਹਾਜ਼ਰ ਹੋਏ। ਸ਼ਹਿਰ ਦੇ ਪ੍ਰੇਮੀਆਂ ਨੇ ਆਪਸ ਵਿੱਚ ਪ੍ਰਸ਼ਾਦ ਦੀ ਵਾਰੀ ਬੰਨ੍ਹ ਲਈ, ਹਰ ਰੋਜ਼ ਏਥੇ ਹੀ ਲੰਗਰ ਵਰਤਣ ਲੱਗ ਪਿਆ ਅਤੇ ਨਿੱਤਨੇਮ ਸ਼ਬਦ ਕੀਰਤਨ ਸ਼ੁਰੂ ਹੋ ਗਿਆ।

ਪਹਾੜੀ ਦਾ ਸਾਰਾ ਜੰਗਲ ਸਰਕਾਰੀ ਸੀ। ਜੰਗਲ ਦੇ ਮਹਿਕਮੇ ਦੇ ਅਫਸਰ ਇਹ ਕਰਤਾਰੀ ਰੌਣਕ ਦੇਖ ਨਾ ਸਕੇ; ਘਬਰਾ ਗਏ ਕਿ ਕਿਧਰੇ ਹਮੇਸ਼ਾ ਲਈ ਇਹ ਥਾਂ ਧਰਮ ਪ੍ਰਚਾਰ ਦਾ ਸਥਾਨ ਨਾ ਬਣ ਜਾਵੇ। ਇੱਕ ਦਿਨ ਆ ਕੇ ਸੰਤ ਜੀ ਨੂੰ ਆਖ ਸੁਣਾਇਆ ਕਿ ਇਹ ਸਰਕਾਰੀ ਜਗ੍ਹਾ ਹੈ; ਤੁਸੀਂ ਕੋਈ ਹੋਰ ਥਾਂ ਲੱਭ ਲਵੋ।

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ (੯੬੫)

ਸਬਰ-ਸ਼ੁਕਰ ਦੇ ਪੁੰਜ, ਕਰਤਾਰ ਦੀ ਰਜ਼ਾਇ ਮੰਨ ਕੇ ਇਸ ਜਗ੍ਹਾ ਤੋਂ ਉੱਠ ਆਏ ਅਤੇ ਬਾਮ੍ਹਣਾ ਦੇ ਮੋੜ੍ਹੇ ਦੇ ਪਾਸ, ਜੋ ਕਿ ਸੜਕ ਤੋਂ ਖੱਬੇ ਪਾਸੇ ਮੀਲ ਕੁ 'ਤੇ ਹੈ, ਆ ਡੇਰਾ ਲਾਇਆ। ਪਿੰਡ ਵਾਲਿਆਂ ਨੇ ਬੜਾ ਪ੍ਰੇਮ ਕੀਤਾ ਅਤੇ ਦਿਨਾਂ ਵਿੱਚ ਹੀ ਇੱਕ ਕੋਠਾ, ਕੱਸੀ ਕੇ ਕੰਢੇ ਚਸ਼ਮੇ ਦੇ ਨੇੜੇ ਪਾ ਦਿੱਤਾ।

ਸੰਗਤ ਦੇ ਪ੍ਰੇਮ, ਇਕਾਂਤ ਅਤੇ ਜਲ ਦੇ ਸੁਖ ਕਰ ਕੇ ਸੰਤ ਜੀ ਮਹਾਰਾਜ ਇਸ ਥਾਂ ਪੰਜ ਮਹੀਨੇ ਰਹੇ। ਮੋੜ੍ਹੇ ਦੀ ਸੰਗਤ ਵੀ ਬੜੀ ਟਹਿਲ ਕਰਦੀ ਅਤੇ ਸ਼ਬਦ ਕੀਰਤਨ ਦਾ ਨਿੱਤ ਰੱਬੀ ਠਾਠ ਬੁੱਝਦਾ।

ਫਿਰ ਕਹੂਟੇ ਦੀ ਸੰਗਤ ਦੇ ਪ੍ਰੇਮ-ਵੱਸ ਹੋ ਕੇ ਸੰਤ ਜੀ ਮਹਾਰਾਜ ਸ਼ਹਿਰ ਆ ਗਏ ਅਤੇ ਇੱਕ ਮਹੀਨਾ ਰਹੇ। ਇੱਥੇ ਦੋ ਵਕਤ ਦੀਵਾਨ ਲੱਗਦਾ ਅਤੇ ਨਾਮ-ਬਾਣੀ ਦਾ ਪ੍ਰਵਾਹ ਚੱਲਦਾ।

ਇੱਕ ਦਿਨ ਭਾਈ ਕਸ਼ਮੀਰਾ ਸਿੰਘ ਜੀ ਨੂੰ, ਜੋ ਸੰਤ ਜੀ ਮਹਾਰਾਜ ਦੇ ਖਾਸ ਪ੍ਰੇਮੀ ਬਣ ਗਏ ਸਨ, ਸੰਤ ਜੀ ਮਹਾਰਾਜ ਨੇ ਬਚਨ-ਬਿਲਾਸ ਕਰਦਿਆਂ ਕਨੋਹੇ ਦੇ ਤਪ ਸਮੇਂ ਦੀ ਇਹ ਸਾਖੀ ਸੁਣਾਈ ਕਿ ਅਸੀਂ ਇੱਕ

ਰਾਤ ਬਾਉਲੀ ਵਾਲੀ ਕੁਟੀਆ ਵਿੱਚ ਬੈਠੇ ਹੋਏ ਸਿਮਰਨ ਕਰ ਰਹੇ ਸੀ। ਰਾਤ ਦੇ ਇੱਕ ਜਾਂ ਦੋ ਵਜੇ ਚਾਰ ਮੁਸਲਮਾਨ ਕੁਹਾੜੀਆਂ ਹੱਥਾਂ ਵਿੱਚ ਲਈ ਸਾਡੇ ਕੋਲ ਆਏ ਅਤੇ ਆਖਿਆ ਕਿ ਜੋ ਕੁਛ ਤੁਹਾਡੇ ਪਾਸ ਹੈ, ਰੱਖ ਦਿਓ। ਅਸਾਂ ਆਖਿਆ ਕਿ ਸਾਡੇ ਪਾਸ ਇਹ ਗੜਵਾ ਹੈ, ਲੈ ਲਵੋ। ਗੜਵਾ ਪ੍ਰੇਮੀਆਂ ਨੇ ਚੁੱਕ ਲਿਆ। ਫਿਰ ਉਹਨਾਂ ਨੇ ਆਪਸ ਵਿੱਚ ਸਲਾਹ ਕੀਤੀ ਕਿ ਵੇਖੀਏ, ਹੋਰ ਕੀ ਹੈ। ਇੱਕ ਪ੍ਰੇਮੀ ਦੀ ਨਿਗਾਹ ਸਾਡੇ ਚਮਕਦੇ ਕੜੇ 'ਤੇ ਪਈ ਤਾਂ ਉਹਨਾਂ ਨੇ ਕੜਾ ਮੰਗਿਆ। ਅਸਾਂ ਕਿਹਾ, "ਇਹ ਤਾਂ ਅਸਾਂ ਨਹੀਂ ਦੇਣਾ, ਇਹ ਤਾਂ ਸਾਨੂੰ ਜਾਨ ਤੋਂ ਭੀ ਪਿਆਰਾ ਹੈ।" ਉਸ ਸਮੇਂ ਇੱਕ ਦੇ ਦਿਲ ਅੱਲ੍ਹਾ ਵੱਸ ਪਿਆ ਅਤੇ ਉਸ ਨੇ ਆਖਿਆ ਕਿ ਚੱਲੋ ਭਾਈ! ਇਹ ਤਾਂ ਫ਼ਕੀਰ ਲੋਕ ਹੈ, ਅਸਾਂ ਇਹ ਗੁਨਾਹ ਨਹੀਂ ਕਰਨਾ।

ਸਰਦਾਰ ਰੋਚਾਰਾਮ ਸਿੰਘ ਦਾ ਲੜਕਾ ਸਰਦਾਰ ਲਖਮੀ ਸਿੰਘ ਅੱਗੇ ਵੀ ਇੱਕ ਵਾਰੀ ਸੰਤ ਜੀ ਮਹਾਰਾਜ ਨੂੰ ਐਬਟਾਬਾਦ ਲੈ ਜਾਣ ਵਾਸਤੇ ਕਹੂਟੇ ਆਇਆ ਸੀ, ਪਰ ਸੰਤ ਜੀ ਮਹਾਰਾਜ ਨੇ ਨਾਂਹ ਕਰ ਦਿੱਤੀ ਸੀ। ਇਹ ਦੂਸਰੀ ਵਾਰੀ ਫੇਰ ਡੇਰੇ ਖ਼ਾਲਸੇ ਤੋਂ ਆਇਆ। ਆਪਣੀ ਬਿਮਾਰ ਸੁਪਤਨੀ ਅਤੇ ਸਾਰੀ ਸਾਧ ਸੰਗਤ ਵੱਲੋਂ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸੁਭਾਗ ਬੀਬੀ ਦੀ ਦਰਸ਼ਨ ਦੀ ਤਾਂਘ ਦੀ ਖਿੱਚ ਅੱਗੇ ਹੀ ਮਹਾਰਾਜ ਨੂੰ ਪਹੁੰਚ ਚੁੱਕੀ ਸੀ, ਸੋ ਲਖਮੀ ਸਿੰਘ ਦੇ ਬੇਨਤੀ ਕਰਨ ਪਰ ਹੀ ਟੁਰਨ ਦੀ ਤਿਆਰੀ ਕਰ ਲਈ।

ਕਾਂਡ ੨੧

ਜੈਤਸਰੀ ਮਹਲਾ ੫ ॥

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥
ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥
ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥
ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥
ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥
ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥ (੭੦੧)

ਪੋਠੋਹਾਰ ਵਿੱਚ ਨਾਮ ਬਾਣੀ ਅਤੇ ਅੰਮ੍ਰਿਤ ਪ੍ਰਚਾਰ

ਸੰਤ ਜੀ ਮਹਾਰਾਜ ਡੇਰੇ ਖ਼ਾਲਸੇ ਤੋਂ ਮਾਈ ਭਾਗਵੰਤੀ ਦਾ ਪ੍ਰੇਮ ਪੂਰਾ ਕਰਕੇ ਰਾਤ ਦੇ ਵਕਤ ਚੁਪੀਤੇ ਹੀ ਧਮਿਆਲ ਚਲੇ ਗਏ ਸਨ ਅਤੇ ਕਰਤਾਰ ਦੇ ਹੁਕਮ ਵਿੱਚ ਰਾਵਲਪਿੰਡੀ, ਰਾਮ ਕੁੰਡ, ਹਰੀਪੁਰ, ਕਨੋਹਾ, ਦੁੱਖ ਭੰਜਨੀ ਹੋ ਕੇ ਕਹੂਟੇ ਆ ਬਿਰਾਜੇ ਸਨ। ਇੱਥੇ ਕੁਝ ਚਿਰ ਤਾਂ ਸੰਤ ਜੀ ਮਹਾਰਾਜ ਗੁਪਤ ਰਹੇ ਪਰ ਥੋੜ੍ਹੇ ਚਿਰ ਪਿੱਛੋਂ ਇੱਕ ਮੁਸਲਮਾਨ ਫ਼ਕੀਰ ਦੇ ਦੱਸ ਪਾਉਣ 'ਤੇ ਸਾਧ ਸੰਗਤ ਨੇ ਲੱਭ ਲਏ।

ਸੰਤ ਜੀ ਮਹਾਰਾਜ ਦੇ ਕਹੂਟੇ ਦੇ ਤਪ ਅਤੇ ਸਾਧ ਸੰਗਤ ਵਿੱਚ ਪ੍ਰਚਾਰ ਦੀ ਧੁੰਮ ਸਾਰੇ ਪੋਠੋਹਾਰ ਵਿੱਚ ਫੈਲ ਗਈ। ਡੇਰੇ ਖ਼ਾਲਸਾ ਸਰਦਾਰ ਲਖਮੀ ਸਿੰਘ ਜੀ ਦੀ ਸੁਪਤਨੀ ਮਾਈ ਭਾਗਵੰਤੀ ਦੀ ਭੈਣ ਕੁਝ ਚਿਰ ਤੋਂ ਬਿਮਾਰ ਸੀ। ਉਸ ਨੇ ਬੇਨਤੀ ਕੀਤੀ ਕਿ ਮੇਰਾ ਚਿੱਤ ਸੰਤ ਜੀ ਮਹਾਰਾਜ ਦੇ ਦਰਸ਼ਨ ਨੂੰ ਲੋਚਦਾ ਹੈ, ਕ੍ਰਿਪਾ ਕਰਕੇ ਦਰਸ਼ਨ ਕਰਾਵੋ। ਆਪਣੀ ਸੁਪੱਤਨੀ ਦੀ ਦਿਲ-ਵਿੰਨ੍ਹਵੀ ਬੇਨਤੀ ਸੁਣ ਕੇ ਸਰਦਾਰ ਲਖਮੀ ਸਿੰਘ ਜੀ ਕਹੂਟੇ ਗਏ ਅਤੇ ਸੰਤ ਜੀ ਮਹਾਰਾਜ ਨੂੰ ਡੇਰਾ ਖ਼ਾਲਸਾ ਲੈ ਆਏ। ਏਥੇ ਪਹੁੰਚਦੇ ਹੀ ਸੰਤ ਜੀ ਮਹਾਰਾਜ ਸਿੱਧੇ ਬੀਬੀ ਜੀ ਦੇ ਪਾਸ ਗਏ ਅਤੇ ਉਸ ਦਾ ਪ੍ਰੇਮ ਪੂਰਾ ਕੀਤਾ।

ਬੀਬੀ ਨੇ ਦਰਸ਼ਨ ਕਰ ਕੇ ਚਰਨ ਪਰਸੇ ਤੇ ਚਰਨ-ਧੂੜ ਮਸਤਕ 'ਤੇ ਲਾਈ, ਰੋਮ-ਰੋਮ ਵਿੱਚੋਂ ਕਰਤਾਰ ਦਾ ਸ਼ੁਕਰ ਫੁਟ-ਫੁਟ ਕੇ ਨਿਕਲਿਆ ਅਤੇ ਹਿਰਦੇ ਵਿੱਚ ਨਾਮ-ਰਸ ਦੀ ਲਹਿਰ ਚੱਲ ਪਈ:

ਸੰਤਾ ਕਉ ਮਤਿ ਕੋਈ ਨਿਦੰਹੁ ਸੰਤ ਰਾਮੁ ਹੈ ਏਕੁ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ ॥ (੭੯੩)

ਦੂਸਰੇ ਦਿਨ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ ਇੱਕ ਪ੍ਰੇਮੀ ਦੇ ਘਰ ਸੀ। ਅਜੇ ਪ੍ਰਸ਼ਾਦ ਛਕਣ ਹੀ ਲੱਗੇ ਸਨ ਕਿ ਬੀਬੀ ਜੀ ਨੇ ਆਪਣੀ ਭੈਣ ਭਾਗਵੰਤੀ ਨੂੰ ਭੇਜਿਆ ਕਿ ਮਹਾਰਾਜ ਜੀ ਨੂੰ ਸੱਦ ਲਿਆਵੋ, ਮੇਰਾ ਅੰਤ ਸਮਾਂ ਆ ਗਿਆ ਹੈ। ਭਾਗਵੰਤੀ ਨੇ ਜਾ ਕੇ ਅਰਜ਼ ਕੀਤੀ। ਸੰਤ ਜੀ ਨੇ ਕਿਹਾ ਕਿ ਪ੍ਰਸ਼ਾਦਾ ਛਕ ਕੇ ਆਉਂਦੇ ਹਾਂ। ਭਾਗਵੰਤੀ ਆਪਣੀ ਭੈਣ ਪਾਸ ਮੁੜ ਆਈ। ਥੋੜ੍ਹੇ ਚਿਰ ਮਗਰੋਂ ਸੰਤ ਜੀ ਮਹਾਰਾਜ ਆ ਗਏ ਅਤੇ ਬੀਬੀ ਜੀ ਦੇ ਮੰਜੇ ਪਾਸ ਕੁਰਸੀ 'ਤੇ ਬੈਠ ਗਏ ਤੇ ਬੀਬੀ ਨੂੰ ਮੰਜੇ ਤੋਂ ਲਾਹੁਣ ਨਾ ਦਿੱਤਾ।

ਹੁਣ ਸੰਤ ਜੀ ਮਹਾਰਾਜ ਨੇ ਬੀਬੀ ਦੇ ਸਿਰ 'ਤੇ ਹੱਥ ਰਖਿਆ। ਬੀਬੀ ਹੱਥ ਜੋੜ ਇੱਕ-ਟਕ ਸੰਤ ਜੀ ਮਹਾਰਾਜ ਦੇ ਦਰਸ਼ਨ ਵਿੱਚ ਖੀਵੀ ਹੋ ਗਈ, ਮੁੱਖ ਨਾਮ-ਸਿਮਰਨ ਵਿੱਚ ਲੱਗ ਗਿਆ। ਥੋੜ੍ਹੇ ਚਿਰ ਪਿੱਛੋਂ ਦੋ ਵਾਰੀ 'ਸਤਿਨਾਮ ਵਾਹਿਗੁਰੂ ਸਤਿਨਾਮ ਵਾਹਿਗੁਰੂ' ਦੀ ਅਵਾਜ਼ ਆਈ ਅਤੇ ਬੀਬੀ ਜੀ ਸਦਾ ਲਈ ਅਕਾਲ ਪੁਰਖ ਦੀ ਗੋਦ ਵਿੱਚ ਬਿਰਾਜ ਗਏ। ਸਤਾਰਾਂ ਦਿਨ ਸੰਤ ਜੀ ਮਹਾਰਾਜ ਡੇਰਾ ਖ਼ਾਲਸਾ ਰਹੇ। ਪ੍ਰੇਮ, ਸਤਿਸੰਗਤ ਅਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਬੇਅੰਤ ਚੱਲਿਆ। ਫੇਰ ਕਹੂਟੇ ਚਲੇ ਗਏ।

ਭਾਈ ਸੁੰਦਰ ਸਿੰਘ ਜੀ ਗਿਆਨੀ, ਜੋ ਪਿੱਛੋਂ ਗੁਜਰਾਂਵਾਲੇ ਗੁਰੂ ਨਾਨਕ ਸਾਹਿਬ ਦੇ ਗੁਰਦੁਆਰੇ ਉਪਦੇਸ਼ਕ ਕਾਲਜ ਵਿੱਚ ਹਰ ਰੋਜ਼ ਕਥਾ ਕਰਦੇ ਰਹੇ, ਏਸ ਸਮੇਂ ਕਹੂਟੇ ਅਰਜ਼ੀ-ਨਵੀਸੀ ਦਾ ਕੰਮ ਕਰਦੇ ਸਨ ਤੇ ਨਾਲ ਹੀ ਸਿੰਘ ਸਭਾ ਵਿੱਚ ਨਿਤਾਪ੍ਰਤਿ ਕੀਰਤਨ ਦੀ ਸੇਵਾ ਵਿੱਚ ਹਾਜ਼ਰੀ ਭਰਦੇ ਸਨ। ਇਨ੍ਹਾਂ ਦਾ ਸੰਤ ਜੀ ਮਹਾਰਾਜ ਨਾਲ ਬੜਾ ਪ੍ਰੇਮ ਹੋ ਗਿਆ।

ਏਸ ਸਮੇਂ ਭਾਈ ਨਾਲ ਸਿੰਘ ਜੀ ਉਪਦੇਸ਼ਕ ਗੁਜਰਾਂਵਾਲਾ, ਸਿੰਘ ਸਭਾ ਰਾਵਲਪਿੰਡੀ ਵੱਲੋਂ, ਇਲਾਕੇ ਵਿੱਚ ਪ੍ਰਚਾਰ ਦੀ ਸੇਵਾ 'ਤੇ ਲੱਗੇ ਹੋਏ ਸਨ। ਜਿਨ੍ਹਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਕਹੂਟੇ ਆਏ, ਇਨ੍ਹਾਂ ਦੀ ਸੇਵਾ ਖ਼ਾਲਸਾ ਮਿਡਲ ਸਕੂਲ ਕਹੂਟਾ ਦੇ ਪ੍ਰਬੰਧ ਵਾਸਤੇ ਲੱਗੀ ਹੋਈ ਸੀ। ਪ੍ਰੋਫੈਸਰ ਜੋਧ ਸਿੰਘ ਜੀ, ਜਿਨ੍ਹਾਂ ਦੀ ਉਮਰ ਇਸ ਵੇਲੇ ਕਰੀਬਨ ੧੭-੧੮ ਸਾਲ ਦੀ ਸੀ ਅਤੇ ਨਾਮ ਸੰਤ ਸਿੰਘ ਜੀ, ਐਫ.ਏ, ਪਾਸ ਕਰ ਕੇ ਏਸ ਸਕੂਲ ਦੇ ਹੈੱਡਮਾਸਟਰ ਥਾਪੇ ਗਏ ਸਨ।

ਇਹਨਾਂ ਤਿੰਨਾਂ ਸੱਜਣਾਂ ਨੇ ਕਹੂਟੇ ਸਾਧ ਸੰਗਤ ਦੇ ਨਾਲ ਸੰਤ ਜੀ ਮਹਾਰਾਜ ਪਾਸੋਂ ਅੰਮ੍ਰਿਤ ਛਕਿਆ। ਸੰਤ ਜੀ ਹਰ ਰੋਜ਼, ਕਈ ਦਫ਼ਾ ਦਿਨ ਵਿੱਚ ਦੋ-ਦੋ ਵਾਰੀ, ਅੰਮ੍ਰਿਤ ਪ੍ਰਚਾਰ ਕਰਦੇ। ਬਹੁਤ ਸਾਰੇ ਸਹਿਜਧਾਰੀ ਪਰਿਵਾਰ ਅੰਮ੍ਰਿਤ ਛਕ ਕੇ ਸਿੰਘ ਸਜ ਗਏ।

ਭਾਈ ਲਾਲ ਸਿੰਘ ਜੀ ਉਪਦੇਸ਼ਕ ਨੂੰ ਅੰਮ੍ਰਿਤ ਛਕਣ ਸਮੇਂ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਗੁਰਮਤਿ ਦੇ ਪ੍ਰਚਾਰਕਾਂ ਨੂੰ ਤਨਖ਼ਾਹ ਨਹੀਂ ਲੈਣੀ ਚਾਹੀਦੀ, ਕੇਵਲ ਰੋਟੀ ਕੱਪੜੇ ਤੇ ਨਿਰਬਾਹ ਕਰਨਾ ਚਾਹੀਦਾ ਹੈ। ਸੋ ਭਾਈ ਲਾਲ ਸਿੰਘ ਜੀ ਨੇ ੩੦/- ਰੂਪੈ ਮਾਹਵਾਰ ਤਨਖ਼ਾਹ, ਜੋ ਸਿੰਘ ਸਭਾ ਰਾਵਲਪਿੰਡੀ ਤੋਂ ਲੈਂਦੇ ਸੀ, ਛੱਡ ਦਿੱਤੀ, ਕੇਵਲ ੧੦/- ਰੁਪੈ ਮਹੀਨਾ ਆਪਣੇ ਅਤੇ ਆਪਣੀ ਸਿੰਘਣੀ ਦੇ ਨਿਰਬਾਹ ਵਾਸਤੇ ਲੈਣੇ ਸ਼ੁਰੂ ਕਰ ਦਿੱਤੇ। ਇਹ ਪ੍ਰਣ ਭਾਈ ਲਾਲ ਸਿੰਘ ਜੀ ਨੇ ਆਪਣੇ ਅੰਤ ਸਮੇਂ ਤੱਕ ਨਿਭਾਇਆ, ਭਾਵੇਂ ਉਹ ਕਿਸੇ ਜਥੇ ਵਿੱਚ ਰਹੇ, ਤਨਖ਼ਾਹ ਨਹੀਂ ਲਈ, ਨਿਰਬਾਹ ਮਾਤਰ ਗੁਜ਼ਾਰਾ ਹੀ ਸਵੀਕਾਰ ਕਰਦੇ ਰਹੇ।

ਕਹੂਟੇ ਵਿੱਚ ਸੰਤ ਜੀ ਮਹਾਰਾਜ ਦੀ ਕ੍ਰਿਪਾ ਨਾਲ ਨਿੱਤਨੇਮ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ ਅਤੇ ਘਰ-ਘਰ ਨਾਮ ਬਾਣੀ ਦਾ ਪ੍ਰਵਾਹ ਚੱਲ ਪਿਆ। ਭਾਈ ਸੁੰਦਰ ਸਿੰਘ ਜੀ ਅਰਜ਼ੀ-ਨਵੀਸ ਨੂੰ ਅੰਮ੍ਰਿਤ ਛਕਣ ਮਗਰੋਂ ਨਾਮ ਦੀ ਏਨੀ ਰੰਗਣ ਚੜ੍ਹੀ ਕਿ ਆਪਣੀ ਅਰਜ਼ੀ-ਨਵੀਸੀ ਛੱਡ ਕੇ ਸੰਤ ਜੀ ਮਹਾਰਾਜ ਦੇ ਜਥੇ ਨਾਲ ਪਿੰਡਾਂ ਵਿੱਚ ਕਥਾ ਵਾਰਤਾ ਕਰਨ ਲਈ ਰਲ ਗਏ।

ਸੰਤ ਜੀ ਮਹਾਰਾਜ ਦਾ ਡੇਰਾ ਏਸ ਸਮੇਂ ਸੰਕੜਾ ਦੀ ਬਾਉਲੀ 'ਤੇ ਰਿਹਾ, ਪਰ ਆਪ ਪੰਚਾਇਤੀ ਗੁਰਦੁਆਰੇ ਵਿੱਚ ਤਿੰਨ ਵਕਤ ਦੀਵਾਨ ਸਜਾਉਂਦੇ, ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ, ਸ਼ਾਮ ਨੂੰ ੪ ਵਜੇ ਤੋਂ ੭ ਵਜੇ ਤੀਕਰ ਸੋਦਰੁ ਦਾ ਦੀਵਾਨ, ਜਿਸ ਵਿੱਚ ਹਰ ਰੋਜ਼ ਅੰਮ੍ਰਿਤ ਪ੍ਰਚਾਰ ਹੁੰਦਾ ਅਤੇ ਰਾਤ ਨੂੰ ੮ ਵਜੇ ਤੋਂ ੧੦ ਵਜੇ ਤੀਕਰ ਸੂਰਜ ਪ੍ਰਕਾਸ਼ ਦੀ ਕਥਾ ਅਤੇ ਸ਼ਬਦ ਕੀਰਤਨ।

ਇਸ ਨਗਰ ਅਤੇ ਇਲਾਕੇ ਵਿੱਚ ਅੰਮ੍ਰਿਤ ਪ੍ਰਚਾਰ ਸ਼ੁਰੂ ਹੋਣ ਦੀ ਇੱਕ ਖ਼ਾਸ ਸਾਖੀ ਹੈ। ਸਰਦਾਰ ਸਾਧੂ

ਸਿੰਘ ਜੀ ਦੇ ਦਾਦਾ, ਬਾਪੂ ਬੁੱਧ ਸਿੰਘ ਜੀ ਦੇ ਪਾਸ, ਜਿਨ੍ਹਾਂ ਦੀ ਉਮਰ ਉਸ ਵਕਤ ੧੨੭ ਸਾਲ ਦੀ ਸੀ, ਸ਼ਹਿਰ ਅਤੇ ਇਲਾਕੇ ਦੇ ਸਾਰੇ ਬੁੱਢੇ ਮਿਲ ਕੇ ਆਏ ਕਿ ਤੁਸੀਂ ਦੱਸੋ, ਇਹ ਅੰਮ੍ਰਿਤ ਛਕਣ ਵਾਲੀ ਗੱਲ ਠੀਕ ਹੈ?

ਬਾਪੂ ਬੁੱਧ ਸਿੰਘ ਜੀ ਬੜੇ ਪੁਰਾਣੇ ਤਜਰਬੇਕਾਰ ਅਤੇ ਸਤਿਸੰਗੀ ਪੁਰਸ਼ ਸਨ। ਇਹ ਸੋਢੀ ਕਾਹਨ ਸਿੰਘ ਜੀ ਦੇ, ਜਿਨ੍ਹਾਂ ਦੇ ਪਾਸ ਮਹਾਰਾਜਾ ਰਣਜੀਤ ਸਿੰਘ ਜੀ ਦੇ ਵਕਤ ਇਸ ਇਲਾਕੇ ਦੀ ਸੋਢੀ ਕਮਾਨ ਸੀ, ਖ਼ਾਸ ਸੇਵਕ ਸਨ। ਜਿਸ ਵਕਤ ਮਹਾਰਾਜਾ ਰਣਜੀਤ ਸਿੰਘ ਜੀ ਨੇ ਅਟਕ ਪਾਸੋਂ ਰਾਹ ਲਿਆ, ਉਸ ਵੇਲੇ ਇਹ ਸੋਢੀ ਸਾਹਿਬ ਦੇ ਨਾਲ ਅਰਦਲ ਵਿੱਚ ਸਨ।

ਸਾਰੇ ਬੁੱਢਿਆਂ ਦੀ ਇਹ ਗੱਲ ਸੁਣ ਕੇ ਇਹਨਾਂ ਆਖਿਆ ਕਿ ਅਸੀਂ ਸੋਚ ਕੇ ਤੁਹਾਨੂੰ ਕਲ ਜਵਾਬ ਦੇਵਾਂਗੇ। ਦੂਸਰੇ ਦਿਨ ਸਭ ਨੂੰ ਆਪਣੇ ਘਰ ਬੁਲਾਇਆ ਅਤੇ ਆਖਿਆ, "ਅਸਾਂ ਗੀਤਾ ਵਿੱਚ ਪੜ੍ਹਿਆ ਹੈ ਕਿ ਪੁਰਸ਼ ਦੀ ਖੋਪਰੀ ਨੂੰ ਕਿਸੇ ਮਹਾਤਮਾ ਦੇ ਚਰਨ ਲੱਗ ਗਏ ਅਤੇ ਉਹ ਪੁਰਸ਼ ਸਿੱਧਾਂ ਬਬਾਨ ਵਿੱਚ ਬੈਕੁੰਠ ਲੋਕ ਨੂੰ ਚਲਾ ਗਿਆ। ਇਹ ਤਾਂ ਸੰਤ ਮਹਾਤਮਾ ਖਾਸ ਆਪਣੇ ਹੱਥਾਂ ਨਾਲ ਸਾਨੂੰ ਅੰਮ੍ਰਿਤ ਦੇ ਛੱਟੇ ਦਿੰਦੇ ਹਨ! ਜ਼ਰੂਰ ਛਕੋ।"

ਬਾਪੂ ਬੁੱਧ ਸਿੰਘ ਜੀ ਨੇ ਪਹਿਲਾਂ ਆਪ ਅੰਮ੍ਰਿਤ ਛਕਿਆ ਅਤੇ ਫੇਰ ਸਾਰੇ ਇਲਾਕੇ ਦੇ ਬਿਰਧ, ਜਵਾਨ, ਬਾਲ, ਮਾਈ-ਭਾਈ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਅੰਮ੍ਰਿਤ ਛਕਿਆ। ਸੰਤ ਜੀ ਮਹਾਰਾਜ ਇੱਕ ਮਹੀਨੇ ਦੇ ਕਰੀਬ ਇੱਥੇ ਰਹੇ ਤੇ ਰੋਜ਼ ਅੰਮ੍ਰਿਤ ਪ੍ਰਚਾਰ ਹੁੰਦਾ ਰਿਹਾ। ਅੰਮ੍ਰਿਤ ਪ੍ਰਚਾਰ ਵੇਲੇ ਸੰਤ ਜੀ ਇਹ ਸ਼ਬਦ-

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ ॥
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ ॥
ਗੁਰੁ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ ॥
ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ ॥
ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੪੧॥ (ਭਾਈ ਗੁਰਦਾਸ ਜੀ)

ਬੜੀ ਉੱਚੀ ਸੁਰ ਵਿੱਚ ਪੜ੍ਹਦੇ ਅਤੇ ਨਾਲ-ਨਾਲ ਸੰਗਤ ਨੂੰ ਪੜ੍ਹਾਉਂਦੇ। ਇਸ ਦੀ ਅਕਾਲੀ ਗੂੰਜ ਨਾਲ ਮੋਹ-ਮਾਇਆ ਵਿੱਚ ਗ੍ਰਸ ਕੇ ਸੁਕੜੇ ਹੋਏ ਮੁਰਦਾ ਹਿਰਦੇ ਵੀ ਸੁਰਜੀਤ ਹੋ ਜਾਂਦੇ ਅਤੇ ਮਾਈ-ਭਾਈ ਆਪਣੇ ਆਪ ਖਿੱਚੇ ਹੋਏ ਅੰਮ੍ਰਿਤ ਅਭਿਲਾਖੀ ਬਣ ਜਾਂਦੇ। ਅੰਮ੍ਰਿਤ ਛਕਾਉਣ ਵੇਲੇ ਸੰਤ ਜੀ ਮਹਾਰਾਜ ਸਭ ਨੂੰ ੧੦੦ ਤੋਂ ੫੦੦ ਤੀਕਰ ਜਪੁਜੀ ਸਾਹਿਬ ਦੇ ਪਾਠਾਂ ਦੀ ਸੇਵਾ ਲਗਾਉਂਦੇ ਸਨ।

ਸੰਕੜਾ ਦੀ ਬਾਉਲੀ ਤੋਂ ਸੰਤ ਜੀ ਧੂਰਮਾਂ ਦੀ ਝਲਿਆਰੀ ਆ ਗਏ। ਉੱਥੇ ਜਮਾਂਦਾਰ ਸੁਲੱਖਣ ਸਿੰਘ ਜੀ ਨੇ ਕੁਟੀਆ ਪਾ ਦਿੱਤੀ। ਇੱਕ ਦਿਨ ਜਮਾਂਦਾਰ ਨੇ ਅਰਜ਼ ਕੀਤੀ ਕਿ ਮਹਾਰਾਜ! ਮੇਰੇ ਲੜਕਾ ਨਹੀਂ ਹੁੰਦਾ, ਆਪ ਕਿਰਪਾ ਕਰੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਗੁਰੂ ਸਭਨਾਂ ਦੀਆਂ ਕਾਮਨਾ ਪੂਰੀਆਂ ਕਰਦਾ ਹੈ, ਤੁਸੀਂ ਸਤਿਗੁਰੂ ਦਾ ਧਿਆਨ ਧਰ ਕੇ ਸਿਮਰਨ ਕਰਿਆ ਕਰੋ।" ਸਮਾਂ ਪਾ ਕੇ ਇਹਨਾਂ ਦੇ ਘਰ ਲੜਕਾ ਹੋਇਆ, ਜੋ ਪਿੱਛੋਂ ਚੌਧਰੀ ਅਤਰ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਕਹੂਟੇ ਦੀ ਸਾਧ ਸੰਗਤ ਦਾ ਸੰਤ ਜੀ ਮਹਾਰਾਜ ਨਾਲ ਬੜਾ ਹੀ ਪ੍ਰੇਮ ਹੋ ਗਿਆ। ਸੰਗਤ ਜਾਣ ਨਹੀਂ ਸੀ ਦਿੰਦੀ, ਪਰ ਸੰਤ ਜੀ ਮਹਾਰਾਜ ਦੀ ਜੁਗਤ ਸਦਾ ਭਰਿਆ ਮੇਲਾ ਛੱਡਣ ਦੀ ਹੁੰਦੀ ਸੀ। ਆਪ ਇੱਕ ਦਿਨ ਅੰਮ੍ਰਿਤ ਵੇਲੇ ਦੇ ਕੀਰਤਨ ਮਗਰੋਂ ਚੁਪੀਤੇ ਹੀ ਨਿਕਲ ਤੁਰੇ। ਸਾਧ-ਸੰਗਤ ਨੂੰ ਪਤਾ ਲੱਗ ਗਿਆ; ਮਾਈ-ਭਾਈ

ਸਭ ਦੌੜਦੇ ਆ ਗਏ। ਡਿਸਟ੍ਰਿਕਟ ਬੋਰਡ ਦੇ ਬੰਗਲੇ ਦੇ ਮੈਦਾਨ ਵਿੱਚ ਇੱਕ ਬੜਾ ਭਾਰੀ ਦੀਵਾਨ ਸਜ ਗਿਆ ਅਤੇ ਸੰਤ ਜੀ ਮਹਾਰਾਜ ਨੇ 'ਕਰ ਕੇ ਰੈਣ ਬਸੇਰਾ ਕੂੰਜਾਂ ਉੱਡ ਚਲੀਆਂ' ਦੀ ਧਾਰਨਾ ਵਿੱਚ ਹੇਠ ਲਿਖਿਆ ਸ਼ਬਦ ਪੜ੍ਹਿਆ:

ਗੂਜਰੀ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥
ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ਰਹਾਉ॥
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥
ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥
ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੧॥ (੪੯੫)

ਇੱਥੋਂ ਸੰਤ ਜੀ ਮਹਾਰਾਜ ਗਿਆਨੀ ਸੁੰਦਰ ਸਿੰਘ ਜੀ ਦੀ ਪ੍ਰੇਰਨਾ ਨਾਲ ਗਿਆਨੀ ਜੀ ਦੇ ਪਿੰਡ ਭੌਣ ਗਏ, ਜੋ ਕਿ ਤਹਿਸੀਲ ਕਹੂਟੇ ਵਿੱਚ ਇੱਕ ਛੋਟਾ ਜਿਹਾ ਗਿਰਾਂ ਹੈ। ਇੱਥੇ ਵੀਹ ਘਰ ਸਿੱਖਾਂ ਦੇ ਸਨ। ਸਭ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਗਿਆਨੀ ਜੀ ਦੀ ਸੁਪਤਨੀ ਨੇ, ਜਿਸ ਦੀ ਉਮਰ ੧੪-੧੫ ਸਾਲ ਦੀ ਸੀ, ਪੂਰੀ ਰਹਿਤ ਰੱਖ ਲਈ ਤੇ ਅੰਮ੍ਰਿਤ ਛਕਿਆ। ਇਸ ਵਕਤ ਅਜੇ ਸਿੰਘਣੀਆਂ ਵਿੱਚ ਸੰਤ ਜੀ ਮਹਾਰਾਜ ਨੇ ਖੰਡੇ ਦਾ ਅੰਮ੍ਰਿਤ ਸ਼ੁਰੂ ਨਹੀਂ ਸੀ ਕੀਤਾ ਤੇ ਕ੍ਰਿਪਾਨ ਨਾਲ ਹੀ ਅੰਮ੍ਰਿਤ ਛਕਾਉਣ ਦੀ ਰਵਾਇਤ ਚਲਦੀ ਸੀ। ਤਿੰਨ ਘਰ ਸਹਿਜਧਾਰੀ ਸਨ। ਉਹ ਭੀ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਸ ਜਗ੍ਹਾ ਕਿਰਪਾਨਾਂ, ਕੜੇ ਨਹੀਂ ਸੀ ਮਿਲਦੇ। ਸੰਤ ਜੀ ਦੇ ਨਾਲ ਇੱਕ ਬਿਹੰਗਮ ਸਿੰਘ ਹੁੰਦਾ ਸੀ, ਜੋ ਲੁਹਾਰਾ ਕੰਮ ਜਾਣਦਾ ਸੀ। ਉਸ ਨੇ ਕਿਰਪਾਨਾਂ ਅਤੇ ਕੜੇ ਬਣਾ ਲਏ ਅਤੇ ਕਾਰਜ ਸਿਰੇ ਚੜ੍ਹ ਗਿਆ।

ਇੱਕ ਸੀਤਲ ਦਾਸ ਨਾਮੀ ਸੁਨਿਆਰਾ, ਜੋ ਇਸ ਪਿੰਡ ਵਿਆਹਿਆ ਹੋਇਆ ਸੀ, ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਿਆ, ਪਰ ਉਸ ਦੀ ਸੱਸ ਨੇ ਉਸ ਨੂੰ ਘਰੋਂ ਹੀ ਨਾ ਆਉਣ ਦਿੱਤਾ। ਕਰਤਾਰ ਦੀ ਨੇਤ, ਉਹ ਉਸੇ ਦਿਨ ਅੱਧੀ ਰਾਤ ਅਚਨਚੇਤ ਬਿਮਾਰ ਹੋ ਕੇ ਚਲਾਣਾ ਕਰ ਗਿਆ। ਜਦ ਦੂਸਰੇ ਦਿਨ ਆਸਾ ਜੀ ਦੀ ਵਾਰ ਦੇ ਕੀਰਤਨ ਮਗਰੋਂ ਸੰਤ ਜੀ ਮਹਾਰਾਜ ਨੂੰ ਇਹ ਪਤਾ ਲੱਗਾ ਕਿ ਪ੍ਰੇਮੀ ਅੰਮ੍ਰਿਤ ਛਕਣ ਦੀ ਤੀਬਰ ਖਿੱਚ ਵਿੱਚ ਚੜ੍ਹਾਈ ਕਰ ਗਿਆ ਹੈ ਅਤੇ ਉਸ ਨੂੰ ਸਸਕਾਰ ਲਈ ਲੈ ਜਾ ਰਹੇ ਹਨ, ਤਦ ਅੰਮ੍ਰਿਤ ਤਿਆਰ ਕਰ ਕੇ ਉਸ ਦੇ ਮੁੱਖ ਵਿੱਚ ਪਾਇਆ। ਜਦ ਅੰਮ੍ਰਿਤ ਸੀਸ ਵਿੱਚ ਪਾਇਆ, ਤਦ ਖੋਪਰੀ ਬੜੇ ਜ਼ੋਰ ਨਾਲ ਫਟੀ, ਜੈਸੇ ਕੋਈ ਤੋਪ ਦੱਗਦੀ ਹੈ।

ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅੰਮ੍ਰਿਤ ਛਕਣ ਦੀ ਤੀਬਰ ਖਿੱਚ ਕਰਕੇ ਪ੍ਰੇਮੀ ਦੇ ਪ੍ਰਾਣ ਦਸਮ ਦਵਾਰ ਵਿੱਚ ਅਟਕੇ ਹੋਏ ਸਨ। ਸੱਚੇ ਪਾਤਸ਼ਾਹ ਜੀ ਦੇ ਅੰਮ੍ਰਿਤ ਦੀ ਸ਼ਕਤੀ ਅਲੌਕਿਕ ਹੈ। ਜਦ ਉਸ ਦੀ ਵਾਸ਼ਨਾ ਪੂਰੀ ਹੋ ਗਈ, ਉਹ ਉਸੇ ਵੇਲੇ ਗੁਰੂ ਕਲਗੀਆਂ ਵਾਲੇ ਦੇ ਦਰਬਾਰ ਵਿੱਚ ਹਾਜ਼ਰ ਹੋ ਗਿਆ।

ਏਥੇ ਹੀ ਇਹ ਖ਼ਬਰ ਪਹੁੰਚੀ ਕਿ ਜਲੰਧਰ ਦੇ ਜ਼ਿਲ੍ਹੇ ਵਿੱਚ ਆਰੀਆ ਸਮਾਜੀਆਂ ਨੇ ਕੁਝ ਰਾਮਦਾਸੀ ਸਿੰਘਾਂ ਦੇ ਕੇਸ ਕਤਲ ਕਰ ਕੇ ਬਾਜ਼ਾਰ ਵਿੱਚ ਰੱਸੇ ਬਣਾ ਕੇ ਵੇਚੇ ਹਨ। ਸੰਤ ਜੀ ਮਹਾਰਾਜ ਨੇ ਇਹ ਗੱਲ ਸੁਣ ਕੇ ਬੜਾ ਅਫਸੋਸ ਕੀਤਾ ਅਤੇ ਆਖਿਆ ਕਿ ਪੰਥ ਵਿੱਚ ਪ੍ਰਚਾਰ ਦਾ ਡਾਢਾ ਘਾਟਾ ਹੈ, ਇਸ ਦਾ ਕੋਈ ਉਪਾਉ ਜ਼ਰੂਰ ਹੋਣਾ ਚਾਹੀਦਾ ਹੈ। ਭਾਈ ਲਾਲ ਸਿੰਘ ਜੀ ਉਪਦੇਸ਼ਕ ਤਾਂ ਇਹ ਖ਼ਬਰ ਸੁਣ ਕੇ ਰੋ ਪਏ।

ਭੌਣ ਨਗਰ ਦੇ ਦੋ ਪ੍ਰੇਮੀ ਸੱਜਣ, ਜਿਨ੍ਹਾਂ ਨੇ ਇਸ ਸਮੇਂ ਅੰਮ੍ਰਿਤ ਛਕਿਆ, ਭਾਈ ਮਾਨ ਸਿੰਘ ਜੀ ਅਤੇ ਭਾਈ ਮਹਿਤਾਬ ਸਿੰਘ ਜੀ ਸਨ। ਭਾਈ ਮਾਨ ਸਿੰਘ ਨਾਮ ਰੰਗਣ ਵਿੱਚ ਰੰਗਿਆ ਗਿਆ, ਚੀਫ਼ ਖ਼ਾਲਸਾ ਦੀਵਾਨ ਦੀ ਟਹਿਲ ਵਿੱਚ ਹਾਜ਼ਰ ਹੋਇਆ ਅਤੇ ਏਸੇ ਸੇਵਾ ਵਿੱਚ ਸ੍ਰੀ ਅੰਮ੍ਰਿਤਸਰ ਹੀ ਚੜ੍ਹਾਈ ਕਰ ਗਿਆ।

ਭਾਈ ਮਹਿਤਾਬ ਸਿੰਘ, ਜੋ ਉਸ ਵਕਤ ੧੪-੧੫ ਸਾਲ ਦਾ ਸੀ ਅਤੇ ਹੁਣ ਪੁੱਤਰਾਂ-ਪੋਤਰਿਆਂ ਵਾਲਾ ਹੋ ਗਿਆ ਸੀ, ਆਪਣੀ ਧਰਮ ਦੀ ਕਿਰਤ ਵਿੱਚ ਸੱਚ ਬੋਲਦਾ ਅਤੇ ਪੂਰਾ ਤੋਲਦਾ ਸੀ। ਭੌਣ ਨਗਰ ਵਿੱਚ ਹਰ ਰੋਜ਼ ਅੰਮ੍ਰਿਤ ਵੇਲੇ ੪ ਵਜੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਂਦਾ ਰਿਹਾ ਅਤੇ ਫੇਰ ਆਸਾ ਜੀ ਦੀ ਵਾਰ ਦੇ ਕੀਰਤਨ ਵਿੱਚ ਹਿੱਸਾ ਲੈਂਦਾ ਰਿਹਾ।

ਇੱਕ ਦਿਨ ਗਿਆਨੀ ਸੁੰਦਰ ਸਿੰਘ ਜੀ ਦੀ ਮਾਤਾ ਨੇ ਸੰਤ ਜੀ ਮਹਾਰਾਜ ਪਾਸ ਇੱਕ ਬੜੀ ਦਰਦ ਭਰੀ ਦਸ਼ਾ ਵਿੱਚ ਬੇਨਤੀ ਕੀਤੀ, "ਮਹਾਰਾਜ! ਮੇਰਾ ਪੁੱਤਰ ਸੁੰਦਰ ਸਿੰਘ ਅਰਜ਼ੀ-ਨਵੀਸ, ਘਰ ਬਾਰ ਛੱਡ ਕੇ ਆਪ ਦੇ ਨਾਲ ਫ਼ਕੀਰ ਬਣ ਗਿਆ ਹੈ। ਇਹਦੀ ਸਿੰਘਣੀ ਛੋਟੀ ਜਿਹੀ ਹੈ। ਆਪ ਇਸ ਨੂੰ ਇਸ ਗੱਲ ਤੋਂ ਮੋੜੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਮਾਈ! ਇਹ ਚੰਗੇ ਪਾਸੇ ਲੱਗਿਆ ਹੈ। ਇਹ ਆਪ ਨਾਮ ਜਪੇਗਾ, ਹੋਰਨਾਂ ਨੂੰ ਜਪਾਵੇਗਾ ਅਤੇ ਪੰਥ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰੇਗਾ, ਆਪਣੀ ਸਿੰਘਣੀ ਨੂੰ ਨਹੀਂ ਤਿਆਗੇਗਾ। ਇਹ ਚੰਗਾ ਕੰਮ ਕਰਨ ਲੱਗਾ ਹੈ। ਅਸੀਂ ਇਸ ਨੂੰ ਭਲੇ ਪਾਸੇ ਲੱਗਣ ਤੋਂ ਕਿਉਂ ਮੋੜੀਏ!" ਮਾਈ ਇਹ ਸੁਣਕੇ ਚੁੱਪ ਕਰ ਰਹੀ। ਮਨ ਵਿੱਚ ਕੁਝ ਢਾਰਸ ਬੱਝ ਗਈ, ਆਖਿਓਸੁ ਕਿ ਸ਼ੁਕਰ ਹੈ ਬੱਚਾ ਆਪਣੀ ਇਸਤਰੀ ਨੂੰ ਤਾਂ ਨਾ ਛੱਡੇਗਾ; ਪੋਤਰਿਆਂ ਦਾ ਸੁੱਖ ਤਾਂ ਦੇਖ ਲਵਾਂਗੀ।

ਭੌਣ ਤੋਂ ਸੰਤ ਜੀ ਮਹਾਰਾਜ ਭੱਟਾਂ ਦੇ ਮੋੜ੍ਹੇ ਆਏ ਤੇ ਨਾਮ-ਬਾਣੀ ਅੰਮ੍ਰਿਤ ਦਾ ਪ੍ਰਵਾਹ ਚਲਾਇਆ। ਇੱਥੋਂ ਮਲਕਪੁਰ, ਜਿੱਥੇ ਕਿ ਅੱਗੇ ਇੱਕ ਵਾਰੀ ਹੋ ਗਏ ਸਨ। ਸਾਰੇ ਨਗਰ ਦੇ ਕੇਸਧਾਰੀਆਂ ਅਤੇ ਸਹਿਜਧਾਰੀਆਂ ਨੂੰ ਅੰਮ੍ਰਿਤ ਛਕਾਇਆ ਅਤੇ ਨਾਮ-ਬਾਣੀ ਦੇ ਸਿਮਰਨ ਵਿੱਚ ਲਾਇਆ। ਇੱਕ ਦਿਨ ਸੰਤ ਜੀ ਮਲਕਪੁਰ ਵਿਖੇ ਦੋ ਵਜੇ ਅੰਮ੍ਰਿਤ ਵੇਲੇ ਤਲਾਬ 'ਤੇ ਇਸ਼ਨਾਨ ਕਰ ਰਹੇ ਸਨ। ਗਿਆਨੀ ਸੁੰਦਰ ਸਿੰਘ ਜੀ ਸੇਵਾ ਵਿੱਚ ਨਾਲ ਸਨ। ਇਨ੍ਹਾਂ ਨੂੰ ਸੰਤ ਜੀ ਮਹਾਰਾਜ ਦੇ ਅੰਦਰ ਸ਼ਾਂਤੀ ਦਾ ਇੱਕ ਸਮੁੰਦਰ ਠਾਠਾਂ ਮਾਰਦਾ ਭਾਸਿਆ ਅਤੇ ਇਤਨਾ ਪ੍ਰਕਾਸ਼ ਪ੍ਰਤੀਤ ਹੋਇਆ ਕਿ ਝੱਲਿਆ ਨਹੀਂ ਸੀ ਜਾਂਦਾ। ਭਾਈ ਸੁੰਦਰ ਸਿੰਘ ਦਾ ਹਿਰਦਾ ਠੰਢਾ-ਠਾਰ ਹੋ ਗਿਆ ਅਤੇ ਇਹ ਕਿਸੇ ਖਾਸ ਰਸ ਵਿੱਚ ਮਗਨ ਹੋ ਗਿਆ। ਥੋੜ੍ਹੇ ਚਿਰ ਪਿੱਛੋਂ ਗਿਆਨੀ ਜੀ ਨੇ ਬੇਨਤੀ ਕੀਤੀ, "ਮਹਾਰਾਜ! ਮਾਤਾ-ਪਿਤਾ ਆਪ ਜੀ ਦੀ ਸੰਗਤ ਤੋਂ ਵਿਛੋੜਦੇ ਹਨ। ਆਪ ਕਿਰਪਾ ਕਰਕੇ ਆਪਣਾ ਅਸਲੀ ਹੁਕਮ ਦੱਸੋ।" ਤਾਂ ਬਚਨ ਹੋਇਆ:

ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥ (੨੬੦)

'ਤੁਸੀਂ ਨਾਮ ਤਾਂ ਘਰ ਵੀ ਜਪ ਸਕਦੇ ਹੋ।' ਗਿਆਨੀ ਜੀ ਨੇ ਜਵਾਬ ਦਿੱਤਾ, ਮਹਾਰਾਜ ਦਾ ਹੁਕਮ ਹੈ:

ਸੋ ਹਰਿ ਭਜਨੁ ਸਾਧ ਕੈ ਸੰਗਿ ॥ (੮੯੧)

ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਜਵਾਬ ਦਿੱਤਾ, 'ਇਹ ਭੀ ਠੀਕ ਹੈ।'

ਫਿਰ ਸਾਗਰੀ, ਰਵਾਤ, ਤਖ਼ਤ ਪੜੀ, ਗੁਜਰਖਾਨ, ਬੇਵਲ ਸੰਗਤਾਂ ਨੂੰ ਦੀਦਾਰ ਦਿੰਦੇ ਹੋਏ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਾਉਂਦੇ ਹੋਏ ਪੰਜਾ ਸਾਹਿਬ ਦੇ ਰਸਤੇ ਸੰਤ ਜੀ ਮਹਾਰਾਜ ਪ੍ਰੇਮੀਆਂ ਨਾਲ ਪਿਸ਼ਾਵਰ ਚੱਲੇ ਗਏ।

ਪਿਸ਼ਾਵਰ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਕੁਝ ਦਿਨ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚੱਲਿਆ। ਇੱਕ ਦਿਨ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਕਿਸੇ ਨੇ ਸਾਧ-ਸੰਗਤ ਵਿੱਚ ਬਾਬਾ ਕਾਹਨ ਜੀ ਦਾ, ਜੋ ਕਿ ਪਿਸ਼ਾਵਰ ਦੇ ਇੱਕ ਉੱਘਾ ਅਲਮਸਤ ਫ਼ਕੀਰ ਸਨ, ਜ਼ਿਕਰ ਕੀਤਾ। ਸੰਤ ਜੀ ਮਹਾਰਾਜ ਨੇ ਜੋ ਸਾਰੇ ਤਾਰ ਦੇ ਮੇਲੀ ਫ਼ਕੀਰਾਂ ਦੇ ਪ੍ਰੇਮੀ ਸਨ; ਆਖਿਆ, "ਚੱਲੋ, ਬਾਬਾ ਜੀ ਦੇ ਦਰਸ਼ਨ ਕਰੀਏ।" ਇੱਧਰੋਂ ਸੰਤ ਜੀ ਮਹਾਰਾਜ ਜੀ ਟੁਰ ਪਏ, ਉੱਧਰੋਂ ਅਜੇ ਗ਼ਲੀ ਦੀ ਕੰਧ ਦਾ ਉਹਲਾ ਹੀ ਸੀ ਕਿ ਅੱਗੇ ਬਾਬਾ ਕਾਹਨ ਜੀ ਆਪਣੇ ਮੰਜੇ ਤੋਂ ਉੱਠ ਖਲੋਤੇ ਤੇ ਆਖਣ ਲੱਗ ਪਏ, "ਮਹਾਰਾਜ ਜੀ ਆ ਰਹੇ ਹਨ।"

ਜਦ ਸੰਤ ਜੀ ਮਹਾਰਾਜ ਬਾਬਾ ਕਾਹਨ ਜੀ ਦੇ ਆਸਣ ਪਾਸ ਪਹੁੰਚੇ, ਤਦ ਬਾਬਾ ਕਾਹਨ ਜੀ ਨੇ ਨਮਸਕਾਰ ਕੀਤੀ ਅਤੇ ਸੰਤ ਜੀ ਮਹਾਰਾਜ ਨੇ ਬੜੇ ਖਿੜੇ ਮੱਥੇ ਪੁੱਛਿਆ, "ਬਾਬਾ ਜੀ! ਆਨੰਦ ਹੋ?" ਬਾਬਾ ਜੀ ਨੇ ਕਿਹਾ, "ਸਦਾ ਹੀ ਅਨੰਦ; ਦਰਸ਼ਨ ਕਰਕੇ ਹੋਰ ਵੀ ਅਨੰਦ।"

ਪਿਸ਼ਾਵਰ ਤੋਂ ਸੇਠ ਰਤਨ ਸਿੰਘ ਜੀ ਸੰਤ ਜੀ ਮਹਾਰਾਜ ਨੂੰ ਕੋਹਾਟ ਲੈ ਗਏ। ਸਿਆਲ ਦੇ ਦੋ ਮਹੀਨੇ ਇੱਥੇ ਰਹੇ। ਹਰ ਰੋਜ਼ ਦੀਵਾਨ ਲੱਗਦਾ ਅਤੇ ਛੱਜੂ ਦੇ ਕੋਠੇ 'ਤੇ ਸਾਧ-ਸੰਗਤ ਦਾ ਮੇਲ ਹੁੰਦਾ। ੫੪ ਪਲਟਨ ਵਿੱਚ ਵੀ, ਜੋ ਇਸ ਵਕਤ ਇਸ ਜਗ੍ਹਾ ਆਈ ਹੋਈ ਸੀ, ਸੰਤ ਜੀ ਮਹਾਰਾਜ ਨੇ ਚਾਰ ਦਿਨ ਦੀਵਾਨ ਲਾਇਆ। ਪਲਟਨ ਅਤੇ ਸ਼ਹਿਰ ਵਿੱਚ ਬਹੁਤ ਅੰਮ੍ਰਿਤ ਪ੍ਰਚਾਰ ਹੋਇਆ।

ਕੋਹਾਟ ਤੋਂ ਸੰਤ ਰਾਵਲਪਿੰਡੀ ਆ ਗਏ ਅਤੇ ਕਰਮ ਚੰਦ ਜੀ ਪੰਸਾਰੀ ਪਾਸ ਰਹੇ। ਹਰ ਰੋਜ਼ ਦੀਵਾਨ ਲੱਗਦਾ। ਸੰਗਤ ਨੇ ਬਹੁਤ ਪ੍ਰੇਮ ਕੀਤਾ ਕਿ ਸੰਤ ਜੀ ਇੱਥੇ ਰਹਿਣ, ਪਰ ਸੰਤ ਜੀ ਚੁੱਪ-ਚੁਪੀਤੇ ਇਕੱਲੇ ਹੀ ਨਿਕਲ ਗਏ।

ਨੋਟ - ਇਸ ਦੌਰੇ ਵਿੱਚ ਭਾਈ ਬੂਟਾ ਸਿੰਘ ਜੀ, ਕਲਿਆਨ ਸਿੰਘ ਜੀ, ਗਿਆਨੀ ਪ੍ਰੇਮ ਸਿੰਘ ਜੀ, ਭਾਈ ਰਤਨ ਸਿੰਘ ਜੀ ਅਤੇ ਕੁਝ ਹੋਰ ਪ੍ਰੇਮੀ ਸੰਤ ਜੀ ਮਹਾਰਾਜ ਦੇ ਨਾਲ ਸਨ। ਭਾਈ ਰਤਨ ਸਿੰਘ ਕੱਲਰ ਦੇ ਇੱਕ ਖ਼ਾਸ ਪ੍ਰੇਮੀ ਸਿੱਖ ਸਨ। ਆਪ ਗ੍ਰਹਿਸਤੀ ਸਨ, ਆਪਣਾ ਘਰ ਦਾ ਕਾਰ-ਵਿਹਾਰ ਵੀ ਕਰਦੇ ਅਤੇ ਹਰ ਵਕਤ ਨਾਮ ਕੀਰਤਨ ਦੀ ਲਹਿਰ ਵਿੱਚ ਮਸਤ ਰਹਿੰਦੇ। ਇਨ੍ਹਾਂ ਦਾ ਸੰਤ ਜੀ ਮਹਾਰਾਜ ਨਾਲ ਤਪ ਸਮੇਂ ਖਾਸ ਪ੍ਰੇਮ ਹੋ ਗਿਆ। ਕਦੀ-ਕਦੀ ਦਰਸ਼ਨ ਅਤੇ ਸੇਵਾ ਦੀ ਏਨੀ ਖਿੱਚ ਹੁੰਦੀ ਕਿ ਆਪ ਆਪਣਾ ਘਰ, ਕਾਰ-ਵਿਹਾਰ ਭੁਲਾ ਕੇ ਸੰਤ ਜੀ ਮਹਾਰਾਜ ਦੇ ਨਾਲ ਟੁਰ ਪੈਂਦੇ।

ਕਾਂਡ ੨੨

ਸੂਹੀ ਲਲਿਤ ਕਬੀਰ ਜੀਉ॥

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥
ਹਰਿ ਦੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥
ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥੧॥ਰਹਾਉ॥
ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥
ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥
ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥
ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥
ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥
ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ ॥੪॥ (੭੯੩)

ਸੰਤ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ

ਰਾਵਲਪਿੰਡੀ ਤੋਂ ਸੰਤ ਜੀ ਮਹਾਰਾਜ ਇਕੱਲੇ ਨਿਕਲ ਆਏ, ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਕਿੱਥੇ ਗਏ ਹਨ। ਨਾਲ ਦੇ ਸਾਥੀ ਵੀ ਸੁੱਤੇ ਪਏ ਛੱਡ ਦਿੱਤੇ। ਸੰਤ ਜੀ ਚੁੱਪ-ਚੁਪੀਤੇ ਹੀ ਸਟੇਸ਼ਨ 'ਤੇ ਅੱਪੜ ਗਏ ਅਤੇ ਕਿਸੇ ਪ੍ਰੇਮੀ ਨਾਲ ਧਨ ਮੰਗਵਾਲ ਪਹੁੰਚ ਗਏ। ਪਿੱਛੇ ਸਾਰੀ ਸੰਗਤ ਬਹੁਤ ਵਿਆਕੁਲ ਹੋਈ ਅਤੇ ਸਾਰੇ ਰਾਵਲਪਿੰਡੀ ਦੇ ਨੇੜੇ-ਤੇੜੇ ਢੂੰਡ-ਭਾਲ ਕੀਤੀ, ਪਰ ਸੰਤ ਜੀ ਨਾ ਮਿਲੇ। ਨਾਲ ਦੇ ਸਾਥੀਆਂ ਨੇ ਹੌਲੀ-ਹੌਲੀ ਖੋਜ ਕੱਢ ਲਈ ਅਤੇ ਲੋੜਦੇ-ਲੋੜਦੇ ਧਨ ਮੰਗਵਾਲ ਪਹੁੰਚ ਗਏ। ਉੱਥੇ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਦੋ ਦਿਨ ਤੋਂ ਬਿਸਤਰੇ ਵਿੱਚ ਬੇਸੁਰਤ ਪਏ ਹਨ। ਜਦ ਸੰਗਤ ਦੇ ਸਰੀਰ ਪਹੁੰਚੇ, ਤਦ ਸੰਤ ਜੀ ਉਸੇ ਵਕਤ ਉੱਠ ਕੇ ਬੈਠ ਗਏ। ਸੰਗਤ ਨੇ ਪੁਛਿਆ, "ਮਹਾਰਾਜ! ਇਹ ਕੀ ਭਾਣਾ ਵਰਤਾਇਆ?" ਮਹਾਰਾਜ ਨੇ ਉੱਤਰ ਦਿੱਤਾ ਕਿ ਇਹ ਵੀ ਹੁਕਮ ਵਿੱਚ ਹੀ ਹੈ। ਪ੍ਰੇਮੀਆਂ ਕੋਲੋਂ ਪੁੱਛ ਪੜਤਾਲ ਤੋਂ ਪਤਾ ਲੱਗਾ ਹੈ ਕਿ ਸੰਤ ਜੀ ਮਹਾਰਾਜ ਨੂੰ ਕਿਸੇ ਨੇ ਪਾਰਾ ਖਵਾ ਦਿੱਤਾ ਹੈ ਅਤੇ ਮਹਾਰਾਜ ਬਿਸਤਰੇ ਵਿੱਚ ਹੀ ਰਹੇ ਹਨ, ਸੰਗਤ ਦੇ ਆਉਣ 'ਤੇ ਹੀ ਉੱਠ ਕੇ ਬੈਠੇ ਹਨ।

ਇਲਾਜ ਕਰਾਉਣ ਲਈ ਮੰਗਵਾਲ ਤੋਂ ਸਾਧ-ਸੰਗਤ ਨੇ ਚੱਕਵਾਲ ਲੈ ਆਂਦਾ। ਏਥੇ ਥੋੜ੍ਹੇ ਦਿਨਾਂ ਵਿੱਚ ਸਰੀਰ ਤਕੜਾ ਹੋ ਗਿਆ। ਸਾਰੇ ਸ਼ਹਿਰ ਦੀ ਸੰਗਤ ਦਾ ਬਹੁਤ ਪ੍ਰੇਮ ਵਧਿਆ। ਕਈ ਦੀਵਾਨ ਲੱਗੇ, ਨਾਮ-ਬਾਣੀ ਅਤੇ ਅੰਮ੍ਰਿਤ ਦਾ ਪ੍ਰਵਾਹ ਚੱਲਿਆ। ਸਾਧ-ਸੰਗਤ ਨੇ ਬਹੁਤ ਮਾਇਆ ਭੇਟਾ ਕੀਤੀ, ਪਰ ਸੰਤ ਜੀ ਮਹਾਰਾਜ ਨੇ ਕੁਝ ਵੀ ਸਵੀਕਾਰ ਨਾ ਕੀਤਾ। ਇੱਕ ਪ੍ਰੇਮੀ ਮੋਹਰਾਂ ਦਾ ਥਾਲ ਭਰ ਕੇ ਲਿਆਇਆ, ਉਸ ਦੇ ਹਿਰਦੇ ਵਿੱਚ ਪ੍ਰੀਖਿਆ ਦਾ ਭਾਵ ਸੀ। ਸੰਤ ਜੀ ਮਹਾਰਾਜ ਨੇ ਥਾਲ ਵੱਲ ਨਿਗਾਹ ਤੱਕ ਨਾ ਕੀਤੀ, ਕੀਰਤਨ ਦੇ ਰੰਗ ਵਿੱਚ ਅਡੋਲ ਮਗਨ ਰਹੇ।

ਉਂਝ ਵੀ ਜਦ ਤੀਕਰ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਸ਼ੁਰੂ ਨਹੀਂ ਸੀ ਹੋਈ, ਸੰਤ ਜੀ ਮਹਾਰਾਜ ਨੇ ਕਦੇ ਕਿਸੇ ਦੀ ਮਾਇਆ ਜਾਂ ਭੇਟਾ ਕਬੂਲ ਨਹੀਂ ਕੀਤੀ ਸੀ। ਜਿੱਥੇ ਕੀਰਤਨ ਹੁੰਦਾ, ਭੇਟਾ ਉੱਥੇ ਹੀ ਪਈ ਰਹਿੰਦੀ। ਸੰਤ ਜੀ ਮਹਾਰਾਜ ਦੀਵਾਨ ਦੇ ਪਿੱਛੋਂ ਸਿੱਧੇ ਬਾਹਰ ਜੰਗਲ ਵੱਲ ਚਲੇ ਜਾਂਦੇ, ਨਾ ਆਪ ਮਾਇਆ ਨੂੰ ਹੱਥ ਲਾਉਂਦੇ ਤੇ ਨਾ ਕਿਸੇ ਸੇਵਕ ਨੂੰ ਲਾਉਣ ਦਿੰਦੇ।

ਕਠਨ ਸਾਧਨ ਦੀ ਵੀ ਬਿਰਤੀ ਇਤਨੀ ਪਰਪੱਕ ਹੋ ਚੁੱਕੀ ਸੀ ਕਿ ਜਦ ਪ੍ਰੇਮੀ ਰਾਤ ਦੇ ਵਕਤ ਬਚਨ ਬਿਲਾਸ ਕਰ ਕੇ ਅਰਾਮ ਲਈ ਚਲੇ ਜਾਂਦੇ, ਤਦ ਸੰਤ ਜੀ ਮਹਾਰਾਜ ਉਸੇ ਵਕਤ ਪਲੰਘ ਛੱਡ ਦਿੰਦੇ ਅਤੇ ਜ਼ਮੀਨ 'ਤੇ ਆਸਨ ਵਿਛਾ ਬੈਠ ਜਾਂਦੇ। ਕੁਝ ਚਿਰ ਨਾਮ-ਸਿਮਰਨ ਦੇ ਰੰਗ ਵਿੱਚ ਮਸਤ ਰਹਿ ਕੇ ਫੇਰ ਲੋੜ ਅਨੁਸਾਰ ਭੂਮੀ ਆਸਨ 'ਤੇ ਹੀ ਬਿਰਾਜਮਾਨ ਹੋ ਜਾਂਦੇ। ਇੱਕ ਵਜੇ ਫੇਰ ਜਾਗ ਪੈਂਦੇ। ਹੌਲੀ-ਹੌਲੀ ਪ੍ਰੇਮੀਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਹਨਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਡਾ ਪ੍ਰੇਮ ਜ਼ਰੂਰ ਪੂਰਾ ਕਰਿਆ ਕਰੋ। ਆਪ ਦੇ ਜ਼ਮੀਨ 'ਤੇ ਪੈਣ ਨਾਲ ਸਾਡੇ ਮਨ ਨੂੰ ਡਾਢੀ ਖੇਚਲ ਹੁੰਦੀ ਹੈ ਕਿ ਅਸੀਂ ਘਰਾਂ ਵਿੱਚ ਪਲੰਘਾਂ 'ਤੇ ਬਿਰਾਜੀਏ ਤੇ ਆਪ ਸਾਰੀ ਰਾਤ ਧਰਤੀ 'ਤੇ ਆਸਣ ਲਗਾਈ ਰੱਖੋ। ਸੰਗਤ ਦੀ ਇਹ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਨੇ ਹੌਲੀ-ਹੌਲੀ ਮੰਜੇ 'ਤੇ ਪੈਣ ਦੀ ਆਦਤ ਪਕਾਈ। ਪਹਿਲਾਂ-ਪਹਿਲ ਮੰਜੇ 'ਤੇ ਪੈਣ ਵਿੱਚ ਸਰੀਰ ਬਹੁਤ ਖੇਚਲ ਮੰਨਦਾ, ਪਰ ਸੰਗਤ ਦਾ ਪ੍ਰੇਮ ਪੂਰਾ ਕਰਨ ਲਈ ਮੰਜੇ 'ਤੇ ਬਿਰਾਜਣ ਦੀ ਆਦਤ ਸੰਤ ਜੀ ਮਹਾਰਾਜ* ਨੇ ਪਕਾ ਲਈ।

ਚੱਕਵਾਲ ਤੋਂ ਸੰਤ ਜੀ ਸੁਖੋ, ਡੇਰਾ ਖ਼ਾਲਸਾ ਦੇ ਰਸਤੇ ਕੱਲਰ ਆਏ ਅਤੇ ਭਾਈ ਰਾਮ ਸਿੰਘ ਜੀ ਕੋਹਲੀ ਦੇ ਘਰ ਪ੍ਰਸ਼ਾਦ ਛਕਿਆ।

ਪ੍ਰਸ਼ਾਦ ਛਕ ਕੇ ਸੰਤ ਜੀ ਮਹਾਰਾਜ ਨੇ ਕਨੋਹੇ ਜਾਣ ਦੀ ਤਿਆਰੀ ਕਰ ਲਈ। ਅਜੇ ਕਾਂਸ਼ੀ ਨਦੀ ਲੰਘ ਰਹੇ ਸਨ ਇੱਕ ਪ੍ਰੇਮੀ ਨੇ ਆਖਿਆ, "ਕੈਸੇ ਮੋਟੇ ਤਾਜ਼ੇ ਹਨ ਤੇ ਕਮਾਈ ਕਰਨ ਤੋਂ ਭੱਜਦੇ-ਫਿਰਦੇ ਹਨ।" ਪ੍ਰੇਮੀ ਦਾ ਇਹ ਬਚਨ ਸੁਣ ਕੇ ਸੰਤ ਜੀ ਮਹਾਰਾਜ ਉਸੇ ਥਾਂ ਠਹਿਰ ਗਏ ਅਤੇ ਸਾਰਾ ਸਿਆਲ ਲੂਨੀ ਨਦੀ ਵਿੱਚ ਕਾਂਸ਼ੀ ਦੀ ਰੇਤ 'ਤੇ ਕਠਨ ਤਪ ਕੀਤਾ।

ਇੱਕ ਦਿਨ ਬਾਬਾ ਖੇਮ ਸਿੰਘ ਨੇ ਬੇਨਤੀ ਕੀਤੀ ਕਿ ਮੇਰੇ ਪਾਸ ਦਮਦਮੇ ਸਾਹਿਬ ਨਿਵਾਸ ਕਰੋ, ਮੈਂ ਮੰਦਰ ਕਿਸ ਵਾਸਤੇ ਬਣਵਾਏ ਹਨ? ਸੰਤ ਜੀ ਮਹਾਰਾਜ ਨੇ ਜਵਾਬ ਦਿੱਤਾ, "ਅਸੀਂ ਬਾਹਰ ਹੀ ਚੰਗੇ ਹਾਂ।"

ਇਸ ਵਾਰੀ ਕੱਲਰ ਵਿੱਚ ਬੜਾ ਅੰਮ੍ਰਿਤ ਪ੍ਰਚਾਰ ਹੋਇਆ। ਪਹਿਲੇ ਦਿਨ ਸੰਤ ਜੀ ਮਹਾਰਾਜ ਅੰਮ੍ਰਿਤ ਛਕਾਉਣ ਲੱਗੇ, ੧੫੦ ਦੇ ਕਰੀਬ ਮਾਈ-ਭਾਈ ਤਿਆਰ ਹੋ ਗਏ। ਜਮਾਂਦਾਰ ਗੁਰਦਿੱਤ ਸਿੰਘ ਅਤੇ ਭਾਈ ਉੱਤਮ ਸਿੰਘ ਜੀ ਥੰਮ੍ਹਾਲੀ ਨਿਵਾਸੀ ਵੀ ਇਸ ਸਮੇਂ ਅੰਮ੍ਰਿਤ ਛਕਣ ਲਈ ਹਾਜ਼ਰ ਸਨ। ਜਦ ਸਾਰਿਆਂ ਨੂੰ ਅੰਮ੍ਰਿਤ ਛਕਾ ਚੁੱਕੇ ਅਤੇ ਅੰਮ੍ਰਿਤ ਦਾ ਬਾਟਾ ਫਿਰਨ ਦਾ ਵੇਲਾ ਆਇਆ, ਤਦ ਇੱਕ ਮਾਈ ਨੇ ਆਪਣੇ ਲੜਕੇ ਨੂੰ, ਜਿਸ ਦੀ ਨਲੀ ਵਗ ਰਹੀ ਸੀ, ਬਾਟੇ ਵਿੱਚੋਂ ਅੰਮ੍ਰਿਤ ਦਾ ਘੁਟ ਪਿਆ ਦਿੱਤਾ। ਭੁਝੰਗੀ ਗੁਰਦਿੱਤ ਸਿੰਘ ਸਪੁੱਤਰ ਚੌਧਰੀ ਤਾਰਾ ਸਿੰਘ ਜੀ ਥੰਮ੍ਹਾਲੀ ਵਾਲੇ ਅਤੇ ਸੰਗਤ ਦੇ ਹੋਰ ਕਈ ਸਰੀਰਾਂ ਨੇ ਆਖਿਆ ਕਿ ਅੰਮ੍ਰਿਤ ਅਸੀਂ ਨਹੀਂ ਪੀਣਾ, ਕਿਉਂਕਿ ਇਹ ਜੂਠਾ ਹੋ ਗਿਆ ਹੈ। ਪੰਜਾਂ ਪਿਆਰਿਆਂ ਵਿੱਚੋਂ ਇੱਕ ਨੇ ਜੋ ਕਿ ਬਾਟਾ ਫਿਰਾਉਣ ਦੀ ਸੇਵਾ ਵਿੱਚ ਸੀ, ਆ ਕੇ ਸੰਤ ਜੀ ਮਹਾਰਾਜ ਨੂੰ ਸਾਰੀ ਗੱਲ ਦੱਸੀ ਅਤੇ ਆਖਿਆ ਕਿ ਕੁਝ ਲੋਕ ਅੰਮ੍ਰਿਤ ਦਾ ਬਾਟਾ ਨਹੀਂ ਫਿਰਨ ਦਿੰਦੇ, ਬਾਟੇ ਵਿੱਚੋਂ ਅੰਮ੍ਰਿਤ ਛਕਣ ਤੋਂ ਨਾਂਹ ਕਰਦੇ ਹਨ। ਇਹ ਸੁਣ ਕੇ ਸੰਤ ਜੀ ਮਹਾਰਾਜ ਉੱਠ ਕੇ ਸੰਗਤਾਂ ਨੂੰ ਸਮਝਾਉਣ ਲਈ ਆਏ। ਅਜੇ ਆਪ ਨੇ ਆਪਣੇ ਮੁਖਾਰਬਿੰਦ ਤੋਂ ਕੋਈ ਬਚਨ ਨਹੀਂ ਸੀ ਆਖਿਆ ਕਿ

---

* ਨੋਟ-ਜ਼ਬਾਨੀ ਸੰਤ ਜੀ ਮਹਾਰਾਜ

ਸੰਤ ਜੀ ਮਹਾਰਾਜ ਨੂੰ ਆਉਂਦਿਆਂ ਦੇਖ ਕੇ ਭੁਝੰਗੀ ਗੁਰਦਿੱਤ ਸਿੰਘ ਆਪੇ ਹੀ ਬੋਲ ਪਿਆ ਕਿ ਅੰਮ੍ਰਿਤ ਵੀ ਕਦੀ ਜੂਠਾ ਹੁੰਦਾ ਹੈ, ਅੰਮ੍ਰਿਤ ਤਾਂ ਜੂਠਿਆਂ ਨੂੰ ਸੁੱਚਾ ਕਰਦਾ ਹੈ। ਇਹ ਆਖਦਿਆਂ ਹੀ ਭੁਝੰਗੀ ਗੁਰਦਿੱਤ ਸਿੰਘ ਨੇ ਬਾਟਾ ਫੜ ਕੇ ਅੰਮ੍ਰਿਤ ਛਕ ਲਿਆ ਅਤੇ ਹੋਰ ਸਾਰੀ ਸੰਗਤ ਨੇ ਵੀ ਛਕ ਲਿਆ। ਸੰਤ ਜੀ ਮਹਾਰਾਜ ਨੂੰ ਸੰਗਤ ਵਿੱਚ ਕਿਸੇ ਨੇ ਆਖਿਆ ਕਿ ਇਹ ਚੌਧਰੀ ਹੈ ਅਤੇ ਏਸੇ ਨੇ ਹੀ ਪਹਿਲਾਂ ਨਾਂਹ ਕੀਤੀ ਸੀ। ਸੰਤ ਜੀ ਮਹਾਰਾਜ ਹੱਸ ਪਏ ਅਤੇ ਆਖਿਆ, ''ਭਾਈ! ਇੱਲਤ ਦਾ ਨਾਉਂ ਚੌਧਰੀ ਹੈ।''

ਇਸੇ ਹੀ ਸਮੇਂ ਕੱਲਰ ਪਿੰਡ ਦੀਆਂ ਸੰਗਤਾਂ ਨੇ ਸੰਤ ਜੀ ਮਹਾਰਾਜ ਵਾਸਤੇ ਦੋ ਪੱਕੀਆਂ ਗੁਫਾਵਾਂ ਤਿਆਰ ਕਰਾਈਆਂ। ਇੱਕ ਦਾ ਮੂੰਹ ਪਹਾੜ ਵੱਲ ਤੇ ਦੂਸਰੀ ਦਾ ਮੂੰਹ ਪਿੰਡ ਵੱਲ ਰੱਖਿਆ। ਇਸ ਪਿੱਛੋਂ ਨੇੜੇ ਹੀ ਸੰਗਤਾਂ ਨੇ ਵੈਰਾਨ ਜਗ੍ਹਾ ਸਾਫ ਕਰਵਾ ਕੇ ਇੱਕ ਖੂਹ ਵੀ ਲੱਗਵਾ ਦਿੱਤਾ। ਜਦੋਂ ਇਹ ਜਗ੍ਹਾ ਅਬਾਦ ਹੋ ਗਈ ਤਾਂ ਇਸ ਪਿੰਡ ਦੇ ਵਾਸੀ ਬੂਟਾ ਸਿੰਘ ਨੇ ਸੰਤ ਜੀ ਤੇ ਸੰਗਤਾਂ ਨੂੰ ਇਸ ਥਾਂ ਤੋਂ ਉੱਠ ਜਾਣ ਲਈ ਆਖਿਆ ਤੇ ਬੋਲਿਆ ਕਿ ਇਹ ਥਾਂ ਤਾਂ ਉਸ ਦੀ ਹੈ ਤੇ ਉਸ ਨੇ ਇਹ ਖੂਹ ਤੋਂ ਖੇਤ ਸਿੰਜਣੇ ਹਨ, ਤੁਸੀਂ ਕਿਸੇ ਹੋਰ ਥਾਂ ਚਲੇ ਜਾਓ। ਸੰਤ ਜੀ ਮਹਾਰਾਜ ਨੇ ਸੰਗਤ ਨੂੰ ਇਹ ਜਗ੍ਹਾ ਛੱਡਣ ਲਈ ਹੁਕਮ ਦਿੱਤਾ ਅਤੇ ਨਦੀ ਦੇ ਪਾਰ ਡੇਰਾ ਲਾ ਲਿਆ ਨਾਲ ਹੀ ਸਹਿਜ-ਸੁਭਾਇ ਸੰਤ ਜੀ ਮਹਾਰਾਜ ਨੇ ਬਚਨ ਕੀਤਾ ਕਿ ਇਹ ਖੂਹ ਕੇਵਲ ਪੀਣ ਜੋਗਾ ਹੀ ਪਾਣੀ ਦੇਵੇਗਾ ਤੇ ਇਸ ਤੋਂ ਪੈਲੀਆਂ ਨਹੀਂ ਸਿੰਝੀਆਂ ਜਾ ਸਕਣਗੀਆਂ। ਬੂਟਾ ਸਿੰਘ ਨੇ ਖੂਹ ਵਿੱਚ ਬਾਰ-ਬਾਰ ਨਾਲਾਂ ਲਗਵਾਈਆਂ ਤੇ ਪੁਟਾਈਆਂ ਪਰ ਪਾਣੀ ਵੱਲੋਂ ਸਫਲਤਾ ਨਾ ਮਿਲੀ। ਇਸ ਪ੍ਰਕਾਰ ਇਹ ਬੈਂਕ ਤੇ ਸ਼ਾਹਾਂ ਦਾ ਛੇ ਹਜ਼ਾਰ ਦਾ ਕਰਜ਼ਾਈ ਹੋ ਗਿਆ। ਕਰਜ਼ਾ ਮੋੜ ਨਾ ਸਕਿਆ ਤੇ ਬੈਂਕ ਨੇ ਜ਼ਮੀਨ ਕੁਰਕ ਕਰਵਾ ਲਈ।

ਕੱਲਰ ਤੋਂ ਸੰਤ ਜੀ ਮਹਾਰਾਜ ਮੀਰਪੁਰ (ਰਿਆਸਤ ਜੰਮੂ) ਵਿੱਚ ਗਏ। ਏਥੇ ਡੇਢ ਮਹੀਨਾ ਠਹਿਰੇ। ਨਾਮ, ਕੀਰਤਨ ਤੇ ਅੰਮ੍ਰਿਤ ਪ੍ਰਚਾਰ ਦਾ ਬਹੁਤ ਚੱਕਰ ਚੱਲਿਆ। ਏਥੇ ਇੱਕ ਪ੍ਰੇਮੀ ਰਾਮ ਭਗਤ ਸੀ। ਇਹ ਕਿਸੇ ਪਰਮ ਹੰਸ ਦਾ ਸੇਵਕ ਸੀ। ਬਹੁਤ ਪੂਜਾ ਪਾਠ ਦੇ ਸਾਧਨ ਕੀਤੇ, ਪਰ ਸ਼ਾਂਤੀ ਨਾ ਆਈ। ਸੰਤ ਜੀ ਮਹਾਰਾਜ ਦੀ ਮਹਿਮਾ ਸੁਣ ਕੇ ਇੱਕ ਦਿਨ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਇਆਂ ਅਤੇ ਆ ਕੇ ਨਮਸਕਾਰ ਕੀਤੀ। ਦਰਸ਼ਨ ਕਰਦਿਆਂ ਹੀ ਕਲੇਜੇ ਵਿੱਚ ਠੰਢ ਪਈ ਹਿਰਦਾ ਕਿਸੇ ਰਸ ਵਿੱਚ ਆ ਗਿਆ। ਥੋੜ੍ਹਾ ਚਿਰ ਅਨੰਦ ਨੂੰ ਰਸ ਮਗਨ ਹੋ ਕੇ ਮਾਣਿਆ। ਫਿਰ ਬੜੇ ਪ੍ਰੇਮ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ, ''ਮਹਾਰਾਜ! ਬਹੁਤ ਚਿਰ ਪੂਜਾ ਪਾਠ ਕਰਦਿਆਂ ਹੋ ਗਿਆ ਹੈ, ਮਨ ਪੱਥਰ ਦਾ ਪੱਥਰ ਹੀ ਰਿਹਾ ਹੈ। ਕਿਰਪਾ ਕਰ ਕੇ ਸ਼ਾਂਤੀ ਦਾ ਕੋਈ ਉਪਾਓ ਦੱਸੋ।'' ਸੰਤ ਜੀ ਮਹਾਰਾਜ ਨੇ ਆਖਿਆ ਕਿ ਇੱਕ-ਰਸ ਗੁਰ-ਚਰਨਾਂ ਵੱਲ ਧਿਆਨ ਜੋੜ ਕੇ ਨਾਮ ਜਪਿਆ ਕਰ ਸ਼ਾਂਤੀ ਆ ਜਾਵੇਗੀ। ਗੁਰਮੰਤਰ ਸੁਣ ਕੇ ਨਿਹਾਲ ਹੋਇਆ ਅਤੇ ਨਾਮ ਦੀ ਰੰਗਣ ਵਿੱਚ ਰੰਗਿਆ ਗਿਆ।

ਮੀਰਪੁਰ ਤੋਂ ਦਰਿਆ ਚੋਮੁਖ ਗਏ ਤੇ ਏਥੇ ਕੁਝ ਚਿਰ ਇਕਾਂਤ ਦਾ ਅਨੰਦ ਲਿਆ। ਫਿਰ ਇੱਕ ਮਹੀਨਾ ਹਿੱਲ ਵਿਖੇ ਰਹੇ ਅਤੇ ਦੋ ਮਹੀਨੇ ਬਘਾਮ ਵਿਖੇ ਬਿਰਾਜੇ।

ਹਿੱਲ ਤੇ ਬਘਾਮ, ਦਰਿਆ ਜਿਹਲਮ ਦੇ ਕਿਨਾਰੇ ਆਮ੍ਹੋ-ਸਾਹਮਣੇ ਦੋ ਰਮਣੀਕ ਨਗਰ ਹਨ। ਇੱਥੋਂ ਦਾ ਨਜ਼ਾਰਾ, ਹਰਿਆਵਲ ਨਾਲ ਕੱਜੀਆਂ ਹੋਈਆਂ ਪਹਾੜੀਆਂ, ਸੱਪ ਵਾਂਗੂੰ ਵਲੰਗਣੇ ਪਾ ਕੇ ਵਗਦਾ ਹੋਇਆ ਦਰਿਆ ਜਿਹਲਮ, ਇਸ ਦਾ ਨਿਰਮਲ ਜਲ, ਠੰਢੀ ਪੌਣ, ਮਾਮੂਲੀ ਤੋਂ ਮਾਮੂਲੀ ਆਦਮੀ ਨੂੰ ਕਾਦਰ ਦੀ ਕੁਦਰਤ ਦੀ ਵਿਸਮਾਦ ਰੰਗਣ ਵਿੱਚ ਰੰਗਦੀਆਂ ਹਨ। ਸੰਤ ਜੀ ਮਹਾਰਾਜ ਵਾਸਤੇ ਤਾਂ ਇਹ 'ਬਲਿਹਾਰੀ ਕੁਦਰਤਿ ਵਸਿਆ' ਦੇ ਪ੍ਰਤੱਖ ਦਰਸ਼ਨ ਸਨ। ਸਹਿਜ-ਸਮਾਧ, ਨਾਮ-ਸਿਮਰਨ ਅਤੇ ਕੀਰਤਨ ਦਾ ਖੂਬ ਅਨੰਦ ਲਿਆ

ਅਤੇ ਮਾਈ-ਭਾਈ ਵਿੱਚ ਇਸ ਅਨੰਦ ਦੀ ਠੰਢੀ-ਠੰਢੀ ਫੁਹਾਰ ਰੂਪੀ ਵਰਖਾ ਕੀਤੀ। ਕਈ ਮੁਰਝਾਏ ਹੋਏ ਹਿਰਦੇ ਖਿੜ ਗਏ ਅਤੇ ਸੁੱਕੇ ਹਰੇ ਹੋ ਗਏ।

ਜਿਹਲਮ ਦੇ ਕਿਨਾਰੇ ਗੁਰਦੁਆਰੇ ਵਿੱਚ ਹਰ ਰੋਜ਼ ਦੀਵਾਨ ਸਜਦਾ ਅਤੇ ਨੇੜੇ-ਤੇੜੇ ਦੇ ਸਾਰੇ ਪਿੰਡਾਂ ਦੇ ਮਾਈ-ਭਾਈ ਕੀਰਤਨ ਦਾ ਰਸ ਮਾਣਦੇ। ਅੰਮ੍ਰਿਤ ਦਾ ਪ੍ਰਵਾਹ ਅਤੁੱਟ ਚੱਲਿਆ ਅਤੇ ਕਈ ਵੱਡਭਾਗੀਆਂ ਨੇ 'ਨਾਮ ਦੀ ਜੀਵਨ ਕਣੀ' ਆਪਣੇ ਹਿਰਦੇ ਵਿੱਚ ਵਸਾਈ।

ਇੱਕ ਦਿਨ ਸੰਤ ਜੀ ਮਹਾਰਾਜ ਬਘਾਮ ਵਿਖੇ ਕੀਰਤਨ ਕਰ ਰਹੇ ਸਨ। ਨੇਤਰ ਬੰਦ, ਚਿਹਰੇ 'ਤੇ ਨੂਰੀ ਜਲਾਲ, ਰੋਮ-ਰੋਮ ਤੋਂ ਸ਼ਬਦ ਦੀ ਗੂੰਜ, ਇੱਕ ਕੀਰਤਨ ਦਾ ਰੂਪ (ਗੁਣ ਕਹਿ ਗੁਣੀ ਸਮਾਵਣਿਆ) ਬਣੇ ਹੋਏ ਸਨ। ਸੰਗਤ ਵਿੱਚ ਕੋਈ ਖਾਸ ਇਲਾਹੀ ਰੰਗ ਬਣਿਆ ਹੋਇਆ ਸੀ। ਪਹਾੜ, ਦਰਿਆ, ਦਰਖਤ ਵੀ ਕਿਸੇ ਖਾਸ ਰੱਬੀ ਸਰੂਰ ਵਿੱਚ ਮਸਤ ਸਨ। ਇਸ ਸਮੇਂ ਇੱਕ ਜੰਗਲੀ ਅਠੂਹਾਂ ਪ੍ਰੇਮ ਦਾ ਖਿੱਚਿਆ ਹੋਇਆ ਦੀਵਾਨ ਵਿੱਚ ਆਇਆ ਅਤੇ ਰੱਬੀ ਤਾਰ ਦਾ ਬੇਧਿਆ ਹੋਇਆ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ। ਚਰਨ ਪਰਸ ਕੇ ਉਹ ਸੰਤ ਜੀ ਦੀ ਕੰਡ 'ਤੇ ਚੜ੍ਹ ਗਿਆ ਅਤੇ ਜਿੰਨਾਂ ਚਿਰ ਦੀਵਾਨ ਲੱਗਾ ਰਿਹਾ, ਪਿੱਠ 'ਤੇ ਫਿਰ ਕੇ ਰੋਮ-ਰੋਮ ਵਿੱਚੋਂ 'ਨਾਮ-ਰਸ' ਦਾ ਲਹਿਰਾ ਲੈਂਦਾ ਰਿਹਾ।

ਜਦ ਦੀਵਾਨ ਦਾ ਭੋਗ ਪਿਆ, ਤਦ ਸਾਧ-ਸੰਗਤ ਵਿੱਚੋਂ ਇੱਕ ਪ੍ਰੇਮੀ ਨੇ ਦੇਖਿਆ ਕਿ ਬੜਾ ਭਾਰੀ ਕਾਲੇ ਰੰਗ ਵਾਲਾ ਇੱਕ ਅਠੂਹਾਂ ਸੰਤ ਜੀ ਮਹਾਰਾਜ ਦੀ ਕੰਡ 'ਤੇ ਫਿਰ ਰਿਹਾ ਹੈ। ਜਦ ਬੇਨਤੀ ਕੀਤੀ ਤਾਂ ਸੰਤ ਜੀ ਮਹਾਰਾਜ ਨੇ ਆਖਿਆ ਕਿ ਪ੍ਰੇਮੀ ਨੂੰ ਕੁਝ ਨਾ ਕਹੋ, ਆਪੇ ਹੀ ਅਨੰਦ ਲੈ ਕੇ ਚਲਾ ਜਾਵੇਗਾ।

ਜਦ ਪਿਛਲੀ ਵਾਰੀ ਸੰਤ ਜੀ ਮਹਾਰਾਜ ਹਰੀਪੁਰ ਤੋਂ ਕਨੋਹੇ ਆਏ ਸਨ, ਤਦ ਇੱਥੇ ਥੋੜ੍ਹਾ ਚਿਰ ਹੀ ਠਹਿਰ ਸਕੇ ਸਨ ਤੇ ਮਾਈ ਭਾਗਭਰੀ ਅਤੇ ਭੁਝੰਗੀ ਹੀਰਾ ਸਿੰਘ ਜੀ ਦਾ ਪ੍ਰੇਮ ਵਿੱਚ ਹੀ ਰਹਿ ਗਿਆ ਸੀ। ਠਾਕੁਰ ਨਿਹਾਲ ਸਿੰਘ ਜੀ ਦੇ ਚਲਾਣੇ ਦੇ ਜੱਗ (ਗੁਰੂ ਦਾ ਲੰਗਰ) ਕਰ ਕੇ ਇਹ ਸੰਤ ਜੀ ਮਹਾਰਾਜ ਨੂੰ ਜਾਣ ਤੋਂ ਰੋਕ ਨਹੀਂ ਸੀ ਸਕੇ, ਪਰ ਦਿਲ ਦੀ ਦਿਲ ਵਿੱਚ ਹੀ ਰਹੀ ਸੀ। ਹਰ ਵਕਤ ਸੰਤ ਜੀ ਮਹਾਰਾਜ ਨੂੰ ਯਾਦ ਕਰਦੇ ਅਤੇ ਹਰ ਰੋਜ਼ ਅਰਦਾਸ ਕਰਦੇ ਕਿ ਸੱਚੇ ਪਾਤਸ਼ਾਹ! ਕਦ ਉਹ ਸੁਭਾਗ ਦਿਨ ਆਵੇਗਾ ਜਦੋਂ ਆਪ ਦੇ ਗੁਰਮੁਖ ਪਿਆਰਿਆਂ ਦੇ ਦੀਦਾਰ ਹੋਣਗੇ ਅਤੇ ਸਾਨੂੰ ਨਿਮਾਣਿਆਂ ਨੂੰ ਫੇਰ ਟਹਿਲ ਕਰਨ ਦਾ ਸਮਾਂ ਮਿਲੇਗਾ। ਇਨ੍ਹਾਂ ਦੇ ਪ੍ਰੇਮ ਅਤੇ ਨਿਤ ਦੇ ਅਰਦਾਸਿਆਂ ਨੇ ਰੰਗ ਲਿਆਂਦਾ ਅਤੇ ਸੰਤ ਜੀ ਮਹਾਰਾਜ ਬਘਾਮ ਤੋਂ ਸਿੱਧੇ ਕਨੋਹੇ ਆ ਗਏ। ਏਥੇ ਆਪ ਇੱਕ ਮਹੀਨਾ ਬਿਰਾਜੇ ਅਤੇ ਆਪਣੇ ਨਿਮਾਣੇ ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰ ਕੇ ਨਿਹਾਲ ਕੀਤਾ।

ਧਨਾਸਰੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥ (੬੯੪)

ਕਾਂਡ ੨੩

ਆਸਾ ਮਹਲਾ ੫ ॥
ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥
ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ ॥
ਸੁਖੁ ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ ॥੧॥ਰਹਾਉ॥
ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ ਖੇ ॥
ਜਿਨ੍ ਮਨਿ ਵੁਠਾ ਆਪਿ ਪੂਰੇ ਭਗਤ ਸੇ ॥੨॥
ਜਿਸ ਨੋ ਮੰਨੇ ਆਪਿ ਸੋਈ ਮਾਨੀਐ ॥
ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਨੀਐ
ਦਿਨਸੁ ਰੈਣਿ ਆਰਾਧਿ ਸਮ੍ਾਲੇ ਸਾਹ ਸਾਹ ॥
ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ ॥੪॥ (੩੯੭)

ਪ੍ਰੇਮ ਦਾ ਅਰਥ 'ਪ੍ਰੇ ਮੈਂ'

ਕਿਸੇ ਨੇ ਸੱਚ ਆਖਿਆ ਹੈ ਕਿ ਪ੍ਰੇਮ ਦਾ ਸਿੱਧਾ ਅਰਥ 'ਪ੍ਰੇ ਮੈਂ' ਹੈ। ਜਦ ਜਗਿਆਸੂ ਪਿਆਰੇ ਦੇ ਪਿਆਰ ਵਿੱਚ ਆਪਣੇ ਆਪ ਤੋਂ ਪਰੇ ਹੋ ਜਾਂਦਾ ਹੈ ਅਤੇ ਪਿਆਰੇ ਦੀ ਯਾਦ ਵਿੱਚ ਆਪਣਾ ਆਪ ਭੁਲਾ ਦਿੰਦਾ ਹੈ, ਤਦ ਪਿਆਰ ਹਿਰਦੇ ਅਤੇ ਨੈਣਾਂ ਵਿੱਚ ਆ ਵਸਦਾ ਹੈ ਅਤੇ ਹਿਰਦੇ ਵਿੱਚ ਕੋਈ ਐਸੀ ਖਿੱਚ ਪੈਂਦੀ ਹੈ ਕਿ ਪਿਆਰਾ ਆਪਣੇ ਆਪ ਖਿੱਚਿਆ ਹੋਇਆ ਚਲਾ ਆਉਂਦਾ ਹੈ। ਮਾਈ ਭਾਗਭਰੀ, ਜਦ ਕਿ ਸੰਤ ਜੀ ਮਹਾਰਾਜ ਦੁੱਖ ਭੰਜਨੀ ਠਾਕਰ ਨਿਹਾਲ ਸਿੰਘ ਜੀ ਦੇ ਜੱਗ 'ਤੇ ਗਏ ਸਨ, ਦਿਨ ਰਾਤ ਸੰਤ ਜੀ ਮਹਾਰਾਜ ਨੂੰ ਯਾਦ ਕਰਦੀ ਕਿ ਕਦ ਉਹ ਦਿਨ ਆਵੇਗਾ ਜਦ ਕਿ ਸੰਤ ਜੀ ਮਹਾਰਾਜ ਦੇ ਫੇਰ ਦਰਸ਼ਨ ਹੋਣਗੇ। ਹੱਥਾਂ-ਪੈਰਾਂ ਨਾਲ ਘਰ ਦਾ ਕੰਮ-ਕਾਜ ਕਰਦੇ, ਪਰ ਚਿੱਤ ਸੰਤ ਜੀ ਮਹਾਰਾਜ ਦੇ ਚਰਨ ਕੰਵਲਾਂ ਵੱਲ ਰਹਿੰਦਾ। ਕਾਕਾ ਹੀਰਾ ਸਿੰਘ ਜੀ ਵੀ ਆਪਣੀਆਂ ਤੋਤਲੀਆਂ ਗੱਲਾਂ ਵਿੱਚ ਮਾਤਾ ਜੀ ਨੂੰ ਦਿਨ ਵਿੱਚ ਕਈ ਵਾਰੀ ਪੁੱਛਦਾ,"ਮਾਤਾ ਜੀ! ਸੰਤ ਜੀ ਮਹਾਰਾਜ ਕਦ ਆਉਣਗੇ ਅਤੇ ਕਦ ਮੈਂ ਸੰਤ ਜੀ ਮਹਾਰਾਜ ਨਾਲ ਬੈਠ ਕੇ ਪ੍ਰਸ਼ਾਦਾ ਛਕਾਂਗਾ ਅਤੇ ਸ਼ਬਦ ਪੜ੍ਹਾਂਗਾ?" ਕਾਕੇ ਦੇ ਇਹ ਭੋਲੇ-ਭਾਲੇ ਪ੍ਰਸ਼ਨ ਮਾਈ ਭਾਗਭਰੀ ਦੇ ਪ੍ਰੇਮ ਨੂੰ ਹੋਰ ਵੀ ਤਿੱਖਾ ਕਰਦੇ।

ਇੱਕ ਦਿਨ ਅੰਮ੍ਰਿਤ ਵੇਲੇ ਮਾਈ ਜੀ ਦੇ ਹਿਰਦੇ ਨੇ ਐਸਾ ਉਛਾਲਾ ਖਾਧਾ ਕਿ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਸਾਰਾ ਸੰਸਾਰ ਭੁੱਲ ਗਿਆ, ਨਾਮ-ਸਿਮਰਨ ਦੀ ਲਹਿਰ ਚੱਲ ਪਈ ਅਤੇ ਦਰਸ਼ਨ ਦੀ ਖਿੱਚ ਰੋਮ-ਰੋਮ ਵਿੱਚੋਂ ਫੁੱਟ-ਫੁੱਟ ਕੇ ਵਹਿ ਤੁਰੀ। ਇਹ ਪ੍ਰੇਮ ਦੀ ਤਾਰ ਸੰਤ ਜੀ ਮਹਾਰਾਜ ਨੂੰ ਬਘਾਮ ਪਹੁੰਚੀ ਅਤੇ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਹੀ ਸੰਤ ਜੀ ਮਹਾਰਾਜ ਨੇ ਟੁਰਨ ਦੀ ਤਿਆਰੀ ਕਰ ਲਈ ਅਤੇ ਸਿੱਧਾ ਕਨੋਹੇ ਦਾ ਰਸਤਾ ਲਿਆ।

ਜਦ ਕਨੋਹੇ ਪਹੁੰਚੇ ਤਦ ਮਾਈ ਭਾਗਭਰੀ ਅਤੇ ਕਾਕਾ ਹੀਰਾ ਸਿੰਘ ਦਰਸ਼ਨ ਕਰਕੇ ਨਿਹਾਲ ਹੋਏ ਤੇ

ਬੇਨਤੀ ਕੀਤੀ ਕਿ ਮਹਾਰਾਜ! ਅੱਗੇ ਵਾਂਗੂੰ ਛੇਤੀ ਨਾ ਚਲੇ ਜਾਣਾ, ਕੁਝ ਚਿਰ ਟਿਕ ਕੇ, ਦਰਸ਼ਨ ਦੇਣਾ। ਸੰਤ ਜੀ ਮਹਾਰਾਜ ਨੇ ਆਖਿਆ, "ਸਤਿ ਬਚਨ! ਮਹੀਨਾ ਕੁ ਜ਼ਰੂਰ ਠਹਿਰਾਂਗੇ, ਫੇਰ ਜੋ ਕਰਤਾਰ ਨੂੰ ਭਾਵੇ।"

ਹੁਣ ਹਰ ਰੋਜ਼ ਪੁਲਾਹੀਆਂ ਵਿੱਚ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਵਕਤ ਦੀਵਾਨ ਲੱਗਣਾ ਸ਼ੁਰੂ ਹੋ ਗਿਆ। ਸਾਰੇ ਇਲਾਕੇ ਵਿੱਚ ਸੰਤ ਜੀ ਮਹਾਰਾਜ ਦੇ ਆਉਣ ਦੀ ਧੁੰਮ ਮੱਚ ਗਈ। ਦੂਰ ਨੇੜੇ ਦੇ ਨਗਰਾਂ ਦੀਆਂ ਸੰਗਤਾਂ, ਸ਼ਬਦ ਦੇ ਰਸੀਏ ਅਤੇ ਪੰਥ ਦਰਦੀ ਨਿੱਤ ਤਪ ਅਸਥਾਨ 'ਤੇ ਆਉਣ ਲੱਗ ਪਏ। ਕਈ ਜੱਗ (ਗੁਰੂ ਦਾ ਲੰਗਰ) ਅਤੇ ਜੋੜ-ਮੇਲੇ ਹੋਏ ਅਤੇ ਅਨੇਕਾਂ ਜੀਵਾਂ ਨੇ ਅੰਮ੍ਰਿਤ ਛਕ ਕੇ ਨਾਮ ਕਣੀ ਆਪਣੇ ਹਿਰਦੇ ਵਿੱਚ ਵਸਾਈ।

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥ (੬੦੮)

ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਬਿਸ਼ਨ ਦੌਰ ਵੀ ਅੱਪੜੀ। ਏਥੇ ਇੱਕ ਭਾਈ ਹੁਕਮ ਸਿੰਘ ਜੀ, ਜੋ ਸੰਤ ਜੀ ਮਹਾਰਾਜ ਦਾ ਖਾਸ ਪ੍ਰੇਮੀ ਸੀ, ਕੁਝ ਚਿਰ ਤੋਂ ਅਖ਼ਬਾਰਾਂ ਵਿੱਚ ਸਿੱਖਾਂ ਦੇ ਕੇਸਾਂ ਦੀ ਬੇਅਦਬੀ ਦੀਆਂ ਖ਼ਬਰਾਂ ਪੜ੍ਹ ਕੇ ਬੜਾ ਦੁਖੀ ਅਤੇ ਵਿਆਕੁਲ ਹੋਇਆ-ਹੋਇਆ ਸੀ, ਦੇ ਚਿੱਤ ਦੀ ਤਾਂਘ ਸੀ ਕਿ ਕਦ ਸੰਤ ਜੀ ਮਹਾਰਾਜ ਦਾ ਪਤਾ ਲੱਗੇ ਅਤੇ ਇਹ ਆਪਣੇ ਦੱਖ ਦਾ ਦਰਦ ਭਲੀ ਪ੍ਰਕਾਰ ਉਹਨਾਂ ਦੇ ਚਰਨਾਂ ਵਿੱਚ ਪ੍ਰਗਟ ਕਰੇ। ਜਦ ਇਸ ਨੇ ਇਹ ਖ਼ਬਰ ਸੁਣੀ ਕਿ ਸੰਤ ਜੀ ਮਹਾਰਾਜ ਕਨੋਹੇ ਆਏ ਹੋਏ ਹਨ, ਇਹ ਅਖ਼ਬਾਰਾਂ ਬੋਝੇ ਵਿੱਚ ਪਾ ਵਾਹੋ-ਦਾਹੀ ਆਪਣੇ ਨਗਰ ਤੋਂ ਟੁਰ ਪਿਆ ਅਤੇ ਪੁਲਾਹੀਆਂ ਵਿੱਚ ਤਪ ਅਸਥਾਨ 'ਤੇ ਅੱਪੜ ਗਿਆ। ਅੱਗੇ ਵੀ ਇਹ ਦੋ ਵਾਰੀ ਸੰਤ ਜੀ ਮਹਾਰਾਜ ਦੇ ਦਰਸ਼ਨ ਕਰ ਚੁੱਕਾ ਸੀ।

ਪਹਿਲੀ ਵਾਰੀ ਜਦ ਸੰਤ ਜੀ ਮਹਾਰਾਜ ਇਕੱਲੇ ਪਿੰਡਾਂ ਵਿੱਚ ਵਿਚਰਦੇ ਬਿਸ਼ਨ ਦੌਰ ਆਏ, ਤਦ ਭਾਈ ਹੁਕਮ ਸਿੰਘ ਦੀ ਉਮਰ ਭਾਵੇਂ ਸੱਤ-ਅੱਠ ਸਾਲ ਦੀ ਸੀ ਪਰ ਇਹ ਸਤਿਸੰਗ ਅਤੇ ਸਾਧ ਸੰਗਤ ਦੀ ਸੇਵਾ ਦਾ ਬੜਾ ਹੀ ਪ੍ਰੇਮੀ ਸੀ। ਹਰ ਰੋਜ਼ ਨਗਰ ਦੇ ਗੁਰਦੁਆਰੇ ਜਾਂਦਾ ਅਤੇ ਸਿੱਖ-ਸਾਧ ਦੀ ਸੇਵਾ ਕਰਦਾ। ਇੱਕ ਦਿਨ ਸ਼ਾਮ ਦੇ ੮ ਵਜੇ, ਜਦ ਇਹ ਗੁਰਦੁਆਰੇ ਪਹੁੰਚਿਆ, ਤਾਂ ਕੀ ਦੇਖਦਾ ਹੈ ਕਿ ਇੱਕ ਸਾਧ, ਨੌਜਵਾਨ ਉਮਰ, ਮੁਖ 'ਤੇ ਛੋਟਾ-ਛੋਟਾ ਦਾੜ੍ਹਾ, ਕੰਵਲ ਵਤ ਖਿੜਿਆ ਹੋਇਆ ਚਿਹਰਾ, ਉੱਤੇ ਕਾਲੀ ਭੂਰੀ ਲਈ, ਇੱਕ ਪਾਸੇ ਆਪਣੇ ਧਿਆਨ ਵਿੱਚ ਮਸਤ ਬੈਠਾ ਹੈ। ਇਹ ਮਨਮੋਹਣੀ ਅਤੇ ਨਾਮ ਰੰਗਣ ਵਿੱਚ ਰੰਗੀ ਹੋਈ ਸੂਰਤ ਦੇਖ ਕੇ ਭੁਝੰਗੀ ਹੁਕਮ ਸਿੰਘ ਦਾ ਦਿਲ ਖਿੱਚਿਆ ਗਿਆ। ਇਸ ਨੇ ਬੜੇ ਅਦਬ ਨਾਲ ਨਮਸਕਾਰ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਪ੍ਰਸ਼ਾਦ ਤਿਆਰ ਹੈ, ਕ੍ਰਿਪਾ ਕਰ ਕੇ ਦਾਸ ਦੇ ਨਾਲ ਚੱਲੋ ਅਤੇ ਪ੍ਰਸ਼ਾਦਾ ਛਕੋ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਜਵਾਬ ਦਿੱਤਾ ਕਿ ਅਸੀਂ ਇਸ ਵਕਤ ਪ੍ਰਸ਼ਾਦ ਨਹੀਂ ਛਕਦੇ। ਫੇਰ ਭੁਝੰਗੀ ਨੇ ਦੁੱਧ ਵਾਸਤੇ ਬੇਨਤੀ ਕੀਤੀ! ਬੜੇ ਰਸ ਭਰੇ ਪਿਆਰ ਵਿੱਚ ਸੰਤ ਜੀ ਨੇ ਆਖਿਆ, "ਕਾਕਾ! ਇਸ ਵੇਲੇ ਕਿਸੇ ਚੀਜ਼ ਦੀ ਲੋੜ ਨਹੀਂ।"

ਸੰਤ ਜੀ ਮਹਾਰਾਜ ਦੀ ਸੋਭਾ ਦਰਸ਼ਨ ਕਰਦੇ ਹੀ ਭੁਝੰਗੀ ਹੁਕਮ ਸਿੰਘ ਦੇ ਹਿਰਦੇ ਵਿੱਚ ਘਰ ਕਰ ਚੁੱਕੀ ਸੀ। ਹੁਣ ਸੰਤ ਜੀ ਮਹਾਰਾਜ ਦੇ ਰਸੀਲੇ ਅਤੇ ਰਸ-ਗੁੱਧੇ ਬਚਨਾਂ ਨੇ ਇਸ ਦਾ ਮਨ ਮੋਹ ਲਿਆ, ਇਸ ਦੇ ਰੋਮ-ਰੋਮ ਵਿੱਚ ਝਰਨਾਟ ਛਿੜ ਪਈ, ਇਹਨੂੰ ਪ੍ਰਤੀਤ ਹੋਇਆ ਕਿ ਇਸ ਰੱਬੀ ਸੂਰਤ ਵਿੱਚ ਕੋਈ ਖਾਸ ਕਰਤਾਰੀ ਖਿੱਚ ਹੈ।

ਹੁਣ ਭੁਝੰਗੀ ਹੁਕਮ ਸਿੰਘ ਆਪਣੇ ਘਰ ਚਲਾ ਗਿਆ। ਪ੍ਰਸ਼ਾਦ ਛਕ ਕੇ ਬਿਸਤਰੇ 'ਤੇ ਲੇਟ ਗਿਆ, ਪਰ ਚਿੱਤ ਵਿੱਚ ਉਹ ਮਨਮੋਹਣੀ ਤੇਜਮਈ ਮੂਰਤ ਵਸੀ ਰਹੀ। ਹਿਰਦੇ ਵਿੱਚ ਇਹੋ ਖਿਆਲ ਕਿ ਕਲ੍ਹ ਅੰਮ੍ਰਿਤ ਵੇਲੇ ਸੁਭਾਗ ਦਰਸ਼ਨ ਕਰਾਂਗੇ ਅਤੇ ਬੇਨਤੀ ਕਰ ਕੇ ਜ਼ਰੂਰ ਪ੍ਰਸ਼ਾਦ ਛਕਾਵਾਂਗਾ। ਕੁਝ ਚਿਰ ਤਾਂ ਇਹਨਾਂ ਦਲੀਲਾਂ

ਵਿੱਚ ਹੀ ਬੀਤ ਗਿਆ, ਫੇਰ ਬਾਲਕ ਅਵਸਥਾ ਸੀ, ਨੀਂਦ ਪੈ ਗਈ, ਪਰ ਅੱਗੇ ਨਾਲੋਂ ਕਿੰਨਾਂ ਚਿਰ ਪਹਿਲਾਂ ਹੀ ਪਹਿਰ ਦੇ ਤੜਕੇ ਜਾਗ ਆ ਗਈ। ਛੇਤੀ-ਛੇਤੀ ਸੌਚ ਇਸ਼ਨਾਨ ਕਰ ਗੁਰਦੁਆਰੇ ਸਾਹਿਬ ਪਹੁੰਚਿਆ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ, ਫੇਰ ਸਾਰੇ ਪਾਸੇ ਨਜ਼ਰ ਭਰ ਕੇ ਦੇਖਿਆ, ਪਰ ਕੱਲ੍ਹ ਰਾਤ ਵਾਲੀ ਨੂਰਾਨੀ, ਰਸ-ਭਰੀ, ਤਿਆਗੀ ਮੂਰਤ ਨਜ਼ਰ ਨਾ ਪਈ।

ਵਿਆਕੁਲ ਹੋ ਕੇ ਭੁਝੰਗੀ ਹੁਕਮ ਸਿੰਘ ਨੇ ਗ੍ਰੰਥੀ ਸਿੰਘ ਨੂੰ ਪੁੱਛਿਆ ਕਿ ਸੰਤ ਜੀ ਮਹਾਰਾਜ ਕਿੱਥੇ ਹਨ? ਉਸ ਨੇ ਦੱਸਿਆ ਕਿ ਉਹ ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਹੀ ਉੱਠ ਕੇ ਚਲੇ ਗਏ ਹਨ। ਇਹ ਸੁਣ ਕੇ ਹੁਕਮ ਸਿੰਘ ਦੇ ਬੜੀ ਸੱਟ ਵੱਜੀ, ਨੇਤਰਾਂ ਵਿੱਚ ਜਲ ਆ ਗਿਆ ਅਤੇ ਬਾਵਰੀ ਜਿਹੀ ਦਸ਼ਾ ਵਿੱਚ ਏਧਰ-ਓਧਰ ਦੇਖਿਆ, ਢੂੰਡ ਭਾਲ ਕੀਤੀ, ਕੋਈ ਪਤਾ ਨਾ ਲੱਗਾ । ਹੁਣ ਸੰਤ ਜੀ ਮਹਾਰਾਜ ਦੀ ਮਨਮੋਹਣੀ ਸੂਰਤ ਇਸ ਦੇ ਹਿਰਦੇ ਵਿੱਚ ਵਸ ਗਈ। ਦਿਨ-ਰਾਤ ਇਸ ਭੁਝੰਗੀ ਦਾ ਖਿਆਲ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਰਹੇ। ਕੁਝ ਸਮਾਂ ਇਸ ਤਰਾਂ ਹੀ ਬੀਤ ਗਿਆ। ਕਰਤਾਰ ਦੇ ਭਾਣੇ ਵਿੱਚ ਹੁਕਮ ਸਿੰਘ ਨੂੰ ਚੇਚਕ ਨਿਕਲ ਆਈ। ਤਿੰਨ ਮਹੀਨੇ ਬਹੁਤ ਬਿਮਾਰ ਰਿਹਾ। ਅਜੇ ਬਿਮਾਰੀ ਤੋਂ ਉੱਠ ਕੇ ਬਾਹਰ ਹੀ ਆਇਆ ਸੀ ਕਿ ਇੱਕ ਦਿਨ ਬਿਸ਼ਨ ਦੌਰ ਦੇ ਇੱਕ ਬਜ਼ੁਰਗ, ਜੋ ਗਿਆਨੀ ਸਾਧੂ ਸਿੰਘ ਜੀ ਹੈਡਮਾਸਟਰ ਖ਼ਾਲਸਾ ਹਾਈ ਸਕੂਲ ਕੋਇਟਾ ਦੇ ਪਿਤਾ ਸਨ, ਇੱਕ ਹੋਰ ਪ੍ਰੇਮੀ ਨਾਲ ਗੱਲਾਂ ਕਰ ਰਹੇ ਸਨ ਕਿ ਇੱਕ ਬੜੀ ਉੱਤਮ ਅਤੇ ਬਲਵਾਨ ਮੂਰਤ ਸੰਸਾਰ 'ਤੇ ਪ੍ਰਗਟ ਹੋਈ ਹੈ, ਜਿਸ ਨੇ ਕਨੋਹੇ ਤਪ ਕਰ ਕੇ ਸੱਚਖੰਡ ਦੀ ਪ੍ਰਾਪਤੀ ਕੀਤੀ ਹੈ। ਹੁਣ ਕਲਜੁਗ ਦੀਆਂ ਅਨੇਕਾਂ ਸੜੀਆਂ ਭੁੱਜੀਆਂ ਰੂਹਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਹਰੇ ਭਰੇ ਕਰ ਰਹੇ ਹਨ। ਆਓ ਉਹਨਾਂ ਦੇ ਚਰਨਾਂ ਵਿੱਚ ਚੱਲ ਕੇ ਅੰਮ੍ਰਿਤ ਛਕੀਏ ਅਤੇ ਆਪਣੇ ਜਨਮ ਸਫਲ ਕਰੀਏ।

ਇਹ ਗੱਲ ਸੁਣ ਕੇ ਭੁਝੰਗੀ ਹੁਕਮ ਸਿੰਘ ਦੇ ਹਿਰਦੇ ਵਿੱਚ ਇੱਕ ਖਾਸ ਖਿੱਚ ਪਈ। ਜਿਸ ਦੀਦਾਰ ਨੂੰ ਉਹ ਕਿੰਨੇ ਚਿਰ ਦਾ ਉਡੀਕਦਾ ਸੀ, ਉਸ ਦੀ ਹੁਣ ਆਸ ਬੱਝ ਪਈ। ਇਹਨਾਂ ਦੋਹਾਂ ਬਜ਼ੁਰਗਾਂ ਦੇ ਨੇੜੇ ਆਇਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਦਾਸ ਨੂੰ ਵੀ ਮਹਾਂਪੁਰਖਾਂ ਦੇ ਦਰਸ਼ਨ ਲਈ ਆਪਣੇ ਨਾਲ ਲੈ ਜਾਣਾ, ਪਰ ਮੇਰੀ ਮਾਤਾ ਜੀ ਨੂੰ ਨਾ ਦਸੱਣਾ। ਪ੍ਰੇਮੀਆਂ ਨੇ ਭੁਝੰਗੀ ਦਾ ਤੀਬਰ ਪ੍ਰੇਮ ਦੇਖ ਕੇ ਆਖਿਆ, "ਚੰਗਾ! ਕੱਲ੍ਹ ਸਵੇਰੇ ਸਾਡੇ ਨਾਲ ਚੱਲੀਂ।"

ਭਾਈ ਹੁਕਮ ਸਿੰਘ ਜੀ ਦੀ ਸਾਰੀ ਰਾਤ ਤਾਂਘ ਵਿੱਚ ਬੀਤੀ! ਮਨ ਵਿੱਚ ਇਹ ਚਾਉ ਸੀ ਕਿ ਕਦ ਉਹ ਸਮਾਂ ਆਵੇ ਕਿ ਦਰਸ਼ਨ ਕਰ ਕੇ ਨਿਹਾਲ ਹੋਵਾਂ ਅਤੇ ਅੰਮ੍ਰਿਤ ਛਕ ਕੇ ਆਪਣੇ ਸੁੱਕੇ ਹੋਏ ਹਿਰਦੇ ਨੂੰ ਸੁਰਜੀਤ ਕਰਾਂ। ਸਵੇਰੇ ਹੀ ਪ੍ਰਸ਼ਾਦਾ ਛਕ ਕੇ ਮਾਤਾ ਤੋਂ ਚੋਰੀ ਭੁਝੰਗੀ ਹੁਕਮ ਸਿੰਘ ਇਹਨਾਂ ਗੁਰਮੁਖਾਂ ਨਾਲ ਜਾ ਰਲਿਆ। ਪਿਆਰੇ ਦੇ ਦੀਦਾਰ ਲਈ ਸਾਰੇ ਟੁਰ ਪਏ। ਅਜੇ ਸੌ ਕਦਮ ਹੀ ਚਲਿਆ ਸੀ ਕਿ ਕਮਜ਼ੋਰੀ ਕਰਕੇ ਲੱਤਾਂ ਫੁੱਲ ਗਈਆਂ ਅਤੇ ਕਦਮ ਅਗਾਂਹ ਨਾ ਉੱਠੇ। ਭੁਝੰਗੀ ਨੇ ਵਾਹਿਗੁਰੂ ਨੂੰ ਯਾਦ ਕੀਤਾ ਅਤੇ ਸਤਿਗੁਰੂ ਅੱਗੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਆਪਣੇ ਗੁਰਸਿੱਖ ਪਿਆਰੇ ਦੇ ਚਰਨਾਂ ਵਿੱਚ ਅੱਪੜਨ ਦਾ ਬਲ ਬਖਸ਼! ਅਰਦਾਸ ਕਰਦਿਆਂ ਹੀ ਹਿਰਦੇ ਵਿੱਚ ਸੰਤ ਜੀ ਮਹਾਰਾਜ ਦੀ ਮੂਰਤ ਵਸ ਗਈ। ਉੱਦਮ ਕਰਕੇ ਹੀ ਉੱਠ ਟੁਰਿਆ। ਇਸ ਤਰ੍ਹਾਂ ਮਾਲੂੰਮ ਹੋਵੇ ਕਿ ਉਸ ਨੂੰ ਕੋਈ ਚੁੱਕ ਕੇ ਲਈ ਜਾਂਦਾ ਹੈ। ਬੜੀ ਹੀ ਛੇਤੀ ਨਾਲ ਦੇ ਪ੍ਰੇਮੀਆਂ ਨਾਲ ਰਲ ਗਿਆ ਅਤੇ ਥੋੜ੍ਹੇ ਚਿਰ ਵਿੱਚ ਮਿਸਾ ਕਸਵਾਲ ਸਟੇਸ਼ਨ 'ਤੇ ਪਹੁੰਚ ਗਿਆ। ਏਥੋਂ ਆਪਣੇ ਸਾਥੀਆਂ ਸਮੇਤ ਮਾਨਕਿਆਲੇ ਦਾ ਟਿਕਟ ਲੈ ਕੇ ਗੱਡੀ 'ਤੇ ਚੜ੍ਹ ਗਿਆ।

ਜਦ ਇਹ ਮਾਨਕਿਆਲੇ ਗੱਡੀ ਤੋਂ ਉੱਤਰੇ ਤਾਂ ਬਾਹਰ ਜਾਂਦਿਆਂ ਹੀ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਡੇਰੇ ਖ਼ਾਲਸੇ ਆਏ ਹੋਏ ਹਨ। ਸਿੱਧੇ ਉੱਧਰ ਟੁਰ ਪਏ। ਜਦ ਡੇਰੇ ਖ਼ਾਲਸੇ ਪਹੁੰਚੇ, ਤਦ ਗੁਰਦੁਆਰੇ

ਵਿੱਚ ਦੀਵਾਨ ਲੱਗਾ ਹੋਇਆ ਸੀ। ਭੁਝੰਗੀ ਹੁਕਮ ਸਿੰਘ ਦੇ ਚਿੱਤ ਵਿੱਚ ਫੁਰਨਾ ਫੁਰਿਆ ਕਿ ਜੇ ਇਹ ਪੂਰਨ ਸੰਤ ਹੋਏ, ਤਾਂ ਮੈਨੂੰ ਅਕਾਲ ਪੁਰਖ ਦਾ ਦਰਸ਼ਨ ਕਰਵਾ ਦੇਣਗੇ। ਇਸਦੇ ਹਿਰਦੇ ਵਿੱਚ ਇਹ ਸੰਕਲਪ ਉੱਠਿਆ ਹੀ ਸੀ ਕਿ ਸੰਤ ਜੀ ਮਹਾਰਾਜ ਨੇ ਇਹ ਸ਼ਬਦ ਕਿਸੇ ਖਾਸ ਰੱਬੀ ਰੰਗ ਵਿੱਚ ਪੜ੍ਹਿਆ:

ੴ ਸਤਿਗੁਰ ਪ੍ਰਸਾਦਿ ॥
ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥ (੬੮੪)

ਸਾਰੀ ਸੰਗਤ 'ਤੇ ਪੂਰਨ ਵੈਰਾਗ ਅਤੇ ਵਿਸਮਾਦ ਦੀ ਦਸ਼ਾ ਛਾ ਗਈ ਅਤੇ ਭੁਝੰਗੀ ਦੇ ਹਿਰਦੇ 'ਤੇ ਐਸੀ ਠੋਕਰ ਵੱਜੀ ਜੋ ਕਹਿਣ ਸੁਣਨ ਤੋਂ ਬਾਹਰ ਸੀ। ਦੂਸਰੇ ਦਿਨ ਇਸ ਨੇ ਸੰਤ ਜੀ ਮਹਾਰਾਜ ਪਾਸੋਂ ਆਪਣੇ ਸਾਥੀਆਂ ਸਮੇਤ ਅੰਮ੍ਰਿਤ ਛਕਿਆ। ਇਸ ਸਮੇਂ ਇਸ ਦੇ ਸਰੀਰ ਦੀ ਅਲੌਕਿਕ ਦਸ਼ਾ ਹੋ ਗਈ, ਰੋਮ-ਰੋਮ ਵਿੱਚ ਝਰਨਾਹਟ ਛਿੜ ਪਈ ਅਤੇ ਮਨ ਇੱਕ ਅਸਚਰਜ ਰੰਗਣ ਵਿੱਚ ਰੰਗਿਆ ਗਿਆ।

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,
ਬੁਧਿ ਕੀ ਨਾ ਬੁਧਿ ਰਹੀ ਮਤਿ ਮੈਂ ਨ ਮਤਿ ਹੈ ॥
ਸੁਰਤਿ ਮੈਂ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋਂ,
ਗਯਾਨ ਮੈ ਨਾ ਗਯਾਨ ਰਹਯੋ ਗਤਿ ਮੈ ਨ ਗਤਿ ਹੈ ॥
ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ । ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।
ਅਦਭੁਤ ਪਰਸ਼ਦ ਭੁਤ ਬਿਸਮੈ ਬਿਸਮ । ਅਸਚਰਜੈ ਅਸਚਰਜ ਅਤਿ ਅਤਿ ਹੈ।

ਅੰਮ੍ਰਿਤ ਛਕਣ ਦੇ ਮਗਰੋਂ ਦੂਜੇ ਦਿਨ ਇਹ ਪ੍ਰੇਮੀ ਜਦ ਸੰਤ ਜੀ ਮਹਾਰਾਜ ਦੀ ਆਗਿਆ ਲੈ ਕੇ ਘਰ ਵੱਲ ਟੁਰੇ ਤਾਂ ਅਜੇ ਕੁਝ ਕਦਮ ਹੀ ਅੱਗੇ ਵੱਧੇ ਸਨ ਕਿ ਭੁਝੰਗੀ ਹੁਕਮ ਸਿੰਘ ਨੂੰ ਇਹ ਗੱਲ ਫੁਰੀ, ਇਸ ਤਰ੍ਹਾਂ ਸ਼ਬਦ 'ਕਾਹੇ ਰੇ ਬਨ ਖੋਜਨ ਜਾਈ' ਸਾਰੇ ਹੀ ਪੜ੍ਹਦੇ ਰਹਿੰਦੇ ਹਨ, ਮੈਨੂੰ ਸੰਤ ਜੀ ਮਹਾਰਾਜ ਨੇ ਰੱਬ ਦਾ ਸਰੂਪ ਨਾ ਦੱਸਿਆ। ਇਸ ਦੇ ਮਨ ਵਿੱਚ ਇਹ ਫੁਰਨਾ ਆਉਣ ਦੀ ਹੀ ਦੇਰ ਸੀ ਕਿ ਸੰਤ ਜੀ ਨੇ ਇਸ ਨੂੰ ਬੜੇ ਪ੍ਰੇਮ ਨਾਲ ਪਿੱਛੇ ਮੋੜ ਲਿਆ। ਜਦ ਇਹ ਮੱਥਾ ਟੇਕ ਕੇ ਬੈਠ ਗਿਆ, ਤਦ ਸੰਤ ਜੀ ਨੇ ਇੱਕ ਉਂਗਲੀ ਸਿੱਧੀ ਕੀਤੀ ਅਤੇ ਫੇਰ ਡਿੰਗੀ ਕੀਤੀ ਅਤੇ ਫ਼ਰਮਾਇਆ, 'ਰੱਬ ਇਸ ਤਰ੍ਹਾਂ ਵੀ ਕਰ ਸਕਦਾ ਹੈ ਅਤੇ ਫਿਰ ਇਸ ਤਰ੍ਹਾਂ ਵੀ। ਜਿਨ੍ਹਾਂ ਨੂੰ ਦਰਸ਼ਨ ਦੀ ਤਾਂਘ ਹੋਵੇ, ਉਹ ਗੁਰਬਾਣੀ ਪੜ੍ਹਨ, ਸਾਧ-ਸੰਗਤ ਦੀ ਨਿਸ਼ਕਾਮ ਸੇਵਾ ਕਰਨ ਅਤੇ ਅਤੁੱਟ ਨਾਮ ਅਭਿਆਸ ਵਿੱਚ ਆਪਣੇ ਆਪ ਨੂੰ ਭੁੱਲਾ ਦੇਣ (ਨਾਮ ਰੂਪ ਵਿੱਚ ਆਪਣੇ ਆਪ ਨੂੰ ਅਭਾਵ ਕਰ ਦੇਣ) ਤਦ ਉਹਨਾਂ ਨੂੰ ਅਨੁਭਵ ਪ੍ਰਕਾਸ਼ ਹੋ ਜਾਂਦਾ ਹੈ ਅਤੇ ਹਰ ਰੰਗ ਵਿੱਚ ਪਿਆਰਾ ਹੀ ਪਿਆਰਾ ਦਿੱਸਦਾ ਹੈ।'

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ (੯੨੨)

ਸੰਤ ਜੀ ਮਹਾਰਾਜ ਦਾ ਇਹ ਅਸਚਰਜ ਕੌਤਕ ਦੇਖ ਕੇ, ਅਰ ਸੱਚ-ਭਰੇ ਬਚਨ ਸੁਣਕੇ ਭੁਝੰਗੀ ਹੁਕਮ

ਸਿੰਘ ਜੀ ਦੀ ਨਿਸ਼ਾ ਹੋ ਗਈ ਅਤੇ ਇਹ ਆਪਣੇ ਨਗਰ ਆ ਕੇ ਨਾਮ-ਬਾਣੀ ਅਰ ਸਾਧ-ਸੰਗਤ ਦੀ ਸੇਵਾ ਵਿੱਚ ਜੁੱਟ ਗਿਆ।

ਅਵਸਥਾ ਭਾਵੇਂ ਛੋਟੀ ਸੀ, ਪਰ ਇਸ ਨੂੰ ਪ੍ਰੇਮ ਦੀ ਐਸੀ ਲਗਨ ਲੱਗੀ ਕਿ ਇਹ ਦਿਨ-ਰਾਤ ਨਾਮ-ਸਿਮਰਨ ਵਿੱਚ ਲੱਗਾ ਰਹੇ ਅਤੇ ਕਿਰਤ-ਵਿਰਤ ਵੀ ਧਰਮ ਦੀ ਕਰੇ, ਪੂਰਾ ਬੋਲੇ ਪੂਰਾ ਤੋਲੇ। ਇਹ ਖ਼ਾਲਸਾ ਪੰਥ ਦਾ ਸੱਚਾ-ਸੁੱਚਾ ਅੰਗ ਬਣ ਗਿਆ। ਪੰਥਕ ਸਮਾਚਾਰ ਇਹ ਬੜੇ ਸ਼ੌਕ ਨਾਲ ਪੜ੍ਹਦਾ ਅਤੇ ਹਰ ਪੰਥਕ ਖ਼ਬਰ ਗਹੁ ਨਾਲ ਵਿਚਾਰਦਾ।

ਇਸ ਦੇ ਦਰਦ ਭਰੇ ਕੋਮਲ ਹਿਰਦੇ ਨੂੰ ਇੱਕ ਦਿਨ ਅਖ਼ਬਾਰ ਪੜ੍ਹਦਿਆਂ-ਪੜ੍ਹਦਿਆਂ ਇੱਕ ਡਾਢੀ ਸੱਟ ਵੱਜੀ। ਜਲੰਧਰ ਸ਼ਹਿਰ ਵਿੱਚ ਆਪਣੇ ਖ਼ਾਲਸਾ ਭਰਾਵਾਂ ਦੇ ਕੇਸ ਕਤਲ ਹੋਣ ਅਤੇ ਉਹਨਾਂ ਦੇ ਪਵਿੱਤਰ ਰੋਮਾਂ ਦੇ ਰੱਸੇ ਬਣ ਕੇ ਵਿੱਕਣ ਦੀ ਖ਼ਬਰ ਨੇ ਇਸ ਨੂੰ ਬਿਹਬਲ ਕਰ ਦਿੱਤਾ। ਇਹ ਵੈਰਾਗ ਵਿੱਚ ਫੁੱਟ-ਫੁੱਟ ਕੇ ਰੋਇਆ ਅਤੇ ਇਸ ਦੇ ਅੱਗੇ ਸੰਤ ਜੀ ਮਹਾਰਾਜ ਦੀ ਖ਼ਾਲਸਾਈ ਮੂਰਤ ਆ ਗਈ ਤੇ ਹਿਰਦੇ ਵਿੱਚ ਇਹ ਤਾਂਘ ਬੱਝ ਗਈ ਕਿ ਕਦ ਸੰਤ ਜੀ ਮਹਾਰਾਜ ਦੇ ਦਰਸ਼ਨ ਹੋਣ ਅਤੇ ਕਦ ਆਪਣੇ ਦੁੱਖ ਉਨ੍ਹਾਂ ਅੱਗੇ ਰੋਵਾਂ।

ਬਹੁਤ ਚਿਰ ਦੀ ਸਿੱਕ ਦੇ ਮਗਰੋਂ ਇੱਕ ਦਿਨ ਇਸ ਦੇ ਕੰਨੀ ਇਹ ਸੋਅ ਪਈ ਕਿ ਸੰਤ ਜੀ ਕਨੋਹੇ ਆਏ ਹੋਏ ਹਨ। ਖ਼ਬਰ ਸੁਣਦਿਆਂ ਹੀ ਇਸ ਨੇ ਅਖ਼ਬਾਰ ਖੀਸੇ ਵਿੱਚ ਪਾਇਆ ਅਤੇ ਕਨੋਹੇ ਵੱਲ ਟੁਰ ਪਿਆ। ਜਦ ਇਹ ਕਨੋਹੇ ਅੱਪੜਿਆ, ਤਦ ਸੰਤ ਜੀ ਮਹਾਰਾਜ ਤਪ ਅਸਥਾਨ ਵਿੱਚ ਪੁਲਾਹੀਆਂ ਦੇ ਹੇਠ ਕਰਤਾਰ ਨਾਲ ਲਿਵ ਜੋੜੀ ਬੈਠੇ ਸਨ। ਦੂਰੋਂ ਹੀ ਦਰਸ਼ਨ ਕਰਕੇ ਨਿਹਾਲ ਹੋਇਆ, ਜੋੜੇ ਲਾਹ ਦਿੱਤੇ ਅਤੇ ਬੜੇ ਅਦਬ ਨਾਲ ਨੰਗੀ ਪੈਰੀਂ ਅੱਗੇ ਵਧਿਆ। ਰੋਮ-ਰੋਮ ਵਿੱਚ ਝਰਨਾਹਟ ਛਿੜ ਪਈ। ਨੇੜੇ ਪਹੁੰਚ ਕੇ ਚਰਨਾਂ 'ਤੇ ਸੀਸ ਧਰਿਆ ਅਤੇ ਚਰਨ ਧੂੜ ਮਸਤਕ 'ਤੇ ਲਾਈ। ਜਦ ਇਹ ਆਪਣੇ ਆਪ ਨੂੰ ਸੰਭਾਲ ਕੇ ਸੰਤ ਜੀ ਮਹਾਰਾਜ ਦੇ ਸਾਹਮਣੇ ਬੈਠ ਗਿਆ, ਤਦ ਸੰਤ ਜੀ ਮੁਸਕਰਾਏ ਅਤੇ ਫ਼ਰਮਾਇਆ, "ਭਾਈ ਹੁਕਮ ਸਿੰਘ ਜੀ। ਅਖ਼ਬਾਰ ਕਿੱਥੇ ਹੈ?" ਇਸ ਨੇ ਅੰਦਰਲੇ ਬੋਝੇ ਵਿੱਚੋਂ ਅਖ਼ਬਾਰ ਕੱਢ ਕੇ ਪੜ੍ਹਿਆ ਅਤੇ ਆਖਿਆ, "ਮਹਾਰਾਜ ਜੀ। ਕਿੰਨਾ ਸਖ਼ਤ ਅੰਧੇਰ ਹੈ! ਕਦੀ ਸਾਡਾ ਪਾਸਾ ਵੀ ਪਰਤੇਗਾ?" ਇਹ ਸੁਣ ਕੇ ਸੰਤ ਜੀ ਮਹਾਰਾਜ ਦੇ ਚਿਹਰੇ 'ਤੇ ਇੱਕ ਖਾਸ ਇਲਾਹੀ ਦਮਕ ਆਈ ਅਤੇ ਬੜੇ ਜ਼ੋਰ ਨਾਲ ਬੋਲੇ, "ਗੁਰੂ ਨਾਨਕ ਸਾਹਿਬ ਜੀ ਦੇ ਘਰ ਦੀ ਜੜ੍ਹ ਪਤਾਲ ਵਿੱਚ ਲੱਗੀ ਹੋਈ ਹੈ, ਇਸ ਨੂੰ ਕੋਈ ਨਹੀਂ ਹਿੱਲਾ ਸਕਦਾ। ਕਈ ਜਤਨ ਕਰਕੇ ਚਲੇ ਗਏ ਹਨ ਅਤੇ ਕਈ ਚਲੇ ਜਾਣਗੇ, ਪਰ ਗੁਰੂ ਮਹਾਰਾਜ ਜੀ ਦੇ ਘਰ ਦੀ ਖੇਲ ਇੱਕ ਦਿਨ ਪੂਰੀ ਹੋ ਕੇ ਹੀ ਰਹੇਗੀ। ਜੋ-ਜੋ ਅਰਸ਼ੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਾਕ ਹਨ, ਉਹ ਪੂਰੇ ਹੋਣਗੇ ਅਤੇ ਕਲਜੁੱਗ ਵਿੱਚ ਸਤਿਯੁਗ ਵਰਤੇਗਾ।"

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ। (ਪਾ: ੧੦)

ਕਾਂਡ ੨੪

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥
ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥
ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥ (੨੭੩)

ਸੰਤ ਜੀ ਨੇ ਹਜ਼ੂਰ ਸਾਹਿਬ ਵਿਖੇ ਜਦ ਸਰੀਰ ਤੋਂ ਉਪਰਾਮ ਹੋ ਕੇ ਪ੍ਰੇਮ ਦੇ ਹੁਲਾਰੇ ਵਿੱਚ ਗੋਦਾਵਰੀ ਵਿੱਚ ਛਾਲ ਮਾਰੀ, ਤਦ ਕਿਸੇ ਨੇ ਅਛੋਪ ਹੀ ਬਾਹਰ ਕੱਢ ਦਿੱਤਾ ਸੀ ਅਤੇ ਹੁਕਮ ਹੋਇਆ ਸੀ, ਤੁਸਾਂ ਤਾਂ ਸਾਰੇ ਦੇਸ਼ ਵਿੱਚ ਨਾਮ-ਬਾਣੀ ਦਾ ਅੰਮ੍ਰਿਤ ਪ੍ਰਵਾਹ ਚਲਾਉਣਾ ਹੈ, ਇਸ ਦੇਹੀ ਨੂੰ ਅਜੇ ਛੱਡਣ ਦਾ ਵੇਲਾ ਨਹੀਂ। ਉਸ ਅਕਾਲੀ ਹੁਕਮ ਦੇ ਪੂਰਾ ਕਰਨ ਦਾ ਹੁਣ ਵਕਤ ਆ ਗਿਆ। ਪੋਠੋਹਾਰ ਵਿੱਚ ਤਾਂ ਅੱਗੇ ਆਪ ਪ੍ਰਗਟ ਹੀ ਸਨ, ਹੁਣ ਕਰਤਾਰ ਨੇ ਇਸ ਨੂੰ ਵਧਾਉਣ ਦੀ ਵਿਧੀ ਰਚ ਦਿੱਤੀ।

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ (੬੫੨)

ਕਨੋਹੇ ਵਿਖੇ ਮਾਈ ਭਾਗਭਰੀ ਅਤੇ ਭੁਝੰਗੀ ਹੀਰਾ ਸਿੰਘ ਦਾ ਪ੍ਰੇਮ ਪੂਰਾ ਕਰ ਕੇ ਆਪ ਜਥੇ ਸਮੇਤ ਪੰਜਾ ਸਾਹਿਬ ਪਹੁੰਚੇ। ਅੱਗੇ ਪਰਮ-ਹੰਸਾਂ ਦੀ ਇੱਕ ਜਮਾਤ ਉੱਤਰੀ ਹੋਈ ਸੀ। ਇਹਨਾਂ ਵਿੱਚ ਸਵਾਮੀ ਆਸਾਨੰਦ ਜੀ ਅਤੇ ਸਵਾਮੀ ਚਿਤਾਨੰਦ ਜੀ ਮੁਖੀ ਸਨ। ਇਹਨਾਂ ਤੋਂ ਛੁੱਟ ੫੦ ਮੂਰਤੀਆਂ ਹੋਰ ਸਨ। ਗੁਰਦੁਆਰੇ ਸਾਹਿਬ ਦੀਆਂ ਸਾਰੀਆਂ ਕੁਟੀਆਂ ਭਰੀਆਂ ਪਈਆਂ ਸਨ, ਕੋਈ ਜਗ੍ਹਾ ਸੰਤ ਜੀ ਦੇ ਡੇਰੇ ਵਾਸਤੇ ਨਹੀਂ ਸੀ ਰਹੀ। ਪਰਮ ਹੰਸਾਂ ਦੇ ਮਹੰਤ ਸੁਆਮੀ ਸ੍ਰੀ ਆਸਾਨੰਦ ਜੀ ਨੇ ਸੰਤ ਜੀ ਨੂੰ ਆਪਣੇ ਖ਼ਾਸ ਪਲੰਘ 'ਤੇ ਬਿਠਾਇਆ ਤੇ ਆਪ ਹੇਠਾਂ ਸਜ ਗਿਆ। ਪਲੰਘ 'ਤੇ ਬੈਠਦੇ ਹੀ ਸੰਤ ਜੀ ਅੰਤਰ ਧਿਆਨ ਹੋ ਗਏ ਤੇ ਮਗਨ ਹੋਏ ਬੈਠੇ ਰਹੇ। ਚਿਹਰੇ 'ਤੇ ਇੱਕ ਖਾਸ ਇਲਾਹੀ ਨੂਰ ਸੀ। ਇੱਕ ਐਸਾ ਪ੍ਰਕਾਸ਼ ਹੋਇਆ ਕਿ ਸਾਰੇ ਸਾਧੂ ਚਕ੍ਰਿਤ ਰਹਿ ਗਏ, ਸਾਰੀ ਸੰਗਤ ਵਿੱਚ ਵਿਸਮਾਦ ਦੀ ਰੰਗਣ ਚੜ੍ਹ ਗਈ। ਸ਼ਹਿਰ ਵਿੱਚ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਬਿਜਲੀ ਵੱਤ ਫਿਰ ਗਈ। ਬੇਅੰਤ ਸੰਗਤ ਇਕੱਠੀ ਹੋ ਗਈ ਅਤੇ ਜਥੇ ਸਮੇਤ ਸੰਤ ਜੀ ਮਹਾਰਾਜ ਨੂੰ ਸ਼ਹਿਰ ਲੈ ਗਈ। ਸਰਦਾਰ ਈਸ਼ਰ ਸਿੰਘ ਨੇ ਪਹਾੜੀ ਪਾਸ ਆਪਣੇ ਮਕਾਨ ਵਿੱਚ ਆਸਣ ਕਰਾਇਆ। ਨਿੱਤਨੇਮ, ਆਸਾ ਦੀ ਵਾਰ ਅਤੇ ਸੋਦਰੁ ਦਾ ਦੀਵਾਨ ਗੁਰੂ ਨਾਨਕ ਸਾਹਿਬ ਦੇ ਪੰਜੇ ਦੀ ਹਜ਼ੂਰੀ ਵਿੱਚ ਕਰਦੇ।

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥
ਤਿਨ੍ ਮੰਗਾ ਜਿ ਤੁਝੈ ਧਿਆਇਦੇ ॥੯॥ (੪੬੮)

ਬੇਅੰਤ ਸੰਗਤ ਦਰਸ਼ਨ ਕਰਨ ਆਉਂਦੀ। ਇੱਕ ਸਮੇਂ ਸੰਤ ਜੀ ਮਹਾਰਾਜ, ਭਾਈ ਨਰਾਇਣ ਸਿੰਘ ਸਰੰਦੇ ਵਾਲੇ ਅਤੇ ਬੂਟਾ ਸਿੰਘ ਜੀ ਰਾਗੀ ਕੀਰਤਨ ਕਰਦੇ ਸਨ। ਬਹੁਤ ਸਮਾਂ ਸੰਤ ਜੀ ਸਰੋਤੇ ਰਹਿੰਦੇ। ਰਾਗੀ ਨਰਾਇਣ ਸਿੰਘ ਜੀ ਕੀਰਤਨ ਕਰਦੇ ਤੇ ਸੰਤ ਜੀ ਮਹਾਰਾਜ ਚਿਹਰੇ 'ਤੇ ਰੁਮਾਲ ਪਾ ਕੇ ਵੈਰਾਗ ਵਿੱਚ ਰੋਈ ਜਾਂਦੇ। ਜਦ ਕਦੇ ਸ਼ਬਦ ਦੀ ਲਹਿਰ ਆਉਂਦੀ ਤਦ ਰਾਗ ਵਿੱਚ ਕੀਰਤਨ ਕਰਦੇ। ਸੰਤ ਜੀ ਦੀ ਸੁਰ ਪੰਚਮ ਵਿੱਚ ਸੀ। ਵੈਰਾਗ, ਨਾਮ-ਰਸ ਤੇ ਪ੍ਰੇਮ-ਰਸ ਦੀ ਉਹ ਅਦੁੱਤੀ ਲਹਿਰ ਚਲਦੀ ਕਿ ਸਰੋਤਿਆਂ ਦੀ ਸੁਰਤ ਸਰੀਰੋਂ ਉੱਚੀ ਹੋ ਸ਼ਬਦ-ਸੁਰਤ ਵਿੱਚ ਜੁੜ ਜਾਂਦੀ ਤੇ ਆਪ 'ਅੰਮਿਉ ਚਲਹਿ ਝਰਨੇ' ਦੇ ਮਹਾਂ ਵਾਕ ਅਨੁਸਾਰ ਨਿਝਰ ਝਰਨਿਆਂ ਵਿੱਚ ਵਹਿ ਟੁਰਦੇ।

ਧਨਾਸਰੀ ਮਹਲਾ ੫ ॥
ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥ (੬੭੯)

ਦੋ ਬ੍ਰਹਮ ਗਿਆਨੀਆਂ ਦਾ ਪ੍ਰਸਪਰ ਮਿਲਾਪ

ਕਈ ਦਿਨ ਇਹ ਪਰਮ ਪਵਿੱਤਰ ਲਹਿਰ ਪੰਜਾ ਸਾਹਿਬ ਦੀ ਪਾਵਨ ਧਰਤੀ ਵਿੱਚ ਚੱਲਦੀ ਰਹੀ। ਵਾਹਿਗੁਰੂ ਦੇ ਹੁਕਮ ਵਿੱਚ ਗਿਆਨੀ ਸੰਤ ਸ਼ਾਮ ਸਿੰਘ ਜੀ ਮਹਾਰਾਜ ਅੰਮ੍ਰਿਤਸਰ ਵਾਲੇ ਯਾਤਰਾ ਲਈ ਇੱਥੇ ਆਏ। ਦੋਹਾਂ ਉੱਚ ਹਸਤੀਆਂ ਦਾ ਆਸਾ ਦੀ ਵਾਰ ਦੇ ਦੀਵਾਨ ਵਿੱਚ ਮੇਲ ਹੋਇਆ, ਤਾਰ ਨਾਲ ਤਾਰ ਖੜਕੀ। ਭੋਗ ਮਗਰੋਂ ਪ੍ਰਸਪਰ ਮੇਲ ਹੋਇਆ ਤੇ ਪ੍ਰੇਮ ਦੇ ਬਚਨ-ਬਿਲਾਸ ਹੋਏ। ਇਸ ਤਰ੍ਹਾਂ ਕਈ ਦਿਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ-ਰਸ ਅਤੇ ਸ਼ਬਦ ਰੰਗ ਨੂੰ ਮਾਣਦੇ ਰਹੇ, ਤੇ ਆਪਸ ਵਿੱਚ ਅੰਤਰ-ਆਤਮੇ ਡੂੰਘਾ ਪਿਆਰ ਹੋ ਗਿਆ।

ਹੁਣ ਬਾਬਾ ਸ਼ਾਮ ਸਿੰਘ ਜੀ ਨੇ ਅੰਮ੍ਰਿਤਸਰ ਨੂੰ ਜਾਣ ਦੀ ਤਿਆਰੀ ਕੀਤੀ। ਟੁਰਨ ਸਮੇਂ ਸੰਤ ਜੀ ਨੂੰ ਪ੍ਰੇਮ ਨਾਲ ਅੰਮ੍ਰਿਤਸਰ ਆਉਣ ਵਾਸਤੇ ਬੇਨਤੀ ਕੀਤੀ। ਸੰਤ ਜੀ ਨੇ ਆਖਿਆ, "ਆਪ ਅੱਗੇ-ਅੱਗੇ ਚੱਲੋ, ਅਸੀਂ ਮਗਰ ਪਹੁੰਚੇ ਜਾਣੋ।"

ਬਾਬਾ ਜੀ ਤਾਂ ਦੂਸਰੇ ਦਿਨ ਅੰਮ੍ਰਿਤਸਰ ਪਹੁੰਚ ਗਏ ਅਤੇ ਸਖ਼ਤ ਬਿਮਾਰ ਹੋ ਗਏ। ਇੱਧਰ ਸੰਤ ਜੀ ਨੂੰ ਇਹਨਾਂ ਦੇ ਪ੍ਰੇਮ ਦੀ ਇੰਨੀ ਖਿੱਚ ਪਈ ਕਿ ਇੱਕ ਦਿਨ ਇਕੱਲੇ ਹੀ ਗੱਡੀ ਜਾ ਚੜ੍ਹੇ ਅਤੇ ਅੰਮ੍ਰਿਤਸਰ ਆ ਪੁੱਜੇ। ਗੁਰੂ ਕੇ ਬਾਗ਼ ਵਿੱਚ ਇੱਕ ਦਰੱਖਤ ਹੇਠ ਆਸਣ ਸਜਾ ਲਿਆ। ਸੁਧਾ ਸਰ ਇਸ਼ਨਾਨ ਕਰ ਕੇ ਹਰਿਮੰਦਰ ਸਾਹਿਬ ਦਾ ਦੀਦਾਰ ਕੀਤਾ ਅਤੇ ਭੋਗ ਮਗਰੋਂ ਆਪਣੇ ਆਸਣ 'ਤੇ ਆ ਬਿਰਾਜੇ। ਇੱਕ-ਰਸ ਨਿਜਾਨੰਦ ਮਗਨ ਬੈਠਿਆਂ ਦੁਪਹਿਰ ਹੋ ਆਈ। ਜਦ ਭੁਖ ਲੱਗੀ, ਤਦ ਕਬੀਰ ਜੀ ਦਾ ਮਹਾਂ ਵਾਕ ਯਾਦ ਆਇਆ:

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥੧੬੮॥ (੧੩੭੩)

ਕਈ ਮਾਈਆਂ ਨੇ ਫਲ ਤੇ ਮਾਇਆ ਮੱਥਾ ਟੇਕਿਆ। ਸੰਤ ਜੀ ਨੇ ਫਲ ਛਕੇ ਤੇ ਵਰਤਾਏ, ਪਰ

ਮਾਇਆ ਉੱਥੇ ਹੀ ਪਈ ਰਹੀ। ਉੱਠ ਕੇ ਬਾਗ਼ੋਂ ਬਾਹਰ ਵੱਲ ਟੁਰੇ ਅਤੇ ਗਲੀ ਵਿੱਚ ਜਾ ਵੜੇ। ਅਵਸਥਾ ਭਰ ਜੋਬਨ ਦੀ ਸੀ, ਸਰੀਰ ਸਡੌਲ, ਚਿਹਰੇ ਵਿੱਚੋਂ ਲਾਲੀ ਦੱਬੇ ਹੋਏ ਸੋਮੇਂ ਵੱਤ ਫੁੱਟ-ਫੁੱਟ ਨਿਕਲਦੀ ਸੀ; ਇਸ ਨੂਰ ਭਰੇ ਚਿਹਰੇ 'ਤੇ ਉਹ ਜਲਾਲ ਸੀ ਜੋ ਹੋਰ ਚਿਹਰਿਆਂ 'ਤੇ ਕਦੇ ਘੱਟ ਆਉਂਦਾ ਹੈ। ਚੁਪੀਤੇ ਹੀ ਇੱਕ ਘਰ ਪਾਸ ਖਲੋ ਗਏ। ਮਨ ਸੱਦਾ ਕਰਨੋਂ ਕੁਝ ਸੰਕੋਚਿਆ। ਇਸ ਵਕਤ ਕੁਝ ਕੁ ਬੀਬੀਆਂ ਨੇ ਇੱਕ ਸੁੰਦਰ ਨੌਜਵਾਨ ਨੂੰ ਖੜਾ ਦੇਖ ਕੇ ਆਖਿਆ, "ਵੇ, ਕਿੱਧਰੇ ਕਿਸੇ ਦੀ ਕੁੜੀ ਨੂੰ ਨਾ ਕੱਢ ਲਿਜਾਈ।" ਇਹ ਸੁਣਕੇ ਸੰਤਾਂ ਕੋਈ ਜਵਾਬ ਨਾ ਦਿੱਤਾ। ਅਡੋਲ ਸ਼ਾਂਤ ਸਰੂਪ ਖੜੇ ਰਹੇ। ਬੀਬੀਆਂ ਦੀ ਗੱਲ ਸੁਣ ਕੇ ਬੀਬੀ ਈਸ਼ਰ ਕੌਰ ਜੀ ਘਰੋਂ ਬਾਹਰ ਆਏ, ਨਮਸਕਾਰ ਕੀਤੀ ਤੇ ਅੰਦਰ ਲੈ ਗਏ ਅਤੇ ਪ੍ਰਸ਼ਾਦ ਵਾਸਤੇ ਬੇਨਤੀ ਕੀਤੀ। ਸੰਤ ਜੀ ਚੁਪੀਤੇ ਹੀ ਟੁਰ ਪਏ ਅਤੇ ਪ੍ਰਸ਼ਾਦ ਛਕ ਕੇ ਆਸਣ ਪਰ ਆ ਬਿਰਾਜੇ।

ਜਥੇ ਦੇ ਸਰੀਰਾਂ ਨੂੰ ਪਤਾ ਸੀ, ਆਪ ਨੇ ਬਾਬਾ ਸ਼ਾਮ ਸਿੰਘ ਜੀ ਨਾਲ ਅੰਮ੍ਰਿਤਸਰ ਜਾਣ ਦਾ ਬਚਨ ਕੀਤਾ ਸੀ। ਜਦ ਸੰਤਾਂ ਨੂੰ ਅੰਮ੍ਰਿਤ ਵੇਲੇ ਨਾ ਤੱਕਿਆ, ਤਦ ਜਾਣ ਗਏ ਕਿ ਆਪ ਅੰਮ੍ਰਿਤਸਰ ਚਲੇ ਗਏ ਹਨ। ਪਹਿਲੀ ਹੀ ਗੱਡੀ ਅਸਵਾਰ ਹੋ ਅੰਮ੍ਰਿਤਸਰ ਪੁੱਜੇ ਅਤੇ ਗੁਰੂ ਕੇ ਬਾਗ਼ ਵਿੱਚ ਸੰਤਾਂ ਨੂੰ ਆ ਢੂੰਡਿਆ। ਦੂਸਰੇ ਦਿਨ ਜਦ ਸੰਤ ਜੀ, ਸੰਤ ਬਾਬਾ ਸ਼ਾਮ ਸਿੰਘ ਜੀ ਪਾਸ ਗਏ ਤਦ ਬਾਬਾ ਜੀ ਮੰਜੇ 'ਤੇ ਪਏ ਸਨ। ਸੰਤ ਜੀ ਪ੍ਰੇਮ ਨਾਲ ਆ ਬੈਠੇ ਅਤੇ ਖ਼ਬਰ ਸੁਰਤ ਪੁੱਛੀ ਤੇ ਬਾਬਾ ਜੀ ਨੇ ਉੱਤਰ ਦਿੱਤਾ:

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ (੧੩੦੨)

ਕੁਝ ਸਮਾਂ ਦਰਸ਼ਨ ਦੇ ਅਨੰਦ ਵਿੱਚ ਮਗਨ ਰਹੇ, ਫਿਰ ਸੰਤ ਜੀ ਮਹਾਰਾਜ ਦਾ ਡੇਰਾ ਸਰਦਾਰ ਆਤਮਾ ਸਿੰਘ ਜੀ ਸਿੰਧੀ ਦੇ ਬੁੰਗੇ ਕਰਾਇਆ। ਹਰ ਰੋਜ਼ ਮੰਜੀ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਆਸਾ ਦੀ ਵਾਰ ਤੇ ਸੋਦਰੁ ਦੇ ਦੀਵਾਨ ਸਜਦੇ, ਸੰਗਤਾਂ ਹੁੰਮ-ਹੁੰਮਾ ਕੇ ਦਰਸ਼ਨ ਲਈ ਆਉਂਦੀਆਂ। ਨਾਮ-ਬਾਣੀ ਦਾ ਅਤੁੱਟ ਪ੍ਰਵਾਹ ਚਲਿਆ ਅਤੇ ਬੇਅੰਤ ਭਾਗ ਭਰੇ ਮਾਈ-ਭਾਈ ਨੇ ਅੰਮ੍ਰਿਤ ਪਾਨ ਕੀਤਾ।

ਪੁਜਾਰੀ ਸੰਤਾਂ ਦੀ ਮਹਿਮਾ ਦੇਖ ਕੇ ਸਹਾਰ ਨਾ ਸਕੇ। ਇੱਕ ਦਿਨ ਜਦ ਜਥਾ ਕੀਰਤਨ ਕਰਦਾ ਸੀ, ਭਾਈ ਬੂੜ ਸਿੰਘ ਨੇ ਕੁਝ ਟੋਕ-ਟੁਕਾਈ ਕੀਤੀ ਅਤੇ ਕਠੋਰ ਬਚਨ ਵੀ ਬੋਲੇ, ਪਰ ਸ਼ਾਂਤ ਸਰੂਪ ਸੰਤ ਜੀ ਮਹਾਰਾਜ ਦੇ ਮਨ ਵਿੱਚ ਕੋਈ ਫਰਕ ਨਾ ਆਇਆ। ਆਪ ਚੁਪੀਤੇ ਹੀ ਉੱਠੇ ਤੇ ਸੋਹਲਾਂ ਦੇ ਬੁੰਗੇ ਅੱਗੇ ਆ ਦੀਵਾਨ ਸਜਾਇਆ। ਹੁਣ ਪੁਜਾਰੀਆਂ ਨੂੰ ਵੀ ਭਾਸ ਗਿਆ ਕਿ ਆਪ ਤਾਕਤ ਵਾਲੇ ਹਨ। ਸੋ ਉਹਨਾਂ ਮੁਆਫ਼ੀ ਮੰਗ ਲਈ। ਸੰਤ ਜੀ ਮਹਾਰਾਜ ਨੇ ਆਪਣੇ ਸੁਭਾਅ ਅਨੁਸਾਰ ਉੱਤਰ ਦਿੱਤਾ, "ਭਾਈ! ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਕੁੱਤੇ ਹਾਂ! ਕੋਈ ਪਿਆਰ ਕਰੇ ਤਾਂ ਪੂਛਲ ਹਿਲਾਉਂਦੇ ਨੇੜੇ ਹੋ ਬੈਠੇ, ਨਹੀਂ ਤਾਂ ਦੂਰ ਹੋ ਗਏ।" ਇਹ ਨਿਮਰਤਾ ਭਰੇ ਅਤੇ ਉੱਚ ਅਵਸਥਾ ਦੇ ਬਚਨ ਸੁਣ ਕੇ ਸੰਗਤ ਦਾ ਮਨ ਦ੍ਰਵ ਗਿਆ ਅਤੇ ਸੀਲ ਸੁਭਾਵ ਤੋਂ ਨਿਛਾਵਰ ਹੋ ਗਏ।

ਇਸ ਸਮੇਂ ਦੀਆਂ ਦੋ ਗੋਝ ਸਾਖ਼ੀਆਂ ਹਨ, ਜਿਨ੍ਹਾਂ ਦਾ ਭਾਵ ਕੋਈ ਗੁਰਮੁਖ ਹੀ ਸਮਝ ਸਕਦੇ ਹਨ:

(੧) ਦੀਵਾਨ ਦੇ ਭੋਗ ਮਗਰੋਂ ਜਦ ਸੰਤ ਜੀ ਮਹਾਰਾਜ ਹਰਿਮੰਦਰ ਸਾਹਿਬ ਨਮਸਕਾਰ ਕਰਨ ਜਾਂਦੇ, ਤਦ ਕਿਤਨਾ-ਕਿਤਨਾ ਚਿਰ ਆਪਣੇ ਮੱਥੇ ਨੂੰ ਰਗੜੀ ਜਾਂਦੇ। ਇਸ ਤਰ੍ਹਾਂ ਮੱਥੇ 'ਤੇ ਇੱਕ ਦਮੜੀ ਜਿੱਡਾ ਕਾਲਾ ਦਾਗ ਪੈ ਗਿਆ। ਇੱਕ ਦਿਨ ਜਦ ਆਪ ਮਹਾਰਾਜ ਦੇ ਚਰਨਾਂ ਵਿੱਚ ਆਪਣੇ ਨਿੱਤ ਕਰਮ ਅਨੁਸਾਰ ਮੱਥਾ ਟੇਕ ਰਹੇ ਸਨ, ਤਦ ਗਿਆਨੀ ਠਾਕੁਰ ਸਿੰਘ ਜੀ ਦਰਸ਼ਨ ਵਾਸਤੇ ਆ ਪੁੱਜੇ। ਆਪ ਮਹਾਰਾਜ ਜੀ ਨੂੰ ਮੱਥਾ ਟੇਕ ਸੰਤਾਂ ਪਾਸ ਖੜੇ ਹੋ ਕੇ ਦੇਖਦੇ ਰਹੇ। ਅੱਧੀ ਘੜੀ ਪਿੱਛੋਂ ਸੰਤ ਜੀ ਮਹਾਰਾਜ ਨੇ ਧਰਤੀ ਤੋਂ ਸੀਸ ਚੁੱਕਿਆ ਅਤੇ ਹੱਥ

ਜੋੜ ਕੇ ਖਲੋ ਗਏ। ਗਿਆਨੀ ਜੀ ਨੇ ਅਦਬ, ਨਿਮਰਤਾ ਭਰੇ ਪਿਆਰ ਤੇ ਸਤਿਕਾਰ ਨਾਲ ਪੁੱਛਿਆ, "ਮਹਾਰਾਜ! ਆਪ ਇਹਨਾਂ ਚਿਰ ਕਿਉਂ ਮੱਥਾ ਰਗੜੀ ਜਾਂਦੇ ਹੋ? ਬਖ਼ਸ਼ੀਆਂ ਹੋਈਆਂ ਰੂਹਾਂ ਨੂੰ ਕੀ ਲੋੜ ਜੋ ਮੱਥੇ ਰਗੜਨ?" ਇਹ ਸੁਣ ਕੇ ਆਪ ਜੀ ਦੇ ਨੇਤਰਾਂ ਵਿੱਚੋਂ ਜਲ ਦੀ ਗੰਗਾ ਵਹਿ ਤੁਰੀ ਅਤੇ ਵੈਰਾਗ ਭਰੇ ਅਮੋਲ ਬਚਨਾਂ ਦੁਆਰਾ ਉੱਤਰ ਦਿੱਤਾ, "ਗਿਆਨੀ ਜੀ! ਜਦ ਅਸੀਂ ਪਰਕਰਮਾ ਵਿੱਚੋਂ ਲੰਘਦੇ ਹਾਂ ਤਦ ਅਨੇਕ ਮਾਈ-ਭਾਈ ਇਸ ਗੰਦੇ ਖਲੜੇ ਨੂੰ ਨਮਸਕਾਰਾਂ ਕਰਦੇ ਹਨ। ਅਸੀਂ ਸੰਗਤ ਦਾ ਉਹ ਖ਼ਿਰਾਜ ਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਪਹੁੰਚਾਉਂਦੇ ਹਾਂ।"*

(੨) ਸੰਤ ਬਾਬਾ ਸ਼ਾਮ ਸਿੰਘ ਜੀ ਵੀ ਰਾਜ਼ੀ ਹੋ ਗਏ। ਆਪ ਰੋਜ਼ ਹੀ ਸੰਤਾਂ ਪਾਸ ਦੀਵਾਨ ਵਿੱਚ ਆਉਂਦੇ ਅਤੇ ਕੀਰਤਨ ਦਾ ਅਦੁੱਤੀ ਰੰਗ ਮਾਣਦੇ। ਦੋਹਾਂ ਅਪਾਰ ਰੂਹਾਂ ਦਾ ਆਪਸ ਵਿੱਚ ਅਤੁੱਟ ਪਿਆਰ ਹੋ ਗਿਆ, ਇੱਥੋਂ ਤੀਕ ਕਿ ਇੱਕ-ਦੂਜੇ ਤੋਂ ਜਾਨ ਨਿਛਾਵਰ ਕਰਨ ਲੱਗੇ।

ਇੱਕ ਦਿਨ ਸੰਤ ਜੀ ਮਹਾਰਾਜ ਆਪਣੇ ਡੇਰੇ ਬਿਰਾਜਮਾਨ ਸਨ ਕਿ ਸ਼ਾਮ ਵੇਲੇ ਬਾਬਾ ਸ਼ਾਮ ਸਿੰਘ ਜੀ ਵਾਜੇ-ਗਾਜੇ ਨਾਲ ੧੧ ਚੰਗੇਰਾਂ, ਛੁਹਾਰੇ, ਬਦਾਮ, ਮੇਵਾ, ਗਰੀ, ਖੋਪਾ ਆਦਿ ਲੈ ਕੇ ਹਾਜ਼ਰ ਹੋਏ। ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰ ਕੇ ਸਾਹਮਣੇ ਬੈਠ ਗਏ ਅਤੇ ਪੰਜ ਪੈਸੇ ਤੇ ਇੱਕ ਨਾਰੀਅਲ ਭੇਟਾ ਰੱਖਿਆ। ਬੜੇ ਨਿਮਰਤਾ ਭਰੇ ਬਚਨਾਂ ਨਾਲ ਬੇਨਤੀ ਕੀਤੀ, "ਮਹਾਰਾਜ! ਕ੍ਰਿਪਾ ਕਰੋ।"

ਸੰਤ ਜੀ ਮਹਾਰਾਜ ਕਹਿਣ ਲੱਗੇ, "ਬਾਬਾ ਜੀ! ਆਪ ਤੇ ਅਕਾਲ ਮੂਰਤ ਵਾਹਿਗੁਰੂ ਦੀ ਅਪਾਰ ਮਿਹਰ ਹੈ, ਮੈਂ ਕੀ ਚੀਜ਼ ਹਾਂ?"

ਪਰ ਬਾਬਾ ਜੀ ਨੇ ਅਤੀ ਅਧੀਨਗੀ ਸਹਿਤ ਬਚਨ ਕੀਤਾ, "ਨਹੀਂ ਹਜ਼ੂਰ! ਆਪ ਬਖਸ਼ਿੰਦ ਹੋ, ਜ਼ਰੂਰ ਬਖ਼ਸ਼ੋ!" ਬਾਬਾ ਜੀ ਦੀ ਪ੍ਰੇਮ ਅਤੇ ਵੈਰਾਗ ਭਰੀ ਅਵਸਥਾ ਦੇਖ ਕੇ ਸੰਤ ਜੀ ਨੇ ਗੁਰਮੰਤਰ ਦਾ ਜਾਪ ਦੱਸਿਆ। ਸੁਣਦੇ ਹੀ ਬਾਬਾ ਜੀ ਦੇ ਸਰੀਰ ਵਿੱਚ ਤਾਰ ਵੱਤ ਝਰਨਾਹਟ ਜਿਹੀ ਫਿਰੀ, ਰੋਮ ਖੜੇ ਹੋਏ ਤੇ ਸਿਮਰਨ ਦੀ ਰੌਂ ਸਮੁੰਦਰ ਵੱਤ ਠਾਠਾਂ ਮਾਰ ਉੱਠੀ। ਆਪ ਉੱਠੇ ਤੇ ਨਮਸਕਾਰ ਕਰ ਕੇ ਡੇਰੇ ਪਹੁੰਚੇ। ਇਸ ਤੋਂ ਪਿੱਛੋਂ ਸਿਮਰਨ ਦੀ ਰੌਂ ਸਦਾ ਜਾਰੀ ਰਹੀ।

ਨੋਟ :- ਬਾਬਾ ਜੀ ਹਰਿਮੰਦਰ ਦੇ ਗੁਪਤ ਗ੍ਰੰਥੀ ਸਨ। ਸਾਰੀ ਆਯੂ ਕੀਰਤਨ ਦੀ ਪਹਿਲੀ ਚੌਂਕੀ ਕਰਦੇ ਰਹੇ। ਇਸ ਗੁਪਤ ਕਲਾ ਦਵਾਰਾ ਇਹਨਾਂ ਨੇ ਸੰਤ ਜੀ ਮਹਾਰਾਜ ਨੂੰ ਸਤਿਨਾਮ ਦਾ ਚੱਕਰ ਚਲਾਉਣ ਲਈ ਮਹਾਂਪੁਰਸ਼ ਅਸਥਾਪਨ ਕੀਤਾ ਅਤੇ ਦੁਨੀਆਂ ਨੂੰ ਪ੍ਰਗਟ ਕੀਤਾ ਕਿ ਗੁਰਮੁਖਾਂ ਦੁਆਰਾ ਨਾਮ ਸਿਮਰਨ ਦੀ ਜੁਗਤ ਪੁੱਛਣੀ ਜ਼ਰੂਰੀ ਹੈ।**

(੩) ਇੱਕ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਸੋਦਰੁ ਦਾ ਦੀਵਾਨ ਸਜਿਆ ਹੋਇਆ ਸੀ। ਜਦ ਰਹਿਰਾਸ ਦਾ ਭੋਗ ਪਿਆ, ਤਦ ਅਰਦਾਸ ਮਗਰੋਂ ਬਾਬਾ ਸ਼ਾਮ ਸਿੰਘ ਜੀ ਖੜੇ ਹੋ ਗਏ ਅਤੇ ਆਖਿਆ ਕਿ ਇੱਕ ਅਰਜ਼ ਹੈ। ਸੰਤ ਜੀ ਨੇ ਆਖਿਆ, "ਕੀ ਹੁਕਮ ਹੈ? ਤੁਹਾਡਾ ਹੁਕਮ ਤਾਂ ਜਮ-ਰਾਜ ਨਹੀਂ ਮੋੜ ਸਕਦਾ, ਆਦਮੀ ਦੀ ਤਾਂ ਗੱਲ ਹੀ ਕੀ!" ਬਾਬਾ ਜੀ ਨੇ ਫਰਮਾਇਆ ਕਿ ਸਵੇਰ ਦਾ ਦੀਵਾਨ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਸਜਿਆ ਕਰੇ। ਸੰਤ ਜੀ ਨੇ ਅਦਬ ਸਹਿਤ 'ਸਤਿ ਬਚਨ' ਕਿਹਾ।***

(੪) ਇੱਕ ਦਿਨ ਪ੍ਰਸ਼ਾਦ ਭਾ: ਹਰਨਾਮ ਸਿੰਘ ਜੀ ਵੈਦ ਦੇ ਘਰ ਸੀ। ਸੰਤ ਜੀ ਅਤੇ ਬਾਬਾ ਸ਼ਾਮ ਸਿੰਘ

---

* ਜ਼ਬਾਨੀ ਗਿਆਨੀ ਠਾਕਰ ਸਿੰਘ ਜੀ, ਅੰਮ੍ਰਿਤਸਰ।

** ਇਹ ਸਾਖੀ ਸੰਤ ਜੀ ਨੇ ਖਾਸ ਰੰਗ ਵਿੱਚ ਦਾਸ ਨੂੰ ਸੁਣਾਈ।

*** ਜ਼ਬਾਨੀ ਡਾਕਟਰ ਹਰਨਾਮ ਸਿੰਘ ਜੀ।

ਜੀ ਨੂੰ ਸੱਦਿਆ ਗਿਆ। ਜਦ ਪਰਸਪਰ ਮਿਲਾਪ ਹੋਇਆ, ਤਦ ਬਾਬਾ ਜੀ ਨੇ ਨਮਸਕਾਰ ਕੀਤੀ ਅਤੇ ਸੰਤ ਜੀ ਨੇ ਵੀ ਉਹਨਾਂ ਦੇ ਚਰਨ ਪਰਸੇ।*

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ (੭੬੩)

(੫) ਜਦ ਸੰਤ ਜੀ ਕਨੋਹੇ ਤੋਂ ਪੰਜਾ ਸਾਹਿਬ ਜਾਣ ਲੱਗੇ, ਤਦ ਮਾਈ ਭਾਗਭਰੀ ਨੂੰ ਖਾਸ ਰੰਗ ਵਿੱਚ ਆਖਿਆ, "ਭੁਝੰਗੀ ਹੀਰਾ ਸਿੰਘ ਨੂੰ ਸਾਡਾ ਰੂਪ ਹੀ ਸਮਝਣਾ।" ਮਾਈ ਮਹਾਂ-ਪੁਰਖਾਂ ਦੀ ਰਮਜ਼ ਨਾ ਸਮਝੀ ਤੇ ਮੋਹ ਅਧੀਨ ਹੋ ਕੇ ਮੁੰਡੇ ਦੀ ਕੁੜਮਾਈ ਕਰ ਦਿੱਤੀ। ਕਰਤਾਰ ਦੀ ਕੁਦਰਤ! ਭੁਝੰਗੀ ਮਰ ਗਿਆ ਮਾਈ ਭਾਗਭਰੀ ਤੇ ਭਾ: ਨੰਦ ਸਿੰਘ ਜੀ ਫੁੱਲ ਲੈ ਕੇ ਹਰਦਵਾਰ ਨੂੰ ਗਏ। ਮੁੜਦਿਆਂ ਨੂੰ ਖ਼ਬਰ ਹੋਈ ਕਿ ਸੰਤ ਜੀ ਮਹਾਰਾਜ ਅੰਮ੍ਰਿਤਸਰ ਹਨ। ਦਰਸ਼ਨ ਕਰਨ ਵਾਸਤੇ ਉੱਤਰ ਪਏ ਤੇ ਭਾਈ ਆਤਮਾ ਸਿੰਘ ਜੀ ਸਿੰਧੀ ਦੇ ਡੇਰੇ ਪਹੁੰਚੇ। ਸੰਤ ਜੀ ਮਹਾਰਾਜ ਆਪਣੇ ਕਮਰੇ ਵਿੱਚ ਇਕਾਂਤ ਬੈਠੇ ਸਨ। ਆਗਿਆ ਲੈ ਕੇ ਅੰਦਰ ਪਹੁੰਚੇ ਅਤੇ ਨਮਸਕਾਰ ਕਰ ਕੇ ਬੈਠ ਗਏ।

ਕੁਝ ਚਿਰ ਚੁੱਪ ਕਰਕੇ ਬੈਠੇ ਰਹੇ। ਜਦ ਅੱਧੀ ਘੜੀ ਬੀਤੀ ਤਦ ਸੰਤ ਜੀ ਮਹਾਰਾਜ ਨੇ ਪੁੱਛਿਆ, "ਸੁਣਾਓ, ਕਾਕਾ ਹੀਰਾ ਸਿੰਘ ਦਾ ਕੀ ਹਾਲ ਹੈ?" ਮਾਈ ਤਾਂ ਬੋਲ ਨਾ ਸਕੀ, ਪਰ ਭਾਈ ਨੰਦ ਸਿੰਘ ਜੀ ਨੇ ਕਿਹਾ, "ਮਹਾਰਾਜ! ਭੁਝੰਗੀ ਤਾਂ ਚੜ੍ਹਾਈ ਕਰ ਗਿਆ।" ਇਹ ਸੁਣ ਕੇ ਸੰਤ ਜੀ ਮਹਾਰਾਜ ਕੁਝ ਚਿਰ ਚੁੱਪ ਰਹੇ। ਫਿਰ ਬੋਲੇ, "ਤੁਸਾਂ ਕੋਈ ਅਵੱਗਿਆ ਕੀਤੀ ਹੋਵੇਗੀ। ਅਸਾਂ ਜੋ ਕਿਹਾ ਸੀ, ਕਾਕੇ ਨੂੰ ਸਾਡਾ ਹੀ ਰੂਪ ਜਾਣਨਾ। ਉਹ ਉਪਕਾਰੀ ਜੀਵ ਸੀ, ਆਪਣੀ ਮੌਜ ਨਾਲ ਆਇਆ ਸੀ, ਆਪਣੀ ਮੌਜ ਨਾਲ ਚਲਿਆ ਗਿਆ, ਸੰਸਾਰੀ ਬੰਧਨਾਂ ਤੋਂ ਚਿੱਤ ਉਪਰਾਮ ਹੋ ਗਿਆ ਅਤੇ ਸਰੀਰ ਰੂਪੀ ਚਮੜਾ ਲਾਹ ਕੇ ਚੱਲਦਾ ਬਣਿਆ। ਅਸਾਂ ਤੁਹਾਨੂੰ ਪਹਿਲੇ ਹੀ ਇਸ਼ਾਰਾ ਕਰ ਦਿੱਤਾ ਸੀ।"

ਮਾਈ ਭਾਗਭਰੀ ਨੇ ਕਿਹਾ, "ਮਹਾਰਾਜ! ਮੈਂ ਤਾਂ ਸਮਝਿਆ ਸੀ ਕਿ ਕਾਕੇ ਨਾਲ ਸਾਡੇ ਵਰਗਾ ਪਿਆਰ ਹੈ!"

ਸੰਤ ਜੀ- ਜੋ ਕਰਤਾਰ ਦੀ ਰਜ਼ਾ!

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ (੩)

ਅੰਮ੍ਰਿਤਸਰ ਦੇ ਇਲਾਕੇ ਵਿੱਚ ਆਪ ਦੀ ਧੁੰਮ ਪੈ ਗਈ। ਪਿੰਡਾਂ ਦੀ ਸੰਗਤ ਦਰਸ਼ਨ ਕਰਨ ਲਈ ਬਹੁਤ ਆਉਣ ਲੱਗ ਪਈ। ਇਹਨਾਂ ਦੀ ਪ੍ਰੇਰਨਾ ਨਾਲ ਆਪ ਨੇ ਅੰਮ੍ਰਿਤਸਰ ਦੇ ਇਲਾਕੇ ਵਿੱਚ ਦੌਰਾ ਕੀਤਾ। ਅੰਮ੍ਰਿਤ ਪ੍ਰਚਾਰ ਦਾ ਬੜਾ ਹੀ ਪ੍ਰਵਾਹ ਚੱਲਿਆ। ਕੋਟਲੀ ਆਦਿ ਨਗਰਾਂ ਤੋਂ ਹੁੰਦੇ ਹੋਏ ਸੰਤ ਜੀ ਤਰਨਤਾਰਨ ਪੁੱਜੇ ਅਤੇ ਮਾਈ ਰਾਮ ਕੌਰ ਦੇ ਬੁੰਗੇ ਆਸਣ ਕੀਤਾ। ਇੱਥੋਂ ਦੇ ਪੁਜਾਰੀਆਂ ਅਤੇ ਸੰਗਤਾਂ ਨੇ ਬਹੁਤ ਸਤਿਕਾਰ ਕੀਤਾ। ਹਰ ਰੋਜ਼ ਹਰਿਮੰਦਰ ਵਿੱਚ ਆਸਾ ਜੀ ਦੀ ਵਾਰ ਦਾ ਦੀਵਾਨ ਸਜਦਾ ਅਤੇ ਸ਼ਾਮ ਨੂੰ ਗਊ ਘਾਟ ਪਾਸ ਮਾਈ ਰਾਮ ਕੌਰ ਜੀ ਦੇ ਬੁੰਗੇ ਅੰਮ੍ਰਿਤ ਪ੍ਰਚਾਰ ਹੁੰਦਾ। ਹਜ਼ਾਰਾਂ ਮਾਈ-ਭਾਈ ਅੰਮ੍ਰਿਤ ਛਕ ਕੇ ਨਾਮ-ਰਸ, ਪ੍ਰੇਮ-ਰਸ ਅਤੇ ਬੀਰ-ਰਸ ਦਾ ਅਨੰਦ ਮਾਣਦੇ। ਸਭ ਤੋਂ ਪਹਿਲਾਂ ਮਾਸਟਰ ਚੰਦਾ ਸਿੰਘ ਅਤੇ ਇਹਨਾਂ ਦੀ ਸੁਪਤਨੀ ਬੀਬੀ ਗਿਆਨ ਕੌਰ ਜੀ ਨੇ ਅੰਮ੍ਰਿਤ ਪਾਨ ਕੀਤਾ। ਦੂਜੇ ੩੫ ਮਾਈਆਂ-ਭਾਈਆਂ ਨੇ ਅੰਮ੍ਰਿਤ ਪਾਨ ਕੀਤਾ। ਸਿੰਘਣੀਆਂ ਨੂੰ ਖੰਡੇ ਦਾ ਅੰਮ੍ਰਿਤ ਸੰਤ ਜੀ ਮਹਾਰਾਜ ਨੇ ਹੀ ਛਕਾਉਣਾ ਆਰੰਭ ਕੀਤਾ ਹੈ, ਪਹਿਲਾਂ ਕਿਰਪਾਨ ਦਾ ਛਕਾਉਂਦੇ ਸਨ।

ਪੁਜਾਰੀਆਂ ਨੇ ਇਤਰਾਜ਼ ਕੀਤਾ ਪਰੰਤੂ ਸੰਤ ਜੀ ਮਹਾਰਾਜ ਨੇ ਫਰਮਾਇਆ, "ਭਾਈ! ਦਾਤੇ ਦਾ ਅੰਮ੍ਰਿਤ ਬਾਟਾ ਮਾਈ-ਭਾਈ ਦਾ ਸਾਂਝਾ ਹੈ।" ਹੁਣ ਤਾਂ ਸੰਗਤਾਂ ਦੀ ਗਹਿਮਾ-ਗਹਿਮ ਰਹਿੰਦੀ ਸੀ। ਹਰ ਰੋਜ਼

* ਜ਼ਬਾਨੀ ਭਾਈ ਜੈ ਸਿੰਘ ਜੀ ਅਕਾਉਂਟਸ ਸੈਕਰੇਟਰੀ ਖ਼ਾਲਸਾ ਕਾਲਜ ਕੌਂਸਲ।

ਸੰਤ ਬਾਬਾ ਸ਼ਾਮ ਸਿੰਘ ਜੀ

ਅੰਮ੍ਰਿਤ ਪ੍ਰਚਾਰ ਹੁੰਦਾ। ਤਰਨਤਾਰਨ ਤੋਂ ਸੰਤ ਜੀ ਨੇ ਚੱਬੇ, ਪੰਜਵੜ, ਕਾਜ਼ੀਕੋਟ ਅਤੇ ਹੋਰ ਨਗਰਾਂ ਵਿੱਚ ਦੌਰਾ ਕਰ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਜੀਵਾਂ ਨੂੰ ਸਤਿਗੁਰੂ ਕਲਗੀਆਂ ਵਾਲੇ ਦੇ ਚਰਨ ਕੰਵਲਾਂ ਨਾਲ ਜੋੜਿਆ।

ਹੁਣ ਸੰਤ ਜੀ ਮਹਾਰਾਜ ਨੇ ਤਰਨਤਾਰਨ ਹੀ ਆਸਣ ਜਮਾ ਲਿਆ ਅਤੇ ਰੋਜ਼ ਸਤਿਸੰਗ ਦਾ ਅਵਸਰ ਬਖਸ਼ ਕੇ ਤੇ ਅੰਮ੍ਰਿਤ ਪਾਨ ਕਰਾ ਕੇ ਨਾਮ ਦਾ ਅਕਹਿ ਰੰਗ ਚਾੜ੍ਹਿਆ।

ਸੰਤ ਭਾਈ ਗੁਲਾਬ ਸਿੰਘ ਜੀ, ਜਿਹਨਾਂ ਦਾ ਉੱਚਾ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਬੁੰਗੇ ਦੇ ਪਾਸ ਹੈ, ਇੱਕ ਮਹਾਤਮਾ ਦੀ ਸੇਵਾ ਕਰਦੇ ਅਤੇ ਬੇਨਤੀ ਕਰਦੇ ਕਿ ਕਿਰਪਾ ਕਰਕੇ ਨਾਮ ਸਿਮਰਨ ਦੀ ਜੁਗਤ ਦੱਸੋ। ਉਹ ਫਰਮਾਉਂਦੇ ਕਿ ਜਿਸ ਮਹਾਂ-ਪੁਰਖ ਨੇ ਤੁਹਾਡੇ ਉੱਪਰ ਕਿਰਪਾ ਕਰਨੀ ਹੈ, ਉਹ ਕਲਜੁਗ ਵਿੱਚ ਸੰਤ ਅਵਤਾਰ ਹੋ ਕੇ ਵਿਚਰਦੇ ਹਨ। ਮੈਂ ਸਮਾਂ ਆਉਣ 'ਤੇ ਤੁਹਾਨੂੰ ਉਹਨਾਂ ਦੇ ਚਰਨਾਂ ਵਿੱਚ ਹਾਜ਼ਰ ਕਰਾਂਗਾ, ਪਰ ਅਜੇ ਚਾਰ ਮਹੀਨੇ ਬਾਕੀ ਹਨ। ਉੱਥੇ ਆਪਣਾ ਦੋਹਾਂ ਦਾ ਹੀ ਭਲਾ ਹੋ ਜਾਵੇਗਾ। ਇਹ ਸੁਣ ਕੇ ਗੁਲਾਬ ਸਿੰਘ ਜੀ ਦੇ ਹਿਰਦੇ ਵਿੱਚ ਵੈਰਾਗ ਮਈ ਸੋਮਾ ਫੁੱਟ ਨਿਕਲਿਆ ਅਤੇ ਰਾਤ-ਦਿਨ ਦਰਸ਼ਨ ਵਾਸਤੇ ਤੜਫਣ ਲੱਗੇ। ਇਸੇ ਸਿੱਕ ਵਿੱਚ ਚਾਰ ਮਹੀਨੇ ਗੁਜ਼ਰ ਗਏ ਕਿ ਅਚਨਚੇਤ ਹੀ ਸੰਗਤ ਪਾਸੋਂ ਖ਼ਬਰ ਮਿਲੀ ਕਿ ਭੂਰੀ ਵਾਲੇ ਸੰਤ ਤਰਨ ਤਾਰਨ ਆਏ ਹੋਏ ਹਨ। ਇਹ ਸੁਣ ਕੇ ਹੀ ਗੁਲਾਬ ਸਿੰਘ ਜੀ ਦੋ ਪ੍ਰੇਮੀ ਨਾਲ ਲੈ ਕੇ ਤਰਨ ਤਾਰਨ ਸਾਹਿਬ ਪੁੱਜੇ। ਅੱਗੇ ਮਾਈ ਰਾਮ ਕੌਰ ਦੇ ਬੁੰਗੇ ਸੰਤ ਜੀ ਮਹਾਰਾਜ ਅੰਮ੍ਰਿਤ ਪਾਨ ਕਰਾ ਰਹੇ ਸਨ। ਦੇਖਦੇ ਹੀ:

ਮਃ ੫ ॥ ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥ (੫੨੦)

ਦੇ ਮਹਾਂ ਵਾਕ ਅਨੁਸਾਰ ਸੁਰਤ ਸਰੀਰ ਤੋਂ ਉੱਚੀ ਹੋ ਗਈ, ਮਨ ਦੋ ਤੋਂ ਇੱਕ ਹੋ ਗਿਆ ਅਤੇ ਇੱਕ ਹੋ ਕੇ ਨਿਰਮਲ ਹੋ ਟਿਕ ਗਿਆ। ਟਿਕਾਓ ਦਾ ਅਨੰਦ ਆਇਆ, ਜਾਣੋ ਸਾਰੇ ਰਸ ਮਾਤ ਪੈ ਗਏ ਤੇ ਅਕਹਿ ਵਿੱਚ ਝੂਟੇ ਖਾਣ ਲੱਗੇ।

ਸੰਤ ਜੀ ਮਹਾਰਾਜ ਅੰਮ੍ਰਿਤ ਪਾਨ ਕਰਾਈ ਗਏ। ਅੰਮ੍ਰਿਤ ਪਾਨ ਕਰਨ ਵਾਲਿਆਂ ਵਿੱਚੋਂ ਇੱਕ ਪ੍ਰੇਮੀ ਨੇ ਆਖਿਆ, "ਮਹਾਰਾਜ! ਮੈਂ ਕਾਲੇ ਰੋਮਾਂ ਦੀ ਬੇ-ਅਦਬੀ ਕੀਤੀ ਹੈ, ਮੇਰਾ ਮਨ ਸ਼ਾਂਤ ਨਹੀਂ ਹੁੰਦਾ।" ਸੰਤ ਜੀ ਦੇ ਨੇਤਰ ਬੰਦ ਹੋ ਗਏ ਅਤੇ ਜਲ ਦੀ ਧਾਰ ਵਹਿ ਟੁਰੀ, ਜਾਣੋ ਆਪ ਜੀ ਨੂੰ ਕੋਈ ਭਾਰੀ ਸੱਟ ਵੱਜੀ ਹੈ। ਕੋਈ ਪੰਦਰਾਂ ਮਿੰਟ ਇਸੇ ਤਰ੍ਹਾਂ ਗੁਜ਼ਰੇ। ਹੁਣ ਹਜ਼ੂਰ ਨੇ ਨੇਤਰ ਖੋਲ੍ਹੇ ਤੇ ਥਿੜਕਦੀ ਜ਼ਬਾਨ ਨਾਲ ਆਖਿਆ, "ਸਿੱਖਾ! ਕਦੀ ਭਾਈ ਗੁਰਦਾਸ ਦੀ ਬਾਣੀ ਨਹੀਂ ਪੜ੍ਹੀ ਸੁਣੀ?" ਭਾਈ ਜੀ ਨੇ ਉੱਚੀ ਪੁਕਾਰ ਕੇ ਕਿਹਾ ਹੈ:

ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਪਸਾਰਾ ॥ (ਭਾਈ ਗੁਰਦਾਸ ਜੀ)

ਗੁਰੂ ਵਾਕ:

ਚਉਦਸਿ ਚਉਦਹ ਲੋਕ ਮਝਾਰਿ ॥ ਰੋਮ ਰੋਮ ਮਹਿ ਬਸਹਿ ਮੁਰਾਰਿ ॥ (੩੪੪)

ਤੂੰ ਰੋਮ ਨਹੀਂ ਕਟਾਏ, ਸਤਿਗੁਰ ਦੇ ਸਰੀਰ ਨੂੰ ਛੇਦਨ ਕੀਤਾ ਹੈ। ਲੈ ਭਾਈ! ਸ਼ਾਂਤੀ ਆਵੇ ਵੀ ਕਿਵੇਂ? ਹੁਣ ਦ੍ਰਿੜ ਕਰ ਲੈ ਕਿ ਫੇਰ ਸਰੀਰ ਤੋਂ ਰੋਮ ਛੇਦਨ ਨਹੀਂ ਕਰਨੇ, ਜਟਾ ਜੂਟ ਹੀ ਰਹਿਣਾ ਹੈ ਅਤੇ ਕੋਈ ਹੋਰ ਕੁਰਹਿਤ ਨਹੀਂ ਕਰਨੀ। ਜਿਹੜੇ ਪ੍ਰੇਮੀ ਕੁਰਹਿਤਾਂ ਤੋਂ ਰਹਿਤ ਹੋ ਕਲਗੀਆਂ ਵਾਲੇ ਦੇ ਚਰਨਾਂ ਨਾਲ ਪ੍ਰੇਮ ਕਰਦੇ ਹਨ, ਉਹਨਾਂ ਨੂੰ ਥੋੜ੍ਹੇ ਚਿਰ ਵਿੱਚ ਸਿਮਰਨ ਦੀ ਰੌਂ ਚਲਦੀ ਹੈ ਤੇ ਉਹ ਆਤਮਿਕ ਅਨੰਦ ਮਾਣਦੇ ਹਨ।

ਤਰਨ ਤਾਰਨ ਦੇ ਇਸ ਦੌਰੇ ਵਿੱਚ ਭਾਈ ਭਾਗ ਸਿੰਘ ਹੀਰਾ ਸਿੰਘ ਦਾ ਮੇਲ ਹੋਇਆ। ਭਾਈ ਭਾਗ ਸਿੰਘ ਜੀ ਤਾਂ ਦਰਸ਼ਨ ਕਰ ਕੇ ਚਲੇ ਗਏ, ਪਰ ਭਾਈ ਹੀਰਾ ਸਿੰਘ ਜੀ ਦਾ ਆਪ ਨਾਲ ਅਤੀ ਸਨੇਹ ਹੋ ਗਿਆ

* ਜ਼ਬਾਨੀ ਸੰਤ ਗੁਲਾਬ ਸਿੰਘ ਜੀ, ਅੰਮ੍ਰਿਤਸਰ।

ਅਤੇ ਕਈ ਸਾਲ ਸੰਤਾਂ ਨਾਲ ਹੀ ਗੁਜ਼ਾਰਨ ਲੱਗੇ।

ਜਿਸ ਵੇਲੇ ਸੰਤ ਜੀ ਪਿਛਲੀ ਵਾਰੀ ਡੇਰਾ ਖ਼ਾਲਸਾ ਤੋਂ ਟੁਰਨ ਲੱਗੇ ਸਨ, ਤਦ ਮਾਈ ਭਾਗਵੰਤੀ ਨੇ ਪੁੱਛਿਆ ਸੀ, "ਮਹਾਰਾਜ! ਫਿਰ ਦਰਸ਼ਨ ਕਦ?" ਫਰਮਾਇਆ ਨੇ, "ਜਦ ਸਾਡੀਆਂ ਗੁਫਾਵਾਂ ਤਿਆਰ ਹੋ ਜਾਣ ਤਦ ਆਵਾਂਗੇ।"

ਇਹ ਬਚਨ ਕਰ ਕੇ ਸੰਤ ਜੀ ਤਾਂ ਹੁਕਮੀ ਦੇ ਹੁਕਮ ਤੇ ਪਿਆਰੇ ਦੀ ਅਗੰਮੀ ਕਾਰ ਵਿੱਚ ਜਾ ਲੱਗੇ, ਪਰ ਮਾਈ ਨੂੰ ਉਹ ਬਚਨ ਹਰ ਵਕਤ ਯਾਦ ਸਨ। ਇਸ ਕਰਕੇ ਸਰਦਾਰ ਘਰਬਾਰਾ ਸਿੰਘ ਅਤੇ ਸੰਤ ਜੀ ਦੇ ਹੋਰ ਚਰਨ ਕੰਵਲ ਭੌਰੇ ਗੁਫਾਂ ਵੱਲ ਜੁਟੇ। ਪਿਆਰ ਦੇ ਸਿੱਕ ਵਾਲੀ ਵਸਤੂ ਬਣਨ 'ਤੇ ਚਿਰ ਨਹੀਂ ਲੱਗਦਾ ਤੇ ਨਾ ਹੀ ਦੁੱਖ ਭਾਸਦਾ ਹੈ। ਸੋ, ਛੇਤੀ ਹੀ ਗੁਫਾਵਾਂ ਤਿਆਰ ਹੋ ਗਈਆਂ।

ਹੁਣ ਸਾਵਣ ਦਾ ਮਹੀਨਾ ਆ ਗਿਆ। ਕੁਦਰਤ ਕਾਦਰ ਨੇ ਪਲਟਾ ਖਾਧਾ। ਵਾਹਿਗੁਰੂ ਦੀ ਕੁਦਰਤ ਅਸਚਰਜ ਰੰਗਾਂ ਵਿੱਚ ਆਪ ਨੂੰ ਪਲਟਾ ਬੈਠੀ। ਕਿੱਧਰੇ ਕਾਲੀਆਂ ਘਟਾਂ ਚੜ੍ਹਦੀਆਂ ਹਨ ਤੇ ਮੌਜ ਭਰੀ ਡੀਲ-ਡੌਲ ਨਾਲ ਮੁਟਿਆਰ ਜ਼ਨਾਨੀਆਂ ਦੇ ਟੋਲੇ ਵੱਤ ਝੂੰਮਦੀਆਂ ਹੋਈਆਂ ਚੜ੍ਹਾਈ ਕਰ ਦੀਆਂ ਹਨ। ਕਿੱਧਰੇ ਸੂਰਜ ਨਜ਼ਰ ਆਇਆ ਤੇ ਉੱਧਰ ਬੱਦਲਾਂ ਆ ਘੇਰਾ ਪਾਇਆ। ਕਿੱਧਰੇ ਮੋਰ ਪੈਲਾਂ ਪਾਉਂਦੇ ਹਨ। ਕਿੱਧਰੇ ਪੰਜਾਬ ਦੀਆਂ ਕੁੜੀਆਂ ਪੀਂਘਾਂ ਝੂਟਦੀਆਂ ਹਨ। ਸ਼ਾਮ ਵੇਲੇ ਟਿੱਬਿਆਂ ਉੱਤੇ ਛੋਟੇ-ਛੋਟੇ ਜਾਨਵਰ ਆਪਣੀ ਸੂਹੀ ਮਖਮਲੀ ਪੁਸ਼ਾਕ ਪਹਿਨ ਕੁਦਰਤੀ ਹੀ ਆਦਮੀਆਂ ਦੇ ਮਨ ਨੂੰ ਮੋਂਹਦੇ ਹਨ।

ਜਿਸ ਤਰ੍ਹਾਂ ਸਾਉਣ ਵਿੱਚ ਪਤੀ-ਬ੍ਰਤ ਇਸਤਰੀ ਨੂੰ ਪਤੀ ਮਿਲਾਪ ਦਾ ਸ਼ੌਂਕ ਹੁੰਦਾ ਹੈ, ਇਸੇ ਤਰ੍ਹਾਂ ਮਾਈ ਭਾਗਵੰਤੀ ਤੇ ਹੋਰ ਪ੍ਰੇਮੀਆਂ ਨੂੰ ਮੋਰ ਵੱਤ ਬੱਦਲ ਰੂਪ ਸੰਤ, ਜੋ ਅੰਮ੍ਰਿਤ ਵਰਖਾ ਕਰਕੇ ਤਪਤ ਹਿਰਦਿਆਂ ਨੂੰ ਠਾਰਦੇ ਹਨ, ਦੇ ਦਰਸ਼ਨ ਦਾ ਚਾਉ ਉਮਡਿਆ, ਉੱਠੇ ਤੇ ਟੁਰੇ। ਮਾਈ ਰਾਮ ਕੌਰ ਦੇ ਬੁੰਗੇ ਤਰਨ ਤਾਰਨ ਪੁੱਜੇ ਅਤੇ ਬਬੀਹੇ ਵੱਤ ਰੱਜ-ਰੱਜ ਦਰਸ ਅੰਮ੍ਰਿਤ ਪਾਨ ਕੀਤਾ ਤੇ ਡੇਰਾ ਖ਼ਾਲਸਾ ਲਈ ਬੇਨਤੀ ਕੀਤੀ। ਜਵਾਬ ਮਿਲਿਆ, "ਨਹੀਂ ਜਾ ਸਕਦੇ, ਕਿਉਂਕਿ ਨਾਮ ਬਾਣੀ ਤੇ ਅੰਮ੍ਰਿਤ ਦਾ ਪ੍ਰਵਾਹ ਚੱਲ ਰਿਹਾ ਹੈ, ਛੱਡਣਾ ਠੀਕ ਨਹੀਂ ਭਾਸਦਾ।" ਮਾਈ ਭਾਗਵੰਤੀ ਸੁਣਕੇ ਨਾ ਬੋਲੀ, *ਪਰ ਚਿੱਤ ਡੋਲ ਗਿਆ, ਜਾਣੋ ਦਰਿਆ ਦਾ ਬੰਨ੍ਹ ਟੁੱਟ ਗਿਆ ਤੇ ਦੂਜੇ ਪਾਸੇ ਹੋ ਟੁਰਿਆ। ਮਾਈ ਨੇ ਅੰਨ-ਜਲ ਛਕੇ ਬਿਨਾਂ ਹੀ ਕਈ ਦਿਨ ਗੁਜ਼ਾਰ ਦਿੱਤੇ ਤੇ ਛੇਵੇਂ ਦਿਨ ਜਾਣ ਦੀ ਤਿਆਰੀ ਕੀਤੀ। ਟੁਰਨ ਤੋਂ ਪਹਿਲਾਂ ਮਾਈ ਨੇ ਸੰਤਾਂ ਦੇ ਪੱਖੇ ਦੀ ਡੋਰੀ ਸੇਵਾਦਾਰ ਤੋਂ ਲਈ। ਅਜੇ ਦਸ ਮਿੰਟ ਹੋਏ ਹੋਣਗੇ ਜੋ ਸੰਤ ਜੀ ਪਲੰਘ 'ਤੇ ਬੈਠ ਗਏ ਤੇ ਬਾਰੀ ਖੋਲ੍ਹ ਦਿੱਤੀ ਤੇ ਬੂਹਾ ਵੀ ਖੋਲ੍ਹ ਦਿੱਤਾ। ਮਾਈ ਭਾਗਵੰਤੀ ਅਤੇ ਭਾਈ ਘਰਬਾਰਾ ਸਿੰਘ ਜੀ ਨੂੰ ਅੰਦਰ ਬੁਲਾਇਆ। ਬਾਰੀ ਵਿੱਚ ਇੱਕ ਸੁੰਦਰ ਗੁਟਕਾ ਪਿਆ ਸੀ, ਸੰਤ ਜੀ ਨੇ ਅਦਬ ਨਾਲ ਗੁਟਕਾ ਖੋਲ੍ਹਿਆ ਤੇ ਵਾਕ ਲਿਆ। ਹੁਕਮ ਹੋਇਆ:

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾ ਦਾ ਕਹਣਾ ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦਾ ਰਹਣਾ ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ ॥ (ਪਾ: ੧੦)

ਇਹ ਸ਼ਬਦ ਪੜ੍ਹਦੇ ਸਾਰ ਹੀ ਸੰਤ ਜੀ ਮਹਾਰਾਜ ਚਾਦਰ ਲੈ ਕੇ ਟੁਰ ਪਏ। ਪੌੜੀ ਤੋਂ ਉੱਤਰਦਿਆਂ ਹੋਇਆਂ ਮਾਈ ਰਾਮ ਕੌਰ ਦੀ ਨਨਾਣ ਨੂੰ ਆਖਿਆ, "ਅਸੀਂ ਪੋਠੋਹਾਰ ਚੱਲੇ ਹਾਂ, ਰੌਲਾ ਨਹੀਂ ਪਾਉਣਾ।"

---

* ਸੰਤ ਜੀ ਜਾਣ ਗਏ ਤੇ ਮਾਈ ਨੂੰ ਇੱਕ ਤਸਵੀਰ ਆਪਣੇ ਦਸਤਾਰੇ ਵਿੱਚੋਂ ਕੱਢ ਕੇ ਜਿਸ ਦੇ ਪਾਸੇ ਗੁਰੂ ਨਾਨਕ ਦੇਵ ਜੀ ਦੀ ਫੋਟੋ ਤੇ ਦੂਜੇ ਮੂਲ ਮੰਤਰ ਨੋਟ ਸੀ, ਦਿੱਤੀ ਪਰ ਮਾਈ ਦਾ ਚਿੱਤ ਉਦਾਸ ਹੀ ਰਿਹਾ।

ਕਾਂਡ ੨੫

ਗੋਂਡ ਮਹਲਾ ੪ ॥
ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥
ਮੇਰੈ ਮਨਿ ਪ੍ਰੇਮ ਲਗੋ ਹਰਿ ਤੀਰ ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ਰਹਾਉ॥
ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥
ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ ॥੩॥
ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ ॥੪॥੬॥ਛਕਾ॥੧॥ (੮੬੧)

ਮਾਸਟਰ ਤਾਰਾ ਸਿੰਘ ਅਤੇ ਸੰਗਤਾਂ ਦਾ ਅੰਮ੍ਰਿਤ ਛਕਣਾ

ਸੰਤ ਜੀ ਮਹਾਰਾਜ ਮਾਈ ਰਾਮ ਕੌਰ ਜੀ ਦੇ ਬੁੰਗੇ ਤੋਂ ਨਿਕਲਦੇ ਹੀ ਸਿੱਧੇ ਟਾਂਗਿਆਂ ਦੇ ਅੱਡੇ 'ਤੇ ਪਹੁੰਚੇ ਅਤੇ ਸਰਦਾਰ ਘਰਬਾਰਾ ਸਿੰਘ ਜੀ ਨਾਲ ਅੰਮ੍ਰਿਤਸਰ ਸਾਹਿਬ ਨੂੰ ਟੁਰ ਪਏ। ਜਾਂਦੀ ਵਾਰੀ ਮਾਈ ਭਾਗਵੰਤੀ ਨੂੰ ਆਖਿਆ ਕਿ ਜਥੇ ਦੇ ਸਿਰਫ ਚਾਰ ਆਦਮੀ ਨਾਲ ਲਿਆਉਣੇ। ਇਸ ਵਕਤ ਜਥੇ ਵਿੱਚ ੨੫ ਆਦਮੀ ਸਨ। ਮਾਈ ਅੱਠਾਂ ਨੂੰ ਨਾਲ ਲੈ ਕੇ ਸੰਤ ਜੀ ਮਹਾਰਾਜ ਦੇ ਪਿੱਛੇ-ਪਿੱਛੇ ਟੁਰ ਪਈ। ਤਰਨਤਾਰਨ ਸਾਹਿਬ ਦੇ ਇੱਕ ਪੁਜਾਰੀ ਨੇ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ ਆਖਿਆ ਹੋਇਆ ਸੀ। ਜਦ ਉਸ ਨੂੰ ਇਹ ਖ਼ਬਰ ਲੱਗੀ ਕਿ ਸੰਤ ਜੀ ਮਹਾਰਾਜ ਨੇ ਪੋਠੋਹਾਰ ਦੀ ਤਿਆਰੀ ਕਰ ਲਈ ਹੈ ਅਤੇ ਇੱਕ ਪ੍ਰੇਮੀ ਨਾਲ ਅੰਮ੍ਰਿਤਸਰ ਸਾਹਿਬ ਵੱਲ ਟੁਰ ਗਏ ਹਨ, ਤਦ ਉਹ ਟਾਂਗਾ ਲੈ ਕੇ ਸੰਤ ਜੀ ਮਹਾਰਾਜ ਦੇ ਮਗਰ ਆਇਆ। ਇਸ ਨੂੰ ਦੇਖ ਕੇ ਸੰਤ ਜੀ ਮਹਾਰਾਜ ਨੇ ਆਪਣਾ ਟਾਂਗਾ ਖੜਾ ਕਰ ਲਿਆ। ਪੁਜਾਰੀ ਨੇ ਉੱਤਰ ਕੇ ਸੰਤ ਜੀ ਦੇ ਚਰਨ ਫੜ ਲਏ ਅਤੇ ਬੇਨਤੀ ਕੀਤੀ, "ਮਹਾਰਾਜ! ਕ੍ਰਿਪਾ ਕਰੋ, ਪ੍ਰਸ਼ਾਦ ਛਕ ਕੇ ਕਲ੍ਹ ਸਵੇਰੇ ਚਲੇ ਜਾਣਾ।" ਸੰਤ ਜੀ ਮਹਾਰਾਜ ਨੇ ਬੜੀ ਧੀਰਜ ਦਿੱਤੀ ਅਤੇ ਆਖਿਆ ਕਿ ਫੇਰ ਅੰਨ-ਜਲ ਹੋਇਆ ਤਦ ਪ੍ਰਸ਼ਾਦਾ ਆ ਕੇ ਛਕਾਂਗੇ। ਜੇ ਤੁਸੀਂ ਸਾਨੂੰ ਤਰਨਤਾਰਨ ਸਾਹਿਬ ਦੀ ਜੂਹ ਵਿੱਚ ਫੜ ਲੈਂਦੇ ਤਦ ਅਸੀਂ ਮੁੜ ਪੈਂਦੇ। ਹੁਣ ਅੰਮ੍ਰਿਤਸਰ ਦੀ ਜੂਹ ਆ ਗਈ ਹੈ, ਪ੍ਰੇਮੀ ਜਿੱਤ ਗਏ ਹਨ। ਹੁਕਮ ਅਗਾਂਹ ਹੀ ਜਾਣ ਦਾ ਹੈ। ਪੁਜਾਰੀ ਨੇ ਸੰਤ ਜੀ ਦਾ ਬਚਨ ਮੰਨ ਲਿਆ ਅਤੇ ਵਾਪਸ ਮੁੜ ਆਇਆ।

ਸੰਤ ਜੀ ਸਿੱਧੇ ਅੰਮ੍ਰਿਤਸਰ ਸਾਹਿਬ ਦੇ ਸਟੇਸ਼ਨ 'ਤੇ ਅੱਪੜੇ। ਇੱਥੇ ਪੰਡਤਾਣੀ ਧਨ ਦੇਵੀ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਈ। ਏਸ ਨੇ ਸਰਦਾਰ ਸੁੰਦਰ ਸਿੰਘ ਮਜੀਠੀਏ ਅਤੇ ਹੋਰ ਪ੍ਰੇਮੀਆਂ ਨੂੰ ਖ਼ਬਰ ਕਰ ਦਿੱਤੀ ਕਿ ਸੰਤ ਜੀ ਪੋਠੋਹਾਰ ਨੂੰ ਟੁਰ ਚਲੇ ਹਨ। ਖ਼ਬਰ ਸੁਣਦੇ ਸਾਰ ਹੀ ਸਰਦਾਰ ਸੁੰਦਰ ਸਿੰਘ ਆਪਣੀ ਫਿਟਨ ਲੈ ਕੇ ਸਟੇਸ਼ਨ 'ਤੇ ਆ ਗਏ ਅਤੇ ਸੰਤ ਜੀ ਮਹਾਰਾਜ ਨੂੰ ਬਿਠਾ ਕੇ ਸ੍ਰੀ ਦਰਬਾਰ ਸਾਹਿਬ ਲੈ ਗਏ। ਕੜਾਹ-ਪ੍ਰਸ਼ਾਦ ਕਰਵਾਇਆ ਅਤੇ ਫਿਰ ਆਪਣੀ ਕੋਠੀ ਲੈ ਜਾ ਕੇ ਪੰਜ ਸ਼ਬਦ ਪੜ੍ਹਾਏ। ਸ਼ਬਦ ਕੀਰਤਨ ਮਗਰੋਂ ਪ੍ਰੇਮੀਆਂ ਨੇ ਅਰਜ਼ ਕੀਤੀ, "ਮਹਾਰਾਜ! ਹੁਣ ਤੇ ਗੱਡੀ ਲੰਘ ਗਈ ਹੋਵੇਗੀ ਆਪ ਇੱਥੇ ਹੀ ਬਿਰਾਜੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਾਨੂੰ ਇੱਕ ਵਾਰ ਸਟੇਸ਼ਨ 'ਤੇ ਲੈ ਚੱਲੋ, ਫੇਰ ਜੋ ਕਰਤਾਰ ਦਾ ਹੁਕਮ

ਹੋਵੇਗਾ, ਆਪ ਹੀ ਵਰਤ ਜਾਵੇਗਾ। ਤਦ ਸੰਤ ਜੀ ਸਟੇਸ਼ਨ 'ਤੇ ਪਹੁੰਚੇ ਤਦ ਪਤਾ ਲੱਗਾ ਕਿ ਗੱਡੀ ਦੋ ਘੰਟੇ ਲੇਟ ਹੈ। ਆਉਂਦਿਆਂ ਹੀ ਸਰਦਾਰ ਘਰਬਾਰਾ ਸਿੰਘ ਜੀ ਨੇ ਮਾਨਕਿਆਲੇ ਦੀਆਂ ਟਿਕਟਾਂ ਖਰੀਦ ਲਈਆਂ ਅਤੇ ਸੰਤ ਜੀ ਮਹਾਰਾਜ ਸੰਗਤ ਸਮੇਤ ਪਲੇਟਫਾਰਮ 'ਤੇ ਆ ਗਏ। ਅਜੇ ਅੰਦਰ ਅੱਪੜੇ ਹੀ ਸਨ ਕਿ ਗੱਡੀ ਆ ਗਈ, ਮਾਨੋ ਕਿ ਗੱਡੀ ਸੰਤ ਜੀ ਮਹਾਰਾਜ ਲਈ ਹੀ ਪਛੜੀ ਸੀ। ਸਾਰੀ ਸੰਗਤ ਗੱਡੀ 'ਤੇ ਚੜ੍ਹ ਗਈ ਅਤੇ ਦੂਸਰੇ ਦਿਨ ਅੰਮ੍ਰਿਤ ਵੇਲੇ ਮਾਨਕਿਆਲੇ ਆ ਪਹੁੰਚੀ। ਸੰਤ ਜੀ ਸਟੇਸ਼ਨ 'ਤੇ ਠਹਿਰੇ ਅਤੇ ਸਰਦਾਰ ਘਰਬਾਰਾ ਸਿੰਘ ਜੀ ਤੇ ਮਾਈ ਭਾਗਵੰਤੀ ਡੇਰੇ ਖ਼ਾਲਸੇ ਸਾਧ-ਸੰਗਤ ਨੂੰ ਖ਼ਬਰ ਕਰਨ ਲਈ ਗਏ। ਥੋੜ੍ਹੇ ਚਿਰ ਮਗਰੋਂ ਸਾਧ-ਸੰਗਤ ਢੋਲਕੀ ਛੈਣੇ ਲੈ ਆਈ ਅਤੇ ਬੜੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਨੂੰ ਡੇਰੇ ਖ਼ਾਲਸੇ ਲੈ ਗਈ। ਪਹਿਲਾਂ ਨਗਰ ਦੇ ਗੁਰਦੁਆਰੇ ਵਿੱਚ ਦੀਵਾਨ ਲੱਗਾ ਅਤੇ ਫੇਰ ਸੰਤ ਜੀ ਮਹਾਰਾਜ ਦਾ ਆਸਣ ਕੱਸ ਦੀ ਗੁਫਾ ਵਿੱਚ ਕਰਾਇਆ, ਜਿੱਥੇ ਕਿ ਸੰਤ ਜੀ ਪਹਿਲੀ ਵਾਰੀ ਡੇਰੇ ਖ਼ਾਲਸੇ ਦੀ ਜੂਹ ਵਿੱਚ ਆ ਕੇ ਬੈਠੇ ਸਨ।

ਪਉੜੀ ॥

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥
ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥ (੩੧੯)

ਕਰਤਾਰ ਨੇ ਏਸ ਧਰਤੀ ਨੂੰ ਭਾਗ ਲਾਇਆ। ਕੁਦਰਤ ਨੇ ਤਾਂ ਅੱਗੇ ਹੀ ਇਸ ਅਸਥਾਨ ਨੂੰ ਇੱਕ ਖਾਸ ਰੰਗਣ ਵਿੱਚ ਰੰਗਿਆ ਹੋਇਆ ਸੀ। ਇੱਕ ਪਾਸੇ ਨਿਰਮਲ ਜਲ ਦਾ ਕੱਸ ਵੱਗ ਰਿਹਾ ਸੀ, ਜਿਸ ਦੇ ਕੰਢੇ 'ਤੇ ਇੱਕ ਸੁੰਦਰ ਬਾਗ਼ ਸੀ, ਦੂਸਰੇ ਪਾਸੇ ਪੁਲਾਹੀਆਂ ਦੇ ਸੋਹਣੇ ਝੁੰਡ ਸਨ। ਪੰਛੀ ਹਰ ਰੋਜ਼ ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਵਕਤ ਆਪਣੇ ਸੁਹਾਉਣੇ ਰਾਗ ਨਾਲ ਕਾਦਰ ਦੀ ਕੁਦਰਤ ਨੂੰ ਸੁਹਾਉਣਾ ਬਣਾਉਂਦੇ। ਹੁਣ ਏਥੇ ਦੋਵੇਂ ਵਕਤ ਧੁਰ ਦੀ ਬਾਣੀ ਆਸਾ ਜੀ ਦੀ ਵਾਰ ਅਤੇ ਸੋਦਰੁ ਦਾ ਅਰਸ਼ੀ ਕੀਰਤਨ ਹੋਣ ਲੱਗ ਪਿਆ ਅਤੇ ਇਹ ਅਸਥਾਨ ਸਵਰਗ ਤੋਂ ਬੈਕੁੰਠ ਧਾਮ ਬਣ ਗਿਆ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥ (੯੯੦)

ਸੰਤ ਜੀ ਮਹਾਰਾਜ ਦੇ ਡੇਰੇ ਖ਼ਾਲਸੇ ਆਉਣ ਦੀ ਸੋਅ ਸਾਰੇ ਪੋਠੋਹਾਰ ਵਿੱਚ ਫੈਲ ਗਈ, ਕੱਲਰ, ਕਨੋਹਾ, ਗੁਜਰਖਾਨ, ਸਾਗਰੀ, ਰਵਾਤ, ਰਾਵਲਪਿੰਡੀ ਅਤੇ ਹੋਰ ਛੋਟੇ-ਵੱਡੇ ਨਗਰਾਂ ਤੋਂ ਗੁਰੂ ਦੀਆਂ ਸੰਗਤਾਂ ਆਉਣ ਲੱਗ ਪਈਆਂ ਅਤੇ ਨਿੱਤਨੇਮ ਦੇ ਦੀਵਾਨਾਂ ਨਾਲ ਹੁਣ ਹਰ ਰੋਜ਼ ਅੰਮ੍ਰਿਤ ਪ੍ਰਚਾਰ ਵੀ ਸ਼ੁਰੂ ਹੋ ਗਿਆ। ਭਾਈ ਸੋਹਨ ਸਿੰਘ ਜੀ 'ਰਾਹੀ', ਭਾਈ ਤੇਜਾ ਸਿੰਘ ਜੀ ਮੈਗਨ, ਭਾਈ ਜਗਤ ਸਿੰਘ ਜੀ 'ਪ੍ਰਦੇਸੀ' ਅਤੇ ਚੌਧਰੀ ਕਰਤਾਰ ਸਿੰਘ ਜੀ ਇਕੱਠੇ ਕੱਲਰ ਤੋਂ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨ ਲਈ ਟੁਰੇ। ਰਸਤੇ ਵਿੱਚ ਅਜੇ ਡੇਰੇ ਖ਼ਾਲਸੇ ਦੇ ਅੱਧ ਵਿੱਚ ਅੱਪੜੇ ਹੋਣਗੇ ਕਿ ਮਨ ਵਿੱਚ ਪ੍ਰੀਖਿਆ ਦਾ ਸੰਕਲਪ ਪੈਦਾ ਹੋਇਆ। ਸਭ ਨੇ ਮਿਥ ਕੇ ਇਹ ਸਲਾਹ ਧਾਰੀ ਕਿ ਜੇਕਰ ਸੰਤ ਸਾਡੇ ਮਨ ਦਾ ਸੰਕਲਪ ਬੁਝ ਲੈਣ ਤਾਂ ਅਸੀਂ ਸੰਤ ਜਾਣੀਏ ਅਤੇ ਫੇਰ ਉਹਨਾਂ ਪਾਸੋਂ ਅੰਮ੍ਰਿਤ ਛਕੀਏ। ਜਦ ਇਹ ਡੇਰੇ ਖ਼ਾਲਸੇ ਗੁਫਾ ਵਿੱਚ ਪਹੁੰਚੇ ਤਦ ਸੰਤ ਜੀ ਨੂੰ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾ ਕੇ ਸਾਹਮਣੇ ਬੈਠ ਗਏ।

ਸੰਤ ਜੀ ਨੇ ਹੱਸ ਕੇ ਪੁੱਛਿਆ ਕਿ ਭਾਈ! ਰਸਤੇ ਵਿੱਚ ਤੁਸੀਂ ਕੀ ਸਲਾਹ ਕਰਦੇ ਆਉਂਦੇ ਸੀ? ਅਸੀਂ ਤਾਂ ਕੋਈ ਮਹਾਂ-ਪੁਰਸ਼ ਨਹੀਂ, ਗੁਰੂ ਨਾਨਕ ਸਾਹਿਬ ਦੇ ਘਰ ਦੇ ਗੋਲ੍ਹੇ ਹਾਂ, ਸਤਿਗੁਰੂ ਸਮਰਥ ਹਨ। ਮਨ ਦੀਆਂ ਤਾਂ ਉਹ ਹੀ ਬੁੱਝ ਸਕਦੇ ਹਨ, ਪਰ ਆਪਣੇ ਕੂਕਰਾਂ ਨੂੰ ਵੀ ਮਿਹਰ ਕਰ ਕੇ ਤਾਰ ਦਾ ਮੇਲ ਬਖਸ਼ਦੇ ਹਨ। ਇਹ ਆਖ ਕੇ ਇਹਨਾਂ ਨੇ ਜੋ ਸੰਕਲਪ ਕੀਤਾ ਸੀ, ਉਸ ਦਾ ਜੁਗਤੀ ਪੂਰਬਕ ਇਸ਼ਾਰਾ ਕਰ ਦਿੱਤਾ। ਇਨ੍ਹਾਂ ਦੀ ਨਿਸ਼ਾ ਹੋ ਗਈ, ਚਰਨੀਂ ਲੱਗੇ ਅਤੇ ਦੂਜੇ ਦਿਨ ਅੰਮ੍ਰਿਤ ਪਾਨ ਕੀਤਾ।

ਭਾਈ ਸੋਹਨ ਸਿੰਘ ਜੀ 'ਰਾਹੀ' ਤਾਂ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਹਰ ਵਕਤ ਮਹਾਰਾਜ ਜੀ ਦੇ ਪਲੰਘ ਨਾਲ ਸੀਸ ਜੋੜ ਕੇ ਬੈਠੇ ਰਹਿੰਦੇ ਅਤੇ ਜਦ ਮਹਾਰਾਜ ਜੀ ਬਾਹਰ ਜਾਂਦੇ ਤਦ ਗੜਵਾ ਫੜ ਨਾਲ ਸੇਵਾ ਵਿੱਚ ਹੋ ਟੁਰਦੇ।

ਇਸ ਸਮੇਂ ਸੰਤ ਜੀ ਮਹਾਰਾਜ ਦੇ ਪਾਸ ਕੋਈ ਪੰਜਾਹ ਸੱਠ ਸਾਧੂ ਇਕੱਠੇ ਹੋ ਗਏ, ਜੋ ਕਿ ਕਈ ਰੰਗਾਂ ਦੇ ਸੱਜਣ ਸਨ। ਇੱਕ ਦਿਨ ਭਾਈ ਸੋਹਨ ਸਿੰਘ 'ਰਾਹੀ' ਨੇ ਅਰਜ਼ ਕੀਤੀ ਕਿ ਮਹਾਰਾਜ! ਹਜ਼ੂਰ ਨੇ ਇੰਨੇ ਸਾਧੂ ਕਿਉਂ ਇਕੱਤਰ ਕਰ ਲਏ ਹਨ? ਮਹਾਰਾਜ ਨੇ ਬੜੇ ਪ੍ਰੇਮ ਨਾਲ ਜਵਾਬ ਦਿੱਤਾ ਕਿ ਸੋਹਨ ਸਿੰਘ ਜੀ! ਇਹ ਸਾਡੀ ਵਾੜ ਹਨ।

ਮਾਸਟਰ ਤਾਰਾ ਸਿੰਘ ਜੀ ਵੀ ਸੰਤ ਜੀ ਮਹਾਰਾਜ ਨੂੰ ਡੇਰੇ ਖ਼ਾਲਸੇ ਹੀ ਮਿਲੇ। ਉਹਨਾਂ ਦੇ ਮਿਲਾਪ, ਸੰਤ ਜੀ ਮਹਾਰਾਜ ਦੀ ਉਸ ਵਕਤ ਦੀ ਸਰੀਰਕ, ਆਤਮਿਕ ਅਤੇ ਰਾਜਸੀ ਅਵਸਥਾ ਦਾ ਨਕਸ਼ਾ ਉਹਨਾਂ ਦੇ ਆਪਣੇ ਅਖਰਾਂ ਵਿੱਚ ਹੇਠ ਦਰਜ਼ ਹੈ:

ਉਹਨਾਂ ਦਿਨਾਂ ਵਿੱਚ ਸੰਤ ਜੀ ਬੜੇ ਸੋਹਣੇ ਸਡੌਲ ਜਵਾਨ ਸਨ। ਉਹਨਾਂ ਦੀ ਉਮਰ ਕੋਈ ਤੀਹ ਸਾਲ ਦੇ ਲੱਗਪਗ ਹੋਵੇਗੀ। ਗੋਰਾ ਰੰਗ ਸੀ ਅਤੇ ਚਿਹਰੇ 'ਤੇ ਲਾਲੀ ਭਖਦੀ ਸੀ ਤੇ ਕੱਦ ਛੇ ਫੁੱਟ ਸੀ। ਆਪ ਬੜੀ ਸੋਹਣੀ ਸੁਰੀਲੀ ਆਵਾਜ਼ ਅਤੇ ਉੱਚੀ ਸੁਰ ਵਿੱਚ ਸ਼ਬਦ ਪੜ੍ਹਿਆ ਕਰਦੇ ਸਨ।

ਜਦ ਮੈਂ ਪਹਿਲੀ ਵਾਰ ਆਪ ਦੇ ਦਰਸ਼ਨ ਕੀਤੇ, ਮੈਂ ਰਾਵਲਪਿੰਡੀ ਪੜ੍ਹਦਾ ਸਾਂ ਅਤੇ ਛੁੱਟੀਆਂ ਕਰ ਕੇ ਪਿੰਡ ਆਇਆ ਹੋਇਆ ਸਾਂ। ਉੱਥੋਂ ਅਸੀਂ ਦਸ-ਬਾਰਾਂ ਮੁੰਡੇ ਰਲ੍ਹ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਨੂੰ ਡੇਰੇ ਖ਼ਾਲਸੇ ਆਏ। ਸਾਡੇ ਵਿੱਚ ਕੁਝ ਕੇਸਧਾਰੀ ਸਨ ਅਤੇ ਕੁਝ ਸਹਿਜਧਾਰੀ। ਮੈਂ ਭੀ ਸਹਿਜਧਾਰੀ ਸਾਂ। ਡੇਰਾ ਖ਼ਾਲਸਾ ਪੁੱਜਦੇ ਹੀ ਸੰਤ ਜੀ ਦੇ ਦਰਸ਼ਨ ਕਰਨ ਮਗਰੋਂ ਸਾਡੀ ਸਭ ਦੀ ਸਲਾਹ ਅੰਮ੍ਰਿਤ ਛਕਣ ਦੀ ਬਣ ਗਈ। ਭਾਵੇਂ ਉਸ ਤੋਂ ਪਹਿਲਾਂ ਮੇਰੇ ਖਿਆਲ ਪੱਕੇ ਸਿੱਖੀ ਦੇ ਸਨ, ਪਰ ਡੇਰਾ ਖ਼ਾਲਸਾ ਜਾਣ ਵੇਲੇ ਅੰਮ੍ਰਿਤ ਛਕਣ ਦੀ ਮੇਰੀ ਕੋਈ ਸਲਾਹ ਨਹੀਂ ਸੀ ਅਤੇ ਨਾ ਹੀ ਮੈਂ ਆਪਣੇ ਪਿਤਾ ਜੀ ਜਾਂ ਕਿਸੇ ਹੋਰ ਸੰਬੰਧੀ ਪਾਸੋਂ ਆਗਿਆ ਲਈ ਸੀ। ਮੇਰਾ ਖਾਨਦਾਨ ਸਹਿਜਧਾਰੀਆਂ ਦਾ ਸੀ। ਡੇਰੇ ਖ਼ਾਲਸੇ ਹੀ ਅੰਮ੍ਰਿਤ ਛਕਣ ਦੀ ਸਲਾਹ ਬਣੀ ਤੇ ਉੱਥੇ ਹੀ ਅੰਮ੍ਰਿਤ ਛਕ ਲਿਆ। ਬੱਸ ਮੇਰੇ ਜੀਵਨ ਵਿੱਚ ਵੱਡੀ ਤਬਦੀਲੀ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰ ਕੇ ਹੀ ਹੋਈ।

ਇਸ ਕਰਕੇ ਸੰਤ ਅਤਰ ਸਿੰਘ ਜੀ ਨਾਲ ਮੇਰਾ ਖਾਸ ਪਿਆਰ ਹੋ ਗਿਆ ਤੇ ਮੈਂ ਉਹਨਾਂ ਦਾ ਕਾਫ਼ੀ ਨਿਕਟਵਰਤੀ ਬਣ ਗਿਆ ਸਾਂ। ਇਸ ਲਈ ਮੈਂ ਉਹਨਾਂ ਬਾਬਤ ਕੁਝ ਕਹਿ ਸਕਦਾ ਹਾਂ। ਮੇਰੇ ਵਿੱਚ ਕਿਸੇ ਦਾ ਅੰਦਰ ਵੇਖਣ ਜਾਂ ਉਸ ਦੀ ਆਤਮਾ ਦੀ ਪੂਰੀ ਉਚਤਾਈ ਸਮਝਣ ਦੀ ਸ਼ਕਤੀ ਨਹੀਂ ਹੈ, ਪਰ ਮੋਟੀ ਨਿਸ਼ਾਨੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੀ ਹੋਈ ਹੈ, ਉਸ ਅਨੁਸਾਰ ਸੰਤ ਜੀ ਮਹਾਰਾਜ ਬਹੁਤ ਉੱਚੀ ਆਤਮਾ ਸਨ। ਮੈਂ ਉਹਨਾਂ ਦੇ ਕਈ ਵੇਰ ਦਰਸ਼ਨ ਕੀਤੇ ਹਨ ਤੇ ਕਈ ਦਿਨ ਉਹਨਾਂ ਦੇ ਪਾਸ ਰਿਹਾ ਭੀ ਹਾਂ, ਪਰ ਮੈਂ ਕਦੀ ਕੋਈ

ਅਜਿਹੀ ਗੱਲ ਦਾ ਝਲਕਾ ਨਹੀਂ ਡਿੱਠਾ ਜਿਸ ਤੋਂ ਸੰਤ ਜੀ ਮਹਾਰਾਜ ਵਿੱਚ ਜ਼ਰਾ ਭੀ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਦੀ ਬੋ ਆਉਂਦੀ ਹੋਵੇ।

ਬਸ ਇੱਕ ਇਹੋ ਨਿਸ਼ਾਨੀ ਹੈ, ਜਿਸ ਤੋਂ ਮੋਟੀ ਸਮਝ ਵਾਲੇ ਦੁਨੀਆਦਾਰ ਕਿਸੇ ਆਤਮਾ ਦੀ ਵਡਿਆਈ ਪਛਾਣ ਸਕਦੇ ਸਨ। ਜੋ ਆਦਮੀ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਤੋਂ ਬਰੀ ਹੈ, ਉਹ ਪੂਰਨ ਸੰਤ ਹੈ। ਇਸ ਤੋਂ ਛੁੱਟ ਪਹਿਲੀ ਉਮਰ ਵਿੱਚ ਮੈਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਨਾਲ ਪੋਲੀਟੀਕਲ ਗੱਲਾਂ ਕਰਨ ਦਾ ਵੀ ਸਮਾਂ ਮਿਲਿਆ। ਉਹਨਾਂ ਵਿੱਚ ਸਿੱਖੀ ਪ੍ਰੇਮ ਅਤੇ ਸਿੱਖ ਪੰਥ ਨੂੰ ਚੜ੍ਹਦੀਆਂ ਕਲਾਂ ਵਿੱਚ ਵੇਖਣ ਦੀ ਇੱਛਾ ਬਹੁਤ ਤੀਬਰ ਸੀ। ਉਹਨਾਂ ਦੇ ਮਨ ਵਿੱਚ ਪੂਰਨ ਨਿਸਚਾ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇੱਕ ਵੇਰਾਂ ਆਪ ਪ੍ਰਗਟ ਹੋ ਕੇ ਸਿੱਖੀ ਸ਼ਾਨ ਦਾ ਜਲਵਾ ਵਿਖਾਉਣਗੇ:''(ਅਕਾਲੀ ਪੱਤ੍ਰਿਕਾ ਸੰਤ ਨੰਬਰ)

ਜਿਸ ਤਰ੍ਹਾਂ ਮਾਸਟਰ ਤਾਰਾ ਸਿੰਘ ਜੀ ਪ੍ਰੇਮ ਦੇ ਖਿੱਚੇ ਹੋਏ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਡੇਰੇ ਖ਼ਾਲਸੇ ਆਏ, ਏਸੇ ਤਰ੍ਹਾਂ ਸੰਤ ਤੇਜਾ ਸਿੰਘ ਜੀ ਹੈੱਡ ਗ੍ਰੰਥੀ ਨਨਕਾਣਾ ਸਾਹਿਬ ਏਸੇ ਜਗ੍ਹਾ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਆ ਚੁੱਕੇ ਸਨ। ਜਦ ਇਹਨਾਂ ਨੇ ਪਹਿਲੀ ਵਾਰੀ ਸੰਤ ਜੀ ਮਹਾਰਾਜ ਦੇ ਦਰਸ਼ਨ ਡੇਰੇ ਖ਼ਾਲਸੇ ਕੀਤੇ, ਤਦ ਇਹ ਕਹੂਟੇ ਖ਼ਾਲਸਾ ਮਿਡਲ ਸਕੂਲ ਵਿੱਚ ਫ਼ਾਰਸੀ ਦੇ ਉਸਤਾਦ ਸਨ। ਸੰਤ ਜੀ ਮਹਾਰਾਜ ਜੀ ਸੋਅ ਇਹਨਾਂ ਦੀ ਕੰਨੀਂ ਪਈ ਅਤੇ ਇਹ ਬੜੇ ਚਾਉ ਨਾਲ ਡੇਰੇ ਖ਼ਾਲਸੇ ਦਰਸ਼ਨ ਕਰਨ ਲਈ ਆਏ। ਕੋਈ ਐਸੀ ਖਿੱਚ ਪਈ ਕਿ ਫੇਰ ਮੁੜ ਕੇ ਸਕੂਲ ਵਿੱਚ ਜਾਣ ਜੋਗੇ ਨਾ ਰਹੇ। ਇਹਨਾਂ ਦੇ ਆਪਣੇ ਅੱਖਰਾਂ ਵਿੱਚ ਇਉਂ ਲਿਖਿਆ ਹੈ:

''ਮੈਂ ਦਰਸ਼ਨ ਕਰਨ ਲਈ ਡੇਰੇ ਖ਼ਾਲਸੇ ਗਿਆ, ਸੰਤ ਮੈਨੂੰ ਚੰਗੇ ਲੱਗੇ ਅਤੇ ਮੈਂ ਉੱਥੇ ਹੀ ਰਹਿ ਪਿਆ।''

ਗਿਆਨੀ ਸੁੰਦਰ ਸਿੰਘ ਜੀ, ਜੋ ਸੰਤ ਜੀ ਮਹਾਰਾਜ ਪਾਸੋਂ ਕਹੂਟੇ ਅੰਮ੍ਰਿਤ ਛਕ ਚੁੱਕੇ ਸਨ, ਇਸ ਸਮੇਂ ਸੰਤ ਜੀ ਮਹਾਰਾਜ ਪਾਸ ਡੇਰੇ ਖ਼ਾਲਸੇ ਆ ਪਹੁੰਚੇ ਅਤੇ ਦੋਵੇਂ ਵਕਤ ਅਖੰਡ ਕੀਰਤਨ ਅਤੇ ਸਤਿਸੰਗ ਦਾ ਰੰਗ ਮਾਣਦੇ। ਇਸ ਸਮੇਂ ਦਾ ਨਕਸ਼ਾ ਇਹਨਾਂ ਦੀ ਜ਼ਬਾਨੀ ਹੇਠਾਂ ਕਰਜ ਹੈ:

''ਦੋ ਵਕਤ ਅਖੰਡ ਕੀਰਤਨ ਦੇ ਦੀਵਾਨ ਸਜਦੇ ਸਨ ਤੇ ਸੰਤ ਜੀ ਮਹਾਰਾਜ ਅੰਮ੍ਰਿਤ ਛਕਾਉਣ ਦਾ ਪ੍ਰਵਾਹ ਚਲਾਈ ਰਖਦੇ ਸਨ। ਜੇ ਕੋਈ ਪ੍ਰਚਾਰਕ ਆਇਆ ਹੋਵੇ ਤਦ ਕਥਾ ਲੈਕਚਰ ਕਰਵਾ ਕੇ ਗੁਰਮਤਿ ਦਾ ਪ੍ਰਚਾਰ ਕਰਾਉਂਦੇ ਅਤੇ ਸੰਗਤਾਂ ਨੂੰ ਪੰਜ ਕਕਾਰ ਦੀ ਰਹਿਤ, ਗੁਰ ਸਿੱਖੀ ਦੀ ਮਰਿਆਦਾ ਅਤੇ ਨਿੱਤਨੇਮ ਬਾਣੀ ਦਾ ਪਾਠ ਕਰਨਾ ਸਿਖਾਉਂਦੇ। ਇਸ ਇਲਾਕੇ ਵਿੱਚ ਭਾਵੇਂ ਬਾਬਾ ਖੇਮ ਸਿੰਘ ਜੀ ਮਹਾਰਾਜ ਨੇ ਸਿੱਖੀ ਦਾ ਪ੍ਰਚਾਰ ਕੀਤਾ ਸੀ ਅਤੇ ਅੰਮ੍ਰਿਤ ਵੀ ਛਕਾਇਆ ਸੀ, ਪਰ ਗੁਰ ਮਰਯਾਦਾ, ਪੰਜ ਕਕਾਰ ਦੀ ਰਹਿਤ ਦਾ ਦ੍ਰਿੜ੍ਹਾਉਣਾ ਸੰਤ ਜੀ ਮਹਾਰਾਜ ਦੇ ਹਿੱਸੇ ਹੀ ਆਇਆ ਸੀ।''

ਡੇਰੇ ਖ਼ਾਲਸੇ ਵਿੱਚ ਸੰਗਤਾਂ ਦੂਰ-ਦੂਰ ਤੋਂ ਆ ਕੇ ਆਪ ਤੋਂ ਅੰਮ੍ਰਿਤ ਛਕਦੀਆਂ ਸਨ। ਆਪ ਉਪਦੇਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਸਤਿਗੁਰਾਂ ਦਾ ਸਰੂਪ ਦੱਸਦੇ ਅਤੇ ਅੰਮ੍ਰਿਤਧਾਰੀਆਂ ਨੂੰ ਪੂਰਨ ਜੁਗਤਿ ਨਾਲ ਮੱਥਾ ਟੇਕਣ ਦੀ ਜਾਚ ਸਿਖਾਉਂਦੇ ਅਤੇ ਆਪਣੇ ਆਪ ਨੂੰ ਗੁਰੂ ਕਾ ਇੱਕ ਦਾਸ ਜਣਾਉਂਦੇ।

ਇੱਕ ਦਿਨ ਇੱਕ ਨਗਰ ਦਾ ਇੱਕ ਪ੍ਰੇਮੀ ਸੰਤ ਜੀ ਮਹਾਰਾਜ ਪਾਸ ਅੰਮ੍ਰਿਤ ਛਕਣ ਵਾਸਤੇ ਡੇਰੇ ਖ਼ਾਲਸੇ ਆਇਆ। ਸੰਤ ਜੀ ਮਹਾਰਾਜ ਨੇ ਉਸੇ ਵਕਤ ਪੰਜ ਸੇਵਕਾਂ ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਹੁਕਮ

ਦਿੱਤਾ। ਪ੍ਰੇਮੀ ਨੇ ਅਰਜ਼ ਕੀਤੀ ਕਿ ਮਹਾਰਾਜ! ਮੈਂ ਬੜੀ ਦੂਰ ਤੋਂ ਆਪ ਪਾਸੋਂ ਅੰਮ੍ਰਿਤ ਛਕਣ ਵਾਸਤੇ ਆਇਆ ਹਾਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਕਿ ਭਾਈ! ਅੰਮ੍ਰਿਤ ਸਤਿਗੁਰੂ ਕਲਗੀਆਂ ਵਾਲੇ ਆਪ ਛਕਾਉਂਦੇ ਹਨ। ਜਿੱਥੇ ਪੰਜ ਪਿਆਰੇ ਸਤਿਗੁਰੂ ਦੀ ਤਾਬਿਆ ਹਾਜ਼ਰ ਹੋ ਕੇ ਦਸ਼ਮੇਸ਼ ਪਿਤਾ ਦੇ ਹੁਕਮ ਅਨੁਸਾਰ ਬਾਣੀ ਪੜ੍ਹਕੇ ਅੰਮ੍ਰਿਤ ਤਿਆਰ ਕਰਦੇ ਹਨ, ਉੱਥੇ ਸਤਿਗੁਰੂ ਆਪ ਬੀਰ-ਰਸ, ਨਾਮ-ਰਸ ਅਤੇ ਪ੍ਰੇਮ-ਰਸ ਦਾ ਪ੍ਰਕਾਸ਼ ਕਰਦੇ ਹਨ ਅਤੇ ਖੁਦ ਹਾਜ਼ਰ ਹੋ ਕੇ ਅੰਮ੍ਰਿਤ ਛਕਾਉਂਦੇ ਹਨ। ਤੂੰ ਸਭ ਭਰਮ ਛੱਡ ਕੇ ਅਤੇ ਹੁਕਮ ਮੰਨ ਕੇ ਅੰਮ੍ਰਿਤ ਛਕ ਲੈ, ਅਸੀਂ ਤਾਂ ਸਤਿਗੁਰੂ ਦੇ ਇੱਕ ਗਰੀਬ ਸਿੱਖ ਹਾਂ, ਪੰਜਾਂ ਪਿਆਰਿਆਂ ਵਿੱਚ ਸਤਿਗੁਰੂ ਆਪ ਵਰਤਦੇ ਹਨ।" ਇਹ ਸੁਣ ਕੇ ਪ੍ਰੇਮੀ ਦੀ ਨਿਸ਼ਾ ਹੋ ਗਈ ਅਤੇ ਉਸ ਨੇ ਬੜੀ ਸ਼ਰਧਾ ਨਾਲ ਅੰਮ੍ਰਿਤ ਛਕਿਆ।

ਇਸੇ ਜਗ੍ਹਾ ਹੀ ਰਾਵਲਪਿੰਡੀ ਸਿੰਘ ਸਭਾ ਦਾ ਇੱਕ ਮੈਂਬਰ ਆਇਆ। ਗੁਰੂ ਦੀਆਂ ਸੰਗਤਾਂ ਸਤਿਗੁਰੂ ਕੀ ਬਾਣੀ,

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੬)

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਾ ਕੀ ਧੂਰੇ ॥੪॥ (੧੩)

ਦੀ ਆਗਿਆ ਅਨੁਸਾਰ ਸੰਤ ਜੀ ਮਹਾਰਾਜ ਨੂੰ ਮੱਥੇ ਟੇਕਦੀਆਂ ਸਨ। ਜਦ ਇਸ ਪ੍ਰੇਮੀ ਦੀ ਲੈਕਚਰ ਦੀ ਵਾਰੀ ਆਈ ਤਦ ਇਸ ਨੇ ਭਰੇ ਦੀਵਾਨ ਵਿੱਚ ਸੰਤ ਜੀ ਦੀ ਨਿਰਾਦਰੀ ਦੇ ਬਹੁਤ ਬਚਨ ਬੋਲੇ, ਪਰ ਸੰਤ ਜੀ ਮਹਾਰਾਜ ਅਡੋਲ ਸ਼ਾਂਤ-ਰਸ ਵਿੱਚ ਟਿਕੇ ਰਹੇ। ਜਦ ਪ੍ਰੇਮੀ ਲੈਕਚਰ ਖ਼ਤਮ ਕਰ ਚੁੱਕਾ, ਤਦ ਸੰਤ ਜੀ ਨੇ ਬੜੇ ਪ੍ਰੇਮ ਨਾਲ ਇਸ ਨੂੰ ਆਪਣੇ ਪਾਸ ਬਿਠਾਇਆ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਭਾਈ! ਸਾਨੂੰ ਮੱਥਾ ਨਾ ਟੇਕਿਆ ਕਰੋ। ਸ਼ਬਦ ਗੁਰੂ ਅਵਤਾਰ ਕਲਜੁਗ ਦਾ ਬੋਹਿਥ ਹਨ, ਸਭ ਮਾਈ-ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੀਸ ਨਿਵਾਇਆ ਕਰੋ।

ਸੰਤ ਜੀ ਕਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਸਣ ਜਾਂ ਗਦੇਲਾ ਵਿਛਾ ਕੇ ਨਾ ਬੈਠਦੇ, ਬਲਕਿ ਸ਼ਾਮ ਦੇ ਕੀਰਤਨ ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾ ਹੁੰਦਾ ਉਦੋਂ ਵੀ ਸੰਗਤਾਂ ਦੇ ਨਾਲ ਹੀ ਦਰੀ 'ਤੇ ਬੈਠਦੇ, ਕਦੀ ਵੀ ਆਸਣ ਨਾ ਵਿਛਾਉਂਦੇ। ਸ਼ਾਮ ਦੇ ਵਕਤ ਹਰ ਰੋਜ਼ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਪ੍ਰੇਮੀਆਂ ਦੇ ਲਾਭ ਹਿਤ ਕਥਾ ਵਾਰਤਾ ਹੁੰਦੀ। ਇੱਕ ਦਿਨ ਪਾਰਸ ਭਾਗ ਅਤੇ ਭਾਈ ਅੱਡਨ ਸ਼ਾਹ ਦੀਆਂ ਸਾਖੀਆਂ ਦੀ ਕਥਾ ਹੋਈ। ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਬਹੁਤੀਆਂ ਕਥਾਂ ਕੀ ਕਰਨੀਆਂ ਹਨ, ਗੁਣ ਗ੍ਰਹਿਣ ਕਰਨਾ ਚਾਹੀਦਾ ਹੈ।" ਗਿਆਨੀ ਸੁੰਦਰ ਸਿੰਘ ਜੀ ਅਤੇ ਇੱਕ ਹੋਰ ਸੱਜਣ ਨੇ ਪੁੱਛਿਆ, "ਮਹਾਰਾਜ! ਕੀ ਗੁਣ ਗ੍ਰਹਿਣ ਕਰਨਾ ਚਾਹੀਦਾ ਹੈ?" ਆਪ ਨੇ ਬਚਨ ਕੀਤਾ ਕਿ **ਸਭ ਤੋਂ ਵੱਡਾ ਗੁਣ ਖ਼ਿਮਾ ਹੈ। ਕਿਸੇ ਦਾ ਬੋਲ-ਕਬੋਲ ਸਹਾਰਨਾ ਗੁਣਾਂ ਸਿਰ ਗੁਣ ਅਤੇ ਤਪਾਂ ਸਿਰ ਤਪ ਹੈ।** ਇੱਕ ਦਿਨ ਇੱਕ ਪਰਮ-ਹੰਸ ਨੂੰ ਗਿਆਨੀ ਸੁੰਦਰ ਸਿੰਘ ਜੀ ਨੇ, ਜੋ ਕਿ ਇਸ ਵਕਤ ਸਿੰਘ ਸਭਾ ਦੀ ਨਵੀਂ ਲਹਿਰ ਦੇ ਜੋਸ਼ ਨਾਲ ਭਰੇ ਹੋਏ ਸੀ, ਜਾ ਵੰਗਾਰਿਆ ਕਿ ਤੂੰ ਵਾਹਿਗੁਰੂ ਦੀ ਅਮਾਨਤ ਵਿੱਚ ਖਿਆਨਤ ਨਾ ਕਰਿਆ ਕਰ, ਸਾਬਤ-ਸੂਰਤ ਰੱਖਿਆ ਕਰ। ਇਹ ਸਾਧੂ ਬਹੁਤ ਕ੍ਰੋਧ ਵਿੱਚ ਆ ਗਿਆ ਅਤੇ ਆਖਣ ਲੱਗਾ ਕਿ ਯਿਹ ਹਮਾਰੀ ਖੇਤੀ ਹੈ, ਚਾਹੇ ਹਮ ਰਖੇਂ ਚਾਹੇ ਨਾ ਰੱਖੇਂ। ਵਿਚਾਰਾ ਸਰੀਰ ਅਤੇ ਖੇਤੀ ਦੇ ਮਾਲਕ ਨੂੰ ਭੁੱਲ ਗਿਆ। ਸ਼ਾਮ ਦੇ ਵਕਤ ਸੰਤ ਜੀ ਮਹਾਰਾਜ ਗੁਫਾ ਦੇ ਬਾਹਰ ਬੈਠੇ ਹੋਏ ਸਨ। ਬਹੁਤ ਸਾਰੇ ਸਾਧੂ ਅਤੇ ਸੰਗਤਾਂ ਬਿਰਾਜਮਾਨ ਸਨ। ਭਾਈ ਕਲਿਆਨ ਸਿੰਘ ਨੇ ਬੜੇ ਪਿਆਰ ਨਾਲ ਇਸ ਪਰਮ-ਹੰਸ ਨੂੰ ਸੱਦਿਆ, "ਆਓ ਮਹਾਰਾਜ ਜੀ! ਆਪ ਵੀ ਬੈਠ ਜਾਓ" ਪਰ ਇਸ ਦਾ ਗੁੱਸਾ ਅਜੇ ਠੰਡਾ ਨਹੀਂ ਸੀ ਹੋਇਆ, ਬੜੇ ਕ੍ਰੋਧ ਵਿੱਚ ਬੋਲਿਆ, "ਹਮ ਤੁਮ ਕੁੱਤੇ ਕੇ

ਪਾਸ ਨਹੀਂ ਬੈਠਤੇ।'' ਇਹ ਗੱਲ ਸੁਣ ਕੇ ਸੰਤ ਜੀ ਮਹਾਰਾਜ ਬੜੀ ਧੀਰਜ, ਸ਼ਾਂਤੀ ਅਤੇ ਪ੍ਰੇਮ ਨਾਲ ਬੋਲੇ, ''ਆਓ ਸੰਤ ਜੀ ਮਹਾਰਾਜ! ਅਸੀਂ ਤੁਹਾਡੇ ਕੂਕਰ ਹਾਂ, ਆਓ ਬੈਠੋ, ਦਰਸ਼ਨ ਦੇਵੋ।''

ਇਹਨਾਂ ਮਿੱਠੇ ਤੇ ਠੰਢ ਭਰੇ ਲਫ਼ਜ਼ਾਂ ਦਾ ਇਹ ਅਸਰ ਹੋਇਆ ਕਿ ਸਾਧੂ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ ਅਤੇ ਕਹਿਣ ਲੱਗਾ, ''ਇਹ ਤਾਂ ਸਾਖਿਆਤ ਗੁਰੂ ਗੋਬਿੰਦ ਸਿੰਘ ਜੀ ਹਨ।'' ਸੰਤ ਜੀ ਮਹਾਰਾਜ ਨੇ ਆਖਿਆ ਭਾਈ ਗੁਰੂ ਗੋਬਿੰਦ ਸਿੰਘ ਜੀ ਤਾਂ ਗੁਰੂ ਗੋਬਿੰਦ ਸਿੰਘ ਜੀ ਹਨ, ਉਹਨਾਂ ਜਿਹਾ ਨਾ ਕੋਈ ਹੋਇਆ ਹੈ, ਨਾ ਹੈ ਅਤੇ ਨਾ ਕਦੇ ਹੋਵੇਗਾ। ਅਸੀਂ ਤਾਂ ਉਹਨਾਂ ਦੇ ਦਰ ਦੇ ਟਹਿਲ ਵਾਲੇ ਹਾਂ।' ਇਸ ਨਿਮਰਤਾ ਤੇ ਪ੍ਰੇਮ ਦੀ ਇਸ ਸਾਧੂ ਦੇ ਹਿਰਦੇ 'ਤੇ ਐਸੀ ਸੱਟ ਵੱਜੀ ਕਿ ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਮਹਾਰਾਜ ਜੀ! ਮੈਨੂੰ ਅੰਮ੍ਰਿਤ ਛਕਾ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਸਜਾ ਦੇਵੋ।'' ਸੰਤ ਜੀ ਨੇ ਆਖਿਆ, 'ਸਤਿ ਬਚਨ।'

ਇਸ ਤਰ੍ਹਾਂ ਦੋ ਮਹੀਨੇ ਡੇਰੇ ਖ਼ਾਲਸੇ ਵਿੱਚ ਨਾਮ-ਬਾਣੀ ਦਾ ਅਤੁੱਟ ਪ੍ਰਵਾਹ ਚਲਿਆ। ਪੋਠੋਹਾਰ ਦੀ ਇਸ ਵਕਤ ਦੀ ਹਾਲਤ ਬਹੁਤ ਨਿਘਰੀ ਹੋਈ ਸੀ। ਗੁਰ-ਮਰਯਾਦਾ ਦਾ ਨਾਮ ਨਿਸ਼ਾਨ ਵੀ ਨਹੀਂ ਸੀ, ਸਿੰਘ ਸਭਾ ਬਿਲਕੁਲ ਆਰੀਆ ਸਮਾਜ ਦੀ ਨਕਲ ਸੀ। ਅੱਠਵੇਂ ਦਿਨ ਦੀਵਾਨ ਲਗਦਾ ਅਤੇ ਬਹੁਤ ਸਾਰਾ ਸਮਾਂ ਲੈਕਚਰਾਂ ਅਤੇ ਨੁਕਤਾਚੀਨੀ 'ਤੇ ਖ਼ਰਚ ਹੋ ਜਾਂਦਾ। ਸ਼ਬਦ ਕੀਰਤਨ ਕਰਨ ਵਾਲਿਆਂ ਨੂੰ ਲੋਕ ਵੱਟੇ ਮਾਰਦੇ। ਤਪ, ਤੇਜ ਅਤੇ ਸਿਮਰਨ ਦੇ ਪ੍ਰਤਾਪ ਨਾਲ ਨਾਮ-ਬਾਣੀ ਦਾ ਬਹੁਤ ਚੱਕਰ ਚੱਲਿਆ ਅਤੇ ਇਸ ਖੁਸ਼ਕ ਲਹਿਰ ਵਿੱਚ ਨਾਮ-ਰਸ, ਸ਼ਾਂਤ-ਰਸ ਅਤੇ ਬੀਰ-ਰਸ ਦੀ ਜਾਨ ਪਈ। ਸੰਤ ਜੀ ਮਹਾਰਾਜ ਹਰ ਵਕਤ ਆਤਮ-ਰਸ ਵਿੱਚ ਰਹਿੰਦੇ ਅਤੇ ਇਹਨਾਂ ਨੂੰ ਹਰ ਵਕਤ ਮਹਾਂ-ਆਕਾਸ਼ ਵਿੱਚ ਆਤਮ ਸਮੁੰਦਰ ਠਾਠਾਂ ਮਾਰਦਾ ਭਾਸਦਾ ਹੈ। ਕਈ ਵਾਰੀ ਡੇਰੇ ਖ਼ਾਲਸੇ ਦੀਆਂ ਗੁਫਾਵਾਂ ਤੋਂ ਪਿੰਡ ਵੱਲ ਜਾਂਦੇ ਆਪਣੇ ਸਾਥੀਆਂ ਨਾਲ ਬਚਨ-ਬਿਲਾਸ ਕਰਦੇ-ਕਰਦੇ ਆਖਦੇ, ''ਭਾਈ ਪ੍ਰੇਮੀਓ! ਅਸੀਂ ਚੇਤੰਨ ਸਮੁੰਦਰ ਵਿੱਚ ਤਾਰੀਆਂ ਲਾ ਰਹੇ ਹਾਂ।'' ਇੱਕ ਦਿਨ ਗੁਫਾ ਵਿੱਚ ਬੈਠਿਆਂ ਗਿਆਨੀ ਸੁੰਦਰ ਸਿੰਘ ਜੀ ਨੇ ਪੁੱਛਿਆ ਕਿ ਮਹਾਰਾਜ! ਜਦ ਆਪ ਸਰੀਰ ਛੱਡੋਗੇ ਤਦ ਕਿੱਥੇ ਜਾਉਗੇ? ਆਪ ਨੇ ਬਚਨ ਕੀਤਾ ਕਿ ਜਦ ਇਹ ਗੁਫਾ ਡਿੱਗ ਪਏਗੀ, ਤਾਂ ਇਸ ਦਾ ਅਕਾਸ਼ ਕਿੱਥੇ ਜਾਏਗਾ?

ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ (੭੩੬)

ਨਹ ਕਿਛੁ ਜਨਮੈ ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ (੨੮੧)

ਕਾਂਡ ੨੬

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥

ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ ॥
ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ ॥
ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਏ ਛਾਰ ॥
ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥੧॥
ਸੋਈ ਸਚੁ ਅਰਾਧਣਾ ਭਾਈ ਜਿਸ ਤੇ ਸਭੁ ਕਿਛੁ ਹੋਇ ॥
ਗੁਰਿ ਪੂਰੈ ਜਾਣਾਇਆ ਭਾਈ ਤਿਸੁ ਬਿਨੁ ਅਵਰੁ ਨ ਕੋਇ ॥ਰਹਾਉ॥
ਨਾਮ ਵਿਹੂਣੇ ਪਚਿ ਮੁਏ ਭਾਈ ਗਣਤ ਨ ਜਾਇ ਗਣੀ ॥
ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ ॥
ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ ॥
ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥
ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥
ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥
ਚਾਰੇ ਕੁੰਡਾ ਸੋਧੀਆ ਭਾਈ ਵਿਣੁ ਸਤਿਗੁਰ ਨਾਹੀ ਜਾਇ ॥
ਵਡਭਾਗੀ ਗੁਰੁ ਪਾਇਆ ਭਾਈ ਹਰਿ ਹਰਿ ਨਾਮੁ ਧਿਆਇ ॥੩॥
ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ ॥
ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ ॥
ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ ॥
ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ ॥ (੬੦੮)

ਸਿੰਧ ਵਿੱਚ ਨਾਮ ਬਾਣੀ ਦਾ ਪ੍ਰਚਾਰ ਅਤੇ ਹਜ਼ੂਰ ਸਾਹਿਬ ਦੀ ਯਾਤਰਾ

ਅੰਮ੍ਰਿਤਸਰ ਸਾਹਿਬ, ਤਰਨਤਾਰਨ ਦੇ ਇਲਾਕੇ ਵਿੱਚ ਦੌਰਾ ਕਰਨ ਕਰਕੇ ਸੰਤ ਜੀ ਮਹਾਰਾਜ ਦੀ ਕੀਰਤੀ ਮਾਝੇ ਦੇ ਇਲਾਕੇ ਵਿੱਚ ਫੈਲ ਚੁੱਕੀ ਸੀ ਅਤੇ ਇਹਨਾਂ ਦੀ ਸੋਅ ਲਾਹੌਰ ਸ਼ਹਿਰ ਅਤੇ ਹੋਰ ਇਲਾਕੇ ਵਿੱਚ ਪੁੱਜ ਚੁੱਕੀ ਸੀ। ਪ੍ਰੇਮੀਆਂ ਦੇ ਹਿਰਦੇ ਦਰਸ਼ਨ ਦੇ ਚਾਉ ਵਿੱਚ ਉੱਛਲ ਰਹੇ ਸਨ ਕਿ ਜਾ ਕੇ ਤਰਨਤਾਰਨ ਸਾਹਿਬ ਤੋਂ ਸੰਤ ਜੀ ਮਹਾਰਾਜ ਨੂੰ ਲਾਹੌਰ ਲੈ ਆਈਏ। ਪ੍ਰੇਮੀ ਅਜੇ ਲਿਆਉਣ ਦੀਆਂ ਤਿਆਰੀਆਂ ਹੀ ਕਰ ਰਹੇ ਸਨ ਕਿ ਇਹਨਾਂ ਨੂੰ ਉੱਡਦੀ-ਉੱਡਦੀ ਖ਼ਬਰ ਪੁੱਜੀ ਕਿ ਸੰਤ ਜੀ ਪੋਠੋਹਾਰ ਚਲੇ ਗਏ ਹਨ। ਸਾਧ-ਸੰਗਤ ਨੇ ਪੂਰਾ ਪਤਾ ਕਰਨ ਵਾਸਤੇ ਇੱਕ ਸੱਜਣ ਤਰਨਤਾਰਨ ਸਾਹਿਬ ਭੇਜਿਆ। ਉੱਥੇ ਮਾਈ ਰਾਮ ਕੌਰ ਜੀ ਦੇ ਬੁੰਗੇ ਤੋਂ ਪਤਾ ਲੱਗਾ ਕਿ ਸੰਤ ਜੀ ਸਰਦਾਰ ਘਰਬਾਰਾ ਸਿੰਘ ਅਤੇ ਮਾਈ ਭਾਗਵੰਤੀ ਨਾਲ ਡੇਰੇ ਖ਼ਾਲਸੇ ਪੁੱਜ ਗਏ ਹਨ।

ਲਾਹੌਰ ਦੀ ਸਾਧ-ਸੰਗਤ ਨੂੰ ਇਹ ਗੱਲ ਸੁਣ ਕੇ ਨਿਰਾਸਤਾ ਤਾਂ ਹੋਈ, ਪਰ ਸਿਆਣੇ ਸਰੀਰਾਂ ਨੇ

ਗੁਰਮਤਾ ਕੀਤਾ ਕਿ ਸੰਤ ਜੀ ਮਹਾਰਾਜ ਉੱਤੇ ਸਮੂੰਹ ਸੰਗਤਾਂ ਦਾ ਹੱਕ ਹੈ। ਇੱਕ ਦੋ ਮਹੀਨੇ ਮਗਰੋਂ ਜਦ ਪੋਠੋਹਾਰ ਦੀ ਸਾਧ-ਸੰਗਤ ਦਾ ਪ੍ਰੇਮ ਪੂਰਾ ਹੋ ਜਾਵੇ ਤਾਂ ਕੁਝ ਸੱਜਣ ਸੇਵਾ ਵਿੱਚ ਹਾਜ਼ਰ ਹੋ ਕੇ ਸੰਤ ਜੀ ਮਹਾਰਾਜ ਨੂੰ ਲਾਹੌਰ ਲੈ ਆਉਣ।

ਦਿਨ ਗਿਣਦਿਆਂ-ਗਿਣਦਿਆਂ ਦੋ ਮਹੀਨੇ ਬੀਤੇ। ਲਾਹੌਰ ਦੀ ਸੰਗਤ ਨੇ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਆਪਣੇ ਦੋ ਸੇਵਕਾਂ ਦੇ ਹੱਥ ਬੇਨਤੀ ਕਰ ਭੇਜੀ ਕਿ ਮਹਾਰਾਜ! ਲਾਹੌਰ ਦੀ ਸੰਗਤ ਦਰਸ਼ਨ ਲਈ ਵਿਆਕੁਲ ਹੋ ਰਹੀ ਹੈ, ਆਪ ਜ਼ਰੂਰ ਕਿਰਪਾ ਕਰੋ। ਸੰਗਤ ਦੇ ਪ੍ਰੇਮ ਦੀ ਤਾਰ ਤਾਂ ਅੱਗੇ ਹੀ ਪਹੁੰਚ ਚੁੱਕੀ ਸੀ ਸੋ ਸੰਤ-ਸੇਵਕਾਂ ਦੇ ਪਹੁੰਚਦੇ ਹੀ ਡੇਰੇ ਖ਼ਾਲਸੇ ਤੋਂ ਟੁਰ ਪਏ। ੫੦, ੬੦ ਸਰੀਰ ਨਾਲ ਸਨ, ਮਾਣਕਿਆਲੇ ਤੋਂ ਜਥੇ ਸਮੇਤ ਸੰਤ ਲਾਹੌਰ ਦੀ ਗੱਡੀ ਚੜ੍ਹੇ। ਪ੍ਰੇਮੀਆਂ ਨੇ ਤਾਰ ਦੇ ਦਿੱਤੀ ਕਿ ਸੰਤ ਜੀ ਮਹਾਰਾਜ ਲਾਹੌਰ ਦੇ ਸਟੇਸ਼ਨ 'ਤੇ ਸ਼ਾਮ ਦੇ ਵਕਤ ਪਹੁੰਚ ਰਹੇ ਹਨ।

ਗੱਡੀ ਦੇ ਪਹੁੰਚਣ ਦੇ ਵਕਤ ਬੇਅੰਤ ਸੰਗਤ ਲਾਹੌਰ ਸਟੇਸ਼ਨ ਦੇ ਪਲੇਟਫਾਰਮ 'ਤੇ ਅੱਪੜ ਗਈ ਅਤੇ ਜਦ ਸੰਤ ਜੀ ਮਹਾਰਾਜ ਗੱਡੀ ਤੋਂ ਉਤਰੇ ਤਾਂ ਅਕਾਸ਼ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਚਾਰੇ ਪਾਸਿਆਂ ਤੋਂ ਫੁੱਲਾਂ ਦੀ ਵਰਖਾ ਸ਼ੁਰੂ ਹੋ ਗਈ, ਮਾਨੋ ਕਿ ਅਕਾਸ਼ ਤੋਂ ਦੇਵਤੇ ਪ੍ਰਸੰਨ ਹੋ ਕੇ ਪੁਸ਼ਪਾਂ ਦੀ ਵਰਖਾ ਕਰ ਰਹੇ ਹਨ। ਹੁਣ ਪ੍ਰੇਮੀ ਇੱਕ ਤੋਂ ਇੱਕ ਵਧ ਕੇ ਸੰਤ ਜੀ ਮਹਾਰਾਜ ਦੇ ਗਲ ਵਿੱਚ ਫੁੱਲਾਂ ਦੇ ਹਾਰ ਪਾਉਣ ਲੱਗ ਪਏ। ਕੁਝ ਚਿਰ ਸੰਤ ਜੀ ਅਡੋਲ ਖੜ੍ਹੇ ਰਹੇ। ਫੇਰ ਸਾਰੀ ਸੰਗਤ ਹੌਲੀ-ਹੌਲੀ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਵਿੱਚ ਸਟੇਸ਼ਨ ਤੋਂ ਬਾਹਰ ਵੱਲ ਟੁਰ ਪਈ। ਪਹਿਲਾਂ ਬੜੇ ਪ੍ਰੇਮ ਅਤੇ ਅਦਬ ਨਾਲ ਸੰਤ ਜੀ ਮਹਾਰਾਜ ਨੂੰ ਦੋ ਸੇਵਕਾਂ ਦੇ ਨਾਲ ਇੱਕ ਸੁੰਦਰ ਸਜਾਈ ਹੋਈ ਫ਼ਿਟਨ ਵਿੱਚ ਬਿਠਾਇਆ ਗਿਆ, ਫੇਰ ਸੰਤ ਜੀ ਮਹਾਰਾਜ ਦਾ ਜਥਾ, ਲਾਹੌਰ ਸ਼ਹਿਰ ਦੇ ਸਾਰੇ ਪਤਵੰਤੇ, ਗੁਰਮੁਖ ਸਿੱਖ, ਫ਼ਿਟਨ ਟਾਂਗਿਆਂ ਵਿੱਚ ਚੜ੍ਹ ਗਏ ਅਤੇ ਬਹੁਤ ਸਾਰੀ ਸੰਗਤ ਪੈਦਲ ਹੋ ਟੁਰੀ। ਮੀਲ ਭਰ ਲੰਮਾ ਜਲੂਸ ਬਣ ਗਿਆ। ਇਸ ਤਰ੍ਹਾਂ ਅਨਾਰਕਲੀ, ਲੁਹਾਰੀ ਦਰਵਾਜ਼ੇ ਦੇ ਅੰਦਰ ਸੈਦ ਮਿੱਠੇ ਪਾਣੀ ਵਾਲੇ ਤਲਾਓ ਤੋਂ ਹੁੰਦੇ ਹੋਏ ਡੇਰੇ ਸਾਹਿਬ ਪਹੁੰਚੇ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿੱਚ ਸੰਤ ਜੀ ਮਹਾਰਾਜ ਦਾ ਆਸਣ ਕਰਾਇਆ। ਇਸ ਵਕਤ ਸੰਤ ਜੀ ਮਹਾਰਾਜ ਦੇ ਚਿਹਰੇ ਦਾ ਜਲਾਲ ਝੱਲਿਆ ਨਹੀਂ ਸੀ ਜਾਂਦਾ। ਜੋ ਦਰਸ਼ਨ ਕਰਦਾ, ਨਿਹਾਲ ਹੋ ਜਾਂਦਾ। ਖਿੜੇ ਹੋਏ ਨੂਰਾਨੀ ਚਿਹਰੇ ਅਤੇ ਮਸਤ ਨੇਤਰਾਂ ਨੇ ਸਾਰੇ ਸ਼ਹਿਰ ਦੇ ਮਾਈ-ਭਾਈ ਨੂੰ ਮੋਹ ਲਿਆ ਅਤੇ ਸਧਾਰਨ ਕਾਲੀ ਭੂਰੀ ਸਭ ਦੇ ਹਿਰਦੇ ਵਿੱਚ ਵਸ ਗਈ। ਕੋਠਿਆਂ ਤੇ ਬੈਠੇ ਹੋਏ ਪ੍ਰੇਮੀ ਫੁੱਲਾਂ ਦੀ ਵਰਖਾ ਕਰਦੇ ਅਤੇ ਮੁੱਖੋਂ ਆਖਦੇ, 'ਧੰਨ ਭੂਰੀ ਵਾਲੇ ਸੰਤ।'

ਹੁਣ ਹਰ ਰੋਜ਼ ਦੋ ਵੇਲੇ ਦੀਵਾਨ ਸਜਣੇ ਸ਼ੁਰੂ ਹੋ ਗਏ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ ਨਿੱਤ ਡੇਹਰੇ ਸਾਹਿਬ ਸਜਦਾ ਅਤੇ ਸੋਦਰੁ ਦਾ ਦੀਵਾਨ ਵਾਰੀ-ਵਾਰੀ ਜਨਮ ਅਸਥਾਨ ਗੁਰੂ ਰਾਮਦਾਸ ਸਾਹਿਬ, ਬਾਉਲੀ ਸਾਹਿਬ ਅਤੇ ਦੀਵਾਨ ਖ਼ਾਨੇ ਸਾਹਿਬ ਸਜਦਾ।

ਸੰਤ ਜੀ ਮਹਾਰਾਜ ਇੱਕ ਮਹੀਨੇ ਦੇ ਕਰੀਬ ਲਾਹੌਰ ਰਹੇ, ਹਜ਼ਾਰਾਂ ਮਾਈ-ਭਾਈ ਨੇ ਅੰਮ੍ਰਿਤ ਪਾਨ ਕੀਤਾ। ਸਰਦਾਰ ਮੇਹਰ ਸਿੰਘ ਚਾਵਲੇ, ਭਾਈ ਹਰਨਾਮ ਸਿੰਘ ਜੀ ਆਟੇ ਵਾਲੇ, ਭਾਈ ਜਵਾਹਰ ਸਿੰਘ ਜੀ ਅਤੇ ਹੋਰ ਗੁਰਮੁਖਾਂ ਨੇ ਰੱਜ-ਰੱਜ ਕੇ ਸੇਵਾ ਕੀਤੀ ਅਤੇ ਦਰਸ਼ਨ ਮੇਲੇ ਦਾ ਪੂਰਾ-ਪੂਰਾ ਲਾਭ ਉਠਾਇਆ।

ਇੱਕ ਦਿਨ ਚੂਨੇ ਮੰਡੀ ਜਨਮ ਅਸਥਾਨ ਸਾਹਿਬ ਵਿੱਚ ਸੋਦਰੁ ਦਾ ਦੀਵਾਨ ਸਜਿਆ। ਭਾਈ ਦਿਤ ਸਿੰਘ ਜੀ ਗਿਆਨੀ ਨੇ ਸਤਿਗੁਰ ਸੱਚੇ ਪਾਤਸ਼ਾਹ ਦੀ ਮਹਿਮਾ ਅਤੇ ਗੁਰਮਤਿ ਵਿਚਾਰ ਤੇ ਲੈਕਚਰ ਕੀਤਾ। ਸੰਤ

ਜੀ ਮਹਾਰਾਜ ਭਾਈ ਸਾਹਿਬ ਦਾ ਵਖਿਆਨ ਸੁਣ ਕੇ ਬੜੇ ਪ੍ਰਸੰਨ ਹੋਏ। ਜਦ ਲੈਕਚਰ ਦਾ ਭੋਗ ਪਿਆ ਤਦ ਭਾਈ ਦਿਤ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰ ਕੇ ਉੱਠ ਚੱਲੇ, ਪਰ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਬਿਠਾ ਲਿਆ ਅਤੇ ਆਖਿਆ ਕਿ ਕੜਾਹ-ਪ੍ਰਸ਼ਾਦ ਲੈ ਕੇ ਜਾਣਾ। ਭਾਈ ਦਿਤ ਸਿੰਘ ਜੀ ਨੇ ਬੜੀ ਨਿਮਰਤਾ ਨਾਲ ਆਖਿਆ ਕਿ ਸਾਧ-ਸੰਗਤ ਦਾਸ ਦੇ ਦੀਵਾਨ ਵਿੱਚ ਹੁੰਦਿਆਂ ਕੜਾਹ-ਪ੍ਰਸ਼ਾਦ ਨਹੀਂ ਲੈਂਦੀ (ਕਿਉਂ ਕਿ ਦਾਸ ਛੋਟੀ ਜਾਤੀ ਦਾ ਹੈ)। ਸੰਤ ਜੀ ਮਹਾਰਾਜ ਨੇ ਇਸ ਗੱਲ ਨੂੰ ਬੜਾ ਮਹਿਸੂਸ ਕੀਤਾ ਅਤੇ ਆਪਣੇ ਮੁਖਾਰਬਿੰਦ ਤੋਂ ਆਖਿਆ, "ਹੇ ਕਲਗੀ ਵਾਲਿਆ ਪਾਤਸ਼ਾਹ! ਤੇਰੇ ਪਿਆਰਿਆਂ ਦੀ ਇਹ ਬੇਅਦਬੀ ਕਦ ਤੀਕਰ ਹੁੰਦੀ ਰਹੇਗੀ?"*

ਪਿਛਲੀ ਵਾਰੀ ਜਦ ਸੰਤ ਜੀ ਮਹਾਰਾਜ ਬਾਬਾ ਸ਼ਾਮ ਸਿੰਘ ਜੀ ਦੇ ਪ੍ਰੇਮ ਦੇ ਖਿੱਚੇ ਹੋਏ ਅੰਮ੍ਰਿਤਸਰ ਸਾਹਿਬ ਆਏ ਸਨ, ਤਦ ਬਾਬਾ ਜੀ ਨੇ ਸੰਤ ਜੀ ਮਹਾਰਾਜ ਦਾ ਡੇਰਾ ਭਾਈ ਆਤਮਾ ਸਿੰਘ ਜੀ ਸਿੰਧੀ ਪਾਸ ਕਰਾਇਆ ਸੀ। ਇਸ ਪ੍ਰੇਮੀ ਨੇ ਅਤੁੱਟ ਸੇਵਾ ਕੀਤੀ। ਇਹ ਸੰਤ ਜੀ ਮਹਾਰਾਜ ਦਾ ਸੱਚਾ ਸੇਵਕ ਬਣ ਗਿਆ ਅਤੇ ਨਾਮ-ਸਿਮਰਨ ਦੇ ਰੰਗ ਵਿੱਚ ਰੰਗਿਆ ਗਿਆ। ਜਦ ਇਸ ਨੂੰ ਪਤਾ ਲੱਗਾ ਕਿ ਸੰਤ ਜੀ ਪੋਠੋਹਾਰ ਤੋਂ ਲਾਹੌਰ ਆ ਗਏ ਹਨ, ਇਹ ਦਰਸ਼ਨ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ 'ਤੇ ਆਇਆ ਅਤੇ ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਮਹਾਰਾਜ! ਕ੍ਰਿਪਾ ਕਰੋ ਅਤੇ ਸਿੰਧ ਦੇਸ਼ ਵਿੱਚ ਨਾਮ-ਬਾਣੀ ਦਾ ਪ੍ਰਵਾਹ ਚਲਾਓ। ਸੰਤ ਜੀ ਮਹਾਰਾਜ ਨੇ ਇਸ ਦੀ ਪ੍ਰੇਮ ਭਰੀ ਬੇਨਤੀ ਪ੍ਰਵਾਨ ਕਰ ਲਈ ਅਤੇ ਫ਼ਰਮਾਇਆ ਕਿ ਚੰਗਾ! ਕਰਤਾਰ ਦੇ ਹੁਕਮ ਵਿੱਚ ਸਿੰਧ ਦਾ ਵੀ ਦੌਰਾ ਕਰਾਂਗੇ। ਲਾਹੌਰ ਤੋਂ ਸੰਤ ਜੀ ਮਹਾਰਾਜ ਭਾਈ ਆਤਮਾ ਸਿੰਘ ਜੀ ਦੇ ਨਾਲ ਅੰਮ੍ਰਿਤਸਰ ਸਾਹਿਬ ਆਏ। ਕੁਝ ਦਿਨ ਸਾਧ-ਸੰਗਤ ਵਿੱਚ ਸਤਿਨਾਮ ਅਤੇ ਅੰਮ੍ਰਿਤ ਦਾ ਪ੍ਰਵਾਹ ਚਲਾਇਆ। ਫੇਰ ਕੋਟਕਪੂਰੇ ਦੇ ਰਸਤੇ ਮੁਕਤਸਰ ਸਾਹਿਬ ਪਹੁੰਚੇ ਤੇ ਮਾਘੀ ਦਾ ਮੇਲਾ ਇੱਥੇ ਹੀ ਕੀਤਾ।

ਇੱਕ ਦਿਨ ਟਿੱਬੀ ਸਾਹਿਬ ਅਤੇ ਰਕਾਬ ਸਰ ਸਾਹਿਬ ਦੀ ਯਾਤਰਾ ਕੀਤੀ ਅਤੇ ਚਰਨ-ਧੂੜ ਮਸਤਕ 'ਤੇ ਲਾਈ। ਇਸ ਖੁਲ੍ਹੇ ਮੈਦਾਨ ਵਿੱਚ ਇੱਕ ਪਾਸੇ ਇਕਾਂਤ ਬੈਠ ਗਏ ਅਤੇ ਸੱਚੇ ਪਿਤਾ ਦੇ ਚਰਨ-ਕੰਵਲਾਂ ਦਾ ਧਿਆਨ ਧਰ ਸਿਮਰਨ ਵਿੱਚ ਜੁੜ ਗਏ। ਪ੍ਰੇਮ ਰੰਗ ਦਾ ਕੋਈ ਐਸਾ ਹੁਲਾਰਾ ਆਇਆ ਕਿ ਚੋਜੀ ਪਿਤਾ ਦੇ ਅਸਚਰਜ ਕੌਤਕਾਂ ਦਾ ਨਕਸ਼ਾ ਸਾਹਮਣੇ ਆ ਗਿਆ: "ਕਿਸ ਤਰ੍ਹਾਂ ਅਨੰਦਪੁਰ ਸਾਹਿਬ ਦੀ ਅਕਾਲੀ ਪ੍ਰੀਖਿਆ ਵਿੱਚ ਸਿੱਖ ਬੱਚਿਆਂ ਨੇ ਮੋਹ ਮਾਇਆ ਦੀ ਠੋਕਰ ਖਾਧੀ; ਕਿਸ ਤਰ੍ਹਾਂ ਉਸ ਸੱਚੇ ਪਾਤਸ਼ਾਹ ਨੂੰ ਬੇਦਾਵਾ ਲਿਖ ਕੇ ਆਪਣੇ ਘਰਾਂ ਵੱਲ ਟੁਰ ਪਏ, ਕਿਸ ਤਰ੍ਹਾਂ ਮਾਈਆਂ-ਬੀਬੀਆਂ ਨੇ ਸਤਿਗੁਰੂ ਸੱਚੇ ਪਾਤਸ਼ਾਹ ਅਤੇ ਅਨੰਦਪੁਰ ਸਾਹਿਬ ਦੀ ਸੁੱਖ ਸਾਂਦ ਪੁੱਛੀ: ਕਿਸ ਤਰ੍ਹਾਂ ਇਹਨਾਂ ਪ੍ਰੇਮੀਆਂ ਨੇ ਨੀਵੀਂ ਪਾ ਕੇ ਅਨੰਦਪੁਰ ਸਾਹਿਬ ਦੇ ਕਠਨ ਘੇਰੇ ਅਤੇ ਆਪਣੇ ਬੇਦਾਵਾ ਲਿਖਣ ਦੀ ਵਿੱਥਿਆ ਸੁਣਾਈ; ਕਿਸ ਤਰ੍ਹਾਂ ਮਾਈਆਂ-ਬੀਬੀਆਂ ਨੇ ਮਿਹਣਾ ਮਾਰਿਆ ਕਿ ਤੁਸੀਂ ਸ਼ਸਤਰ ਸਾਨੂੰ ਦੇਵੋ ਅਤੇ ਘੱਗਰੇ ਪਾ ਕੇ ਘਰੀਂ ਬੈਠ ਜਾਵੋ; ਕਿਸ ਤਰ੍ਹਾਂ ਤਰਕ ਖਾ ਕੇ ਮਾਈ ਭਾਗੋ ਦੀ ਅਗਵਾਈ ਹੇਠ ਇਹ ਚਾਲ੍ਹੀ ਦੇ ਚਾਲ੍ਹੀ ਸਿੱਖ ਕਲਗੀਆਂ ਵਾਲੇ ਦੇ ਚਰਨਾਂ ਤੋਂ ਵਾਰਨੇ ਹੋਣ ਦਾ ਪ੍ਰਣ ਕਰ ਕੇ ਟੁਰੇ; ਕਿਸ ਤਰ੍ਹਾਂ ਖਿਦਰਾਣੇ ਦੀ ਢਾਬ ਪਾਸ ਆ ਕੇ ਇਹਨਾਂ ਦਾ ਵਜ਼ੀਰ ਖਾਂ ਦੀ ਫੌਜ ਨਾਲ ਟਾਕਰਾ ਹੋਇਆ; ਕਿਸ ਤਰ੍ਹਾਂ ਇੱਕ-ਇੱਕ ਸ਼ੇਰ ਦਾ ਬੱਚਾ ਰਣ ਵਿੱਚ ਜੂਝਿਆ ਅਤੇ ਅਨੇਕਾਂ ਨੂੰ ਤਲਵਾਰ ਦੀ ਘਾਟ ਉਤਾਰ ਕੇ ਆਪ ਸ਼ਹੀਦ ਹੋਇਆ; ਕਿਸ ਤਰ੍ਹਾਂ ਇਹਨਾਂ ਦੀ ਨਿਰਭੈ ਬਹਾਦਰੀ ਨੇ ਤੁਰਕਾਂ ਦਾ ਮੂੰਹ ਮੋੜ ਦਿੱਤਾ; ਕਿਸ ਤਰ੍ਹਾਂ ਟਿੱਬੀ ਸਾਹਿਬ ਤੋਂ ਜਾਣੀ-ਜਾਣ ਸਾਖੀ ਰੂਪ ਦਸਮੇਸ਼ ਪਿਤਾ ਨੇ ਆਪਣੇ ਬੱਚਿਆਂ ਦੀ ਸਹਾਇਤਾ ਲਈ ਤੀਰ ਵਰਸਾਏ ਤੇ ਇੱਕ ਤੀਰ ਨਾਲ ਹਜ਼ਾਰਾਂ ਤੁਰਕਾਂ ਨੂੰ ਸੋਧਿਆ; ਕਿਸ ਤਰ੍ਹਾਂ ਸ਼ਹੀਦ ਹੋਏ ਸਿੰਘਾਂ ਵਿੱਚੋਂ

---

* ਨੋਟ : ਜ਼ਬਾਨੀ ਭਾਈ ਸੰਤ ਤੇਜਾ ਸਿੰਘ ਜੀ ਹੈੱਡ ਗ੍ਰੰਥੀ ਨਨਕਾਣਾ ਸਾਹਿਬ।

ਸਿਸਕਦੇ-ਸਿਸਕਦੇ ਮਹਾਂ ਸਿੰਘ ਨੇ ਦਸਮੇਸ਼ ਪਿਤਾ ਦੇ ਦੀਦਾਰ ਦੀ ਇੱਕ-ਰਸ ਤਾਂਘ ਕੀਤੀ; ਕਿਸ ਤਰ੍ਹਾਂ ਚੋਜੀ ਪਿਤਾ ਆਪਣੇ ਘੋੜੇ ਨੂੰ ਸਿਰਪਟ ਛੱਡ ਕੇ ਸਿੱਖ ਦੇ ਪ੍ਰੇਮ ਦੇ ਖਿੱਚੇ ਹੋਏ ਰਣਭੂਮੀ ਵੱਲ ਟੁਰ ਪਏ; ਕਿਸ ਤਰ੍ਹਾਂ ਰਸਤੇ ਵਿੱਚ ਇੱਕ ਰਕਾਬ ਟੁੱਟ ਗਈ ਪਰ ਆਪਣੇ ਬੱਚੇ ਦੇ ਪ੍ਰੇਮ ਵਿੱਚ ਮਗਨ ਕਲਗੀਆਂ ਵਾਲੇ ਵਾਹੋ-ਦਾਹੀ ਰਣ ਭੂਮੀ ਵਿੱਚ ਪਹੁੰਚ ਗਏ; ਕਿਸ ਤਰ੍ਹਾਂ ਘੋੜੇ ਤੋਂ ਉੱਤਰ ਆਪਣੇ ਰੁਮਾਲ ਨਾਲ ਬੱਚਿਆਂ ਦੇ ਮੂੰਹ ਪੂੰਝ-ਪੂੰਝ ਕੇ ਪੰਜ ਹਜ਼ਾਰੀ, ਦਸ ਹਜ਼ਾਰੀ, ਪੰਜਾਹ ਹਜ਼ਾਰੀ ਦਾ ਵਰ ਦਿੰਦੇ-ਦਿੰਦੇ ਭਾਈ ਮਹਾਂ ਸਿੰਘ ਜੀ ਪਾਸ ਅੱਪੜੇ, ਕਿਸ ਤਰ੍ਹਾਂ ਸੱਚੇ ਪਿਤਾ ਨੇ ਆਪਣੇ ਬੱਚੇ ਦਾ ਸੀਸ ਆਪਣੇ ਪੱਟ 'ਤੇ ਰੱਖ ਕੇ ਆਖਿਆ, ''ਭਾਈ ਮਹਾਂ ਸਿੰਘ! ਅਸੀਂ ਆ ਗਏ ਹਾਂ, ਮੰਗ ਜੋ ਕੁਝ ਮੰਗਣਾ ਹਈ!'' ਕਿਸ ਤਰ੍ਹਾਂ ਭਾਈ ਮਹਾਂ ਸਿੰਘ ਜੀ ਨੇ ਨੇਤਰ ਖੋਲ੍ਹੇ ਅਤੇ ਆਖਿਆ, ''ਮਹਾਰਾਜ! ਆਪ ਦੇ ਦੀਦਾਰ ਵਿੱਚ ਅਰਸ਼ਾਂ ਦੀਆਂ ਸਾਰੀਆਂ ਬਰਕਤਾਂ ਆ ਗਈਆਂ ਹਨ, ਪਰ ਜੇ ਤੁੱਠੇ ਹੋ; ਤਦ ਆਪਣੇ ਇਵਾਣੇ ਬੱਚਿਆਂ ਦਾ ਬੇਦਾਵਾ ਪਾੜ ਦੇਵੋ ਅਤੇ ਟੁੱਟੀ ਗੰਢ ਦੇਵੋ।'' ਕਿਸ ਤਰ੍ਹਾਂ ਇਹ ਹਿਰਦੇ ਬੇਧਕ ਪ੍ਰੇਮ ਭਰੀ ਅਰਜ਼ ਸੁਣ ਕੇ ਸਤਿਗੁਰੂ ਸੱਚੇ ਪਾਤਸ਼ਾਹ ਨੇ ਆਪਣੇ ਜਾਮੇ ਦੇ ਅੰਦਰਲੇ ਖੀਸੇ ਵਿੱਚੋਂ ਸਿੱਖਾਂ ਦੇ ਬੇਦਾਵੇ ਦਾ ਕਾਗਜ਼ ਕੱਢਿਆ ਅਤੇ 'ਧੰਨ ਭਾਈ ਮਹਾਂ ਸਿੰਘ, ਧੰਨ ਭਾਈ ਮਹਾਂ ਸਿੰਘ, ਧੰਨ ਸਿੱਖੀ! ਧੰਨ ਸਿੱਖੀ! ਧੰਨ ਸਿੱਖੀ, ਆਖ ਕੇ ਕਾਗਜ਼ ਦੇ ਪੁਰਜ਼ੇ-ਪੁਰਜ਼ੇ ਕਰ ਦਿੱਤੇ, ਰਣਭੂਮੀ ਵਿੱਚ ਆਪਣੇ ਬੱਚਿਆਂ ਦੇ ਲਹੂ ਨਾਲ ਇੱਕ-ਮਿਕ ਕਰ ਦਿੱਤਾ ਅਤੇ ਟੁੱਟੀ ਗੰਢ ਲਈ। ਜਦ ਟੁੱਟੀ ਗੰਢਣ ਦਾ ਅਖ਼ੀਰੀ ਨਜ਼ਾਰਾ ਸੰਤ ਜੀ ਮਹਾਰਾਜ ਦੇ ਸਾਹਮਣੇ ਆਇਆ, ਤਦ ਹਿਰਦੇ ਵਿੱਚ ਇੱਕ ਖਾਸ ਪ੍ਰੇਮ ਦੀ ਲਹਿਰ ਉੱਠੀ ਅਤੇ ਮੁਖ ਤੋਂ ਆਪਣੇ ਆਪ ਹੀ, 'ਧੰਨ ਗੁਰੂ ਗੋਬਿੰਦ ਸਿੰਘ, ਧੰਨ ਗੁਰੂ ਗੋਬਿੰਦ ਸਿੰਘ' ਨਿਕਲਿਆ। ਧੰਨ ਤੂੰ ਅਤੇ ਧੰਨ ਤੇਰਾ ਬਿਰਦ ਪਾਲਕ ਪ੍ਰੇਮ, ਅਨੰਦਪੁਰ ਸਾਹਿਬ ਦੀ ਸਾਰੀ ਦੀ ਸਾਰੀ ਅਮੋਲਕ ਸਮਗਰੀ ਬੇਪਰਵਾਹ ਹੋ ਕੇ ਤਿਆਗ ਦਿੱਤੀ ਪਰ ਆਪਣੇ ਭੁੱਲੇ ਹੋਏ ਪਿਆਰੇ ਬੱਚਿਆਂ ਦਾ ਬੇਦਾਵਾ ਸੀਨੇ ਨਾਲ ਲਾ ਕੇ ਰੱਖਿਆ। ਕਦ ਉਹ ਸਮਾਂ ਆਵੇ ਕਿ ਭੁੱਲ ਚੁੱਕੇ ਬਾਰਕ ਪਛਤਾਉਣ ਅਤੇ ਕਦ ਟੁੱਟੀ ਗੰਢੀ ਜਾਵੇ।

ਮੁਕਤਸਰ ਸਾਹਿਬ ਤੋਂ ਮਾਘੀ ਦਾ ਇਸ਼ਨਾਨ ਕਰ ਕੇ ਸੰਤ ਜੀ ਮਹਾਰਾਜ ਬਠਿੰਡਾ ਸਮਾਸਟਾ ਦੇ ਰਸਤੇ ਸਿੰਧ ਵੱਲ ਟੁਰ ਪਏ। ਇਸ ਸਮੇਂ ਭਾਈ ਹੀਰਾ ਸਿੰਘ ਜੀ ਰਾਗੀ ਵੀ ਸੰਤ ਜੀ ਮਹਾਰਾਜ ਦੇ ਨਾਲ ਸਨ। ਉਹ ਤਰਨਤਾਰਨ ਸਾਹਿਬ ਤੋਂ ਹੀ ਜਥੇ ਨਾਲ ਰਲ ਗਏ ਸਨ। ਚਿੱਤ ਵਿੱਚ ਵੈਰਾਗ ਸੀ ਅਤੇ ਹਿਰਦੇ ਵਿੱਚ ਸਾਧ-ਸੰਗਤ ਦਾ ਓਟ ਆਸਰਾ ਲੈ ਕੇ ਮਨ ਨੂੰ ਜਿੱਤਣ ਦਾ ਸੰਕਲਪ ਸੀ।

ਮਨੁ ਅਸਾਧੁ ਸਾਧੈ ਜਨੁ ਕੋਈ ॥
ਅਚਰੁ ਚਰੈ ਤਾ ਨਿਰਮਲੁ ਹੋਈ ॥ (੬੬੫)

ਇਨ੍ਹਾਂ ਦੀ ਜ਼ਬਾਨੀ ਭਾਈ ਸੁਧ ਸਿੰਘ ਜੀ ਹੇਠ ਲਿਖੀ ਵਾਰਤਾ ਦੱਸਦੇ ਹਨ:

''ਗੰਗਾ ਦੇ ਅਗੰਮੀ ਪ੍ਰਵਾਹ ਵਤ ਸੰਤ ਜੀ ਮਹਾਰਾਜ ਦਾ ਦੌਰਾ ਸਿੰਧ ਵੱਲ ਟੁਰਿਆ। ਖਾਣ ਵਾਸਤੇ ਨਾ ਕੁਝ ਨਾਲ ਸੀ ਅਤੇ ਨਾ ਰਸਤੇ ਵਿੱਚ ਕਿਸੇ ਨੂੰ ਖ਼ਬਰ ਕੀਤੀ ਗਈ ਸੀ। ਛਾਬੜੀ ਵਾਲੇ ਪਾਸੋਂ ਸੰਤ ਜੀ ਕੋਈ ਵੀ ਚੀਜ਼ ਛਕਣ ਦੀ ਆਗਿਆ ਨਹੀਂ ਦਿੰਦੇ ਸਨ। ਚਾਰ ਡੰਗ ਛਕਣ ਲਈ ਕੁਝ ਨਾ ਮਿਲਿਆ। ਨਿੱਤਨੇਮ, ਇਸ਼ਨਾਨ ਤਾਂ ਰਸਤੇ ਵਿੱਚ ਹੁੰਦਾ ਗਿਆ, ਆਸਾ ਦੀ ਵਾਰ ਵੀ ਗੱਡੀ ਵਿੱਚ ਲੱਗਦੀ ਰਹੀ ਅਤੇ ਨਾਮ-ਬਾਣੀ ਦਾ ਚੰਗਾ ਰਸ ਬਣਿਆ ਰਿਹਾ ਪਰ ਸਰੀਰਕ ਅਧਾਰ ਨਾ ਮਿਲਣ ਕਰਕੇ ਭੁੱਖ ਅਤਿ ਦਰਜੇ ਦੀ ਲੱਗ ਗਈ। ਸੰਤ ਜੀ ਮਹਾਰਾਜ ਤਾਂ ਸਾਧਨ ਸੰਪੰਨ ਸਨ, ਉਹ ਐਨ ਰੱਬੀ ਰੰਗ ਵਿੱਚ ਅਲਮਸਤ ਖਿੜੇ ਰਹੇ ਅਤੇ ਚਿਹਰਾ ਉਸੇ ਤਰ੍ਹਾਂ ਦਗ-ਦਗ ਕਰੀ ਗਿਆ, ਪਰ ਜਥੇ ਦੇ ਬਾਕੀ ਸਰੀਰਾ ਦੇ ਚਿਹਰੇ ਕੁਮਲਾ ਗਏ। ਸੱਖਰ ਦਾ ਸਟੇਸ਼ਨ ਆਇਆ, ਤਾਂ ਇੱਥੇ

ਜਥੇ ਦੀ ਹਾਲਤ ਦੇਖ ਕੇ ਸੰਤ ਜੀ ਮਹਾਰਾਜ ਨੇ ਉੱਤਰਨ ਦਾ ਹੁਕਮ ਦਿੱਤਾ। ਸਟੇਸ਼ਨ ਤੋਂ ਸਿੱਧੇ ਸਾਧ ਬੇਲੇ ਦੇ ਘਾਟ ਵੱਲ ਗਏ ਅਤੇ ਬੇੜੀਆਂ 'ਤੇ ਚੜ੍ਹ ਕੇ ਸਾਧ ਬੇਲੇ ਆ ਅੱਪੜੇ।

ਇਹ ਗੁਰਦੁਆਰਾ ਸਿੰਧ ਵਿੱਚ ਇੱਕ ਖਾਸ ਅਸਥਾਨ ਹੈ ਅਤੇ ਸ਼ਹਿਰ ਸੱਖਰ ਦੀ ਇੱਕ ਅਦੁੱਤੀ ਪੂਜਯ ਅਤੇ ਰਮਣੀਕ ਸੈਰ-ਗਾਹ ਹੈ। ਚਟਾਨ ਦੇ ਦੋਵੇਂ ਪਾਸੇ ਦਰਿਆ ਸਿੰਧ ਦੀ ਵੱਡੀ ਧਾਰ ਠਾਠਾਂ ਮਾਰ ਰਹੀ ਹੈ ਅਤੇ ਵਿਚਕਾਰ ਇੱਕ ਛੋਟੇ ਜਹੇ ਸੁਹਾਵਣੇ ਟਾਪੂ 'ਤੇ ਇਹ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਦੇ ਨਾਲ ਇੱਕ ਸੁੰਦਰ ਬਾਗ਼ ਹੈ, ਜਿਸ ਵਿੱਚ ਕਈ ਸੋਹਣੇ-ਸੋਹਣੇ ਰਿਹਾਇਸ਼ੀ ਮਕਾਨ ਅਤੇ ਮੰਦਰ ਹਨ।

ਇਸ ਦੇ ਮਹੰਤ ਅਤੇ ਸੇਵਾਦਾਰ ਉਦਾਸੀ ਸਾਧੂ ਚੱਲੇ ਆਉਂਦੇ ਹਨ। ਇਨ੍ਹਾਂ ਦੇ ਇੱਕ ਬਜ਼ੁਰਗ ਨੇ ਇਕਾਂਤ ਅਤੇ ਰਮਣੀਕ ਅਸਥਾਨ ਦੇਖ ਕੇ ਇੱਥੇ ਤਪ ਕੀਤਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਵਾਸਤੇ ਜਗ੍ਹਾ ਬਣਾਈ ਸੀ। ਤਪ ਅਤੇ ਕਥਾ ਵਾਰਤਾ ਦੀ ਬਰਕਤ ਨਾਲ ਸਮਾਂ ਪਾ ਕੇ ਅਸਥਾਨ ਵੱਧ ਗਿਆ ਅਤੇ ਸਿੰਧ ਦਾ ਇੱਕ ਪੂਜਨੀਕ ਧਾਮ ਬਣ ਗਿਆ।

ਜਿਸ ਸਮੇਂ ਸੰਤ ਜੀ ਮਹਾਰਾਜ ਇਸ ਅਸਥਾਨ ਵਿੱਚ ਪਹੁੰਚੇ, ਉਸ ਸਮੇਂ ਇਸ ਦਾ ਪ੍ਰਬੰਧ ਮਹੰਤ ਹਰਨਾਮ ਦਾਸ ਜੀ ਦੇ ਹੱਥ ਵਿੱਚ ਸੀ। ਉਸ ਨੇ ਜਥੇ ਨੂੰ ਕੱਚੀ ਰਸਦ ਦੇ ਦਿੱਤੀ ਕਿ ਪਕਾਓ ਅਤੇ ਖਾਓ। ਕਈ ਡੰਗ ਦੇ ਭੁੱਖੇ ਅਤੇ ਥੱਕੇ ਹੋਏ ਪ੍ਰੇਮੀਆਂ ਨੇ ਰਸਦ ਲੈ ਲਈ ਅਤੇ ਦਰਿਆ ਦੇ ਕਿਨਾਰੇ ਲੰਗਰ ਤਿਆਰ ਕਰਨ ਦਾ ਪ੍ਰਬੰਧ ਕੀਤਾ। ਰਾਤ ਦੇ ਯਾਰਾਂ ਵਜੇ ਲੰਗਰ ਸਜ ਗਿਆ। ਸੰਤ ਜੀ ਮਹਾਰਾਜ ਨੇ ਪੰਗਤ ਲਗਾਣ ਦਾ ਹੁਕਮ ਦਿੱਤਾ। ਸੰਤ ਜੀ ਨੇ ਜੁਗਤ ਅਨੁਸਾਰ ਇਸ ਦਿਨ ਵੀ ਅਲਪ ਅਹਾਰ ਹੀ ਕੀਤਾ, ਪਰ ਬਾਕੀ ਸਾਰੇ ਜਥੇ ਨੇ ਰੱਜ-ਰੱਜ ਕੇ ਪ੍ਰਸ਼ਾਦ ਛਕਿਆ। ਭਾਈ ਹੀਰਾ ਸਿੰਘ ਜੀ ਕਥਾ ਕਰਦੇ-ਕਰਦੇ ਇੱਥੇ ਅਟਕ ਗਏ, ਗਲਾ ਰੁਕ ਗਿਆ, ਨੈਣ ਕਿਸੇ ਖਾਸ ਪ੍ਰੇਮ ਦੇ ਰੰਗ ਵਿੱਚ ਭਰ ਆਏ ਅਤੇ ਆਖਣ ਲੱਗੇ, "ਉਸ ਭੋਜਨ ਦਾ ਜੋ ਰਸ ਅਤੇ ਸਵਾਦ ਆਇਆ ਸੀ, ਕੀ ਦੱਸਾਂ! ਕੋਈ ਉਸੇ ਤਰ੍ਹਾਂ ਸੰਤ ਜੀ ਦੇ ਨਾਲ ਰਲੇ, ਉਸੇ ਤਰ੍ਹਾਂ ਕੜਾਕੇ ਆਉਣ, ਉਸੇ ਤਰ੍ਹਾਂ ਲੰਗਰ ਦਰਿਆ ਦੇ ਕਿਨਾਰੇ ਪੱਕੇ ਅਤੇ ਰਾਤ ਦੇ ਯਾਰਾਂ ਵਜੇ ਚੌਥੇ ਦਿਨ ਭੋਜਨ ਛੱਕੇ, ਫੇਰ ਉਸ ਨੂੰ ਇਸ ਸਵਾਦ ਅਤੇ ਅਨੰਦ ਦਾ ਅਨੁਭਵ ਹੋਵੇ।"

ਦੂਜੇ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਤਾਂ ਆਪਣੇ ਨੇਮ ਮੂਜਬ ਇੱਕ ਵਜੇ ਹੀ ਜਾਗ ਪਏ, ਪਰ ਜਥੇ ਦੇ ਬਾਕੀ ਸੱਜਣ ਸਵਾਏ ਭਾਈ ਕਲਿਆਨ ਸਿੰਘ ਦੇ ਸੁੱਤੇ ਰਹੇ। ਸੰਤ ਜੀ ਨੇ ਦਰਿਆ ਸਿੰਧ ਵਿੱਚ ਇਸ਼ਨਾਨ ਕੀਤਾ, ਫੇਰ ਆਪਣੇ ਨਿੱਤਨੇਮ ਅਤੇ ਨਾਮ-ਸਿਮਰਨ ਵਿੱਚ ਜੁੜ ਗਏ। ਪੰਜ ਵਜੇ ਤੀਕਰ ਬਾਕੀ ਜਥੇ ਦੇ ਕਿਸੇ ਸਰੀਰ ਨੇ ਵੀ ਪਾਸਾ ਨਾ ਪਰਤਿਆ। ਅਖ਼ੀਰ ਸੰਤਾਂ ਨੇ ਆਪ ਅਵਾਜ਼ ਦੇ ਕੇ ਉਠਾਇਆ ਕਿ ਉੱਠੋ ਭਾਈ! ਆਸਾ ਜੀ ਦੀ ਵਾਰ ਲਾਉਣ ਦਾ ਵਕਤ ਹੋ ਗਿਆ ਹੈ। ਬੜੀ ਮੁਸ਼ਕਲ ਨਾਲ ਸਾਰੇ ਉੱਠੇ। ਸੰਤਾਂ ਨੇ ਸਭ ਨੂੰ ਆਪਣੇ ਪਾਸ ਬੁਲਾਇਆ ਅਤੇ ਆਖਿਆ ਕਿ ਪਹਿਲਾਂ ਸਾਡਾ ਬਚਨ ਸੁਣ ਲਵੋ ਅਤੇ ਫੇਰ ਇਸ਼ਨਾਨ ਕਰਨਾ, "ਪ੍ਰੇਮੀਓ! ਫ਼ਕੀਰੀ ਬੜੀ ਦੂਰ ਹੈ। ਜਦ ਤੀਕਰ ਸਿਮਰਨ ਅਤੇ ਸੇਵਾ ਦੇ ਆਸਰੇ ਨਾਮ ਰੂਪ ਤੋਂ ਅਭਾਵ ਹੋ ਕੇ ਸਰੀਰ ਤੋਂ ਪਰੇ ਨਾ ਹੋ ਜਾਵੇ, ਫ਼ਕੀਰ ਨਹੀਂ ਬਣਦਾ। ਅਸੀਂ ਤਾਂ ਥੋੜ੍ਹੇ ਜਿਹੇ ਦੁੱਖ ਨੂੰ ਦੁੱਖ ਮੰਨ ਲੈਂਦੇ ਹਾਂ ਅਤੇ ਸਰੀਰ ਦੇ ਅਧੀਨ ਹੋ ਕੇ ਸਤਿਗੁਰੂ ਦੇ ਹੁਕਮ ਨੂੰ ਭੁੱਲ ਜਾਂਦੇ ਹਾਂ। ਭਾਈ ਫ਼ਕੀਰੀ ਬਾਣਾ ਧਾਰਨ ਦਾ ਤਾਂ ਇਹੀ ਗੁਣ ਹੈ ਕਿ ਘੱਟ ਤੋਂ ਘੱਟ ਭੇਖ ਦੀ ਲਾਜ ਕਰਕੇ ਹੀ ਹਰ ਵੇਲੇ ਸਤਿਗੁਰੂ ਦਾ ਹੁਕਮ ਯਾਦ ਰਹੇ।"

ਰਾਮਕਲੀ ਪਾਤਸ਼ਾਹੀ ੧੦॥

ਰੇ ਮਨ ਐਸੋ ਕਰ ਸੰਨਿਆਸਾ ॥

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਜਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥੩॥੧॥

ਇਹ ਕਹਿ ਕੇ ਸੰਤ ਜੀ ਮਹਾਰਾਜ ਨੇ ਸਭ ਨੂੰ ਇਸ਼ਨਾਨ ਕਰਨ ਦੀ ਆਗਿਆ ਦਿੱਤੀ ਅਤੇ ਅੱਧੇ ਘੰਟੇ ਦੇ ਅੰਦਰ-ਅੰਦਰ ਸਭ ਆਸਾ ਜੀ ਦੀ ਵਾਰ ਦੇ ਕੀਰਤਨ ਵਿੱਚ ਜੁੜ ਗਏ। ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਨੇ ਗੱਡੀ 'ਤੇ ਚੜ੍ਹਨ ਦੀ ਤਿਆਰੀ ਕਰ ਲਈ ਅਤੇ ਇੱਥੋਂ ਸਿੱਧੇ ਹੈਦਰਾਬਾਦ ਸਿੰਧ ਜਾ ਉੱਤਰੇ। ਇੱਥੇ ਭਾਈ ਆਤਮਾ ਸਿੰਘ ਜੀ ਸਿੰਧੀ ਨੇ ਸੰਤ ਜੀ ਮਹਾਰਾਜ ਦੇ ਡੇਰੇ ਦਾ ਪ੍ਰਬੰਧ ਕੀਤਾ। ਹਰ ਰੋਜ਼ ਸਵੇਰੇ ਆਸਾ ਜੀ ਦੀ ਵਾਰ ਲੱਗਦੀ ਅਤੇ ਸ਼ਾਮ ਦੇ ਵਕਤ ਭੀ ਦੀਵਾਨ ਸਜਦਾ।

ਸਿੰਧੀ ਸੱਜਣ ਸੰਤ ਜੀ ਮਹਾਰਾਜ ਦੇ ਸਾਧਾਰਨ ਕੀਰਤਨ ਤੇ ਆਸ਼ਕ ਹੋ ਗਏ। ਵਾਰੀ-ਵਾਰੀ ਹੈਦਰਾਬਾਦ ਦੇ ਗੁਰਦੁਆਰਿਆਂ ਵਿੱਚ ਸਤਿਸੰਗ ਹੋਣਾ ਅਰੰਭ ਹੋ ਗਿਆ। ਨਾਮ ਅਤੇ ਬਾਣੀ ਦਾ ਬੜਾ ਪ੍ਰਵਾਹ ਚੱਲਿਆ ਅਤੇ ਕਈ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ।

ਹੈਦਰਾਬਾਦ ਦੇ ਪਾਸ ਇੱਕ 'ਗਲਾ' ਨਾਮੇ ਜਗ੍ਹਾ ਹੈ। ਇੱਥੇ ਸਰਦਾਰ ਗਿਆਨ ਸਿੰਘ ਜੀ ਸੰਤ ਜੀ ਮਹਾਰਾਜ ਨੂੰ ਲੈ ਗਏ। ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ ਅਤੇ ਇੱਕ ਤਸ਼ਤ੍ਰੀ ਪੌਂਡਾਂ ਦੀ ਭਰ ਕੇ ਉੱਤੇ ਕੁਝ ਇਲਾਚੀਆਂ ਰੱਖ ਦਿੱਤੀਆਂ ਅਤੇ ਸੰਤ ਜੀ ਮਹਾਰਾਜ ਦੀ ਨਜ਼ਰ ਕੀਤੀ। ਇਲਾਚੀਆਂ ਸਮਝ ਕੇ ਸੰਤ ਜੀ ਨੇ ਤਸ਼ਤ੍ਰੀ ਫੜ ਲਈ ਅਤੇ ਸਹਿਜ-ਸੁਭਾਉ ਆਖਿਆ ਕਿ ਭਾਈ! ਇਲਾਚੀਆਂ ਬਹੁਤ ਭਾਰੀਆਂ ਹਨ। ਸਰਦਾਰ ਗਿਆਨ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਤੁੱਛ ਭੇਟ ਹੈ।

ਜਦ ਸੰਤ ਜੀ ਮਹਾਰਾਜ ਇਲਾਚੀਆਂ ਜਥੇ ਵਿੱਚ ਵਰਤਾਉਣ ਲੱਗੇ, ਨਾਲ ਹੀ ਇੱਕ ਪੌਂਡ ਹੱਥ ਵਿੱਚ ਆ ਗਿਆ ਅਤੇ ਕਹਿਣ ਲੱਗੇ ਕਿ ਇਸੇ ਕਰਕੇ ਹੀ ਤਸ਼ਤ੍ਰੀ ਭਾਰੀ ਸੀ। ਫਿਰ ਫ਼ਰਮਾਇਆ ਕਿ ਭਾਈ! ਇਹ ਪੀਲੀ ਮਿੱਟੀ ਹੈ। ਇਸ ਦੀ ਲਿਸ਼ਕ ਵਿੱਚ ਫਸ ਕੇ ਪ੍ਰੇਮੀ ਇਸ ਦੇ ਗੁਲਾਮ ਬਣ ਜਾਂਦੇ ਹਨ। ਸਾਡੇ ਇਹ ਕਿਸ ਕੰਮ ਹੈ! ਪ੍ਰਸ਼ਾਦਾ ਅਤੇ ਬਸਤਰ ਪ੍ਰੇਮੀ ਸਹਿਜ-ਸੁਭਾਉ ਲੋੜ ਅਨੁਸਾਰ ਦੇਈ ਜਾਂਦੇ ਹਨ, ਜਿੱਥੇ ਕਿਧਰੇ ਲੈ ਜਾਣਾ ਹੋਵੇ, ਟਿਕਟ ਆਪ ਖਰੀਦ ਲੈਂਦੇ ਹਨ। ਅਸਾਂ ਇਸ ਨੂੰ ਪੱਲੇ ਕਾਹਦੇ ਲਈ ਬੰਨ੍ਹਣਾ ਹੈ। ਸੰਤ ਜੀ ਦੇ ਇਹ ਬਚਨ ਸੁਣ ਕੇ ਪ੍ਰੇਮੀਆਂ ਨੂੰ ਗੁਰੂ ਅਰਜਨ ਦੇਵ ਜੀ ਦੀ ਨੌਂਵੀਂ ਅਸਟਪਦੀ ਦੀ ਇਹ ਪਉੜੀ ਸੁਤੇ-ਸਿੱਧ ਹੀ ਯਾਦ ਆ ਗਈ।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥(੨੭੫)

ਸੰਤ ਜੀ ਮਹਾਰਾਜ ਇੱਕ ਦਿਨ ਹੈਦਰਾਬਾਦ ਸਥਿਤ ਪਾਗਲਖਾਨੇ ਗਏ, ਜਿੱਥੇ ਸੈਂਕੜੇ ਪਾਗਲ ਬੰਦ ਸਨ। ਸੰਤ ਜੀ ਦੇ ਪਾਵਨ ਦਰਸ਼ਨ ਕਰਕੇ ਪਾਗਲਾਂ ਨੇ ਸਾਰੀਆਂ ਮਾੜੀਆਂ ਹਰਕਤਾਂ ਛੱਡ ਦਿੱਤੀਆਂ ਤੇ ਸ਼ਾਂਤ ਹੋ ਕੇ ਬੈਠ ਗਏ। ਸੰਤ ਜੀ ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਥੱਲੇ ਦਿੱਤੇ ਸ਼ਬਦ ਦਾ ਕੀਰਤਨ ਕੀਤਾ:

ਮੂਕ ਉਚਰੇ ਸਾਸਤ੍ਰ ਖੱਟ ਪਿੰਗ ਗਿਰਨ ਚੜ੍ਹ ਜਾਇ ॥
ਅੰਧ ਲਖੈ ਬਪਰੋ ਸੁਨੇ ਜੋ ਕਾਲ ਕ੍ਰਿਪਾ ਕਰਾਇ ॥
....
ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
....
ਕਹੁ ਨਾਨਕ ਹਮ ਇਹੈ ਹਵਾਲਾ ਰਾਖ ਸੰਤਨ ਕੇ ਪਾਛੈ ॥

ਸਾਰੇ ਪਾਗਲਾਂ ਦਾ ਪਾਗਲਪਨ ਦੂਰ ਹੋ ਗਿਆ ਅਤੇ ਅਰੋਗ ਹੋ ਗਏ। ਸੰਤ ਜੀ ਨੇ ਕਿਹਾ, ''ਇਹਨਾਂ ਵਿੱਚ ਕੋਈ ਰੋਗੀ ਨਹੀਂ ਸਭ ਨੂੰ ਘਰ ਜਾਣ ਦਿਓ'' ਤੇ ਬਾਦ ਵਿੱਚ ਡਾਕਟਰੀ ਪ੍ਰੀਖਿਆ ਦੁਆਰਾ ਸਵੱਸਥ-ਸਿੱਧ ਹੋਏ ਤੇ ਬੰਧਨ ਮੁਕਤ ਕੀਤੇ ਗਏ।

ਇੱਕ ਦਿਨ ਹੈਦਰਾਬਾਦ ਨਹਿਰ ਦੇ ਕਿਨਾਰੇ ਸੋਦਰੁ ਦਾ ਦੀਵਾਨ ਸਜਿਆ। ਏਕਾਂਤ ਅਸਥਾਨ 'ਤੇ ਸੰਗਤ ਦੇ ਪ੍ਰੇਮ ਅਤੇ ਸੰਤ ਜੀ ਮਹਾਰਾਜ ਦੇ ਇਲਾਹੀ ਰੰਗ ਵਿੱਚ ਰੰਗੇ ਹੋਏ ਕੀਰਤਨ ਨੇ ਉਹ ਅਨੰਦ ਬਣਾਇਆ ਕਿ ਪਸ਼ੂ-ਪੰਛੀ ਸਭ ਖਿੱਚੇ ਹੋਏ ਆ ਗਏ। ਇੱਕ ਕੂਕਰੀ ਪ੍ਰੇਮ ਦੀ ਤਾਰ ਦੀ ਬੱਧੀ ਹੋਈ ਸੰਤ ਜੀ ਮਹਾਰਾਜ ਦੇ ਸਾਹਮਣੇ ਬੈਠੀ ਰਹੀ ਅਤੇ ਇੱਕ-ਟੱਕ ਦਰਸ਼ਨ ਵਿੱਚ ਜੁੜੀ ਰਹੀ। ਜਦ ਦੀਵਾਨ ਦਾ ਭੋਗ ਪਿਆ ਤਦ ਸਾਰੀ ਸੰਗਤ ਵਿੱਚ ਮਿਸਰੀ ਦਾ ਪ੍ਰਸ਼ਾਦ ਵਰਤਿਆ। ਸੰਤ ਜੀ ਮਹਾਰਾਜ ਨੇ ਆਪਣੀ ਹੱਥੀਂ ਇਸ ਕੂਕਰੀ ਨੂੰ ਪ੍ਰਸ਼ਾਦ ਦਿੱਤਾ। ਇਹ ਬੜੇ ਪ੍ਰੇਮ ਨਾਲ ਮਿਸਰੀ ਛਕੇ ਅਤੇ ਨਾਲੇ ਸੰਤ ਜੀ ਮਹਾਰਾਜ ਦੇ ਦੀਦਾਰ ਵਿੱਚ ਜੁੜੀ ਰਹੇ। ਇਸ ਨੂੰ ਇਸ ਰੰਗ ਵਿੱਚ ਦੇਖ ਕੇ ਸੰਤ ਜੀ ਹੱਸ ਕੇ ਬੋਲੇ ਕਿ ਭਾਈ! ਸਭ ਵਿੱਚ ਵਾਹਿਗੁਰੂ ਪਰੀ-ਪੂਰਨ ਹੈ: *

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥ (੧੧੮੬)

ਹੈਦਰਾਬਾਦ ਤੋਂ ਸੰਤ ਕਰਾਚੀ ਅੱਪੜੇ ਅਤੇ ਇੱਥੇ ਨਾਮ-ਬਾਣੀ ਦੀ ਛਹਿਬਰ ਲਾਈ। ਕੁਝ ਦਿਨ ਸੰਤ ਜੀ ਮਨੋਰੇ ਵੀ ਠਹਿਰੇ ਅਤੇ ਇੱਕ ਮਾਈ ਨੇ ਬੜੀ ਸੇਵਾ ਕੀਤੀ। ਇਸ ਨੇ ਅਰਦਾਸ ਕੀਤੀ ਕਿ ਮੇਰੇ ਘਰ ਪੁੱਤਰ ਕੋਈ ਨਹੀਂ। ਮਹਾਰਾਜ ਨੇ ਹੱਸ ਕੇ ਆਖਿਆ, ''ਭੋਲੀਏ! ਤੂੰ ਗੂੰਹ-ਮੂਤ ਕਾਹਦੇ ਲਈ ਹੂੰਝਣਾ ਹੈ! ਤੈਨੂੰ ਕਰਤਾਰ ਪਲਿਆ-ਪਲਾਇਆ ਪੁੱਤਰ ਦੇਵੇਗਾ।'' ਸੰਤ ਜੀ ਮਹਾਰਾਜ ਦੇ ਜਾਣ ਤੋਂ ਕੁਝ ਦਿਨ ਮਗਰੋਂ ਮਾਈ ਨੂੰ ਇੱਕ ਭੁਝੰਗੀ ਮਿਲ ਗਿਆ, ਜੋ ਮਾਈ ਨੇ ਬੜੇ ਪ੍ਰੇਮ ਨਾਲ ਪਾਲਿਆ। ਇਹ ਮਾਈ ਬਹੁਤ ਚਿਰ ਮਨੋਰੇ ਰਹਿੰਦੀ ਰਹੀ ਅਤੇ ਉਹ ਲੜਕਾ ਉਸ ਮਾਈ ਦੀ ਮਾਂ-ਜਾਏ ਪੁੱਤਰਾਂ ਨਾਲੋਂ ਵੱਧ ਸੇਵਾ ਕਰਦਾ ਰਿਹਾ।

ਮਨੋਰੇ ਵਿੱਚ ਇੱਕ ਸੇਠ ਨੇ ਅਖੰਡ ਪਾਠ ਰਖਾਇਆ। ਭਾਈ ਗੁਲਾਬ ਸਿੰਘ ਜੀ ਅੰਮ੍ਰਿਤਸਰ ਵਾਲੇ ਪਾਠ ਦੀ ਸੇਵਾ ਵਿੱਚ ਸਨ। ਪਾਠ ਦੇ ਵਿਚਕਾਰਲੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਨੇ ਭਾਈ ਗੁਲਾਬ ਸਿੰਘ ਜੀ ਨੂੰ ਆਖਿਆ ਕਿ ਜਲ ਲੈ ਆਵੋ। ਜਦ ਜਲ ਆ ਗਿਆ ਤਾਂ ਸੰਤ ਜੀ ਇਸ ਪ੍ਰੇਮੀ ਨੂੰ ਨਾਲ ਲੈ ਕੇ ਜੰਗਲ ਪਾਣੀ ਗਏ। ਮੈਦਾਨ ਖੇਡਣ ਦੇ ਮਗਰੋਂ ਸੰਤ ਜੀ ਪੰਜ ਇਸ਼ਨਾਨਾ ਕਰ ਕੇ ਬੈਠ ਗਏ। ਕੁਝ ਚਿਰ ਇੱਕ-ਰਸ ਚੁੱਪ ਬੈਠੇ ਰਹੇ। ਫੇਰ ਫ਼ਰਮਾਇਆ, ''ਭਾਈ ਗੁਲਾਬ ਸਿੰਘ! ਕਲ ਅੰਮ੍ਰਿਤ ਵੇਲੇ ੨ ਵਜੇ ਭਾਈ ਅਮੋਲਕ ਸਿੰਘ ਨੇ ਗੋਲ਼ੀ ਨਾਲ ਸ਼ਹੀਦ ਹੋ ਜਾਣਾ ਹੈ। ਉਹ ਹਮੇਸ਼ਾ ਹਜ਼ੂਰ ਸਾਹਿਬ ਪਹੁੰਚਣ ਦੀ ਖਿੱਚ ਰੱਖਦਾ ਹੈ। ਸਤਿਗੁਰੂ ਕਲਗੀਆਂ ਵਾਲੇ ਉਸ ਨੂੰ ਇੱਥੋਂ ਹੀ ਆਪਣੀ ਹਜ਼ੂਰੀ ਵਿੱਚ ਮੰਗਵਾ ਲੈਣਗੇ। ਇਹ ਸੱਚੇ ਪਾਤਸ਼ਾਹ

* ਨੋਟ : ਜ਼ਬਾਨੀ ਰਾਗੀ ਹੀਰਾ ਸਿੰਘ ਜੀ।

ਦੀ ਗੁਪਤ ਸ਼ਹੀਦੀ ਦੀ ਖੇਡ ਹੈ।'' ਦੂਸਰੇ ਦਿਨ, ਅੰਮ੍ਰਿਤ ਵੇਲੇ ਦੋ ਵਜੇ ਭਾਈ ਅਮੋਲਕ ਸਿੰਘ, ਜੋ ਅੰਮ੍ਰਿਤ ਪ੍ਰਚਾਰ ਵਾਸਤੇ ਕੜੇ ਕਿਰਪਾਨਾਂ ਬਣਾਉਣ ਦੀ ਸੇਵਾ ਕਰਦਾ ਸੀ, ਇਸ਼ਨਾਨ-ਪਾਣੀ ਵਾਸਤੇ ਸਮੁੰਦਰ ਵਲ ਗਿਆ। ਏਧਰ ਇੱਕ ਸਮੁੰਦਰੀ ਕਿਲ੍ਹਾ ਵੀ ਹੈ। ਪ੍ਰੇਮੀ ਅਭੋਲ ਆਪਣੇ ਧਿਆਨ ਵਿੱਚ ਜਾ ਰਿਹਾ ਸੀ ਕਿ ਇੱਕ ਗੋਰੇ ਨੇ ਦੂਰੋਂ ਹੀ ਅਵਾਜ਼ ਦਿੱਤੀ, 'ਹੂ ਕਮਜ਼ ਦੇਅਰ?' ਸਾਧੂ ਇੱਕ ਤਾਂ ਨਾਮ-ਸਿਮਰਨ ਵਿੱਚ ਲੱਗਾ ਹੋਇਆ ਸੀ, ਦੂਜੇ ਉਹ ਕੀ ਜਾਣੇ ਕਿ 'ਹੂ ਕਮਜ਼ ਦੇਅਰ?' ਕਿਸ ਬਲਾ ਦਾ ਨਾਮ ਹੈ! ਚੁਪੀਤਾ ਹੀ ਅੱਗੇ ਵਧੀ ਗਿਆ। ਇੱਕ ਕਦਮ ਹੀ ਅੱਗੇ ਰੱਖਿਆ ਸੀ ਕਿ ਛਾਤੀ ਵਿੱਚ 'ਠਾਹ' ਗੋ਼ਲੀ ਲੱਗੀ ਤੇ ਉੱਥੇ ਹੀ ਗੁਰੂ ਕਲਗੀਆਂ ਵਾਲੇ ਦੇ ਚਰਨਾਂ ਵਿੱਚ ਜਾ ਵਸਿਆ।

ਜਦ ਦਿਨ ਚੜ੍ਹਿਆ ਤਦ ਪ੍ਰੇਮੀਆਂ ਨੇ ਗੁਰੂ ਦੇ ਸਿੱਖ ਦੀ ਲਾਸ਼ ਡਿੱਠੀ ਅਤੇ ਪਛਾਣ ਲਿਆ ਕਿ ਸੰਤ ਜੀ ਮਹਾਰਾਜ ਦੇ ਜਥੇ ਦਾ ਆਦਮੀ ਹੈ। ਸੰਤ ਜੀ ਮਹਾਰਾਜ ਅਜੇ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਡੇਰੇ ਪਹੁੰਚੇ ਹੀ ਸਨ ਕਿ ਸਿੰਧੀ ਸੱਜਣ ਖ਼ਬਰ ਲਿਆਏ ਕਿ ਆਪ ਦੇ ਜਥੇ ਦੇ ਇੱਕ ਆਦਮੀ ਨੂੰ ਕਿਲ੍ਹੇ ਤੋਂ ਗੋ਼ਲੀ ਵੱਜੀ ਹੈ ਅਤੇ ਉਹ ਲਹੁ-ਲੁਹਾਨ ਧਰਤੀ 'ਤੇ ਸ਼ਹੀਦ ਪਿਆ ਹੈ। ਇਹ ਖ਼ਬਰ ਸੁਣ ਕੇ ਸੰਤ ਜੀ ਮਹਾਰਾਜ ਕੁਝ ਚਿਰ ਚੁੱਪ ਰਹੇ ਅਤੇ ਕਲਗੀਆਂ ਵਾਲੇ ਦੀ ਦਰਗਾਹ ਵਿੱਚ ਸਿੱਖ ਦੀ ਕੂਕ ਪਹੁੰਚਾਈ। ਫੇਰ ਹੁਕਮ ਦਿੱਤਾ ਕਿ ਸਤਿਗੁਰੂ ਆਪਣੀ ਖੇਡ ਆਪ ਸੰਭਾਲਣਗੇ; ਪ੍ਰੇਮੀ ਦਾ ਚੁਪੀਤੇ ਸਸਕਾਰ ਕਰ ਦੇਵੋ, ਕਿਸੇ ਪਾਸ ਦਾਦ-ਫਰਿਆਦ ਕਰਨ ਦੀ ਕੋਈ ਲੋੜ ਨਹੀਂ। ਸੱਚੇ ਪਾਤਸ਼ਾਹ ਸਭ ਕੁਝ ਜਾਣ ਰਹੇ ਹਨ। ਭਾਈ ਅਮੋਲਕ ਸਿੰਘ ਜੀ ਦੀ ਸ਼ਹੀਦੀ ਸਤਿਗੁਰੂ ਦੀ ਗੁਪਤ ਸੇਵਾ ਵਿੱਚ ਪ੍ਰਵਾਨ ਹੈ।

ਇਹ ਭਾਣਾ ਵਰਤਣ ਦੇ ਮਗਰੋਂ ਸੰਤ ਜੀ ਮਹਾਰਾਜ ਦਾ ਚਿੱਤ ਕਰਾਚੀ ਤੋਂ ਉਪਰਾਮ ਹੋ ਗਿਆ ਤੇ ਆਪ ਨੇ ਹਜ਼ੂਰ ਸਾਹਿਬ ਵੱਲ ਜਾਣ ਦੀ ਤਿਆਰੀ ਕਰ ਲਈ। ਭਾਈ ਗੋਲਾ ਸਿੰਘ ਜੀ ਸਿੰਧੀ ਅਤੇ ਉਹਨਾਂ ਦਾ ਸਾਰਾ ਪਰਿਵਾਰ ਨਾਲ ਜਾਣ ਲਈ ਤਿਆਰ ਹੋ ਗਿਆ। ਹੋਰ ਵੀ ਕਈ ਸੱਜਣ ਨਾਲ ਰਲ ਗਏ ਅਤੇ ਸਾਧੂਆਂ ਸਮੇਤ ਸੱਠ-ਸੱਤਰ ਦਾ ਜਥਾ ਹੋ ਗਿਆ। ਸਿੰਧੀ ਸੱਜਣਾਂ ਵਿੱਚੋਂ ਇੱਕ ਪ੍ਰੇਮੀ ਨੇ ਬੇਨਤੀ ਕੀਤੀ ਕਿ ਕਰਾਚੀ ਤੋਂ ਜਹਾਜ਼ ਦੇ ਰਸਤੇ ਹਜ਼ੂਰ ਸਾਹਿਬ ਚੱਲੀਏ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਾਨੂੰ ਜਹਾਜ਼ ਵਿੱਚ ਚੜ੍ਹਨ ਦਾ ਹੁਕਮ ਨਹੀਂ ਹੈ, ਅਸੀਂ ਗੱਡੀ 'ਤੇ ਹੀ ਹਜ਼ੂਰ ਸਾਹਿਬ ਜਾਵਾਂਗੇ, ਪਰ ਪ੍ਰੇਮੀਆਂ ਦੇ ਬਾਰ-ਬਾਰ ਕਹਿਣ ਪਰ ਸੰਤ ਜੀ ਮਹਾਰਾਜ ਜਹਾਜ਼ ਵਿੱਚ ਚੜ੍ਹ ਗਏ। ਅਜੇ ਜਹਾਜ਼ ਕਿਨਾਰੇ ਤੋਂ ਇੱਕ ਕੁ ਮੀਲ ਹੀ ਦੂਰ ਗਿਆ ਹੋਵੇਗਾ ਕਿ ਉਹ ਯਕਦਮ ਖਲੋ ਗਿਆ, ਨਾ ਅੱਗੇ ਟੁਰੇ ਨਾਲ ਪਿੱਛੇ। ਜਹਾਜ਼ ਦੀ ਡਾਵਾਂਡੋਲ ਹਾਲਤ ਦੇਖ ਸਾਰੀ ਸੰਗਤ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਈ ਕਿ ਅਸੀਂ ਤੁਹਾਡੀ ਸਾਰ ਨਹੀਂ ਜਾਣੀ, ਜਿਉਂ ਜਾਣੋ ਤਿਉਂ ਰਾਖ ਲਵੋ। ਸੰਤ ਜੀ ਕੁਝ ਚਿਰ ਅੰਤਰ ਧਿਆਨ ਰਹੇ, ਫੇਰ ਸਤਿਗੁਰੂ ਅੱਗੇ ਅਰਦਾਸ ਕਰਕੇ ਆਪਣਾ ਸੱਜਾ ਹੱਥ ਚੁੱਕਿਆ ਅਤੇ ਜਹਾਜ਼ ਨੂੰ ਰੋਕਿਆ। ਥੋੜ੍ਹੇ ਚਿਰ ਮਗਰੋਂ ਜਹਾਜ਼ ਪਿੱਛੇ ਕਿਨਾਰੇ ਵੱਲ ਮੁੜ ਪਿਆ। ਫੇਰ ਬੜੀ ਧੂੰਮ-ਧਾਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸਮੇਤ ਹੈਦਰਾਬਾਦ ਗਏ ਅਤੇ ਇੱਥੋਂ ਹੁੰਦੇ ਮਾਰਵਾੜ, ਬਾਈਦੋਈ, ਜੈਪੁਰ, ਮਨਮਾਡ ਦੇ ਰਸਤੇ ਹਜ਼ੂਰ ਸਾਹਿਬ ਚਾਰ ਵਜੇ ਅੱਪੜੇ। ਹਜ਼ਾਰਾਂ ਸਿੱਖ ਸਟੇਸ਼ਨ 'ਤੇ ਖੜੇ ਸਨ। ਕਈ ਸਿੰਘ ਸੰਤ ਜੀ ਮਹਾਰਾਜ ਨੂੰ ਮੱਥਾ ਟੇਕਣ ਲੱਗੇ। ਸੰਤ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਸਾਧ-ਸੰਗਤ ਜੀ! ਮੈਂ ਇੱਕ ਗ਼ਰੀਬ ਸਿੱਖ ਹਾਂ ਸਾਰੇ ਮਿਲ ਕੇ ਕਲਗੀਧਰ ਜੀ ਮਹਾਰਾਜ ਨੂੰ ਨਮਸਕਾਰ ਕਰੀਏ।'' ਇਹ ਗ਼ਰੀਬੀ ਅਤੇ ਪ੍ਰੇਮ ਦੇਖ ਕੇ ਸਾਧ-ਸੰਗਤ ਦੇ ਹਿਰਦੇ ਦ੍ਰਵ ਗਏ ਅਤੇ ਸਭ ਦੇ ਨੇਤਰਾਂ ਵਿੱਚ ਜਲ ਭਰ ਆਇਆ। ਫੇਰ ਸੰਤ ਜੀ ਮਹਾਰਾਜ ਨੂੰ ਅਕਾਲ ਬੁੰਗੇ ਲਿਜਾ ਕੇ ਆਸਣ ਕਰਾਇਆ ਗਿਆ। ਸਿੰਧੀ ਸੰਗਤ ਨੇ ਇੱਥੇ ਲੰਗਰ ਚਲਾ ਦਿੱਤਾ। ਅੰਮ੍ਰਿਤ ਵੇਲੇ ਅਤੇ ਸ਼ਾਮ ਦੇ ਵਕਤ ਦਰਬਾਰ ਸਾਹਿਬ ਅਬਚਲ ਨਗਰ ਵਿੱਚ ਦੀਵਾਨ

ਸਜਦੇ। ਆਪ ਬੜੇ ਪ੍ਰੇਮ ਅਤੇ ਵੈਰਾਗ ਵਿੱਚ ਸ਼ਬਦ ਪੜ੍ਹਦੇ। ਇੱਕ ਦਿਨ ਭਾਈ ਹਜ਼ੂਰਾ ਸਿੰਘ ਜੀ ਗ੍ਰੰਥੀ, ਜਿਨ੍ਹਾਂ ਨੇ ਪਹਿਲੇ ਹਜ਼ੂਰ ਸਾਹਿਬ ਦੇ ਤਪ ਸਮੇਂ ਸੰਤ ਜੀ ਮਹਾਰਾਜ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ ਸੀ, ਦਰਬਾਰ ਸਾਹਿਬ ਤੋਂ ਕੜਾ-ਪ੍ਰਸ਼ਾਦ ਲੈ ਕੇ ਆ ਰਹੇ ਸਨ ਤੇ ਸੰਤ ਜੀ ਮਹਾਰਾਜ ਬਾਹਰ ਲੰਗਰ ਪਾਸ ਬੈਠੇ ਸਨ। ਭਾਈ ਸਾਹਿਬ ਨੂੰ ਦੂਰੋਂ ਦੇਖ ਕੇ ਹੀ ਉੱਠ ਖਲੋਤੇ। ਜਦ ਕੋਲ ਆਏ, ਘੁੱਟ ਕੇ ਜੱਫੀ ਪਾ ਲਈ ਅਤੇ ਆਖਿਆ, "ਆ ਓਇ ਮਿੱਤਰਾ! ਬੜੇ ਚਿਰ ਮਗਰੋਂ ਦਰਸ਼ਨ ਮੇਲਾ ਹੋਇਆ ਹੈ।" ਫੇਰ ਬੜੇ ਪ੍ਰੇਮ ਨਾਲ ਇੱਕ ਖੇਸ, ੧੧ ਦਮੜੇ, ਜੋ ਕਿ ਇੱਕ ਪ੍ਰੇਮੀ ਉਸੇ ਵੇਲੇ ਮੱਥਾ ਟੇਕ ਕੇ ਗਿਆ ਸੀ, ਆਪਣੇ ਪੁਰਾਣੇ ਸੇਵਕ ਨੂੰ ਭੇਟ ਕੀਤੇ।

ਇੱਕ ਦਿਨ ਸੰਤ ਜੀ ਮਹਾਰਾਜ ਸਾਰੀ ਸੰਗਤ ਸਮੇਤ ਗੋਦਾਵਰੀ ਦੇ ਕੰਢੇ ਬੈਠੇ ਸਨ। ਭਾਈ ਹੀਰਾ ਸਿੰਘ ਜੀ ਰਾਗੀ ਨੇ ਬੇਨਤੀ ਕੀਤੀ, "ਮਹਾਰਾਜ! ਸਤਿਗੁਰੂ ਕਲਗੀਆਂ ਵਾਲੇ ਦੇ ਦੀਦਾਰ ਹੋ ਸਕਦੇ ਹਨ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਤਿਗੁਰੂ ਤਾਂ ਹਰ ਵਕਤ ਖ਼ਾਲਸੇ ਦੇ ਅੰਗ-ਸੰਗ ਰਹਿੰਦੇ ਹਨ ਸਿਰਫ਼ ਸਾਡੇ ਧਿਆਨ ਅਤੇ ਅਡੋਲ ਨਿਸ਼ਚੇ ਵਿੱਚ ਫ਼ਰਕ ਹੈ। ਜਦ ਹਿਰਦੇ ਦਾ ਤਖ਼ਤ ਸਾਫ ਹੋਵੇ, ਸਤਿਗੁਰੂ ਉਸੇ ਵੇਲੇ ਆ ਬਿਰਾਜਦੇ ਹਨ। ਇਹ ਕਹਿ ਕੇ ਸੰਤ ਜੀ ਅਡੋਲ ਨਾਮ-ਸਿਮਰਨ ਵਿੱਚ ਜੁੜ ਬੈਠੇ ਅਤੇ ਕਲਗੀਆਂ ਵਾਲੇ ਦੇ ਚਰਨ ਕੰਵਲ ਆਪਣੇ ਹਿਰਦੇ ਵਿੱਚ ਵਸਾ ਲਏ। ਭਾਈ ਹੀਰਾ ਸਿੰਘ ਜੀ ਰਾਗੀ ਕੁਝ ਮਿੰਟਾਂ ਮਗਰੋਂ ਉੱਠ ਕੇ ਬਾਹਰ ਕਿਸੇ ਕੰਮ ਚਲੇ ਗਏ ਤੇ ਸੰਤ ਜੀ ਮਹਾਰਾਜ ਇੱਕ-ਟਕ ਧਿਆਨ ਲਗਾ ਕੇ ਬਹਿ ਗਏ। ਬੈਠਿਆਂ ਅਜੇ ਇੱਕ ਘੜੀ ਕੁ ਹੀ ਬੀਤੀ ਸੀ ਕਿ ਸਾਰੀ ਸੰਗਤ ਦੇ ਸਾਹਮਣੇ ਗੋਦਾਵਰੀ ਦੇ ਪਾਰ ਬਿਜਲੀ ਵਤ ਲਿਸ਼ਕਾਰਾ ਪਿਆ ਅਤੇ ਸਤਿਗੁਰੂ ਕਲਗੀਆਂ ਵਾਲੇ ਨੀਲੇ ਘੋੜੇ 'ਤੇ ਅਸਵਾਰ ਪੰਜਾਂ ਪਿਆਰਿਆਂ ਸਮੇਤ ਪਾਣੀ ਉੱਪਰ ਆਉਂਦੇ ਨਜ਼ਰ ਆਏ ਅਤੇ ਅੱਖ ਦੇ ਫੋਰ ਵਿੱਚ ਸਾਰੇ ਜਥੇ ਦੇ ਪਾਸੋਂ ਦੀ ਲੰਘ ਗਏ। ਇਹ ਕੌਤਕ ਦੇਖ ਕੇ ਸਾਰੀ ਸੰਗਤ ਅਸਚਰਜ ਰਹਿ ਗਈ। ਜਦ ਭਾਈ ਜੀ ਮੁੜ ਕੇ ਆਏ, ਉਨ੍ਹਾਂ ਨੂੰ ਸਾਰੀ ਵਿੱਥਿਆ ਸੁਣਾਈ ਗਈ। ਭਾਈ ਸਾਹਿਬ ਬੜੇ ਪਛਤਾਏ ਕਿ ਉਹ ਆਪ ਪ੍ਰਸ਼ਨ ਕਰਕੇ ਆਪਣੇ ਇਰਾਦੇ ਵਿੱਚ ਅਡੋਲ ਨਾ ਟਿਕ ਸਕੇ ਅਤੇ ਸਤਿਗੁਰੂ ਜੀ ਦੇ ਦਰਸ਼ਨ ਤੋਂ ਵਾਂਝੇ ਰਹੇ।

ਇੱਕ ਦਿਨ ਭਾਈ ਗੁਲਾਬ ਸਿੰਘ ਜੀ ਅੰਮ੍ਰਿਤਸਰ ਵਾਲੇ ਨੇ ਗੋਦਾਵਰੀ ਗੰਗਾ ਵਿੱਚ ਕਛਹਿਰਾ ਲਾਹ ਕੇ ਨੰਗੇ ਹੋ ਕੇ ਇਸ਼ਨਾਨ ਕੀਤਾ ਅਤੇ ਫੇਰ ਬਾਹਰ ਆ ਕੇ ਉਹੋ ਹੀ ਕਛਹਿਰਾ ਪਾ ਲਿਆ। ਦੁਪਹਿਰ ਦੇ ਅਰਾਮ ਮਗਰੋਂ ਜਦ ਸੰਤ ਜੀ ਮਹਾਰਾਜ ਬਾਹਰ ਨਿਕਲੇ ਅਤੇ ਲਘੂ-ਸ਼ੰਕਾ ਕੀਤੀ, ਤਦ ਇਹ ਪ੍ਰੇਮੀ ਗੜਵਾ ਫੜ ਕੇ ਹੱਥ ਧਵਾਉਣ ਲੱਗਾ। ਸੰਤ ਜੀ ਨੇ ਲਾਲ ਨੇਤਰ ਕਰ ਲਏ ਅਤੇ ਆਖਿਆ, 'ਤੂੰ ਤਨਖਾਹੀਆ ਹੈਂ, ਅਸੀਂ ਤੇਰੇ ਹੱਥੋਂ ਜਲ ਨਹੀਂ ਵਰਤਾਉਣਾ। ਸਤਿਗੁਰੂ ਨੂੰ ਸਿੱਖ ਦੀ ਰਹਿਤ ਪਿਆਰੀ ਹੈ, ਸਿੱਖ ਦਾ ਮਲ-ਮੂਤਰ ਦਾ ਭਰਿਆ ਹੋਇਆ ਸਰੀਰ ਪਿਆਰਾ ਨਹੀਂ।'

ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।

ਇਹ ਤਾੜਨਾ ਸੁਣ ਕੇ ਭਾਈ ਗੁਲਾਬ ਸਿੰਘ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ ਅਤੇ ਆਪਣੀ ਭੁੱਲ ਬਖ਼ਸ਼ਵਾਈ। ਸੰਤ ਜੀ ਨੇ ਇਸ ਨੂੰ ੨੫ ਦਿਨ ਸਾਧ ਸੰਗਤ ਦੇ ਜੋੜੇ ਝਾੜਨ ਦੀ ਤਨਖਾਹ ਲਾਈ।

ਇਸ ਤਰ੍ਹਾਂ ਸਾਧ-ਸੰਗਤ ਦਾ ਦਰਸ਼ਨ ਮੇਲਾ ਕਰਦਿਆਂ ਅਤੇ ਸਤਿਗੁਰੂ ਕਲਗੀਆਂ ਵਾਲੇ ਦੀ ਚਰਨ-ਧੂੜ ਲੈਂਦਿਆ ੨੨ ਦਿਨ ਬੀਤ ਗਏ ਤਾਂ ਸੰਤ ਜੀ ਮਹਾਰਾਜ ਨੇ ਪੰਜਾਬ ਵੱਲ ਮੁੜਨ ਦਾ ਇਰਾਦਾ ਕਰ ਲਿਆ। ਨਾਲ ਦੀ ਸਾਰੀ ਸੰਗਤ ਨੂੰ ਸੁਣਾ ਦਿੱਤਾ ਕਿ ਸਾਨੂੰ ਇੰਨਾ ਚਿਰ ਹੀ ਰਹਿਣ ਦਾ ਹੁਕਮ ਸੀ, ਜਿਸ ਕਿਸੇ ਦਾ ਚਿੱਤ ਜ਼ਿਆਦਾ ਰਹਿਣ ਤੇ ਕਰੇ, ਉਹ ਬੇਸ਼ੱਕ ਸੱਚੇ ਪਿਤਾ ਦੇ ਚਰਨਾਂ ਵਿੱਚ ਹੋਰ ਟਿਕਿਆ ਰਹੇ।

ਕਾਂਡ ੨੭

॥ ਦੇਵਗੰਧਾਰੀ ॥

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥
ਗੁਰਮੁਖਿ ਰੰਗਿ ਚਲੁਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥੧॥ਰਹਾਉ॥
ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ ॥
ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ ॥੧॥
ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥
ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥੨॥ (੫੨੭)

ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤ ਪੀ ਝੋਲੀਐ

ਹਜ਼ੂਰ ਸਾਹਿਬ ਤੋਂ ਜਦ ਸੰਤ ਜੀ ਗੱਡੀ ਚੜ੍ਹੇ ਬਹੁਤ ਸਾਰੀ ਸੰਗਤ ਸਟੇਸ਼ਨ 'ਤੇ ਵਿਦਾ ਕਰਨ ਆਈ। ਸਭ ਦੇ ਮਨ ਵਿੱਚ ਪ੍ਰੇਮ ਅਤੇ ਵੈਰਾਗ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਸੰਤ ਜੀ ਮਹਾਰਾਜ ਨੇ ਸਭ ਨੂੰ ਧੀਰਜ ਦਿੱਤਾ ਅਤੇ ਆਖਿਆ, ''ਭਾਈ! ਤੁਸੀਂ ਹਜ਼ੂਰੀ ਸਿੱਖ ਹੋ, ਹਰ ਵਕਤ ਸਤਿਗੁਰੂ ਦੇ ਚਰਨਾਂ ਵਿੱਚ ਨਿਵਾਸ ਕਰਦੇ ਹੋ, ਸਾਡੇ ਲਈ ਹਰ ਰੋਜ਼ ਪ੍ਰੀਤਮ ਪਿਆਰੇ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰੋ ਕਿ ਸਿੱਖੀ ਸਿਦਕ ਸਰੀਰ ਨਾਲ ਨਿਭ ਜਾਏ ਅਤੇ ਇਹ ਸਰੀਰ ਸਾਧ-ਸੰਗਤ ਦੀ ਟਹਿਲ ਵਿੱਚ ਹੀ ਸਫ਼ਲਾ ਹੋਵੇ।' ਜਦ ਸੰਤ ਜੀ ਪੂਰੇ ਪ੍ਰੇਮ ਅਤੇ ਨਿਮਰਤਾ ਵਿੱਚ ਇਹ ਬਚਨ ਕਹਿ ਰਹੇ ਸਨ, ਤਦ ਸਾਰੀ ਸੰਗਤ ਦੇ ਨੇਤਰਾਂ ਵਿੱਚੋਂ ਜਲ ਵਹਿ ਰਿਹਾ ਸੀ ਅਤੇ ਇੱਕ ਅਕਥਨੀਯ ਰੰਗ ਛਾਇਆ ਹੋਇਆ ਸੀ। ਹੁਣ ਗਾਰਡ ਨੇ ਸੀਟੀ ਮਾਰੀ ਅਤੇ ਗੱਡੀ ਚੀਕ ਮਾਰ ਕੇ ਟੁਰ ਪਈ। ਸਾਧ-ਸੰਗਤ ਨੇ ਇੱਕ ਜਾਨ ਹੋ ਕੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਏ। ਸਾਰਾ ਅਕਾਸ਼ ਸ਼ਬਦ ਦੀ ਗੂੰਜ ਨਾਲ ਭਰ ਗਿਆ। ਜਦ ਤੀਕਰ ਸੰਗਤ ਨਜ਼ਰ ਆਉਂਦੀ ਰਹੀ ਸੰਤ ਜੀ ਸਭ ਨੂੰ ਹੱਥ ਜੋੜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਉਂਦੇ ਰਹੇ। ਫੇਰ ਸਤਿਗੁਰੂ ਕਲਗੀਆਂ ਵਾਲੇ ਦੇ ਚਰਨ ਕੰਵਲਾਂ ਦਾ ਧਿਆਨ ਧਰ ਕੇ ਸੰਤ ਜੀ ਆਪਣੇ ਪ੍ਰੀਤਮ ਦੇ ਪ੍ਰੇਮ ਵਿੱਚ ਮਸਤ ਹੋ ਗਏ ਅਤੇ ਮਨਮਾਡ ਤੀਕਰ ਇੱਕ-ਰਸ ਏਸ ਰੰਗ ਵਿੱਚ ਬੈਠੇ ਰਹੇ।

ਮਨਮਾਡ ਤੋਂ ਸੰਤ ਜੀ ਮਹਾਰਾਜ ਸਿੱਧੇ ਦਿੱਲੀ ਅੱਪੜੇ ਅਤੇ ਸਤਿਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਧੂੜ ਪਰਸਨ ਲਈ ਇੱਥੇ ਉੱਤਰੇ।

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ (੪੬੮)

ਸਟੇਸ਼ਨ ਤੋਂ ਸਿੱਧੇ ਸੀਸ ਗੰਜ ਸਾਹਿਬ ਆਏ ਅਤੇ ਇੱਥੇ ਹੀ ਡੇਰਾ ਕੀਤਾ। ਦਿੱਲੀ ਦੇ ਸਾਰੇ ਵੱਡੇ-ਵੱਡੇ ਗੁਰਦੁਆਰਿਆਂ ਵਿੱਚ ਕੀਰਤਨ ਸਜੇ ਅਤੇ ਬਹੁਤ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਕਈ ਦਿਨ ਸੰਤ ਜੀ ਮਹਾਰਾਜ ਨੇ ਜਮਨਾ ਜੀ ਦੇ ਕਿਨਾਰੇ ਦੀਵਾਨ ਸਜਾਏ। ਬਹੁਤ ਸਾਰੇ ਹਿੰਦੂ ਅਤੇ ਪਾਂਡੇ ਕੀਰਤਨ ਸੁਣਨ ਲਈ ਆਏ। ਸੰਤ ਜੀ ਨੇ ਸਭ ਨੂੰ ਨਾਲ ਮਿਲਾ ਕੇ ਸ਼ਬਦ ਪੜ੍ਹਾਏ ਅਤੇ ਕਈ ਪਾਂਡੇ ਨਾਮ ਸਿਮਰਨ ਵਿੱਚ ਲੱਗ ਪਏ। ਇੱਕ ਈਸਾਈ ਹੋਏ ਸਿੱਖ ਨੂੰ ਅੰਮ੍ਰਿਤ ਛਕਾ ਕੇ ਫੇਰ ਖ਼ਾਲਸਾ ਸਜਾਇਆ। ਦਿੱਲੀ ਸੰਤ ਜੀ ਮਹਾਰਾਜ ਇੱਕ

ਮਹੀਨਾ ਰਹੇ ਅਤੇ ਸਰਦਾਰ ਰਾਮ ਸਿੰਘ ਜੀ ਕਾਬਲੀ ਨੂੰ ਪਹਿਲੀ ਵਾਰ ਇੱਥੇ ਹੀ ਦਰਸ਼ਨ ਹੋਏ।

੧੫ ਦਿਨ ਭਾਈ ਆਤਮਾ ਸਿੰਘ ਜੀ ਅਤੇ ਸਾਧ-ਸੰਗਤ ਦਾ ਪ੍ਰੇਮ ਲੈ ਕੇ ਗੁਜਰਾਂਵਾਲੇ ਤੋਂ ਹੁੰਦੇ ਹੋਏ ਸੰਤ ਜੀ ਮੰਗਲਾ ਹੈਡ ਪਹੁੰਚੇ। ਏਸ ਜਗ੍ਹਾ ਸਰਦਾਰ ਰਾਮ ਸਿੰਘ ਜੀ ਕਾਬਲੀ ਠੇਕੇਦਾਰੀ ਦਾ ਕੰਮ ਕਰਦੇ ਸਨ ਅਤੇ ਸਰਦਾਰ ਧਰਮ ਸਿੰਘ ਜੀ (Upper Jhelum) ਨਹਿਰ ਤੇ ਸਬ ਓਵਰਸੀਅਰ ਸਨ।

ਉਹਨਾਂ ਦਿਨਾਂ ਵਿੱਚ ਹੈੱਡ ਦਾ ਕੰਮ ਪਿੰਡ ਅਲੀਬੇਗ, ਜਿੱਥੇ ਕਿ ਸੰਤ ਸੁੰਦਰ ਸਿੰਘ ਜੀ ਨੇ ਕੀਰਤਨਗੜ੍ਹ ਗੁਰਦੁਆਰਾ ਅਬਾਦ ਕੀਤਾ ਸੀ, ਦੇ ਪਾਸ ਸੀ। ਠੇਕੇਦਾਰਾਂ ਅਤੇ ਮਹਿਕਮਾ ਨਹਿਰ ਦੇ ਕੁਆਰਟਰ ਇੱਕ ਬੜੀ ਸੁੰਦਰ ਰਮਣੀਕ ਝੰਗੀ ਵਿੱਚ ਸਨ, ਇਸ ਦੇ ਇੱਕ ਪਾਸੇ ਤਾਂ ਇੱਕ ਬੜਾ ਭਾਰੀ ਬਰਸਾਤੀ ਕੱਸ ਲੰਘਦਾ ਸੀ, ਦੂਜੇ ਪਾਸੇ ਇੱਕ ਸੁੰਦਰ ਖੁਲ੍ਹਾ ਮੈਦਾਨ ਸੀ ਅਤੇ ਸਾਹਮਣੇ ਨਵੀਂ ਨਹਿਰ ਦਾ ਵਹਿਣ ਸੀ। ਏਥੇ ਇੱਕ ਮਹੀਨੇ ਦੇ ਕਰੀਬ ਸੰਤ ਜੀ ਮਹਾਰਾਜ ਦਾ ਆਸਣ ਰਿਹਾ। ਏਸ ਧਰਤੀ ਨੂੰ ਭਾਗ ਲੱਗੇ ਅਤੇ ਕਰਤਾਰ ਦੇ ਹੁਕਮ ਵਿੱਚ ਜੰਗਲ ਵਿੱਚ ਮੰਗਲ ਬਣ ਗਿਆ। ਨਿੱਤ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਅਤੇ ਸ਼ਾਮ ਦੇ ਵਕਤ ਸੋਦਰੁ ਦੇ ਦੀਵਾਨ ਸਜਦੇ ਅਤੇ ਮਾਈ-ਭਾਈ ਨਿਹਾਲ ਹੁੰਦੇ।

ਏਸੇ ਸੁਭਾਗ ਸਮੇਂ ਸਰਦਾਰ ਧਰਮ ਸਿੰਘ ਜੀ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਸਦਾ ਕੌਰ ਨੇ ੨੫ ਹੋਰ ਮਾਈ-ਭਾਈ ਸਹਿਤ ਸੰਤ ਜੀ ਮਹਾਰਾਜ ਦੇ ਹਸਤ ਕਮਲਾਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਏਥੇ ਹੀ ਇਹਨਾਂ ਦਾ ਸੰਤ ਜੀ ਦੇ ਚਰਨਾਂ ਨਾਲ ਸੱਚਾ ਪ੍ਰੇਮ ਹੋ ਗਿਆ।

ਇਕਾਂਤ ਵਿੱਚ ਸੰਤ ਜੀ ਮਹਾਰਾਜ ਦਾ ਵੀ ਬਹੁਤ ਚਿੱਤ ਲੱਗਾ। ਸਮਾਂ ਪ੍ਰੇਮ ਅਤੇ ਆਤਮ-ਰਸ ਦੇ ਹੁਲਾਰੇ ਵਿੱਚ ਬੀਤਿਆ। ਫੇਰ ਕਈ ਜਗ੍ਹਾ ਤੋਂ ਹੋ ਕੇ ਸੰਤ ਜੀ ਤਰਨਤਾਰਨ ਸਾਹਿਬ ਪਹੁੰਚੇ ਤੇ ਮਾਈ ਰਾਮ ਕੌਰ ਅਤੇ ਸੰਤ ਭੋਲਾ ਸਿੰਘ ਜੀ ਦੇ ਬੁੰਗੇ ਵਿੱਚ ਨਿਵਾਸ ਕੀਤਾ।

ਸਿੰਧ ਦੇ ਦੌਰੇ ਮਗਰੋਂ ਭਾਈ ਗੁਲਾਬ ਸਿੰਘ ਜੀ ਅੰਮ੍ਰਿਤਸਰ ਸਾਹਿਬ ਹੀ ਠਹਿਰ ਗਏ ਸਨ। ਇਹਨਾਂ ਦੇ ਪਾਸ ਇੱਕ ਪ੍ਰੇਮੀ ਭਾਈ ਨਾਨਕ ਸਿੰਘ ਜੀ, ਜੋ ਕਿ ਉਸ ਵਕਤ ਹਰਨਪੁਰ ਸੋਢੀਆਂ ਦੇ ਸਟੇਸ਼ਨ-ਮਾਸਟਰ ਸਨ, ਆਏ ਅਤੇ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਦੀ ਬੜੀ ਤੀਬਰ ਖ਼ਾਹਿਸ਼ ਜ਼ਾਹਰ ਕੀਤੀ। ਪ੍ਰੇਮੀਆਂ ਕੋਲੋਂ ਪਤਾ ਕਰਨ 'ਤੇ ਮਾਲੂਮ ਹੋਇਆ ਕਿ ਸੰਤ ਜੀ ਏਸ ਵਕਤ ਰਾਵਲਪਿੰਡੀ ਹਨ। ਭਾਈ ਗੁਲਾਬ ਸਿੰਘ ਜੀ ਤੇ ਭਾਈ ਨਾਨਕ ਸਿੰਘ ਜੀ ਦੋਵੇਂ ਰਾਵਲਪਿੰਡੀ ਗਏ ਅਤੇ ਉੱਥੋਂ ਪੰਜਾ ਸਾਹਿਬ ਹੁੰਦੇ ਹੋਏ ਸ਼ਾਹਾਂ ਦੀ ਢੇਰੀ ਗਏ, ਪਰ ਸੰਤ ਜੀ ਮਹਾਰਾਜ ਨਾ ਮਿਲੇ। ਭਾਈ ਨਾਨਕ ਸਿੰਘ ਜੀ ਦੀ ਛੁੱਟੀ ਪੂਰੀ ਹੋ ਗਈ ਤੇ ਉਹ ਹਰਨਪੁਰ ਚਲੇ ਗਏ, ਪਰ ਭਾਈ ਗੁਲਾਬ ਸਿੰਘ ਜੀ ਬੜੇ ਉਦਾਸ-ਚਿੱਤ ਅੰਮ੍ਰਿਤਸਰ ਸਾਹਿਬ ਪਹੁੰਚੇ।

ਏਥੇ ਇਹਨਾਂ ਨੂੰ ਇੱਕ ਪ੍ਰੇਮੀ ਨੇ ਦੱਸਿਆ ਕਿ ਸੰਤ ਜੀ ਮਹਾਰਾਜ ਰਾਜਾਸਾਂਸੀ ਹਨ। ਇਹ ਖ਼ਬਰ ਸੁਣ ਕੇ ਭਾਈ ਗੁਲਾਬ ਸਿੰਘ ਜੀ ਦਾ ਵੈਰਾਗ ਉੱਛਲ ਪਿਆ ਅਤੇ ਇਹਨਾਂ ਨੇ ਰੋ ਕੇ ਆਖਿਆ ਕਿ ਮੈਂ ਹੁਣ ਦਰਸ਼ਨ ਕਰਨ ਨਹੀਂ ਜਾਂਦਾ ਜੇਕਰ ਸੰਤ ਅੰਤਰਜਾਮੀ ਹਨ ਤਾਂ ਮੈਨੂੰ ਇੱਥੇ ਹੀ ਦਰਸ਼ਨ ਦੇਣਗੇ।

ਹਿਰਦੇ ਵਿੱਚ ਇਹ ਤੀਬਰ ਇੱਛਾ ਧਾਰ ਭਾਈ ਗੁਲਾਬ ਸਿੰਘ ਜੀ ਹਰਿਮੰਦਰ ਸਾਹਿਬ ਗਏ। ਉੱਥੋਂ ਜਦ ਕੜਾਹ-ਪ੍ਰਸ਼ਾਦ ਲੈ ਕੇ ਬਾਹਰ ਨਿਕਲੇ ਤਦ ਸੰਤ ਜੀ ਦੇ ਪ੍ਰਤੱਖ ਦਰਸ਼ਨ ਕਰਦੇ ਹੀ ਚਰਨਾਂ 'ਤੇ ਢਹਿ ਪਏ। ਜਦ ਨਮਸਕਾਰ ਕਰਕੇ ਉੱਠੇ ਤਦ ਇਹਨਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿਉਂਕਿ ਸੰਤ ਉੱਥੇ ਨਜ਼ਰ ਨਾ ਆਏ। ਅੱਖੀਆਂ ਮਲੀਆਂ, ਚਾਰੇ ਪਾਸੇ ਦੇਖਿਆ, ਪਰ ਉਹ ਪਵਿੱਤਰ ਵਿਅਕਤੀ, ਜਿਸ ਦੇ ਚਰਨ ਹੁਣੇ ਹੀ ਚੁੰਮੇ ਸਨ, ਕਿਧਰੇ ਦ੍ਰਿਸ਼ਟ ਵਿੱਚ ਨਾ ਆਇਆ। ਭਾਈ ਸਾਹਿਬ ਜੀ ਦੀ ਵਿਆਕੁਲਤਾ ਦੀ ਕੋਈ ਹੱਦ ਨਾ ਰਹੀ,

ਵੈਰਾਗ ਵਿੱਚ ਰੁਦਨ ਕਰਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਵੱਲ ਟੁਰ ਪਏ। ਰਸਤੇ ਵਿੱਚ ਇੱਕ ਭਾਈ ਨੰਦ ਸਿੰਘ ਜੀ ਮਿਲੇ। ਉਹਨਾਂ ਨੇ ਬੜੇ ਪ੍ਰੇਮ ਨਾਲ ਪੁੱਛਿਆ ਕਿ ਗੁਲਾਬ ਸਿੰਘ ਜੀ! ਤੁਸੀਂ ਰੋਂਦੇ ਕਿਉਂ ਹੋ? ਤੁਹਾਨੂੰ ਕੀ ਦੁੱਖ ਹੈ? ਏਸ ਵੇਲੇ ਭਾਈ ਨੰਦ ਸਿੰਘ ਜੀ ਨੂੰ ਇੱਕ ਹੋਰ ਸਿੱਖ ਨੇ ਪੁੱਛਿਆ ਕਿ ਭਾਈ ਸਾਹਿਬ! ਅੱਜਕਲ੍ਹ ਸੰਤ ਕਿੱਥੇ ਹਨ? ਭਾਈ ਨੰਦ ਸਿੰਘ ਜੀ ਨੇ ਉੱਤਰ ਦਿੱਤਾ ਕਿ ਸੰਤ ਜੀ ਮਹਾਰਾਜ ਏਸ ਵੇਲੇ ਤਰਨਤਾਰਨ ਸਾਹਿਬ ਹਨ। ਬੜੇ-ਬੜੇ ਭਾਰੀ ਦੀਵਾਨ ਲੱਗਦੇ ਹਨ ਅਤੇ ਹਜ਼ਾਰਾਂ ਮਾਈ-ਭਾਈ ਹਰ ਰੋਜ ਕਲਗੀਆਂ ਵਾਲੇ ਦੇ ਜਹਾਜ਼ੇ ਚੜ੍ਹਦੇ ਹਨ।

ਇਹ ਗੱਲ ਸੁਣਦੇ ਸਾਰ ਹੀ ਭਾਈ ਗੁਲਾਬ ਸਿੰਘ ਜੀ ਤਰਨਤਾਰਨ ਵੱਲ ਟੁਰ ਪਏ ਅਤੇ ਉੱਥੇ ਅੱਪੜ ਕੇ ਸੰਤ ਜੀ ਮਹਾਰਾਜ ਦਾ ਦੀਦਾਰ ਕੀਤਾ।

ਸੰਤ ਜੀ ਮਹਾਰਾਜ ਨੇ ਹੱਸ ਕੇ ਪੁੱਛਿਆ, ''ਭਾਈ ਗੁਲਾਬ ਸਿੰਘ ਜੀ! ਇੰਨਾ ਚਿਰ ਕਿੱਥੇ ਰਹੇ?'' ਭਾਈ ਗੁਲਾਬ ਸਿੰਘ ਨੇ ਹੱਥ ਜੋੜ ਕੇ ਜਵਾਬ ਦਿੱਤਾ ਕਿ ਜਿੱਥੇ ਆਪ ਰੱਖਿਆ, ਉੱਥੇ ਦਾਸ ਰਿਹਾ। ਆਪ ਨੇ ਫੇਰ ਪੁੱਛਿਆ ਕਿ ਭਾਈ ਨਾਨਕ ਸਿੰਘ ਜੀ ਕਿੱਥੇ ਹਨ? ਉਹਨਾਂ ਨੂੰ ਕਿਹੜੇ ਥਾਂ ਛੱਡ ਆਏ ਹੋ? ਭਾਈ ਗੁਲਾਬ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ! ਉਹਨਾਂ ਦੀ ਛੁੱਟੀ ਪੂਰੀ ਹੋ ਗਈ ਸੀ, ਉਹ ਨੌਕਰੀ ਤੇ ਚਲੇ ਗਏ ਹਨ। ਇਹ ਹਾਲ ਸੁਣ ਕੇ ਸੰਤ ਜੀ ਮੁਸਕਰਾਏ ਅਤੇ ਆਖਿਆ, ''ਹੱਛਾ! ਤਿੰਨ ਮਹੀਨਿਆਂ ਮਗਰੋਂ ਦਰਸ਼ਨ ਮੇਲੇ ਹੋ ਜਾਣਗੇ।''

ਇੱਕ ਦਿਨ ਤਰਨਤਾਰਨ ਸਾਹਿਬ ਸੰਤ ਜੀ ਮਹਾਰਾਜ ਦਾ ਦੀਵਾਨ ਸਜਿਆ ਹੋਇਆ ਸੀ। ਦੋ-ਤਿੰਨ ਬੁਢੇ-ਬੁਢੇ ਪੁਜਾਰੀ ਆਏ ਅਤੇ ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ ਕਿ ਮਹਾਰਾਜ! ਆਪ ਅਨੇਕਾਂ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਉਂਦੇ ਹੋ, ਸਾਰਿਆਂ ਕੋਲੋਂ ਸਵਾ-ਸਵਾ ਰੁਪਿਆ ਲੈ ਕੇ ਗੁਰੂ ਕੀ ਗੋਲਕ ਵਿੱਚ ਭੇਜ ਦਿਆ ਕਰੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅੰਮ੍ਰਿਤ ਅਮੋਲਕ ਵਸਤੂ ਹੈ, ਨੌਂ ਖੰਡ ਪ੍ਰਿਥਵੀ ਦਾ ਰਾਜ ਵੀ ਇਸ ਦਾ ਮੁੱਲ ਨਹੀਂ, ਇਹ ਸਿਰ ਦਿੱਤਿਆਂ ਮਿਲਦਾ ਹੈ। ਅਸੀਂ ਕਿਸੇ ਨੂੰ ਇਸ ਦਾ ਮੁੱਲ ਸਵਾ ਰੁਪਿਆ ਨਹੀਂ ਸੁਣਾ ਸਕਦੇ, ਆਪਣੀ ਸ਼ਰਧਾ ਨਾਲ ਭਾਵੇਂ ਕੋਈ ਤਨ, ਮਨ ਤੇ ਧਨ ਗੁਰੂ ਨੂੰ ਅਰਪਣ ਕਰ ਦੇਵੇ।

ਤਰਨਤਾਰਨ ਤੋਂ ਸੰਤ ਜੀ ਅੰਮ੍ਰਿਤਸਰ ਸਾਹਿਬ ਆਏ। ਇੱਥੇ ਬਿਬੇਕਸਰ ਸਾਹਿਬ ਡੇਰਾ ਕੀਤਾ। ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਪੈਂਦਾ ਅਤੇ ਅਤੁੱਟ ਲੰਗਰ ਚੱਲਦਾ। ਅੰਮ੍ਰਿਤਸਰ ਸਾਹਿਬ ਤੋਂ ਸੰਤ ਫਤਿਹਗੜ੍ਹ ਸਾਹਿਬ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਜਥੇ ਸਮੇਤ ਗਏ ਤੇ ਸ਼ਹੀਦੀ ਦਰਬਾਰ ਦੇ ਸਾਹਮਣੇ ਖੜ੍ਹੇ ਹੋ ਕੇ ਬੜੇ ਵੈਰਾਗ ਵਿੱਚ ਸ਼ਬਦ ਪੜ੍ਹੇ। ਇੱਥੇ ਤਿੰਨ ਦਿਨ ਦੀਵਾਨ ਸਜਦੇ ਰਹੇ ਅਤੇ ਸੋਢੀ ਅਰਜਨ ਸਿੰਘ ਜੀ ਦਾ, ਜਿਨ੍ਹਾਂ ਨੇ ਕਿ ਇੱਕ ਮਸੀਤ ਵਿੱਚ ਮਸਤਗੜ੍ਹ ਸਾਹਿਬ ਗੁਰਦੁਆਰਾ ਅਬਾਦ ਕੀਤਾ ਹੋਇਆ ਸੀ, ਸੰਤ ਜੀ ਮਹਾਰਾਜ ਨਾਲ ਬੜਾ ਪ੍ਰੇਮ ਹੋ ਗਿਆ। ਫਤਹਿਗੜ੍ਹ ਸਾਹਿਬ ਤੋਂ ਸੰਤ ਜੀ ਮਸਤਗੜ੍ਹ ਸਾਹਿਬ ਗਏ ਅਤੇ ਕੁਝ ਦਿਨ ਉੱਥੇ ਬਿਰਾਜੇ। ਫੇਰ ਸੋਢੀ ਸਾਹਿਬ ਦੇ ਪ੍ਰੇਮ ਕਰ ਕੇ ਇਲਾਕੇ ਵਿੱਚ ਦੌਰਾ ਕੀਤਾ। ਸ਼ਬਦ ਦਾ ਬੜਾ ਪ੍ਰਵਾਹ ਚੱਲਿਆ ਅਤੇ ਅਨੇਕਾਂ ਮਾਈ-ਭਾਈ ਨੇ ਅੰਮ੍ਰਿਤ ਪਾਨ ਕੀਤਾ। ਦੌਰਾ ਕਰਦੇ-ਕਰਦੇ ਸੰਤ ਜੀ ਮਾਘੀ ਦੇ ਜੋੜ ਮੇਲੇ ਤੇ ਮੁਕਤਸਰ ਸਾਹਿਬ ਅੱਪੜੇ ਅਤੇ ਫਿਰ ਇਸ ਇਲਾਕੇ ਵਿੱਚ ਦੌਰਾ ਕੀਤਾ। ਅਨੇਕਾਂ ਜੀਵਾਂ ਦਾ ਉਧਾਰ ਹੋਇਆ। ਇਸ ਦੌਰੇ ਵਿੱਚ ਸੰਤ ਜੀ ਮਹਾਰਾਜ ਭਾਈ ਅਮੋਲਕ ਸਿੰਘ ਦੇ ਪਿੰਡ ਗਏ। ਇਹ ਗੁਰੂ ਕਾ ਸਿੱਖ ਕਰਾਚੀ ਮਨੋਰੇ ਸ਼ਹੀਦ ਹੋਇਆ ਸੀ। ਇਸ ਦੇ ਨਮਿਤ ਸੰਤ ਜੀ ਨੇ ਅਖੰਡ ਪਾਠ ਰਖਵਾਇਆ ਅਤੇ ਬੜਾ ਭਾਰੀ ਜੱਗ (ਗੁਰੂ ਦਾ ਲੰਗਰ) ਕੀਤਾ। ਫਿਰ ਹੋਰ ਨਗਰਾਂ ਵਿੱਚ ਵਿਚਰਦੇ-ਵਿਚਰਦੇ ਸੰਤ ਜੀ ਲੱਖੀ

ਬੇਬੇ ਰਤਨ ਕੌਰ ਜੀ
(ਜਿਨ੍ਹਾ ਦਾ ਸੰਤ ਜੀ ਮਹਾਰਾਜ ਨਾਲ ਬੜਾ ਪ੍ਰੇਮ ਸੀ)

ਖੱਬੇ ਪਾਸਿਓਂ – ਭਾਈ ਬਖ਼ਤਾਵਰ ਸਿੰਘ ਜੀ, ਪੁਸਤਕ ਕਰਤਾ,
ਨੰਬਰਦਾਰ ਹਰਨਾਮ ਸਿੰਘ ਜੀ, ਸੰਤ ਭਾਨ ਪ੍ਰਕਾਸ਼ ਜੀ ।

ਜੰਗਲ ਪਹੁੰਚੇ। ਇੱਥੇ ਕਲਗੀਆਂ ਵਾਲੇ ਸਤਿਗੁਰੂ ਅਤੇ ਉਹਨਾਂ ਦੇ ਫਿਰਾਕ (ਵਿਯੋਗ) ਦੇ ਕੁੱਠੇ ਸਿੱਖਾਂ ਦੇ ਮਿਲਾਪ ਦਾ ਇੱਕ-ਦੋ ਦਿਨ ਰੰਗ ਮਾਣਿਆ:

ਲੱਖੀ ਜੰਗਲ ਖਾਲਸਾ ਆਇਿ ਦੀਦਾਰ ਲਗੋ ਨੇ।
ਸੁਣ ਕੈ ਸੱਦ ਮਾਹੀ ਦਾ ਮੇਂਹੀ ਪਾਣੀ ਘਾਹੁ ਮਤੋ ਨੇ।
ਕਿਸੇ ਨਾਲ ਨਾ ਰਲੀਆ ਕਾਈ ਕੋਈ ਸਉਕ ਪਿਯੋ ਨੇ।
ਗਿਆ ਫਿਰਾਕ ਮਿਲਿਆ ਮਿਤ ਮਾਹੀ ਤਾਹੀ ਸ਼ੁਕਰ ਕਿਤੋ ਨੇ।

ਦਮਦਮਾ ਸਾਹਿਬ ਵਿਸਾਖੀ 'ਤੇ ਆਏ ਅਤੇ ਜੋੜ-ਮੇਲੇ ਦਾ ਅਨੰਦ ਲਿਆ। ਇੱਥੋਂ ਸਾਰਾ ਜਥਾ ਪੋਠੋਹਾਰ ਵੱਲ ਤੋਰ ਦਿੱਤਾ, ਸਿਰਫ਼ ਦੋ ਸਰੀਰ ਭਾਈ ਕਲਿਆਣ ਸਿੰਘ ਜੀ ਅਤੇ ਭਾਈ ਬੂਟਾ ਸਿੰਘ ਜੀ ਨਾਲ ਰੱਖੇ। ਸਤਿਗੁਰੂ ਕਲਗੀਆਂ ਵਾਲੇ ਦੀ ਹਾਜ਼ਰੀ ਭਰਨ ਦੇ ਮਗਰੋਂ ਸੰਤ ਜੀ ਆਪਣੇ ਦੋ ਸਾਥੀਆਂ ਸਮੇਤ ਸਿੱਧੇ ਜਵਾਹਰਕੀ ਨਗਰ ਆਏ, ਜਿਹੜਾ ਮਾਨਸਾ ਤੋਂ ਤਿੰਨ ਕੁ ਮੀਲ ਦੇ ਫਾਸਲੇ 'ਤੇ ਰਜਵਾਹੇ ਦੇ ਕੰਢੇ 'ਤੇ ਵੱਸਦਾ ਹੈ। ਇੱਥੇ ਸੰਤ ਜੀ ਮਹਾਰਾਜ ਦੀ ਭੈਣ ਬੇਬੇ ਰਤਨ ਕੌਰ ਬਹੁਤ ਚਿਰ ਤੋਂ ਸੰਤ ਜੀ ਦੇ ਦਰਸ਼ਨਾਂ ਨੂੰ ਤਰਸ ਰਹੀ ਸੀ।

ਇਸ ਸਿੱਕ ਵਿੱਚ ਵਿਸਾਖੀ ਤੋਂ ਦੂਜੇ ਦਿਨ ਜਦ ਬੇਬੇ ਘਰ ਵਿੱਚੋਂ ਬਹੁਕਰ ਫੇਰ ਕੇ ਛੇ ਕੁ ਵਜੇ ਬਾਹਰ ਕੂੜਾ ਸੁੱਟਣ ਨਿਕਲੀ ਤਾਂ ਕੀ ਵੇਖਦੀ ਹੈ। ਇੱਕ ਸਾਧੂ ਸਿਰ 'ਤੇ ਭੂਰੀ ਦਾ ਦਸਤਾਰਾ, ਮੋਢੇ 'ਤੇ ਕਾਲੀ ਕੰਬਲੀ, ਬੁਰਜੀ ਨਾਲ ਲੱਗਾ ਖੜ੍ਹਾ ਹੈ। ਜਦ ਬੇਬੇ ਨੇ ਗਹੁ ਨਾਲ ਦੇਖਿਆ ਤਦ ਪਛਾਣ ਲਿਆ ਕਿ ਇਹ ਤਾਂ ਮੇਰਾ ਚਿਰਾਂ ਦਾ ਵਿੱਛੜਿਆ ਹੋਇਆ ਵੀਰ ਹੈ। ਬੇਬੇ ਭੱਜ ਕੇ ਕੋਲ ਆ ਗਈ ਅਤੇ ਵੀਰ ਨੂੰ ਛਾਤੀ ਨਾਲ ਲਾਇਆ। ਫੇਰ ਸੰਤ ਜੀ ਨੇ ਆਪਣੀ ਵੱਡੀ ਭੈਣ ਦੇ ਚਰਨ ਪਰਸੇ ਤੇ ਘਰ ਵਿੱਚ ਆ ਗਏ। ਜਦ ਭੈਣ ਮੰਜੀ ਡਾਹੁਣ ਲੱਗੀ ਤਦ ਸੰਤਾਂ ਨੇ ਰੋਕ ਦਿੱਤਾ ਅਤੇ ਮੂੜ੍ਹੇ ਤੇ ਭੈਣ ਜੀ ਦੇ ਪਾਸ ਬੈਠ ਗਏ ਅਤੇ ਹੱਸ ਕੇ ਆਖਿਆ, "ਬੇਬੇ ਜੀ! ਤੁਹਾਡਾ ਸਾਡੇ ਨਾਲ ਬੇਬੇ ਨਾਨਕੀ ਜੀ ਵਾਲਾ ਪ੍ਰੇਮ ਹੈ। ਅੱਜ ਅੰਮ੍ਰਿਤ ਵੇਲੇ ਜਦ ਇਸ਼ਨਾਨ ਕਰਦੇ ਸੀ ਤਦ ਖਿੱਚ ਹੋਈ ਸੀ ਕਿ ਬੇਬੇ ਜੀ ਯਾਦ ਕਰਦੇ ਹਨ, ਚੱਲੋ ਦਰਸ਼ਨ-ਮੇਲਾ ਕਰ ਆਈਏ। ਉਸ ਵੇਲੇ ਅਸੀਂ ਟੁਰ ਪਏ ਅਤੇ ਸਿੱਧੇ ਤੁਹਾਡੇ ਪਾਸ ਹੀ ਅੱਪੜੇ ਹਾਂ।" ਫੇਰ ਬੇਬੇ ਪ੍ਰਸ਼ਾਦ ਤਿਆਰ ਕਰਦੀ ਰਹੀ ਅਤੇ ਸੰਤ ਜੀ ਭਾਈ ਬਾਲੇ ਦੀ ਜਨਮ ਸਾਖੀ ਪੜ੍ਹਦੇ ਰਹੇ। ਗੁਰੂ ਨਾਨਕ ਸਾਹਿਬ ਅਤੇ ਬੇਬੇ ਨਾਨਕੀ ਦੇ ਪ੍ਰੇਮ ਦਾ ਇੱਕ ਪ੍ਰਸੰਗ ਸੁਣਾਇਆ। ਹੁਣ ਪ੍ਰਸ਼ਾਦ ਤਿਆਰ ਹੋ ਗਿਆ ਤੇ ਭੈਣ ਨੇ ਬੜੇ ਪ੍ਰੇਮ ਨਾਲ ਛਕਾਇਆ। ਫੇਰ ਸੰਤ ਜੀ ਆਪਣੇ ਸਾਥੀਆਂ ਸਮੇਤ ਬਾਹਰ ਜੰਗਲ ਵਿੱਚ ਚਲੇ ਗਏ ਅਤੇ ਸ਼ਾਮ ਦੇ ਵਕਤ ਮੁੜ ਆਏ।

ਦੋ ਦਿਨ ਸੰਤ ਜੀ ਜਵਾਹਰਕੀ ਰਹੇ। ਫੇਰ ਅਛੋਪ ਹੀ ਇੱਥੋਂ ਚੀਮੇਂ ਜਾ ਪਹੁੰਚੇ। ਭਾਈ ਕਲਿਆਣ ਸਿੰਘ ਜੀ ਅਤੇ ਭਾਈ ਬੂਟਾ ਸਿੰਘ ਜੀ ਨਾਲ ਸਨ। ਜਦ ਚੀਮੇਂ ਆਪਣੇ ਖੇਤ ਦੇ ਨੇੜੇ ਅੱਪੜੇ, ਤਦ ਦੂਰੋਂ ਭਾਈ ਹਰਨਾਮ ਸਿੰਘ ਜੀ ਨੰਬਰਦਾਰ ਨੇ ਦੇਖਿਆ ਕਿ ਤਿੰਨ ਸਿੱਖ ਆਉਂਦੇ ਹਨ। ਸੰਤ ਜੀ ਮਹਾਰਾਜ ਨੇ ਭਾਈ ਹਰਨਾਮ ਸਿੰਘ ਜੀ ਨੂੰ ਦੂਰੋਂ ਪਛਾਣ ਲਿਆ ਅਤੇ ਆਪਣੇ ਛੋਟੀ ਉਮਰ ਦੇ ਮਿੱਤਰ ਨੂੰ ਅਵਾਜ਼ ਦਿੱਤੀ। ਭਾਈ ਹਰਨਾਮ ਸਿੰਘ ਜੀ ਨੇ ਵੀ ਬੋਲ ਪਛਾਣ ਲਿਆ, ਦੌੜਿਆ-ਦੌੜਿਆ ਆਇਆ, ਚਰਨਾਂ 'ਤੇ ਸੀਸ ਰੱਖਿਆ, ਸੁੱਖ-ਸਾਂਦ ਪੁੱਛੀ ਅਤੇ ਫੇਰ ਮਾਤਾ ਜੀ ਨੂੰ ਪਿੰਡ ਖ਼ਬਰ ਕਰਨ ਚਲਾ ਗਿਆ। ਸੰਤ ਜੀ ਅਜੇ ਖੇਤ ਵਿੱਚ ਹੀ ਸਨ। ਵਣ ਦੇ ਪਾਸ, ਜਿੱਥੇ ਅੱਜ-ਕੱਲ੍ਹ ਨਾਨਕਸਰ ਸਾਹਿਬ ਗੁਰਦੁਆਰਾ ਹੈ, ਬੈਠ ਗਏ ਅਤੇ ਮਾਤਾ ਜੀ ਪ੍ਰਸ਼ਾਦ ਲੈ ਕੇ ਉੱਥੇ ਹੀ ਆ ਗਏ। ਘਰ ਜਾਣ ਲਈ ਬੇਨਤੀ ਕੀਤੀ, ਪਰ ਸਾਰਾ ਦਿਨ ਬਾਹਰ ਹੀ ਰਹੇ ਅਤੇ ਰਾਤ ਦੇ ਸਮੇਂ ਵੱਡੇ ਡੇਰੇ ਗੁਰਦੁਆਰਾ ਭਾਈ ਬੂਟਾ ਸਿੰਘ ਜੀ ਵਿੱਚ ਆਸਣ ਕੀਤਾ।

ਦੂਜੇ ਦਿਨ ਹੀ ਸੰਤ ਜੀ ਟੁਰਨ ਵਾਸਤੇ ਤਿਆਰ ਹੋ ਗਏ। ਇੱਕ ਪ੍ਰੇਮੀ ਨੇ ਜੁੱਤਾ ਲੁਕਾ ਲਿਆ। ਸੰਤ ਜੀ ਨਾਨਕਸਰ ਸਾਹਿਬ ਵਾਲੀ ਹੀਂਸ ਹੇਠ ਬੈਠੇ। ਜਦ ਦੁਪਹਿਰ ਦੇ ਵਕਤ ਮਾਤਾ ਜੀ ਪ੍ਰਸ਼ਾਦ ਲਿਆਏ, ਸੰਤਾਂ ਨੇ ਬੜੇ ਪ੍ਰੇਮ ਨਾਲ ਛਕਿਆ ਅਤੇ ਗੁਰੂ ਨਾਨਕ ਸਾਹਿਬ ਦੀ ਇੱਕ ਛੋਟੀ ਤਸਵੀਰ 'ਤੇ ਇੱਕ ਦਮੜਾ ਨਾਨਕ ਸ਼ਾਹੀ ਮਾਤਾ ਜੀ ਨੂੰ ਦਿੱਤਾ। ਫੇਰ ਸੰਤ ਜੀ ਬਿਰਾਜ ਗਏ ਅਤੇ ਘੰਟਾ ਕੁ ਹੀ ਲੇਟ ਕੇ ਨੰਗੀ ਪੈਰੀਂ ਸ਼ਾਹ ਪੁਰ ਤੋਂ ਹੁੰਦੇ ਹੋਏ ਲੌਂਗੋਵਾਲ ਜਾ ਪਹੁੰਚੇ। ਇੱਥੇ ਭਾਈ ਮਨੀ ਸਿੰਘ ਸਾਹਿਬ ਜੀ ਦੇ ਜਨਮ ਦੀ ਜਗ੍ਹਾ 'ਤੇ ਇੱਕ ਝੁੱਗੀ ਵਿੱਚ ਡੇਰਾ ਕੀਤਾ। ਇੱਥੋਂ ਸੰਤ ਕਟੂ ਆ ਗਏ ਅਤੇ ਕੁਝ ਦਿਨ ਭਾਈ ਵਰਿਆਮ ਸਿੰਘ ਜੀ ਪਾਸ ਠਹਿਰੇ। ਜਿਸ ਦਿਨ ਸੰਤ ਜੀ ਚੀਮੇਂ ਆਏ ਸਨ, ਉਸ ਦਿਨ ਸੂਬੇਦਾਰ ਦਲੇਲ ਸਿੰਘ ਕਿਧਰੇ ਬਾਹਰ ਗਿਆ ਹੋਇਆ ਸੀ। ਜਦ ਉਹ ਮੁੜ ਕੇ ਆਪਣੇ ਨਗਰ ਆਇਆ, ਤਦ ਉਸ ਨੂੰ ਪਤਾ ਲੱਗਾ ਕਿ ਸੰਤ ਜੀ ਪਿੰਡ ਆਏ ਸਨ ਅਤੇ ਇਸ ਵੇਲੇ ਕਟੂ ਹਨ। ਉਹ ਸੰਤ ਜੀ ਮਹਾਰਾਜ ਦੇ ਮਗਰ ਗਿਆ ਅਤੇ ਆਪਣੀ ਬੀਬੀ ਦੇ ਅਨੰਦ ਦੀ ਮਠਿਆਈ ਨਾਲ ਲੈ ਗਿਆ। ਜਦ ਕਟੂ ਪਹੁੰਚਿਆ ਤਦ ਬੜੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਨੂੰ ਮੱਥਾ ਟੇਕਿਆ ਅਤੇ ਮਠਿਆਈ ਭੇਟਾ ਅੱਗੇ ਧਰੀ। ਸੰਤ ਜੀ ਮਹਾਰਾਜ ਨੇ ਆਖਿਆ ਕਿ ਸੂਬੇਦਾਰ ਸਾਹਿਬ! ਏਨੀ ਖੇਚਲ ਕਿਉਂ ਕਰਨੀ ਸੀ? ਸੂਬੇਦਾਰ ਦਲੇਲ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਮੇਰਾ ਪਰਿਵਾਰ ਤਾਂ ਮਠਿਆਈ ਖਾਏ ਅਤੇ ਤੁਸੀਂ ਨਾ ਖਾਓ! ਸੰਤ ਜੀ ਮਹਾਰਾਜ ਇਹ ਸਧਾਰਨ, ਪ੍ਰੇਮ ਦਾ ਬਚਨ ਸੁਣ ਕੇ ਬੜੇ ਅਨੰਦ ਹੋਏ ਅਤੇ ਉਸੇ ਵੇਲੇ ਮਠਿਆਈ ਖਾਣ ਲੱਗ ਪਏ ਅਤੇ ਬਾਕੀ ਦੀ ਸਾਧ-ਸੰਗਤ ਵਿੱਚ ਵਰਤਾਈ।

ਕਟੂ ਤੋਂ ਸੰਤ ਅੰਮ੍ਰਿਤਸਰ ਸਾਹਿਬ ਗਏ। ਏਥੇ ਸੰਤ ਜੀ ਮਹਾਰਾਜ ਦੇ ਜਥੇ ਦੇ ਕੁਝ ਸਰੀਰ, ਜੋ ਕਿ ਦਮਦਮੇ ਸਾਹਿਬ ਤੋਂ ਪਿੱਛੇ ਮੋੜ ਦਿੱਤੇ ਗਏ ਸਨ, ਸੰਤ ਜੀ ਨੂੰ ਮਿਲ ਪਏ। ਅੰਮ੍ਰਿਤਸਰ ਸਾਹਿਬ ਤੋਂ ਸੰਤ ਜੀ ਨੂੰ ਸੇਠ ਰਤਨ ਸਿੰਘ ਕੋਹਾਟ ਲੈ ਗਿਆ ਅਤੇ ਕੁਝ ਦਿਨ ਬੜੇ ਪ੍ਰੇਮ ਨਾਲ ਸੇਵਾ ਕੀਤੀ। ਕੋਹਾਟ ਦੀ ਸਾਧ-ਸੰਗਤ ਦਰਸ਼ਨ ਕਰ ਕੇ ਬੜੀ ਨਿਹਾਲ ਹੋਈ ਅਤੇ ਫੌਜੀ ਸਿੱਖ ਟੁੱਟ ਕੇ ਸੰਤ ਜੀ ਮਹਾਰਾਜ ਦੇ ਚਰਨ ਪਰਸਨ ਲਈ ਆਏ। ਏਥੇ ਸੰਤ ਜੀ ਮਹਾਰਾਜ ਦੇ ੫੪ ਨੰਬਰ ਪਲਟਨ ਵਿੱਚ ਅੰਮ੍ਰਿਤ ਛਕਣ, ਭਾਈ ਜੋਧ ਸਿੰਘ ਦੀ ਸੇਵਾ ਕਰਨ, ਅਤੁੱਟ ਬੰਦਗੀ ਕਰਨ ਅਤੇ ਫੇਰ ਵੈਰਾਗ ਵਿੱਚ ਹਜ਼ੂਰ ਸਾਹਿਬ ਜਾ ਕੇ ਤਪ ਕਰਨ ਦਾ ਹਰ ਇੱਕ ਸਿਪਾਹੀ ਬੱਚੇ ਨੂੰ ਪਤਾ ਸੀ।

ਨਾਮ-ਬਾਣੀ ਦਾ ਬੜਾ ਪ੍ਰਵਾਹ ਚੱਲਿਆ। ਫੇਰ ਫੌਜੀ ਸਿੱਖ ਅਤੇ ਸ਼ਹਿਰ ਦੇ ਪ੍ਰੇਮੀ ਸਤਿਨਾਮ ਦੀ ਰੰਗਣ ਵਿੱਚ ਰੰਗੇ ਗਏ। ਦੁਪਹਿਰ ਦੇ ਪ੍ਰਸ਼ਾਦ ਮਗਰੋਂ ਸੰਤ ਜੀ ਬਾਹਰ ਜਾ ਕੇ ਸ਼ਹਿਰ ਤੋਂ ਕੁਝ ਮੀਲ ਦੇ ਫ਼ਾਸਲੇ 'ਤੇ ਨਾਲੇ ਤੋਂ ਪਾਰ ਇੱਕ ਪਹਾੜ ਦੀ ਕੰਦਰਾ ਵਿੱਚ ਜਾ ਬਿਰਾਜਦੇ। ਇੱਥੇ ਸ਼ਹਿਰ ਤੋਂ ਬੇਅੰਤ ਮਾਈ-ਭਾਈ ਆ ਜਾਂਦੇ ਅਤੇ ਬੜਾ ਭਾਰੀ ਮੇਲਾ ਲੱਗ ਜਾਂਦਾ। ਸੰਗਤਾਂ ਦਾ ਇਹ ਪ੍ਰੇਮ ਅਤੇ ਕੁਦਰਤੀ ਇਕਾਂਤ ਦੇਖ ਕੇ ਸੰਤ ਜੀ ਮਹਾਰਾਜ ਨੇ ਸੋਦਰੁ ਦਾ ਦੀਵਾਨ ਨਾਲੇ ਦੀ ਰੇਤ ਦੇ ਪਰਲੇ ਮੈਦਾਨ ਵਿੱਚ ਲਾਉਣਾ ਸ਼ੁਰੂ ਕਰ ਦਿੱਤਾ।

ਬੜਾ ਰੰਗ ਬਣਦਾ ਰਿਹਾ ਅਤੇ ਬਹੁਤ ਸਾਰੇ ਪਠਾਣਾਂ ਨੇ ਦੀਦਾਰ ਕਰਕੇ ਸਤਿਗੁਰੂ ਨਾਨਕ ਦਾ ਜਸ ਸੁਣਿਆ। ਸੰਗਤ ਨੇ ਇੱਥੇ ਗੁਰੂ ਗ੍ਰੰਥ ਸਾਹਿਬ ਲਿਆਉਣ ਲਈ ਬੇਨਤੀ ਕੀਤੀ, ਪਰ ਸੰਤ ਜੀ ਮਹਾਰਾਜ ਨੇ ਮਨ੍ਹਾਂ ਕਰ ਦਿੱਤਾ ਕਿ ਨਾ ਜਾਣੀਏ, ਕੋਈ ਨਿਰਾਦਰੀ ਕਰ ਬੈਠੇ।

ਕੋਹਾਟ ਤੋਂ ਭਾਈ ਘਰਬਾਰਾ ਸਿੰਘ ਜੀ ਆ ਕੇ ਸੰਤ ਜੀ ਮਹਾਰਾਜ ਨੂੰ ਡੇਰੇ ਖ਼ਾਲਸੇ ਲੈ ਗਏ। ਉੱਥੇ ਉਹਨਾਂ ਨੇ ਨਵਾਂ ਮਕਾਨ ਬਣਾਇਆ ਸੀ, ਉਸ ਵਿੱਚ ਸੰਤ ਜੀ ਮਹਾਰਾਜ ਪਾਸੋਂ ਅਖੰਡ ਪਾਠ ਰਖਾਉਣਾ ਸੀ।

ਕਾਂਡ ੨੯

ਮ ਃ ੩॥

ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥
ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥
ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥
ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥
ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥੧੪॥(੬੪੮)

ਸੰਤ ਜੀ ਦੀ ਮਾਤਾ ਦਾ ਸੰਗਤ ਰੂਪ ਹੋਣਾ

ਡੇਰੇ ਖ਼ਾਲਸੇ ਸੰਤ ਜੀ ਮਹਾਰਾਜ ਨੇ ਪਹਿਲਾਂ ਤਾਂ ਸਰਦਾਰ ਘਰਬਾਰਾ ਸਿੰਘ ਜੀ ਅਤੇ ਮਾਈ ਭਾਗਵੰਤੀ ਦੇ ਘਰ ਡੇਰਾ ਕੀਤਾ, ਦੂਜੇ ਦਿਨ ਅਖੰਡ ਪਾਠ ਦੇ ਭੋਗ 'ਤੇ ਜੱਗ (ਗੁਰੂ ਦਾ ਲੰਗਰ) ਦੇ ਮਗਰੋਂ ਸੰਤ ਜੀ ਮਹਾਰਾਜ ਸੱਤ ਦਿਨ ਇੱਥੇ ਹੀ ਠਹਿਰੇ, ਫੇਰ ਗੁਫਾ ਵਿੱਚ ਚਲੇ ਗਏ। ਇੱਥੇ ਸੰਤ ਜੀ ਮਹਾਰਾਜ ਦੇ ਜਥੇ ਦੇ ਸਾਰੇ ਸਰੀਰ ਇਕੱਠੇ ਹੋ ਗਏ। ਸੋਲਾਂ ਸਰੀਰ ਤਾਂ ਕੋਹਾਟ ਤੋਂ ਉਨ੍ਹਾਂ ਨਾਲ ਆਏ ਸੀ, ਦਸਾਂ ਦਿਨਾਂ ਵਿੱਚ ਹੀ ਪੰਜਾਹ ਸੱਠ ਦੀ ਗਿਣਤੀ ਹੋ ਗਈ ਅਤੇ ਗੁਫਾ ਵਿੱਚ ਫੇਰ ਗਹਿਮਾ-ਗਹਿਮ ਹੋ ਗਈ। ਪੁਰਾਣੇ ਸਤਿਸੰਗੀ ਗਿਆਨੀ ਭਾਈ ਸੁੰਦਰ ਸਿੰਘ ਜੀ ਅਤੇ ਹੋਰ ਕਈ ਸੱਜਣ ਦਰਸ਼ਨਾਂ ਨੂੰ ਆਏ ਅਤੇ ਸੰਤ ਜੀ ਮਹਾਰਾਜ ਪਾਸ ਸਤਿਸੰਗ ਦਾ ਰੰਗ ਮਾਣਨ ਲਈ ਟਿੱਕ ਗਏ।

ਡੇਰੇ ਖ਼ਾਲਸੇ ਸੰਤ ਜੀ ਮਹਾਰਾਜ ਨੂੰ ਇੱਕ ਮਹੀਨਾ ਆਇਆਂ ਨੂੰ ਹੋਇਆ ਸੀ ਕਿ ਮਾਤਾ ਭੋਲੀ ਜੀ ਦੀ ਚਿੱਠੀ ਆਈ ਕਿ ਮੈਨੂੰ ਛੋਟਾ ਪੁੱਤਰ ਜੈ ਸਿੰਘ ਤੰਗ ਕਰਦਾ ਹੈ, ਕਦੀ-ਕਦੀ ਮਾਰਨ ਵੀ ਲੱਗ ਪੈਂਦਾ ਹੈ ਤੇ ਆਖਦਾ ਹੈ ਕਿ ਜਿਸ ਪੁੱਤਰ ਨੂੰ ਤੂੰ ਬਹੁਤਾ ਦਹੀਂ, ਮੱਖਣ ਖਵਾਉਂਦੀ ਸੀ, ਉਸੇ ਪਾਸ ਜਾ! ਏਧਰ ਮਾਤਾ ਜੀ ਨੇ ਚਿੱਠੀ ਤਾਂ ਡੇਰੇ ਖ਼ਾਲਸੇ ਪਾਈ ਅਤੇ ਆਪ ਇੱਕ ਪ੍ਰੇਮੀ ਨਾਲ ਤਰਨਤਾਰਨ ਸਾਹਿਬ ਚਲੇ ਗਏ। ਜਿਸ ਵੇਲੇ ਸੰਤ ਜੀ ਨੂੰ ਮਾਤਾ ਜੀ ਦੀ ਪਤ੍ਰਕਾ ਮਿਲੀ, ਉਸੇ ਵੇਲੇ ਇੱਕ ਗੁਰਮੁਖ ਸੱਜਣ ਨੂੰ ਮਾਤਾ ਜੀ ਦੇ ਲੈਣ ਵਾਸਤੇ ਤਰਨਤਾਰਨ ਸਾਹਿਬ ਭੇਜਿਆ। ਜਦ ਮਾਤਾ ਜੀ ਡੇਰੇ ਖ਼ਾਲਸੇ ਪਹੁੰਚੇ, ਤਾਂ ਗੁਫਾ ਵਿੱਚ ਸ਼ਾਮ ਦਾ ਦੀਵਾਨ ਸਜਿਆ ਹੋਇਆ ਸੀ ਅਤੇ ਬਹੁਤ ਸਾਰੀ ਸੰਗਤ ਸ਼ਬਦ ਕੀਰਤਨ ਦਾ ਅਨੰਦ ਲੈ ਰਹੀ ਸੀ। ਮਾਤਾ ਜੀ ਸਿੱਧੇ ਦੀਵਾਨ ਵਿੱਚ ਆਏ (ਸ਼ਾਮ ਵੇਲੇ ਪੋਠੋਹਾਰ ਦੀ ਰੀਤੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਨਹੀਂ ਹੁੰਦੇ)। ਇਹਨਾਂ ਨੂੰ ਦੂਰੋਂ ਦੇਖਦਿਆਂ ਹੀ ਸੰਤ ਜੀ ਮਹਾਰਾਜ ਹੱਥ ਜੋੜ ਕੇ ਖੜੇ ਹੋ ਗਏ ਅਤੇ ਚਰਨਾਂ 'ਤੇ ਸੀਸ ਧਰਿਆ। ਫੇਰ ਹੱਸ ਕੇ ਪੁਛਿਆ, "ਮਾਤਾ ਜੀ! ਅਸੀਂ ਕੋਈ ਮਾੜੇ ਕੰਮ ਤਾਂ ਨਹੀਂ ਲੱਗੇ?" ਮਾਤਾ ਜੀ ਨੇ ਭੋਲੇ-ਭਾਇ ਜਵਾਬ ਦਿਤਾ, 'ਨਹੀਂ ਪੁੱਤਰ।'

ਏਸ ਵੇਲੇ ਮਾਤਾ ਜੀ ਦੇ ਬਸਤਰ ਸਾਧਾਰਨ ਮਾਲਵੇ ਦੀ ਬਣਤਰ ਦੇ ਸਨ: ਹਲਵਾਨ ਦੀ ਘੱਗਰੀ, ਛੋਟੀ ਕੁੜਤੀ ਅਤੇ ਸਿਰ 'ਤੇ ਖੱਦਰ ਦੀ ਚਾਦਰ। ਸੰਗਤ ਵਿੱਚੋਂ ਦੂਰੋਂ ਆਉਂਦਿਆਂ ਕਿਸੇ ਨੇ ਨਹੀਂ ਪਹਿਚਾਨਿਆ ਕਿ ਮਾਤਾ ਜੀ ਆ ਰਹੇ ਹਨ, ਪਰ ਸੰਤ ਜੀ ਮਹਾਰਾਜ ਨੇ ਮੱਥਾ ਟੇਕਿਆ, ਤਦ ਸਭ ਦੇ ਸੀਸ ਨਿਵ ਗਏ ਅਤੇ ਮੁੱਖੋਂ ਸ਼ੇਖ ਫ਼ਰੀਦ ਸਾਹਿਬ ਦੀ ਤੁਕ

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ (੪੮੮)

ਆਪਣੇ-ਆਪ ਹੀ ਨਿਕਲੀ ਅਤੇ ਸੰਤ ਜੀ ਦਾ ਗ਼ਰੀਬੀ ਭਰਿਆ ਸਵਾਲ ਅਤੇ ਮਾਤਾ ਜੀ ਦਾ ਜਵਾਬ ਸੁਣ ਕੇ ਸਭ ਦੇ ਹਿਰਦੇ ਦ੍ਰਵ ਗਏ ਅਤੇ ਨੇਤਰਾਂ ਵਿੱਚੋਂ ਜਲ ਵਹਿ ਟੁਰਿਆ। ਦੀਵਾਨ ਦੇ ਭੋਗ ਮਗਰੋਂ ਸੰਗਤ ਵਿੱਚ ਫਲਾਂ ਦਾ ਪ੍ਰਸ਼ਾਦ ਵਰਤਿਆ। ਮਾਤਾ ਜੀ ਨੂੰ ਕੇਲੇ ਦੀ ਇੱਕ ਛੱਲੀ ਮਿਲੀ। ਏਸ ਨੂੰ ਹੱਥ ਵਿੱਚ ਲੈ ਕੇ ਮਾਤਾ ਭੋਲੀ ਵੇਖਣ ਲੱਗ ਪਈ। ਸੰਤ ਜੀ ਮਹਾਰਾਜ ਨੇ ਮਾਤਾ ਜੀ ਕੋਲੋਂ ਛੱਲੀ ਫੜ ਲਈ ਅਤੇ ਆਪਣੇ ਹੱਥੀਂ ਛਿੱਲ ਕੇ ਛਕਾਈ ਫੇਰ ਪਿੰਡ ਦਾ ਹਾਲ-ਚਾਲ ਪੁੱਛਿਆ ਅਤੇ ਬੀਬੀ ਭਾਗਵੰਤੀ ਨੂੰ ਆਖਿਆ ਕਿ ਮਾਤਾ ਜੀ ਨੂੰ ਘਰ ਲੈ ਜਾਵੋ। ਥੋੜ੍ਹੇ ਦਿਨਾਂ ਮਗਰੋਂ ਮਾਤਾ ਜੀ ਨੇ ਸੰਤ ਜੀ ਮਹਾਰਾਜ ਪਾਸੋਂ ਮਾਲਵੇ ਦੇਸ ਵੱਲ ਜਾਣ ਦੀ ਆਗਿਆ ਮੰਗੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਹੁਣ ਚੂਹੇ ਦੀ ਖੁੱਡ ਵਿੱਚ ਕੀ ਵੜਨਾ ਹੈ, ਸਾਧ ਸੰਗਤ ਵਿੱਚ ਹੀ ਰਹੋ ਅਤੇ ਸੱਚੇ ਦੇਸ ਵਿੱਚ ਅੱਪੜਨ ਦੀ ਤਿਆਰੀ ਕਰੋ! ਮਾਤਾ ਜੀ ਨੇ ਆਖਿਆ, 'ਸਤਿ ਬਚਨ'! ਸੱਤ ਸਾਲ ਮਾਤਾ ਜੀ ਡੇਰੇ ਖ਼ਾਲਸੇ ਹੀ ਰਹੇ। ਜਦ ਜੀ ਕਰਦਾ ਰਾਵਲਪਿੰਡੀ, ਕੱਲਰ, ਕਨੋਹੇ ਸੰਗਤਾਂ ਦਾ ਪ੍ਰੇਮ ਪੂਰਾ ਕਰਨ ਵਾਸਤੇ ਚਲੇ ਜਾਂਦੇ, ਕਦੀ-ਕਦੀ ਅੰਮ੍ਰਿਤਸਰ ਸਾਹਿਬ ਭਾਈ ਗੁਲਾਬ ਸਿੰਘ ਜੀ ਦੇ ਬੁੰਗੇ ਅਤੇ ਤਰਨਤਾਰਨ ਸਾਹਿਬ ਮਾਈ ਰਾਮ ਕੌਰ ਦੇ ਬੁੰਗੇ ਭੀ ਜਾ ਬਿਰਾਜਦੇ।

ਦੋ ਵਰ੍ਹਿਆਂ ਮਗਰੋਂ ਜੈ ਸਿੰਘ ਮਾਤਾ ਜੀ ਨੂੰ ਡੇਰੇ ਖ਼ਾਲਸੇ ਲੈਣ ਲਈ ਆਇਆ ਪਰ ਮਾਤਾ ਜੀ ਨੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ ਤੇ ਉਹ ਅੱਠ ਦਿਨ ਰਹਿ ਕੇ ਘਰ ਮੁੜ ਆਇਆ।

ਅਰਸ਼ੀ ਪਹਿਰਾ

ਮਾਤਾ ਜੀ ਦੇ ਆਉਣ ਦੇ ਮਗਰੋਂ ਸੰਤ ਜੀ ਇੱਕ ਮਹੀਨਾ ਡੇਰੇ ਖ਼ਾਲਸੇ ਹੀ ਬਿਰਾਜੇ। ਇੱਕ ਦਿਨ ਗਿਆਨੀ ਸੁੰਦਰ ਸਿੰਘ ਜੀ ਸੰਤ ਜੀ ਮਹਾਰਾਜ ਦੇ ਪਲੰਘ ਦੇ ਨਾਲ ਸੁੱਤੇ ਪਏ ਸਨ, ਕਿ ਦੇਖਦੇ ਹਨ ਕਿ ਬੜੇ ਭਾਰੀ ਡੀਲ-ਡੌਲ ਸ਼ਸਤਰਧਾਰੀ, ਸੂਰਬੀਰ ਸਿੰਘ, ਨੀਲੇ ਬਸਤਰ ਸਜਾਈ ਤੇ ਕੁੱਤਕ ਫੜੀ ਸੰਤ ਜੀ ਮਹਾਰਾਜ ਦੇ ਪਲੰਘ ਦੇ ਆਲੇ-ਦੁਆਲੇ ਪਹਿਰਾ ਦੇ ਰਹੇ ਹਨ। ਜਦ ਸੰਤ ਜੀ ਮਹਾਰਾਜ ਬਿਰਾਜ ਕੇ ਉੱਠੇ ਤਦ ਗਿਆਨੀ ਜੀ ਨੇ ਸੰਤ ਜੀ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ! ਮੈਂ ਇਹ ਕੌਤਕ ਦੇਖਿਆ ਹੈ, ਕੀ ਇਹ ਨਜ਼ਾਰਾ ਠੀਕ ਹੈ? ਸੰਤ ਜੀ ਮਹਾਰਾਜ ਨੇ ਜਵਾਬ ਦਿੱਤਾ ਕਿ ਭਾਈ ਸੁੰਦਰ ਸਿੰਘ ਜੀ! ਸਭ ਨਾਮੀ ਮਹਾਂਪੁਰਸ਼ਾਂ ਦੇ ਨਾਲ, ਜਿਨ੍ਹਾਂ ਨੇ ਮੈਂ ਮੇਰੀ ਤਿਆਗ ਦਿੱਤੀ ਹੋਵੇ ਅਤੇ ਤਨ-ਮਨ ਸਤਿਗੁਰੂ ਅੱਗੇ ਅਰਪਣ ਕਰ ਦਿੱਤਾ ਹੋਵੇ, ਇਹ ਅਰਸ਼ੀ ਪਹਿਰਾ ਰਹਿੰਦਾ ਹੈ। ਗਿਆਨੀ ਜੀ ਨੇ ਪੁੱਛਿਆ ਕਿ ਮਹਾਰਾਜ ਜੀ! ਇਹ ਪਹਿਰਾ ਰੱਖਿਆ ਕਰਦਾ ਹੈ? ਸੰਤ ਜੀ ਮਹਾਰਾਜ ਨੇ ਜਵਾਬ ਦਿੱਤਾ ਕਿ ਹਾਂ, ਰੱਖਿਆ ਵੀ ਕਰਦਾ ਹੈ ਅਤੇ ਜੋ ਕੋਈ ਉਪਦੇਸ਼ ਹੋਰ ਕਰੇ ਅਤੇ ਕਮਾਈ ਹੋਰ ਕਰੇ ਤਾਂ ਤਾੜਨਾ ਵੀ ਹੁੰਦੀ ਹੈ।

ਇਸ ਤਰ੍ਹਾਂ ਜਦ ਸੰਤ ਜੀ ਮਹਾਰਾਜ ਰਾਵਲਪਿੰਡੀ ਗਏ ਅਤੇ ਸਭਾ ਵਿੱਚ ਬੜਾ ਭਾਰੀ ਦੀਵਾਨ ਸਜਿਆ ਤਦ ਭੀ ਗਿਆਨੀ ਸੁੰਦਰ ਸਿੰਘ ਜੀ ਨੇ ਬੜੇ-ਬੜੇ ਭਾਰੀ ਡੀਲ-ਡੌਲ ਵਾਲੇ ਨਿਹੰਗ ਸਿੰਘ ਪਹਿਰਾ ਦਿੰਦੇ ਦੇਖੇ।

ਮਾਤਾ ਜੀ ਨੂੰ ਤਾਂ ਨਾਮ ਸਿਮਰਨ ਵਿੱਚ ਲਗਾ ਕੇ ਅਤੇ ਮੋਹ-ਫਾਸ ਤੋਂ ਨਿਕਲਣ ਦੀ ਜੁਗਤ ਦੱਸ ਕੇ

ਸੰਤ ਅਤਰ ਸਿੰਘ ਜੀ ਦੀ ਮਾਤਾ ਭੋਲੀ ਕੌਰ ਜੀ

ਸੰਤ ਜੀ ਮਹਾਰਾਜ ਨੇ ਮਾਈ ਭਾਗਭਰੀ ਦੇ ਘਰ ਟਿਕਾ ਦਿੱਤਾ ਅਤੇ ਆਪ ਅਕਾਲ ਪੁਰਖ ਦਾ ਹੁਕਮ ਪੂਰਾ ਕਰਨ ਲਈ ਫੇਰ ਡੇਰੇ ਖ਼ਾਲਸੇ ਤੋਂ ਕੂਚ ਦੀ ਤਿਆਰੀ ਕਰ ਲਈ।

ਮਃ ੨ ॥

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥ (੬੫੩)

ਤਤ ਵੇਤਾ ਪੰਡਤ ਜੀ ਦਾ ਮੇਲ

ਮਾਣਕਿਆਲੇ ਸਟੇਸ਼ਨ ਤੋਂ ਸੰਤ ਜੀ ਸਿੱਧੇ ਹਰਿਦੁਆਰ ਕੁੰਭੀ 'ਤੇ ਗਏ ਅਤੇ ਕਨਖਲ ਬਿਰਕਤ ਕੁਟੀਆ ਵਿੱਚ ਆਸਣ ਕੀਤਾ। ਪੰਡਤ ਈਸ਼ਰ ਸਿੰਘ ਜੀ ਬਿਰਕਤ ਇਨ੍ਹਾਂ ਦਿਨਾਂ ਵਿੱਚ ਏਥੇ ਬਿਰਾਜਮਾਨ ਸਨ। ਹਰ ਰੋਜ਼ ਦੋ ਵੇਲੇ ਕੀਰਤਨ ਲੱਗਦਾ ਅਤੇ ਪੰਡਿਤ ਜੀ ਅਤੇ ਹੋਰ ਸਾਧੂ ਵਿਦਿਆਰਥੀ ਅਨੰਦ ਲੈਂਦੇ। ਏਸ ਸਮੇਂ ਸੰਤ ਜੀ ਮਹਾਰਾਜ ਰਾਗ ਵਿੱਚ ਕੀਰਤਨ ਕਰਦੇ, ਸੁਰ ਪ੍ਰੇਮ ਵਿੱਚ ਸੀ ਤੇ ਪੂਰਨ ਵੈਰਾਗ ਅਤੇ ਪ੍ਰੇਮ ਵਿੱਚ ਸ਼ਬਦ ਪੜ੍ਹਦੇ, ਆਤਮ-ਰਸ ਦਾ ਉਹ ਲਹਿਰਾ ਚੱਲਦਾ ਕਿ ਸਾਰੇ ਸਾਧੂ ਨਿਮਗਨ ਹੋ ਕੇ ਆਪਣੇ-ਆਪ ਵਿੱਚ ਮਸਤ ਜੋ ਜਾਂਦੇ। ਪੰਡਤ ਈਸ਼ਰ ਸਿੰਘ ਜੀ ਸੰਤ ਜੀ ਦਾ ਬੜਾ ਸਨਮਾਨ ਕਰਦੇ ਅਤੇ ਆਪਣੇ ਨਾਲ ਆਸਣ 'ਤੇ ਬੈਠਾਉਂਦੇ ਤੇ ਪੂਰੀ ਉਚ ਕੋਟੀ ਦੇ ਮਹਾਂਪੁਰਖਾਂ ਵਾਂਗਨ ਇਨ੍ਹਾਂ ਨਾਲ ਵਰਤਦੇ। ਇਹ ਦੇਖ ਕੇ ਕਈ ਬਿਰੱਕਤ ਸਾਧੂ ਮਨ ਵਿੱਚ ਤਰਕ ਖਾਂਦੇ, ਪਰ ਪੰਡਤ ਈਸ਼ਰ ਸਿੰਘ ਜੀ ਮਹਾਰਾਜ, ਜੋ ਕਿ ਪੂਰਨ ਸੰਤ ਮਹਾਂਪੁਰਸ਼ ਤੇ ਤੱਤ ਵੇਤਾ ਮਨ ਇਹਨਾਂ ਸਾਧੂਆਂ ਨੂੰ ਸਮਝਾਉਂਦੇ ਅਤੇ ਆਖਦੇ ਕਿ ਇਹ ਤਾਂ ਪੂਰਨ ਅਵਤਾਰ ਹਨ, ਇਨ੍ਹਾਂ ਦਾ ਪ੍ਰਤਾਪ ਬਹੁਤ ਵਧੇਗਾ ਅਤੇ ਜਸ ਸਾਰੀ ਪ੍ਰਿਥਵੀ 'ਤੇ ਚੱਲੇਗਾ।

ਹਰਿਦੁਆਰ ਤੋਂ ਸਾਰੀ ਸਾਧ ਮੰਡਲੀ ਨੂੰ ਸ਼ਬਦ ਨਾਲ ਨਿਵਾ ਕੇ ਸੰਤ ਜੀ ਮਹਾਰਾਜ ਹੁਸ਼ਿਆਰਪੁਰ ਆਏ ਅਤੇ ਏਥੋਂ ਅਨੰਦਪੁਰ ਸਾਹਿਬ ਦਾ ਰਸਤਾ ਲਿਆ। ਹਿਰਦੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਾਹਿਬ ਦੇ ਚਰਨ ਕੰਵਲ ਵਸਾਏ ਅਤੇ ਸਾਰਾ ਰਸਤਾ ਤੇਗ ਦੇ ਧਨੀ ਅਤੇ ਵੈਰਾਗ ਦੇ ਪੁੰਜ ਨੌਵੇਂ ਸਤਿਗੁਰੂ ਅਤੇ ਦੇਗ ਤੇਗ ਦੇ ਸਾਹਿਬ ਚੋਜੀ ਦਸਮੇਸ਼ ਪਿਤਾ ਦੇ ਉੱਚ ਕੌਤਕਾਂ ਦੇ ਨਕਸ਼ੇ ਬਣਾ ਕੇ ਸਾਹਮਣੇ ਆਉਂਦੇ ਰਹੇ।

ਜਦ ਅਨੰਦਪੁਰ ਸਾਹਿਬ ਦੇ ਨਜ਼ਦੀਕ ਅੱਪੜੇ ਤਦ ਦੂਰੋਂ ਹੀ ਪਹਾੜ ਦੀ ਟੇਕਰੀ 'ਤੇ ਉਹ ਅਨੰਦ ਭਵਨ, ਜਿੱਥੇ ਕਿ ਸਰੀਰ ਤੋਂ ਪਰੇ ਹੋ ਕੇ ਗੁਰੂ ਕੇ ਸਿੱਖ ਆਤਮ-ਰਸ ਮਾਣਦੇ ਅਤੇ ਸਤਿਗੁਰੂ ਦੇ ਹੁਕਮ ਵਿੱਚ ਆਪਣੇ ਸਰੀਰ 'ਤੇ ਕਸ਼ਟ ਸਹਾਰ ਕੇ ਸਾਰੀ ਸ੍ਰਿਸ਼ਟੀ ਦੇ ਦੁੱਖਾਂ ਦਾ ਭਾਰ ਵੰਡਾਉਂਦੇ, ਨਜ਼ਰ ਆਇਆ ਸੀਸ ਆਪਣੇ-ਆਪ ਹੀ ਨਿਵ ਗਿਆ ਤੇ ਮੁੱਖੋਂ "ਧੰਨ ਗੁਰ ਤੇਗ ਬਹਾਦਰ ਜੀ, ਧੰਨ ਗੁਰੂ ਗੋਬਿੰਦ ਸਿੰਘ ਜੀ" ਦੀ ਅਵਾਜ਼ ਆਈ। ਸੰਤ ਜੀ ਮਹਾਰਾਜ ਦੀ ਏਸ ਪ੍ਰੇਮ ਦੀ ਲਹਿਰ ਨੇ ਸਾਰੇ ਜਥੇ ਵਿੱਚ ਇਕ ਖਾਸ ਸ਼ਰਧਾ ਦੀ ਰੌਂ ਚਲਾ ਦਿੱਤੀ ਅਤੇ ਸਾਰਿਆਂ ਨੇ ਸਿਰ ਨੀਵਾਂ ਕਰ, ਹਿਰਦੇ ਵਿੱਚ ਸਤਿਗੁਰੂ ਦੇ ਚਰਨ ਵਸਾਏ, ਪਿਆਰੇ ਦੇ ਦੇਸ ਵੱਲ ਇੱਕ ਖਾਸ ਤਾਂਘ ਨਾਲ ਵਧੇ ਕਿ ਕਦ ਉਹ ਅਨੰਦਪੁਰੀ ਆਵੇ ਅਤੇ ਕਦ ਪਿਆਰੇ ਸਤਿਗੁਰੂ ਦੀ ਚਰਨ ਧੂੜ ਮਸਤਕ 'ਤੇ ਲਾਈਏ।

ਇਸੇ ਰੰਗ ਵਿੱਚ ਮਸਤ ਟੁਰੇ ਗਏ, ਤਦ ਹੀ ਪਤਾ ਲੱਗਾ ਜਦ ਹਮਾਇਤੀ ਨਾਲੇ ਵਿੱਚ ਆ ਪਹੁੰਚੇ। ਏਥੋਂ ਲੋਹਗੜ੍ਹ ਦੇ ਅਸਥਾਨ ਤੋਂ ਹੁੰਦਿਆਂ ਛੋਟੇ ਨਾਲੇ ਦੇ ਪਾਰ ਬਾਗ਼ ਵਿੱਚ ਜਾ ਪਹੁੰਚੇ ਅਤੇ ਦੋ-ਤਿੰਨ ਫਰਲਾਂਗ ਟੁਰ ਕੇ ਸ਼ਹਿਰ ਵਿੱਚ ਆ ਗਏ। ਸਾਹਮਣੇ ਦਮਦਮਾ ਸਾਹਿਬ ਨਜ਼ਰ ਆਇਆ, ਜਿੱਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਆਈਆਂ ਸੰਗਤਾਂ ਪਾਸੋਂ ਕਾਰ ਭੇਟਾ ਲੈਂਦੇ ਅਤੇ ਜਿੱਥੇ ਅਨੰਦਪੁਰ ਸਾਹਿਬ ਦੇ ਘੇਰੇ ਦੇ ਵਕਤ ਬਾਬਾ

ਅਜੀਤ ਸਿੰਘ ਜੀ ਨੇ ਠਾਠਾਂ ਮਾਰਦੀਆਂ ਤੁਰਕਾਣੀ ਫੌਜਾਂ ਦਾ ਮੂੰਹ ਮੋੜਿਆ ਅਤੇ ਅਣਗਿਣਤ ਸੂਰਮਿਆਂ ਨੂੰ ਮੌਤ ਦੇ ਘਾਟ ਪਾਰ ਕੀਤਾ।

ਏਥੇ ਸੰਤ ਜੀ ਮਹਾਰਾਜ ਨੇ ਸਾਰੇ ਜਥੇ ਨੂੰ ਠਹਿਰਣ ਦਾ ਹੁਕਮ ਦਿਤਾ। ਪਹਿਲਾਂ ਦਮਦਮੇ ਸਾਹਿਬ ਦੀ ਚਰਨ ਧੂੜ ਮਸਤਕ 'ਤੇ ਲਾਈ, ਫੇਰ ਸਤਿਗੁਰੂ ਤੇਗ ਬਹਾਦਰ ਜੀ ਦੇ ਦੀਵਾਨ ਅਸਥਾਨ ਦੇ ਦਰਸ਼ਨ ਕੀਤੇ, ਜਿੱਥੇ ਕਿ "ਸਰਨਿ ਕੇ ਦਾਤੇ ਬਚਨਿ ਕੇ ਸੂਰੇ" ਸਤਿਗੁਰ ਨੇ ਦੁਖੀ ਅਤੇ ਦੀਨ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਕੇ ਆਪਣੇ-ਆਪ ਨੂੰ ਧਰਮ ਹੇਤ ਬਲੀਦਾਨ ਕਰਨ ਦਾ ਸੰਕਲਪ ਕੀਤਾ ਅਤੇ ਜਿੱਥੇ ਨੌਂ ਸਾਲ ਦੇ ਬਾਲਕ ਦਸਮ ਅਵਤਾਰ ਨੇ ਹੱਥ ਜੋੜ ਕੇ ਆਪਣੇ ਮਹਾਂਪੁਰਖ ਪਿਤਾ ਅੱਗੇ ਇਹ ਅਨੋਖੀ ਬੇਨਤੀ ਕੀਤੀ ਕਿ ਪਿਤਾ ਜੀ! ਜੇ ਧਰਮ ਦੀ ਰਾਖੀ ਲਈ ਇਸ ਵੇਲੇ ਕਿਸੇ ਮਹਾਂਪੁਰਖ ਦੇ ਸੀਸ ਦੇਣ ਦੀ ਲੋੜ ਹੈ, ਤਦ ਆਪ ਤੋਂ ਉੱਚਾ ਮਹਾਂਪੁਰਖ ਇਸ ਸਮੇਂ ਭਾਰਤ ਵਰਸ਼ ਵਿੱਚ ਕੌਣ ਹੈ?

ਦੀਵਾਨ ਅਸਥਾਨ ਦੀ ਯਾਤਰਾ ਦੇ ਮਗਰੋਂ ਸੰਤ ਜੀ ਜਥੇ ਸਮੇਤ ਸਤਿਗੁਰੂ ਦੇ ਮਹਿਲਾਂ ਅੰਦਰ ਗਏ ਅਤੇ ਉਸ ਭੋਰੇ ਦੀ ਚਰਨ-ਧੂੜ ਪਰਸੀ, ਜਿਸ ਵਿੱਚ ਕਿ ਚਾਰੇ ਸਾਹਿਬਜ਼ਾਦਿਆਂ ਨੇ ਜਨਮ ਲਿਆ ਸੀ। ਫੇਰ ਸਾਰੀ ਸੰਗਤ ਸ਼ਹਿਰ ਵਿੱਚੋਂ ਹੁੰਦੀ ਹੋਈ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦ ਗੰਜ ਪਹੁੰਚੀ।

ਏਥੇ ਸਭ ਨਮਸਕਾਰ ਕਰਕੇ ਬੈਠ ਗਏ ਅਤੇ ਸੂਰਮੇ ਸਤਿਗੁਰੂ ਦੇ ਚਰਨ ਕੰਵਲਾਂ ਵਿੱਚ ਚਿੱਤ ਜੋੜਿਆ।

ਧਰਮ ਹੇਤ ਸਾਕਾ ਜਿਨਿ ਕੀਆ, ਸੀਸੁ ਦੀਆ ਪਰ ਸਿਰਰੁ ਨ ਦੀਆ ॥ (ਪਾ: ੧੦)

ਸੰਤ ਜੀ ਮਹਾਰਾਜ ਦਾ ਨੂਰਾਨੀ ਚਿਹਰਾ ਦੇਖ ਕੇ ਬਹੁਤ ਸੰਗਤ ਜੁੜ ਗਈ। ਸੇਵਾਦਾਰ ਨੇ ਇਨ੍ਹਾਂ ਦਾ ਆਸਣ ਏਥੇ ਹੀ ਕਰਾਇਆ ਅਤੇ ਜਲ ਛਕਾਇਆ। ਹੁਣ ਸੋਦਰੁ ਦੇ ਦੀਵਾਨ ਦਾ ਵਕਤ ਆ ਗਿਆ। ਸਭ ਨੇ ਪੰਜ ਇਸ਼ਨਾਨਾ ਸੋਧਿਆ ਤੇ ਦਸ਼ਮੇਸ਼ ਪਿਤਾ ਜੀ ਦੀ ਮੰਜੀ ਸਾਹਿਬ ਦੇ ਪਾਸ, "ਜਿੱਥੇ ਬੈਠ ਕੇ ਸੱਚੇ ਪਾਤਸ਼ਾਹ ਨੇ ਆਪਣੇ ਪਿਤਾ ਜੀ ਦੇ ਸੀਸ ਦਾ ਸਸਕਾਰ ਕੀਤਾ ਸੀ ਅਤੇ ਪ੍ਰਣ ਕੀਤਾ ਸੀ ਕਿ ਅਧਰਮ ਦੀ ਜੜ੍ਹ ਭਾਰਤ ਵਰਸ਼ ਵਿੱਚੋਂ ਪੁੱਟ ਕੇ ਛੱਡਣੀ ਹੈ।" ਦੀਵਾਨ ਸਜਿਆ।

ਦੀਵਾਨ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਅਤੇ ਸਾਰੇ ਜਥੇ ਨੇ ਪੰਗਤ ਲਾਈ ਅਤੇ ਪ੍ਰਸ਼ਾਦ ਛਕ ਕੇ ਸਾਰੇ ਆਪਣੇ-ਆਪਣੇ ਆਸਣਾਂ 'ਤੇ ਬਿਰਾਜ ਗਏ।

ਦੂਸਰੇ ਦਿਨ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਜਥੇ ਸਮੇਤ ਕੇਸਗੜ੍ਹ ਸਾਹਿਬ ਦੇ ਦਰਸ਼ਨ ਕਰਨ ਲਈ ਗਏ। ਤਖ਼ਤ ਸਾਹਿਬ ਤੇ ਨਮਸਕਾਰ ਕਰਕੇ ਜਦ ਸੰਤ ਜੀ ਪ੍ਰਕਰਮਾ ਕਰਨ ਲੱਗੇ ਤਦ ਸੀਸ-ਭੇਟ ਦਾ ਸਾਰਾ ਨਜ਼ਾਰਾ ਸਾਹਮਣੇ ਆ ਗਿਆ ਓਧਰ ਉੱਚੀ ਟੇਕਰੀ ਤੇ ਤਖ਼ਤ ਉੱਪਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਿਰਾਜਮਾਨ ਹਨ ਅਤੇ ਸਾਹਮਣੇ ਸੱਠ ਅੱਸੀ ਹਜ਼ਾਰ ਸਿੱਖ ਹੱਥ ਜੋੜ ਕੇ ਇੱਕ-ਟਕ ਚਕੋਰ ਵਤ ਸਤਿਗੁਰੂ ਦਾ ਦਰਸ਼ਨ ਕਰ ਰਹੇ ਹਨ। ਛਿਨ ਵਿੱਚ ਰੰਗ ਬਦਲ ਜਾਂਦਾ ਹੈ। ਸਤਿਗੁਰੂ ਨੰਗੀ ਤਲਵਾਰ ਫੜੀ ਤਖ਼ਤ 'ਤੇ ਖੜੇ ਹੋ ਜਾਂਦੇ ਹਨ। ਨੇਤਰ ਲਾਲ ਹਨ, ਉੱਚੀ ਅਵਾਜ਼ ਵਿੱਚ ਪੁਕਾਰ ਰਹੇ ਹਨ ਕਿ ਏਸ ਵਕਤ ਧਰਮ ਦੀ ਰਾਖੀ ਲਈ ਸਤਿਗੁਰੂ ਨਾਨਕ ਸਾਹਿਬ ਦੇ ਘਰ ਨੂੰ ਪੰਜਾਂ ਸਿਰਾਂ ਦੀ ਲੋੜ ਹੈ। ਕੋਈ ਹੈ ਸਤਿਗੁਰੂ ਦਾ ਸਿੱਖ, ਜੋ ਆਪਣਾ ਸੀਸ ਭੇਟ ਕਰੇ? ਇਹ ਸੁਣ ਕੇ ਸਭ ਦੇ ਸਿਰ ਨਿਵ ਜਾਂਦੇ ਹਨ ਅਤੇ ਸੰਗਤ ਵਿੱਚ ਇੱਕ ਖਾਸ ਸਨਾਟਾ ਛਾ ਜਾਂਦਾ ਹੈ। ਥੋੜ੍ਹੇ ਚਿਰ ਪਿੱਛੋਂ ਇੱਕ ਧਰਮ ਮੂਰਤ ਬਾਬਾ ਦਇਆ ਰਾਮ ਜੀ ਲਾਹੌਰ ਦੇ ਖਤਰੀ ਉੱਠਦੇ ਹਨ ਅਤੇ ਹੱਥ ਜੋੜ ਕੇ ਗੱਲ ਪੱਲਾ ਪਾ ਕੇ ਬੇਨਤੀ ਕਰਦੇ ਹਨ, "ਸਤਿਗੁਰੂ! ਜਿਸ ਦਿਨ ਦਾ ਮੈਂ ਸਿੱਖ ਸਜਿਆ ਹਾਂ, ਸੀਸ ਆਪ ਦਾ ਹੀ ਹੈ, ਆਪਣੀ ਅਮਾਨਤ ਆਪ ਲੈ ਲਵੋ।"

ਸਤਿਗੁਰੂ ਬਾਹੋਂ ਫੜ ਜ਼ੋਰ ਦਾ ਝਟਕਾ ਮਾਰ ਭਾਈ ਸਾਹਿਬ ਨੂੰ ਤੰਬੂ ਵਿੱਚ ਲੈ ਜਾਂਦੇ ਹਨ ਅਤੇ ਸਿੱਖ ਦਾ ਸੀਸ ਕੱਟ, ਲਹੂ ਦੀ ਭਰੀ ਨੰਗੀ ਤਲਵਾਰ ਲੈ ਤਖ਼ਤ ਤੇ ਫਿਰ ਖੜੇ ਹੋ ਜਾਂਦੇ ਹਨ ਅਤੇ ਪੁਕਾਰਦੇ ਹਨ ਕਿ "ਹੈ ਕੋਈ ਸਿੱਖ, ਜਿਹੜਾ ਆਪਣਾ ਸੀਸ ਸਤਿਗੁਰੂ ਦੀ ਭੇਟ ਕਰੇ?" ਹੁਣ ਭਾਈ ਧਰਮਾ ਜੱਟ ਖੜੇ ਹੁੰਦੇ ਹਨ। ਇਨ੍ਹਾਂ ਦਾ ਸੀਸ ਵੀ ਸਤਿਗੁਰੂ ਤੰਬੂ ਵਿੱਚ ਲਿਜਾ ਕੇ ਕੱਟ ਦੇਂਦੇ ਹਨ। ਇਸੇ ਤਰ੍ਹਾਂ ਤਿੰਨ ਸਿੱਖ ਭਾਈ ਹਿੰਮਤ ਮਹਿਰਾ, ਭਾਈ ਮੁਹਕਮ ਛੀਂਬਾ ਅਤੇ ਭਾਈ ਸਾਹਿਬ ਨਾਈ ਵਾਰੀ-ਵਾਰੀ ਸਤਿਗੁਰੂ ਅੱਗੇ ਹਾਜ਼ਰ ਹੋ ਜਾਂਦੇ ਹਨ ਅਤੇ ਵਾਰੀ-ਵਾਰੀ ਸਤਿਗੁਰੂ ਉਨ੍ਹਾਂ ਦੇ ਸੀਸ ਕੱਟ ਲਹੂ ਭਰੀ ਨੰਗੀ ਤਲਵਾਰ ਲਈ ਤਖ਼ਤ 'ਤੇ ਆ ਖੜੇ ਹੁੰਦੇ ਹਨ। ਹੁਣ ਤਾਂ ਕਈਆਂ ਤੇ ਮੁਰਦੇ-ਹਾਨੀ ਛਾ ਗਈ ਅਤੇ ਕਈ ਮਸੰਦ ਨੱਸ ਕੇ ਮਾਤਾ ਗੁਜਰੀ ਜੀ ਪਾਸ ਚਲੇ ਗਏ ਅਤੇ ਜਾ ਪੁਕਾਰ ਕੀਤੀ ਕਿ ਜਿਸ ਵਾੜੀ ਨੂੰ ਨੌਵਾਂ ਪਾਤਸ਼ਾਹੀਆਂ ਨੇ ਯਤਨ ਕਰਕੇ ਲਾਇਆ ਸੀ, ਉਸ ਨੂੰ ਤੇਰਾ ਪੁੱਤ ਦਸਮਾਂ ਜਾਮਾ ਉਜਾੜਨ ਲੱਗਾ ਹੈ। ਪੂਜਾ ਖਾਣ ਵਾਲੇ ਮੱਤਹੀਣ ਕੀ ਜਾਨਣ ਕਿ ਚੋਜੀ ਸਤਿਗੁਰੂ ਪੰਥ ਦੀਆਂ ਜੜ੍ਹਾਂ ਪਤਾਲਾਂ ਵਿੱਚ ਗੱਡ ਰਹੇ ਹਨ।

ਪੰਜਵਾਂ ਸੀਸ ਕੱਟਣ ਮਗਰੋਂ ਸਤਿਗੁਰੂ ਤੰਬੂ ਤੋਂ ਬਾਹਰ ਨਹੀਂ ਆਉਂਦੇ ਅਤੇ ਉੱਥੇ ਖੰਡੇ ਦਾ ਅੰਮ੍ਰਿਤ ਤਿਆਰ ਕਰ ਪੰਜਾਂ ਪਿਆਰਿਆਂ ਨੂੰ ਸੁਰਜੀਤ ਕਰਦੇ ਹਨ। ਫੇਰ ਖ਼ਾਲਸਾਈ ਵਰਦੀ ਸਜਾ, ਅੰਮ੍ਰਿਤ ਛਕਾ ਬਾਹਰ ਆਉਂਦੇ ਹਨ ਅਤੇ ਆਪਣੇ ਤਖ਼ਤ 'ਤੇ ਖੜਾ ਕਰ, ਆਪ ਹੱਥ ਜੋੜ ਹੇਠਾਂ ਖਲੋ ਬੇਨਤੀ ਕਰਦੇ ਹਨ ਕਿ "ਖ਼ਾਲਸਾ ਜੀ! ਮੈਨੂੰ ਅੰਮ੍ਰਿਤ ਛਕਾਓ।"

ਖਾਲਸਾ ਮੇਰੋ ਸਤਿਗੁਰ ਪੂਰਾ ॥ (ਸਰਬ ਲੋਹ ਗ੍ਰੰਥ)

ਤਖ਼ਤ ਸਾਹਿਬ ਦਾ ਦਰਸ਼ਨ ਕਰ ਅਤੇ ਖ਼ਾਲਸਾ ਜੀ ਦੇ ਜਨਮ ਦੇ ਨਜ਼ਾਰੇ ਦਾ ਰੰਗ ਮਾਣ ਸੰਤ ਜੀ ਕੇਸਗੜ੍ਹ ਸਾਹਿਬ ਤੋਂ ਪਿਛਲੀਆਂ ਪੌੜੀਆਂ ਦੇ ਰਸਤੇ ਉੱਤਰਦੇ ਹਨ ਅਤੇ ਸ਼ਹੀਦੀ ਬਾਗ਼ ਦੇ ਦਰਸ਼ਨ ਕਰ ਅਨੰਦ ਗੜ੍ਹ ਸਾਹਿਬ ਦੇ ਦੀਦਾਰ ਲਈ ਜਾਂਦੇ ਹਨ। ਇੱਥੇ ਚੋਜੀ ਸਤਿਗੁਰੂ ਦੀ ਧਰਮ ਹੇਤ ਖ਼ਾਲਸਾ ਜੀ ਦੀ ਕਰੜੀ ਪ੍ਰੀਖਿਆ ਦਾ ਸਾਰਾ ਨਕਸ਼ਾ ਸਾਹਮਣੇ ਆ ਖਲੋਂਦਾ ਹੈ ਕਿ ਕਿਸ ਤਰ੍ਹਾਂ ਖ਼ਾਲਸਾ ਜੀ ਨੇ ਅਧਰਮੀ ਹਿੰਦੂ ਤੁਰਕ ਫੌਜਾਂ ਦੇ ਘੇਰੇ ਵਿੱਚ ਰਸਦ-ਪਾਣੀ ਬੰਦ ਹੋਣ ਦੇ ਕਾਰਣ ਦਰਖਤਾਂ ਦੇ ਛਿੱਲੜ ਵੀ ਲਾਹ ਕੇ ਛਕ ਲਏ। **ਕਿਸ ਤਰ੍ਹਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਹੁਕਮ ਦਿੱਤਾ ਕਿ ਖ਼ਾਲਸਾ ਜੀ! ਕਮਰਕੱਸੇ ਕਰੜੇ ਕਰ ਲਵੋ, ਸਿਰਫ਼ ਸੱਤ ਦਿਨ ਹਰ ਭੁੱਖ-ਦੁੱਖ ਦੇ ਤਸੀਹੇ ਧਰਮ ਲਈ ਸਹੋ, ਫੇਰ ਕਦੀ ਵੀ ਅਧਰਮ ਦਾ ਰਾਜ ਭਾਰਤਵਰਸ਼ 'ਤੇ ਨਹੀਂ ਹੋਵੇਗਾ। ਇਸ ਭੂਮੀ ਦੇ ਪਿਛਲੇ ਸਾਰੇ ਪਾਪਾਂ ਦਾ ਲੇਖਾ ਤੁਹਾਡੇ ਸਤਿ ਹੇਤ, ਤਪ ਨਾਲ ਮੁੱਕ ਜਾਵੇਗਾ ਅਤੇ ਕਲਜੁਗ ਵਿੱਚ ਸਤਿਜੁਗ ਵਰਤੇਗਾ।**

ਪਰ ਭੁੱਖ ਦੇ ਦੁੱਖ ਨਾਲ ਖ਼ਾਲਸਾ ਜੀ ਨੂੰ ਘਰਾਂ ਦਾ ਮੋਹ ਜਾਗ ਪਿਆ। ਉਹਨਾਂ ਨਾਂਹ ਕਰ ਦਿੱਤੀ। **ਫੇਰ ਸਤਿਗੁਰ ਜੀ ਨੇ ਫ਼ਰਮਾਇਆ, "ਖ਼ਾਲਸਾ ਜੀ! ਸਿਰਫ਼ ਚਾਰ ਦਿਨ ਠਹਿਰੋ, ਏਨੇ ਵਿੱਚ ਭੀ ਤੁਹਾਡਾ ਸਤਿਆਗ੍ਰਹਿ ਪੂਰਾ ਹੋ ਜਾਵੇਗਾ ਅਤੇ ਧਰਤੀ ਦਾ ਕਸ਼ਟ ਹਰਿਆ ਜਾਵੇਗਾ।" ਪਰ ਇਹ ਬਚਨ ਵੀ ਨਾ ਮੰਨਿਆ ਗਿਆ। ਹੁਣ ਚੋਜੀ ਪਿਤਾ ਨੇ ਆਪਣੇ ਬੱਚਿਆਂ 'ਤੇ ਤਰਸ ਖਾ ਕੇ ਬੜੀ ਭਾਰੀ ਛੋਟ ਕਰ ਦਿੱਤੀ, "ਖ਼ਾਲਸਾ ਜੀ! ਚਾਰ ਪਹਿਰ ਸਹਾਰਾ ਕਰੋ, ਏਨੇ ਵਿੱਚ ਹੀ ਗੁਰੂ ਨਾਨਕ ਸਾਹਿਬ ਸਾਰੀ ਖੇਲ ਪੂਰੀ ਕਰ ਦੇਣਗੇ" ਪਰ ਇਹ ਅਖ਼ੀਰਲਾ ਬਚਨ ਮੰਨਣ ਦੇ ਵੀ ਸਾਡੇ ਭਾਗ ਨਾ ਹੋਏ। ਕਿਸ ਤਰ੍ਹਾਂ ਇਹ ਤਿੰਨੇ ਬਚਨ ਕਰ ਕੇ ਸਤਿਗੁਰੂ ਸੱਚੇ ਪਾਤਸ਼ਾਹ ਕਰਤਾਰ ਦੀ ਰਜਾਏ ਵਿੱਚ ਚੁੱਪ ਹੋ ਗਏ ਅਤੇ ਸਿੱਖ ਕੁਝ ਤਾਂ ਬੇਦਾਵਾ ਦੇ ਕੇ ਚੱਲੇ ਗਏ ਅਤੇ ਕੁਝ ਮਾਤਾ ਗੁਜਰੀ, ਛੋਟੇ ਸਾਹਿਬਜ਼ਾਦਿਆਂ ਅਤੇ ਸਤਿਗੁਰੂ ਦੇ ਮਹਿਲਾਂ ਨੂੰ ਡੋਲਿਆਂ ਵਿੱਚ ਪਾ ਕੇ ਆਪ-ਹੁਦਰੇ ਕਿਲ੍ਹੇ**

ਤੋਂ ਬਾਹਰ ਨਿਕਲੇ। ਕਿਸ ਤਰ੍ਹਾਂ ਇਹ ਦੇਖ ਕੇ ਗੁਰੂ ਕਲਗੀਧਰ ਮਹਾਰਾਜ ਵੀ ਚਾਲ੍ਹੀ ਹੁਕਮੀ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੰਗਤ ਦੇ ਪਿੱਛੇ-ਪਿੱਛੇ ਹੋ ਟੁਰੇ।

ਕਿਸ ਤਰ੍ਹਾਂ ਪਹਾੜੀ ਅਤੇ ਤੁਰਕ ਦਲ ਨੇ ਗਊ ਮਾਤਾ ਦੀ ਸੌਂਹ ਅਤੇ ਕੁਰਾਨ ਦੀ ਕਸਮ ਨੂੰ ਛਿਕੇ 'ਤੇ ਰੱਖ ਦਿੱਤਾ ਅਤੇ ਕਿਲ੍ਹੇ ਤੋਂ ਨਿਕਲਦਿਆਂ ਹੀ ਖ਼ਾਲਸਾ ਜੀ ਤੇ ਟੁੱਟ ਪਏ! ਕਿਸ ਤਰ੍ਹਾਂ ਬਾਬਾ ਅਜੀਤ ਸਿੰਘ ਜੀ ਅਤੇ ਸਿੱਖ ਪਿੱਛੇ ਮੁੜ-ਮੁੜ ਕੇ ਸ਼ੇਰਾਂ ਵਾਂਗਣ ਇਹਨਾਂ ਨਾਲ ਜੂਝਦੇ ਅਤੇ ਹੌਲੀ-ਹੌਲੀ ਅੱਗੇ ਵੱਧਦੇ-ਵੱਧਦੇ ਸਰਸਾ ਨਦੀ ਤੀਕਰ ਅੱਪੜੇ। ਕਿਸ ਤਰ੍ਹਾਂ ਕਰਤਾਰ ਦੀ ਨੇਤ ਵਿੱਚ ਅੱਗੇ ਠਾਠਾਂ ਮਾਰਦੀ ਸਰਸਾ ਨਦੀ ਅਤੇ ਪਿੱਛੇ ਕੋਹਾਂ ਵਿੱਚ ਲਹਿਰਾਉਂਦਾ ਸ਼ਤਰੂ ਦਲ ਸੀ! ਕਿਸ ਤਰ੍ਹਾਂ ਖ਼ਾਲਸਾ ਜੀ ਕੁਝ ਤਾਂ ਨਦੀ ਦੀ ਭੇਂਟ ਹੋਏ ਅਤੇ ਕੁਝ ਯੁੱਧ ਵਿੱਚ ਕੰਮ ਆਏ ਅਤੇ ਕੁਝ ਖਿੰਡ-ਪੁੰਡ ਗਏ! ਕਿਸ ਤਰ੍ਹਾਂ ਸਿਰਫ਼ ਚਾਲ੍ਹੀ ਹੁਕਮੀ ਸਿੱਖ ਅਤੇ ਵੱਡੇ ਸਾਹਿਬਜ਼ਾਦੇ ਮਹਾਰਾਜ ਨਾਲ ਚਮਕੌਰ ਸਾਹਿਬ ਦੀ ਗੜ੍ਹੀ ਅੱਪੜੇ ਅਤੇ ਇੱਥੇ ਸਤਿਗੁਰੂ ਦੇ ਹੁਕਮ ਵਿੱਚ ਸ਼ਹੀਦ ਹੋ ਕੇ ਖ਼ਾਲਸਾ ਪੰਥ ਦੀ ਜੜ੍ਹ ਸਦਾ ਲਈ ਪਤਾਲ ਵਿੱਚ ਗਡ ਦਿੱਤੀ ਅਤੇ ਸਤ ਧਰਮ ਹੇਤ ਸੂਰਬੀਰ ਬਲੀਦਾਨ ਦੀ ਮਿਸਾਲ ਰਹਿੰਦੀ ਦੁਨੀਆਂ ਤੀਕਰ ਕਾਇਮ ਕਰ ਦਿੱਤੀ।

ਅਨੰਦਗੜ੍ਹ ਸਾਹਿਬ ਦੇ ਦਰਸ਼ਨ ਅਤੇ ਚੋਜੀ ਪਿਤਾ ਦੇ ਇਹਨਾਂ ਕੌਤਕਾਂ ਦਾ ਅੰਤਰ-ਆਤਮੇ ਦੀਦਾਰ ਕਰ ਸੰਤ ਜੀ ਮਹਾਰਾਜ ਨੌਵੀਂ ਪਾਤਸ਼ਾਹੀ ਦੇ ਸੀਸਗੰਜ ਸਾਹਿਬ ਆਪਣੇ ਆਸਣ 'ਤੇ ਆ ਗਏ ਅਤੇ ਪ੍ਰਸ਼ਾਦ ਛਕ ਕੇ ਬਿਰਾਜ ਗਏ ਤਿੰਨ ਵਜੇ ਦਰਵਾਜ਼ਾ ਖੋਲਿਆ ਅਤੇ ਜਲ-ਪਾਣੀ ਛਕ, ਜੰਗਲ ਪਾਣੀ ਹੋ, ਇਸ਼ਨਾਨ ਕਰ, ਜਥੇ ਸਮੇਤ ਸੋਦਰੁ ਦਾ ਦੀਵਾਨ ਆ ਅਰੰਭ ਕੀਤਾ।

ਸੰਤ ਜੀਵਾ ਸਿੰਘ ਜੀ ਦਾ ਦਰਸ਼ਨ ਕਰਨਾ

ਇਸ ਵਕਤ ਸੰਤ ਜੀ ਮਹਾਰਾਜ ਦੀ ਅਵਸਥਾ ਭਰ-ਜੁਆਨੀ ਦੀ ਸੀ। ਆਪ ਦਾ ਚਿਹਰਾ ਨੂਰਾਨੀ ਸੀ, ਦਾੜਾ ਬੜਾ ਸਜੀਲਾ ਅਤੇ ਕਾਲਾ ਭੋਰ ਸੀ। ਨੇਤਰਾਂ ਵਿੱਚ ਅਪਾਰ ਸ਼ਕਤੀ ਸੀ। ਇਸ ਸਮੇਂ ਸੰਤ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਵਾਲੇ, ਜਿਨ੍ਹਾਂ ਦੀ ਉਮਰ ਇਸ ਸਮੇਂ ੨੪ ਸਾਲ ਦੀ ਅਤੇ ਨੇਤਰਾਂ ਵਿੱਚ ਪੂਰੀ ਜੋਤ ਸੀ, ਮ੍ਰਿਗਸਰ ਰਹਿੰਦੇ ਸਨ। ਇਹ ਦੀਵਾਨ ਵਿੱਚ ਦਰਸ਼ਨ-ਮੇਲੇ ਲਈ ਸ਼ਹੀਦ ਗੰਜ ਸਾਹਿਬ ਆਏ। ਇਹਨਾਂ ਦਾ ਮਨ ਸੰਤ ਜੀ ਮਹਾਰਾਜ ਦਾ ਕੀਰਤਨ ਸੁਣ ਕੇ ਮੋਹਿਆ ਗਿਆ, ਕੋਈ ਅਕਹਿ ਰਸ ਆਇਆ ਅਤੇ ਭੋਜਨ ਗੋਪਾਲ ਕੀਰਤਨ ਦਾ ਜਿਉਂਦਾ ਜਾਗਦਾ ਨਕਸ਼ਾ ਪ੍ਰਤੱਖ ਹੋ ਗਿਆ। ਚਿੱਤ ਵਿੱਚ ਏਕਾਂਤ ਦਰਸ਼ਨ ਮੇਲੇ ਦੀ ਤੀਬਰ ਖਿੱਚ ਹੋਈ, ਪਰ ਜੋੜ-ਮੇਲੇ ਦੀ ਭੀੜ-ਭਾੜ ਕਰਕੇ ਸਮਾਂ ਨਾ ਮਿਲ ਸਕਿਆ। ਭਾਈ ਜੀਵਾ ਸਿੰਘ ਜੀ ਤਾਂ ਮੇਲੇ ਦੇ ਮਗਰੋਂ ਮ੍ਰਿਗਸਰ ਸਾਹਿਬ ਚਲੇ ਗਏ ਅਤੇ ਸੰਤ ਜੀ ਮਹਾਰਾਜ ਹੌਲੀ-ਹੌਲੀ ਰਸਤੇ ਵਿੱਚ ਸੰਗਤਾਂ ਨੂੰ ਤਾਰਦੇ ਹੋਏ ਕੀਰਤਪੁਰ ਸਾਹਿਬ ਦੇ ਰਸਤੇ ਲੋਧੀ ਮਾਜਰੇ ਜਾ ਪਹੁੰਚੇ। ਕਰਤਾਰ ਦੀ ਨੇਤ, ਭਾਈ ਜੀਵਾ ਸਿੰਘ ਜੀ ਨੂੰ, ਜਿਨ੍ਹਾਂ ਦੇ ਚਿੱਤ ਵਿੱਚ ਵੈਰਾਗ ਠਾਠਾਂ ਮਾਰ ਰਿਹਾ ਸੀ, ਇੱਕ ਕਾਰਜ ਲਈ ਚਮਕੌਰ ਸਾਹਿਬ ਜਾਣਾ ਪਿਆ। ਮੁੜਦੀ ਵਾਰੀ ਹਿਰਦੇ ਵਿੱਚ ਇਹ ਸੰਕਲਪ ਉੱਠਿਆ ਕਿ ਸੱਚੇ ਪਾਤਸ਼ਾਹ! ਆਪਣੇ ਗੁਰਮੁਖ ਪਿਆਰਿਆਂ ਦਾ ਫੇਰ ਦੀਦਾਰ ਬਖਸ਼ੋ। ਇਸ ਖਿਆਲ ਨੂੰ ਚਿੱਤ ਵਿੱਚ ਆਇਆ ਅਜੇ ਅੱਧੀ ਕੁ ਘੜੀ ਹੀ ਬੀਤੀ ਸੀ ਕਿ ਲੋਧੀ ਮਾਜਰੇ ਦੇ ਨੇੜੇ ਸਤਲੁਜ ਦਰਿਆ ਦੇ ਕੰਡੇ 'ਤੇ ਸੰਤ ਮਹਾਰਾਜ ਦੇ ਜਥੇ ਦੇ ਸਿੰਘ ਬੈਠੇ ਨਜ਼ਰ ਆਏ, ਦੋ ਕਿਤੇ, ਚਾਰ ਕਿਤੇ ਅਤੇ ਕਿਤੇ ਸਵਾ ਲੱਖ ਹੀ। ਇਨ੍ਹਾਂ ਦਾ ਦਰਸ਼ਨ ਕਰਕੇ ਭਾਈ ਜੀਵਾ ਸਿੰਘ ਜੀ ਨੂੰ ਮਾਨਸਰੋਵਰ ਦੇ ਹੰਸ ਯਾਦ ਆ ਗਏ। ਇਸ ਰੰਗ ਵਿੱਚ ਟੁਰੇ ਜਾਂਦੇ ਭਾਈ ਜੀਵਾ ਸਿੰਘ ਜੀ ਨੂੰ ਰਸਤੇ ਤੋਂ ਕੋਈ ਦੋ ਕੁ ਕਦਮ ਪਰੇ ਬੈਠੇ ਇੱਕ ਪਰਉਪਕਾਰੀ ਵੀਰ ਨੇ ਪੁੱਛਿਆ, "ਕਿਉਂ ਭਾਈ ਖ਼ਾਲਸਾ! ਬਾਬਾ ਅਤਰ ਸਿੰਘ ਜੀ ਦੇ ਦੀਦਾਰ ਕੀਤੇ ਕਿ

ਨਹੀਂ?'' ਭਾਈ ਜੀਵਾ ਸਿੰਘ ਜੀ ਨੇ ਆਖਿਆ ਕਿ ਭਾਈ ਕੀਰਤਨ ਤਾਂ ਸੁਣਿਆ ਹੈ, ਪਰ ਦਰਸ਼ਨ-ਮੇਲੇ ਦਾ ਸਮਾਂ ਪ੍ਰਾਪਤ ਨਹੀ ਹੋਇਆ ਐਨ ਇਸ ਸਮੇਂ ਕੋਈ ੫੦ ਕੁ ਕਦਮ ਦੀ ਵਿੱਥ 'ਤੇ ਸੰਤ ਜੀ ਮਹਾਰਾਜ ਇੱਕ ਸੇਵਕ ਨਾਲ ਜੰਗਲ ਪਾਣੀ ਜਾ ਰਹੇ ਸਨ ਅਤੇ ਭਾਈ ਜੀਵਾ ਸਿੰਘ ਜੀ ਦੇ ਹਿਰਦੇ ਦੀ ਖਿੱਚ ਅਨੁਭਵ ਕਰਕੇ ਖੜੇ ਹੋ ਗਏ ਸਨ। ਪ੍ਰੇਮੀ ਨੇ ਸੰਤ ਜੀ ਮਹਾਰਾਜ ਨੂੰ ਦੂਰੋਂ ਹੀ ਦੇਖ ਕੇ ਭਾਈ ਜੀਵਾ ਸਿੰਘ ਜੀ ਨੂੰ ਆਖਿਆ, ''ਭਾਈ! ਉਹ ਖੜੇ ਹਨ ਦਰਸ਼ਨ ਕਰ ਲੈ।'' ਇਹ ਸਾਰੀ ਖੇਡ ਇੱਕ ਮਿੰਟ ਦੇ ਅੰਦਰ-ਅੰਦਰ ਵਰਤ ਗਈ।

ਪ੍ਰੇਮੀ ਦਾ ਬਚਨ ਸੁਣ ਕੇ ਭਾਈ ਸਾਹਿਬ ਬੜੀ ਫੁਰਤੀ ਨਾਲ ਦੌੜੇ ਅਤੇ ਸੰਤ ਜੀ ਮਹਾਰਾਜ ਦੇ ਚਰਨੀਂ ਜਾ ਪਏ। ਸੰਤ ਜੀ ਨੇ ਹੁਕਮ ਦਿੱਤਾ, ''ਭਾਈ ਪ੍ਰੇਮੀਆਂ! ਉਹ ਸਾਹਮਣੇ ਦਰਿਆ ਦਾ ਪੱਤਣ ਹੈ, ਤੂੰ ਉੱਥੇ ਮੁੜ ਚੱਲ, ਅਸੀਂ ਵੀ ਉੱਥੇ ਹੀ ਆਉਂਦੇ ਹਾਂ। ''ਸਤਿ ਬਚਨ'' ਆਖ ਕੇ ਸੰਤ ਭਾਈ ਜੀਵਾ ਸਿੰਘ ਜੀ ਪੱਤਣ ਨੂੰ ਮੁੜ ਪਏ ਅਤੇ ਅੱਧ ਕੁ ਮੀਲ ਟੁਰ ਕੇ ਉੱਥੇ ਅੱਪੜੇ। ਕੁਝ ਚਿਰ ਮਗਰੋਂ ਸੰਤ ਜੀ ਮਹਾਰਾਜ ਭੀ ਪੱਤਣ 'ਤੇ ਪੁੱਜ ਗਏ ਅਤੇ ਦਰਿਆ ਵਿੱਚ ਸਣੇ ਕੇਸੀ ਇਸ਼ਨਾਨ ਕੀਤਾ। ਫੇਰ ਬਾਹਰ ਨਿਕਲ ਕੇ ਭਾਈ ਜੀਵਾ ਸਿੰਘ ਨੂੰ ਪੁੱਛਿਆ ਕਿ ਭਾਈ! ਕਿ ਤੂੰ ਕਦੇ ਸਤਲੁਜ ਵਿੱਚ ਇਸ਼ਨਾਨ ਕੀਤਾ ਹੈ? ਭਾਈ ਸਾਹਿਬ ਜੀ ਨੇ ਉੱਤਰ ਦਿੱਤਾ, ਨਹੀਂ ਮਹਾਰਾਜ! ਤਾਂ ਫ਼ਰਮਾਇਆ ਕਿ ਭਾਈ! ਇਸ ਵਿੱਚ ਤਾਂ ਆਪਣੇ ਸਤਿਗੁਰੂ ਕਲਗੀਧਰ ਜੀ ਇਸ਼ਨਾਨ ਕਰਦੇ ਰਹੇ ਹਨ, ਤੂੰ ਭੀ ਕਰ ਲੈ। ਬਚਨ ਮੰਨ ਕੇ ਭਾਈ ਜੀਵਾ ਸਿੰਘ ਜੀ ਨੇ ਵੀ ਸਣੇ ਕੇਸੀ ਇਸ਼ਨਾਨ ਕੀਤਾ। ਫੇਰ ਸੰਤ ਜੀ ਮਹਾਰਾਜ ਅਤੇ ਭਾਈ ਜੀਵਾ ਸਿੰਘ ਜੀ ਇਕ ਦਰਖਤ ਦੇ ਹੇਠ ਬੈਠ ਗਏ ਅਤੇ ਕੇਸ ਹਰੇ ਕਰਨ ਲਗੇ। ਸੰਤ ਇੱਕ ਨਮਦੇ (ਉੱਨ ਦੀ ਦਰੀ) ਦੇ ਆਸਣ 'ਤੇ ਸਜੇ ਹੋਏ ਸਨ ਅਤੇ ਭਾਈ ਈਸ਼ਰ ਸਿੰਘ ਗੜਵਈ ਪਾਸ ਸੀ। ਉਸ ਨੂੰ ਸੰਤ ਜੀ ਨੇ ਦੂਰ ਭੇਜ ਦਿੱਤਾ ਅਤੇ ਭਾਈ ਜੀਵਾ ਸਿੰਘ ਜੀ ਨੂੰ ਇਉਂ ਫ਼ਰਮਾਇਆ, ''ਕਿਉਂ ਪ੍ਰੇਮੀਆਂ! ਕੁਝ ਦਿਸਦਾ ਈ? ਕਲਗੀਆਂ ਵਾਲਾ ਬੇੜਾ ਭਰ ਕੇ ਲਈ ਜਾਂਦਾ ਹੈ। ਵੇਖ ਸਾਹਮਣੇ, ਕਰ ਦਰਸ਼ਨ। ਭਾਈ ਜੀਵਾ ਸਿੰਘ ਜੀ ਨੇ ਦੂਰ ਪਾਰ ਵੱਲ ਵੇਖਿਆ, ਪਰ ਚੁੱਪ ਰਿਹਾ। ਮਿੰਟ ਕੁ ਪਿੱਛੋਂ ਫਿਰ ਸੰਤਾਂ ਨੇ ਫ਼ਰਮਾਇਆ, ''ਭਾਈ ਪ੍ਰੇਮੀਆਂ! ਅਹੁ ਕਲਗੀਆਂ ਵਾਲਾ ਬੇੜਾ ਭਰ ਕੇ ਲਈ ਜਾਂਦਾ ਹੈ। ਕਰ ਦਰਸ਼ਨ!'' ਤਾਂ ਭਾਈ ਸਾਹਿਬ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, ''ਮਹਾਰਾਜ ਜੀ! ਦਾਸ ਦੀ ਤਾਂ ਜੀਵ ਦ੍ਰਿਸ਼ਟੀ ਹੈ, ਕੀ ਵੇਖ ਸਕਦਾ ਹਾਂ। ਆਪ ਸਾਖਯਾਤ ਬ੍ਰਹਮ ਸ਼ਿਵ ਰੂਪ ਹੋ, ਡੱਲੇ ਨੂੰ ਤਾਂ ਅੱਕ, ਕਰੀਰ 'ਤੇ ਚਮਕਦੀ ਰੇਤ ਹੀ ਦਿਸੀ ਸੀ, ਉਹ ਅੰਬ, ਅਨਾਰ ਅਤੇ ਨਹਿਰਾਂ ਨਹੀਂ ਸੀ ਦੇਖ ਸਕਿਆ। ਕ੍ਰਿਪਾ ਕਰ ਕੇ ਮੇਰੀ ਦ੍ਰਿਸ਼ਟੀ ਭੀ ਖੋਲ੍ਹੋ, ਤਾਂ ਮੈਨੂੰ ਵੀ ਕਲਗੀਆਂ ਵਾਲੇ ਦਾ ਬੇੜਾ ਦਿਸੇ। ਇਹ ਬੇਨਤੀ ਸੁਣ ਕੇ ਸੰਤ ਬਹੁਤ ਪ੍ਰਸੰਨ ਹੋਏ ਤੇ ਹੁਕਮ ਕੀਤੇ ਨੇ, ''ਭਾਈ! ਕੋਈ ਗੱਲ ਨਹੀਂ, ਹੌਂਸਲਾ ਰੱਖ ਤੇਰੀ ਦ੍ਰਿਸ਼ਟੀ ਵੀ ਖੁੱਲ੍ਹੇਗੀ।''

ਸੰਤ ਜੀ ਮਹਾਰਾਜ ਨੇ ਅਜੇ ਇਹ ਬਚਨ ਕੀਤਾ ਹੀ ਸੀ ਕਿ ਭਾਈ ਜੀਵਾ ਸਿੰਘ ਜੀ ਨੂੰ ਦੂਰੋਂ ਪਾਰਲੇ ਪਾਸੇ ਇੱਕ ਬੇੜੀ ਨਜ਼ਰ ਆਈ, ਜਿਸ ਵਿੱਚ ਕੁਝ ਮਲਾਹ ਬੈਠੇ ਸਨ ਅਤੇ ਕੰਨੀਂ ਇਹ ਅਵਾਜ਼ ਪਈ

'ਹੀਰਾ ਜਨਮ ਨਹੀਂ ਤੈਨੂੰ ਥਿਆਉਣਾ ਤੂੰ ਕਰ ਲੈ ਬੇਨਤੀਆਂ।'

ਹੁਣ ਸੰਤ ਜੀ ਮਹਾਰਾਜ ਉੱਠੇ ਅਤੇ ਪਿੰਡ ਵੱਲ ਟੁਰ ਪਏ। ਇੱਕੜ-ਦੁੱਕੜ ਕਰ ਕੇ ਜਥੇ ਦੇ ਸਾਰੇ ਸਰੀਰ ਵੀ ਨਾਲ ਰਲ ਪਏ। ਸੌ ਕੁ ਕਦਮ ਚਲ ਕੇ ਸੰਤ ਜੀ ਫੇਰ ਖੜ੍ਹੇ ਹੋ ਗਏ ਅਤੇ ਇਉਂ ਕ੍ਰਿਪਾ ਕੀਤੀ, ''ਪ੍ਰੇਮੀਓ! ਹੀਰਾ ਜਨਮ ਨਹੀਂ ਜੇ ਥਿਆਉਣਾ ਕਰ ਲਉ ਬੇਨਤੀਆਂ। ਵੇਖਿਓ ਜੇ ਕਿਤੇ ਕੜਾਹ-ਪ੍ਰਸ਼ਾਦ, ਖੀਰ ਤੇ ਹੋਰ ਪਦਾਰਥਾਂ ਵਿੱਚ ਹੀ ਅਟਕ ਜਾਓ। ਨਾਮ ਸਿਮਰਨ ਨੂੰ ਮੁੱਖ ਰੱਖ ਕੇ ਸੇਵਾ ਕਰ ਲਉ, ਤਾਂ ਅਮੋਲਕ ਜਨਮ ਸਫਲ ਹੋ ਜਾਵੇਗਾ। ੫੦ ਕੁ ਕਦਮ ਟੁਰ ਕੇ ਫੇਰ ਖਲੋ ਗਏ ਅਤੇ ਉਪਰੋਕਤ ਬਚਨਾਂ ਨੂੰ ਦੁਹਰਾਇਆ, ਮਾਨੋ ਕਿ ਵਾਰ-ਵਾਰ ਸੱਟ ਮਾਰਦੇ ਸਨ ਕਿ ਕਿਸੇ ਦੇ ਹਿਰਦੇ ਵਿੱਚ ਤਾਂ ਠੋਕਰ ਲੱਗ ਜਾਵੇ। ਹੁਣ ਦੀਵਾਨ ਦਾ ਸਮਾਂ ਹੋ

ਗਿਆ। ਸੰਤ ਜੀ ਦੀਵਾਨ ਅਸਥਾਨ ਵਿੱਚ ਸਮਾਧੀ ਸਥਿਤ ਹੋ ਕੇ ਸਜ ਗਏ ਅਤੇ ਸ਼ਬਦੀ ਜਥਾ ਸ਼ਬਦ ਕੀਰਤਨ ਕਰਨ ਲੱਗ ਪਿਆ, ਪਰ ਕੋਈ ਖਾਸ ਰਸ ਨਾ ਬਣਿਆ। ਜਦੋਂ ਆਪ ਬੋਲੇ, ਤਾਂ ਉਹ ਗੂੰਜ ਉੱਠੀ ਤੇ ਉਹ ਰਸ ਬਣਿਆ ਕਿ ਸੰਤ ਜੀਵਾ ਸਿੰਘ ਜੀ ਅਤੇ ਸਾਰੀ ਸੰਗਤ ਇੱਕ ਖਾਸ ਰੱਬੀ ਰੰਗ ਵਿੱਚ ਹੁਲਾਰੇ ਲੈਣ ਲੱਗ ਪਈ। ਸੰਤ ਜੀ ਦੀ ਰਸਨਾ ਤੋਂ ਅੰਮ੍ਰਿਤ ਬਰਸਦਾ ਸੀ ਅਤੇ ਸਭ ਦੇ ਹਿਰਦਿਆਂ ਨੂੰ ਸ਼ਾਂਤ-ਰਸ ਅਤੇ ਪ੍ਰੇਮ-ਰਸ ਦੀ ਰੰਗਣ ਵਿੱਚ ਰੰਗੀ ਜਾਂਦਾ ਸੀ।

ਕੀਰਤਨ ਦੇ ਭੋਗ ਮਗਰੋਂ ਰਹਿਰਾਸ ਦਾ ਪਾਠ ਹੋਇਆ ਅਤੇ ਅਰਦਾਸੇ ਮਗਰੋਂ ਦੀਵਾਨ ਦੀ ਸਮਾਪਤੀ ਹੋ ਗਈ। ਪੰਗਤ ਲਗਾਉਣ ਦਾ ਸਮਾਂ ਆਇਆ ਤਾਂ ਸੰਤ ਜੀ ਮਹਾਰਾਜ ਨੇ ਭਾਈ ਜੀਵਾ ਸਿੰਘ ਨੂੰ ਯਾਦ ਕੀਤਾ ਕਿ ਆਓ ਸਿੰਘ ਜੀ! ਪ੍ਰਸ਼ਾਦ ਛਕੀਏ। ਭਾਈ ਸਾਹਿਬ ਨੇ ਬੇਨਤੀ ਕੀਤੀ, ''ਜੀ ਦਾਸ ਆਪਣੀ ਹੱਥੀਂ ਪ੍ਰਸ਼ਾਦ ਬਣਾ ਕੇ ਛਕਦਾ ਹੈ। ਸੰਤ ਜੀ ਮਹਾਰਾਜ ਨੇ ਸੇਵਕਾਂ ਨੂੰ ਹੁਕਮ ਦਿੱਤਾ ਕਿ ਭਾਈ ਪ੍ਰੇਮੀ ਨੂੰ ਰਸਦ ਛੇਤੀ ਦੇ ਦੇਵੋ। ਪਹਿਲਾਂ ਹੀ ਪਤਾ ਕਰ ਲੈਣਾ ਸੀ। ਪ੍ਰਸ਼ਾਦਾ ਛਕ ਕੇ ਸਾਰੇ ਬਿਰਾਜ ਗਏ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ ਸਜਿਆ। ਬੜਾ ਅਨੰਦ ਬਣਿਆ। ਸਮਾਪਤੀ ਮਗਰੋਂ ਸੰਤ ਭਾਈ ਜੀਵਾ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੀ ਚਰਨ-ਧੂੜ ਮਸਤਕ 'ਤੇ ਲਾਈ ਅਤੇ ਮ੍ਰਿਗਸਰ ਜਾਣ ਦੀ ਆਗਿਆ ਮੰਗੀ। ਸੰਤ ਜੀ ਨੇ ਬੜੇ ਪ੍ਰਸੰਨ ਹੋ ਕੇ ਆਗਿਆ ਬਖਸ਼ੀ ਅਤੇ ਤੋਰਨ ਸਮੇਂ ੨ ਗਜ਼ ਖੱਦਰ ਆਪਣੀ ਹੱਥੀਂ ਦਿੱਤਾ ਕਿ ਆਹ ਲੈ, ਕਛਿਹਰੇ ਸਿਵਾ ਲਵੀਂ। ਭਾਈ ਸਾਹਿਬ ਬੜੇ ਗਦ-ਗਦ ਹੋ ਗਏ ਅਤੇ ਇੱਕ ਖਾਸ ਪ੍ਰੇਮ ਦੀ ਰੰਗਣ ਵਿੱਚ ਰੰਗੇ ਹੋਏ ਮ੍ਰਿਗਸਰ ਪਹੁੰਚੇ। ਹਿਰਦੇ ਵਿੱਚ ਸੰਤ ਜੀ ਮਹਾਰਾਜ ਦਾ ਉਪਦੇਸ਼ ਕਿ ਭਾਈ ਇਹ ਦੁਨੀਆਂ ਫ਼ਨਾਹ ਦਾ ਘਰ ਹੈ:

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (੧੦੮੩)

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ (੧੧੯੬)

ਵੱਸ ਗਿਆ ਅਤੇ ਸਰੀਰ ਦੀ ਮਨੌਂਤ ਟੁੱਟ ਗਈ। ਬਸ ਹੁਣ ਸਤਿਗੁਰੂ ਦੇ ਗੁਰ-ਮੰਤਰ ਰੂਪੀ ਜਹਾਜ਼ ਵਿਚ ਚੜ੍ਹ ਗਏ ਅਤੇ ਅੱਠ ਪਹਿਰ ਚੌਂਸਠ ਘੜੀ ਨਾਮ ਸਿਮਰਨ ਵਿੱਚ ਬਿਰਤੀ ਪਰਪੱਕ ਹੋ ਗਈ ਅਤੇ ਆਸਾ ਮਨਸਾ ਦੇ ਜਾਲ ਤੋਂ ਛੁੱਟ ਕੇ ਭਵ ਸਾਗਰ ਤੋਂ ਪਾਰ ਹੋ ਗਏ।

ਲੋਦੀ ਮਾਜਰੇ ਤੋਂ ਸੰਤ ਜੀ ਹੋਰ ਕਈ ਨਗਰਾਂ ਨੂੰ ਤਾਰਦੇ ਹੋਏ ਦੁਰਾਹੇ ਗੱਡੀ 'ਤੇ ਚੜ੍ਹੇ ਅਤੇ ਸ੍ਰੀ ਕਰਤਾਰਪੁਰ ਸਾਹਿਬ ਆ ਉਤਰੇ। ਏਥੇ ਬੜੇ ਪ੍ਰੇਮ ਸਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਲਿਖਵਾਈ ਸੀ, ਦਰਸ਼ਨ ਕੀਤਾ। ਹੁਕਮ ਨਿਕਲਿਆ:

*** ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥ (੨੧੪)**

ਕਰਤਾਰਪੁਰ ਸਾਹਿਬ ਦੇ ਰਸਤੇ ਸੰਤ ਡੇਰਾ ਖ਼ਾਲਸਾ ਗਏ ਅਤੇ ਉੱਥੇ ਕੁਝ ਦਿਨ ਅਰਾਮ ਕਰਕੇ ਦੂਜੀ ਵਾਰੀ ਫਤਹਿਗੜ੍ਹ ਸਾਹਿਬ ਦੇ ਜੋੜ-ਮੇਲੇ ਤੇ ਆਏ। ਇੱਥੇ ਪਿੰਡਾਂ ਵਿੱਚ ਪ੍ਰਚਾਰ ਕਰਦੇ-ਕਰਦੇ ਦਮਦਮੇ ਸਾਹਿਬ ਪਹੁੰਚੇ। ਦਮਦਮੇ ਸਾਹਿਬ ਤੋਂ ਸੰਤ ਜੀ ਭਾਈ ਦੇ ਚੱਕ ਮਹੰਤ ਵਰਿਆਮ ਸਿੰਘ ਜੀ ਪਾਸ ਰਹੇ ਅਤੇ ਫੇਰ ਚੀਮੇਂ ਗਏ। ਏਥੇ ਸੰਤ ਜੀ ਮਹਾਰਾਜ ਨੇ ਸਾਧੂ ਭਾਨ ਪ੍ਰਕਾਸ਼ ਨੂੰ, ਜੋ ਕਿ ਉਨ੍ਹਾਂ ਦਾ ਬਾਲ ਸਖਾਈ ਮਿਤ੍ਰ ਸੀ, ਨਾਨਕਸਰ ਸਾਹਿਬ ਦੇ ਗੁਪਤ ਤੀਰਥ ਪਾਸ ਚੌਧਰੀ ਹਰਨਾਮ ਸਿੰਘ ਜੀ ਦੇ ਬੁਰਜ ਵਿੱਚ ਬਿਠਾਇਆ ਅਤੇ ਹੁਕਮ ਦਿੱਤਾ ਕਿ ਭਾਈ ਏਸ ਜਗ੍ਹਾ ਤੋਂ ਨਾ ਹਿਲਣਾ, ਏਸ ਧਰਤੀ 'ਤੇ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਹਨ, ਏਸ ਨੂੰ ਬੜੇ

---

* ਨੋਟ : ਜ਼ਬਾਨੀ ਸੰਤ ਭਾਈ ਜੀਵਾ ਸਿੰਘ ਜੀ ਨਨਕਾਣਾ ਸਾਹਿਬ।

ਭਾਗ ਲੱਗਣਗੇ ਅਤੇ ਇਹ ਪਾਸਾ ਵੱਸਦਾ ਰਹੇਗਾ। ਚੀਮੇਂ ਤੋਂ ਸੰਤ ਕਟੂ ਆਏ ਅਤੇ ਬਾਹਰ ਦੇ ਗੁਰਦੁਆਰੇ ਵਿੱਚ ਇੱਕ ਮਹੀਨਾ ਰਹੇ। ਏਸ ਵੇਲੇ ਸੰਤ ਜੀ ਮਹਾਰਾਜ ਦੇ ਨਾਲ ਪੋਠੋਹਾਰ ਦੇ ਕੀਰਤਨ ਵਾਲੇ ਪੰਝੀ ਸਿੰਘ ਸਨ। ਕਟੂ ਹਰ ਰੋਜ਼ ਦੋ ਵਕਤ ਦੀਵਾਨ ਸੱਜਦਾ। ਸਾਰੇ ਨੇੜੇ-ਨੇੜੇ ਦੇ ਨਗਰਾਂ ਵਿੱਚ ਸੰਤ ਜੀ ਮਹਾਰਾਜ ਦੀ ਧੁੰਮ ਪੈ ਗਈ ਅਤੇ ਕਾਂਜਲੇ ਸੰਤ ਬਿਸ਼ਨ ਸਿੰਘ ਜੀ ਅਤੇ ਬਿਹੰਗਮ ਜਥੇ ਦੇ ਹੋਰ ਕਈ ਸੱਜਣਾਂ ਨੂੰ ਸੰਤ ਜੀ ਮਹਾਰਾਜ ਦੀ ਸੋਅ ਪੁੱਜੀ। ਇਹ ਸਾਰੇ ਦਰਸ਼ਨ ਕਰਨ ਲਈ ਕਟੂ ਆਏ। ਏਸ ਸਮੇਂ ਸੰਤ ਜੀ ਮਹਾਰਾਜ ਨੇ ਆਪਣੇ ਪੋਠੋਹਾਰ ਦੇ ਸਾਥੀਆਂ ਨੂੰ ਆਖਿਆ ਕਿ ਭਾਈ! ਏਸ ਜਥੇ ਨਾਲ ਅਸੀਂ ਬਹੁਤ ਚਿਰ ਸੇਵਾ ਕਰਨੀ ਹੈ।

ਕਟੂ ਤੋਂ ਸੰਤ ਜੀ ਬਾਲੀਆਂ ਦੇ ਰਸਤੇ ਕਾਂਜਲੀ ਆਏ ਅਤੇ ਏਥੇ ਕੁਝ ਦਿਨ ਬਿਰਾਜੇ। ਏਥੋਂ ਹੀ ਪਹਿਲੀ ਵਾਰੀ ਮਸਤੂਆਣੇ ਦੇ ਝਿੜੇ ਵਿੱਚ ਗਏ।

ਕਾਂਡ ੨੯

ਜਿਥੈ ਬਾਬਾ ਪੈਰ ਧਰੈ ਪੂਜਾ ਆਸਣੁ ਥਾਪਣਿ ਸੋਆ ॥ (ਭਾਈ ਗੁਰਦਾਸ ਜੀ)
ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ (੪੫੦)

ਮਸਤੂਆਣਾ ਪ੍ਰਗਟ ਕਰਨਾ

ਕਾਂਜਲੇ ਤੋਂ ਤਿੰਨ ਮੀਲ ਦੇ ਫਾਸਲੇ 'ਤੇ ਬਹਾਦਰਪੁਰ ਜ਼ਿਲ੍ਹਾ ਧਨੌਲਾ ਰਿਆਸਤ ਨਾਭਾ ਦੀ ਜੂਹ ਵਿੱਚ ਸੌ ਕੁ ਬਿਘੇ ਦਾ ਤਲਾਕਿਆ ਹੋਇਆ ਇੱਕ ਝਿੜਾ ਸੀ। ਏਸ ਨੂੰ ਮਸਤੂ ਨਾਮੀ ਇੱਕ ਜੱਟ ਨੇ ਗਊ ਗ਼ਰੀਬ, ਸਾਧ ਫ਼ਕੀਰ ਪੁੰਨ ਅਰਥ ਛੱਡ ਰਖਿਆ ਸੀ। ਏਸ ਲਈ ਇਸ ਦਾ ਨਾਮ ਮਸਤੂਆਣਾ ਪੈ ਗਿਆ ਸੀ। ਝਿੜੇ ਦੇ ਐਨ ਵਿਚਕਾਰ ਸੁੰਦਰ ਜਲ ਦਾ ਇੱਕ ਟੋਭਾ ਸੀ, ਅਤੇ ਜੂਹ ਵਿੱਚ ਜੰਗਲੀ ਜਾਨਵਰ ਬਹੁਤ ਰਹਿੰਦੇ ਸਨ। ਰਾਹੀ ਪਾਂਧੀ ਦਿਨ ਦੀਵੀਂ ਏਥੇ ਆਉਣ ਤੋਂ ਡਰਦੇ ਸਨ, ਪਰ ਇੱਕ ਤਾਂ ਅਸਥਾਨ ਨੂੰ ਵੇਖ ਕੇ, ਦੂਜੇ ਪਵਿੱਤਰ ਜਲਵਾਯੂ ਨੂੰ ਦੇਖ ਕੇ ਕੋਈ ਨਾ ਕੋਈ ਸਾਧ ਫ਼ਕੀਰ ਇੱਥੇ ਆ ਵਿਸ਼ਰਾਮ ਕਰਦਾ ਸੀ, ਜਾਂ ਕੋਈ ਰਾਤ ਦਾ ਸ਼ਿਕਾਰੀ, ਚੋਰ-ਡਾਕੂ ਆਪਣਾ ਵਕਤ ਲੰਘਾ ਜਾਂਦਾ ਸੀ।

ਸੰਤ ਜੀ ਮਹਾਰਾਜ ਦੇ ਕਾਂਜਲੇ ਆਉਣ ਤੋਂ ਵੀਹ-ਪੰਝੀ ਸਾਲ ਪਹਿਲਾਂ ਏਸ ਝਿੜੇ ਵਿੱਚ ਇੱਕ ਉਦਾਸੀ ਸਾਧੂ ਰਹਿੰਦਾ ਸੀ, ਜੋ ਕਿ ਕਿੰਨਾ-ਕਿੰਨਾ ਚਿਰ ਪ੍ਰਾਣ ਚੜ੍ਹਾ ਕੇ ਬੈਠ ਜਾਂਦਾ ਅਤੇ ਕਈ ਵਾਰੀ ਘੜੀ ਦੋ ਘੜੀ ਏਸ ਦੇ ਸਰੀਰ ਵਿੱਚੋਂ "ਘਬਘੂੰ" ਦੀ ਅਵਾਜ਼ ਨਿਕਲਦੀ। ਏਸ ਲਈ ਆਸ-ਪਾਸ ਦੇ ਨਗਰਾਂ ਵਿੱਚ ਏਸ ਦਾ ਨਾਮ "ਬਾਬਾ ਘਬਘੂੰ" ਪ੍ਰਚਲਤ ਹੋ ਗਿਆ ਸੀ ਅਤੇ ਅੱਜ ਤੀਕਰ ਏਸ ਨਾਮ ਨਾਲ ਉਹ ਨੂੰ ਪ੍ਰੇਮੀ ਯਾਦ ਕਰਦੇ ਹਨ। ਡਾਂਗਰੀ, ਅਯਾਲੀ ਜਾਂ ਹੋਰ ਜਿਹੜੇ ਪ੍ਰੇਮੀ ਏਸ ਪਾਸ ਆਉਂਦੇ, ਇਹ ਉਹਨਾਂ ਨੂੰ ਆਖਦਾ ਕਿ ਏਸ ਧਰਤੀ ਨੂੰ ਵੱਡਾ ਭਾਗ ਲੱਗੇਗਾ, ਏਥੇ ਖਰੋਲਾ ਸ਼ਹਿਰ ਵੱਸੂ। ਇੱਕ ਵਾਰੀ ਇਹ ਸਾਧੂ ਛੇ ਮਹੀਨੇ ਗੁਫਾ ਵਿੱਚ ਗੁਪਤ ਰਿਹਾ। ਜਦ ਬਾਹਰ ਨਿਕਲਿਆ ਤਦ ਸਭ ਨੂੰ ਆਖ ਸੁਣਾਇਆ ਕਿ ਭਾਈ! ਏਸ ਜਗ੍ਹਾ ਬੜਾ ਭਾਰੀ ਤੀਰਥ ਪ੍ਰਗਟ ਹੋਵੇਗਾ।

ਸੰਮਤ ੧੯੪੦ ਬਿਕ੍ਰਮੀ (ਸੰਨ ੧੮੮੩) ਵਿੱਚ ਇਹ ਸਾਧੂ ਕਈ ਕਈ ਦਿਨ ਜਿੱਥੇ ਕਿ ਹੁਣ ਗੁਰਦੁਆਰਾ ਸਾਹਿਬ ਹੈ, ਬੈਠਾ ਰਹਿੰਦਾ। ਕਦੀ ਮੌਜ ਵਿੱਚ ਆ ਕੇ ਅਤੇ ਕਦੀ ਪ੍ਰਾਣ ਚੜ੍ਹਾ ਕੇ "ਘਬਘੂੰ" ਦੀ ਅਵਾਜ਼ ਕੱਢਦਾ। ਜਦ ਬੀਬੀਆਂ ਨਗਰਾਂ ਤੋਂ ਏਸ ਸਾਧੂ ਵਾਸਤੇ ਅਤੇ ਅਯਾਲੀਆਂ ਤੇ ਡਾਂਗਰੀਆਂ ਵਾਸਤੇ ਪ੍ਰਸ਼ਾਦਾ ਲਿਆਉਂਦੀਆਂ ਤਦ ਕਈ ਵਾਰੀ ਬਾਬਾ ਘਬਘੂੰ ਨੂੰ ਆਖਦੀਆਂ, "ਬਾਬਾ! ਅਸੀਂ ਤਾਂ ਪਿੰਡੋਂ ਜਲ ਦੇ ਤੋੜੇ ਲਿਆਉਦੀਂਆਂ-ਲਿਆਉਂਦੀਆਂ ਮਰ ਜਾਂਦੀਆਂ ਹਾਂ। ਏਥੇ ਨੇੜੇ ਕੋਈ ਖੂਹ ਨਹੀਂ, ਜੇਠ-ਹਾੜ ਵਿੱਚ ਟੋਭਾ ਤਾਂ ਸੁੱਕ ਜਾਂਦਾ ਹੈ" ਤਦ ਬਾਬਾ ਜੀ ਆਖਦੇ, "ਬੀਬੀਓ! ਓਥੇ ਬੜਾ ਪਾਣੀ ਹੋਵੇਗਾ, ਤੀਰਥ ਬਣੇਗਾ, ਕਈ ਖੂਹ ਲੱਗਣਗੇ ਅਤੇ ਹਰ ਵਕਤ ਮਠਲੂ (ਲੰਗਰ ਵਿੱਚ ਮੋਟੇ ਪ੍ਰਸ਼ਾਦੇ) ਵਰਤਿਆ ਕਰਨਗੇ ਅਤੇ ਕੋਈ ਵੀ ਜੀਵ-

ਸੱਚਖੰਡ ਦਰਬਾਰ - ਅੰਗੀਠਾ ਸਾਹਿਬ ਸੰਤ ਅਤਰ ਸਿੰਘ ਜੀ ਮਹਾਰਾਜ

ਮਾਤਰ ਭੁੱਖਾ ਨਹੀਂ ਜਾਇਆ ਕਰੇਗਾ।''

ਬਾਬਾ ਘਬਘੂੰ ਦੇ ਚੜ੍ਹਾਈ ਕਰਨ ਤੋਂ ਮਗਰੋਂ ਸੰਤ ਹਰਦਿਤ ਸਿੰਘ ਜੀ, ਜਿਨ੍ਹਾਂ ਨਾਲ ਮਹਾਰਾਜ ਹੀਰਾ ਸਿੰਘ ਜੀ ਦਾ ਬਹੁਤ ਪ੍ਰੇਮ ਹੁੰਦਾ ਸੀ, ਏਸ ਝਿੜੇ ਵਿੱਚ ਕਈ ਵਾਰੀ ਆਏ। ਸਾਰੀ-ਸਾਰੀ ਰਾਤ ਆਪ-ਆਪਣੇ ਆਸਣ 'ਤੇ ਬੈਠ ਜਾਂਦੇ ਅਤੇ ਨਾਲ ਦੇ ਸਾਧੂਆਂ ਨੂੰ ਝਾੜਾਂ ਦੇ ਮੁੱਢ ਬਿਠਾ ਕੇ ਨਾਮ ਜਪਾਉਂਦੇ ਅਤੇ ਜਿਹੜੇ ਗੁਰਮੁਖੀ ਸਿੱਖਦੇ, ਉਨ੍ਹਾਂ ਤੋਂ ਸਾਰੀ-ਸਾਰੀ ਰਾਤ ਮੁਹਾਰਨੀ ਲਿਖਵਾਉਂਦੇ।

ਇੱਕ ਵਾਰੀ ਜਦ ਇਹ ਏਸ ਝਿੜੇ ਵਿੱਚ ਆਏ ਤਦ ਮਸਤੂਆਣੇ ਦੇ ਟੋਭੇ ਪਾਸ ਸਮਾਧੀ ਲਗਾ ਕੇ ਬੈਠ ਗਏ। ਸਮਾਧੀ ਸਥਿਤ ਹੋ ਕੇ ਅੰਤਰ ਧਿਆਨ ਹੋ ਗਏ। ਇੱਕ ਘੰਟੇ ਮਗਰੋਂ ਨੇਤਰ ਖੋਲ੍ਹੇ ਅਤੇ ਆਖਿਆ, ਆਹ! ਆਹਾ! ਬੜਾ ਭਾਰੀ ਤੀਰਥ ਬਣੇਗਾ। ਪਿੱਛਲੇ ਜੁਗਾਂ ਦਾ ਪੁਰਾਣਾ ਤਪ ਅਸਥਾਨ ਹੈ, ਹੁਣ ਫੇਰ ਪ੍ਰਗਟ ਹੋਵੇਗਾ।

ਇੱਕ ਨਾਂਗੇ ਸਾਧੂ ਸੰਤ ਚੇਤਨ ਦਾਸ ਜੀ ਭੀ ਏਸ ਝਿੜੇ ਵਿੱਚ ਇੱਕ ਸਾਲ ਰਹੇ। ਇੱਕ ਖੂਹੀ ਪੁਟਾਈ, ਫੇਰ ਚਲੇ ਗਏ।

ਇਨ੍ਹਾਂ ਦੇ ਚਲੇ ਜਾਣ ਤੋਂ ਕੁਝ ਚਿਰ ਮਗਰੋਂ ਭਾਈ ਜਗਤ ਸਿੰਘ ਜੀ, ਉਨ੍ਹਾਂ ਦੇ ਸੇਵਕ ਸੰਤ ਭਾਈ ਗੁਲਾਬ ਸਿੰਘ ਜੀ ਅਤੇ ਹੋਰ ਅੱਠ-ਦਸ ਸਾਧੂ ਕਾਂਜਲੇ ਤੋਂ ਇਸ ਝਿੜੇ ਵਿੱਚ ਆ ਬਿਰਾਜੇ। ਸੰਤ ਗੁਲਾਬ ਸਿੰਘ ਜੀ, ਜਿਨ੍ਹਾਂ ਦੀ ਉਮਰ ਉਸ ਵਕਤ ੧੨ ਸਾਲ ਦੀ ਸੀ, ਝੋਲਾ ਲਿਆਉਂਦੇ ਅਤੇ ਸੰਤ ਭਾਈ ਜਗਤ ਸਿੰਘ ਜੀ ਤੇ ਹੋਰ ਸੇਵਕਾਂ ਨਾਲ ਮਿਲ ਕੇ ਲੰਗਰ ਸਜਾਉਂਦੇ। ਸੰਤ ਭਾਈ ਜਗਤ ਸਿੰਘ ਜੀ ਤਾਂ ਥੋੜ੍ਹੇ ਚਿਰ ਮਗਰੋਂ ਇਸ ਝਿੜੇ ਵਿੱਚ ਸਰੀਰ ਛੱਡ ਗਏ ਪਰ ਆਪਣੇ ਚਲਾਣੇ ਤੋਂ ਪਹਿਲਾਂ ਸੰਤ ਭਾਈ ਗੁਲਾਬ ਸਿੰਘ ਨੂੰ ਆਖ ਗਏ, ਕਿ ਇਸ ਝਿੜੇ ਵਿੱਚੋਂ ਬਾਰਾਂ ਸਾਲ ਨਹੀਂ ਹਿਲਣਾ। ਇੱਥੇ ਸੰਤ ਰੂਪ ਮੋਹਨੀ ਅਵਤਾਰ ਆਪ ਆਉਣਗੇ ਅਤੇ ਤੁਹਾਨੂੰ ਜੱਫੀ ਵਿੱਚ ਲੈ ਕੇ ਸੇਵਾ ਅਰੰਭ ਕਰਾਉਣਗੇ। ਇਹ ਬਚਨ ਮੰਨ ਕੇ ਸੰਤ ਭਾਈ ਗੁਲਾਬ ਸਿੰਘ ਜੀ ਆਪਣੇ ਸਾਥੀਆਂ ਸਮੇਤ ਏਥੇ ਹੀ ਅਡੋਲ ਟਿਕੇ ਰਹੇ।

ਜਿਸ ਰਾਤ ਸੰਤ ਜੀ ਮਹਾਰਾਜ ਸੰਤ ਬਿਸ਼ਨ ਸਿੰਘ ਜੀ ਨਾਲ ਕਾਂਜਲੇ ਆ ਬਿਰਾਜੇ, ਉਸ ਰਾਤ ਇੱਕ ਵਜੇ ਦੇ ਕਰੀਬ ਸੰਤ ਭਾਈ ਗੁਲਾਬ ਸਿੰਘ ਜੀ ਨੇ ਆਪਣੀ ਕੁਟੀਆ ਵਿੱਚ ਇੱਕ ਅਸਚਰਜ ਪ੍ਰਕਾਸ਼ ਦੇਖਿਆ, ਅੱਭੜਵਾਹੇ ਜਾਗ ਉੱਠੇ ਅਤੇ ਮੁੱਖੋਂ ਇਹ ਬਚਨ ਨਿਕਲਿਆ, ''ਮਹਾਰਾਜ ਜੀ ਆ ਗਏ!'' ਇਨ੍ਹਾਂ ਦੇ ਨਾਲ ਦੇ ਪ੍ਰੇਮੀਆਂ ਨੇ ਲੇਟਿਆਂ-ਲੇਟਿਆਂ ਹੀ ਪੁੱਛਿਆ ਕਿ ਅੱਜ ਰੋਜ਼ ਦੇ ਵੇਲੇ ਤੋਂ ਪਹਿਲਾਂ ਹੀ ਜਾਗ ਪਏ ਹੋ? ਇਨ੍ਹਾਂ ਦੇ ਮੂੰਹੋਂ ਫੇਰ ਨਿਕਲਿਆ, ''ਮਹਾਰਾਜ ਜੀ ਆ ਗਏ!'' ਨੀਂਦ ਪਿਆਰੀ ਕਰ ਕੇ ਕਿਸੇ ਗਹੁ ਨਾ ਕੀਤਾ, ਸੁੱਤੇ ਹੀ ਪਏ ਰਹੇ, ਪਰ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਕਾਂਜਲੇ ਵੱਲ ਧੂ ਪਈ। ਉਹ ਉਸ ਵੇਲੇ ਹੀ ਵਾਹੋ-ਦਾਹੀ ਉੱਠ ਟੁਰੇ ਅਤੇ ਚਿੱਤ ਵਿੱਚ ਸੰਕਲਪ ਧਾਰਿਆ ਕਿ ਮਹਾਰਾਜ ਆਪਣਾ ਕਛਿਹਰਾ ਧੋਣ ਦੀ ਸੇਵਾ ਬਖਸ਼ਣ। ਜਿਸ ਵੇਲੇ ਇਹ ਕਾਂਜਲੇ ਅੱਪੜੇ ਤਦ ਦੋ ਵਜੇ ਦਾ ਵਕਤ ਸੀ ਅਤੇ ਸੰਤ ਜੀ ਮਹਾਰਾਜ ਇਸ਼ਨਾਨ ਕਰ ਰਹੇ ਸਨ। ਦੂਰੋਂ ਹੀ ਸੰਤ ਜੀ ਨੇ ਅਵਾਜ਼ ਦਿੱਤੀ ਕਿ ਆਓ ਭਾਈ ਗੁਲਾਬ ਸਿੰਘ ਜੀ! ਤੁਹਾਨੂੰ ਬੜੇ ਚਿਰ ਦੇ ਉਡੀਕਦੇ ਸਾਂ। ਸੰਤ ਭਾਈ ਗੁਲਾਬ ਸਿੰਘ ਜੀ ਨੇ ਨਮਸਕਾਰ ਕੀਤੀ ਅਤੇ ਸੰਤ ਜੀ ਮਹਾਰਾਜ ਨੇ ਇਨ੍ਹਾਂ ਨੂੰ ਕਛਿਹਰਾ ਧੋਣ ਦੀ ਟਹਿਲ ਦਿੱਤੀ। ਫੇਰ ਹੁਕਮ ਕੀਤਾ ਕਿ ਚੱਲੋ ਭਾਈ! ਦੀਵਾਨ ਸਜਾਉਣ ਦੀ ਤਿਆਰੀ ਕਰੋ, ਅਸੀਂ ਵੀ ਥੋੜ੍ਹੇ ਚਿਰ ਮਗਰੋਂ ਆਉਂਦੇ ਹਾਂ। ਕਛਿਹਰਾ ਧੋ ਕੇ ਸੰਤ ਭਾਈ ਗੁਲਾਬ ਸਿੰਘ ਜੀ ਤਾਂ ਦੀਵਾਨ ਦੀ ਤਿਆਰੀ ਕਰਨ ਲਈ ਚੱਲੇ ਗਏ ਅਤੇ ਸੰਤ ਜੀ ਮਹਾਰਾਜ ਕੁਝ ਚਿਰ ਲਈ ਨਾਮ-ਸਿਮਰਨ ਵਿੱਚ ਜੁੜ ਗਏ। ਫੇਰ ਨਿੱਤਨੇਮ ਦਾ ਪਾਠ ਕਰ ਕੇ ਦੀਵਾਨ ਵਿੱਚ ਆਉਣ ਦੀ ਤਿਆਰੀ ਕੀਤੀ। ਪ੍ਰੇਮੀ ਨੂੰ ਉੱਦਮ ਦੇ ਕੇ ਸੰਤ ਭਾਈ ਗੁਲਾਬ ਸਿੰਘ ਜੀ ਨੇ ਦੀਵਾਨ ਦੀ ਵਿਛਾਈ ਕਰਵਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਵਾਏ, ਫੇਰ ਸੰਤ ਜੀ ਮਹਾਰਾਜ ਦੇ ਜਥੇ ਨੂੰ

ਲਿਆ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕਰਾਇਆ ਅਤੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜ ਗਏ। ਮਨ ਵਿੱਚ ਇਹ ਸੰਕਲਪ ਧਾਰਿਆ ਕਿ ਜੇ ਸੰਤ ਜੀ ਮਹਾਰਾਜ ਪੂਰਨ ਸੰਤ ਅਵਤਾਰ ਹਨ ਤਦ ਮੈਨੂੰ ਚਤੁਰਭੁਜੀ ਵਿਸ਼ਨੂੰ ਰੂਪ ਹੋ ਕੇ ਦਰਸ਼ਨ ਦੇਣ। ਜਦ ਆਸਾ ਜੀ ਦੀ ਵਾਰ ਦੇ ੯ ਕੁ ਸਲੋਕ ਲਗ ਗਏ ਤਦ ਸੰਤ ਜੀ ਮਹਾਰਾਜ ਦੀਵਾਨ ਵਿੱਚ ਆਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਬੜੇ ਅਦਬ ਨਾਲ ਨਮਸਕਾਰ ਕੀਤੀ। ਜਦ ਸੰਤ ਜੀ ਮੱਥਾ ਟੇਕ ਦੇ ਉੱਠੇ ਤਦ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਜੋ ਕਿ ਸਤਿਗੁਰੂ ਦੀ ਤਾਬਿਆ ਸਜੇ ਹੋਏ ਸਨ, ਸੰਤ ਜੀ ਮਹਾਰਾਜ ਚਤੁਰਭੁਜ ਰੂਪ, ਸਿਰ 'ਤੇ ਮੋਰ ਮੁਕਟ ਸਜੇ ਹੋਏ, ਨਜ਼ਰ ਆਏ। ਇਨ੍ਹਾਂ ਦੀ ਨਿਸ਼ਾ ਹੋ ਗਈ ਅਤੇ ਇਹ ਹੱਥ ਜੋੜ ਕੇ ਬੜੇ ਅਦਬ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟਹਿਲ ਤੋਂ ਖੜ੍ਹੇ ਹੋ ਗਏ ਅਤੇ ਬੜੇ ਸਤਿਕਾਰ ਨਾਲ ਸੰਤ ਜੀ ਮਹਾਰਾਜ ਨੂੰ ਸਤਿਗੁਰੂ ਦੀ ਤਾਬਿਆ ਬਿਠਾਇਆ। ਰਾਗੀ ਜਥੇ ਨੇ ਦੋ-ਤਿੰਨ ਸ਼ਬਦ, ਛੱਕੇ ਤੇ ਸਲੋਕ ਹੋਰ ਲਾਏ। ਫੇਰ ਸੰਤ ਜੀ ਨੇ ਮਨਮੋਹਣੀ ਅਤੇ ਉੱਚੀ ਸੁਰ ਵਿੱਚ ਸਤਿਗੁਰੂ ਦੀ ਬਾਣੀ ਦਾ ਉਚਾਰਣ ਕੀਤਾ। ਸੁਰ, ਨਰ, ਪਸ਼ੂ, ਪੰਖੀ ਮਸਤ ਹੋ ਗਏ ਅਤੇ ਕਾਂਜਲੇ ਦਾ ਝਿੜਾ ਬੈਕੁੰਠ ਧਾਮ ਬਣ ਗਿਆ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥ (੯੯੦)

ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਆਪਣੇ ਨਾਲ ਲੈ ਮੈਦਾਨ ਖੇਡਣ ਚੱਲੇ ਗਏ। ਫੇਰ ਪੰਜ ਇਸ਼ਨਾਨਾ ਕਰਕੇ ਇੱਕ ਦਰਖਤ ਦੇ ਹੇਠਾਂ ਖੜ੍ਹੇ ਹੋ ਗਏ ਅਤੇ ਭਾਈ ਗੁਲਾਬ ਸਿੰਘ ਜੀ ਨੂੰ ਸਜੇ ਹੱਥ ਦੀ ਜੱਫੀ ਵਿੱਚ ਲੈ ਕੇ ਬੜੇ ਪ੍ਰੇਮ ਨਾਲ ਆਖਿਆ ਕਿ ਭਾਈ ਜੀ ਜਿੱਥੇ ਤੁਸੀਂ ਰਹਿੰਦੇ ਹੋ, ਉੱਥੇ ਸਤਿਗੁਰੂ ਦੀ ਕਾਰ ਕਰਨ ਦਾ ਹੁਕਮ ਹੈ। ਦੋ ਵਾਰੀ ਤਾਂ ਸੰਤ ਗੁਲਾਬ ਸਿੰਘ ਜੀ ਨੇ ਨਾਂਹ ਕਰ ਦਿੱਤੀ, "ਮਹਾਰਾਜ! ਕਲੂ ਕਾਲ ਦਾ ਪਹਿਰਾ ਹੈ, ਇਹ ਕਾਰ ਬੜੀ ਬਿਖੜੀ ਹੈ, ਪੰਡ ਚੁੱਕੀ ਨਹੀਂ ਜਾਂਦੀ।" ਤੀਸਰੀ ਵਾਰੀ ਸੰਤ ਜੀ ਮਹਾਰਾਜ ਨੇ ਇੱਕ ਖਾਸ ਜ਼ੋਰ ਨਾਲ ਆਖਿਆ, ਭਾਈ! ਇਹ ਕਾਰ ਕਰਨ ਦਾ ਸਤਿਗੁਰੂ ਕਲਗੀਆਂ ਵਾਲੇ ਦਾ ਹੁਕਮ ਹੈ। ਜੇ ਹੁਣ ਨਾਂਹ ਕੀਤੀ ਤਦ ਫੇਰ ਜਨਮ ਧਾਰਨਾ ਪਵੇਗਾ! ਸੂਰੇ ਅਵਤਾਰ ਦਾ ਇਹ ਬਚਨ ਸੁਣ ਕੇ ਸੰਤ ਭਾਈ ਗੁਲਾਬ ਸਿੰਘ ਜੀ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਜਨਮ-ਮਰਨ ਦਾ ਤ੍ਰਾਸ ਨਿਵਾਰ ਦੇਵੋ, ਦਾਸ ਟਹਿਲ ਲਈ ਹਾਜ਼ਰ ਹੈ।

ਇਸ ਤੋਂ ਪਹਿਲਾਂ ਵੀ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਸਿੱਧਾਂ ਨੇ ਕਈ ਰੂਪ ਧਾਰ ਕੇ ਪ੍ਰੇਰਿਆ ਸੀ ਕਿ ਤੁਸੀਂ ਸਾਡੇ ਨਾਲ ਮਿਲ ਕੇ ਇਹ ਤੀਰਥ ਪ੍ਰਗਟ ਕਰੋ, ਪਰ ਇਹਨਾਂ ਨੇ ਕਿਸੇ ਦੀ ਈਨ ਨਹੀਂ ਮੰਨੀ, ਹੁਣ ਸੰਤ ਜੀ ਮਹਾਰਾਜ ਦੇ ਮੋਹਨੀ ਰੂਪ, ਪ੍ਰੇਮ ਅਤੇ ਪੂਰਨ ਸ਼ਬਦ ਦੀ ਤਾਕਤ ਨੇ ਇਹਨਾਂ ਨੂੰ ਨਿਵਾ ਲਿਆ ਅਤੇ ਇਹ ਸਤਿਗੁਰੂ ਦੀ ਇਸ ਕਾਰ ਵਿੱਚ ਹਾਜ਼ਰ ਹੋ ਗਏ।

ਕੁਝ ਦਿਨ ਸੰਤ ਜੀ ਕਾਂਜਲੇ ਰਹੇ। ਫਿਰ ਸੰਤ ਜੀ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਦੇ ਨਾਲ ਰੱਥ 'ਤੇ ਚੜ੍ਹ ਕੇ ਮਸਤੂਆਣੇ ਝਿੜੇ ਦੇ ਦਰਸ਼ਨ ਕਰਨ ਲਈ ਆਏ।

ਜਦ ਮਸਤੂਆਣੇ ਅੱਪੜੇ, ਤਦ ਸੰਤ ਜੀ ਰੱਥ ਤੋਂ ਉੱਤਰ ਕੇ ਖਲੋਤੇ ਅਤੇ ਝਿੜੇ ਵਿੱਚ ਵੜ ਗਏ। ਕੁਝ ਚਿਰ ਫਿਰਦੇ ਰਹੇ, ਫੇਰ ਇੱਕ ਜਗ੍ਹਾ 'ਤੇ ਨਮਸਕਾਰ ਕਰਕੇ ਬੈਠ ਗਏ।

ਦਾਸ ਨੇ ਸੰਨ ੧੯੦੬ ਈਸਵੀ ਵਿੱਚ ਇੱਕ ਦਿਨ ਸੰਤ ਜੀ ਮਹਾਰਾਜ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ! ਆਪ ਨੇ ਜੰਗਲ ਵਿੱਚ ਇਹ ਗੁਰਧਾਮ ਕਿਉਂ ਪ੍ਰਗਟ ਕੀਤਾ? ਤਦ ਮਹਾਰਾਜ ਨੇ ਫ਼ਰਮਾਇਆ ਕਿ ਭਾਈ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ (੪੫੦)

ਇਸ ਅਸਥਾਨ 'ਤੇ ਤਿੰਨ ਪਾਤਸ਼ਾਹੀਆਂ ਨੇ ਚਰਨ ਪਾਏ ਹਨ। ਪਹਿਲੀ ਪਾਤਸ਼ਾਹੀ ਨਾਨਕਿਆਣਾ ਸਾਹਿਬ (ਸੰਗਰੂਰ) ਤੋਂ ਕਲਜੁਗ ਨੂੰ ਜਿੱਤ ਕੇ ਅਕੋਈ ਸਾਹਿਬ ਦੇ ਰਸਤੇ ਕਾਂਜਲੇ ਆਏ। ਇੱਥੇ ਨਗਰ ਨੇ ਸੇਵਾ ਨਾ ਕੀਤੀ ਅਤੇ ਸਤਿਗੁਰੂ ਇਸ ਝਿੜੇ ਵਿੱਚ ਆ ਬੈਠੇ। ਫੇਰ ਛੇਵੀਂ ਪਾਤਸ਼ਾਹੀ ਨੇ ਜਦ ਇਸ ਇਲਾਕੇ ਵਿੱਚ ਦੌਰਾ ਕੀਤਾ, ਤਦ ਉਹ ਇਸ ਝਿੜੇ ਵਿੱਚ ਅਕੋਈ ਸਾਹਿਬ ਤੋਂ ਸ਼ਿਕਾਰ ਖੇਡਣ ਲਈ ਆਏ। ਨੌਵੀਂ ਪਾਤਸ਼ਾਹ ਨੇ ਵੀ ਅਕੋਈ ਸਾਹਿਬ ਤੋਂ ਇੱਥੇ ਚਰਨ ਪਾਏ। ਸਤਿਗੁਰੂ ਦੀ ਚਰਨ ਧੂੜ ਦੀ ਖਿੱਚ ਨੇ ਸਾਨੂੰ ਪ੍ਰੇਰ ਕੇ ਇੱਥੇ ਲਿਆਂਦਾ ਹੈ ਅਤੇ ਸਤਿਗੁਰੂ ਕਲਗੀਆਂ ਵਾਲੇ ਦੇ ਹੁਕਮ ਵਿੱਚ ਇਹ ਅਸਥਾਨ ਪ੍ਰਗਟ ਹੋ ਗਿਆ। ਇਸ ਜਗ੍ਹਾ 'ਤੇ ਨਮਸਕਾਰ ਕਰਨ ਅਤੇ ਚਰਨ ਧੂੜ ਮੱਥੇ 'ਤੇ ਲਾਉਣ ਮਗਰੋਂ ਸੰਤ ਅੰਤਰ ਧਿਆਨ ਹੋ ਗਏ। ਇੱਕ ਘੰਟਾ ਇੱਕ-ਰਸ ਆਪਣੇ-ਆਪ ਵਿੱਚ ਮਗਨ ਰਹੇ। ਫੇਰ ਨੇਤਰ ਖੋਲ੍ਹੇ ਅਤੇ ਬਚਨ ਕੀਤਾ ਕਿ ਇਸ ਅਸਥਾਨ ਨੂੰ ਸਤਿਗੁਰੂ ਪ੍ਰਗਟ ਕਰਨਗੇ ਅਤੇ ਇਹ ਖ਼ਾਲਸਾ ਜੀ ਦਾ ਇੱਕ ਬੜਾ ਭਾਰੀ ਕੇਂਦਰ ਹੋਵੇਗਾ। ਫੇਰ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਤੁਸੀਂ ਤਕੜੇ ਹੋ ਕੇ ਇੱਥੇ ਹੋ ਰਹੋ, ਅਸੀਂ ਫੇਰ ਛੇਤੀ ਹੀ ਇੱਥੇ ਆਵਾਂਗੇ ਅਤੇ ਸਤਿਗੁਰੂ ਦੇ ਹੁਕਮ ਵਿੱਚ ਸੇਵਾ ਸ਼ੁਰੂ ਕਰਾਂਗੇ। ਇਹ ਬਚਨ ਕਰਕੇ ਸੰਤ ਜੀ ਰੱਥ 'ਤੇ ਸਵਾਰ ਹੋ ਗਏ ਅਤੇ ਸੰਤ ਭਾਈ ਬਿਸ਼ਨ ਸਿੰਘ ਜੀ ਨੂੰ ਨਾਲ ਲੈ ਕੇ ਅਕੋਈ ਸਾਹਿਬ ਜਾ ਪਹੁੰਚੇ। ਬਾਕੀ ਜਥੇ ਦੇ ਸਰੀਰ ਕਾਂਜਲੇ ਤੋਂ ਸਿਧੇ ਅਕੋਈ ਸਾਹਿਬ ਆ ਗਏ ਸਨ। ਇੱਥੇ ਕਰਨੈਲ ਸੁੰਦਰ ਸਿੰਘ ਜੀ ਅਤੇ ਸਰਦਾਰ ਜੰਗ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੀ ਬੜੀ ਸੇਵਾ ਕੀਤੀ।

ਦੋ-ਤਿੰਨ ਦਿਨ ਸਤਿਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਚੌਂਕੀ ਭਰ ਕੇ ਸੰਤ ਜੀ ਜਥੇ ਸਮੇਤ ਪਲਵਾਂ ਨਗਰ ਗਏ ਅਤੇ ਰਸਤੇ ਵਿੱਚ ਪੈਦਲ ਤੁਰਦੇ-ਤੁਰਦੇ ਆਸਾ ਜੀ ਦੀ ਵਾਰ ਲਾਈ। ਪਿੰਡ ਦੀ ਸੰਗਤ ਨੇ ਬੜੀ ਸੇਵਾ ਕੀਤੀ। ਸਤਿਸੰਗ ਦਾ ਬੜਾ ਸੋਹਣਾ ਠਾਠ ਬਣਿਆ। ਪਲਵਾਂ ਤੋਂ ਸੰਤ ਜੀ ਭਾਈ ਕੀ ਬਾਗੜੀਆਂ ਗਏ। ਏਥੇ ਭਾਈ ਸਾਹਿਬ ਅਰਜਨ ਸਿੰਘ ਜੀ ਨੇ ਬੜੀ ਸੇਵਾ ਕੀਤੀ ਅਤੇ ਕਈ ਦਿਨ ਆਪਣੇ ਪਾਸ ਰੱਖ ਕੇ ਨਾਮ-ਬਾਣੀ ਅਤੇ ਸਤਿਸੰਗ ਦਾ ਰੰਗ ਮਾਣਿਆ ਭਾਈ ਕੀ ਬਾਗੜੀਆਂ ਤੋਂ ਸੰਤ ਨਾਭੇ ਅੱਪੜੇ ਅਤੇ ਏਥੇ ਇੱਕ ਬਾਗ਼ ਵਿੱਚ ਡੇਰਾ ਲਾ ਦਿੱਤਾ। ਸੰਤ ਜੀ ਮਹਾਰਾਜ ਨੇ ਜਥੇ ਨੂੰ ਹੁਕਮ ਕੀਤਾ ਕਿ ਬਾਗ਼ ਦੀ ਕੋਈ ਚੀਜ਼ ਨਹੀਂ ਛੇੜਨੀ। ਹੁਕਮ ਰਜ਼ਾ ਵਿੱਚ ਸੰਤੋਖ ਧਾਰ ਕੇ ਜਥਾ ਬਾਗ਼ ਵਿੱਚ ਅੱਠ ਪਹਿਰ ਨਿਰ-ਅਹਾਰ ਬੈਠਾ ਰਿਹਾ। ਨਾਮ-ਬਾਣੀ ਦਾ ਖੂਬ ਰੰਗ ਬਣਿਆ ਅਤੇ ਸਵੇਰੇ ਸ਼ਾਮ ਦੋ ਵਕਤ ਬੜੇ-ਬੜੇ ਸਤੋ-ਗੁਣੀ ਦੀਵਾਨ ਸਜੇ, ਸਾਰੇ ਦੇਵੀ-ਦੇਵਤਿਆਂ ਨੇ ਹਾਜ਼ਰੀ ਭਰੀ।

ਅੱਠ ਪਹਿਰ ਦੇ ਕੜਾਕੇ ਦੇ ਮਗਰੋਂ ਇੱਕ ਪ੍ਰੇਮੀ ਆਇਆ ਅਤੇ ਸੰਤ ਜੀ ਮਹਾਰਾਜ ਅੱਗੇ ਸਵਾ ਰੁਪਿਆ ਮੱਥਾ ਟੇਕ ਗਿਆ। ਜਦ ਪ੍ਰੇਮੀ ਆਪਣੀ ਪ੍ਰੇਮ-ਭਾਵਨਾ ਪੂਰੀ ਕਰ ਕੇ ਚਲਾ ਗਿਆ, ਤਦ ਸੰਤ ਜੀ ਨੇ ਇੱਕ ਸੇਵਕ ਨੂੰ ਹੁਕਮ ਕੀਤਾ ਕਿ ਇਸ ਸਵਾ ਰੁਪਏ ਦੇ ਖ਼ਾਲਸਈ ਬਦਾਮ ਲਿਆਵੋ। ਅੱਧੇ ਘੰਟੇ ਪਿਛੋਂ ਪ੍ਰੇਮੀ ਬਦਾਮ ਲੈ ਕੇ ਆ ਗਿਆ ਤੇ ਸਾਰੀ ਸੰਗਤ ਵਿੱਚ ਵਰਤਾਏ। ਸਭ ਨੇ ਪ੍ਰੇਮ ਨਾਲ ਛਕੇ। ਬਦਾਮਾਂ ਦਾ ਉਹ ਰਸ ਆਇਆ, ਜਿਹੜਾ ਕਿ ਕਦੀ ਇੰਦਰਪੁਰੀ ਦੇ ਪਦਾਰਥਾਂ ਵਿੱਚੋਂ ਨਹੀਂ ਆ ਸਕਦਾ। ਫਿਰ ਨਾਭੇ ਦੀ ਸਾਧ-ਸੰਗਤ ਨੂੰ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਹੋ ਗਈ। ਦੋ-ਚਾਰ ਦਿਨ ਖੂਬ ਦੀਵਾਨ ਸਜੇ ਅਤੇ ਮਹਾਰਾਜਾ ਸਾਹਿਬ ਦੇ ਇੱਕ ਵਜ਼ੀਰ ਨੇ ਬੜੀ ਸੇਵਾ ਕੀਤੀ।

ਨਾਭੇ ਭਾਈ ਗੋਧਾ ਸਿੰਘ ਜੀ ਸੰਤ ਭਾਈ ਬਿਸ਼ਨ ਸਿੰਘ ਜੀ ਨੂੰ ਪਿੱਛੇ ਮੋੜਨ ਲਈ ਆਏ, ਪਰ ਸੰਤ ਬਿਸ਼ਨ ਸਿੰਘ ਜੀ ਵਾਪਸ ਨਾ ਗਏ ਤੇ ਸੰਤ ਜੀ ਮਹਾਰਾਜ ਨਾਲ ਫਿਰਦੇ-ਫਿਰਦੇ ਤਰਨਤਾਰਨ ਸਾਹਿਬ ਜਾ ਅੱਪੜੇ।

ਕਾਂਡ ੩੦

ਸੋਰਠਿ ਮਹਲਾ ੫॥

ਸਾਹਿਬੁ ਗੁਨੀ ਗਹੇਰਾ ॥ ਘਰੁ ਲਸਕਰੁ ਸਭੁ ਤੇਰਾ ॥
ਰਖਵਾਲੇ ਗੁਰ ਗੋਪਾਲਾ ॥ ਸਭਿ ਜੀਅ ਭਏ ਦਇਆਲਾ ॥੧॥
ਜਪਿ ਅਨਦਿ ਰਹਉ ਗੁਰ ਚਰਣਾ॥ ਭਉ ਕਤਹਿ ਨਹੀ ਪ੍ਰਭ ਸਰਣਾ॥ਰਹਾਉ॥
ਤੇਰਿਆ ਦਾਸਾ ਰਿਦੈ ਮੁਰਾਰੀ ॥ ਪ੍ਰਭਿ ਅਬਿਚਲ ਨੀਵ ਉਸਾਰੀ ॥
ਬਲੁ ਧਨੁ ਤਕੀਆ ਤੇਰਾ ॥ ਤੂ ਭਾਰੋ ਠਾਕੁਰੁ ਮੇਰਾ ॥੨॥
ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥
ਕਰਿ ਕਿਰਪਾ ਨਾਮ ਰਸੁ ਦੀਆ ॥ ਕੁਸਲ ਖੇਮ ਸਭ ਥੀਆ ॥੩॥
ਹੋਏ ਪ੍ਰਭੂ ਸਹਾਈ ॥ ਸਭ ਉਠਿ ਲਾਗੀ ਪਾਈ ॥
ਸਾਸਿ ਸਾਸਿ ਪ੍ਰਭੁ ਧਿਆਈਐ ॥ ਹਰਿ ਮੰਗਲੁ ਨਾਨਕ ਗਾਈਐ ॥੪॥ (੬੨੨)

ਤਰਨਤਾਰਨ ਸਾਹਿਬ ਦੀ ਯਾਤਰਾ

ਨਾਭੇ ਤੋਂ ਸੰਤ ਜੀ ਮਹਾਰਾਜ ਸਿੱਧੇ ਤਰਨਤਾਰਨ ਸਾਹਿਬ ਆਏ ਅਤੇ ਮਾਈ ਰਾਮ ਕੌਰ ਜੀ ਦੇ ਬੁੰਗੇ ਆਸਣ ਲਗਾਇਆ। ਏਥੇ ਸੰਤ ਹੀ ਛੇ ਮਹੀਨੇ ਰਹੇ। ਦੋ ਵਕਤ ਦੀਵਾਨ ਸਜਦੇ। ਸਵੇਰੇ ਆਸਾ ਜੀ ਦੀ ਵਾਰ ਦਾ ਕੀਰਤਨ ਦਰਬਾਰ ਸਾਹਿਬ ਵਿੱਚ ਹੁੰਦਾ ਅਤੇ ਸ਼ਾਮ ਦਾ ਦੀਵਾਨ ਮਾਈ ਰਾਮ ਕੌਰ ਜੀ ਦੇ ਬੁੰਗੇ ਦੇ ਪਾਸ ਪ੍ਰਕਰਮਾ ਵਿੱਚ ਜਿੱਥੇ ਕਿ ਹੰਸਲੀ ਸਰੋਵਰ ਸਾਹਿਬ ਵਿੱਚ ਪੈਂਦੀ ਹੈ, ਸਜਦਾ। ਅੰਮ੍ਰਿਤ ਵੇਲੇ ਦੇ ਦੀਵਾਨ ਮਗਰੋਂ ਸੰਤ ਜੀ ਬਾਹਰ ਹੰਸਲੀ ਵਲ ਦੂਰ ਨਿਕਲ ਜਾਂਦੇ ਅਤੇ ਬੇਰੀਆਂ ਹੇਠ ਆਸਣ ਲਗਾ ਲੈਂਦੇ। ਸ਼ਹਿਰ ਦੀਆਂ ਮਾਈਆਂ ਇੱਥੇ ਹੀ ਮਿੱਸੇ ਪ੍ਰਸ਼ਾਦੇ ਅਤੇ ਲੱਸੀ ਦਹੀਂ ਲੈ ਜਾਂਦੀਆਂ। ਪ੍ਰਸ਼ਾਦਾ ਛਕ ਕੇ ਸੰਤ ਜੀ ਅਰਾਮ ਕਰਦੇ ਅਤੇ ਫੇਰ ਸ਼ਾਮ ਦੇ ਵਕਤ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਦੀਵਾਨ ਵਿੱਚ ਹਾਜ਼ਰ ਹੋ ਜਾਂਦੇ।

ਏਸ ਤਰ੍ਹਾਂ ਕਈ ਮਹੀਨੇ ਨਾਮ-ਬਾਣੀ ਅਤੇ ਅੰਮ੍ਰਿਤ ਦਾ ਅਤੁੱਟ ਪ੍ਰਵਾਹ ਚਲਿਆ ਅਤੇ ਅਨੇਕਾਂ ਜੀਵਾਂ ਦਾ ਉਧਾਰ ਹੋਇਆ। ਰਾਗੀ ਜਵਾਲਾ ਸਿੰਘ ਜੀ ਸੰਤ ਜੀ ਮਹਾਰਾਜ ਨੂੰ ਤਰਨਤਾਰਨ ਏਸੇ ਸਮੇਂ ਹੀ ਮਿਲੇ। ਸੰਤ ਜੀ ਇਨ੍ਹਾਂ ਦਾ ਕੀਰਤਨ ਬੜੇ ਪ੍ਰਸੰਨ ਹੋ ਕੇ ਸੁਣਦੇ ਅਤੇ ਕਈ ਵਾਰੀ ਸਹਿਜ-ਸੁਭਾਉ ਹੀ ਬੋਲ ਉੱਠਦੇ ਕਿ ਇਹ ਕੀਰਤਨ ਅਨੇਕਾਂ ਜੀਵਾਂ ਨੂੰ ਜੀਵਨਕਣੀ ਬਖਸ਼ੇਗਾ।

ਤਰਨਤਾਰਨ ਦੇ ਏਸ ਸਮੇਂ ਦੀਆਂ ਕੁਝ ਖਾਸ ਸਾਖੀਆਂ* ਹੇਠ ਲਿਖੀਆਂ ਹਨ।

(੧) ਇੱਕ ਦਿਨ ਪਿੰਡ ਬੁੰਗੇ ਦੀ ਸੰਗਤ ਸੰਤ ਜੀ ਮਹਾਰਾਜ ਨੂੰ ਤਰਨਤਾਰਨ ਸਾਹਿਬ ਤੋਂ ਲੈਣ ਆਈ। ਇੱਕ ਬਹਿਲੀ ਅਤੇ ਇੱਕ ਘੋੜਾ ਸਵਾਰੀ ਲਈ ਲਿਆਂਦਾ। ਸੰਤ ਜੀ ਨੂੰ ਘੋੜੇ 'ਤੇ ਚੜ੍ਹਾਇਆ ਗਿਆ। ਜਿਸ ਸਮੇਂ ਸੰਤ ਜੀ ਮਹਾਰਾਜ ਘੋੜੇ 'ਤੇ ਸਵਾਰ ਹੋਏ ਉਸ ਸਮੇਂ ਭਾਈ ਜੈ ਸਿੰਘ ਦੀ ਮਾਤਾ ਵੀ ਸੰਗਤ ਵਿੱਚ ਹਾਜ਼ਰ ਸੀ। ਮਾਈ ਦੇ ਹਿਰਦੇ ਵਿੱਚ ਇੱਕ ਖਾਸ ਪ੍ਰੇਮ ਦੇ ਰੰਗ ਵਿੱਚ ਫੁਰਨਾ ਫੁਰਿਆ ਕਿ ਕਿਆ ਸੋਹਣੀ ਗੁਰੂ ਮਹਾਰਾਜ ਵਰਗੀ ਸ਼ਕਲ ਹੈ। ਇਹ ਫੁਰਨਾ ਮਾਈ ਦੇ ਚਿੱਤ ਵਿੱਚ ਅਜੇ ਉਪਜਿਆ ਹੀ ਸੀ ਕਿ ਸੰਤ ਜੀ ਘੋੜੇ ਤੋਂ ਇੱਕ

* ਨੋਟ : ਜ਼ਬਾਨੀ ਭਾਈ ਜੈ ਸਿੰਘ ਜੀ ਹਿਸਾਬ ਸਕੱਤਰ ਖ਼ਾਲਸਾ ਕੌਂਸਲ ਅੰਮ੍ਰਿਤਸਰ।

ਦਮ ਉੱਤਰ ਖਲੋਤੇ। ਪਿੰਡ ਦੀ ਸੰਗਤ ਨੇ ਬੜਾ ਹੀ ਜ਼ੋਰ ਲਾਇਆ ਸਭ ਨੇ ਹੱਥ ਜੋੜ ਕੇ ਬੇਨਤੀ ਭੀ ਕੀਤੀ, ਪਰ ਸੰਤ ਜੀ ਘੋੜੇ 'ਤੇ ਨਾ ਚੜ੍ਹੇ, ਸਾਰਾ ਰਸਤਾ ਪਿੰਡ ਬੁੰਗੇ ਤੀਕਰ ਪੈਦਲ ਹੀ ਟੁਰੇ ਗਏ। ਜਥੇ ਦੇ ਕੁਝ ਲੋੜਵੰਦ ਸਰੀਰ ਬਹਿਲੀ ਵਿੱਚ ਬੈਠ ਗਏ।

(੨) ਇਕ ਦਿਨ ਦੀਵਾਨ ਵਿਚ ਸੰਤ ਜੀ ਸ਼ਬਦ ਕੀਰਤਨ ਕਰ ਰਹੇ ਸਨ ਅਤੇ ਇੱਕ ਤੁਕ ਉਚਾਰ ਰਹੇ ਸਨ:

'ਕੁਤਰਾ ਲੈ ਗਈ ਬਿਲਾਈ'

ਪੰਡਤ ਲਛਮਨ ਦਾਸ ਦੀ ਇਸਤਰੀ ਨੇ, ਜੋ ਨਿਤਾਪ੍ਰਤਿ ਦਰਬਾਰ ਸਾਹਿਬ ਆਉਂਦੀ ਹੁੰਦੀ ਸੀ, ਪਿੱਛੇ ਦੀ ਹੋ ਕੇ ਸੰਤ ਜੀ ਮਹਾਰਾਜ ਦੇ ਮੂੰਹ 'ਤੇ ਹੱਥ ਦੇ ਦਿੱਤਾ। ਸੰਤ ਜੀ ਨੇ ਉਸੇ ਵੇਲੇ ਸ਼ਬਦ ਪੜ੍ਹਨਾ ਬੰਦ ਕਰ ਦਿਤਾ। ਬੜੀ ਸ਼ਾਂਤੀ ਅਤੇ ਨਿਮਰਤਾ ਨਾਲ ਪੁੱਛਿਆ ਕਿ ਸਾਧ-ਸੰਗਤ ਜੀ! ਅਸੀਂ ਕੋਈ ਬਾਹਰਲੀ ਤੁਕ ਪੜ੍ਹ ਰਹੇ ਸੀ ਕਿ ਸਾਨੂੰ ਸ਼ਬਦ ਪੜ੍ਹਦਿਆਂ ਰੋਕਿਆ ਗਿਆ ਹੈ? ਸੰਗਤ ਨੇ ਜਵਾਬ ਦਿੱਤਾ, "ਨਹੀਂ ਮਹਾਰਾਜ! ਸ਼ਬਦ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਹੈ।" ਸੰਤ ਜੀ ਅਡੋਲ ਰਹੇ ਅਤੇ ਆਪਣੇ ਮੂੰਹੋਂ ਮਾਈ ਲਈ ਕੋਈ ਬਚਨ ਨਹੀਂ ਕੱਢਿਆ। ਕੁਝ ਚਿਰ ਮਗਰੋਂ ਇਹ ਮਾਈ ਸਦਾਇਣ ਹੋ ਗਈ ਅਤੇ ਵਰ੍ਹੇ ਪਿੱਛੋਂ ਮਰ ਗਈ।

(੩) ਸਾਵਣ ਭਾਦਰੋਂ ਦੇ ਦਿਨ ਸਨ, ਥੋੜ੍ਹੀ-ਥੋੜ੍ਹੀ ਵਰਖਾ ਹੋ ਰਹੀ ਸੀ ਅਤੇ ਸੰਤ ਜੀ ਦਰਬਾਰ ਸਾਹਿਬ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਬਾਬਾ ਫੌੜ੍ਹੀ ਵਾਲੇ, ਹਰਿਮੰਦਰ ਸਾਹਿਬ ਵਿੱਚ ਦਰਸ਼ਨ ਕਰਨ ਲਈ ਆਏ ਅਤੇ ਪ੍ਰਕਰਮਾ ਕਰਨ ਲੱਗ ਪਏ ਤੇ ਬੜੀ ਉੱਚੀ-ਉੱਚੀ ਬੋਲੀ ਗਏ। ਸੰਤ ਜੀ ਅਡੋਲ, ਖਿੜੇ ਮੱਥੇ ਆਤਮ-ਰੰਗ ਵਿੱਚ ਕੀਰਤਨ ਕਰੀ ਗਏ।

(੪) ਇੱਕ ਦਿਨ ਸੰਤ ਜੀ ਮਹਾਰਾਜ ਮਾਈ ਰਾਮ ਕੌਰ ਜੀ ਦੇ ਬੁੰਗੇ ਵਿੱਚ ਬਿਰਾਜਮਾਨ ਸਨ ਤੇ ਭਾਈ ਅਮਲਾ ਸਿੰਘ ਜੀ ਪਹਿਰੇ 'ਤੇ ਸਨ। ਦੋ ਕੁ ਵਜੇ ਭਾਈ ਅਮਲਾ ਸਿੰਘ ਨੇ ਘੋੜਿਆਂ ਦੀ ਟਾਪਾਂ ਦੀ ਅਵਾਜ਼ ਸੁਣੀ। ਏਧਰ-ਉਧਰ ਦੇਖਿਆ, ਕੋਈ ਅਸਵਾਰ ਨਜ਼ਰ ਨਾ ਆਇਆ। ਜਦੋਂ ਸੰਤ ਜੀ ਮਹਾਰਾਜ ਨੇ ਤਿੰਨ ਵਜੇ ਆਪਣਾ ਬੂਹਾ ਖੋਲ੍ਹਿਆ ਤਦ ਭਾਈ ਅਮਲਾ ਸਿੰਘ ਜੀ ਨੇ ਸਾਰੀ ਵਿੱਥਿਆ ਸੁਣਾਈ ਅਤੇ ਹੱਥ ਜੋੜ ਕੇ ਪੁੱਛਿਆ ਕਿ ਮਹਾਰਾਜ! ਇਹ ਕੀ ਕੌਤਕ ਸੀ? ਸੰਤ ਜੀ ਨੇ ਦੱਸਿਆ ਕਿ ਭਾਈ ਅਮਲਾ ਸਿੰਘ ਜੀ! ਇਹ ਦਸਮੇਸ਼ ਪਿਤਾ ਦੀਆਂ ਗੁਪਤ ਫੋਜਾਂ ਹਨ, ਖਾਸ-ਖਾਸ ਸਮੇਂ ਖ਼ਾਲਸਾ ਜੀ ਦੀ ਸਹਾਇਤਾ ਲਈ ਵਿਚਰਦੀਆਂ ਹਨ।

(੫) ਇੱਕ ਦਿਨ ਦੁਪਹਿਰ ਅਜੇ ਢਲੀ ਹੀ ਸੀ, ਕੋਈ ਇੱਕ ਦੋ ਵਜੇ ਦਾ ਵਕਤ ਸੀ ਕਿ ਸੰਤ ਜੀ ਮਾਈ ਰਾਮ ਕੌਰ ਦੇ ਬੁੰਗੇ ਤੋਂ ਨੰਗੀ ਪੈਂਰੀ ਛੇਤੀ-ਛੇਤੀ ਸੁਖਈਆਂ ਦੀ ਗਲੀ ਵੱਲ ਜਾ ਰਹੇ ਸਨ। ਕੁਦਰਤੀ ਸੰਤ ਜੈ ਸਿੰਘ ਜੀ ਅਤੇ ਇੱਕ ਦੋ ਹੋਰ ਪ੍ਰੇਮੀ ਸੰਤ ਜੀ ਨੂੰ ਅੱਗੋਂ ਮਿਲ ਪਏ। ਇਹ ਮਗਰ-ਮਗਰ ਹੋ ਟੁਰੇ। ਜਦ ਪ੍ਰੇਮੀਆਂ ਪਾਸੋਂ ਪੜਤਾਲ ਕੀਤੀ, ਤਾਂ ਪਤਾ ਲੱਗਾ ਕਿ ਇੱਕ ਪ੍ਰੇਮੀ ਅਖੀਰਲੇ ਸਵਾਸਾਂ 'ਤੇ ਹੈ ਅਤੇ ਦਰਸ਼ਨ ਕਰਨ ਦਾ ਅਭਿਲਾਖੀ ਹੈ। ਉਸ ਦੀ ਖਿੱਚ ਕਰ ਕੇ ਸੰਤ ਜੀ ਉਸ ਪਾਸ ਵਾਹੋ-ਦਾਹੀ ਜਾ ਰਹੇ ਸਨ।

(੬) ਥੀਓਸੌਫੀਕਲ ਸੋਸਾਇਟੀ ਦਾ ਇੱਕ ਪ੍ਰੇਮੀ ਖ਼ਾਲਸਾ ਜੀ ਦੀ ਰਹਿਤ ਨੂੰ ਬੜੀਆਂ ਟਿੱਚਰਾਂ ਕਰਦਾ। ਸੰਤ ਜੀ ਮਹਾਰਾਜ ਦੇ ਦਰਸ਼ਨ ਅਤੇ ਕੀਰਤਨ ਦਾ ਉਸ 'ਤੇ ਇਹ ਅਸਰ ਹੋਇਆ ਕਿ ਇੱਕ ਦਿਨ ਭਰੇ ਦੀਵਾਨ ਵਿੱਚ ਅੰਮ੍ਰਿਤ ਛਕਣ ਲਈ ਖੜਾ ਹੋ ਗਿਆ। ਸੰਤ ਜੀ ਨੇ ਉਸੇ ਵੇਲੇ ਪੰਜਾ ਪਿਆਰਿਆਂ ਸਹਿਤ ਅੰਮ੍ਰਿਤ ਤਿਆਰ ਕੀਤਾ। ਜਦ ਅੰਮ੍ਰਿਤ ਤਿਆਰ ਹੋ ਗਿਆ, ਤਦ ਸੰਤ ਜੀ ਮਹਾਰਾਜ ਨੇ ਗੁਰੂ ਕਲਗੀਧਰ ਦੀ ਦਰਗਾਹ ਵਿੱਚ ਅਰਦਾਸਾ ਸੋਧਿਆ ਤੇ ਇਹ ਸ਼ਬਦ ਪੜ੍ਹਿਆ:

ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ ॥ (ਭਾਈ ਗੁਰਦਾਸ ਸਿੰਘ ਜੀ)

ਉਸ ਵੇਲੇ ਇਸ ਪ੍ਰੇਮੀ ਦੀ ਅਸਚਰਜ ਦਸ਼ਾ ਹੋ ਗਈ। ਅੰਮ੍ਰਿਤ ਛਕਣ ਦੇ ਮਗਰੋਂ ਏਸ ਨੂੰ ਨਾਮ ਦਾ ਉਹ ਰੰਗ ਚੜ੍ਹਿਆ ਕਿ ਦਮ-ਬ-ਦਮ ਸਿਮਰਨ ਵਿੱਚ ਲੱਗ ਪਿਆ ਅਤੇ ਰਹਿਤ-ਬਹਿਤ ਦਾ ਬੜਾ ਹੀ ਪੱਕਾ ਸਿੰਘ ਬਣ ਗਿਆ।

(੭) ਇੱਕ ਦਿਨ ਭਾਈ ਕਿਰਪਾ ਸਿੰਘ ਜੀ ਸ਼ਰਾਬ-ਫਰੋਸ਼ ਦੀਵਾਨ ਵਿੱਚ ਦਰਸ਼ਨ ਕਰਨ ਲਈ ਆਇਆ। ਦਰਸ਼ਨ ਕਰਦਿਆਂ ਹੀ ਇਸ ਦੇ ਹਿਰਦੇ ਵਿੱਚ ਉਹ ਸੱਟ ਵੱਜੀ ਕਿ ਇਹ ਧਾਹੀ ਮਾਰ ਕੇ ਰੋਣ ਲੱਗ ਪਿਆ। ਉਸ ਨੇ ਆਪਣੇ ਕੁਕਰਮਾਂ 'ਤੇ ਪਸਚਾਤਾਪ ਕੀਤਾ ਅਤੇ ਦੂਸਰੇ ਦਿਨ ਹੀ ਅੰਮ੍ਰਿਤ ਛਕ ਲਿਆ। ਇਹ ਪ੍ਰੇਮੀ ਨਾਮ ਵਿੱਚ ਐਸਾ ਲੀਨ ਹੋਇਆ ਕਿ ਇਸ ਦੀ ਕਾਇਆ ਪਲਟ ਗਈ ਸ਼ਰਾਬ ਦਾ ਉੱਕਾ ਹੀ ਤਿਆਗ ਕਰ ਦਿੱਤਾ, ਏਸ ਦਾ ਜੀਵਨ ਅਤੀ ਪਵਿੱਤਰ ਬਣ ਗਿਆ।

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (੩੪੨)

ਜਦ ਇਸ ਦਾ ਅੰਤਮ ਸਮਾਂ ਆਇਆ ਤਦ ਨਾਮ ਜਪਦਾ-ਜਪਦਾ ਗੁਰੂ ਕਲਗੀਧਰ ਜੀ ਮਹਾਰਾਜ ਦੀ ਗੋਦ ਵਿੱਚ ਬਿਰਾਜ ਗਿਆ।

(੮) ਇੱਕ ਵਾਰੀ ਜਦ ਸੰਤ ਜੀ ਮਹਾਰਾਜ ਇਲਾਕੇ ਵਿੱਚੋਂ ਪ੍ਰਚਾਰ ਕਰ ਕੇ ਫੇਰ ਤਰਨਤਾਰਨ ਸਾਹਿਬ ਆਏ ਤਦ ਖ਼ਾਲਸਾ ਪ੍ਰਚਾਰਕ ਵਿਦਿਆਲਿਆ ਵਿੱਚ ਡੇਰਾ ਕੀਤਾ। ਮੌਸਮ ਬਰਸਾਤ ਦਾ ਸੀ। ਆਪਣੇ ਨੇਮ ਅਨੁਸਾਰ ਸੰਤ ਜੀ ਨੇ ਦੋ ਵਜੇ ਇਸ਼ਨਾਨ ਕੀਤਾ ਅਤੇ ਆਪਣੇ ਨਿੱਤਨੇਮ ਮਗਰੋਂ ਚਾਰ ਵਜੇ ਪੈਦਲ ਦਰਬਾਰ ਸਾਹਿਬ ਵੱਲ ਟੁਰ ਪਏ। ਰਸਤੇ ਵਿੱਚ ਇੱਕ ਸਰਪ ਮਿਲਿਆ, ਪ੍ਰੇਮੀ ਨੂੰ ਦੇਖ ਕੇ ਸੰਤ ਜੀ ਖਲੋ ਗਏ। ਸਰਪ ਸੰਤ ਜੀ ਦੀ ਪ੍ਰਕਰਮਾ ਕਰ ਚਲਾ ਗਿਆ।

(੯) ਇੱਕ ਦਿਨ ਤਰਨਤਾਰਨ ਸਾਹਿਬ ਸੰਤ ਜੀ ਮਹਾਰਾਜ ਕੀਰਤਨ ਕਰ ਰਹੇ ਸਨ। ਭਾਈ ਦੀਦਾਰ ਸਿੰਘ ਜੀ ਦੀਵਾਨ ਵਿੱਚ ਆਏ। ਰਾਗ, ਵੇਲੇ ਦਾ ਨਹੀਂ ਸੀ। ਭਾਈ ਦੀਦਾਰ ਸਿੰਘ ਦੇ ਹਿਰਦੇ ਵਿੱਚ ਫੁਰਨਾ ਫੁਰਿਆ ਕਿ ਇਨ੍ਹਾਂ ਨੂੰ ਰਾਗ ਦੀ ਸੋਝੀ ਨਹੀਂ ਵੇਲੇ-ਕੁ-ਵੇਲੇ ਸ਼ਬਦ ਪੜ੍ਹਦੇ ਹਨ। ਸੰਤ ਜੀ ਨੇ ਉਸੇ ਵੇਲੇ ਸ਼ਬਦ ਦਾ ਭੋਗ ਪਾ ਦਿੱਤਾ ਅਤੇ ਵਕਤ ਦੇ ਰਾਗ ਵਿੱਚ ਐਸੇ ਰੰਗ ਵਿੱਚ ਸ਼ਬਦ ਪੜ੍ਹਿਆ ਕਿ ਭਾਈ ਦੀਦਾਰ ਸਿੰਘ ਜੀ ਦੀ ਅਸਚਰਜਤਾ ਦੀ ਕੋਈ ਹੱਦ ਨਾ ਰਹੀ। ਸੰਤ ਜੀ ਸ਼ਬਦ ਪੜ੍ਹ ਚੁੱਕੇ ਤਦ ਆਪ ਸਹਿਜ-ਸੁਭਾਉ ਹੀ ਬੋਲੇ, "ਭਾਈ! ਗੁਰੂ ਨਾਨਕ ਸਾਹਿਬ ਦੇ ਕੁਕਰਾਂ ਨੂੰ ਰਾਗ ਸਿੱਖਣ ਦੀ ਲੋੜ ਨਹੀਂ ਹੁੰਦੀ ਸੁਤੇ-ਸਿੱਧ ਹੀ ਸਤਿਗੁਰੂ ਦੀ ਬਖਸ਼ ਹੋ ਜਾਂਦੀ ਹੈ।"

(੧੦) ਭਾਈ ਜੈ ਸਿੰਘ ਜੀ ਦੀ ਮਾਤਾ ਉੱਤੇ ਸੰਤ ਜੀ ਮਹਾਰਾਜ ਦੀ ਖਾਸ ਮਿਹਰ ਦੀ ਨਜ਼ਰ ਹੋ ਗਈ। ਸੰਗਤ ਦੇ ਕਈ ਪ੍ਰੇਮੀਆ ਨੇ ਬਹੁਤ ਆਖਿਆ ਕਿ ਏਸ ਮਾਈ ਨੂੰ ਅੰਮ੍ਰਿਤ ਨਾ ਛਕਾਓ, ਪਰ ਸੰਤ ਜੀ ਨੇ ਆਪਣੀ ਦਇਆ-ਦ੍ਰਿਸ਼ਟੀ ਨਾਲ ਏਸ ਨੂੰ ਅੰਮ੍ਰਿਤ ਛਕਾਇਆ ਅਤੇ ਏਸ ਦੀ ਕਾਇਆ ਹੀ ਪਲਟ ਦਿੱਤੀ। ਇਹ ਨਾਮ-ਸਿਮਰਨ ਵਿੱਚ ਰੰਗੀ ਗਈ ਅਤੇ ਹਰ ਵੇਲੇ ਸਤਿਗੁਰੂ ਦੀ ਟਹਿਲ ਦੀ ਪ੍ਰੇਮਣ ਹੋ ਗਈ।

(੧੧) ਅਜੇ ਭਾਈ ਜੈ ਸਿੰਘ ਭੁਝੰਗੀ ਹੀ ਸਨ ਕਿ ਇੱਕ ਦਿਨ ਅੰਮ੍ਰਿਤ ਪ੍ਰਚਾਰ ਹੋਣ ਲੱਗਾ ਅਤੇ ਇਹ ਅੰਮ੍ਰਿਤ ਅਭਿਲਾਖੀਆਂ ਵਿੱਚ ਹੋ ਖਲੋਤੇ। ਜਦ ਇਨ੍ਹਾਂ ਦੇਖਿਆ ਕਿ ਪੰਜਾਂ ਪਿਆਰਿਆਂ ਵਿੱਚ ਸੰਤ ਜੀ ਮਹਾਰਾਜ ਨਹੀਂ ਹਨ, ਤਦ ਇਹ ਭੱਜ ਗਏ। ਕੁਝ ਦਿਨ ਮਗਰੋਂ ਸੰਤ ਜੀ ਮਹਾਰਾਜ ਦੀ ਨਿਗਾਹ ਭੁਝੰਗੀ ਜੈ ਸਿੰਘ 'ਤੇ ਪੈ ਗਈ ਤੇ ਪੁੱਛਿਆ ਕਿ ਭਾਈ! ਤੂੰ ਭੱਜ ਕਿਉਂ ਗਿਆ ਸੀ? ਭੁਝੰਗੀ ਨੇ ਕਿਹਾ 'ਮਹਾਰਾਜ! ਮੈਂ ਗੱਫਾ ਤੁਹਾਥੋਂ

ਲੈਣਾ ਹੈ।' ਉਸ ਵੇਲੇ ਸੰਤ ਜੀ ਮਹਾਰਾਜ ਨੇ ਅੰਮ੍ਰਿਤ ਪ੍ਰਚਾਰ ਦੀ ਤਿਆਰੀ ਕੀਤੀ। ਭੁਝੰਗੀ ਜੈ ਸਿੰਘ ਅਤੇ ਹੋਰ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਇਆ। ਅੰਮ੍ਰਿਤ ਛਕਣ ਵੇਲੇ ਭੁਝੰਗੀ ਜੈ ਸਿੰਘ ਦੀ ਅਸਚਰਜ ਹਾਲਤ ਹੋ ਗਈ। ਇਸ ਨੂੰ ਪ੍ਰਤੀਤ ਹੋ ਗਿਆ ਕਿ ਗੁਰੂ ਸਿੱਖ ਦਾ ਰਖਵਾਲਾ ਹੁੰਦਾ ਹੈ। ਹੁਣ ਤੀਕਰ ਇਹ ਦਸ਼ਾ ਚਲੀ ਆਉਂਦੀ ਹੈ, ਦੁਨੀਆਂ ਦੇ ਬੇਅੰਤ ਕੁਕਰਮਾਂ, ਵਿਸ਼ੇ, ਵਿਕਾਰਾਂ, ਮਾਣ-ਵਡਿਆਈ ਅਤੇ ਈਰਖਾ ਦੀ ਅੱਗ ਤੋਂ ਸਤਿਗੁਰੂ ਬਚਾਈ ਆਉਂਦੇ ਹਨ। ਇਨ੍ਹਾਂ ਦੀ ਸਿੰਘਣੀ ਨੇ ਉਸੇ ਵਕਤ ਇਨ੍ਹਾਂ ਦੇ ਨਾਲ ਅੰਮ੍ਰਿਤ ਨਹੀਂ ਸੀ ਛਕਿਆ ਅਤੇ ਉਹ ਕਈ ਸਾਲ ਸਿੱਖੀ ਖਿਆਲਾਂ ਦੇ ਵਿਰੁੱਧ ਰਹੀ। ਕੁਝ ਸਾਲ ਮਗਰੋਂ ਜਦ ਭਾਈ ਜੈ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੇ ਫੇਰ ਦਰਸ਼ਨ ਕੀਤੇ ਤਦ ਬੇਨਤੀ ਕੀਤੀ ਕਿ ਮਹਾਰਾਜ! ਦਾਸ ਦੀ ਸਿੰਘਣੀ ਨੂੰ ਵੀ ਅੰਮ੍ਰਿਤ ਛਕਾ ਦੇਵੋ। ਸੰਤ ਜੀ ਮਹਾਰਾਜ ਨੇ ਆਖਿਆ ਕਿ ਅੰਮ੍ਰਿਤ ਹੁਣ ਜਥਾ ਛਕਾਉਂਦਾ ਹੈ, ਅਸੀਂ ਆਪਣੀ ਹੱਥੀਂ ਅੰਮ੍ਰਿਤ ਨਹੀਂ ਛਕਾਉਂਦੇ। ਭਾਈ ਜੈ ਸਿੰਘ ਨੇ ਲਾਡ ਨਾਲ ਆਖਿਆ, "ਤਦ ਮੈਂ ਛਕਾਉਂਦਾ ਹੀ ਨਹੀਂ।" ਸੰਤ ਜੀ ਹੱਸ ਪਏ, ਪ੍ਰੇਮੀ ਦੀ ਬੇਨਤੀ ਮੰਨ ਲਈ ਅਤੇ ਆਪਣੀ ਹੱਥੀਂ ਇਸ ਦੀ ਸਿੰਘਣੀ ਨੂੰ ਅੰਮ੍ਰਿਤ ਛਕਾਇਆ ਜਦ ਸੰਤ ਜੀ ਨੇ ਬੀਬੀ ਦੇ ਸਿਰ 'ਤੇ ਹੱਥ ਰੱਖਿਆ ਅਤੇ ਨੇਤਰਾਂ ਵਿਚ ਛਿੱਟੇ ਮਾਰੇ ਤਦ ਇਹ ਸਰੀਰ ਤੋਂ ਪਰੇ ਹੋ ਗਈ। ਇਸ ਨੂੰ ਤਦੋਂ ਹੀ ਪਤਾ ਲੱਗਾ ਜਦੋਂ ਹਲੂਣੇ ਦੇ ਕੇ ਅੰਮ੍ਰਿਤ ਦਾ ਬਾਟਾ ਇਸ ਦੇ ਹੱਥ ਵਿੱਚ ਫੜਾਇਆ ਅਤੇ ਆਖਿਆ ਕਿ ਅੰਮ੍ਰਿਤ ਛਕ ਲੈ। ਇਸ ਦੀ ਬਿਰਤੀ ਬੜੀ ਉੱਚੀ ਹੋ ਗਈ ਅਤੇ ਸਿਮਰਨ ਸੁਤੇ-ਸਿੱਧ ਹੀ ਚੱਲ ਪਿਆ।

ਇਸ ਤਰ੍ਹਾਂ ਤਰਨਤਾਰਨ ਸਾਹਿਬ ਅਤੇ ਇਲਾਕੇ ਵਿੱਚ ਛੇ ਮਹੀਨੇ ਪ੍ਰਚਾਰ ਹੋਇਆ, ਹਜ਼ਾਰਾਂ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਕਈ ਚੋਰਾਂ, ਯਾਰਾਂ, ਜੁਆਰੀਆਂ ਨੇ ਆਪਣੀਆਂ ਮਾੜੀਆਂ ਆਦਤਾਂ ਛੱਡ ਦਿੱਤੀਆਂ ਅਤੇ ਸੰਤ ਜੀ ਮਹਾਰਾਜ ਜੀ ਦੀ ਖਿੱਚ ਨਾਲ ਸਤਿਗੁਰੂ ਕਲਗੀਆਂ ਵਾਲੇ ਦੇ ਬੇੜੇ 'ਤੇ ਚੜ੍ਹ ਗਏ। ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਕੱਕਾ ਕੰਡਿਆਲਾ ਅਤੇ ਹੋਰ ਸਾਰੇ ਇਲਾਕੇ ਵਿੱਚ ਬੜਾ ਪ੍ਰਚਾਰ ਹੋਇਆ, ਬੜੇ-ਬੜੇ ਭਾਰੀ ਦੀਵਾਨ ਸਜੇ। ਤਰਨਤਾਰਨ ਸਾਹਿਬ ਮੇਲਿਆਂ ਦੇ ਦਿਨਾਂ ਵਿੱਚ ਪੰਦਰਾਂ-ਵੀਹ ਹਜ਼ਾਰ ਸੰਗਤ ਦੀਵਾਨ ਵਿੱਚ ਇਕੱਤਰ ਹੁੰਦੀ ਅਤੇ ਪਿੰਡਾਂ ਵਿੱਚ ਪੰਜ-ਪੰਜ ਹਜ਼ਾਰ।

ਇਸ ਸਮੇਂ ਨਗਰ ਚੁਤਾਲਾ ਦੀ, ਜੋ ਕਿ ਤਰਨਤਾਰਨ ਸਾਹਿਬ ਤੋਂ ਦੱਖਣ ਵਾਲੇ ਪਾਸੇ ਦੋ ਕੁ ਮੀਲ ਦੇ ਫਾਸਲੇ 'ਤੇ ਹੈ, ਇੱਕ ਖਾਸ ਸਾਖੀ ਹੈ। ਇੱਥੇ ਭਾਈ ਸੁੰਦਰ ਸਿੰਘ ਜੀ ਅਤੇ ਹੋਰ ਸਾਧ-ਸੰਗਤ ਦੀ ਬੇਨਤੀ 'ਤੇ ਸੰਤ ਜੀ ਮਹਾਰਾਜ ਨੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਇਨ੍ਹਾਂ ਦੇ ਆਗਮਨ ਲਈ ਸਾਰੀਆਂ ਗਲੀਆਂ ਵਿੱਚ ਛਿੜਕਾਉ ਅਤੇ ਸਫ਼ਾਈ ਹੋਈ। ਸੰਗਤ ਨੇ ਇਨ੍ਹਾਂ ਨੂੰ ਭਾਈ ਖੁਸ਼ਹਾਲ ਸਿੰਘ ਜੀ ਦੀ ਹਵੇਲੀ ਵਿੱਚ ਉਤਾਰ ਦਿੱਤਾ। ਕੁਝ ਚਿਰ ਮਗਰੋਂ ਸੰਤ ਜੀ ਸਹਿਜ-ਸੁਭਾਉ ਲਘੂ-ਸ਼ੰਕਾ ਲਈ ਉੱਠੇ। ਤਦ ਇੱਕ ਪ੍ਰੇਮੀ ਨੇ ਆਖਿਆ ਕਿ ਮਹਾਰਾਜ ਜੀ! ਏਧਰ ਕੱਖ-ਕਾਨੇ ਹਨ, ਇੱਥੇ ਸ਼ਰਲਾ ਨਾ ਛੱਡਣਾ! ਤਾਂ ਬੜੀ ਪਿਆਰ ਭਰੀ ਬੋਲੀ ਵਿੱਚ ਸੰਤ ਜੀ ਨੇ ਆਪਣੇ ਮੁਖਾਰ-ਬਿੰਦ ਤੋਂ ਇਹ ਪ੍ਰਿਯ ਬਚਨ ਬੋਲੇ ਕਿ ਭਾਈ! ਇਹ ਇੱਕ ਪਵਿੱਤਰ ਜਗ੍ਹਾ ਹੈ, ਇਸ ਨੂੰ ਇੱਕ ਦਿਨ ਭਾਗ ਲੱਗਣਗੇ। ਸਾਨੂੰ ਅੱਗੇ ਹੀ ਇਹ ਵਿਚਾਰ ਫੁਰ ਰਹੀ ਸੀ ਕਿ ਇੱਥੇ ਚੀਤਾ ਨਾ ਭਜਾਈਏ। ਉਸ ਵੇਲੇ ਤਾਂ ਇਹ ਗੱਲ ਕਿਸੇ ਵੀ ਨਾ ਗਉਲੀ, ਪਰ ਹੁਣ ਪਤਾ ਲੱਗਾ ਹੈ ਕਿ:

"ਇਕਿ ਸਾਧ ਬਚਨ ਅਟਲਾਧਾ" (੧੨੦੪)

ਇੱਥੇ ਇੱਕ ਪੱਕੀ ਧਰਮਸ਼ਾਲਾ ਬਣ ਗਈ ਹੈ ਅਤੇ ਭਾਈ ਮਨੀ ਰਾਮ ਸ਼ਾਹੂਕਾਰ ਮੰਡੀ ਤਰਨਤਾਰਨ ਨੇ ਖੂਹੀ ਬਣਾ ਦਿੱਤੀ ਹੈ। ਸੰਤ ਜੀ ਸਵੇਰੇ ਨਗਰ ਵਿੱਚ ਆਏ ਅਤੇ ਇੱਕ ਰਾਤ ਰਹਿ ਕੇ ਦੂਜੇ ਦਿਨ ਤਰਨਤਾਰਨ ਸਾਹਿਬ ਚਲੇ ਗਏ। ਜਾਂਦੀ ਵਾਰੀ ਸ਼ਬਦ ਦੀ ਇਹ ਧਾਰਨਾ ਲਾਈ:

"ਕੂੰਜਾਂ ਉਡ ਚਲੀਆਂ ਕਰ ਕੇ ਰੈਣ ਬਸੇਰਾ ।"

ਸੰਤ ਜੀ ਮਹਾਰਾਜ ਦੀ ਕ੍ਰਿਪਾ ਨਾਲ ਤਿੰਨ-ਚਾਰ ਪ੍ਰੇਮੀਆਂ ਨੂੰ ਉਤਸ਼ਾਹ ਆਇਆ ਅਤੇ ਉਨ੍ਹਾਂ ਨੇ ਤਰਨਤਾਰਨ ਸਾਹਿਬ ਜਾ ਕੇ ਅੰਮ੍ਰਿਤ ਛਕਿਆ ਅਤੇ ਗੁਰਸਿੱਖੀ ਦੀ ਨੀਂਹ ਪਿੰਡ ਵਿੱਚ ਰੱਖੀ ਗਈ, ਜਿਸ ਦੀ ਬਰਕਤ ਨਾਲ ਹੁਣ ਗੁਰਸਿੱਖੀ ਦਾ ਬੂਟਾ ਮੌਲਿਆ ਹੋਇਆ ਹੈ ਅਤੇ ਗੁਰਦੁਆਰੇ ਵਿੱਚ ਸਤਿਸੰਗ ਜਾਰੀ ਹੈ। ਸਤਿਗੁਰੂ ਦੀ ਅਪਾਰ ਕ੍ਰਿਪਾ ਹੈ।*

ਸੰਤ ਬਿਸ਼ਨ ਸਿੰਘ ਜੀ ਵੀ ਸੰਤ ਜੀ ਮਹਾਰਾਜ ਨਾਲ ਤਰਨਤਾਰਨ ਸਾਹਿਬ ਬਹੁਤ ਚਿਰ ਟਿਕੇ ਰਹੇ। ਆਪ ਨੇ ਕਈ ਵਾਰੀ ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਮਾਲਵੇ ਵਿੱਚ ਪ੍ਰਚਾਰ ਦੀ ਬੜੀ ਲੋੜ ਹੈ, ਆਪ ਉਸ ਦੇਸ਼ ਤੇ ਜ਼ਰੂਰ ਕ੍ਰਿਪਾ ਕਰੋ। ਪਹਿਲਾਂ ਤਾਂ ਸੰਤ ਜੀ ਕਈ ਵਾਰੀ ਜਵਾਬ ਦੇਈ ਗਏ ਕਿ ਸਾਰੇ ਹੀ ਦੇਸ਼ ਆਪਣੇ ਹਨ ਮਾਲਵੇ ਦੀ ਕੀ ਮਨੌਂਤ ਮੰਨੀ ਹੈ, ਪਰ ਆਖ਼ਰਕਾਰ ਇੱਕ ਦਿਨ ਪ੍ਰੇਮ ਵੱਸ ਹੋ ਕੇ ਮੰਨ ਗਏ ਤੇ ਆਖਿਆ, "ਤੁਸੀ ਮਾਲਵੇ ਵਿੱਚ ਚਲੇ ਜਾਉ, ਅਸੀਂ ਵੀ ਤੁਹਾਡੇ ਮਗਰ-ਮਗਰ ਛੇਤੀ ਹੀ ਆਵਾਂਗੇ।"

ਸੰਤਨ ਕਉ ਅਨਦੁ ਸਗਲ ਹੀ ਜਾਈ

ਤਰਨਤਾਰਨ ਸਾਹਿਬ ਵਿੱਚ ਛੇ ਮਹੀਨੇ ਸਤਿਸੰਗ ਦਾ ਅਜਬ ਰੰਗ ਬਣਿਆ ਰਿਹਾ, ਪਰ ਕਰਤਾਰ ਦੀ ਨੇਤ ਅਚਨਚੇਤ ਹੀ ਇਸ ਰੰਗ ਵਿੱਚ ਭੰਗ ਪੈ ਗਿਆ। ਰੁੱਤ ਗਰਮੀਆਂ ਦੀ ਸੀ। ਸੰਤ ਜੀ ਮਹਾਰਾਜ ਰਾਤ ਨੂੰ ਹੰਸਲੀ ਵੱਲ ਦੀਆਂ ਬੇਰੀਆਂ ਹੇਠ ਬਿਰਾਜਦੇ ਸਨ। ਆਪ ਪਲੰਘ 'ਤੇ ਬਿਰਾਜਦੇ ਅਤੇ ਦੋ ਨਿਕਟਵਰਤੀ ਸੇਵਕ ਪਾਸ ਹੀ ਫਰਸ਼ 'ਤੇ ਸੇਵਾ ਵਿੱਚ ਹਾਜ਼ਰ ਰਹਿੰਦੇ। ਜਦ ਸੰਤ ਜੀ ਲੇਟ ਜਾਂਦੇ ਤਦ ਇਹ ਭੀ ਕੋਲ ਹੀ ਆਪਣੇ ਆਸਣ 'ਤੇ ਅਰਾਮ ਕਰਦੇ।

ਇੱਕ ਰਾਤ ਕੋਈ ਡੇਢ ਕੁ ਵਜੇ ਦਾ ਵਕਤ ਸੀ ਕਿ ਸਿਪਾਹੀ ਦੀ ਇਸਤਰੀ ਬੀਬੀ ਪ੍ਰੇਮ ਕੌਰ ਸੰਤ ਜੀ ਮਹਾਰਾਜ ਦੇ ਮੰਜੇ ਦੀ ਪਵਾਂਦੀ ਆ ਬੈਠੀ। ਸੰਤ ਜੀ ਉਸੇ ਵੇਲੇ ਉੱਠ ਬੈਠੇ ਅਤੇ ਸੇਵਕ ਵੀ ਜਾਗ ਪਏ। ਬੀਬੀ ਨੂੰ ਸੰਤਾਂ ਨੇ ਉਪਦੇਸ਼ ਕੀਤਾ ਕਿ ਭਜਨ ਕਰੋ ਅਤੇ ਕਰਤਾਰ ਦੀ ਰਜ਼ਾਇ ਵਿੱਚ ਰਹੋ, ਮੋਹ-ਮਾਇਆ ਦਾ ਜਾਲ ਤੋੜਨ ਕਰ ਕੇ ਹੀ ਮਨੁੱਖਾ ਜਨਮ ਸਫ਼ਲਾ ਹੁੰਦਾ ਹੈ। ਮਾਈ ਦੀ ਇਸ ਅਯੋਗ ਹਰਕਤ ਕਰ ਕੇ ਸੰਤ ਜੀ ਮਹਾਰਾਜ ਉਪਰਾਮ ਹੋ ਗਏ ਅਤੇ ਅੰਮ੍ਰਿਤ ਵੇਲੇ ਇਸ਼ਾਸਨ ਕਰ ਕੇ ਤਰਨਤਾਰਨ ਸਾਹਿਬ ਛੱਡ ਦਿੱਤਾ। ਜਦ ਆਸਾ ਦੀ ਵਾਰ ਦਾ ਸਮਾਂ ਆਇਆ ਤਦ ਸੰਤ ਜੀ ਮਹਾਰਾਜ ਦੀਵਾਨ ਵਿੱਚ ਨਾ ਗਏ। ਸੰਗਤ ਵਿੱਚ ਬੜੀ ਹਲਚਲ ਮਚ ਗਈ, ਕੋਈ ਕਿਧਰੇ ਦੇਖੇ ਕੋਈ ਕਿਧਰੇ। ਜਦ ਦੀਵਾਨ ਦਾ ਭੋਗ ਪੈ ਗਿਆ ਅਤੇ ਸੰਤਾਂ ਦੇ ਫੇਰ ਵੀ ਦਰਸ਼ਨ ਨਾ ਹੋਏ, ਤਦ ਸੰਗਤਾਂ ਬਿਹਬਲ ਹੋ ਕੇ ਆਲੇ-ਦੁਆਲੇ ਦੇ ਟਿਕਾਣਿਆਂ ਅਤੇ ਪਿੰਡਾਂ ਵਿੱਚ ਢੂੰਡਣ ਲਈ ਚੜ੍ਹ ਪਈਆਂ। ਬੜੇ ਜਤਨ ਮਗਰੋਂ ਸੰਤ ਜੀ ਕਕੇ ਕੰਡਿਆਲੇ ਦੇ ਬਾਹਰ ਇੱਕ ਦਰਖਤ ਹੇਠਾਂ ਲੱਭੇ। ਸੰਗਤ ਟੁੱਟ ਕੇ ਚਰਨੀਂ ਲੱਗੀ ਅਤੇ ਬੜੇ ਵੈਰਾਗ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਤਰਨਤਾਰਨ ਸਾਹਿਬ ਜ਼ਰੂਰ ਦਰਸ਼ਨ ਦੇਵੋ। ਸੰਤ ਜੀ ਮਹਾਰਾਜ ਨੇ ਸਭ ਨੂੰ ਧੀਰਜ ਦਿਤੀ ਅਤੇ ਆਖਿਆ ਕਿ ਸਾਡਾ ਸਰੀਰ ਹੀ ਸਾਧ-ਸੰਗਤ ਦਾ ਹੈ, ਪਰ ਮਾਈ ਦੀ ਕੁਚਾਲੀ ਕਰ ਕੇ ਹੁਣ ਸਾਡਾ ਚਿੱਤ ਤਰਨਤਾਰਨ ਸਾਹਿਬ ਜਾਣ ਨੂੰ ਨਹੀ ਕਰਦਾ। ਹੁਣ ਕਦੇ ਫੇਰ ਕਰਤਾਰ ਦੇ ਹੁਕਮ ਵਿੱਚ ਹਾਜ਼ਰੀ ਭਰਾਂਗੇ। ਸੰਗਤ ਸੰਤ ਜੀ ਦਾ ਆਸ਼ਾ ਸਮਝ ਕੇ ਮੁੜ ਗਈ ਅਤੇ ਸੰਤ ਜੀ ਇੱਕ ਦੋ ਮਹੀਨੇ ਇਸ ਪਿੰਡ ਹੀ ਰਹੇ। ਇਲਾਕੇ ਦੀਆਂ ਬੇਅੰਤ ਸੰਗਤਾਂ ਦਰਸ਼ਨ ਲਈ ਆਉਂਦੀਆਂ ਅਤੇ ਸੈਂਕੜੇ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਹੁਣ ਪੋਠੋਹਾਰ ਦੇ ਇਲਾਕੇ ਦੀਆਂ ਸੰਗਤਾਂ ਵਿੱਚ ਮਹਾਰਾਜ ਦੇ ਦਰਸ਼ਨ ਦੀ ਖਿੱਚ ਹੋਈ। ਸਰਦਾਰ ਘਰਬਾਰਾ ਸਿੰਘ ਜੀ ਤਰਨਤਾਰਨ ਸਾਹਿਬ ਤੋਂ ਹੋ ਕੇ ਇਸ ਨਗਰ ਆਏ ਅਤੇ ਸੰਤ ਜੀ

* ਨੋਟ : ਜ਼ਬਾਨੀ ਭਾਈ ਹਜ਼ਾਰਾ ਸਿੰਘ ਜੀ ਜੈਲ ਜਥੇਦਾਰ ਪਿੰਡ ਚੌਂਤਾਲਾ।

ਨੂੰ ਡੇਰੇ ਖ਼ਾਲਸੇ ਲੈ ਆਏ। ਏਥੇ ਕੁਝ ਚਿਰ ਸੰਗਤਾਂ ਦਾ ਪ੍ਰੇਮ ਲਿਆ, ਕਈ ਜੀਵਾਂ ਦਾ ਭਲਾ ਕੀਤਾ। ਫੇਰ ਰਾਵਲਪਿੰਡੀ ਦੀ ਸੰਗਤ ਦਾ ਪ੍ਰੇਮ ਪੂਰਾ ਕਰਨ ਲਈ ਕੁਝ ਚਿਰ ਇਸ ਸ਼ਹਿਰ ਵਿੱਚ ਬਿਰਾਜੇ। ਏਥੇ ਲਾਹੌਰ ਦੀ ਸੰਗਤ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਦੇ ਗੁਰਪੁਰਬ, ਜੇਠ ਸੁਦੀ ਚੌਥ, ਲਈ ਸੰਤ ਜੀ ਨੂੰ ਆਪਣੇ ਨਾਲ ਲੈ ਗਈ ਅਤੇ ਮਹਾਰਾਜ ਰਣਜੀਤ ਸਿੰਘ ਜੀ ਦੀ ਸਮਾਧ ਵਿੱਚ ਡੇਰਾ ਕਰਾਇਆ। ਸਤਿਸੰਗ ਦਾ ਬੜਾ ਰੰਗ ਬਣਿਆ। ਅੰਮ੍ਰਿਤ ਵੇਲੇ ਹਰ ਰੋਜ਼ ਡੇਰਾ ਸਾਹਿਬ ਦੀਵਾਨ ਸਜਦਾ ਅਤੇ ਸ਼ਾਮ ਦੇ ਵਕਤ ਬਾਉਲੀ ਸਾਹਿਬ। ਜੇਠ ਸੁਦੀ ਚੌਥ ਵਾਲੇ ਦਿਨ ਸਵੇਰੇ ਸ਼ਾਮ ਦੇ ਦੋਵੇਂ ਦੀਵਾਨ ਡੇਰਾ ਸਾਹਿਬ ਹੀ ਸਜੇ। ਸਾਧ-ਸੰਗਤ ਵਿੱਚ ਬੜਾ ਉਤਸ਼ਾਹ ਹੋਇਆ ਅਤੇ ਸੈਂਕੜੇ ਮਾਈ-ਭਾਈ ਨੇ ਅੰਮ੍ਰਿਤ ਛਕਿਆ।

ਲਾਹੌਰ ਦੇ ਇਸ ਦੌਰੇ ਵਿੱਚ ਸੰਤ ਭਾਈ ਹਰੀ ਸਿੰਘ ਜੀ ਦਾ ਸੰਤ ਜੀ ਮਹਾਰਾਜ ਨਾਲ ਮਿਲਾਪ ਹੋਇਆ ਅਤੇ ਇਹ ਸੋਲ੍ਹਾਂ ਸਾਲ ਸੰਤ ਜੀ ਦੇ ਗੜਵਈ ਰਹੇ। ਇਨ੍ਹਾਂ ਨੇ ਸੰਤ ਜੀ ਮਹਾਰਾਜ ਦਾ ਕਨੋਹੇ ਦਰਸ਼ਨ ਕੀਤਾ ਸੀ ਅਤੇ ਜਦ ਸੰਤ ਜੀ ਰਵਾਤ ਆਏ ਸਨ ਉੱਥੇ ਅੰਮ੍ਰਿਤ ਛਕਿਆ ਸੀ। ਅੰਮ੍ਰਿਤ ਛਕ ਕੇ ਭਾਈ ਹਰੀ ਸਿੰਘ ਜੀ ਆਪਣੇ ਘਰ ਚੱਲੇ ਗਏ,ਪਰ ਚਿੱਤ ਵਿਚ ਇਹ ਆਸ਼ਾ ਬਣੀ ਰਹੀ ਕਿ ਕੁਝ ਚਿਰ ਸੰਤ ਜੀ ਮਹਾਰਾਜ ਦੀ ਟਹਿਲ ਵਿੱਚ ਰਹਿ ਕੇ ਸਤਿਸੰਗ ਦਾ ਲਾਭ ਉਠਾਈਏ। ਹਿਰਦੇ ਵਿੱਚ ਇਹ ਖਿਆਲ ਟਿਕਿਆ ਰਿਹਾ ਅਤੇ ਦਿਨੋ-ਦਿਨ ਦਰਸ਼ਨ ਦੀ ਤਾਂਘ ਵਧਦੀ ਗਈ। ਸਮਾਂ ਪਾ ਕੇ ਇੱਕ ਦਿਨ ਭਾਈ ਹਰੀ ਸਿੰਘ ਜੀ ਨੂੰ ਪਤਾ ਲੱਗਾ ਕਿ ਸੰਤ ਜੀ ਲਾਹੌਰ ਵਿੱਚ ਨਾਮ-ਬਾਣੀ ਦਾ ਪ੍ਰਵਾਹ ਚਲਾ ਰਹੇ ਹਨ। ਇਹ ਖ਼ਬਰ ਸੁਣਦੇ ਸਾਰ ਹੀ ਭਾਈ ਸਾਹਿਬ ਆਪਣੇ ਨਗਰ ਤੋਂ ਲਾਹੌਰ ਚਲੇ ਗਏ ਅਤੇ ਉੱਥੇ ਦਰਸ਼ਨ ਮੇਲਾ ਕੀਤਾ। ਫੇਰ ਚਿੱਤ ਚਰਨਾਂ ਵਿੱਚ ਹੀ ਲੱਗ ਗਿਆ ਅਤੇ ਵਿਛੜ ਨਾ ਸਕੇ। (ਸੋਲ੍ਹਾਂ ਸਾਲ ਸੰਤ ਜੀ ਦੀ ਟਹਿਲ ਵਿੱਚ ਰਹੇ) ਸਾਧ-ਸੰਗਤ ਜੀ ਨੇ ਪ੍ਰੇਮ ਦੀ ਖਿੱਚ ਪਾ ਕੇ ਤਿੰਨ ਮਹੀਨੇ ਲਾਹੌਰ ਹੀ ਰੱਖਿਆ। ਅਨੇਕਾਂ ਜੀਵਾਂ ਦੇ ਹਿਰਦੇ ਸ਼ਾਂਤ ਹੋਏ। ਹੁਣ ਅੱਸੂ ਦਾ ਮਹੀਨਾ ਚੜ੍ਹ ਪਿਆ। ਇਨ੍ਹਾਂ ਦਿਨਾਂ ਵਿੱਚ ਸੰਗਤਾਂ ਗੁਜਰਾਂਵਾਲੇ, ਲਾਹੌਰ ਅਤੇ ਹੋਰ ਨਗਰਾਂ ਤੋਂ ਵਹੀਰਾਂ ਪਾ ਕੇ ਨਨਕਾਣੇ ਸਾਹਿਬ ਦੀ ਯਾਤਰਾ ਲਈ ਪੈਦਲ ਜਾਂ ਬੈਲ-ਗੱਡੀਆਂ ਤੇ ਟੁਰ ਪੈਂਦੀਆਂ। ਰਸਤੇ ਵਿੱਚ ਹੀ ਹਰ ਪੜਾਅ 'ਤੇ ਲੰਗਰ ਸਜਦੇ ਅਤੇ ਸਵੇਰ-ਸ਼ਾਮ ਬੜੇ ਪ੍ਰੇਮ ਨਾਲ ਸਤਿਗੁਰੂ ਜੀ ਦੇ ਦੀਵਾਨ ਲੱਗਦੇ। ਏਸ ਸਾਲ ਭਾਈ ਹਰਨਾਮ ਸਿੰਘ ਜੀ ਆਟੇ ਵਾਲੇ ਅਤੇ ਹੋਰ ਗੁਰਮੁਖਾਂ ਨੇ ਸੰਤ ਜੀ ਮਹਾਰਾਜ ਪਾਸ ਸੰਗਤ ਦੇ ਨਾਲ ਨਨਕਾਣੇ ਸਾਹਿਬ ਜਾਣ ਲਈ ਬੇਨਤੀ ਕੀਤੀ। ਸੰਤ ਜੀ ਬੜੇ ਉਤਸ਼ਾਹ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ-ਧੂੜ ਲੈਣ ਲਈ ਤਿਆਰ ਹੋ ਗਏ। ਰਸਤੇ ਵਿੱਚ ਬੜਾ ਪ੍ਰਚਾਰ ਹੋਇਆ ਅਤੇ ਹਜ਼ਾਰਾਂ ਮਾਈ-ਭਾਈ ਗੁਰੂ ਕਲਗੀਧਰ ਜੀ ਮਹਾਰਾਜ ਦੇ ਬੇੜੇ 'ਤੇ ਚੜ੍ਹੇ।

ਰਸਤੇ ਵਿੱਚ ਇੱਕ ਦਿਨ ਕਿਸੇ ਪ੍ਰੇਮੀ ਨੇ ਸੰਤ ਜੀ ਮਹਾਰਾਜ ਨੂੰ ਗੱਡੇ 'ਤੇ ਚੜ੍ਹਾ ਲਿਆ। ਕਰਤਾਰ ਦੀ ਨੇਤ ਗੱਡਾ ਟੁੱਟ ਗਿਆ, ਪਰ ਸੰਤ ਜੀ ਨੂੰ ਜ਼ਰਾ ਵੀ ਸੱਟ ਨਾ ਲੱਗੀ। ਸਤਿਗੁਰੂ ਦੇ ਚਰਨ ਹਿਰਦੇ ਵਿੱਚ ਵਸਾ ਕੇ ਪੜਾਅ-ਪੜਾਅ ਟੁਰਦੀ ਸਾਧ-ਸੰਗਤ ਨਨਕਾਣੇ ਸਾਹਿਬ ਦੀ ਜੂਹ ਵਿੱਚ ਅੱਪੜੀ। ਸਭ ਨੇ ਬੜੇ ਪ੍ਰੇਮ ਨਾਲ ਚਰਨ-ਧੂੜ ਮਸਤਕ 'ਤੇ ਲਾਈ। ਕਿਆਰਾ ਸਾਹਿਬ, ਮਾਲ ਜੀ ਸਾਹਿਬ, ਬਾਲ ਲੀਲ੍ਹਾ ਸਾਹਿਬ ਦਾ ਦਰਸ਼ਨ ਕਰਦਿਆਂ ਹੋਇਆਂ ਸੰਗਤਾਂ ਜਨਮ ਅਸਥਾਨ ਸਾਹਿਬ ਅੱਪੜੀਆਂ। ਸਭ ਦੇ ਕਲੇਜੇ ਠੰਢ ਪਈ ਅਤੇ ਪੂਰਨਮਾਸ਼ੀ ਦੇ ਪੂਰਨ ਗੁਰ ਅਵਤਾਰ ਦੀ ਸੀਤਲਤਾ ਨੇ ਸਾਰਿਆਂ ਦੇ ਤਪੇ ਹੋਏ ਹਿਰਦੇ ਠੰਢੇ-ਠਾਰ ਕਰ ਦਿੱਤੇ। ਹੁਣ ਸੰਤ ਜੀ ਮਹਾਰਾਜ ਨੇ ਸਤਿਗੁਰੂ ਦੇ ਚਰਨਾਂ ਦਾ ਧਿਆਨ ਧਰ ਕੀਰਤਨ ਅਰੰਭ ਕਰ ਦਿੱਤਾ। ਸ਼ਬਦ ਕੀਰਤਨ ਦਾ ਉਹ ਰੰਗ ਬਣਿਆ ਕਿ ਸੁਰ, ਨਰ, ਮੁਨ, ਜਨ, ਪਸ਼ੂ, ਪੰਖੀ ਮੋਹਿਤ ਹੋ ਗਏ ਅਤੇ ਸਭ ਦੇ ਹਿਰਦੇ ਵਿੱਚ 'ਧੰਨ ਗੁਰੂ

ਨਾਨਕ! ਧੰਨ ਗੁਰੂ ਨਾਨਕ!' ਵੱਸ ਗਿਆ। ਇਸ ਤਰ੍ਹਾਂ ਚਾਰ ਕੁ ਘੜੀ ਆਤਮ ਰੰਗ ਵਿੱਚ ਸ਼ਬਦ ਚੌਂਕੀ ਰਹੀ, ਫਿਰ ਸੋਦਰੁ ਦਾ ਸਮਾਂ ਹੋ ਗਿਆ। ਰਹਿਰਾਸ ਦੇ ਪਾਠ ਮਗਰੋਂ ਸਾਰੀ ਸੰਗਤ ਨੇ ਲੰਗਰ ਛਕਿਆ ਅਤੇ ਰਾਤ ਲਈ ਬਿਰਾਜ ਗਈ। ਸਵੇਰੇ ਪਹਿਰ ਦੇ ਤੜਕੇ ਸਭ ਨੇ ਇਸ਼ਨਾਨ ਪਾਣੀ ਕੀਤਾ, ਆਪਣਾ-ਆਪਣਾ ਨਿੱਤਨੇਮ ਕਰ, ਆਸਾ ਜੀ ਦੀ ਵਾਰ ਦੇ ਦੀਵਾਨ ਵਿੱਚ ਹਾਜ਼ਰ ਹੋ ਗਏ। ਇਸ ਤਰ੍ਹਾਂ ਕੁਝ ਦਿਨ ਨਿੱਤਨੇਮ, ਸਤਿਸੰਗ ਅਤੇ ਨਾਮ ਰੰਗ ਦਾ ਪ੍ਰਵਾਹ ਚਲਿਆ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਸੋਹਣੇ ਅਤੇ ਮਿੱਠੇ ਚਰਨ ਕੰਵਲ ਅਨੇਕਾਂ ਜੀਵਾਂ ਦੇ ਹਿਰਦੇ ਵਿੱਚ ਵੱਸੇ।

ਚੂਹੜਕਾਣੇ ਦੇ ਪਾਸ ਇੱਕ ਪਿੰਡ ਵਰਨ ਹੈ। ਉਸ ਥਾਂ ਮਹੰਤ ਸੁਜਾਨ ਸਿੰਘ ਜੀ ਇੱਕ ਬੜੀ ਕਰਨੀ ਵਾਲੇ ਸਿੱਖ ਸਨ। ਉਹ ਹਰ ਸਾਲ ਲੰਗਰ ਲੈ ਕੇ ਨਨਕਾਣੇ ਸਾਹਿਬ ਆਉਂਦੇ ਸਨ। ਇਸ ਸਾਲ ਉਹਨਾਂ ਨੂੰ ਪਹਿਲੀ ਵਾਰੀ ਸੰਤ ਜੀ ਮਹਾਰਾਜ ਦੇ ਦਰਸ਼ਨ ਹੋਏ ਅਤੇ ਅੰਮ੍ਰਿਤ ਰਸ-ਭਿੰਨੇ ਕੀਰਤਨ ਸੁਣਨ ਦਾ ਅਵਸਰ ਮਿਲਿਆ। ਉਹਨਾਂ ਨੇ ਆਪਣੇ ਸੇਵਕਾਂ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਬੜੇ ਪ੍ਰੇਮ, ਸ਼ਰਧਾ ਅਤੇ ਉਤਸ਼ਾਹ ਨਾਲ ਆਖਿਆ ਕਿ ਸੰਤ ਧੁਰ ਦਰਗਾਹ ਤੋਂ ਭੇਜੀ ਹੋਈ ਰੂਹ ਹਨ। ਉਹ ਖੁਸ਼ਕ, ਰੁੱਖੇ ਸੰਸਾਰ ਵਿੱਚ ਇੱਕ ਵਾਰੀ ਫੇਰ ਸਤਿਨਾਮ ਦਾ ਚੱਕਰ ਫਿਰਾਉਣ ਲਈ ਆਏ ਹਨ।*

ਇਸੇ ਤਰ੍ਹਾਂ ਨਾਮ-ਬਾਣੀ ਦਾ ਪ੍ਰਵਾਹ ਚਲਾਉਂਦੇ-ਚਲਾਉਂਦੇ ਇੱਕ ਦਿਨ, ਅਚਨਚੇਤ ਹੀ ਸੰਤ ਜੀ ਮਹਾਰਾਜ ਨੂੰ ਬੜਾ ਸਖ਼ਤ ਬੁਖਾਰ ਹੋ ਗਿਆ। ਗਿਆਨੀ ਸੁੰਦਰ ਸਿੰਘ ਜੀ ਵੀ ਗੁਜਰਾਂਵਾਲੇ ਤੋਂ ਗੁਰਪੁਰਬ ਦੇ ਜੋੜ-ਮੇਲੇ 'ਤੇ ਆਏ ਹੋਏ ਸਨ। ਜਦ ਇਹਨਾਂ ਨੂੰ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਨੂੰ ਬੁਖਾਰ ਚੜ੍ਹ ਗਿਆ ਹੈ, ਇਹ ਖ਼ਬਰ ਲੈਣ ਲਈ ਆਏ। ਬੁਖਾਰ ਬੜੇ ਜ਼ੋਰਾਂ ਦਾ ਸੀ ਅਤੇ ਸਵਾਸ ਪੂਰੀ ਤੇਜ਼ੀ ਨਾਲ ਚੱਲ ਰਹੇ ਸਨ। ਗਿਆਨੀ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਜੀ ਦੇ ਸੁਆਸਾਂ ਵਿੱਚੋਂ 'ਵਾਹਿਗੁਰੂ-ਵਾਹਿਗੁਰੂ' ਦੀ ਅਵਾਜ਼ ਆ ਰਹੀ ਹੈ। ਤਦ ਸੰਤ ਜੀ ਨੇ ਬਚਨ ਕੀਤਾ ਕਿ ਭਾਈ ਸੁੰਦਰ ਸਿੰਘ ਜੀ! ਇਹ ਸਰੀਰ ਲੁਹਾਰ ਦੀ ਖੱਲ ਵਾਗੂੰ ਹੈ, ਸਵਾਸ ਅੰਦਰੋਂ ਭਰ ਕੇ ਨਿਕਲਦੇ ਹਨ। ਜੇ ਵਾਹਿਗੁਰੂ ਜੀ ਦੇ ਨਾਮ ਨਾਲ ਮਿਲੇ ਹੋਏ ਆਉਣ ਤਾਂ ਸਵਾਸ ਅਤੇ ਸਰੀਰ ਸਫ਼ਲ ਹਨ, ਨਹੀਂ ਤਾਂ:

ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥ (੨੬੯)

ਜਿਊਣਾ ਕਿਸ ਕੰਮ! ਫੇਰ ਸੰਤ ਜੀ ਗੁਜਰਾਂਵਾਲਾ ਦੇ ਜਥੇ ਨਾਲ ਨਨਕਾਣਾ ਸਾਹਿਬ ਤੋਂ ਮਾਨਾਂਵਾਲੇ ਆਏ। ਜਥਾ ਤਾਂ ਖਰੇ ਸੌਦੇ ਆ ਪੁੱਜਾ, ਪਰ ਸੰਤ ਜੀ ਮਹਾਰਾਜ ਮਾਨਾਵਾਂਲੇ ਹੀ ਰਹੇ।

ਦੂਜੇ ਦਿਨ ਖਰੇ ਸੌਦੇ ਬੜਾ ਭਾਰੀ ਜੋੜ-ਮੇਲਾ ਹੋਇਆ। ਭਰੇ ਜੋੜ-ਮੇਲੇ ਵਿੱਚ ਸਾਧ-ਸੰਗਤ ਨੂੰ ਖ਼ਬਰ ਆਈ ਕਿ ਸੰਤ ਜੀ ਮਹਾਰਾਜ ਮਾਨਾਂਵਾਲੇ ਸਖ਼ਤ ਬਿਮਾਰ ਹੋ ਗਏ ਹਨ। ਉਸੇ ਵੇਲੇ ਭਾਈ ਹਰਨਾਮ ਸਿੰਘ ਜੀ ਹਕੀਮ ਚੌਂਕ ਬਾਬਾ ਅਟੱਲ, ਮਾਈ ਈਸ਼ਰ ਕੌਰ ਜੀ ਅਤੇ ਗਿਆਨੀ ਸੁੰਦਰ ਸਿੰਘ ਜੀ ਮਾਨਾਂਵਾਲੇ ਵਾਪਸ ਚਲੇ ਗਏ। ਬੁਖਾਰ ਦੇ ਜ਼ੋਰ ਨਾਲ ਸੰਤ ਜੀ ਮਹਾਰਾਜ ਦੀ ਹਾਲਤ ਕੁਝ ਅਸਚਰਜ ਹੀ ਸੀ। ਜਾਂਦਿਆਂ ਹੀ ਇੱਕ ਅਲੌਕਿਕ ਨਜ਼ਾਰਾ ਪ੍ਰੇਮੀਆਂ ਦੀ ਦ੍ਰਿਸ਼ਟੀ-ਗੋਚਰ ਹੋਇਆ।

ਇਹ ਤਿੰਨੇ ਸੱਜਣ ਆ ਕੇ ਬੈਠੇ ਹੀ ਸਨ ਕਿ ਭਾਈ ਕਲਿਆਣ ਸਿੰਘ ਜੀ ਬੜੇ ਵੈਰਾਗ ਵਿੱਚ ਰੋਣ ਲੱਗ ਪਏ ਅਤੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਦਾ ਬਚਨ ਸੀ ਕਿ ਪਹਿਲਾਂ ਤੇਰਾ ਸਰੀਰ ਚਲਾਣਾ ਕਰੇਗਾ, ਤੈਨੂੰ ਸੰਭਾਲ ਕੇ ਅਸੀਂ ਪਿੱਛੋਂ ਚੋਲ੍ਹਾ ਛੱਡਾਂਗੇ। ਇਸ ਵੇਲੇ ਆਪ ਕੀ ਖੇਡ ਵਰਤਾ ਰਹੇ

---

* ਨੋਟ : ਜ਼ਬਾਨੀ ਭਾਈ ਜੈ ਸਿੰਘ ।

ਹੋ? ਇਹ ਸੁਣ ਕੇ ਸੰਤ ਜੀ ਮਹਾਰਾਜ ਬੜੀ ਵਿਸਮਾਦ ਦਸ਼ਾ ਵਿੱਚ ਬੋਲੇ ਕਿ ਭਾਈ!

ਸੰਤਨ ਕਉ ਅਨਦੁ ਸਗਲ ਹੀ ਜਾਈ॥
ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਵਿ ਰਹਿਆ ਸ੍ਰਬ ਠਾਈ ॥ (੬੭੯)

ਭਾਈ ਪਿਆਰਿਓ:

ਨਹ ਕਿਛੁ ਜਨਮੈ ਨਹ ਕਿਛੁ ਮਰੈ । ਆਪਨ ਚਲਿਤੁ ਆਪ ਹੀ ਕਰੈ ॥ (੨੯੧)

ਭਾਈ ਕਲਿਆਣ ਸਿੰਘ ਜੀ ਦੀ ਏਸ ਵੈਰਾਗ ਭਰੀ ਬੇਨਤੀ ਦਾ ਸੰਤ ਜੀ ਮਹਾਰਾਜ ਤੇ ਬਿਜਲੀ ਵਤ ਅਸਰ ਹੋਇਆ। ਸਰੀਰ ਦੀ ਹਾਲਤ ਅੱਜ ਹੋਰ ਤੇ ਕੱਲ੍ਹ ਹੋਰ ਹੋ ਗਈ। ਥੋੜ੍ਹੇ ਹੀ ਦਿਨਾਂ ਵਿੱਚ ਬੁਖਾਰ ਟੁੱਟ ਗਿਆ, ਪਰ ਕਮਜ਼ੋਰੀ ਹੋ ਗਈ। ਏਸ ਲਈ ਸੰਤ ਜੀ ਮਹਾਰਾਜ ਪੰਦਰਾਂ ਦਿਨ ਮਾਨਾਂਵਾਲੇ ਹੀ ਰਹੇ। ਨਿੱਕੇ ਸਰਦਾਰ ਨੇ ਆਪਣੀ ਹਵੇਲੀ ਵਿੱਚ ਡੇਰਾ ਕਰਵਾ ਦਿੱਤਾ ਅਤੇ ਬੜੀ ਸੇਵਾ ਕੀਤੀ। ਜਦ ਸੰਤ ਜੀ ਮਹਾਰਾਜ ਟੁਰਨ-ਫਿਰਨ ਲੱਗ ਪਏ ਤਦ ਸਰਦਾਰ ਨੇ ਆਪਣੇ ਘਰ ਵਿੱਚ ਅਖੰਡ ਪਾਠ ਕਰਵਾਇਆ ਅਤੇ ਭੋਗ ਵਾਲੇ ਦਿਨ ਸਾਰੇ ਪਰਿਵਾਰ ਸਹਿਤ ਅੰਮ੍ਰਿਤ ਛਕਿਆ। ਮਾਨਾਂਵਾਲੇ ਇੱਕ ਦਿਨ ਜਦ ਸੰਤ ਜੀ ਜੰਗਲ ਪਾਣੀ ਗਏ, ਤਦ ਨਹਿਰ ਦਾ ਇੱਕ ਛੋਟਾ ਜਿਹਾ ਖਾਲ ਰਸਤੇ ਵਿੱਚ ਆ ਗਿਆ, ਬੜੀ ਮੁਸ਼ਕਲ ਨਾਲ ਪਾਰ ਲੰਘੇ। ਜਦ ਬੈਠੇ ਤਦ ਭਾਈ ਹਰੀ ਸਿੰਘ ਜੀ ਨੂੰ, ਜੋ ਕਿ ਸੰਤ ਜੀ ਮਹਾਰਾਜ ਦਾ ਗੜਵਾ ਫੜ ਕੇ ਕੋਲ ਖੜ੍ਹੇ ਸਨ, ਆਖਿਆ ਕਿ ਭਾਈ! ਬਿਮਾਰੀ ਦੇ ਵਕਤ ਸਾਨੂੰ ਹੋਰ ਤਾਂ ਕੋਈ ਖਿਆਲ ਨਹੀਂ ਆਇਆ, ਸਰੀਰ ਹੋਇਆ ਨਾ ਹੋਇਆ, ਸਾਡੇ ਵਾਸਤੇ ਇੱਕੋ ਜਿਹਾ ਹੈ, ਪਰ ਇਹ ਸੰਕਲਪ ਜ਼ਰੂਰ ਹਿਰਦੇ ਵਿੱਚ ਉੱਠਿਆ ਸੀ ਕਿ ਸਤਿਗੁਰੂ ਦੀ ਬਖਸ਼ੀ ਹੋਈ ਕਾਰ ਮਸਤੂਆਣੇ ਵਿੱਚ ਪੂਰੀ ਨਾ ਕਰ ਸਕੇ। ਹੁਣ ਕਰਤਾਰ ਨੇ ਸਰੀਰ ਰੱਖ ਲਿਆ ਹੈ, ਏਸ ਕਾਰ ਨੂੰ ਛੇਤੀ ਸਿਰੇ ਚਾੜ੍ਹ ਦੇਈਏ।

ਅਖੰਡ ਪਾਠ ਦੇ ਮਗਰੋਂ ਸੰਤ ਜੀ, ਮਹਾਰਾਜ ਇੱਥੋਂ ਕੂਚ ਕਰਨ ਵਾਸਤੇ ਤਿਆਰ ਹੋ ਗਏ, ਪਰ ਐਨ ਟੁਰਨ ਸਮੇਂ ਗੜਵਾਈ ਨੇ ਹੌਲੀ ਜਿਹੀ ਆਖਿਆ ਕਿ ਮਹਾਰਾਜ! ਜੋ ਦਮੜੇ ਕਿਰਾਏ ਵਾਸਤੇ ਭੇਟਾ ਹੋਏ ਸਨ, ਉਹ ਸਾਰੀ ਗੰਢ ਕਿਸੇ ਨੇ ਚੁੱਕ ਲਈ ਹੈ।

ਸੰਤ ਜੀ ਮਹਾਰਾਜ ਨੇ ਉਸ ਵੇਲੇ ਆਖਿਆ ਕਿ ਭਾਈ! ਪਹਿਲਾਂ ਸਾਡੀ ਤਲਾਸ਼ੀ ਲਵੋ ਅਤੇ ਫੇਰ ਸਭ ਦੀ। ਬਚਨ ਕਰਦੇ ਸਾਰ ਹੀ ਮਹਾਰਾਜ ਨੇ ਆਪਣੀ ਅਤੇ ਭਾਈ ਕਲਿਆਣ ਸਿੰਘ ਜੀ ਦੀ ਮੁਕੰਮਲ ਤਲਾਸ਼ੀ ਕਰਾਈ। ਫੇਰ ਸਾਰੇ ਜਥੇ ਦੇ ਸਰੀਰਾਂ ਨੂੰ ਇੱਕ ਕਤਾਰ ਵਿੱਚ ਖੜਾ ਕਰ ਕੇ ਸਭ ਦੇ ਚਿਹਰੇ ਵੱਲ ਭਰਵੀਂ ਨਿਗਾਹ ਨਾਲ ਤੱਕਿਆ ਅਤੇ ਚੋਰ ਨੂੰ ਪਛਾਣ ਲਿਆ। ਮਿੰਟ ਕੁ ਚੁੱਪ ਰਹਿ ਕੇ ਸੰਤ ਜੀ ਮਹਾਰਾਜ ਸਹਿਜ-ਸੁਭਾਉ ਬੋਲੇ ਕਿ ਭਾਈ! ਕਿਸੇ ਦਾ ਪੜਦਾ ਕਾਹਨੂੰ ਪਾੜਨਾ ਹੈ, ਜਾਣਾ ਵੀ ਦੂਰ ਹੈ ਅਤੇ ਕਿਰਾਏ ਦੀ ਵੀ ਲੋੜ ਹੈ। ਪਰ ਬਾਹਰ ਚੱਲ ਕੇ ਸਭ ਇੱਕ ਥਾਂ ਮਿੱਟੀ ਦੀਆਂ ਝੋਲੀਆਂ ਸੁੱਟੋ। ਕਿਰਾਏ ਵਾਲੀ ਪੋਟਲੀ ਆਪੇ ਢੇਰ ਵਿੱਚ ਆ ਜਾਵੇਗੀ। ਬਚਨ ਸੁਣਦੇ ਸਾਰ ਹੀ ਸਾਰੀ ਸੰਗਤ ਬਾਹਰ ਗਈ ਅਤੇ ਸਭ ਨੇ ਮਿੱਟੀ ਦੀਆਂ ਝੋਲ਼ੀਆਂ ਭਰ-ਭਰ ਕੇ ਸੁੱਟੀਆਂ। ਜਦ ਢੇਰ ਨੂੰ ਫੋਲਿਆ ਤਾਂ ਦਮੜਿਆਂ ਦੀ ਗੰਢ ਮਿੱਟੀ ਵਿੱਚੋਂ ਲੱਭ ਪਈ।*

ਹੁਣ ਮਾਨਾਂਵਾਲੇ ਤੋਂ ਸੰਤ ਜੀ ਮਹਾਰਾਜ ਨੇ ਪੈਦਲ ਕੂਚ ਕਰ ਦਿੱਤਾ। ਸਰਦਾਰ ਨੇ ਸਵਾਰੀ ਵਾਸਤੇ ਇੱਕ ਘੋੜਾ ਦਿੱਤਾ। ਸੰਤ ਜੀ ਕੁਝ ਰਾਹ ਘੋੜੇ 'ਤੇ ਚੜ੍ਹੇ ਅਤੇ ਕੁਝ ਪੈਦਲ ਟੁਰੇ। ੧੧-੧੨ ਕੋਹ 'ਤੇ ਭਿਖੀਵਿੰਡ ਅੱਪੜੇ ਅਤੇ ਰਾਤ ਕੱਟਣ ਲਈ ਗੁਰਦੁਆਰੇ ਵਿੱਚ ਡੇਰਾ ਕੀਤਾ।

---

* ਨੋਟ : ਜ਼ਬਾਨੀ ਸੰਤ ਤੇਜਾ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ।

ਗਿਆਨੀ ਸੁੰਦਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਹੋ ਕੇ ਪਾਠ ਕਰਨ ਲੱਗ ਪਏ ਅਤੇ ਸੰਤ ਜੀ ਮਹਾਰਾਜ ਬੜੇ ਪ੍ਰੇਮ ਨਾਲ ਸੁਣਦੇ ਰਹੇ। ਪਾਠ ਵਿੱਚ ਇਹ ਤੁਕ ਆਈ:

ਅਨਦਿਨ ਬਿਬੇਕ ਬੁਧ ਉਚਰੇ ॥

ਗਿਆਨੀ ਜੀ ਨੇ ਏਸ ਦਾ ਅਰਥ ਸੰਤ ਜੀ ਕੋਲੋਂ ਪੁੱਛਿਆ। ਸੰਤ ਜੀ ਮਹਾਰਾਜ ਨੇ ਆਖਿਆ ਕਿ ਅੱਠੇ ਪਹਿਰ, ਚੌਂਸਠ ਘੜੀ ਦਵੈਤ ਨਾ ਫੁਰੇ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (੮੪੬)

ਇਹ ਅਰਥ ਸੁਣ ਕੇ ਗਿਆਨੀ ਸੁੰਦਰ ਸਿੰਘ ਜੀ ਬੜੇ ਗਦ-ਗਦ ਹੋਏ। ਹੁਣ ਕਰੀਬਨ ਪੰਜ-ਛੇ ਵਜੇ ਦਾ ਵਕਤ ਹੋ ਗਿਆ। ਮਾਈ ਈਸ਼ਰ ਕੌਰ ਦੇ ਹਿਰਦੇ ਵਿੱਚ ਫੁਰਨਾ ਫੁਰਿਆ ਕਿ ਸੰਤ ਜੀ ਅੰਮ੍ਰਿਤ ਵੇਲੇ ਦੇ ਟੁਰੇ ਹੋਏ ਹਨ, ਹੁਣ ਤੀਕਰ ਕੁਝ ਨਹੀਂ ਛਕਿਆ, ਭੁੱਖ ਲੱਗੀ ਹੋਵੇਗੀ। ਮਾਈ ਬਾਹਰ ਗਈ ਅਤੇ ਇੱਕ ਹਲਵਾਈ ਪਾਸੋਂ ਜਲੇਬੀਆਂ ਦਾ ਥਾਲ ਭਰ ਕੇ ਲੈ ਆਈ ਅਤੇ ਸੰਤ ਜੀ ਮਹਾਰਾਜ ਦੇ ਅੱਗੇ ਆ ਰੱਖਿਆ।

ਸੰਤ ਜੀ ਮਹਾਰਾਜ ਨੇ ਬਚਨ ਕੀਤਾ, "ਬੀਬੀ! ਇਹ ਗੱਲ ਠੀਕ ਨਹੀਂ ਕੀਤੀ, ਸਾਨੂੰ ਕੋਈ ਭੁੱਖ ਨਹੀ":

ਤਿਥੈ ਊਂਘ ਨਾ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ (੧੪੧੪)

ਬੀਬੀ! ਅਸਾਂ ਸਾਧਨ ਕੀਤਾ ਹੋਇਆ ਹੈ, ਭੁੱਖ-ਤ੍ਰਿਖਾ ਜਿੱਤੀ ਹੋਈ ਹੈ। ਜਦ ਸਾਰੀ ਸੰਗਤ ਵਾਸਤੇ ਲੰਗਰ ਸਜੇਗਾ, ਅਸੀਂ ਵੀ ਛਕ ਲਵਾਂਗੇ। ਪਿੰਡ ਭਿਖੀਵਿੰਡ ਤੋਂ ਸੰਤ ਜੀ ਸ਼ਾਹਦਰੇ ਅੱਪੜੇ ਅਤੇ ਸੰਤ ਮਹਿਤਾਬ ਸਿੰਘ ਜੀ ਦੇ ਪ੍ਰੇਮ ਕਰ ਕੇ ਕੁਝ ਚਿਰ ਏਥੇ ਅਰਾਮ ਕੀਤਾ। ਸਤਿਸੰਗ ਦਾ ਬੜਾ ਰੰਗ ਬਣਿਆ, ਜਦ ਸਰੀਰ ਤਕੜਾ ਹੋ ਗਿਆ ਤਦ ਲਾਹੌਰ ਚਲੇ ਗਏ। ਫੇਰ ਮੁਕਤਸਰ ਸਾਹਿਬ ਮਾਘੀ ਦੀ ਹਾਜ਼ਰੀ ਭਰ ਕੇ ਬਠਿੰਡੇ, ਅਲਾਲ, ਕਾਂਜਲੇ ਦੇ ਰਸਤੇ ਮਸਤੂਆਣੇ ਪਹੁੰਚੇ ਅਤੇ ਏਥੇ ਹੋਲੇ-ਮਹੱਲੇ ਦਾ ਬੜਾ ਭਾਰੀ ਜੋੜ-ਮੇਲਾ ਕੀਤਾ।

ਕਾਂਡ ੩੧

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿੰਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ (੪੫੦)

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨਾ ਕੋਇ

ਹੋਲੇ-ਮਹੱਲੇ ਦਾ ਜੋੜ-ਮੇਲਾ ਮਸਤੂਆਣੇ ਵਿੱਚ ਆਪਣੀ ਤਰ੍ਹਾਂ ਦਾ ਪਹਿਲਾਂ ਹੀ ਇਕੱਠ ਸੀ। ਦੂਰ-ਨੇੜੇ ਦੇ ਸਾਰੇ ਪਿੰਡ ਬੜੇ ਪ੍ਰੇਮ ਨਾਲ ਆਏ। ਤਿੰਨ ਦਿਨ, ਤਿੰਨ ਰਾਤਾਂ ਅਖੰਡ ਸ਼ਬਦ ਕੀਰਤਨ ਹੋਇਆ ਅਤੇ ਅਤੁੱਟ ਲੰਗਰ ਵਰਤਿਆ।

ਸੰਤ ਜੀ ਮਹਾਰਾਜ ਮਾਨਾਂਵਾਲੇ ਤੋਂ ਹੀ ਇਹ ਮਿੱਥ ਕੇ ਆਏ ਸਨ ਕਿ ਸਰੀਰ ਦਾ ਕੁਝ ਭਰੋਸਾ ਨਹੀਂ, ਸਤਿਗੁਰੂ ਦੀ ਬਖਸ਼ੀ ਹੋਈ ਕਾਰ ਜਿੰਨੀ ਛੇਤੀ ਸੰਪੂਰਨ ਹੋ ਜਾਵੇ, ਚੰਗਾ ਹੈ। ਇਹ ਸੰਕਲਪ ਹਿਰਦੇ ਵਿੱਚ ਦ੍ਰਿੜ ਕਰ ਕੇ ਮਸਤੂਆਣੇ ਦੇ ਝਿੜੇ ਵਿੱਚ ਇੱਕ ਛੱਪਰ ਹੇਠ ਆਸਣ ਲਾ ਦਿੱਤਾ ਪਰ ਆਪਣੇ ਚਿੱਤ ਦੀ ਸਾਰੀ ਦਲੀਲ ਕਿਸੇ ਨੂੰ ਵੀ ਖੋਲ੍ਹ ਕੇ ਨਾ ਦੱਸੀ। ਹੋਲੇ-ਮਹੱਲੇ ਦੇ ਜੋੜ-ਮੇਲੇ ਮਗਰੋਂ ਕੁਝ ਚਿਰ ਤਾਂ ਜੋ ਭੇਟਾ ਆਵੇ ਉਸ ਦਾ ਕੜਾਹ-ਪ੍ਰਸ਼ਾਦ ਅਤੇ ਲੰਗਰ ਸਜਾ ਕੇ ਸੰਗਤਾਂ ਵਿੱਚ ਵਰਤਾ ਦਿੰਦੇ। ਕੋਈ ਚਾਰ-ਪੰਜ ਸੌ ਸਾਧੂ ਅਤੇ ਪ੍ਰੇਮੀਆਂ ਦਾ ਪੱਕਾ ਸਮਾਗਮ ਬਣ ਗਿਆ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਅਤੇ ਸ਼ਾਮ ਵੇਲੇ ਸੋਦਰੁ ਦੇ ਦੀਵਾਨ ਸਜਦੇ ਅਤੇ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਦੇ।

ਇਸ ਤਰ੍ਹਾਂ ਕੁਝ ਦਿਨ ਬੀਤੇ। ਇੱਕ ਦਿਨ ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਦੇ ਦੀਵਾਨ ਮਗਰੋਂ ਦੂਰ ਜੰਗਲ ਵਿੱਚ ਨਿਕਲ ਗਏ। ਸੰਤ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਨਾਲ ਸਨ। ਮੈਦਾਨ ਖੇਡਣ ਮਗਰੋਂ ਪੰਜ ਇਸ਼ਨਾਨਾ ਕਰ ਕੇ ਸੰਤ ਜੀ ਇੱਕ ਦਰਖਤ ਹੇਠਾਂ ਬੈਠ ਗਏ। ਕੁਝ ਚਿਰ ਤਾਂ ਅਡੋਲ ਇੱਕ-ਰਸ ਆਤਮ-ਰੰਗ ਮਾਣਿਆ, ਫਿਰ ਜਦ ਨੇਤਰ ਖੋਲ੍ਹੇ, ਤਦ ਸੰਤ ਭਾਈ ਗੁਲਾਬ ਸਿੰਘ ਜੀ ਅਤੇ ਸੰਤ ਭਾਈ ਬਿਸ਼ਨ ਸਿੰਘ ਜੀ ਨੂੰ ਆਖਿਆ, "ਭਾਈ! ਆਪਾਂ ਰੋਜ਼ ਪਦਾਰਥ ਛਕ ਕੇ ਵਿਸ਼ਟਾ ਹੀ ਕਰ ਦਿੰਦੇ ਹਾਂ। ਇਹਨਾਂ ਦੋਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਜੋ ਹੁਕਮ ਹੋਵੇ ਸੋ ਕਰੀਏ।" ਇਨ੍ਹਾਂ ਦਾ ਪ੍ਰੇਮ ਦੇਖ ਕੇ ਸੰਤ ਜੀ ਨੇ ਫ਼ਰਮਾਇਆ ਕਿ ਭਾਈ! ਗੁਰੂ ਸੱਚੇ ਪਾਤਸ਼ਾਹ ਵਾਸਤੇ ਕੋਈ ਅਸਥਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਇੱਕ ਛੱਪਰ ਤਿਆਰ ਕਰ ਲਈਏ। ਦੋਹਾਂ ਸੇਵਕਾਂ ਨੇ ਆਖਿਆ, 'ਸਤਿ ਬਚਨ, ਮਹਾਰਾਜ!'

ਦੂਜੇ ਦਿਨ ਹੀ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਦੀਵਾਨ ਵਿੱਚ ਇੱਕ ਪ੍ਰੇਮੀ ਆਇਆ ਅਤੇ ੧੦੧ ਦਮੜਾ ਸੰਤ ਜੀ ਮਹਾਰਾਜ ਦੀ ਭੇਟਾ ਕੀਤਾ। ਇਸ ਵਕਤ ਸੰਤ ਜੀ ਮਹਾਰਾਜ ਨੇ ਇਹ ਧਾਰਨਾ ਲਈ: " **ਸਗਲ ਮਨੋਰਥ ਪੂਰੇ ਤੇਰੇ ਸਿਮਰਨ ਤੇ**" ਅਤੇ ਸ਼ਬਦ ਪੜ੍ਹਿਆ:

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥ (੭੮੩)

ਜਦ ਆਸਾ ਜੀ ਦੀ ਵਾਰ ਦਾ ਭੋਗ ਪਿਆ ਤਦ ਸੰਤ ਜੀ ਨੇ ਸੰਤ ਭਾਈ ਬਿਸ਼ਨ ਸਿੰਘ, ਸੰਤ ਭਾਈ ਗੁਲਾਬ ਸਿੰਘ ਅਤੇ ਸਾਰੀ ਸਾਧ-ਸੰਗਤ ਨੂੰ ਸੱਦਿਆ ਕਿ ਭਾਈ! ਸਤਿਗੁਰੂ ਨੇ ਆਪਣੇ ਕਾਰਜ ਆਪ ਸਵਾਰਨੇ ਹਨ। ਆਹ ਲਵੋ ੧੦੧ ਦਮੜਾ ਅਤੇ ਸ੍ਰੀ ਗੁਰੂ ਗ੍ਰੰਥ ਵਾਸਤੇ ਛੱਪਰ ਤਿਆਰ ਕਰੋ। ਥੋੜ੍ਹੇ ਦਿਨਾਂ ਵਿੱਚ ਹੀ ਛੱਪਰ ਤਿਆਰ ਹੋ ਗਿਆ ਅਤੇ ਰੋਜ਼ ਦਾ ਦੀਵਾਨ ਏਸ ਵਿੱਚ ਸੱਜਣ ਲੱਗ ਪਿਆ। ਜਿਸ ਦਿਨ ਤੋਂ ਸੇਵਾ ਸ਼ੁਰੂ ਹੋਈ, ਸਾਰੀ ਮਾਇਆ ਸਤਿਗੁਰੂ ਜੀ ਦੀ ਟਹਿਲ ਵਿੱਚ ਲੱਗਣ ਲੱਗ ਪਈ। ਕੜਾਹ-ਪ੍ਰਸ਼ਾਦ ਬੰਦ ਹੋ ਗਿਆ ਅਤੇ ਮਸਤੂਆਣੇ ਦੇ ਮਠਲੂ ਅਤੇ ਰੋਤੂ ਪ੍ਰਸ਼ਾਦ ਵਰਤਾਉਣ ਲੱਗ ਪਏ। ਕੁਣਕਾ (ਕੜਾਹ-ਪ੍ਰਸ਼ਾਦਿ) ਖਾਣ ਵਾਲੇ ਸੱਜਣ ਹੌਲੀ-ਹੌਲੀ ਖਿਸਕਣ ਲੱਗ ਪਏ ਅਤੇ ਪੰਦਰਾਂ ਵੀਹ ਦਿਨਾਂ ਵਿੱਚ ੫੦੦ ਤੋਂ ਪੰਜਾਹ ਸੱਠ ਸਰੀਰ ਬਾਕੀ ਰਹਿ ਗਏ।

ਹੁਣ ਸੰਤ ਜੀ ਮਹਾਰਾਜ ਨੇ ਸੇਵਾ ਦੀ ਦੂਜੀ ਪੌੜੀ ਦਾ ਅਰੰਭ ਕੀਤਾ। ਸਾਰੀ ਸੰਗਤ ਨੂੰ ਸੱਦ ਕੇ ਆਖਿਆ ਕਿ ਭਾਈ! ਸਤਿਗੁਰੂ ਸੱਚੇ ਪਾਤਸ਼ਾਹ ਵਾਸਤੇ ਛੱਪਰ ਤਾਂ ਸ਼ੋਭਦਾ ਨਹੀਂ ਮੰਦਰ ਸਾਹਿਬ ਪੈਣਾ ਚਾਹੀਦਾ ਹੈ। ਸਭ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਜਿਸ ਤਰ੍ਹਾਂ ਹੁਕਮ ਕਰੋ, ਦਾਸ ਹਾਜ਼ਰ ਹਨ। ਸੋ ਉਸੇ ਦਿਨ ਹੀ ਗੁਰਮਤਾ ਹੋ ਗਿਆ ਕਿ ਮੰਦਰ ਸਾਹਿਬ ਵਾਸਤੇ ਚੂਨੇ ਦੀ ਭੱਠੀ ਦੀ ਤਿਆਰੀ ਕੀਤੀ ਜਾਵੇ ਅਤੇ ਨਾਲ-ਨਾਲ ਭੱਠੀਆਂ ਲਾ ਕੇ ਇੱਟਾਂ ਪਕਾਈਆਂ ਜਾਣ।

ਉਸੇ ਦਿਨ ਹੀ ਦੋ ਜਥੇ ਬਣ ਗਏ: ਇੱਕ ਰੋੜ ਪੁੱਟਣ ਵਾਸਤੇ ਅਤੇ ਇੱਕ ਲੱਕੜਾਂ ਪਾੜਨ ਵਾਸਤੇ। ਰੋੜ ਪੁਟਾਉਣ ਦੀ ਸੇਵਾ ਸੰਤ ਭਾਈ ਗੁਲਾਬ ਸਿੰਘ ਜੀ ਨੇ ਲਈ ਅਤੇ ਲੱਕੜਾਂ ਪਾੜਨ ਦੀ ਸੇਵਾ ਸੰਤ ਜੀ ਮਹਾਰਾਜ ਨੇ ਖੁਦ ਲਈ।

ਦੂਜੇ ਦਿਨ ਹੀ ਸੰਤ ਜੀ ਨੇ ਆਸਾ ਜੀ ਦੀ ਵਾਰ ਦਾ ਭੋਗ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਾ ਦਿੱਤਾ। ਦੋ ਪ੍ਰੇਮੀਆਂ ਨੇ ਨਿੰਮ ਦਾ ਰਗੜਾ ਲਾ ਕੇ ਖੁੱਲ੍ਹਾ ਜਲ-ਪਾਣੀ ਅੱਗੇ ਹੀ ਤਿਆਰ ਕੀਤਾ ਹੋਇਆ ਸੀ। ਸਭ ਨੇ ਪੰਗਤ ਲਾ ਕੇ ਬੜੇ ਪ੍ਰੇਮ ਨਾਲ ਬਾਟੇ ਭਰ-ਭਰ ਕੇ ਛਕਿਆ ਅਤੇ ਜੰਗਲ ਮੈਦਾਨ ਹੋ ਕੇ ਇੱਕ ਜਥਾ ਸੰਤ ਜੀ ਮਹਾਰਾਜ ਨਾਲ ਲੱਕੜਾਂ ਪਾੜਨ 'ਤੇ ਲੱਗ ਪਿਆ ਅਤੇ ਦੂਸਰਾ ਜਥਾ ਸੰਤ ਭਾਈ ਗੁਲਾਬ ਸਿੰਘ ਜੀ ਨਾਲ ਰੋੜਾਂ ਦੀ ਸੇਵਾ ਵਾਸਤੇ ਚੱਲਾ ਗਿਆ।

ਸੰਤ ਜੀ ਮਹਾਰਾਜ ਨੇ ਕਮਰਕੱਸਾ ਕਰ ਲਿਆ ਅਤੇ ਕੁਹਾੜਾ ਫੜ ਕੇ ਆਪ ਲੱਕੜਾਂ ਪਾੜਨ ਲੱਗ ਪਏ। ਸਾਰਾ ਦਿਨ ਅਤੁੱਟ ਸੇਵਾ ਕੀਤੀ। ਸਾਧ-ਸੰਗਤ ਨੇ ਬੜੀ ਹੀ ਬੇਨਤੀ ਕੀਤੀ ਕਿ ਆਪ ਬੈਠ ਕੇ ਦਰਸ਼ਨ ਦੇਈ ਜਾਓ, ਤੁਹਾਡੇ ਦਰਸ਼ਨ ਦੇ ਉਤਸ਼ਾਹ ਨਾਲ ਅਸੀਂ ਦੁਣੀ ਸੇਵਾ ਕਰਾਂਗੇ, ਪਰ ਸੰਤ ਜੀ ਨੇ ਕਿਸੇ ਦੀ ਬੇਨਤੀ ਨਾ ਮੰਨੀ ਤੇ ਆਖਿਆ ਕਿ ਭਾਈ! ਸਤਿਗੁਰੂ ਸੱਚੇ ਪਾਤਸ਼ਾਹ ਦੀ ਸੇਵਾ ਕਰਨ ਦਾ ਸਾਡਾ ਵੀ ਹੱਕ ਹੈ। ਦੂਜੇ ਦਿਨ

ਸੰਗਤ ਦੇ ਸਾਰੇ ਸਰੀਰ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ ਅਤੇ ਪ੍ਰੇਮ ਦੀ ਫਾਸ ਨਾਲ ਐਸਾ ਬੰਨ੍ਹ ਲਿਆ ਕਿ ਸੰਤ ਜੀ ਮਹਾਰਾਜ ਮੰਜੀ 'ਤੇ ਬੈਠ ਕੇ ਦਰਸ਼ਨ ਦੇਣ ਲਈ ਮਜਬੂਰ ਹੋ ਗਏ।

ਚੂਨੇ ਦੀ ਭੱਠੀ ਦੀ ਸੇਵਾ ਤਾਂ ਏਸ ਤਰ੍ਹਾਂ ਟੁਰ ਪਈ। ਹੁਣ ਸੰਤ ਮਹਾਰਾਜ ਨੇ ਇੱਟਾਂ ਪਕਾਉਣ ਲਈ ਇਹ ਟਕਸਾਲ ਚਲਾਈ ਕਿ ਜਿਹੜੀ ਵੀ ਭੇਟਾ ਆਵੇ, ਉਹ ਇੱਟਾਂ ਲਈ ਜਮ੍ਹਾਂ ਰਹੇ। ਲੰਗਰ ਦਾ ਸਾਰਾ ਕੰਮ ਝੋਲੇ (ਅੰਨ ਦੀ ਉਗਰਾਹੀ) ਨਾਲ ਚੱਲੇ।

ਇਸ ਸੇਵਾ ਲਈ ਬਾਬਾ ਸਾਵਣ ਸਿੰਘ ਜੀ 'ਰਬ' ਅਤੇ ਭਾਈ ਸੰਤਾ ਸਿੰਘ ਜੀ ਤਿਆਰ ਹੋ ਗਏ। ਜਿੰਨਾ ਆਟਾ ਆਵੇ, ਉੱਨਾ ਹੀ ਪਕਾ ਲਿਆ ਜਾਵੇ ਅਤੇ ਸਾਧ-ਸੰਗਤ ਦੇ ਨਾਲ ਜਿਹੜਾ ਵੀ ਕੋਈ ਰਾਹੀ ਪਾਂਧੀ ਆਵੇ, ਉਸ ਨੂੰ ਵੀ ਪੰਗਤ ਵਿੱਚ ਪੂਰਾ ਹਿੱਸਾ ਮਿਲੇ। ਕਰਤਾਰ ਦੀ ਨੇਤ, ਇਨ੍ਹਾਂ ਦਿਨਾਂ ਵਿੱਚ ਕਾਲ ਪੈ ਗਿਆ ਅਤੇ ਅੰਨ-ਦਾਣੇ ਦਾ ਤੋੜਾ ਹੋ ਗਿਆ। ਕਈ ਵਾਰੀ ਸਾਧ-ਸੰਗਤ ਨੂੰ ਇੱਕ-ਇੱਕ ਰੋਟੀ ਹੀ ਹਿੱਸੇ ਆਉਂਦੀ ਰਹੀ।

ਇੱਕ ਦਿਨ ਜਦ ਪੰਗਤ ਲੱਗਣ ਦਾ ਸਮਾਂ ਹੋਇਆ ਤਦ ਨਿਹੰਗ ਸਿੰਘਾਂ ਦਾ ਇੱਕ ਜਥਾ ਆ ਗਿਆ। ਸਭ ਸਜ ਗਏ, ਲੰਗਰ ਵਰਤਿਆ, ਅੱਧਾ-ਅੱਧਾ ਪ੍ਰਸ਼ਾਦਾ ਹਿੱਸੇ ਆਇਆ। ਜਦ ਦੂਜੀ ਵਾਰੀ ਵਰਤਾਉਣ ਲੱਗੇ ਤਦ ਚੱਪਾ-ਚੱਪਾ (ਖੰਨਾ-ਖੰਨਾ) ਹੀ ਸਭ ਨੂੰ ਮਿਲਿਆ। ਇੱਕ ਨਿੰਹਗ ਸਿੰਘ ਬੋਲ ਉੱਠਿਆ, 'ਬਸ ਪ੍ਰਚਾਰ ਹੀ ਪੰਜਾਹ ਹਜ਼ਾਰ ਵੀ ਨਾ (ਚੱਪਾ ਹੀ ਅੱਧਾ ਵੀ ਨਾ?)'

ਏਸ ਤਰ੍ਹਾਂ ਜੁਗਤ ਨਾਲ ਜਦ ਕੁਝ ਮਾਇਆ ਇਕੱਤਰ ਹੋ ਗਈ ਤਦ ਸੰਤ ਜੀ ਮਹਾਰਾਜ ਨੇ ਇੱਟਾਂ ਦੀ ਭੱਠੀ ਲਾਉਣ ਵਾਲੇ ਇੱਕ ਸੱਜਣ ਨੂੰ ਸੱਦਿਆ ਅਤੇ ਆਖਿਆ, "ਭਾਈ! ਇੱਟਾਂ ਦੀ ਬੜੀ ਛੇਤੀ ਲੋੜ ਹੈ, ਤੂੰ ਨਾਲ-ਨਾਲ ਭੱਠੀ ਵਿੱਚ ਇੱਟਾਂ ਪਕਾ ਕੇ ਸਾਨੂੰ ਦੇਈ ਜਾਵੀਂ। ਏਸ ਤਰ੍ਹਾਂ ਗੁਰਦੁਆਰਾ ਸਾਹਿਬ ਛੇਤੀ ਤਿਆਰ ਹੋ ਜਾਵੇਗਾ।" ਏਸ ਪ੍ਰੇਮੀ ਨੇ ੨੦੦ ਦਮੜੇ ਪਥੇਰਿਆਂ ਵਾਸਤੇ ਪੇਸ਼ਗੀ ਮੰਗੇ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਦਿਵਾ ਦਿੱਤੇ। ਕੁਝ ਪਥੇਰੇ ਵੀ ਲੱਗੇ, ਭੱਠੀ ਦੀ ਤਿਆਰੀ ਵੀ ਹੋਈ, ਪਰ ਠੇਕੇਦਾਰ ਕੰਮ ਵਿੱਚ ਹੀ ਛੱਡ ਕੇ ਚਲਾ ਗਿਆ ਤੇ ਫਿਰ ਆ ਕੇ ਮੂੰਹ ਵੀ ਨਾ ਵਿਖਾਇਆ। ਸਾਧ-ਸੰਗਤ ਨੇ ਕਈ ਵਾਰੀ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਏਸ ਕੋਲੋਂ ਦਮੜੇ ਵਾਪਸ ਲੈਣ ਦਾ ਕੋਈ ਉਪਾਉ ਕਰਨਾ ਚਾਹੀਦਾ ਹੈ ਪਰ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਭਾਈ! ਜੋ ਪ੍ਰੇਮੀ ਦੇ ਭਾਗ ਹੋਣਗੇ, ਤਦ ਉਹ ਸੇਵਾ ਵਿੱਚ ਆਪ ਹੀ ਹਾਜ਼ਰ ਹੋ ਜਾਵੇਗਾ, ਸਾਨੂੰ ਕਿਸੇ ਦਾ ਪਿੱਛਾ ਕਰਨ ਦਾ ਹੁਕਮ ਨਹੀਂ। ਸਤਿਗੁਰੂ ਦੀ ਮਾਇਆ ਹੈ ਅਤੇ ਸਾਡਾ ਹਿਸਾਬ ਵੀ ਸਤਿਗੁਰੂ ਦੇ ਹੀ ਸਪੁਰਦ ਹੈ।

ਹੁਣ ਇਹ ਵਿਚਾਰ ਹੋਈ ਕਿ ਇੱਟਾਂ ਵਾਸਤੇ ਭੱਠਾ ਲਗਾਇਆ ਜਾਵੇ। ਇਧਰ ਤਾਂ ਚੂਨੇ ਦੀ ਭੱਠੀ ਦੀ ਤਿਆਰੀ ਹੋ ਗਈ ਤੇ ਉਧਰੋਂ ਭੱਠੇ ਦਾ ਕੰਮ ਸ਼ੁਰੂ ਹੋ ਗਿਆ। ਸਮਾਂ ਪਾ ਕੇ ਚੂਨੇ ਦੀ ਭੱਠੀ ਵੀ ਸੜ ਗਈ ਅਤੇ ਭੱਠੇ ਦੀਆਂ ਇੱਟਾਂ ਵੀ ਤਿਆਰ ਹੋ ਗਈਆਂ।

ਮਸਤੂਆਣੇ ਦੇ ਝਿੜੇ ਦੇ ਟੋਭੇ ਵਿੱਚ ਭਰਤ ਪਾ ਕੇ ਸੰਗਤਾਂ ਨੇ ਮੰਦਰ ਸਾਹਿਬ ਦੀ ਨੀਂਹ ਰੱਖਣ ਦੀ ਤਿਆਰੀ ਕੀਤੀ। ਜਦ ਚੂਨਾ ਅਤੇ ਇੱਟਾਂ ਤਿਆਰ ਹੋ ਗਈਆਂ ਤਦ ਸੰਤ ਜੀ ਮਹਾਰਾਜ ਅੱਗੇ ਸਾਰੀ ਸੰਗਤ ਨੇ ਗੁਰਦੁਆਰੇ ਦੀ ਨੀਂਹ ਰੱਖਣ ਦੀ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਕੱਲ੍ਹ ਸਵੇਰੇ ਨੀਂਹ ਰੱਖਾਂਗੇ। ਏਧਰ ਤਾਂ ਸਾਧ ਸੰਗਤ ਨੇ ਨੀਂਹ ਰੱਖਣ ਦੀ ਤਿਆਰੀ ਸ਼ੁਰੂ ਕਰ ਦਿਤੀ ਅਤੇ ਉੱਧਰ ਜਦ ਬਹਾਦਰਪੁਰ ਨਗਰ ਦੇ ਜ਼ਿਮੀਦਾਰਾਂ ਨੂੰ ਪਤਾ ਲੱਗਾ ਤਦ ਮਸਤੂ ਜੱਟ ਵਾਲੀ ਪੱਤੀ ਨੇ ਆਪਸ ਵਿੱਚ ਸਲਾਹ ਕੀਤੀ ਕਿ ਜਦ

ਗੁਰਦੁਆਰਾ ਬਣ ਗਿਆ ਤਦ ਝਿੜੇ ਉੱਤੇ ਸਾਧਾਂ ਦਾ ਕਬਜ਼ਾ ਹੋ ਜਾਵੇਗਾ ਅਤੇ ਸਾਡਾ ਡੰਗਰ ਵੱਗ ਚੁਗਣਾ ਬੰਦ ਹੋ ਜਾਵੇਗਾ। ਪ੍ਰੇਮੀ ਸਤਿਸੰਗ ਤੋਂ ਹੀਣ ਸਨ ਅਤੇ ਲੰਮੀ ਦਲੀਲ਼ ਨਹੀਂ ਸਨ ਰੱਖਦੇ, ਉਹਨਾਂ ਨੇ ਮਤਾ ਪਕਾਇਆ ਕਿ ਜਦ ਸਾਧ ਨੀਂਹ ਰੱਖਣ ਆਉਣ, ਡਾਂਗ-ਸੋਟੇ ਨਾਲ ਰੋਕ ਦੇਈਏ। ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਆਪਣੇ ਨਿੱਤਨੇਮ ਅਨੁਸਾਰ ਦੋ ਵਜੇ ਇਸ਼ਨਾਨ ਕਰਕੇ ਨਾਮ ਸਿਮਰਨ ਵਿੱਚ ਬੈਠ ਗਏ ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਨਾਲ ਤਾਰ ਜੋੜ ਲਈ। ਇਸ ਸਮੇਂ ਦੇ ਜ਼ਿਮੀਦਾਰਾਂ ਦੇ ਦਿਲਾਂ ਦਾ ਸਾਰਾ ਨਕਸ਼ਾ ਇਹਨਾਂ ਦੇ ਸਾਹਮਣੇ ਆ ਗਿਆ। ਜਦ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਜਲ-ਪਾਣੀ ਛਕਦੇ ਆਪਣੇ ਛੱਪਰ ਵਿੱਚ ਬੈਠੇ ਰਹਿੰਦੇ ਤਦ ਸੰਗਤ ਦੇ ਸਰੀਰ ਸੇਵਾ ਵਿੱਚ ਹਾਜ਼ਰ ਹੋਏ ਕਿ ਮਹਾਰਾਜ! ਚੱਲ ਕੇ ਗੁਰਦੁਆਰੇ ਸਾਹਿਬ ਦੀ ਨੀਂਹ ਰੱਖ ਦੇਵੋ। ਸੰਤ ਜੀ ਨੇ ਫ਼ਰਮਾਇਆ ਕਿ ਤੁਸੀ ਪੰਜ ਸਿੰਘ ਜਾ ਕੇ ਇਹ ਕਾਰਜ ਕਰ ਲਵੋ ਅਸੀਂ ਤੁਹਾਡੇ ਨਾਲ ਹੀ ਹਾਂ। ਇਧਰ ਹੁਕਮ ਮੰਨ ਕੇ ਸੰਗਤ ਨੀਂਹ ਰੱਖਣ ਲਈ ਗਈ, ਉਧਰੋਂ ਮਸਤੂ ਵਾਲੀ ਪੱਤੀ ਦੇ ਜੱਟ ਡਾਂਗਾਂ-ਸੋਟੇ ਫੜੀ ਬਹਾਦਰਪੁਰ ਤੋਂ ਆ ਗਏ ਤੇ ਧੱਕੇ ਨਾਲ ਆਖਿਆ, "ਅਸਾਂ ਗੁਰਦੁਆਰੇ ਦੀ ਨੀਂਹ ਨਹੀਂ ਰੱਖਣ ਦੇਣੀ।"

ਸੰਗਤ ਦੇ ਦੋ ਸਿਆਣੇ ਸਰੀਰ ਦੌੜੇ-ਦੌੜੇ ਸੰਤ ਜੀ ਮਹਾਰਾਜ ਪਾਸ ਆਏ ਅਤੇ ਸਾਰੀ ਵਿੱਥਿਆ ਆਖ ਸੁਣਾਈ। ਸੰਤ ਜੀ ਨੇ ਹੁਕਮ ਕੀਤਾ ਕਿ ਭਾਈ! ਤੁਸੀਂ ਸਾਰੇ ਦੇ ਸਾਰੇ ਚਲੇ ਆਓ, ਕਿਸੇ ਨਾਲ ਝਗੜਾ ਕਰਨ ਦੀ ਲੋੜ ਨਹੀਂ ਵਕਤ ਆਵੇਗਾ ਕਿ ਗੁਰਦੁਆਰਾ ਸਾਹਿਬ ਅਤੇ ਸਰੋਵਰ ਸੁਤੇ-ਸਹਿਜ ਹੀ ਇਸ ਝਿੜੇ ਵਿੱਚ ਬਣ ਜਾਣਗੇ।

ਬਹਾਦਰਪੁਰ ਦੇ ਪ੍ਰੇਮੀ ਤਾਂ ਨੀਂਹ ਰੋਕ ਕੇ ਆਪਣੇ ਘਰੋਂ-ਘਰੀਂ ਚਲੇ ਗਏ, ਇਧਰ ਸੰਤ ਜੀ ਮਹਾਰਾਜ ਦਾ ਚਿੱਤ ਮਸਤੂਆਣੇ ਤੋਂ ਉਪਰਾਮ ਹੋ ਗਿਆ। ਹੁਕਮ ਦੇ ਦਿੱਤਾ ਕਿ ਭਾਈ! ਸਾਨੂੰ ਗੁਰਦੁਆਰੇ ਬਣਾਉਣ ਦੀ ਕੋਈ ਲੋੜ ਨਹੀਂ। ਇਹ ਸਾਰਾ ਚੂਨਾ ਕਾਂਜਲੇ ਪਹੁੰਚਾ ਦੇਵੋ। ਇਹ ਹੁਕਮ ਸੁਣ ਕੇ ਦੂਜੇ ਦਿਨ ਹੀ ਕੁਝ ਗੱਡੇ ਇੱਟਾਂ ਢੋਣ ਵਾਸਤੇ ਤਿਆਰ ਹੋ ਗਏ, ਪਰ ਕਰਤਾਰ ਦੀ ਨੇਤ:

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ (੭੯੪)

ਸਤਿਗੁਰੂ ਸੱਚੇ ਪਾਤਸ਼ਾਹ ਦਾ ਗੁਰਦੁਆਰੇ ਮਸਤੂਆਣੇ ਵਿੱਚ ਹੀ ਪ੍ਰਗਟ ਹੋਣਾ ਸੀ। ਬੁੱਢਰੁੱਖਾਂ ਦੇ ਇੱਕ ਜਿਮੀਂਦਾਰ ਭਾਈ ਨੱਥਾ ਜੀ ਨੇ, ਜੋ ਕਿ ਧਾੜੀਵਾਲ ਪੱਤੀ ਦਾ ਨੰਬਰਦਾਰ ਸੀ, ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਹੱਥ ਜੋੜ ਕੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਨਾਲ ਦੀ ਝਿੜੀ, ਜਿਹੜੀ ਬੁੱਢਰੁੱਖਾਂ ਦੀ ਜੂਹ ਵਿੱਚ ਹੈ, ਆਪ ਜੀ ਦੀ ਹੀ ਹੈ। ਆਪ ਗੁਰਦੁਆਰਾ ਸਾਹਿਬ ਦੀ ਨੀਂਹ ਉਸ ਵਿੱਚ ਰੱਖੋ। ਪਹਿਲਾਂ ਤਾਂ ਸੰਤ ਜੀ ਮਹਾਰਾਜ ਨੇ ਨਾਂਹ ਕਰ ਦਿੱਤੀ ਕਿ ਭਾਈ! ਸਾਨੂੰ ਗੁਰਦੁਆਰਾ ਬਣਾਉਣ ਦੀ ਲੋੜ ਨਹੀਂ ਨਿਰਵਿਰਤੀ ਵਿੱਚ ਹੀ ਸੁੱਖ ਹੈ। ਨਾਲੇ ਤੁਸੀਂ ਵੀ ਫਿਰ ਕੱਲ੍ਹ ਨੂੰ ਰੋਕਣ ਆ ਜਾਵੋਗੇ, ਪਰ ਜਦ ਪ੍ਰੇਮੀ ਬਹੁਤ ਖਹਿੜੇ ਪੈ ਗਿਆ ਕਿ ਨਹੀਂ ਮਹਾਰਾਜ! ਗੁਰਦੁਆਰਾ ਜ਼ਰੂਰ ਸਾਡੀ ਜਮੀਨ ਵਿੱਚ ਬਣਾਵੋ, ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਚੰਗਾ ਭਾਈ! ਜੇਕਰ ਤੁਸੀਂ ਆਪਣੀ ਜ਼ਮੀਨ ਵਿੱਚ ਮੰਦਰ ਸਾਹਿਬ ਪਵਾਉਣਾ ਚਾਹੁੰਦੇ ਹੋ, ਤਦ ਕੱਲ੍ਹ ਸਮੇਤ ਸਾਰੇ ਪਰਿਵਾਰ ਦੇ, ਮਾਈ-ਭਾਈ ਬੁੱਢੇ ਲੈ ਕੇ ਬੱਚੇ ਤੀਕਰ ਆਸਾ ਜੀ ਦੀ ਵਾਰ ਦੇ ਦੀਵਾਨ ਵਿੱਚ ਆਓ ਅਤੇ ਸਾਰੇ ਪ੍ਰੇਮ ਨਾਲ ਜ਼ਮੀਨ ਅਰਦਾਸ ਕਰਾਓ। ਫੇਰ ਅਸੀਂ ਗੁਰਦੁਆਰੇ ਦੀ ਕਾਰ ਤੁਹਾਡੀ ਧਰਤੀ ਵਿੱਚ ਸ਼ੁਰੂ ਕਰਾਂਗੇ। ਇਹ ਹੁਕਮ ਸੁਣ ਕੇ ਭਾਈ ਨੱਥਾ ਸਿੰਘ ਜੀ ਨੇ ਆਖਿਆ, "ਸਤਿ ਬਚਨ"। ਪ੍ਰੇਮੀ ਦਾ ਪ੍ਰੇਮ ਦੇਖ ਕੇ ਸੰਤ ਜੀ ਨੇ ਇੱਟਾਂ ਢੋਣ ਵਾਲੇ ਗੱਡੇ ਰੋਕ ਦਿੱਤੇ।

ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ
ਗੁਰਦੁਆਰਾ ਮਸਤੂਆਣਾ ਦੀ ਸੇਵਾ ਅਰੰਭਣ ਸਮੇਂ ਦੀ ਅਵਸਥਾ

ਦੂਜੇ ਦਿਨ ਅੰਮ੍ਰਿਤ ਵੇਲੇ ਸਾਰੀ ਧਾੜੀਵਾਲ ਪੱਤੀ ਦੀਵਾਨ ਵਿੱਚ ਆਈ ਅਤੇ ਸਭ ਨੇ ਛੋਟੇ ਤੋਂ ਲੈ ਕੇ ਵੱਡੇ ਤੀਕਰ, ਖੜੇ ਹੋ ਕੇ ਗੁਰਦੁਆਰੇ ਸਾਹਿਬ ਵਾਸਤੇ ਜ਼ਮੀਨ ਅਰਦਾਸ ਕਰਾਈ। ਸੰਤ ਜੀ ਮਹਾਰਾਜ ਨੇ ਵਾਰੀ-ਵਾਰੀ ਇੱਕ-ਇੱਕ ਜੀਅ ਨੂੰ ਪੁੱਛਿਆ ਅਤੇ ਸਭ ਦੀ ਖੁਸ਼ੀ ਲਈ।

ਸੰਤ ਜੀ ਮਹਾਰਾਜ ਨੂੰ ਪਤਾ ਲੱਗਾ ਕਿ ਬੁੱਢਰੁੱਖੇ ਨਗਰ ਦਾ ਇੱਕ ਮਿਸਤਰੀ ਗੁਜਰ ਸਿੰਘ ਬਰਮਾ ਤੋਂ ਮਿਸਤਰੀ ਦਾ ਕੰਮ ਕਰਦਾ-ਕਰਦਾ ਪਿੰਡ ਆਇਆ ਹੋਇਆ ਹੈ। ਉਸ ਨੂੰ ਸੰਤ ਜੀ ਨੇ ਬੁਲਾ ਭੇਜਿਆ ਅਤੇ ਪੁੱਛਿਆ ਭਾਈ! ਤੂੰ ਕੀ ਮਜ਼ਦੂਰੀ ਲੈਂਦਾ ਹੁੰਦਾ ਹੈ? ਉਸ ਨੇ ਕਿਹਾ, 'ਮਹਾਰਾਜ! ਅੱਠ ਆਨੇ।' ਸੰਤ ਜੀ ਨੇ ਆਖਿਆ ਕਿ ਭਾਈ! ਮਜ਼ਦੂਰੀ ਤੈਨੂੰ ਪੂਰੀ ਮਿਲੇਗੀ, ਪਰ ਗੁਰੂ ਦਾ ਕੰਮ ਜਾਣ ਕੇ ਤਨ-ਮਨ ਨਾਲ ਸੇਵਾ ਕਰਨੀ।

ਮਸਤੂਆਣੇ ਗੁਰਦੁਆਰੇ ਦੀ ਨੀਂਹ ਰੱਖਣਾ

ਉਸ ਵੇਲੇ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਧਰਤੀ 'ਤੇ ਲਾਏ ਗਏ ਅਤੇ ਨੀਂਹ ਰੱਖਣ ਦੀ ਤਿਆਰੀ ਹੋ ਗਈ। ਭਾਦਰੋਂ ੧੯੫੯ ਬਿਕ੍ਰਮੀ (ਅਗਸਤ ੧੯੦੨ ਈਸਵੀ) ਵਿੱਚ (ਗੁਰਸਾਗਰ ਸਾਹਿਬ) ਮਸਤੂਆਣੇ ਦੇ ਹਰਿਮੰਦਰ ਦੀ ਨੀਂਹ ਰੱਖੀ ਗਈ। ਏਸ ਦਿਨ ਸੰਤ ਜੀ ਮਹਾਰਾਜ ਨੇ ਆਸਾ ਜੀ ਦੀ ਵਾਰ ਦਾ ਦੀਵਾਨ ਗੁਰਦੁਆਰੇ ਸਾਹਿਬ ਵਾਲੇ ਨੀਯਤ ਅਸਥਾਨ ਕੋਲ ਖੁਲ੍ਹੇ ਮੈਦਾਨ ਵਿਚ ਲਾਇਆ ਅਤੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਭੋਗ ਪਾ ਦਿੱਤਾ, ਅਰਦਾਸਾ ਸੋਧਿਆ ਅਤੇ ਬੇਨਤੀ ਕੀਤੀ, 'ਹੇ ਗੁਰੂ ਨਾਨਕ ਨਿਰੰਕਾਰੀ! ਆਪ ਜੀ ਦਾ ਅਸਥਾਨ ਪ੍ਰਗਟ ਕਰਨ ਲਈ ਦਾਸਾਂ ਨੇ ਕਮਰਕੱਸਾ ਕੀਤਾ ਹੈ, ਆਪ ਆਪਣਾ ਕਾਰਜ ਆਪ ਸਵਾਰ ਲੈਣਾ।'

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥ (੫੦੦)

ਆਪ ਨੇ ਆਪਣੀ ਮਿਹਰ ਕਰ ਕੇ ਆਪਣੇ ਕਾਰਜ ਨੂੰ ਆਪ ਸੰਪੂਰਨ ਕਰ ਲੈਣਾ।

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥ (੭੮੪)

ਦਾਸ ਕੀ ਕਰ ਸਕਦੇ ਹਨ?

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥ (੬੩੫)

ਕਿਰਪਾ ਕਰ ਕੇ ਆਪਣੇ ਬਿਰਧ ਬਾਣੇ ਦੀ ਲਾਜ ਰੱਖਣਾ। ਏਸ ਕਲੂ-ਕਾਲ ਦੇ ਭਿਆਨਕ ਸਮੇਂ ਵਿੱਚ ਏਸ ਕਾਰਜ ਨੂੰ ਸਫਲਤਾ ਬਖਸ਼ਣੀ।

ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ (੬੯੨)

ਅਰਦਾਸਾ ਸੋਧਣ ਮਗਰੋਂ ਸੰਤ ਜੀ ਨੇ ਭਾਈ ਗੁੱਜਰ ਸਿੰਘ ਮਿਸਤਰੀ ਨੂੰ ਜੋ ਕਿ ਅੰਮ੍ਰਿਤ ਵੇਲੇ ਤੋਂ ਹੀ ਦੀਵਾਨ ਵਿੱਚ ਹਾਜ਼ਰ ਸੀ, ਨਾਲ ਲਿਆ। ਮਿਸਤਰੀ ਨੇ ਕਰੰਡੀ ਨਾਲ ਚੂਨਾ ਵਿਛਾਇਆ ਅਤੇ ਐਨ ਸੂਰਜ ਨਿਕਲਣ ਸਮੇਂ ਸੰਤ ਜੀ ਮਹਾਰਾਜ ਨੇ ਆਪਣੀ ਹੱਥੀਂ ਪੰਜ ਇੱਟਾਂ ਨੀਂਹ ਵਿੱਚ ਟਿਕਾ ਦਿੱਤੀਆਂ। ਸੁਰ, ਨਰ, ਮੁਨ, ਜਨ ਵਿੱਚ ਜੈ ਜੈਕਾਰ ਹੋਈ, ਅਰਸ਼ੀ ਸ਼ਹੀਦ ਮੁਕੰਦ ਰੂਹਾਂ ਨੇ ਸਤਿਆ ਦਿੱਤੀ ਅਤੇ ਦਸਾਂ ਪਾਤਸ਼ਾਹੀਆਂ ਨੇ ਖੁਸ਼ੀ ਬਖਸ਼ੀ। ਹੁਣ ਸਾਰੀ ਸੰਗਤ ਨੇ ਜਲ-ਪਾਣੀ ਛਕਿਆ ਅਤੇ ਛੇਤੀ-ਛੇਤੀ ਬਾਹਰੋਂ ਹੋ ਕੇ ਆ ਗਏ। ਕੁਝ ਸਿੰਘ ਤਾਂ ਭਾਈ ਗੁੱਜਰ ਸਿੰਘ ਮਿਸਤਰੀ ਨਾਲ ਇੱਟਾਂ, ਚੂਨਾ ਪਹੁੰਚਾਉਣ 'ਤੇ ਲੱਗ ਪਏ, ਬਾਕੀ ਆਪਣੀ-ਆਪਣੀ ਸੇਵਾ ਵਿੱਚ ਹਾਜ਼ਰ ਹੋ ਗਏ। ਸ਼ਾਮ ਤੀਕਰ ਮਿਸਤਰੀ ਨੇ ਨੀਂਹ ਰੱਖਣ ਵਾਲੀ ਥਾਂ ਦੇ ਅਸਾਰ ਜ਼ਮੀਨ ਤੀਕਰ ਭਰ ਦਿੱਤੇ ਅਤੇ ਰਾਤ ਨੂੰ ਆਪਣੇ ਜੁੱਟ ਸਮੇਤ ਬੁੱਢਰੁੱਖੇ ਜਾ ਬਿਰਾਜਿਆ। ਜਦ ਇਹ ਆਪਣੇ ਨਗਰ ਅੱਪੜੇ ਤਦ ਪਿੰਡ ਦੇ ਬਹੁਤ ਸਾਰੇ ਪ੍ਰੇਮੀ ਇਨ੍ਹਾਂ ਦੇ ਦੁਆਲੇ ਆ ਇਕੱਠੇ ਹੋਏ ਅਤੇ ਨੀਂਹ ਰੱਖਣ ਦੀ ਗੱਲਬਾਤ

ਚਲਾਈ, ਮਿਸਤਰੀ ਬੜੇ ਪ੍ਰੇਮ ਨਾਲ ਜਵਾਬ ਦਿੰਦਾ ਰਿਹਾ, ਏਨੇ ਚਿਰ ਵਿੱਚ ਇੱਕ ਬ੍ਰਾਹਮਣ ਆ ਗਿਆ ਅਤੇ ਆਉਂਦਿਆਂ ਹੀ ਬੋਲ ਉੱਠਿਆ, "ਤੁਹਾਡੇ ਸੰਤਾਂ ਨੇ ਕੀ ਨੀਂਹ ਰੱਖੀ? ਨਾ ਕੋਈ ਮਹੂਰਤ ਸੁਧਾਇਆ ਅਤੇ ਨਾ ਕੋਈ ਨਛੱਤਰ ਦੇਖਿਆ।" ਮਿਸਤਰੀ ਗੁੱਜਰ ਸਿੰਘ ਨੇ ਬੜੇ ਪ੍ਰੇਮ ਨਾਲ ਆਖਿਆ, ਮਿਸਰ ਜੀ! ਸੰਤਾਂ ਦੀ ਮਹਿਮਾਂ ਤਾਂ ਵੇਦ ਵੀ ਨਹੀਂ ਜਾਣਦੇ, ਤੁਸੀਂ ਪਹਿਲਾਂ ਨੀਂਹ ਰੱਖਣ ਦਾ ਵੇਲਾ ਮੇਰੇ ਕੋਲੋਂ ਪੁੱਛ ਤਾਂ ਲਵੋ, ਫੇਰ ਆਪਣੀ ਪੱਤਰੀ ਸੋਧ ਵਿਚਾਰ ਲੈਣੀ। ਵਿਚਾਰ ਕੀਤੇ ਬਗੈਰ ਮਹਾਂਪੁਰਖਾਂ ਦੇ ਕੀਤੇ 'ਤੇ ਟੋਕ ਕਰਨੀ ਚੰਗੀ ਨਹੀਂ। ਪੰਡਤ ਕੁਝ ਸਿਆਣਾ ਅਤੇ ਸਮਝਦਾਰ ਸੀ ਇਹ ਗੱਲ ਉਸ ਦੇ ਦਿਲ ਲੱਗੀ। ਉਸ ਨੇ ਉਸੇ ਵੇਲੇ ਭਾਈ ਗੁੱਜਰ ਸਿੰਘ ਕੋਲੋਂ ਨੀਂਹ ਰੱਖਣ ਦਾ ਸਮਾਂ ਪੁੱਛਿਆ। ਮਿਸਤਰੀ ਨੇ ਆਖਿਆ ਕਿ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਿਕਲਣ ਨਾਲ ਹੀ ਸੰਤ ਜੀ ਮਹਾਰਾਜ ਨੇ ਨੀਂਹ ਧਰੀ ਸੀ।

ਇਹ ਸੁਣ ਕੇ ਪੰਡਤ ਆਪਣੇ ਘਰ ਚਲਾ ਗਿਆ ਅਤੇ ਮਿਸਤਰੀ ਅੰਨ-ਪਾਣੀ ਛਕ ਕੇ ਲੇਟ ਗਿਆ, ਦੂਜੇ ਦਿਨ ਮਿਸਤਰੀ ਹੁਰੀਂ ਤਾਂ ਆਪਣੇ ਕੰਮ (ਗੁਰਸਾਗਰ ਸਾਹਿਬ) ਮਸਤੂਆਣੇ ਚਲੇ ਗਏ ਅਤੇ ਪੰਡਤ ਸਾਰਾ ਦਿਨ ਆਪਣੀ ਪੱਤਰੀ ਦੁਆਰਾ ਪਲ, ਮਹੂਰਤ ਘੜੀ ਅਨੁਸਾਰ ਨੀਂਹ ਧਰਨ ਦੇ ਸਮੇਂ, ਲਗਨਾਂ 'ਤੇ ਵਿਚਾਰ ਕਰਦਾ ਰਿਹਾ। ਏਸ ਦੀ ਅਸਚਰਜਤਾ ਦੀ ਕੋਈ ਹੱਦ ਨਾ ਰਹੀ ਜਦ ਏਸ ਦੀ ਵਿੱਦਿਆ ਨੇ ਦੱਸਿਆ ਕਿ ਜਿਹੜੇ ਸਮੇਂ ਸੰਤ ਜੀ ਮਹਾਰਾਜ ਨੇ ਸੁਤੇ-ਸਿੱਧ ਹੀ ਨੀਂਹ ਧਰੀ, ਉਸ ਵੇਲੇ ਤੇਤੀਸ ਕਰੋੜ ਦੇਵਤੇ ਅਕਾਸ਼ ਮੰਡਲ ਵਿੱਚ ਹਾਜ਼ਰ ਸਨ। ਜਦ ਸ਼ਾਮ ਨੂੰ ਮਿਸਤਰੀ ਗੁੱਜਰ ਸਿੰਘ ਪਿੰਡ ਆਇਆ ਤਦ ਪੰਡਤ ਦੌੜਦਾ-ਦੌੜਦਾ ਆਇਆ ਅਤੇ ਆਖਿਆ ਕਿ 'ਧੰਨ ਤੇਰੇ ਸੰਤ ਅਤੇ ਧੰਨ ਤੂੰ ਜੋ ਨੀਂਹ ਰੱਖਣ ਸਮੇਂ ਸੰਤ ਜੀ ਮਹਾਰਾਜ ਦੇ ਨਾਲ ਸੀ। ਉਸ ਵਕਤ ਤਾਂ ਸਾਰੇ ਦੇਵੀ-ਦੇਵਤੇ ਹਾਜ਼ਰ ਸਨ।'*

ਹੁਣ ਏਧਰ ਤਾਂ ਹਰਿਮੰਦਰ ਸਾਹਿਬ ਦਾ ਕੰਮ ਪੂਰੇ ਜ਼ੋਰ ਨਾਲ ਅਰੰਭ ਹੋ ਗਿਆ ਅਤੇ ਉਧਰ ਕਰਤਾਰ ਦੇ ਹੁਕਮ ਵਿੱਚ ਕਾਲ ਪੈ ਗਿਆ। ਸੰਤ ਜੀ ਮਹਾਰਾਜ ਦੀ ਟਕਸਾਲ ਸੀ ਕਿ ਖਾਣ ਵਾਸਤੇ ਹਰਿਮੰਦਰ ਸਾਹਿਬ ਵਿੱਚੋਂ ਮਾਇਆ ਨਹੀਂ ਖਰਚਣੀ ਕਈ ਵਾਰੀ ਪ੍ਰੇਮੀ ਮੁੱਠੀ-ਮੁੱਠੀ ਛੋਲੇ ਹੀ ਚਬ ਕੇ ਹੀ ਸੇਵਾ ਵਿੱਚ ਲੱਗੇ ਰਹਿੰਦੇ। ਸੰਤ ਜੀ ਮਹਾਰਾਜ ਵੀ ਸੰਗਤ ਨਾਲ ਮਿਲ ਵਰਤਦੇ ਅਤੇ ਸਾਰਾ-ਸਾਰਾ ਦਿਨ ਕੜਕਦੀ ਧੁੱਪ ਵਿੱਚ ਮੰਜੇ 'ਤੇ ਬੈਠੇ ਰਹਿੰਦੇ। ਜੇਕਰ ਕਦੇ ਕੋਈ ਪ੍ਰੇਮੀ ਛਤਰੀ ਲਾਉਣ ਲਈ ਆਖਦਾ, ਤਦ ਹੱਸ ਕੇ ਆਪ ਬੋਲਦੇ ਕਿ ਭਾਈ! ਜੇ ਸਾਨੂੰ ਛਤਰੀ ਲਾਉਣੀ ਹੈ ਤਾਂ ਇੱਟਾਂ ਢੋਅ ਦੇ। ਏਸ ਬਿਖੜੇ ਸਮੇਂ ਵਿੱਚ ਕਈ ਸੇਵਕਾਂ ਨੇ ਆਪਣੇ ਸਰੀਰ ਗਹਿਣੇ ਧਰ ਕੇ ਵੀ ਹਰਿਮੰਦਰ ਸਾਹਿਬ ਦੀ ਸੇਵਾ ਕੀਤੀ।

ਦੋ ਸਾਲ ਦੇ ਕਰੀਬ ਸੰਤ ਜੀ ਮਹਾਰਾਜ ਗੁਰਸਾਗਰ ਮਸਤੂਆਣੇ ਤੋਂ ਨਹੀਂ ਹਿੱਲੇ। ਆਪਣੇ ਸਾਹਮਣੇ ਚੂਨੇ ਦਾ ਭੱਠਾ ਤਿਆਰ ਕਰਵਾਇਆ ਅਤੇ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਕਾਰ ਪੂਰੇ ਜ਼ੋਰ ਨਾਲ ਹੋਈ। ਨਾਲ ਹੀ ਸੇਵਕਾਂ ਨੇ ਵੀ ਢੁਲਾਈ-ਭਰਾਈ ਅਤੇ ਹੋਰ ਹਰ ਪ੍ਰਕਾਰ ਦੀ ਸੇਵਾ ਆਪਣੇ ਹੱਥੀਂ ਕੀਤੀ। ਇਮਾਰਤ ਕਰ ਕੇ ਹੁਣ ਮਾਇਆ ਦਾ ਖਰਚ ਜ਼ਿਆਦਾ ਹੋ ਗਿਆ ਇਸ ਲਈ ਸੇਵਕਾਂ ਨਾਲ ਗੁਰਮਤਾ ਕਰ ਕੇ ਮੌਕੇ ਦਾ ਕੰਮ ਤਾਂ ਸੰਤ ਜੀ ਮਹਾਰਾਜ ਨੇ ਸੰਤ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਸੰਭਾਲ ਦਿੱਤਾ ਅਤੇ ਆਪ ਮਸਤੂਆਣੇ ਦੀ ਸੇਵਾ ਹਿੱਤ ਦੇਸ਼-ਪ੍ਰਦੇਸ਼ ਵਿੱਚ ਜਾਣ ਦਾ ਇਰਾਦਾ ਕਰ ਲਿਆ।

---

* ਨੋਟ : ਜ਼ਬਾਨੀ ਮਿਸਤਰੀ ਗੁਜਰ ਸਿੰਘ।

ਕਾਂਡ ੩੨

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥ (੨੭੩)

ਪਿਸ਼ਾਵਰ ਵੱਲ ਫੇਰੀ

ਮਸਤੂਆਣੇ (ਗੁਰਸਾਗਰ ਸਾਹਿਬ) ਦੀ ਸੇਵਾ ਹਿੱਤ ਸੰਤ ਜੀ ਮਹਾਰਾਜ ਦਾ ਮਸਤੂਆਣੇ ਤੋਂ ਪਿਸ਼ਾਵਰ, ਕੋਹਾਟ, ਬੰਨੂ, ਡੇਰਾ ਇਸਮਾਈਲ ਖਾਂ, ਨੌਸ਼ਹਿਰਾ, ਹਰੀਪੁਰ, ਰਾਵਲਪਿੰਡੀ, ਕੋਹਮਰੀ, ਕਨੋਹਾ ਅਤੇ ਲਾਹੌਰ ਤੋਂ ਹੋ ਕੇ ਮਸਤੂਆਣੇ ਵਾਪਸ ਆਉਣਾ, ਕੁਝ ਦਿਨ ਰਹਿ ਕੇ ਇਲਾਕੇ ਵਿੱਚ ਦੌਰਾ ਕਰਨਾ, ਫੇਰ ਮਸਤੂਆਣੇ ਸੇਵਾ ਵਿੱਚ ਹਾਜ਼ਰ ਹੋ ਜਾਣਾ, ਏਥੋਂ ਉਪਰਾਮ ਹੋ ਕੇ ਡੇਰਾ ਖ਼ਾਲਸਾ ਜਾਣਾ ਅਤੇ ਉੱਥੋਂ ਪਿੰਡ ਢਿਲਾਂਵਾਲੀ ਰੋੜੀ ਸਾਹਿਬ ਪਾਸ, ਗੁਜਰਾਂਵਾਲੇ ਤੋਂ ਹੋ ਕੇ ਸਿੰਧ ਵੱਲ ਕਮਰ-ਕੱਸਾ ਕਰਨਾ, ਕਰਾਚੀ ਤੋਂ ਬੰਬਈ, ਬੜੌਦਾ, ਭੂਪਾਲ ਹੋ ਕੇ ਮਸਤੂਆਣੇ ਪਹੁੰਚ ਜਾਣਾ ਹੈ।

ਇੱਕ ਦਿਨ ਸੰਤ ਜੀ ਮਹਾਰਾਜ ਮਸਤੂਆਣੇ (ਗੁਰਸਾਗਰ ਸਾਹਿਬ) ਮੰਜੀ 'ਤੇ ਬੈਠੇ ਸੰਗਤ ਪਾਸੋਂ ਕਾਰ ਕਰਵਾ ਰਹੇ ਸਨ ਕਿ ਇੱਕ ਪ੍ਰੇਮੀ ਨੇ, ਜੋ ਕਿ ਦਰਸ਼ਨ ਕਰਨ ਲਈ ਆਇਆ ਸੀ, ਪ੍ਰਸ਼ਨ ਕੀਤਾ ਕਿ ਮਹਾਰਾਜ! ਆਪ ਤਾਂ ਛੁੱਟੇ ਹੋਏ ਅਜ਼ਾਦ ਫ਼ਕੀਰ ਸੀ, ਆਪ ਨੇ ਇਹ ਕੀ ਜੰਜਾਲ ਆਪਣੇ ਗਲ ਪਾ ਲਿਆ ਹੈ? ਸੰਤ ਜੀ ਮਹਾਰਾਜ ਨੇ ਬੜੀ ਨਿਮਰਤਾ ਸਹਿਤ ਇੱਕ ਖਾਸ ਰੰਗ ਵਿਚ ਜਵਾਬ ਦਿੱਤਾ ਕਿ ਭਾਈ! ਗੁਰੂ ਨਾਨਕ ਦੇ ਘਰ ਦੀ ਇਹ ਚਾਲ ਚੱਲੀ ਆਉਂਦੀ ਹੈ, ਪਰਉਪਕਾਰ ਹਿਤ ਜਗਤ 'ਤੇ ਕੋਈ ਨਾ ਕੋਈ ਕਾਰਜ ਕਰਨਾ। ਦਸਾਂ ਪਾਤਸਾਹੀਆਂ ਦੀਆਂ ਸਾਖੀਆਂ ਸੁਣ ਕੇ ਸਾਨੂੰ ਵੀ ਚਾਉ ਉਪਜਿਆ ਕਿ ਅਸੀਂ ਵੀ ਸਤਿਗੁਰੂ ਦੇ ਪਾਏ ਹੋਏ ਪੂਰਨਿਆਂ 'ਤੇ ਚਲਣ ਦਾ ਯਤਨ ਕਰੀਏ।

ਗੁਰਸਖਿ ਮੀਤ ਚਲਹੁ ਗੁਰ ਚਾਲੀ ॥ (੬੬੭)

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ (੭)

ਪਰ ਅਸੀਂ ਕੀ ਕਰਨ ਜੋਗੇ ਹਾਂ? ਸਤਿਗੁਰੂ ਦਾ ਤਾਂ ਇਹ ਕਾਰਜ ਅੱਗੇ ਹੀ ਬਣਿਆ ਹੋਇਆ ਸੀ। ਅਸਾਂ ਤਾਂ ਸੇਵਾ ਕਰ ਕੇ ਆਪਣਾ ਤਨ, ਮਨ ਸਫ਼ਲਾ ਕਰਨਾ ਹੈ ਅਤੇ ਸਤਿਗੁਰੂ ਦੇ ਪਿਆਰੇ ਸਿੱਖਾਂ ਦਾ ਤਨ, ਮਨ

ਅਤੇ ਧਨ ਗੁਰੂ ਚਰਨਾਂ ਵਿੱਚ ਅਰਪਣ ਕਰਾ ਕੇ ਸਤਿਗੁਰੂ ਦੀ ਖੁਸ਼ੀ ਲੈਣ ਦੇ ਰਸਤੇ ਪਾਉਣਾ ਹੈ।

ਇਹ ਜਵਾਬ ਸੁਣ ਕੇ ਪ੍ਰੇਮੀ ਚੁੱਪ ਹੋ ਗਿਆ, ਪਰ ਸੰਤ ਜੀ ਮਹਾਰਾਜ ਦੇ ਮਨ ਵਿੱਚ ਠੋਕਰ ਵੱਜੀ ਕਿ ਸਰੀਰ ਦਾ ਕੋਈ ਭਰੋਸਾ ਨਹੀਂ, ਜਿੰਨੀ ਛੇਤੀ ਹੋ ਸਕੇ ਇਹ ਸੇਵਾ ਪੂਰੀ ਹੋ ਜਾਵੇ। ਮਾਲਵੇ ਦੇਸ਼ ਵਿੱਚ ਤਾਂ ਲੋਕ ਅੱਗੇ ਹੀ ਗ਼ਰੀਬ ਹਨ, ਉੱਤੋਂ ਕਾਲ ਪੈ ਗਿਆ ਹੈ, ਹੁਣ ਬਾਹਰ ਦੌਰਾ ਕਰ ਕੇ ਅਸਥਾਨ ਹਿੱਤ ਸੇਵਾ ਭੇਜੀਏ ਅਤੇ ਸਤਿਗੁਰੂ ਦਾ ਕਾਰਜ ਛੇਤੀ ਸਿਰੇ ਚੜ੍ਹਾਈਏ।

ਸ਼ਾਮ ਦੇ ਵਕਤ ਸੇਵਾ ਬੰਦ ਹੋਈ। ਕੀਰਤਨੀ ਜਥੇ ਨੇ ਪੰਜ ਸ਼ਬਦ ਪੜ੍ਹ ਕੇ ਸੋਦਰੁ ਦਾ ਪਾਠ ਕੀਤਾ ਅਤੇ ਅਰਦਾਸੇ ਦੇ ਮਗਰੋਂ ਲੰਗਰ ਵਰਤਿਆ। ਸਭ ਨੇ ਪੰਗਤ ਵਿੱਚ ਬੈਠ ਕੇ ਪ੍ਰਸ਼ਾਦ ਛਕਿਆ। ਲੰਗਰ ਤੋਂ ਉੱਠ ਕੇ ਸੰਤ ਜੀ ਮਹਾਰਾਜ ਆਪਣੇ ਆਸਣ 'ਤੇ ਆਏ ਤੇ ਸੰਤ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਕੇ ਆਖਿਆ, "ਭਾਈ! ਹੁਣ ਗੁਰਦੁਆਰਾ ਸਾਹਿਬ ਦਾ ਕੰਮ ਤਕੜਾ ਟੁਰ ਪਿਆ ਹੈ। ਮਾਲਵੇ ਦੀਆਂ ਸੰਗਤਾਂ ਸੇਵਾ ਦਾ ਸਾਰਾ ਭਾਰ ਚੁੱਕ ਨਹੀਂ ਸਕਦੀਆਂ, ਉਹਨਾਂ ਦੀ ਲੰਗਰ ਅਤੇ ਸਰੀਰ ਦੀ ਸੇਵਾ ਹੀ ਇਸ ਕਾਲ ਦੇ ਸਮੇਂ ਵਿੱਚ ਬਹੁਤ ਹੈ। ਅਸੀਂ ਹੁਣ ਬਾਹਰ ਜਾ ਕੇ ਇਸ ਕਾਰ ਸੇਵਾ ਵਿੱਚ ਸੰਗਤਾਂ ਦਾ ਹਿੱਸਾ ਪਵਾਵਾਂਗੇ। ਤੁਸੀਂ ਤਕੜੇ ਹੋ ਕੇ ਇਸ ਜਗ੍ਹਾ ਦੇ ਕੰਮ ਨੂੰ ਟੋਰੀ ਰੱਖਣਾ।" ਦੋਹਾਂ ਸੇਵਕਾਂ ਨੇ ਸੀਸ ਚਰਨਾਂ 'ਤੇ ਰੱਖੇ ਅਤੇ ਆਖਿਆ, "ਜਿਸ ਤਰ੍ਹਾਂ ਹਜ਼ੂਰ ਦੀ ਰਜ਼ਾਇ।"

ਦੂਜੇ ਦਿਨ ਹੀ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਕੀਰਤਨੀ ਜਥੇ ਸਮੇਤ ਸੰਗਰੂਰ ਸਟੇਸ਼ਨ 'ਤੇ ਅੱਪੜੇ ਅਤੇ ਪਿਸ਼ਾਵਰ ਦਾ ਟਿਕਟ ਲੈ ਲਿਆ। ਅੰਮ੍ਰਿਤਸਰ ਸਾਹਿਬ ਇਕ ਰਾਤ ਠਹਿਰ ਕੇ ਸਿੱਧੇ ਪਿਸ਼ਾਵਰ ਅੱਪੜੇ ਅਤੇ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਵਿੱਚ ਜਾ ਡੇਰਾ ਲਾਇਆ।

ਸੰਤ ਜੀ ਮਹਾਰਾਜ ਦੇ ਅੱਪੜਨ ਦੀ ਖ਼ਬਰ ਸਾਰੇ ਸ਼ਹਿਰ ਵਿੱਚ ਬਿਜਲੀ ਦੀ ਨਿਆਈਂ ਫੈਲ ਗਈ। ਸੰਗਤ ਹੁੰਮ-ਹੁੰਮਾ ਕੇ ਦਰਸ਼ਨ ਕਰਨ ਲਈ ਆਈ। ਨਿੱਤ ਦੋ ਵੇਲੇ ਦੀਵਾਨ ਸੱਜਣ ਲੱਗ ਪਏ ਅਤੇ ਨਾਮ-ਬਾਣੀ ਦਾ ਪ੍ਰਵਾਹ ਚਲਿਆ। ਕਈ ਭੁੱਲੇ ਹੋਏ ਜੀਵ ਸਤਿਗੁਰੂ ਜੀ ਦੀ ਸ਼ਰਨ ਆਏ ਅਤੇ ਸੈਂਕੜੇ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਭਾਈ ਜੋਗਾ ਸਿੰਘ ਜੀ ਅਤੇ ਭਾਈ ਬੀਬਾ ਸਿੰਘ ਜੀ ਦੇ ਗੁਰਦੁਆਰਿਆਂ ਵਿੱਚ ਬੜਾ ਹੀ ਸਤਿਸੰਗ ਹੋਇਆ। ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਲੈਣ ਦਾ ਤਰੀਕਾ ਸੰਤ ਜੀ ਮਹਾਰਾਜ ਦਾ ਬੜਾ ਹੀ ਅਦੁੱਤੀ ਸੀ। ਆਪ ਦੀਵਾਨ ਵਿੱਚ ਆਤਮ-ਰੰਗ ਵਿੱਚ ਸ਼ਬਦ ਕੀਰਤਨ ਕਰਦੇ:

ਠਾਕੁਰੁ ਗਾਈਐ ਆਤਮ ਰੰਗਿ ॥ (੬੮੦)

ਆਤਮ-ਰਸ ਦੇ ਹੁਲਾਰੇ ਆਪ ਲੈਂਦੇ ਅਤੇ ਗੁਰੂ ਦੀਆਂ ਸੰਗਤਾਂ ਨੂੰ ਇਹ ਅਰਸ਼ੀ ਝੂਟੇ ਦਿੰਦੇ। ਅਫੁਰ ਅਵਸਥਾ ਵਿੱਚ ਐਸਾ ਰੰਗ ਬਣਦਾ ਕਿ ਪੱਥਰ ਦਿਲ ਵੀ ਮੋਮ ਹੋ ਜਾਂਦੇ, ਪਰ ਜਿਹੜੇ ਸੱਜਣ ਖਿੱਚੇ ਹੋਏ ਆਸਣ 'ਤੇ ਦਰਸ਼ਨ ਕਰਨ ਲਈ ਆਉਂਦੇ, ਉਹਨਾਂ ਵਿੱਚੋਂ ਅਧਿਕਾਰੀ ਦੇਖ ਕੇ ਮਸਤੂਆਣੇ ਦੀ ਸੇਵਾ ਵਿੱਚ ਹਿੱਸਾ ਪਵਾ ਲੈਂਦੇ ਅਤੇ ਪ੍ਰੇਮੀ ਧੰਨ ਭਾਗ ਸਮਝ ਕੇ ਆਪਣੀ ਮਾਇਆ ਸਫ਼ਲੀ ਕਰਦੇ ਅਤੇ ਆਪਣੇ ਹੋਰ ਸੱਜਣਾਂ ਪਾਸੋਂ ਵੀ ਕਰਾਉਂਦੇ। ਦੀਵਾਨ ਲੱਗਾ ਕੇ ਅਪੀਲ ਕਰਨ ਨੂੰ ਸੰਤ ਜੀ ਮਹਾਰਾਜ ਮਾਇਆ ਦੇ ਮੋਹ ਦੀ ਗੁਲਾਮੀ ਅਤੇ ਸਤਿਗੁਰੂ ਦੇ ਸ਼ਬਦ ਦੀ ਹੇਠੀ ਸਮਝਦੇ। ਸੱਚ ਹੈ, ਕੋਈ ਸੂਰਮਾ ਹੀ ਇਹ ਬਿਰਤੀ ਧਾਰਨ ਕਰ ਕੇ ਨਿਭਾਹ ਸਕਦਾ ਹੈ

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥ (੯੩੧)

ਪਿਸ਼ਾਵਰ ਸ਼ਹਿਰ ਤੇ ਛਾਉਣੀ ਵਿਖੇ ਏਸ ਰੰਗ ਵਿੱਚ ਬੜਾ ਸੋਹਣਾ ਸਮਾਂ ਬਣਿਆ ਰਿਹਾ, ਪਰ ਕੁਝ ਚਿਰ ਮਗਰੋਂ ਕੋਹਾਟ ਦੀ ਸੰਗਤ ਨੂੰ ਸੰਤ ਜੀ ਮਹਾਰਾਜ ਦੇ ਪਿਸ਼ਾਵਰ ਆਉਣ ਦਾ ਪਤਾ ਲੱਗ ਗਿਆ। ਖ਼ਬਰ ਸੁਣਦੇ ਹੀ ਸੇਠ ਰਤਨ ਸਿੰਘ ਜੀ ਅਤੇ ਹੋਰ ਕਈ ਸੱਜਣ ਆ ਗਏ ਅਤੇ ਕੋਹਾਟ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਅਜੇ ਕੁਝ ਚਿਰ ਪਿਸ਼ਾਵਰ ਦੀ ਸੰਗਤ ਦਾ ਪ੍ਰੇਮ ਲੈਣਾ ਹੈ, ਫੇਰ ਤੁਹਾਡੇ ਨਾਲ ਚੱਲਾਂਗੇ।''

ਵਕਤ ਪਾ ਕੇ ਸੰਤ ਜੀ ਮਹਾਰਾਜ ਸੇਠ ਰਤਨ ਸਿੰਘ ਨਾਲ ਕੋਹਾਟ ਜਾਣ ਲਈ ਤਿਆਰ ਹੋ ਗਏ। ਪਿਸ਼ਾਵਰ ਦੀ ਸੰਗਤ ਨੇ ਬਹੁਤ ਬੇਨਤੀ ਕੀਤੀ, ਪਰ ਸੰਤ ਜੀ ਮਹਾਰਾਜ ਨੇ ਆਖਿਆ, ''ਭਾਈ! ਹੁਣ ਠਹਿਰਣ ਦਾ ਹੁਕਮ ਨਹੀਂ ਹੈ, ਭਰਿਆ ਮੇਲਾ ਹੀ ਛੱਡਣਾ ਚੰਗਾ ਹੁੰਦਾ ਹੈ। ਫਿਰ ਜਦ ਕਰਤਾਰ ਦਾ ਹੁਕਮ ਹੋਇਆ ਦਰਸ਼ਨ-ਮੇਲਾ ਹੋ ਜਾਵੇਗਾ।''

ਪਠਾਣਾਂ ਲਈ ਖ਼ੁਦਾ ਦਾ ਨੂਰ

ਪਿਸ਼ਾਵਰ ਤੋਂ ਸੰਤ ਜੀ ਜਥੇ ਸਮੇਤ ਟਾਂਗਿਆ 'ਤੇ ਅਸਵਾਰ ਹੋ ਕੋਹਾਟ ਵੱਲ ਟੁਰ ਪਏ। ਪਿਸ਼ਾਵਰ ਤੋਂ ਕੁਝ ਮੀਲ ਜਾ ਕੇ ਸੜਕ ਆਕੀ ਇਲਾਕੇ ਵਿੱਚੋਂ ਲੰਘਦੀ ਹੈ। ਇਹ ਮੁਲਕ ਖੁਸ਼ਕ ਅਤੇ ਪਹਾੜੀ ਹੈ। ਪਿੰਡਾਂ ਵਾਲੇ ਬੜੀ ਦੂਰ-ਦੂਰ ਤੋਂ ਪਾਣੀ ਲਿਆਉਂਦੇ ਹਨ। ਕਰਤਾਰ ਦੀ ਨੇਤ, ਜਿਸ ਸਾਲ ਸੰਤ ਜੀ ਮਹਾਰਾਜ ਇਸ ਇਲਾਕੇ ਵਿੱਚੋਂ ਜਾ ਰਹੇ ਸਨ। ਬਰਸਾਤ ਦੀ ਬੜੀ ਡਾਢੀ ਤੋਟ ਸੀ। ਜਲ ਦੇ ਤਰਾਸ ਨਾਲ ਜੀਅ-ਜੰਤੂ, ਪਸ਼ੂ-ਪੰਖੀ ਬੜੇ ਦੁਖੀ ਸਨ। ਸ਼ਾਮ ਦਾ ਵਕਤ ਸੀ, ਸੰਤ ਜੀ ਮਹਾਰਾਜ ਟਾਂਗੇ 'ਤੇ ਚੜ੍ਹੇ ਹੋਏ ਆਕੀ ਦੇਸ਼ ਦੇ ਇੱਕ ਪਿੰਡ ਪਾਸੋਂ ਲੰਘ ਰਹੇ ਸਨ ਕਿ ਸਾਹਮਣੇ ਤੋਂ ਚਾਰ-ਪੰਜ ਪਠਾਣ ਟੁਰੇ ਆਉਂਦੇ ਨਜ਼ਰ ਆਏ। ਸੰਤ ਜੀ ਮਹਾਰਾਜ ਦਾ ਨੂਰਾਨੀ ਚਿਹਰਾ ਦੇਖ ਕੇ ਉਹ ਮੋਹੇ ਗਏ। ਜਦ ਟਾਂਗਾ ਉਹਨਾਂ ਦੇ ਪਾਸੋਂ ਲੰਘਿਆ, ਉਹਨਾਂ ਘੋੜੇ ਦੀਆਂ ਰਾਸਾਂ ਫੜ ਲਈਆ ਤੇ ਬੜੇ ਨਿਮਾਣੇ ਹੋ ਕੇ ਬੇਨਤੀ ਕੀਤੀ, ''ਵਾਸਤੇ ਖ਼ੁਦਾ ਦੇ ਮੀਂਹ ਬਖਸ਼ੋ।'' ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, ''ਮੀਂਹ ਤਾਂ ਰੱਬ ਦੇ ਵੱਸ ਹੈ, ਅਸੀਂ ਤਾਂ ਉਸ ਦੇ ਬੰਦੇ ਹਾਂ।'' ਪਠਾਣਾਂ ਨੇ ਬੜੇ ਅਦਬ ਅਤੇ ਪ੍ਰੇਮ ਨਾਲ ਆਖਿਆ, ''ਤੂੰ ਖੁਦ ਰੱਬ ਦਾ ਨੂਰ ਹੈਂ ਤੇਰੇ ਅਤੇ ਰੱਬ ਵਿੱਚ ਕੋਈ ਭੇਦ ਨਹੀਂ। ਹੁਣ ਆਪ ਆ ਕੇ ਸਾਨੂੰ ਨਾ ਤਰਸਾਓ; ਮਿਹਰ ਕਰੋ, ਅਸੀਂ ਬੜੇ ਦੁੱਖੀ ਹਾਂ।'' ਇਹਨਾਂ ਦੀ ਦਰਦ ਭਰੀ ਪੁਕਾਰ ਸੁਣ ਕੇ ਸੰਤ ਜੀ ਮਹਾਰਾਜ ਟਾਂਗੇ ਤੋਂ ਉੱਤਰ ਖਲੋਤੇ, ਰਾਤ ਲਈ ਆਸਣ ਇਹਨਾਂ ਪਠਾਣਾਂ ਦੇ ਨਗਰ ਕੀਤਾ। ਡੇਰਾ ਕਰਾ ਕੇ ਦੋ ਪਠਾਣ ਪਿੰਡ ਦੇ ਖੱਤਰੀ ਪਾਸੋਂ ਸੰਤ ਜੀ ਮਹਾਰਾਜ ਦੇ ਲੰਗਰ ਦੀ ਤਿਆਰੀ ਕਰਾਉਣ ਲਈ ਚਲੇ ਗਏ ਅਤੇ ਸੰਤ ਜੀ ਮਹਾਰਾਜ ਨੇ ਜਥੇ ਸਮੇਤ ਸ਼ਬਦ ਕੀਰਤਨ ਅਰੰਭ ਕਰ ਦਿੱਤਾ। ਬਹੁਤ ਸਾਰੇ ਆਕੀ ਅਤੇ ਉਹਨਾਂ ਦੇ ਬਾਲ-ਬੱਚੇ ਇਕੱਠੇ ਹੋ ਗਏ। ਕੀਰਤਨ ਦਾ ਇੱਕ ਖਾਸ ਇਲਾਹੀ ਰੰਗ ਬਣਿਆ ਅਤੇ ਅਸਮਾਨ ਉੱਪਰ ਬੱਦਲ ਨਜ਼ਰ ਆਉਣ ਲੱਗ ਪਏ। ਹੁਣ ਸੋਦਰੁ ਦਾ ਸਮਾਂ ਆ ਗਿਆ ਰਾਗੀ ਸਿੰਘ ਨੇ:

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥ (੪੫੧)

ਲਾ ਕੇ ਸੋਦਰੁ ਦੀ ਪਉੜੀ ਗਾਇਨ ਕੀਤੀ। ਫਿਰ ਬੜੇ ਪ੍ਰੇਮ ਨਾਲ ਰਹਿਰਾਸ ਸਾਹਿਬ ਦਾ ਪਾਠ ਹੋਇਆ।

ਰਹਿਰਾਸ ਸਾਹਿਬ ਦਾ ਅਰਦਾਸਾ ਹੋਣ ਦੀ ਦੇਰ ਹੀ ਸੀ ਕਿ ਉਧਰੋਂ ਬਾਰਸ਼ ਟੁੱਟ ਕੇ ਸ਼ੁਰੂ ਹੋ ਗਈ। ਦੋ

ਘੰਟੇ ਉਹ ਮੂਸਲਾਧਾਰ ਵਰਖਾ ਹੋਈ ਕਿ ਸਾਰੇ ਜਲ ਹੀ ਜਲ ਨਜ਼ਰ ਆਉਣ ਲੱਗ ਪਿਆ। ਬਾਰਸ਼ ਲਗਦਿਆਂ ਹੀ ਸਾਰੇ ਪਠਾਣ ਸੰਤ ਜੀ ਮਹਾਰਾਜ ਦੇ ਚਰਨੀਂ ਲੱਗੇ ਅਤੇ ਇੱਕ ਜ਼ਬਾਨ ਹੋ ਕੇ ਕਹਿਣ ਲੱਗੇ, "ਤੂੰ ਸਾਂਈ ਦਾ ਕਾਮਲ ਫ਼ਕੀਰ ਹੈਂ ਤੇ ਤੇਰੇ ਤੇ ਰੱਬ ਵਿੱਚ ਕੋਈ ਫ਼ਰਕ ਨਹੀ ਤੇਰੇ ਪਾਕ ਦੀਦਾਰ ਨੇ ਸਾਨੂੰ ਤਾਰ ਦਿੱਤਾ ਹੈ।" ਹੁਣ ਲੰਗਰ ਤਿਆਰ ਹੋ ਗਿਆ ਹੈ, ਸਾਰੀ ਸੰਗਤ ਨੇ ਪੰਗਤ ਲਾਈ ਅਤੇ ਬੜੇ ਪ੍ਰੇਮ ਨਾਲ ਪ੍ਰਸ਼ਾਦਾ ਛਕਿਆ। ਫੇਰ ਆਪਣੇ ਆਸਣ 'ਤੇ ਆ ਕੇ ਰਾਤ ਲਈ ਬਿਰਾਜ ਗਏ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ ਇਸੇ ਪਿੰਡ ਹੀ ਸਜਿਆ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸੰਤ ਜੀ ਮਹਾਰਾਜ ਨੇ ਭੋਗ ਪਾ ਦਿੱਤਾ ਅਤੇ ਜਲ-ਪਾਣੀ ਛੱਕ ਕੇ ਟਾਂਗਿਆਂ 'ਤੇ ਸਵਾਰ ਹੋ ਕੇ ਕੋਹਾਟ ਵੱਲ ਟੁਰ ਪਏ। ਸ਼ਾਮ ਦੇ ਵਕਤ ਕੋਹਾਟ ਅੱਪੜੇ ਅਤੇ ਬੰਗਲਾ ਨੰ: ੨ ਵਿੱਚ ਡੇਰਾ ਕੀਤਾ। ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਸਾਰੇ ਸ਼ਹਿਰ ਵਿੱਚ ਫੈਲ ਗਈ ਅਤੇ ਪ੍ਰੇਮੀ ਹੁੰਮ-ਹੁੰਮਾ ਕੇ ਦਰਸ਼ਨਾਂ ਨੂੰ ਆਏ। ਹੁਣ ਦੋ ਵਕਤ ਦੀਵਾਨ ਸ਼ੁਰੂ ਹੋ ਗਿਆ। ਸਵੇਰ ਦਾ ਦੀਵਾਨ ਪੰਚਾਇਤੀ ਗੁਰਦੁਆਰੇ ਸਜਦਾ ਅਤੇ ਸ਼ਾਮ ਦਾ ਛੱਜੂ ਦੇ ਕੋਠੇ 'ਤੇ। ਇਸ ਤਰ੍ਹਾਂ ਸਵਾ ਮਹੀਨਾ ਨਾਮ-ਬਾਣੀ ਦਾ ਅਤੁੱਟ ਪ੍ਰਵਾਹ ਚਲਿਆ ਅਤੇ ਸੈਂਕੜੇ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਦਿਨ ਦੇ ਵਕਤ ਸੰਤ ਜੀ ਮਹਾਰਾਜ ਤੋਈ ਨਦੀ ਦੇ ਕਿਨਾਰੇ ਇੱਕ ਗੁਫਾ ਵਿੱਚ ਰਹਿੰਦੇ। ਲੰਗਰ ਬੰਗਲੇ ਹੀ ਤਿਆਰ ਹੁੰਦਾ ਅਤੇ ਪ੍ਰੇਮੀ ਗੁਫਾ ਵਿੱਚ ਲੈ ਜਾਂਦੇ। ਹੁਣ ਬਸੰਤ ਰੁੱਤ ਆ ਗਈ ਅਤੇ ਤੋਈ ਦੇ ਭਾਗ ਜਾਗੇ। ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਬਸੰਤ ਪੰਚਮੀ ਦਾ ਮੇਲਾ ਨਦੀ ਦੇ ਕਿਨਾਰੇ 'ਤੇ ਹੋਵੇ। ਖੁਲ੍ਹੇ ਰੇਤਲੇ ਮੈਦਾਨ ਵਿੱਚ ਦੀਵਾਨ ਸਜਿਆ ਅਤੇ ਸ਼ਹਿਰ ਦੇ ਸਾਰੇ ਸਿੱਖ ਤੇ ਸਹਿਜਧਾਰੀ ਮਾਈ-ਭਾਈ ਦਰਸ਼ਨ ਲਈ ਆਏ, ਸਾਰਾ ਦਿਨ ਖੂਬ ਰੌਣਕ ਰਹੀ। ਅਤੁੱਟ ਲੰਗਰ ਵਰਤਿਆ ਅਤੇ ਨਾਮ-ਬਾਣੀ ਦੀ ਛਹਿਬਰ ਲੱਗੀ ਰਹੀ। ਦਿਨ ਡੁਬਣ ਤੋਂ ਦੋ ਘੰਟੇ ਪਹਿਲਾਂ ਹੀ ਸੰਤ ਜੀ ਮਹਾਰਾਜ ਨੇ ਭੋਗ ਪਾ ਦਿੱਤਾ ਅਤੇ ਕੜਾਹ-ਪ੍ਰਸ਼ਾਦ ਲੈ ਕੇ ਮਾਈ-ਭਾਈ ਆਪਣੇ-ਆਪਣੇ ਘਰਾਂ ਨੂੰ ਮੁੜ ਪਏ ਅਤੇ ਸੰਤ ਜੀ ਮਹਾਰਾਜ ਆਪਣੇ ਬੰਗਲੇ ਵਿੱਚ ਆ ਗਏ। ਇਹ ਮੇਲਾ ਹੁਣ ਤੀਕਰ ਬਸੰਤ ਪੰਚਮੀ ਵਾਲੇ ਦਿਨ ਉਸੇ ਮੈਦਾਨ ਵਿੱਚ ਲੱਗਦਾ ਹੈ ਤੇ ਸੰਤ ਜੀ ਮਹਾਰਾਜ ਦੀ ਤੋਈ ਨਦੀ ਵਿੱਚ ਸਦਾ ਲਈ ਯਾਦਗਾਰ ਹੈ।

ਕੋਹਾਟ ਦੇ ਏਸ ਦੌਰੇ ਵਿੱਚ ਭਾਈ ਸੁਧ ਸਿੰਘ ਰਾਗੀ ਨੂੰ ਪਹਿਲੀ ਵਾਰੀ ਸੰਤ ਜੀ ਮਹਾਰਾਜ ਦੇ ਦਰਸ਼ਨ ਹੋਏ। ਉਹ ਲਿਖਦੇ ਹਨ:

"ਸੰਤ ਜੀ ਮਹਾਰਾਜ ਦਾ ਆਪਣਾ ਪ੍ਰੋਗਰਾਮ ਰਾਤ ਨੂੰ ਇੱਕ ਵਜੇ ਉੱਠਣ ਦਾ ਸੀ। ਉਨ੍ਹਾਂ ਦੀ ਆਤਮਿਕ ਗਤੀ ਦਾ ਭੇਦ ਕਥਨ ਤੋਂ ਬਾਹਰ ਹੈ, ਪਰ ਉਨ੍ਹਾਂ ਦੇ ਰਸ-ਭਿੰਨੇ ਨੈਣਾਂ ਵਿੱਚੋਂ ਆਤਮ-ਰਸ ਦੀ ਫਵਾਰ ਹਰ ਸਮੇਂ ਬਰਸਦੀ ਰਹਿੰਦੀ ਸੀ। ਮਧੁਰ ਬਚਨਾਂ ਵਿੱਚ ਕੋਈ ਐਸਾ ਸਵਾਦ ਸੀ ਕਿ ਚਿੱਤ ਮੋਹਿਆ ਜਾਂਦਾ ਸੀ ਅਤੇ ਮਨ ਪਿੰਗਲ ਹੋ ਕੇ ਚਰਨ ਕੰਵਲਾਂ ਵਿੱਚ ਜੁੜ ਜਾਂਦਾ ਸੀ। ਬੇਅੰਤ ਸੰਗਤਾਂ ਅਤੇ ਸਤਿਸੰਗੀਆਂ ਨੇ ਇਹ ਰਸ ਮਾਣਿਆ।"

ਕੋਹਾਟ ਤੋਂ ਸੰਤ ਜੀ ਮਹਾਰਾਜ ਸਮਾਣੇ ਗਏ। ਏਥੇ ਪਲਟਨ ਨੰ: ੧੫ ਦੇ ਸਿੱਖ ਸੂਬੇਦਾਰ ਸ: ਗੁਰਦਿੱਤ ਸਿੰਘ ਪਾਸ ਅੱਠ ਦਿਨ ਰਹੇ। ਸਮਾਣੇ ਤੋਂ ਟੱਲ ਨੂੰ ਗਏ, ਫੇਰ ਨਰਯਾਬ ਸਰਦਾਰ ਕਿਸ਼ਨ ਸਿੰਘ ਪਾਸ ਰਹੇ।

ਏਸ ਜਗ੍ਹਾ ਤੋਂ ਬਨੂੰ ਦੀ ਸੰਗਤ ਸੰਤ ਜੀ ਮਹਾਰਾਜ ਨੂੰ ਆਪਣੇ ਨਾਲ ਲੈ ਗਈ। ਸੇਠ ਦਿਆਲ ਸਿੰਘ, ਸੇਠ ਸਾਧੂ ਸਿੰਘ ਅਤੇ ਭਾਈ ਦਿਆਲ ਸਿੰਘ ਜੀ ਕੋਹਾਟ ਤੋਂ ਨਾਲ ਗਏ।

ਬਨੂੰ ਸੰਤ ਜੀ ਮਹਾਰਾਜ ਪੰਜ ਹੱਫ਼ਤੇ ਰਹੇ। ਸਵੇਰ ਦਾ ਦੀਵਾਨ ਭਾਈ ਰੂਪ ਜੀ ਦੇ ਗੁਰਦੁਆਰੇ ਵਿੱਚ ਸਜਦਾ ਅਤੇ ਸ਼ਾਮ ਦਾ ਫੌਜਾਂ ਵਿੱਚ। ਨਾਮ-ਬਾਣੀ ਦਾ ਖੂਬ ਚੱਕਰ ਚੱਲਿਆ ਅਤੇ ਬਹੁਤ ਸਾਰੇ ਪ੍ਰੇਮੀਆਂ ਨੇ

ਅੰਮ੍ਰਿਤ ਛਕਿਆ। ਬਨੂੰ ਆਉਣ 'ਤੇ ਏਸ ਸਮੇਂ ਇੱਕ ਖਾਸ ਸਾਖੀ ਡਾਕਟਰ ਕਰਤਾਰ ਸਿੰਘ ਜੀ ਸਪੁੱਤਰ ਚੌਧਰੀ ਸੁੰਦਰ ਸਿੰਘ ਜੀ ਪੈਨਸ਼ਨਰ ਕਹੂਟਾ, ਜ਼ਿਲ੍ਹਾ ਰਾਵਲਪਿੰਡ ਨਿਵਾਸੀ, ਜੋ ਉਸ ਵੇਲੇ ਨਿੰਰਕਾਰੀ ਮੈਡੀਕਲ ਹਾਲ ਸਦਰ ਬਜ਼ਾਰ ਰਾਵਲਪਿੰਡ ਦੇ ਮਾਲਕ ਸਨ, ਆਪਣੇ ਹੱਥੀਂ ਲਿਖ ਕੇ ਭੇਜੀ:

"ਏਸ ਵਕਤ ਦਾਸ ਬਨੂੰ ਜੇਲ੍ਹਖਾਨੇ ਅਤੇ ਪੁਲੀਸ ਦੇ ਹਸਪਤਾਲ ਦਾ ਇੰਚਾਰਜ ਸੀ। ਜਦ ਸੰਤ ਜੀ ਬਨੂੰ ਪਹੁੰਚੇ, ਤਦ ਸਰਦਾਰ ਸਾਧੂ ਸਿੰਘ ਜੀ ਠੇਕੇਦਾਰ ਇਹਨਾਂ ਦੇ ਨਾਲ ਸਨ। ਦਾਸ ਨੇ ਕਹੂਟੇ ਸੰਤ ਜੀ ਦੇ ਦਰਸ਼ਨ ਕੀਤੇ ਹੋਏ ਸਨ ਅਤੇ ਮਹਾਰਾਜ ਦਾ ਪੁਰਾਣਾ ਸੇਵਕ ਸਾਂ। ਜਦ ਸੰਤ ਜੀ ਨੂੰ ਪਤਾ ਲੱਗਾ ਤਦ ਦਾਸ ਨੂੰ ਆਪਣੇ ਪਾਸ ਬੁਲਾਇਆ ਅਤੇ ਹੁਕਮ ਕੀਤਾ ਕਿ ਗੁਰਸਾਗਰ ਸਾਹਿਬ (ਮਸਤੂਆਣਾ) ਦੀ ਸੇਵਾ ਕਰਨੀ ਹੈ। ਦਾਸ ਨੇ ਸੰਗਤ ਵਿੱਚ ਪ੍ਰੇਰਨਾ ਕੀਤੀ ਅਤੇ ਪ੍ਰੇਮੀਆਂ ਨੇ ਖੁੱਲ੍ਹੇ ਦਿਲ ਚੌਦਾਂ ਹਜ਼ਾਰ ਦਮੜਾ ਅਰਦਾਸ ਕਰਾਇਆ। ਦਾਸ ਨੇ ਪ੍ਰਸ਼ਾਦ ਵਾਸਤੇ ਅਰਜ਼ ਕੀਤੀ ਅਤੇ ਦੱਸਿਆ ਕਿ ਦਾਸ ਨੂੰ ਐਤਵਾਰ ਤੇ ਵੀਰਵਾਰ ਛੁੱਟੀ ਹੁੰਦੀ ਹੈ, ਕਿਰਪਾ ਕਰਕੇ ਇਹਨਾਂ ਦਿਨਾਂ ਵਿੱਚੋਂ ਇੱਕ ਦਿਨ ਮਿਲੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਐਤਵਾਰ ਸਰਦਾਰ ਹੋਤੂ ਸਿੰਘ ਜੀ ਡਿਪਟੀ ਕਮਿਸ਼ਨਰ ਦੇ ਘਰੋਂ ਪ੍ਰਸ਼ਾਦਾ ਹੈ, ਤੁਹਾਡੇ ਘਰ ਪ੍ਰਸ਼ਾਦੇ ਦੀ ਬਾਬਤ ਫੇਰ ਦੇਖਿਆ ਜਾਵੇਗਾ। ਸੋਮਵਾਰ ਦੂਜੇ ਦਿਨ ਹੀ ਸ਼ਾਮ ਦੇ ਤਿੰਨ ਵਜੇ ਸੰਤ ਜੀ ਮਹਾਰਾਜ ਨੇ ਹੁਕਮ ਭੇਜਿਆ ਕਿ ਰਾਤ ਦਾ ਪ੍ਰਸ਼ਾਦਾ ਡਾਕਟਰ ਕਰਤਾਰ ਸਿੰਘ ਜੀ ਦੇ ਘਰ ਛਕਾਂਗੇ। ਇਹ ਖ਼ਬਰ ਸੁਣਦੇ ਹੀ ਦਾਸ ਨੇ ਆਪਣੀ ਧਰਮ ਪਤਨੀ ਲਛਮਣ ਕੌਰ ਨਾਲ ਸਲਾਹ ਕੀਤੀ। ਉਨ੍ਹਾਂ ਆਖਿਆ ਕਿ ਜ਼ਰੂਰ ਹੁਣੇ ਹੀ ਇੰਤਜ਼ਾਮ ਕਰੋ। ਸੋ ਦਾਸ ਨੇ ਚਾਰ ਵਜੇ ਲੰਗਰ ਸ਼ੁਰੂ ਕਰ ਦਿੱਤਾ ਅਤੇ ਸ਼ਾਮ ਦੇ ਸੱਤ ਵਜੇ ਤੀਕਰ ਮਸਾਂ ਦੋ ਮਣ ਆਟਾ ਪੱਕਿਆ ਅਤੇ ਕੜਾਹ-ਪ੍ਰਸ਼ਾਦ, ਦਾਲ-ਭਾਜੀ ਤਿਆਰ ਹੋ ਗਏ। ਪੌਣੇ ਅੱਠ ਵਜੇ ਸੰਤ ਜੀ ਮਹਾਰਾਜ ਸੰਗਤ ਸਮੇਤ ਸ਼ਬਦ ਕੀਰਤਨ ਕਰਦੇ-ਕਰਦੇ ਪਹੁੰਚ ਗਏ। ਸੰਗਤ ਦੀ ਗਿਣਤੀ ਪੰਜ ਸੌ ਦੇ ਕਰੀਬ ਸੀ। ਦਾਸ ਬੜਾ ਹੈਰਾਨ ਹੋਇਆ ਅਤੇ ਸੰਤ ਜੀ ਕੋਲ ਜਾ ਕੇ ਹੌਲੀ ਜੇਹੀ ਬੇਨਤੀ ਕੀਤੀ ਕਿ ਮਹਾਰਾਜ! ਅਜੇ ਪ੍ਰਸ਼ਾਦ ਦਾ ਪੂਰਾ ਸਮਾਨ ਤਿਆਰ ਨਹੀਂ ਹੋਇਆ; ਥੋੜ੍ਹੀ ਦੇਰ ਹੋਰ ਉਡੀਕ ਲਿਆ ਜਾਵੇ! ਸੰਤ ਜੀ ਨੇ ਫ਼ਰਮਾਇਆ ਕਿ ਅਸੀਂ ਆਪ ਚੱਲ ਕੇ ਦੇਖਾਂਗੇ। ਸੰਤ ਰਸੋਈ ਵਿਚ ਆਏ ਅਤੇ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਕੇ ਇੱਕ-ਇੱਕ ਬਾਲਟੀ ਕੜਾਹ-ਪ੍ਰਸ਼ਾਦ, ਦਾਲ ਅਤੇ ਪ੍ਰਸ਼ਾਦਿਆ ਤੇ ਪੁੱਠੀ ਟਿਕਾ ਦਿੱਤੀ। ਫੇਰ ਹੁਕਮ ਦਿੱਤਾ ਕਿ ਲੰਗਰ ਵਰਤਾਉਣਾ ਸ਼ੁਰੂ ਕਰ ਦੇਵੋ। ਹੁਕਮ ਮੰਨ ਕੇ ਲੰਗਰ ਵਰਤਣਾ ਸ਼ੁਰੂ ਹੋ ਗਿਆ। ਇੱਕ ਰਾਤ ਤੇ ਇੱਕ ਦਿਨ ਵਰਤਦਾ ਰਿਹਾ। ਪੰਜ ਸੌ ਸੰਗਤ, ਸਾਰੇ ਜੇਲ੍ਹਖਾਨੇ ਤੇ ਅੱਧੇ ਬਨੂੰ ਸ਼ਹਿਰ ਨੇ ਪ੍ਰਸ਼ਾਦਾ ਛਕਿਆ, ਤੋਟ ਨਾ ਆਈ, ਗੁਰੂ ਦੀ ਦਾਤ ਸਵਾਈ ਹੀ ਰਹੀ। ਦੂਜੇ ਦਿਨ ਜਦ ਪੁੱਠੀਆਂ ਕੀਤੀਆਂ ਹੋਈਆਂ ਬਾਲਟੀਆਂ ਚੁੱਕੀਆਂ ਤਦ ਸਾਰੇ ਭਾਂਡਿਆਂ ਵਿੱਚੋਂ ਥੋੜ੍ਹਾ ਪ੍ਰਸ਼ਾਦਾ ਬਾਕੀ ਨਿਕਲਿਆ।

"ਸੰਤ ਜੀ ਮਹਾਰਾਜ ਦੀ ਇਹ ਜ਼ਾਹਰਾ ਕਲਾ ਦਾਸ ਨੇ ਆਪਣੀਆਂ ਅੱਖੀਆਂ ਨਾਲ ਦੇਖੀ।"

ਬਨੂੰ ਤੋਂ ਡੇਰਾ ਇਸਮਾਈਲ ਖਾਂ ਗਏ ਅਤੇ ਚਾਲ੍ਹੀ ਕੁ ਦਿਨ ਰਹੇ। ਏਥੇ ਦੋ ਖਾਸ ਕੌਤਕ ਵਰਤੇ। ਪਲਟਨ ਨੰ: ੪੫ ਦੇ ਸੂਬੇਦਾਰ ਮੇਜਰ ਜਵਾਲਾ ਸਿੰਘ ਨੇ ਆਪਣੀ ਪਲਟਨ ਨੂੰ ਹੁਕਮ ਦਿੱਤਾ ਕਿ ਸੰਤ ਜੀ ਮਹਾਰਾਜ ਜੀ ਦੇ ਦੀਵਾਨ ਵਿੱਚ ਕੋਈ ਨਾ ਜਾਵੇ। ਅੱਠ ਦਿਨ ਦੇ ਅੰਦਰ-ਅੰਦਰ ਸੂਬੇਦਾਰ ਸਾਹਿਬ ਪਾਸੋਂ ਕੋਈ ਅਜੇਹਾ ਕਸੂਰ ਹੋ ਗਿਆ ਕਿ ਬਾਰਾਂ ਪੱਥਰਾਂ ਤੋ ਬਾਹਰ ਕੱਢਿਆ ਗਿਆ।

ਇੱਕ ਦਿਨ ਦਰਿਆ ਸਿੰਧ ਦੇ ਕਿਨਾਰੇ ਦੀਵਾਨ ਲੱਗਾ; ਸਾਰੀਆਂ ਫੌਜਾਂ ਦੇ ਸਿੱਖ ਅਤੇ ਸ਼ਹਿਰ ਦੇ ਪ੍ਰੇਮੀ ਵਹੀਰਾਂ ਪਾ ਕੇ ਆਏ। ਦੋ-ਦੋ ਮੀਲ ਤੀਕਰ ਸੰਗਤਾਂ ਹੀ ਸੰਗਤਾਂ ਨਜ਼ਰ ਆਉਂਦੀਆਂ ਸਨ। ਦੀਵਾਨ ਦੇ ਭੋਗ ਮਗਰੋਂ ਸੰਤ ਜੀ ਇੱਕ ਛੋਟੀ ਜੇਹੀ ਬੇੜੀ ਵਿੱਚ, ਜਿਸ ਨੂੰ ਇਧਰ ਪਤੀਲਾ ਆਖਦੇ ਹਨ, ਸਵਾਰ ਹੋਏ। ੧੨

ਸਰੀਰ ਨਾਲ ਸਨ। ਜਦ ਪਤੀਲਾ ਦਰਿਆ ਦੀ ਐਨ ਮਝਧਾਰ ਵਿੱਚ ਅੱਪੜਿਆ ਤਾਂ ਅਚਾਨਕ ਇੱਕ ਬੜਾ ਭਾਰੀ ਤੂਫਾਨ ਉੱਠਿਆ ਤੇ ਕਿਸ਼ਤੀ ਵਿੱਚ ਪਾਣੀ ਪੈਣ ਲੱਗ ਪਿਆ। ਸਵਾਰੀਆਂ ਬੜੀਆਂ ਘਬਰਾ ਗਈਆਂ ਅਤੇ ਮਲਾਹਾਂ ਦੇ ਹੌਂਸਲੇ ਟੁੱਟ ਗਏ।

ਸੰਤ ਜੀ ਮਹਾਰਾਜ ਅਡੋਲ ਸਮਾਧੀ ਅਸਥਿਤ ਬੈਠੇ ਰਹੇ, ਬਿਲਕੁਲ ਨਹੀਂ ਹਿੱਲੇ। ਕਰਤਾਰ ਦੀ ਨੇਤ, ਪਤੀਲਾ ਸੁੱਖੀਂ ਸਾਂਦੀ ਕੰਢੇ ਆ ਲੱਗਾ। ਕਿਨਾਰੇ 'ਤੇ ਪਹੁੰਚਣ ਦੀ ਦੇਰ ਹੀ ਸੀ ਕਿ ਸਾਰੇ ਮਲਾਹ ਸੰਤ ਜੀ ਦੇ ਚਰਨਾਂ 'ਤੇ ਢਹਿ ਪਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਤੂੰ ਕਾਮਲ ਫ਼ਕੀਰ ਹੈ! ਤੇਰੇ ਪੈਰਾਂ ਦੀ ਖਰੈਤ ਬੇੜੀ ਪਾਰ ਲੰਘ ਆਈ ਹੈ। ਇਹ ਸੁਣ ਕੇ ਸੰਤ ਜੀ ਮੁਸਕਰਾਏ ਅਤੇ ਆਖਿਆ, "ਸਭ ਕੁਝ ਅੱਲ੍ਹਾ ਦੇ ਵੱਸ ਹੈ।" ਮਲਾਹ ਬੋਲੇ, "ਰੱਬ ਤੇ ਫ਼ਕੀਰ ਵਿੱਚ ਭੇਦ ਨਹੀਂ।" ਡੇਰਾ ਇਸਮਾਈਲ ਖਾਂ ਵਿਖੇ ਬਾਬਾ ਹਜ਼ਾਰਾ ਸਿੰਘ ਜੀ ਨੇ ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ ਅਤੇ ਸੰਤ ਜੀ ਨੇ ਇਹਨਾਂ ਨੂੰ ਨਾਮ ਜੱਪਣ ਦੀ ਜੁਗਤ ਦੱਸੀ। ਏਸ ਸ਼ਹਿਰ ਦੇ ਲੋਕ ਸੰਤ ਜੀ ਪਾਸੋਂ ਪੁੱਤਰ ਬਹੁਤ ਮੰਗਦੇ, ਪਰ ਸੰਤ ਜੀ ਮਹਾਰਾਜ ਸਭ ਨੂੰ ਭਜਨ ਕਰਨ ਦਾ ਹੁਕਮ ਦੇਂਦੇ।

ਦਰਯਾ ਖਾਂ ਤੋਂ ਜੋ ਕਿ ਦਰਿਆ ਦੇ ਪਾਰ ਡੇਰੇ ਤੋਂ ੧੩ ਮੀਲ ਦੇ ਫਾਸਲੇ 'ਤੇ ਹੈ, ਸੰਤ ਜੀ ਮਹਾਰਾਜ ਨੇ ਜਥੇ ਸਮੇਤ ਮੁਲਤਾਨ ਦੇ ਟਿਕਟ ਲਏ। ਰਸਤੇ ਵਿੱਚ ਇੱਕ ਸਟੇਸ਼ਨ 'ਤੇ ਸੰਤ ਜੀ ਮਹਾਰਾਜ ਨੇ ਇਸ਼ਨਾਨ ਕਰਨ ਲਈ ਆਪਣਾ ਕਛਹਿਰਾ ਪਰਨਾ ਮੰਗਾਇਆ। ਏਥੇ ਗੱਡੀ ਸਿਰਫ਼ ਅੱਠ ਮਿੰਟ ਠਹਿਰਦੀ ਸੀ ਪਰ ਇੰਜਨ ਵਿੱਚ ਕੋਈ ਖਰਾਬੀ ਹੋ ਗਈ, ਗੱਡੀ ਡੇਢ ਘੰਟਾ ਖੜੀ ਰਹੀ। ਸਾਰੀ ਸੰਗਤ ਨੇ ਖੂਬ ਪ੍ਰੇਮ ਨਾਲ ਇਸ਼ਨਾਨ ਕੀਤਾ।

ਜਦ ਮੁਲਤਾਨ ਛਾਉਣੀ ਅੱਪੜੇ, ਤਦ ਸੰਤ ਜੀ ਮਹਾਰਾਜ ਗੱਡੀ ਤੋਂ ਉੱਤਰ ਖਲੋਤੇ ਤੇ ਆਪਣੇ ਸੇਵਕ ਭਾਈ ਮੱਲਾ ਸਿੰਘ ਜੀ ਪਾਸ ਠਹਿਰੇ। ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਸੁਣ ਕੇ ਛਾਉਣੀ ਅਤੇ ਸ਼ਹਿਰ ਵਿੱਚ ਬੜਾ ਉਤਸ਼ਾਹ ਹੋਇਆ ਤੇ ਸੰਗਤ ਦੇ ਪ੍ਰੇਮ ਦੇ ਬੱਧੇ ਹੋਏ ਸੰਤ ਜੀ ਮਹਾਰਾਜ ਚਾਲ੍ਹੀ ਕੁ ਦਿਨ ਮੁਲਤਾਨ ਠਹਿਰੇ।

ਮੁਲਤਾਨ ਤੋਂ ਸੰਤ ਜੀ ਮਹਾਰਾਜ ਨੌਸ਼ਹਿਰੇ ਆਏ। ਪਲਟਨ ਨੰ: ੫੪ ਇਨ੍ਹਾਂ ਦਿਨਾਂ ਵਿੱਚ ਏਥੇ ਹੀ ਸੀ। ਜਦ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਫੌਜਾਂ ਵਿੱਚ ਅੱਪੜੀ ਤਦ ਖੁਸ਼ੀ ਤਾਂ ਸਾਰਿਆਂ ਨੇ ਮਨਾਈ, ਪਰ ਪਲਟਨ ਨੰ: ੫੪ ਨੂੰ ਤਾਂ ਖਾਸ ਹੀ ਚਾਉ ਚੜ੍ਹ ਗਿਆ। ਇਨ੍ਹਾਂ ਨੇ ਆਪਣੇ ਕਰਨਲ ਨੂੰ ਪੁੱਛ ਕੇ ਪਲਟਨ ਦੇ ਗੁਰਦੁਆਰੇ ਵਿੱਚ ਸੰਤ ਜੀ ਮਹਾਰਾਜ ਦਾ ਦੀਵਾਨ ਲਵਾਇਆ। ਕਰਨਲ ਗੈਸਲੀ ਖੁਦ ਸੰਗਤ ਵਿੱਚ ਆਇਆ, ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਨੂੰ ਬੜੇ ਪ੍ਰੇਮ ਅਤੇ ਅਦਬ ਨਾਲ ਮਿਲਿਆ ਤੇ ਕਹਿਣ ਲੱਗਾ, "ਹਮ ਕੋ ਬਰਾ ਫ਼ਖਰ ਹੈ, ਟੁਮ ਹਮਾਰੀ ਪਲਟਨ ਕਾ ਜਵਾਨ ਹੈ ਹਮਾਰੇ ਪਾਸ ਰਹਿਟੇ ਤਬ ਬਰਾ ਅਹੁਡਾ ਪਾਟੇ, ਪਰ ਅਬ ਉਸ ਸੇ ਭੀ ਬਹੁਤ ਬਰਾ ਅਹੁਡਾ ਪਾਇਆ ਹੈ।"

ਸੰਤ ਜੀ ਸਵਾ ਮਹੀਨਾ ਨੌਸ਼ਹਿਰੇ ਰਹੇ। ਫ਼ੌਜੀ ਸਿੰਘਾਂ ਅਤੇ ਸ਼ਹਿਰ ਦੀ ਸੰਗਤ ਨੇ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਲਈ ਦਿਲ ਖੋਲ੍ਹ ਕੇ ਗੱਫੇ ਦਿੱਤੇ। ਇਹਨਾਂ ਦਿਨਾਂ ਵਿੱਚ ਸ: ਕਾਕਾ ਸਿੰਘ ਸੂਬੇਦਾਰ ਦੇ ਪੁੱਤਰ ਨੇ ਕੋਈ ਖ਼ਰਾਬੀ ਕੀਤੀ। ਏਸ ਨੂੰ ਕੋਟ ਗਾਰਦ ਦਾ ਹੁਕਮ ਲੱਗਿਆ ਅਤੇ ਕਾਕਾ ਸਿੰਘ ਦੀ ਕਿਰਚ (ਅਫ਼ਸਰੀ ਤਲਵਾਰ) ਖੁਸ ਗਈ। ਸੂਬੇਦਾਰ ਬੜਾ ਨਿਮਾਣਾ ਹੋ ਕੇ ਸੰਤ ਜੀ ਮਹਾਰਾਜ ਪਾਸ ਆਇਆ ਅਤੇ ਬੇਨਤੀ ਕੀਤੀ, "ਮਹਾਰਾਜ! ਕ੍ਰਿਪਾ ਕਰੋ, ਮੇਰੀ ਕਿਰਚ ਮਿਲ ਜਾਵੇ।" ਸੂਬੇਦਾਰ ਦੀ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਹੱਸ ਕੇ ਬੋਲੇ ਕਿ ਸਤਿਗੁਰੂ ਭਲੀ ਕਰਨਗੇ। ਦੂਜੇ ਦਿਨ ਹੀ ਕਾਕਾ ਸਿੰਘ ਨੂੰ ਕਿਰਚ ਮਿਲ ਗਈ।

ਹੁਣ ਨੌਸ਼ਹਿਰੇ ਤੋਂ ਸੰਤ ਜੀ ਮਹਾਰਾਜ ਦਾ ਚਿੱਤ ਉਪਰਾਮ ਹੋ ਗਿਆ, ਤੁਰਨ ਦੀ ਤਿਆਰੀ ਕਰ ਲਈ। ਕਰਨਲ ਗੈਸਲੀ ਦੇ ਕਹਿਣ ਤੇ ਜਰਨਲ ਨੇ ਫ਼ੌਜਾਂ ਵਿੱਚ ਖਾਸ ਛੁੱਟੀ ਕਰ ਦਿੱਤੀ ਅਤੇ ਸਾਰੀਆਂ ਪਲਟਨਾਂ ਸੰਤ ਜੀ ਮਹਾਰਾਜ ਨੂੰ ਵਿਦਾ ਕਰਨ ਲਈ ਆਈਆਂ। ਦਰਿਆ ਕਾਬਲ ਦੇ ਕਿਨਾਰੇ ਤੋਂ ਲੈ ਕੇ ਸਟੇਸ਼ਨ ਤੀਕਰ ਫ਼ੌਜੀ ਬੈਂਡ ਅਤੇ ਸਿਪਾਹੀ ਹੀ ਸਿਪਾਹੀ ਨਜ਼ਰ ਆਉਂਦੇ ਸਨ। ਨੌਸ਼ਹਿਰੇ ਤੋਂ ਪਿਸ਼ਾਵਰ ਦੀ ਸੰਗਤ ਫੇਰ ਸੰਤ ਜੀ ਮਹਾਰਾਜ ਨੂੰ ਉੱਥੇ ਲੈ ਗਈ ਅਤੇ ਗੁਰਸਾਗਰ ਸਾਹਿਬ ਮਸਤੂਆਣੇ ਵਾਸਤੇ ਬੜੀ ਸੇਵਾ ਕੀਤੀ।

ਪਿਸ਼ਾਵਰ ਤੋਂ ਸੰਤ ਜੀ ਹਰੀਪੁਰ ਆਏ। ਉਸ ਵੇਲੇ ਪੰਡਤ ਕਾਲਾ ਸਿੰਘ ਜੀ ਅਤੇ ਸਵਾਮੀ ਕੇਸ਼ੋ ਦਾਸ ਦੀ ਮੰਡਲੀ ਏਥੇ ਆਈ ਹੋਈ ਸੀ। ਸਤਿਸੰਗ ਦਾ ਬਹੁਤ ਰੰਗ ਚੱੜ੍ਹਿਆ। ਬਾਬਾ ਅਜੀਤ ਸਿੰਘ ਅਤੇ ਸੈਂਕੜੇ ਮਾਈ-ਭਾਈ ਨੇ ਅੰਮ੍ਰਿਤ ਛਕਿਆ।

ਮਹਾਰਾਜਾ ਟਿੱਕਾ ਰਿਪੁਦਮਨ ਸਿੰਘ ਨੇ ਦਰਸ਼ਨ ਕਰਨੇ

ਹਰੀਪੁਰ ਤੋਂ ਸੰਤ ਜੀ ਰਾਵਲਪਿੰਡ ਆਏ ਅਤੇ ਮਲਕ ਮੋਹਨ ਸਿੰਘ ਜੀ ਦੇ ਮਕਾਨ ਵਿੱਚ ਡੇਰਾ ਕੀਤਾ। ਇਨ੍ਹਾਂ ਦਿਨਾਂ ਵਿੱਚ ਟਿੱਕਾ ਰਿਪੁਦਮਨ ਸਿੰਘ ਜੀ ਸਪੁੱਤਰ ਮਹਾਰਾਜਾ ਹੀਰਾ ਸਿੰਘ ਜੀ ਵਾਲੀਏ ਨਾਭਾ ਨੇ ਕਸ਼ਮੀਰ ਵੱਲ ਜਾਂਦੇ ਹੋਏ ਰਾਵਲਪਿੰਡੀ ਡੇਰੇ ਲਾਏ। ਸੰਤ ਜੀ ਮਹਾਰਾਜ ਦੇ ਪ੍ਰਤਾਪ ਅਤੇ ਹਰ ਰੋਜ਼ ਦੇ ਸਤਿਸੰਗ ਦੀ ਇਨ੍ਹਾਂ ਨੂੰ ਖ਼ਬਰ ਪੁੱਜੀ। ਇਹ ਬੜੇ ਅਦਬ ਅਤੇ ਸ਼ਰਧਾ ਨਾਲ ਦਰਸ਼ਨ ਕਰਨ ਲਈ ਆਏ ਅਤੇ ਫੇਰ ਕਈ ਦਿਨ ਲਗਾਤਾਰ ਸਵੇਰੇ ਸ਼ਾਮ ਦੀਵਾਨ ਵਿੱਚ ਆਉਂਦੇ ਰਹੇ। ਸਵੇਰ ਦੇ ਵਕਤ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਤ ਤੇਜਾ ਸਿੰਘ ਜੀ, ਜੋ ਪਿੱਛੋਂ ਨਨਕਾਣੇ ਸਾਹਿਬ ਦੇ ਹੈੱਡ ਗ੍ਰੰਥੀ ਰਹੇ, ਕਰਦੇ ਅਤੇ ਟਿੱਕਾ ਸਾਹਿਬ ਬੜੇ ਪ੍ਰੇਮ ਨਾਲ ਸੁਣਦੇ ਰਹਿੰਦੇ। ਇੱਕ ਦਿਨ ਦੀਵਾਨ ਦੇ ਭੋਗ ਮਗਰੋਂ ਟਿੱਕਾ ਸਾਹਿਬ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ, "ਮਹਾਰਾਜ! ਮਾਲਵੇ ਦੇਸ਼ ਵਿੱਚ ਪ੍ਰਚਾਰ ਦੀ ਬੜੀ ਲੋੜ ਹੈ, ਆਪ ਉਸ ਦੇਸ਼ ਤੇ ਕਿਰਪਾ ਕਰੋ।" "ਸੰਤ ਜੀ ਨੇ ਫ਼ਰਮਾਇਆ ਕਿ ਅਸੀਂ ਉਸ ਦੇਸ਼ ਵਿੱਚ ਖ਼ਾਲਸਾ ਜੀ ਦਾ ਇਕ ਕੇਂਦਰ ਰਚ ਰਹੇ ਹਾਂ। ਸਾਡਾ ਸੰਕਲਪ ਹੈ ਕਿ ਉੱਥੇ ਮਾਲਵੇ ਲਈ ਵਿੱਦਿਆ ਦੀ ਯੂਨੀਵਰਸਿਟੀ ਬਣੇ। ਫੇਰ ਸਹਿਜ-ਸੁਭਾਉ ਮਾਲਵੇ ਵਿਚ ਬੜਾ ਹੀ ਪ੍ਰਚਾਰ ਹੋਵੇਗਾ, ਪਰ ਉਹ ਦੇਸ਼ ਮਾਇਆ ਕਰ ਕੇ ਕਮਜ਼ੋਰ ਹੈ। ਸੰਤ ਜੀ ਦਾ ਇਹ ਬਚਨ ਸੁਣ ਕੇ ਟਿੱਕਾ ਸਾਹਿਬ ਨੇ ਆਖਿਆ, "ਆਪ ਮਾਲਵੇ 'ਤੇ ਕਿਰਪਾ ਕਰੋ, ਮਾਇਆ ਦੀ ਸੇਵਾ ਦਾਸ ਕਰੇਗਾ।"

ਸਹਿਜਧਾਰੀਆਂ ਦਾ ਅੰਮ੍ਰਿਤ ਛਕਣਾ

ਇਹਨਾਂ ਦਿਨਾਂ ਵਿੱਚ ਹੀ ਸ: ਸੇਵਾਰਾਮ ਸਿੰਘ ਜੀ ਅਤੇ ਇਹਨਾਂ ਦੇ ਪਿਤਾ ਲਾਲਾ ਗੁਰਦਾਸ ਅਤੇ ਭਾਈ ਗੋਬਿੰਦ ਦਾਸ ਨੇ ਅੰਮ੍ਰਿਤ ਛਕਿਆ। ਸਰਦਾਰ ਜੀ ਦਾ ਨਾਮ ਪਹਿਲਾਂ ਸੇਵਾ ਰਾਮ ਸੀ ਅਤੇ ਇਹਨਾਂ ਦੇ ਪਿਤਾ ਪਿੰਡੀ ਵਿੱਚ ਨਾਇਬ ਤਹਿਸੀਲਦਾਰ ਸਨ। ਇਸ ਤੋਂ ਪਹਿਲਾਂ ਵੀ ਦੋ ਵਾਰੀ ਭਾਈ ਸੇਵਾਰਾਮ ਨੂੰ ਸੰਤ ਜੀ ਮਹਾਰਾਜ ਨੇ ਅੰਮ੍ਰਿਤ ਛਕਣ ਵਾਸਤੇ ਆਖਿਆ ਕਿ ਭਾਈ! ਕਿ ਭਾਈ! ਅੰਮ੍ਰਿਤ ਛਕ ਕੇ ਪੱਕਾ ਗੁਰੂ ਦਾ ਸਿੱਖ ਹੋ ਜਾਹ ਪਰ ਇਹ ਪ੍ਰੇਮੀ ਟਾਲਦਾ ਰਿਹਾ। ਇਸ ਵਾਰੀ ਭਾਈ ਸੇਵਾ ਰਾਮ ਸਿੰਘ ਜੀ ਜਦ ਸੰਤ ਜੀ ਮਹਾਰਾਜ ਪਾਸ ਗਏ ਸੰਤ ਜੀ ਨੇ ਜੱਫੀ ਵਿੱਚ ਲੈ ਲਿਆ ਅਤੇ ਹੱਸ ਕੇ ਆਖਿਆ, "ਭਾਈ! ਅੱਜ ਤੂੰ ਅੰਮ੍ਰਿਤ ਛਕ ਲੈ, ਗਲੇ ਲਾਉਂਦਿਆਂ ਹੀ ਭਾਈ ਸੇਵਾ ਰਾਮ ਜੀ ਦੇ ਸਾਰੇ ਖਿਆਲ ਬਦਲ ਗਏ ਅਤੇ ਇਹਨਾਂ ਨੇ ਆਖਿਆ, 'ਸਤਿ ਬਚਨ' ਮਹਾਰਾਜ! ਉਸੇ ਦਿਨ ਅੰਮ੍ਰਿਤ ਛਕਿਆ। ਅੰਮ੍ਰਿਤ ਦੇ ਬਾਟੇ ਦੀ ਤਿਆਰੀ ਹੋ ਗਈ ਅਤੇ ੪੦ ਸੱਜਣਾਂ ਨੇ, ਜਿਨ੍ਹਾਂ ਵਿੱਚ ੧੫ ਸਹਿਜਧਾਰੀ ਸਨ, ਅੰਮ੍ਰਿਤ ਛਕਿਆ। ਅੰਮ੍ਰਿਤ ਪ੍ਰਚਾਰ ਮਗਰੋਂ ਭਰੇ ਦੀਵਾਨ ਵਿੱਚ ਸੰਤ ਜੀ

ਮਹਾਰਾਜ ਨੇ ਸ: ਸੇਵਾਰਾਮ ਸਿੰਘ ਜੀ ਨੂੰ ਅੰਮ੍ਰਿਤ ਉੱਤੇ ਲੈਕਚਰ ਕਰਨ ਦਾ ਹੁਕਮ ਦਿੱਤਾ। ਇਹ ਚਾਲ੍ਹੀ ਮਿੰਟ ਬੋਲੇ, ਸੰਗਤ 'ਤੇ ਬੜਾ ਅਸਰ ਹੋਇਆ, ਲੋਕੀਂ ਆਖਦੇ ਸਨ ਕਿ ਸੰਤ ਜੀ ਮਹਾਰਾਜ ਤੋਂ ਹੀ ਪ੍ਰੇਰਕ ਹੋ ਕੇ ਸੇਵਾਰਾਮ ਸਿੰਘ ਬੋਲ ਰਹੇ ਹਨ। ਫਿਰ ਕਈ ਦਿਨ ਲਗਾਤਾਰ ਪ੍ਰਚਾਰ ਹੁੰਦਾ ਰਿਹਾ, ਸੈਂਕੜੇ ਮਾਈ-ਭਾਈ ਸਤਿਗੁਰੂ ਕਲਗੀਆਂ ਵਾਲੇ ਦੇ ਜਹਾਜ਼ ਚੜ੍ਹੇ।

ਰਾਵਲਪਿੰਡੀ ਤੋਂ ਸੰਤ ਜੀ ਕੋਹਮਰੀ ਗਏ। ਉੱਥੋਂ ਕਨੋਹੇ ਆ ਗਏ ਅਤੇ ਕੁਝ ਦਿਨ ਅਰਾਮ ਕੀਤਾ। ਪਿੰਡੀ ਦੀ ਸੰਗਤ ਨੂੰ ਜਦ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਆਪਣੇ ਤਪ ਅਸਥਾਨ ਕਨੋਹੇ ਗਏ ਹਨ, ਉਹਨਾਂ ਵਿੱਚ ਉਤਸ਼ਾਹ ਪੈਦਾ ਹੋਇਆ ਕਿ ਚੱਲੋ ਸੰਤ ਜੀ ਮਹਾਰਾਜ ਦੇ ਦਰਸ਼ਨ ਕਰ ਆਈਏ ਅਤੇ ਨਾਲ ਹੀ ਤਪ ਅਸਥਾਨ ਦੀ ਚਰਨ ਧੂੜ ਵੀ ਲੈ ਆਈਏ। ਸਰਦਾਰ ਸੇਵਾਰਾਮ ਸਿੰਘ ਜੀ, ਇਹਨਾਂ ਦੇ ਸਾਂਢੂ ਲਾਲਾ ਈਸ਼ਰ ਦਾਸ, ਮਾਸਟਰ ਮੁਕੰਦ ਸਿੰਘ ਤੇ ਕੁਝ ਸਰੀਰ ਮਾਨਕਿਆਲੇ ਆ ਉੱਤਰੇ। ਇਸ ਵਕਤ ਬਾਰਸ਼ ਸ਼ੁਰੂ ਸੀ, ਪਰ ਸਭ ਦੇ ਚਿੱਤ ਵਿੱਚ ਦਰਸ਼ਨ ਦਾ ਬੜਾ ਉਤਸ਼ਾਹ ਸੀ। ੬ ਵਜੇ ਬਾਰਸ਼ ਹੁੰਦੀ ਵਿੱਚ ਹੀ ਟੁਰ ਪਏ ਅਤੇ ੧੦ ਵਜੇ ਕੱਲਰ ਅੱਪੜ ਗਏ। ਬਜ਼ਾਰ ਵਿੱਚ ਇਹਨਾਂ ਨੂੰ ਚੌਧਰੀ ਸੁੰਦਰ ਸਿੰਘ ਜੀ ਮਿਲ ਪਏ ਅਤੇ ਆਪਣੇ ਘਰ ਲੈ ਗਏ ਤੇ ਜਲ-ਪਾਣੀ, ਪ੍ਰਸ਼ਾਦੇ ਦੀ ਸੇਵਾ ਕੀਤੀ। ਸਾਢੇ ਬਾਰਾਂ ਵਜੇ ਰਾਵਲਪਿੰਡੀ ਦੀ ਕੁਝ ਹੋਰ ਸੰਗਤ ਗੁਜਰ ਖਾਂ ਰਸਤੇ ਕੱਲਰ ਅੱਪੜ ਗਈ। ਹੁਣ ਸਾਰੇ ਦੇ ਸਾਰੇ ਕਨੋਹੇ ਵੱਲ ਟੁਰ ਪਏ।

ਅਜੇ ਕਾਸ਼ੀ ਨਾਲਾ ਟੱਪੇ ਹੀ ਸਨ ਕਿ ਸਰਦਾਰ ਸੇਵਾਰਾਮ ਸਿੰਘ ਜੀ ਥਕਾਵਟ ਦੀਆਂ ਖੱਲੀਆਂ ਲਾਹੁਣ ਲਈ ਦੌੜ ਪਏ ਅਤੇ ਸੰਗਤਾਂ ਪਾਸੋਂ ਮੀਲ ਕੁ ਅੱਗੇ ਲੰਘ ਗਏ। ਬਾਰਸ਼ ਫਿਰ ਬੜੇ ਜ਼ੋਰ ਦੀ ਸ਼ੁਰੂ ਹੋ ਗਈ। ਰਸਤੇ ਵਿੱਚ ਇੱਕ ਦੋ ਨਾਲਿਆਂ ਪਾਸ ਪਿੰਡ ਆਏ, ਪਰ ਕੋਈ ਵੀ ਦੱਸਣ ਵਾਲਾ ਨਹੀਂ ਸੀ ਕਿ ਕਨੋਹਾ ਪਿੰਡ ਕਿਹੜਾ ਹੈ? ਜਦ ਤੀਸਰਾ ਨਾਲਾ ਆਇਆ ਤਦ ਇਸ ਦੇ ਪਾਰ ਇੱਕ ਪਿੰਡ ਨਜ਼ਰ ਆਇਆ। ਏਥੇ ਸਰਦਾਰ ਸੇਵਾਰਾਮ ਸਿੰਘ ਜੀ ਰੁੱਕ ਗਏ। ਜੇ ਅੱਗੇ ਨੂੰ ਕਦਮ ਰੱਖਦੇ ਹਨ ਤਾਂ ਪੈਰ ਪੁੱਟਿਆਂ ਨਹੀਂ ਜਾਂਦਾ ਅਤੇ ਜੇ ਪਿੱਛੇ ਨੂੰ ਮੁੜਦੇ ਹਨ ਤਾਂ ਮੁੜਿਆ ਨਹੀਂ ਜਾਂਦਾ। ਇਧਰ ਤਾਂ ਭਾਈ ਸੇਵਾਰਾਮ ਸਿੰਘ ਜੀ ਨਾਲ ਇਹ ਖੇਲ ਵਰਤ ਰਹੀ ਹੈ, ਉਧਰ ਸੰਤ ਜੀ ਕਨੋਹੇ ਪਿੰਡ ਦੇ ਗੁਰਦੁਆਰੇ ਵਿੱਚ ਬੈਠੇ ਹਨ ਅਤੇ ਭਾਈ ਨੰਦ ਸਿੰਘ ਜੀ ਨੂੰ ਆਖ ਰਹੇ ਹਨ ਕਿ ਸਾਡਾ ਮੰਜਾ ਬਿਸਤਰਾ ਪੁਲਾਹੀਆਂ ਵਾਲੀ ਕੁਟੀਆ ਵਿੱਚ ਲੈ ਚੱਲੋ। ਭਾਈ ਨੰਦ ਸਿੰਘ ਜੀ ਮੀਂਹ ਕਰ ਕੇ ਟਾਲ ਜਾਂਦੇ ਹਨ। ਫਿਰ ਸੰਤ ਜੀ ਮਹਾਰਾਜ ਆਖਦੇ ਹਨ ਅਤੇ ਭਾਈ ਨੰਦ ਸਿੰਘ ਜੀ ਹੱਥ ਜੋੜ ਕੇ ਬੇਨਤੀ ਕਰਦੇ ਕਿ ਮਹਾਰਾਜ! ਅਜੇ ਵੀ ਬਾਰਸ਼ ਬਹੁਤ ਹੈ, ਬਸਤਰ ਭਿੱਜ ਜਾਣਗੇ। ਤੀਜੀ ਵਾਰੀ ਆਖ ਸੰਤ ਜੀ ਆਪਣੀ ਭੁਰੀ ਲੈ ਕੇ ਕੁਟੀਆ ਵੱਲ ਟੁਰ ਪਏ, ਭਾਈ ਨੰਦ ਸਿੰਘ ਅਤੇ ਸੰਗਤ ਮਗਰ-ਮਗਰ ਹੋ ਟੁਰਦੀ ਹੈ। ਮਿੰਟਾਂ ਵਿੱਚ ਹੀ ਸੰਤ ਜੀ ਮਹਾਰਾਜ ਕੁਟੀਆ ਪਾਸ ਪਹੁੰਚ ਜਾਂਦੇ ਹਨ ਅਤੇ ਅੰਦਰ ਜਾ ਕੇ ਸਜ ਜਾਂਦੇ ਹਨ। ਥੋੜ੍ਹੇ ਚਿਰ ਮਗਰੋਂ ਬਾਰਸ਼ ਥੰਮ੍ਹ ਜਾਂਦੀ ਹੈ ਅਤੇ ਸੰਤ ਜੀ ਮਹਾਰਾਜ ਆਪਣੀ ਭੁਰੀ ਬਾਹਰ ਹਵਾ ਲੱਗਣ ਲਈ ਪੁਲਾਹੀਆਂ ਉੱਤੇ ਪਵਾ ਦਿੰਦੇ ਹਨ।

ਆਪਣੀ ਇਹ ਦਸ਼ਾ ਦੇਖ ਕੇ ਭਾਈ ਸੇਵਾਰਾਮ ਸਿੰਘ ਜੀ ਬੜੇ ਹੈਰਾਨ ਹੋ ਜਾਂਦੇ ਹਨ। ਦੋ ਕੁ ਮਿੰਟ ਇਸ ਤਰ੍ਹਾਂ ਬੀਤਦੇ ਹਨ, ਫੇਰ ਸਾਹਮਣੇ ਇੱਕ ਬੁੱਢਾ ਮੁਸਲਮਾਨ, ਜਿਸ ਨੇ ਮੀਂਹ ਦੇ ਕਾਰਨ ਸਿਰ ਤੇ ਬੋਰੀ ਪਾਈ ਹੋਈ ਸੀ ਨਜ਼ਰ ਆਉਂਦਾ ਹੈ। ਜਦ ਇਹ ਨੇੜੇ ਆਇਆ ਤਦ ਇਸ ਨੇ ਸ: ਸੇਵਾਰਾਮ ਸਿੰਘ ਜੀ ਨੂੰ ਪੁੱਛਿਆ ਕਿ ਭਾਈ! ਹੈਰਾਨ ਖਲੋਤਾ ਹੈਂ? ਕਿੱਥੇ ਜਾਣਾ ਈਂ? ਸਰਦਾਰ ਜੀ ਜਵਾਬ ਦਿੱਤਾ ਕਿ ਕਨੋਹੇ ਜਾਣਾ ਹੈ। ਉਸ ਨੇ ਆਖਿਆ, "ਸਿੱਖਾਂ ਦੇ ਪਿੰਡ ਜਾਣਾ ਏ ਤਾਂ ਇਸ ਡੰਡੀ ਪੈ ਜਾ। ਅੱਗੇ ਓਹ ਪੁਲਾਹੀਆਂ ਦੀ ਗੂੜ੍ਹੀ ਝੰਗੀ

ਹੈ। ਉੱਥੇ ਇੱਕ ਸਿੱਖ ਫ਼ਕੀਰ ਦੀ ਕੁਟੀਆ ਹੈ ਅਤੇ ਨਾਲ ਹੀ ਪਿੰਡ ਹੈ।'' ਇਹ ਸੁਣ ਕੇ ਜਦ ਸਰਦਾਰ ਸੇਵਾਰਾਮ ਸਿੰਘ ਜੀ ਨੇ ਝੰਗੀ ਵੱਲ ਟੁਰਨ ਦਾ ਇਰਾਦਾ ਕੀਤਾ ਹੀ ਸੀ ਕਿ ਪੈਰ, ਜਿਹੜੇ ਧਰਤੀ ਨਾਲ ਜੁੜੇ ਹੋਏ ਸਨ ਖੁੱਲ੍ਹ ਗਏ ਤੇ ਉਹ ਛੇਤੀ-ਛੇਤੀ ਡੰਡੀ ਪੈ ਉਧਰ ਟੁਰ ਪਏ ਕੱਸੀ ਚੜ੍ਹ ਕੇ ਸੰਘਣੇ ਦਰੱਖਤਾਂ ਵਿੱਚੋਂ ਇੱਕ ਕੁਟੀਆ ਨਜ਼ਰ ਆਈ। ਦਿਲ ਨੇ ਉਛਾਲਾ ਖਾਧਾ ਕਿ ਜਿਸ ਤਰ੍ਹਾਂ ਦੀ ਤਪ ਅਸਥਾਨ ਦੀ ਕੁਟੀਆ ਸੁਣੀਦੀ ਸੀ, ਉਸੇ ਤਰ੍ਹਾਂ ਦੀ ਦਿੱਸਦੀ ਹੈ। ਫਿਰ ਪਾਣੀ ਦਾ ਚਸ਼ਮਾ ਨਜ਼ਰ ਆਇਆ ਅਤੇ ਚੜ੍ਹਦੇ ਪਾਸੋਂ ਇੱਕ ਕੰਬਲੀ ਦਰਖਤਾਂ 'ਤੇ ਖਿੱਲਰੀ ਦਿਸੀ। ਹੁਣ ਤਾਂ ਸਰਦਾਰ ਜੀ ਨੂੰ ਤਸੱਲੀ ਹੋ ਗਈ ਕਿ ਇਹ ਹੀ ਸੰਤ ਜੀ ਮਹਾਰਾਜ ਦਾ ਤਪ ਅਸਥਾਨ ਹੈ ਅਤੇ ਸੰਤ ਇੱਥੇ ਹੀ ਹਨ। ਜਦ ਨੇੜੇ ਆਏ ਤਦ ਅੰਦਰੋਂ ਸੰਤ ਜੀ ਨੇ ਸੇਵਕ ਨੂੰ ਅਵਾਜ਼ ਦਿੱਤੀ ਕਿ ਭਾਈ! ਦਰਵਾਜ਼ਾ ਖੋਲ੍ਹੋ, ਪ੍ਰੇਮੀ ਬਾਹਰ ਖੜਾ ਹੈ। ਹੁਣ ਦਰਵਾਜ਼ਾ ਖੁੱਲ੍ਹ ਗਿਆ, ਸਰਦਾਰ ਸੇਵਾਰਾਮ ਸਿੰਘ ਜੀ ਦੂਰੋਂ ਹੀ ਜੋੜਾ ਲਾਹ ਕੁਟੀਆ ਦੇ ਅੰਦਰ ਗਏ ਤੇ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਸੀਸ ਰੱਖ ਕੇ ਅਰਸ਼ੀ ਛੋਹ ਦਾ ਰੰਗ ਮਾਣਿਆ। ਜਦ ਉੱਠੇ ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ ''ਭਾਈ! ਰਸਤਾ ਲੱਭ ਪਿਆ ਸੀ?'' ਸਰਦਾਰ ਸੇਵਾਰਾਮ ਸਿੰਘ ਜੀ ਨੇ ਆਖਿਆ, ''ਮਹਾਰਾਜ ਜੀ! ਤੁਸੀਂ ਜਾਣੀ-ਜਾਣ ਹੋ, ਤੁਸੀਂ ਹੀ ਰਸਤਾ ਭੁਲਾਉਣ ਵਾਲੇ ਅਤੇ ਤੁਸੀਂ ਹੀ ਰਸਤਾ ਦੱਸਣ ਵਾਲੇ ਹੋ।''

ਇਹ ਕਹਿ ਕੇ ਸਰਦਾਰ ਜੀ ਬੈਠ ਗਏ। ਥੋੜ੍ਹੇ ਚਿਰ ਵਿੱਚ ਬਾਕੀ ਸੰਗਤ ਵੀ ਕੁਟੀਆ ਵਿਖੇ ਆ ਗਈ, ਸਭ ਨੇ ਸੰਤ ਜੀ ਮਹਾਰਾਜ ਦੇ ਚਰਨ ਪਰਸੇ। ਥੋੜ੍ਹੇ ਚਿਰ ਮਗਰੋਂ ਸੰਤ ਜੀ ਨੇ ਭਾਈ ਨੰਦ ਸਿੰਘ ਜੀ ਨੂੰ ਆਖਿਆ ਕਿ ਸੰਗਤ ਨੂੰ ਘਰ ਲੈ ਜਾਉ ਉੱਥੇ ਮਾਈ ਭਾਗਭਰੀ ਨੇ ਬੜੀ ਸੇਵਾ ਕੀਤੀ, ਸਾਰੀ ਸੰਗਤ ਦੇ ਕੱਪੜੇ ਸੁਕਾਏ ਅਤੇ ਪ੍ਰਸ਼ਾਦ ਛਕਾਇਆ।

ਦੋ ਦਿਨ ਇੱਥੇ ਹੀ ਰਹੇ, ਬੜਾ ਸਤਿਸੰਗ ਹੋਇਆ। ਕੁਟੀਆ ਕੋਲ ਦੇ ਚਸ਼ਮਿਆਂ ਵਿੱਚ, ਜਿਹੜੇ ਬਹੁਤ ਚਿਰ ਤੋਂ ਸੁੱਕੇ ਪਏ ਸਨ, ਫਿਰ ਪਾਣੀ ਆ ਗਿਆ। ਸੰਗਤ ਨੇ ਬੜੇ ਪ੍ਰੇਮ ਨਾਲ ਛਕਿਆ ਅਤੇ ਖੂਬ ਇਸ਼ਨਾਨ ਪਾਣੀ ਕੀਤਾ।*

ਕਨੋਹੇ ਕੁਝ ਚਿਰ ਅਰਾਮ ਕਰ ਕੇ ਸੰਤ ਜੀ ਮਹਾਰਾਜ ਤਰਨਤਾਰਨ ਸਾਹਿਬ ਆਏ। ਕਰਤਾਰ ਦੀ ਨੇਤ, ਇਹਨਾਂ ਦਿਨਾਂ ਵਿੱਚ ਹੀ ਸੰਗਰੂਰ ਵਿੱਚ ਧੂਰੀ ਦਰਵਾਜ਼ੇ ਦੇ ਬਾਹਰ ਜੋ ਧਰਮਸ਼ਾਲਾ ਹੈ ਉਸ ਵਿੱਚ ਕੁਝ ਸਰਦਾਰਾਂ ਨੇ ਮਿਲ ਕੇ ਸਤਿਸੰਗ ਕਾਇਮ ਕੀਤਾ ਸੀ। ਇਹਨਾਂ ਨੇ ਗੁਰਮਤਾ ਕਰ ਕੇ ਭਾਈ ਵਰਿਆਮ ਸਿੰਘ ਜੀ ਨੂੰ ਜੋ ਉਸ ਵੇਲੇ ਫ਼ੌਜ ਵਿੱਚ ਸਨ ਅਤੇ ਫੇਰ ਬਹੁਤ ਚਿਰ ਰਾਜੇ ਦੇ ਮਹਿਲਾਂ ਵਿੱਚ ਰਾਣੀਆਂ ਦੇ ਸੇਵਕ ਸਨ, ਅੰਮ੍ਰਿਤਸਰ ਸਾਹਿਬ ਭੇਜਿਆ ਕਿ ਕੋਈ ਮਹਾਂਪੁਰਖਾਂ ਨੂੰ ਆਪਣੇ ਨਾਲ ਲਿਆਵੋ, ਜਿਸ ਦੇ ਦਰਸ਼ਨ-ਮੇਲੇ ਕਰ ਕੇ ਸ਼ਬਦ ਦੀ ਲਹਿਰ ਚੱਲੇ। ਅੰਮ੍ਰਿਤਸਰ ਇਹ ਬਹੁਤ ਫਿਰੇ ਪਰ ਕੋਈ ਮਹਾਂਪੁਰਖ ਨਾਲ ਟੁਰਨ ਵਾਸਤੇ ਨਾ ਮਿਲੇ। ਉਦਾਸ ਹੋ ਕੇ ਚਿੱਤ ਵਿਚ ਬਾਹਰ ਜਾਣ ਦਾ ਖਿਆਲ ਕਰ ਕੇ ਅੱਡੇ 'ਤੇ ਗਏ, ਪਰ ਕੁਦਰਤੀ ਤਰਨਤਾਰਨ ਸਾਹਿਬ ਵੱਲ ਜਾਣ ਦੀ ਖਿੱਚ ਗਈ। ਟਾਂਗੇ 'ਤੇ ਸਵਾਰ ਹੋ ਕੇ ਤਰਨਤਾਰਨ ਸਾਹਿਬ ਪਹੁੰਚੇ, ਦਰਬਾਰ ਸਾਹਿਬ ਆ ਕੇ ਮੱਥਾ ਟੇਕਿਆ, ਕੜਾਹ ਪ੍ਰਸ਼ਾਦ ਭੇਟ ਕੀਤਾ ਅਤੇ ਕੁਝ ਚਿਰ ਕੀਰਤਨ ਸੁਣਦੇ ਰਹੇ। ਜਦ ਬਾਹਰ ਆਏ ਤਦ ਪਤਾ ਲੱਗਾ ਕਿ ਇੱਥੇ ਮਾਈ ਰਾਮ ਕੌਰ ਦੇ ਬੁੰਗੇ ਇੱਕ ਸੰਤ ਹਨ, ਜੋ ਹਰ ਰੋਜ਼ ਦੋ ਵਕਤ ਕੀਰਤਨ ਕਰਦੇ ਅਤੇ ਅਨੇਕਾਂ ਜੀਵਾਂ ਦਾ ਉਧਾਰ ਕਰਦੇ ਹਨ। ਤਿੰਨ ਵਜੇ ਦੇ ਮਗਰੋਂ ਭਾਈ ਵਰਿਆਮ ਸਿੰਘ ਜੀ ਦਰਸ਼ਨ ਕਰਨ ਲਈ ਗਏ। ਸੰਤ ਜੀ ਮਹਾਰਾਜ ਆਪਣੇ ਪਲੰਘ 'ਤੇ ਸਜੇ ਹੋਏ ਸਨ ਅਤੇ ਕਮਰੇ ਦਾ ਦਰਵਾਜ਼ਾ ਉਸੇ ਵੇਲੇ ਹੀ ਖੋਲ੍ਹਿਆ ਸੀ।

---

* ਜ਼ਬਾਨੀ ਸ: ਸੇਵਾਰਾਮ ਸਿੰਘ ਰੀਟਾਇਰਡ ਸੈਸ਼ਨ ਜੱਜ।

ਭਾਈ ਵਰਿਆਮ ਸਿੰਘ ਜੀ ਨਮਸਕਾਰ ਕਰ ਕੇ ਬੈਠ ਗਏ ਅਤੇ ਇਨ੍ਹਾਂ ਦੇ ਰੋਮ-ਰੋਮ ਵਿੱਚ ਠੰਢ ਪੈ ਗਈ। ਕਰਤਾਰ ਦਾ ਸ਼ੁਕਰ ਕੀਤਾ ਕਿ ਜਿਸ ਤਰ੍ਹਾਂ ਦੇ ਮਹਾਂਪੁਰਖ ਦੀ ਲੋੜ ਸੀ, ਵੈਸੇ ਹੀ ਮਿਲ ਗਏ। ਹੱਥ ਜੋੜ ਕੇ ਆਪਣੀ ਸਾਰੀ ਵਿੱਥਿਆ ਆਖ ਸੁਣਾਈ ਅਤੇ ਸੰਗਰੂਰ ਜਾਣ ਵਾਸਤੇ ਬੇਨਤੀ ਕੀਤੀ। ਸੰਤ ਜੀ ਉਸੇ ਵੇਲੇ ਤਿਆਰ ਹੋ ਗਏ ਅਤੇ ਜਥੇ ਸਮੇਤ ਟੁਰ ਪਏ। ਟਾਂਗਿਆਂ 'ਤੇ ਚੜ੍ਹ ਕੇ ਅੰਮ੍ਰਿਤਸਰ ਸਾਹਿਬ ਪਹੁੰਚੇ ਅਤੇ ਰਾਤ ਦੀ ਗੱਡੀ ਸਵਾਰ ਹੋ ਕੇ ਸਵੇਰੇ ਨੌਂ ਵਜੇ ਸੰਗਰੂਰ ਅੱਪੜ ਗਏ। ਸਰਦਾਰਾਂ ਨੇ ਬੜੀ ਆਉ ਭਗਤ ਕੀਤੀ ਅਤੇ ਦੁਸਹਿਰਾ ਬਾਗ਼ ਵਿੱਚ ਡੇਰਾ ਕਰਾਇਆ। ਲੰਗਰ ਵਾਸਤੇ ੩੨ ਪੱਕੀਆਂ ਰਸਦਾਂ ਲੱਗ ਗਈਆਂ। ਦੋਵੇਂ ਵੇਲੇ ਦੀਵਾਨ ਲੱਗਦੇ ਅਤੇ ਨਾਮ-ਬਾਣੀ ਦਾ ਬੜਾ ਪ੍ਰਵਾਹ ਚੱਲਿਆ। ਸੰਤ ਜੀ ਮਹਾਰਾਜ ਦੀ ਸੰਗਰੂਰ ਆਉਣ ਦੀ ਖ਼ਬਰ ਮਸਤੂਆਣੇ ਅੱਪੜੀ। ਸੰਤ ਭਾਈ ਬਿਸ਼ਨ ਸਿੰਘ ਜੀ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਸੰਗਤ ਦੇ ਕੁਝ ਸਰੀਰ ਸਮੇਤ ਸੰਤ ਜੀ ਮਹਾਰਾਜ ਨੂੰ ਲੈਣ ਆਏ। ਸੰਤ ਜੀ ਅਲਾਲ ਦੇ ਰਸਤੇ ਕਾਂਜਲੇ ਆਏ ਅਤੇ ਏਥੋਂ ਮਸਤੂਆਣੇ ਅੱਪੜੇ। ਮਸਤੂਆਣੇ ਕੁਝ ਚਿਰ ਰਹਿ ਕੇ ਸੇਵਾ ਕਰਵਾਈ। ਲੰਗਰ ਵਿੱਚ ਸੰਤ ਜੀ ਕਈ ਵਾਰੀ ਆਪ ਸੇਵਾ ਕਰਦੇ ਅਤੇ ਆਪਣੀ ਹੱਥੀਂ ਬੜੇ ਸੋਹਣੇ-ਸੋਹਣੇ ਪ੍ਰੇਮ-ਰਸ ਭਿੰਨੇ ਪ੍ਰਸ਼ਾਦੇ ਤਿਆਰ ਕਰਦੇ।

ਫੇਰ ਅਕੋਈ ਸਾਹਿਬ ਦੀ ਸੰਗਤ ਸੰਤ ਜੀ ਮਹਾਰਾਜ ਨੂੰ ਲੈ ਗਈ। ਏਥੋਂ ਸੰਤ ਜੀ ਧੂਰੀ ਵਿੱਚੋਂ ਹੁੰਦੇ ਹੋਏ ਬਰਨਾਲੇ ਗਏ ਅਤੇ ਭਦੌੜ ਵਿੱਚ ਵੀ ਚਰਨ ਪਾਏ। ਫੇਰ ਅਤਲੇ ਵਿਖੇ ਨਾਮ-ਬਾਣੀ ਦਾ ਚੱਕਰ ਚਲਾਉਂਦੇ ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲਿਆਂ ਨਾਲ ਪ੍ਰਸਪਰ ਸ਼ਬਦ ਦੀ ਗੋਸਟੀ ਕਰਦੇ ਹੋਏ ਲੌਂਗੋਵਾਲ ਗਏ। ਏਥੇ ਪਿੰਡ ਤੋਂ ਬਾਹਰ ਭਾਈ ਮਨੀ ਸਿੰਘ ਜੀ ਦੇ ਜਨਮ ਅਸਥਾਨ ਪਾਸ ਛੱਪਰਾਂ ਵਿੱਚ ਡੇਰਾ ਕੀਤਾ। ਫੇਰ ਸੁਨਾਮ ਦੇ ਮੇਲੇ 'ਤੇ ਅੱਪੜੇ। ਏਸੇ ਸ਼ਹਿਰ ਵਿੱਚ ਸੰਗਤਾਂ ਦੇ ਪ੍ਰੇਮ ਕਰਕੇ ਇੱਕ ਖੋਲੇ ਵਿੱਚ ਦੀਵਾਨ ਲਾਇਆ, ਜਿੱਥੇ ਕਿ ਗੁਰੂ ਨਾਨਕ ਸਾਹਿਬ ਨੇ ਦਰਸ਼ਨ ਦੇ ਕੇ ਇੱਕ ਬ੍ਰਾਹਮਣ ਨੂੰ ਨਿਹਾਲ ਕੀਤਾ ਸੀ।

ਏਥੇ ਸੰਤ ਜੀ ਨੇ ਹੁਕਮ ਕੀਤਾ ਕਿ ਜਿਸ ਜਗ੍ਹਾ ਦੀਵਾਨ ਲੱਗਾ ਹੈ, ਉੱਥੇ ਗੁਰਦੁਆਰਾ ਬਣਾਓ ਅਤੇ ਗਲੀ ਵਾਲੀ ਗੁੱਠ ਵਿੱਚ ਖੂਹੀ ਤਿਆਰ ਕਰੋ। ਪ੍ਰੇਮੀਆਂ ਨੇ ਖੂਹੀ ਵਾਲੀ ਥਾਂ ਨੂੰ ਗੁਰਦੁਆਰੇ ਸਾਹਿਬ ਵਾਸਤੇ ਪਸੰਦ ਕੀਤਾ ਅਤੇ ਗੁਰਦੁਆਰੇ ਵਾਲੀ ਥਾਂ ਖੂਹੀ ਲਵਾਉਣ ਲੱਗੇ, ਪਰ ਜਦ ਥੋੜ੍ਹਾ ਜਿਹਾ ਹੀ ਪਾੜ ਪੁੱਟਿਆ ਤਦ ਰੋੜਾਂ ਦਾ ਪੱਕਾ ਕੜ ਨਿਕਲ ਪਿਆ ਤੇ ਸੰਤ ਜੀ ਮਹਾਰਾਜ ਦਾ ਹੁਕਮ ਮੰਨਣਾ ਪਿਆ। ਅਧ-ਪੁੱਟੀ ਖੂਹੀ ਭਰ ਕੇ ਇੱਥੇ ਗੁਰਦੁਆਰੇ ਬਣਾਇਆ ਅਤੇ ਗਲੀ ਦੇ ਸਾਹਮਣੇ ਇੱਕ ਗੁੱਠ ਵਿੱਚ, ਜਿੱਥੇ ਕਿ ਸੰਤ ਜੀ ਮਹਾਰਾਜ ਨੇ ਇਸ਼ਾਰਾ ਕੀਤਾ ਸੀ, ਖੂਹੀ ਤਿਆਰ ਕੀਤੀ। ਇਸ ਖੂਹੀ ਦਾ ਪਾਣੀ ਸੁਨਾਮ ਦੇ ਸਾਰੇ ਖੂਹਾਂ ਨਾਲੋਂ ਠੰਢਾ ਅਤੇ ਮਿੱਠਾ ਹੈ।

ਸੁਨਾਮ ਤੋਂ ਸੰਤ ਜੀ ਸੰਗਰੂਰ ਆਏ ਅਤੇ ਇੱਥੋਂ ਜ਼ੁਲਮ ਗੜ੍ਹ (ਨਾਨਕਪੁਰੇ) ਰਾਮ ਨਗਰ ਸਿਬੀਆਂ ਤੋਂ ਹੋ ਕੇ ਫੇਰ ਮਸਤੂਆਣੇ ਸਾਹਿਬ ਆ ਗਏ। ਸਾਰੇ ਪਿੰਡਾਂ ਨੇ ਸੇਵਾ ਵਿੱਚ ਹਿੱਸਾ ਲਿਆ ਅਤੇ ਆਪਣੇ ਵਿੱਤ ਅਨੁਸਾਰ ਮਾਇਆ ਵੀ ਅਰਦਾਸ ਕਰਵਾਈ।

ਪਿਸ਼ਾਵਰ, ਕੋਹਾਟ, ਬਨੂੰ ਆਦਿ ਸ਼ਹਿਰਾਂ ਵਿੱਚੋਂ ਮਾਇਆ ਦੀ ਤਕੜੀ ਸੇਵਾ ਹੋ ਗਈ ਸੀ ਅਤੇ ਨਗਰਾਂ ਨੇ ਵੀ ਸੰਤ ਜੀ ਮਹਾਰਾਜ ਨੂੰ ਦੌਰੇ ਵਿੱਚ ਯਥਾਸ਼ਕਤ ਭੇਟਾ ਕੀਤੀ ਸੀ। ਪਿੰਡਾਂ ਦੇ ਪ੍ਰੇਮੀ ਵਾਰੀ-ਵਾਰੀ ਆ ਕੇ ਬੜੇ ਉਤਸ਼ਾਹ ਨਾਲ ਸਰੀਰ ਕਰ ਕੇ ਵੀ ਸੇਵਾ ਕਰਦੇ। ਸੰਤ ਜੀ ਮਹਾਰਾਜ ਦਿਨ-ਰਾਤ, ਧੁੱਪ, ਛਾਂ ਦੀ ਪ੍ਰਵਾਹ ਨਾ ਕਰਦੇ ਹੋਏ ਸੰਗਤਾਂ ਨੂੰ ਸੇਵਾ ਕਰਦਿਆਂ ਦੇਖ ਕੇ ਨਿਹਾਲ ਹੁੰਦੇ ਅਤੇ ਸੰਗਤਾਂ ਵੀ ਸੰਤ ਜੀ ਦੀ ਪ੍ਰਸੰਨਤਾ ਲੈਣ ਲਈ ਸਿਰੋਂ ਪਰੇ ਹੋ ਕੇ ਸੇਵਾ ਕਰਦੀਆਂ।

ਇੱਕ ਦਿਨ ਬੜੇ ਪ੍ਰੇਮ ਵਿੱਚ ਸੇਵਾ ਹੋ ਰਹੀ ਸੀ। ਬਾਬੂ ਤੇਜਾ ਸਿੰਘ ਜੀ ਭਸੌੜ ਵਾਲੇ (ਓਵਰਸੀਅਰ ਪੈਨਸ਼ਨਰ) ਦਰਸ਼ਨ ਕਰਨ ਲਈ ਆਏ। ਜਦ ਫ਼ਤਹਿ ਬੁਲਾ ਕੇ ਬੈਠ ਗਏ ਤਦ ਸੰਤ ਜੀ ਮਹਾਰਾਜ ਨੇ ਸੇਵਾ ਵਿੱਚ ਹਿੱਸਾ ਲੈਣ ਲਈ ਆਖਿਆ। ਬਾਬੂ ਜੀ ਨਾਲ ਇੱਕ ਹੋਰ ਪ੍ਰੇਮੀ ਵੀ ਸੀ। ਬਚਨ ਮੰਨ ਕੇ ਇਹ ਦੋਵੇਂ ਸੱਜਣ ਸੇਵਾ ਵਿੱਚ ਤਾਂ ਲੱਗ ਪਏ, ਪਰ ਥੋੜ੍ਹੇ ਚਿਰ ਮਗਰੋਂ ਹੀ ਮੁੜ ਆ ਕੇ ਬੈਠ ਗਏ। ਸੰਤ ਜੀ ਮਹਾਰਾਜ ਨੇ ਸਹਿਜ-ਸੁਭਾਉ ਹੀ ਆਖਿਆ ਕਿ ਸਾਧ ਸੰਗਤ ਜੀ! ਕੇਹਾ ਸੋਹਣਾ ਕੰਮ ਹੋ ਰਿਹਾ ਹੈ। ਇਹ ਬਚਨ ਸੁਣ ਕੇ ਬਾਬੂ ਤੇਜਾ ਸਿੰਘ ਜੀ ਨੇ ਤਰਕ ਕਰ ਕੇ ਆਖਿਆ, "ਇੱਟਾਂ-ਵੱਟੇ ਖੜ੍ਹੇ ਹੋ ਰਿਹੇ ਹਨ, ਹੋਰ ਕੀ ਹੈ?" ਪ੍ਰੇਮੀ ਦੀ ਇਹ ਗੱਲ ਸੁਣ ਕੇ ਸੰਤ ਜੀ ਅਡੋਲ ਬੈਠੇ ਰਹੇ ਤੇ ਸਾਰਾ ਦਿਨ ਅੱਗੇ ਵਾਂਗ ਹੀ ਸੇਵਾ ਕਰਵਾਈ ਗਏ, ਪਰ ਚਿੱਤ ਕੁਝ ਉਪਰਾਮ ਹੋ ਗਿਆ। ਰਾਤ ਦੇ ਵਕਤ ਸੰਤ ਭਾਈ ਕਲਿਆਣ ਸਿੰਘ ਜੀ ਅਤੇ ਸੰਤ ਭਾਈ ਹਰੀ ਸਿੰਘ ਜੀ ਨੂੰ ਸੱਦ ਕੇ ਹੁਕਮ ਕੀਤਾ ਕਿ 'ਚੱਲੋ ਭਾਈ! ਕਿਧਰੇ ਦੂਰ ਨਿਕਲ ਚੱਲੀਏ, ਪਰ ਨਾਲ ਕੁਝ ਨਹੀਂ ਲੈਣਾ। ਸਿਰਫ਼ ਇੱਕ ਕਛਹਿਰਾ ਅਤੇ ਪਰਨਾ, ਕਿਰਾਏ ਲਈ ਸਿਰਫ਼ ਇੱਕ ਮੋਹਰ (ਪੌਂਡ) ਲੈ ਲੈਣੀ।' ਅੰਮ੍ਰਿਤ ਵੇਲੇ ਹੀ ਇਸ਼ਨਾਨ ਕਰਨ ਦੇ ਮਗਰੋਂ ਸੰਤ ਜੀ ਚੁੱਪ-ਚੁੱਪੀਤੇ ਹੀ ਭਾਈ ਹਰੀ ਸਿੰਘ ਜੀ ਨੇ ਇੱਕ ਮੋਹਰ ਦੀ ਥਾਂ ੫੦ ਮੋਹਰਾਂ ਆਪਣੇ ਗੁਟਕੇ ਵਾਲੇ ਗਾਤਰੇ ਵਿੱਚ ਪਾ ਲਈਆਂ, ਸ਼ਾਇਦ ਸੰਤ ਜੀ ਕਿਧਰੇ ਦੂਰ ਜਾਣ ਦਾ ਖਿਆਲ ਕਰ ਲੈਣ ਅਤੇ ਕਿਰਾਇਆ ਥੁੜ੍ਹ ਨਾ ਜਾਵੇ।

ਗੁਜਰਾਂਵਾਲੇ ਅਤੇ ਸਿੰਧ ਵੱਲ ਫੇਰੀ

ਸੰਗਰੂਰ ਅੱਪੜ ਕੇ ਸੰਤ ਜੀ ਨੇ ਮਾਣਕਿਆਲੇ ਦੇ ਟਿਕਟ ਲੈਣ ਦਾ ਹੁਕਮ ਦਿੱਤਾ। ਗੱਡੀ ਚੜ੍ਹ ਕੇ ਸਿੱਧਾ ਮਾਣਕਿਆਲੇ ਆ ਪਹੁੰਚੇ, ਰਸਤੇ ਵਿੱਚ ਕਿਧਰੇ ਨਾ ਅਟਕੇ। ਮਾਣਕਿਆਲੇ ਤੋਂ ਸੰਤ ਜੀ ਡੇਰਾ ਖ਼ਾਲਸਾ ਆ ਗਏ। ਅਜੇ ਦੋ ਕੁ ਦਿਨ ਹੀ ਟਿਕੇ ਸਨ ਕਿ ਇਹਨਾਂ ਦੇ ਆਉਣ ਦੀ ਖ਼ਬਰ ਸਾਰੇ ਪੋਠੋਹਾਰ ਵਿੱਚ ਬਿਜਲੀ ਵਤ ਖਿੰਡਰ ਗਈ। ਸੰਗਤਾਂ ਬਹੁਤ ਜੁੜ ਪਈਆਂ, ਕੀਰਤਨ ਅਤੇ ਅੰਮ੍ਰਿਤ ਦਾ ਬੜਾ ਪ੍ਰਵਾਹ ਚਲਿਆ। ਸਤਿਸੰਗ ਦੀ ਰੌਣਕ ਅਤੇ ਨਾਮ ਦੀ ਮਹਿਮਾ ਕੁਝ ਅਸਚਰਜ ਹੀ ਸੀ, ਬਸ ਡੇਰਾ ਖ਼ਾਲਸਾ ਬੈਕੁੰਠ ਧਾਮ ਬਣ ਗਿਆ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥ (੮੯੦)

ਇੱਕ ਦਿਨ ਰਾਤ ਦਾ ਲੰਗਰ ਇੱਕ ਪ੍ਰੇਮੀ ਦੇ ਘਰ ਸੀ। ਸੋਦਰੁ ਦੇ ਕੀਰਤਨ ਮਗਰੋਂ ਸੰਤ ਜੀ ਮਹਾਰਾਜ ਨੇ ਸੰਗਤਾਂ ਨੂੰ ਤਾਂ ਪੰਗਤ ਲਗਾਉਣ ਦਾ ਹੁਕਮ ਅਤੇ ਆਪ ਬਾਹਰ ਜੰਗਲ-ਪਾਣੀ ਚਲੇ ਗਏ। ਭਾਈ ਹਰੀ ਸਿੰਘ ਜੀ ਗੜਵਈ ਨਾਲ ਸਨ। ਜਦ ਕੁਝ ਦੂਰ ਨਿਕਲ ਗਏ ਤਦ ਸੰਤ ਜੀ ਗੜਵਾ ਲੈ ਕੇ ਕੁਝ ਫਾਸਲੇ 'ਤੇ ਮੈਦਾਨ ਖੇਡਣ ਗਏ ਅਤੇ ਇੱਕ ਪ੍ਰੇਮੀ ਭਾਈ ਹਰੀ ਸਿੰਘ ਜੀ ਨਾਲ ਬਚਨ-ਬਿਲਾਸ ਕਰਨ ਲੱਗ ਪਿਆ। ਏਸ ਨੇ ਇਹ ਗੱਲ ਚਲਾਈ ਕਿ ਜਿਸ ਪ੍ਰੇਮੀ ਦੇ ਘਰ ਲੰਗਰ ਹੈ ਉਸ ਨੇ ਅੱਜ ਸ਼ਾਮ ਨੂੰ ਕਿਹਾ ਸੀ ਕਿ ਦੇਖੋ ਭਾਈ! ਸੰਤ ਜੀ ਮਹਾਰਾਜ ਨਾਲ ਤਾਂ ਦੋ ਮੂਰਤੀਆਂ ਹਨ, ਪਰ ਪ੍ਰਸ਼ਾਦਾ ਛਕਣ ਵਾਲੇ ਪ੍ਰੇਮੀ ਇੰਨੇ ਇਕੱਠੇ ਹੋ ਗਏ ਹਨ ਕਿ ਮੇਰਾ ਹੁਣ ਤੀਕਰ ਤਿੰਨ ਸੌ ਦਮੜਾ ਖ਼ਰਚ ਆ ਚੁੱਕਾ ਹੈ।

ਜੰਗਲ ਪਾਣੀ ਹੁੰਦਿਆਂ ਸੰਤ ਜੀ ਮਹਾਰਾਜ ਦੇ ਕੰਨ ਵਿੱਚ ਏਸ ਗੱਲ ਦੀ ਭਿਣਕ ਪੈ ਗਈ। ਜਦ ਆਪ ਉੱਠ ਕੇ ਆਏ ਤਦ ਭਾਈ ਹਰੀ ਸਿੰਘ ਜੀ ਨੂੰ ਪੁੱਛਿਆ, "ਪ੍ਰੇਮੀ ਕੀ ਕਹਿੰਦਾ ਸੀ?" ਹੁਕਮ ਮੰਨ ਕੇ ਭਾਈ ਹਰੀ ਸਿੰਘ ਨੇ ਸਾਰੀ ਗੱਲ ਸੰਤ ਜੀ ਮਹਾਰਾਜ ਨੂੰ ਆਖ ਸੁਣਾਈ। ਇਹ ਗੱਲ ਸੁਣ ਕੇ ਸੰਤ ਜੀ ਬੜੇ ਉਦਾਸ ਹੋ ਗਏ

ਅਤੇ ਕਹਿਣ ਲੱਗੇ, "ਭਾਈ! ਚੱਲੋ ਕਿਧਰੇ ਲੁੱਕ ਕੇ ਦਿਨ ਕਟੀ ਕਰੀਏ। ਸੰਗਤਾਂ ਦੇ ਬਹੁਤ ਇਕੱਠੇ ਹੋਣ ਕਰਕੇ ਪ੍ਰੇਮੀ ਖੇਚਲ ਮੰਨਦੇ ਹਨ।"

ਇਹ ਕਹਿੰਦੇ ਸਾਰ ਹੀ ਸੰਤ ਜੀ, ਭਾਈ ਕਲਿਆਣ ਸਿੰਘ ਜੀ ਅਤੇ ਭਾਈ ਹਰੀ ਸਿੰਘ ਜੀ ਨੂੰ ਨਾਲ ਲੈ ਕੇ, ਬਗੈਰ ਪ੍ਰਸ਼ਾਦ ਛਕਣ ਦੇ ਟੁਰ ਪਏ ਅਤੇ ਪਿੰਡ ਦੇ ਬਾਹਰ ਜਾ, ਲੁੱਕ ਕੇ ਇੱਕ ਗੁਫਾ ਵਿੱਚ ਪੈ ਗਏ। ਅੰਮ੍ਰਿਤ ਵੇਲੇ ਹੀ ਨਿਕਲ ਪਏ ਅਤੇ ਮਾਣਕਿਆਲੇ ਆ ਪਹੁੰਚੇ। ਸਟੇਸ਼ਨ ਦੇ ਕੋਲ ਰੇਲ ਦੇ ਇੱਕ ਪੁੱਲ ਹੇਠਾਂ ਆ ਆਸਣ ਲਾਇਆ।

ਜਦ ਸੰਤ ਜੀ ਪ੍ਰਸ਼ਾਦ ਛਕਣ ਨਾ ਗਏ ਤਦ ਪ੍ਰੇਮੀਆਂ ਨੇ ਕੁਝ ਚਿਰ ਤਾਂ ਉਡੀਕਿਆ। ਚਾਰ ਘੜੀ ਰਾਤ ਬੀਤੀ, ਫੇਰ ਨਿਰਾਸ ਹੋ ਗਏ ਅਤੇ ਸਮਝਿਆ ਕਿ ਸੰਤ ਜੀ ਕਿਧਰੇ ਏਕਾਂਤ ਹੋ ਗਏ ਹਨ। ਬਹੁਤ ਸਾਰੇ ਸੱਜਣ ਪਿੰਡ ਦੇ ਬਾਹਰ ਕੱਸਾਂ ਆਦਿਕ ਵਿੱਚ ਲੱਭਦੇ ਰਹੇ, ਪਰ ਸੰਤ ਜੀ ਮਹਾਰਾਜ ਨਾ ਮਿਲੇ। ਆਖ਼ਰ ਥੱਕ ਕੇ ਨਗਰ ਮੁੜ ਆਏ ਅਤੇ ਰਾਤ ਲਈ ਬਿਰਾਜ ਗਏ।

ਇੱਕ ਅਣਥੱਕ ਪ੍ਰੇਮੀ ਭਾਈ ਹੁਕਮ ਸਿੰਘ ਬਿਸ਼ਨ ਦੌਰ ਵਾਲਾ ਸਾਰੀ ਰਾਤ ਲੱਭਦਾ ਰਿਹਾ, ਫੇਰ ਮਾਣਕਿਆਲੇ ਵੱਲ ਟੁਰ ਪਿਆ। ਸੰਤ ਜੀ ਮਹਾਰਾਜ ਤਾਂ ਪੁਲ ਹੇਠਾਂ ਆਣ ਬੈਠੇ ਸਨ, ਪ੍ਰੇਮੀ ਸਟੇਸ਼ਨ ਦੇ ਆਲੇ-ਦੁਆਲੇ ਅਤੇ ਹੱਟੀਆਂ 'ਤੇ ਸੰਤ ਜੀ ਮਹਾਰਾਜ ਨੂੰ ਭਾਲਣ ਲੱਗ ਪਿਆ।

ਦਿਨ ਚੜ੍ਹਦੇ ਨਾਲ ਭਾਈ ਹਰੀ ਸਿੰਘ ਜੀ ਅਤੇ ਭਾਈ ਕਲਿਆਣ ਸਿੰਘ ਜੀ ਕੁਝ ਜਲ-ਪਾਣੀ ਦੀ ਸਮੱਗਰੀ ਲੈਣ ਗਏ ਉੱਥੇ ਇਨ੍ਹਾਂ ਨੂੰ ਭਾਈ ਹੁਕਮ ਸਿੰਘ ਜੀ ਮਿਲ ਪਏ ਅਤੇ ਖਹਿੜੇ ਪੈ ਗਏ ਕਿ ਦੱਸੋ ਸੰਤ ਜੀ ਮਹਾਰਾਜ ਕਿੱਥੇ ਹਨ? ਪ੍ਰੇਮੀ ਚੁੱਪ ਤਾਂ ਕਰ ਰਹੇ, ਪਰ ਜਦ ਜਲ-ਪਾਣੀ ਲੈ ਕੇ ਟੁਰੇ ਤਦ ਭਾਈ ਹੁਕਮ ਸਿੰਘ ਜੀ ਵੀ ਪਿੱਛੇ-ਪਿੱਛੇ ਹੋ ਟੁਰੇ। ਜਦ ਇਹ ਪੁਲ ਹੇਠਾਂ ਪਹੁੰਚੇ ਤਦ ਇਸ ਨੇ ਸੰਤ ਜੀ ਮਹਾਰਾਜ ਨੂੰ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਨਗਰ ਦਰਸ਼ਨ ਦੇਵੋ ਪਰ ਜਦ ਸੰਤ ਜੀ ਨੇ ਫ਼ਰਮਾਇਆ, "ਨਹੀਂ ਭਾਈ! ਅਸੀਂ ਤਾਂ ਹੁਣ ਜਾਵਾਂਗੇ।" ਤਦ ਇਸ ਨੇ ਹੱਥ ਜੋੜ ਕੇ ਆਖਿਆ ਕਿ "ਸਤਿ ਬਚਨ।"

ਹੁਣ ਗੱਡੀ ਦਾ ਵਕਤ ਭੀ ਹੋ ਗਿਆ। ਭਾਈ ਹੁਕਮ ਸਿੰਘ ਸਟੇਸ਼ਨ ਤਕ ਨਾਲ ਆਇਆ ਅਤੇ ਸੰਤ ਜੀ ਮਹਾਰਾਜ ਦੇ ਹੁਕਮ ਅਨੁਸਾਰ ਤਰਨਤਾਰਨ ਦੇ ਤਿੰਨ ਟਿਕਟ ਲੈ ਦਿੱਤੇ ਅਤੇ ਆਪ ਵੀ ਗੁਜਰਾਂਵਾਲੇ ਤੀਕਰ ਨਾਲ ਆਇਆ। ਜਦ ਏਮਨਾਬਾਦ ਦੇ ਸਟੇਸ਼ਨ ਦੇ ਨੇੜੇ ਅੱਪੜੇ ਤਦ ਇੱਕ ਬੁੱਢਾ ਜ਼ਿਮੀਂਦਾਰ ਹੁੱਕਾ ਪੀ ਰਿਹਾ ਸੀ। ਸੰਤ ਜੀ ਦੇ ਸੇਵਕਾਂ ਨੇ ਏਸ ਨੂੰ ਹੁੱਕਾ ਬੰਦ ਕਰਨ ਲਈ ਆਖਿਆ ਪਰ ਉਸ ਨੇ ਟਾਲ ਛੱਡਿਆ। ਫੇਰ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਆਖਿਆ ਕਿ ਪ੍ਰੇਮੀਆਂ! ਇਹਦੇ ਵਿੱਚੋਂ ਕੀ ਲੈਣਾ ਈਂ? ਸੰਤ ਜੀ ਦੇ ਮਿੱਠੇ ਬਚਨਾਂ ਨੇ ਇਹਦਾ ਮਨ ਮੋਹ ਲਿਆ, ਇਹਦੇ ਭਾਗ ਜਾਗ ਪਏ, ਸਾਧ ਦਰਸ਼ਨ ਨੇ ਵੀ ਖਿੱਚ ਪਾਈ ਅਤੇ ਆਪਣਾ ਫਲ ਲਿਆਂਦਾ। ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਪਿੰਡ ਚੱਲੋ। ਮੈਂ ਹੁੱਕਾ ਪੀਣਾ ਛੱਡ ਦਿਆਂਗਾ ਅਤੇ ਸਿੱਖ ਵੀ ਬਣ ਜਾਵਾਂਗਾ ਸੰਤ ਦਿਆਲ ਹੋ ਕੇ ਏਮਨਾਬਾਦ ਦੇ ਸਟੇਸ਼ਨ ਤੋਂ ਉੱਤਰ ਕੇ ਪ੍ਰੇਮੀ ਦੇ ਪਿੰਡ ਢਿਲਾਂਵਾਲੀ ਚਲੇ ਗਏ। ਸੜਕ ਦੇ ਖੱਬੇ ਪਾਸੇ ਇਹਦਾ ਖੂਹ ਸੀ, ਸੰਤਾਂ ਨੇ ਉੱਥੇ ਹੀ ਇੱਕ ਕੁੜ੍ਹ ਵਿੱਚ ਆਪਣਾ ਆਸਣ ਜਮਾ ਦਿੱਤਾ। ਪ੍ਰੇਮੀ ਪਿੰਡ ਜਾ ਕੇ ਤਿੰਨ ਮੰਜੇ ਬਿਸਤਰੇ ਲੈ ਆਇਆ। ਸੇਵਕਾਂ ਨੇ ਆਖਿਆ ਕਿ ਮੰਜਾ ਸਿਰਫ਼ ਇੱਕ ਹੀ ਚਾਹੀਦਾ ਹੈ ਅਸੀਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਭੁੰਝੇਂ ਹੀ ਸੋਵਾਂਗੇ; ਪਰ ਸੰਤ ਜੀ ਨੇ ਫ਼ਰਮਾਇਆ ਕਿ ਸਾਡਾ ਚਿੱਤ ਕਰਦਾ ਹੈ ਕਿ ਅਸੀਂ ਤਿੰਨੇਂ ਏਥੇ ਮੰਜੀਆਂ 'ਤੇ ਪਈਏ!

ਸੰਤ ਜੀ ਏਸ ਨਗਰ ਵਿਚ ੧੫ ਦਿਨ ਰਹੇ। ਦੋ ਵੇਲੇ ਪਿੰਡ ਦੇ ਗੁਰਦੁਆਰੇ ਵਿੱਚ ਆਸਾ ਜੀ ਦੀ ਵਾਰ

ਅਤੇ ਸੋ ਦੂਰ ਦਾ ਦੀਵਾਨ ਲੱਗਦਾ ਅਤੇ ਫੇਰ ਸੰਤ ਜੀ ਖੂਹ 'ਤੇ ਆ ਜਾਂਦੇ। ਪ੍ਰੇਮੀ ਜਲ-ਪਾਣੀ ਅਤੇ ਦੋਨੋਂ ਵਕਤ ਦਾ ਪ੍ਰਸ਼ਾਦਾ ਏਥੇ ਹੀ ਲੈ ਆਉਂਦੇ। ਸਾਰਾ ਸਮਾਂ ਅਡੋਲ ਇੱਕ ਖਾਸ ਰੱਬੀ ਰੰਗ ਵਿੱਚ ਗੁਜ਼ਾਰਿਆ।

ਇੱਕ ਦਿਨ ਪਿੰਡ ਦਾ ਇੱਕ ਪ੍ਰੇਮੀ ਗੁਜਰਾਂਵਾਲੇ ਗਿਆ ਅਤੇ ਉਸ ਨੇ ਸਹਿਜ-ਸੁਭਾਉ ਭਾਈ ਲਾਲ ਸਿੰਘ ਜੀ ਉਪਦੇਸ਼ਕ ਨਾਲ ਜ਼ਿਕਰ ਕੀਤਾ ਕਿ ਸਾਡੇ ਨਗਰ ਵਿੱਚ ਤਿੰਨ ਸਾਧੂ ਆਏ ਹੋਏ ਹਨ, ਜੋ ਨਿਰੇ ਭਜਨ ਦੀਆਂ ਮੂਰਤਾਂ ਹਨ। ਭਾਈ ਲਾਲ ਸਿੰਘ ਜੀ ਸਾਧੂ ਸੰਤਾਂ ਦੇ ਬੜੇ ਪ੍ਰੇਮੀ ਸਨ, ਇਸ ਪ੍ਰੇਮੀ ਦੇ ਨਾਲ ਹੋ ਟੁਰੇ। ਜਦ ਖੂਹ 'ਤੇ ਅੱਪੜੇ ਤਦ ਇਹਨਾਂ ਨੇ ਦੂਰੋਂ ਹੀ ਸੰਤ ਜੀ ਮਹਾਰਾਜ ਨੂੰ ਪਹਿਚਾਣ ਲਿਆ ਅਤੇ ਆਪਣਾ-ਆਪ ਪ੍ਰਗਟ ਕਰਨ ਤੋਂ ਬਗੈਰ ਪੁੱਠੀਂ ਪੈਰੀਂ ਮੁੜ ਆਏ ਅਤੇ ਸ਼ਹਿਰ ਗੁਜਰਾਂਵਾਲੇ ਵਿੱਚ ਢੰਡੋਰਾ ਦਿਵਾ ਦਿੱਤਾ ਕਿ ਸੰਤ ਅਤਰ ਸਿੰਘ ਜੀ ਮਹਾਰਾਜ ਢਿਲਾਂਵਲੀ ਆਏ ਹੋਏ ਹਨ। ਸੰਗਤ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੀ ਹੋ ਗਈ ਅਤੇ ਵਾਹੋ-ਦਾਹੀ ਢਿਲਾਂਵਲੀ ਅੱਪੜੀ ਤੇ ਦੀਵਾਨ ਖੂਬ ਭਰ ਗਿਆ। ਇਹ ਕੌਤਕ ਵੇਖ ਕੇ ਪਿੰਡ ਦੇ ਲੋਕ ਵੀ ਸਾਰੇ ਆ ਗਏ। ਉਹਨਾਂ ਨੂੰ ਸੰਤ ਜੀ ਮਹਾਰਾਜ ਦਾ ਪਤਾ ਲੱਗਾ, ਤਦ ਸਭ ਨੇ ਹੱਥ ਜੋੜ ਕੇ ਮੁਆਫ਼ੀ ਮੰਗੀ ਕਿ ਅਸਾਂ ਤੁਹਾਡੀ ਕਦਰ ਨਹੀਂ ਪਾਈ, ਸਾਨੂੰ ਬਖਸ਼ ਲਵੋ ਅਤੇ ਕੁਝ ਦਿਨ ਹੋਰ ਏਥੇ ਦਰਸ਼ਨ ਦਿਉ।

ਸੰਤ ਜੀ ਮਹਾਰਾਜ ਤਾਂ ਪਿੰਡ ਵਿੱਚ ਇਕਾਂਤ ਰਹਿ ਕੇ ਖੁਸ਼ ਸਨ ਪਰ ਗੁਜਰਾਂਵਾਲੇ ਦੀ ਸੰਗਤ ਨੇ ਸ਼ਹਿਰ ਚੱਲਣ ਲਈ ਬੜੇ ਪ੍ਰੇਮ ਨਾਲ ਅਰਦਾਸ ਕੀਤੀ। ਸੰਤ ਜੀ ਸੰਗਤ ਦੀ ਬੇਨਤੀ ਮੰਨ ਕੇ ਉਹਨਾਂ ਦੇ ਨਾਲ ਹੀ ਚਲੇ ਗਏ ਅਤੇ ਢਿਲਾਂਵਾਲੇ ਲਿਆਉਣ ਵਾਲਾ ਪ੍ਰੇਮੀ ਵੀ ਸੰਤ ਜੀ ਮਹਾਰਾਜ ਦੇ ਨਾਲ ਹੀ ਚਲਾ ਗਿਆ। ਹੁੱਕਾ ਤਾਂ ਉਸ ਨੇ ਉਸੇ ਦਿਨ ਹੀ ਛੱਡ ਦਿੱਤਾ ਸੀ, ਹੁਣ ਗੁਜਰਾਂਵਾਲੇ ਆ ਕੇ ਸਿੰਘ ਸਜ ਗਿਆ ਅਤੇ ਆਪਣਾ ਜਨਮ ਸਫ਼ਲਾ ਕਰ ਲਿਆ। ਇਸ ਦੇ ਨਾਲ ਪਿੰਡ ਦੇ ਹੋਰ ਕਈ ਪ੍ਰੇਮੀਆਂ ਦਾ ਵੀ ਉਧਾਰ ਹੋਇਆ। ਗੁਜਰਾਂਵਾਲੇ ਦੀ ਸੰਗਤ ਸੰਤ ਜੀ ਮਹਾਰਾਜ ਦੇ ਆਉਣ ਤੇ ਗਦ-ਗਦ ਹੋ ਗਈ। ਮਾਈ-ਭਾਈ ਬੜੇ ਉਤਸ਼ਾਹ ਨਾਲ ਦੀਵਾਨ ਵਿੱਚ ਹਾਜ਼ਰ ਹੁੰਦੇ ਅਤੇ ਇਲਾਕੇ ਦੀਆਂ ਸੰਗਤਾਂ ਵੀ ਦੂਰ-ਦੂਰ ਤੋਂ ਆਉਣ ਲੱਗ ਪਈਆਂ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਦੀਵਾਨ ਵਿੱਚ ਇਕੱਤਰ ਹੋ ਜਾਂਦੀ ਅਤੇ ਸੈਂਕੜੇ ਮਾਈ-ਭਾਈ ਨੇ ਇੱਥੇ ਅੰਮ੍ਰਿਤ ਛਕਿਆ।

ਮਸਤੂਆਣੇ ਲਈ ਸੇਵਾ

ਇਹ ਰੱਬੀ ਰੰਗ ਗੁਜਰਾਂਵਾਲੇ ਵਿੱਚ ਕਈ ਦਿਨ ਬਣਿਆ ਰਿਹਾ। ਇੱਕ ਰਾਤ ਸੰਤ ਜੀ ਨੇ ਭਾਈ ਹਰੀ ਸਿੰਘ ਨੂੰ ਆਖਿਆ ਕਿ ਭਾਈ! ਹੁਣ ਏਥੋਂ ਵੀ ਨਿਕਲ ਚੱਲੀਏ। ਉਸ ਰਾਤ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਸੰਤ ਜੀ ਮਹਾਰਾਜ ਚੁਪੀਤੇ ਹੀ ਸਟੇਸ਼ਨ 'ਤੇ ਚਲੇ ਆਏ। ਹੈਦਰਾਬਾਦ ਸਿੰਧ ਦੀਆਂ ਟਿਕਟਾਂ ਲੈ ਕੇ ਪੌਣੇ ਚਾਰ ਵਜੇ ਦੀ ਗੱਡੀ ਚੜ੍ਹ ਗਏ।

ਜਦ ਹੈਦਰਾਬਾਦ ਸਿੰਧ ਪਹੁੰਚੇ ਤਦ ਏਥੋਂ ਦੀ ਸੰਗਤ ਨੇ ਬੜਾ ਹੀ ਪ੍ਰੇਮ ਕੀਤਾ ਅਤੇ ਬੇਨਤੀ ਕੀਤੀ ਕਿ ਮਹਾਰਾਜ! ਕੁਝ ਚਿਰ ਟਿੱਕ ਕੇ ਏਥੇ ਹੀ ਦਰਸ਼ਨ ਦੇਵੋ। ਸੰਤ ਜੀ ਮਹਾਰਾਜ ਨੇ ਇੱਕ ਦਿਨ ਆਪਣੇ ਦੋ ਸਾਥੀਆਂ ਨਾਲ ਬਚਨ ਕੀਤਾ, "ਸੰਗਤਾਂ ਪ੍ਰੇਮ ਤਾਂ ਬਹੁਤ ਕਰਦੀਆਂ ਹਨ, ਪਰ ਗੁਰਸਾਗਰ ਸਾਹਿਬ ਦੀ ਸੇਵਾ ਵੀ ਜ਼ਰੂਰ ਪੂਰੀ ਕਰਨੀ ਹੈ। ਇਨ੍ਹਾਂ ਪਾਸੋਂ ਏਸ ਕਾਰਜ ਲਈ ਮਾਇਆ ਦੀ ਮੰਗ ਕਰ ਦੇਖੀਏ, ਪ੍ਰੇਮ ਦੀ ਪ੍ਰੀਖਿਆ ਵੀ ਹੋ ਜਾਵੇਗੀ ਅਤੇ ਨਾਲ ਹੀ ਸਤਿਗੁਰੂ ਸੱਚੇ ਪਾਤਸ਼ਾਹ ਦੀ ਸੇਵਾ ਸੰਪੂਰਨ ਹੋ ਜਾਵੇਗੀ।"

ਬਾਬਾ ਕਲਿਆਣ ਸਿੰਘ ਜੀ ਅਤੇ ਭਾਈ ਹਰੀ ਸਿੰਘ ਜੀ ਨੇ ਆਖਿਆ, "ਸਤਿ ਬਚਨ ਮਹਾਰਾਜ!" ਦੂਜੇ ਦਿਨ ਇੱਕ ਸਿੰਧੀ ਪ੍ਰੇਮੀ ਨੂੰ ਸੇਵਾ ਦੀ ਬਾਬਤ ਭਾਈ ਹਰੀ ਸਿੰਘ ਜੀ ਨੇ ਜਣਾ ਦਿੱਤਾ। ਸੰਗਤਾਂ ਬੜੇ ਚਾਉ ਅਤੇ ਉਤਸ਼ਾਹ ਨਾਲ ਮਾਇਆ ਅਰਦਾਸ ਕਰਾਉਣ ਲੱਗ ਪਈਆਂ। ੨੯੦੦੦ ਰੁਪਈਆ ਏਥੋਂ ਗੁਰਸਾਗਰ

ਸਾਹਿਬ ਭੇਜਿਆ ਗਿਆ। ਸੰਗਤਾਂ ਨੇ ਸੱਚਮੁੱਚ ਸੰਤ ਜੀ ਮਹਾਰਾਜ ਨਾਲ ਆਪਣਾ ਪ੍ਰੇਮ ਪ੍ਰਗਟ ਕਰ ਦਿਖਾਇਆ। ਅਜੇ ਬਹੁਤ ਸਾਰੇ ਪ੍ਰੇਮੀਆਂ ਦੀ ਸੇਵਾ ਬਾਕੀ ਸੀ ਕਿ ਇੱਕ ਰਾਤ ਸੰਤ ਚੁਪੀਤੇ ਹੀ ਇੱਥੋਂ ਟੁਰ ਪਏ ਅਤੇ ਕਰਾਚੀ ਜਾ ਪੁੱਜੇ। ਏਥੇ ਸੰਗਤ ਦੇ ਪ੍ਰੇਮ ਕਰ ਕੇ ਤਿੰਨ ਮਹੀਨੇ ਰਹੇ। ਗੁਰਸਾਗਰ ਸਾਹਿਬ ਵਾਸਤੇ ਸੇਵਾ ਬਹੁਤ ਹੋਈ।

ਕਰਾਚੀ ਤੋਂ ਮੀਰਪੁਰ ਖਾਸ, ਅਜਮੇਰ ਦੇ ਰਸਤੇ ਬੰਬਈ ਗਏ। ਕੁਝ ਦਿਨ ਸੰਗਤ ਦਾ ਪ੍ਰੇਮ ਲੈ ਕੇ ਬੜੌਦੇ ਆ ਗਏ। ਇੱਕ ਬਾਗ਼ ਵਿੱਚ ਡੇਰਾ ਲਾਇਆ ਅਤੇ ਭਾਈ ਹਰੀ ਸਿੰਘ ਜੀ ਨੂੰ ਪ੍ਰਸ਼ਾਦ ਦਾ ਪ੍ਰਬੰਧ ਕਰਨ ਲਈ ਸ਼ਹਿਰ ਵਿੱਚ ਭੇਜਿਆ। ਇਹ ਸਾਰੇ ਬਾਜ਼ਾਰ ਫਿਰੇ, ਪਰ ਕਿਧਰੇ ਤੰਦੂਰ ਜਾਂ ਹਲਵਾਈ ਦੀ ਦੁਕਾਨ 'ਤੇ ਪੂਰੀਆਂ ਆਦਿਕ ਨਾ ਮਿਲੀਆਂ। ਹੋਟਲ ਹੀ ਹੋਟਲ ਨਜ਼ਰ ਆਉਣ ਅਤੇ ਏਥੇ ਸਿਵਾਏ ਮਾਸ ਅਤੇ ਚਾਵਲਾਂ ਦੇ ਹੋਰ ਕੁਝ ਨਾ ਮਿਲੇ।

ਏਸ ਤਰ੍ਹਾਂ ਫਿਰਦੇ-ਫਿਰਦੇ ੧੧ ਵਜ ਗਏ। ਨਿਰਾਸ਼ ਹੋ ਕੇ ਇੱਕ ਬਜ਼ਾਰ ਵਿੱਚੋਂ ਲੰਘ ਰਹੇ ਸਨ ਕਿ ਭਾਈ ਹਰੀ ਸਿੰਘ ਜੀ ਨੂੰ ਸਾਹਮਣੇ ਦੁਕਾਨ ਤੇ ਇੱਕ ਪੰਜਾਬੀ ਸਿੰਘ ਨਜ਼ਰ ਆਇਆ। ਇਹ ਉਸ ਦੇ ਕੋਲ ਚਲੇ ਗਏ ਅਤੇ ਆਪਣੀ ਸਾਰੀ ਵਿੱਥਿਆ ਆਖ ਸੁਣਾਈ। ਉਸ ਨੇ ਆਖਿਆ ਕਿ ਪ੍ਰਸ਼ਾਦ ਦਾ ਪ੍ਰਬੰਧ ਕਿਧਰੇ ਨਹੀਂ ਹੋ ਸਕਦਾ। ਇੱਥੇ ਤਾਂ ਰਵਾਜ ਹੈ ਕਿ ਸਾਰੇ ਅਮੀਰ-ਗਰੀਬ ਹੋਟਲਾਂ ਵਿੱਚ ਹੀ ਪ੍ਰਸ਼ਾਦ ਛਕਦੇ ਹਨ। ਭਾਈ ਹਰੀ ਸਿੰਘ ਜੀ ਅਜੇ ਦੁਕਾਨਦਾਰ ਨਾਲ ਗੱਲਬਾਤ ਹੀ ਕਰ ਰਹੇ ਸਨ ਕਿ ਅੰਦਰੋਂ ਉਸ ਦੀ ਵਹੁਟੀ ਨਿਕਲ ਆਈ। ਉਸ ਨੇ ਬੜੇ ਪ੍ਰੇਮ ਨਾਲ ਭਾਈ ਸਾਹਿਬ ਨੂੰ ਅੰਦਰ ਸੱਦਿਆ ਪਹਿਲਾਂ ਤਾਂ ਭਾਈ ਹਰੀ ਸਿੰਘ ਜੀ ਅੰਦਰ ਜਾਣ ਤੋਂ ਝਿਜਕੇ ਕਿ ਕਿਧਰੇ ਕੋਈ ਹੱਥ ਪੱਥ ਕਰ ਕੇ ਇਹਨਾਂ ਪਾਸੋਂ ਗੁਰਸਾਗਰ ਸਾਹਿਬ ਦੀ ਮਾਇਆ, ਜੋ ਕਿ ੫੦,੦੦੦ ਦੇ ਕਰੀਬ ਸੀ, ਖੋਹ ਨ ਲਵੇ। ਪਰ ਜਦ ਬੀਬੀ ਨੇ ਇਨ੍ਹਾਂ ਦੇ ਚਿਹਰੇ 'ਤੇ ਡਰ ਦੀ ਨਿਸ਼ਾਨੀ ਦੇਖੀ, ਉਸ ਨੇ ਆਖਿਆ, "ਤੁਸੀਂ ਡਰੋ ਨਹੀਂ, ਮੈਂ ਸੁੱਖੋ ਦੇ ਰਹਿਣ ਵਾਲੀ ਹਾਂ ਅਤੇ ਮੈਨੂੰ ਤੁਸੀਂ ਪੋਠੋਹਾਰੀ ਭਰਾ ਨਜ਼ਰ ਆਉਂਦੇ ਹੋ।" ਬੀਬੀ ਦੀ ਇਹ ਗੱਲ ਸੁਣ ਕੇ ਭਾਈ ਸਾਹਿਬ ਨੂੰ ਹੌਂਸਲਾ ਹੋ ਗਿਆ ਅਤੇ ਇਹ ਉਸ ਦੇ ਨਾਲ ਘਰ ਚਲੇ ਗਏ। ਬੀਬੀ ਨੇ ਬੜੇ ਪ੍ਰੇਮ ਨਾਲ ਪੂਰੀਆਂ ਤਲ ਦਿੱਤੀਆਂ ਅਤੇ ਨਾਲ ਹੀ ਆਲੂਆਂ ਦੀ ਭਾਜੀ ਬਣਾ ਦਿੱਤੀ। ਜਦ ਪ੍ਰਸ਼ਾਦ ਤਿਆਰ ਹੋ ਗਿਆ, ਤਦ ਪਿੱਛਲੇ ਬੂਹੇ ਦੇ ਰਸਤੇ ਬੀਬੀ ਨੇ ਭਾਈ ਹਰੀ ਸਿੰਘ ਜੀ ਨੂੰ ਟੋਰ ਦਿੱਤਾ ਅਤੇ ਆਖਿਆ ਕਿ ਕਿਸੇ ਨੂੰ ਆਖਣਾ ਨਹੀਂ ਕਿ ਮੈਂ ਤੁਹਾਨੂੰ ਪ੍ਰਸ਼ਾਦ ਤਿਆਰ ਕਰ ਕੇ ਦਿੱਤਾ ਹੈ। ਜਦ ਪੂਰੀਆਂ ਲੈ ਕੇ ਭਾਈ ਹਰੀ ਸਿੰਘ ਜੀ ਬਾਗ਼ ਵਿੱਚ ਅੱਪੜੇ ਤਦ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਬੜੀ ਦੇਰ ਲਾਈ? ਭਾਈ ਸਾਹਿਬ ਨੇ ਸਾਰੀ ਵਿੱਥਿਆ ਆਖ ਸੁਣਾਈ।

ਫੇਰ ਸੰਤ ਜੀ ਮਹਾਰਾਜ ਨੇ ਪ੍ਰਸ਼ਾਦ ਛਕਿਆ ਅਤੇ ਮਗਰੋਂ ਭਾਈ ਕਲਿਆਣ ਸਿੰਘ ਅਤੇ ਭਾਈ ਹਰੀ ਸਿੰਘ ਨੇ ਅੰਨ-ਪਾਣੀ ਗ੍ਰਹਿਣ ਕੀਤਾ। ਪ੍ਰਸ਼ਾਦ ਛਕ ਕੇ ਭਾਈ ਹਰੀ ਸਿੰਘ ਜੀ ਖਾਲੀ ਬਰਤਨ ਲੈ ਕੇ ਗਏ। ਬੀਬੀ ਨੇ ਬੜੇ ਪ੍ਰੇਮ ਨਾਲ ਦੁੱਧ ਦੀ ਇੱਕ ਬਾਲਟੀ ਭਰ ਦਿੱਤੀ।

ਜਦ ਸੇਵਕ ਦੁੱਧ ਲੈ ਕੇ ਸੰਤ ਜੀ ਮਹਾਰਾਜ ਪਾਸ ਪੁੱਜਾ ਤਦ ਸੰਤ ਜੀ ਨੇ ਪੁੱਛਿਆ ਕਿ ਕੁਝ ਕੀਮਤ ਵੀ ਦਿੱਤੀ ਹੈ ਕਿ ਏਵੇਂ ਹੀ ਲੁੱਟ ਕੇ ਹੀ ਲਿਆਂਦਾ ਹੈ? ਸੇਵਾਦਾਰ ਨੇ ਬੇਨਤੀ ਕੀਤੀ, "ਮਹਾਰਾਜ ਜੀ! ਮੈਂ ਮਾਇਆ ਦੇਣ ਦਾ ਬਹੁਤ ਯਤਨ ਕੀਤਾ ਸੀ ਪਰ ਪ੍ਰੇਮੀਆਂ ਨੇ ਨਹੀਂ ਲਈ।"

ਸੰਤ ਜੀ ਮਹਾਰਾਜ ਕੁਝ ਚਿਰ ਅਰਾਮ ਕਰਨ ਦੇ ਮਗਰੋਂ ਸ਼ਹਿਰ ਵਿੱਚ ਦਰਸ਼ਨ ਮੇਲੇ ਲਈ ਗਏ। ਜਦ ਰਾਜੇ ਦੇ ਮਹਿਲਾਂ ਪਾਸ ਪਹੁੰਚੇ ਤਦ ਡਿਉੜੀ ਬਰਦਾਰ ਪਾਸੋਂ ਪਤਾ ਲੱਗਾ ਕਿ ਬੜੌਦੇ ਵਿੱਚ ਨਵੇਂ ਪੁਰਾਣੇ ਸਿੱਕੇ

ਬਹੁਤ ਇਕੱਠੇ ਕੀਤੇ ਹੋਏ ਹਨ ਅਤੇ ਇਹ ਏਸ ਸ਼ਹਿਰ ਦੇ ਦੇਖਣ ਵਾਲੀ ਖ਼ਾਸ ਚੀਜ਼ ਹੈ। ਏਸ ਮਕਾਨ ਦੀ ਚਾਬੀ ਰਾਜੇ ਪਾਸ ਰਹਿੰਦੀ ਹੈ ਅਤੇ ਸ਼ਾਮ ਦੇ ਵਕਤ ਦਰਵਾਜ਼ਾ ਖੁੱਲ੍ਹਦਾ ਹੈ। ਇਹ ਗੱਲ ਸੁਣ ਕੇ ਸੰਤ ਜੀ ਸੇਵਕਾਂ ਸਮੇਤ ਇੱਕ ਦਰੱਖਤ ਹੇਠ ਬੈਠ ਗਏ। ਦੋ-ਤਿੰਨ ਵਜੇ ਰਾਜਾ ਆਇਆ। ਸੰਤ ਜੀ ਮਹਾਰਾਜ ਦਾ ਨੂਰਾਨੀ, ਜਲਾਲ ਭਰਿਆਂ ਚਿਹਰਾ ਦੇਖ ਕੇ ਖਿੱਚਿਆ ਗਿਆ। ਕੋਲ ਆ ਕੇ ਪੁੱਛਣ ਲੱਗਾ ਕਿ ਆਪ ਕੌਣ ਹੋ? ਸੰਤ ਜੀ ਮਹਾਰਾਜ ਨੇ ਆਖਿਆ, ''ਅਸੀਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਿੱਖ ਹਾਂ ਅਤੇ ਪੰਜਾਬ ਦੇਸ਼ ਦੇ ਰਹਿਣ ਵਾਲੇ ਹਾਂ।'' ਰਾਜਾ ਬੜਾ ਪ੍ਰਸੰਨ ਹੋਇਆ ਅਤੇ ਸਾਰੇ ਸਿੱਕੇ ਸੰਤ ਜੀ ਮਹਾਰਾਜ ਨੂੰ ਨਾਲ ਹੋ ਕੇ ਦਿਖਲਾਏ।

ਬੜੌਦੇ ਤੋਂ ਸੰਤ ਜੀ ਮਹਾਰਾਜ ਭੁਪਾਲ, ਦਿੱਲੀ, ਜਾਖਲ ਦੇ ਰਸਤੇ ਸਿੱਧੇ ਸੰਗਰੂਰ ਆਏ ਅਤੇ ਗੁਰਸਾਗਰ ਸਾਹਿਬ ਮਸਤੂਆਣੇ ਆ ਪਹੁੰਚੇ।

ਸੰਗਤ ਬਹੁਤ ਚਿਰ ਤੋਂ ਮਨ-ਮੋਹਣੇ ਦਰਸ਼ਨਾਂ ਨੂੰ ਉਡੀਕ ਰਹੀ ਸੀ, ਸਭ ਦੇ ਹਿਰਦੇ ਖਿੜ ਗਏ ਅਤੇ ਦੂਣੇ-ਚੌਣੇ ਉਤਸ਼ਾਹ ਨਾਲ ਸੇਵਾ ਹੋਣ ਲੱਗ ਪਈ।

ਕਾਂਡ ੩੩

ਸਿਰੀਰਾਗੁ ਮਹਲਾ ੫ ॥
ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥
ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥੧॥
ਠਾਕੁਰੁ ਸਰਬੇ ਸਮਾਣਾ ॥
ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥੧॥ਰਹਾਉ॥
ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥
ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥
ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥
ਸੰਤਨ ਕੀ ਰੇਨੁ ਨਾਨਕ ਦਾਨੁ ਪਾਇਆ ॥੪॥ (੫੧)

(ਸੰਤ ਜੀ ਮਹਾਰਾਜ ਦਾ ਬੈਠ ਕੇ ਗੁਰਦੁਆਰਾ ਸਾਹਿਬ ਮਸਤੂਆਣਾ ਨੂੰ ਸੰਪੂਰਨ ਕਰਵਾਉਣਾ, ਗੁਰਸਾਗਰ ਸਾਹਿਬ ਸਰੋਵਰ ਵਾਲੀ ਜਗ੍ਹਾ ਭੱਠਾ ਲਗਾਉਣਾ ਅਤੇ ਇਸ ਧਰਤੀ 'ਤੇ ਬੈਠ ਕੇ ਕਈ ਖਾਸ ਚੋਜ ਵਰਤਾਉਣੇ।)

ਗੁਰਦੁਆਰਾ ਸਾਹਿਬ ਮਸਤੂਆਣਾ ਸੇਵਾ ਦੀਆਂ ਖਾਸ ਸਾਖੀਆਂ

ਸਤਿਗੁਰੂ ਦੀ ਮਿਹਰ ਨਾਲ ਸਿੰਧ ਹਿੰਦੁਸਤਾਨ ਦੇ ਪਿੱਛਲੇ ਦੌਰੇ ਵਿੱਚ ਸੰਗਤਾਂ ਨੇ ਦਿਲ ਖੋਲ੍ਹ ਕੇ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਲਈ ਮਾਇਆ ਅਰਦਾਸ ਕਰਵਾਈ ਸੀ।

ਸੋ ਹੁਣ ਸੰਤ ਜੀ ਮਹਾਰਾਜ ਨੇ ਆਪਣੇ ਮਨ ਵਿੱਚ ਠਾਨ ਲਿਆ ਕਿ ਗੁਰਦੁਆਰੇ ਸਾਹਿਬ ਦੀ ਸੇਵਾ ਪੂਰੀ ਕਰਵਾ ਕੇ ਹੀ ਮਸਤੂਆਣੇ ਤੋਂ ਉੱਠਣਾ ਹੈ।

ਸੇਵਾ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਈ। ਸਾਧ-ਸੰਗਤ ਤਾਂ ਅੱਗੇ ਹੀ ਆਪਣਾ ਨਿੱਤਨੇਮ ਸਮਝ ਕੇ ਸੇਵਾ ਵਿੱਚ ਲੱਗੀ ਰਹਿੰਦੀ। ਸੰਤ ਜੀ ਮਹਾਰਾਜ ਦੇ ਬੈਠਣ ਕਰ ਕੇ ਇਲਾਕੇ ਦੇ ਨਗਰਾਂ ਵਿੱਚ ਬੜਾ ਚਾਉ ਪੈਦਾ ਹੋ ਗਿਆ। ਸਾਰੇ ਵਾਰੀ-ਵਾਰੀ ਸੇਵਾ ਵਿੱਚ ਹਾਜ਼ਰੀ ਭਰਨ ਆਉਂਦੇ ਅਤੇ ਗੁਰਦੁਆਰੇ ਸਾਹਿਬ ਅਤੇ ਭੱਠੇ ਦਾ ਕੰਮ ਪੂਰੇ ਜ਼ੋਰ ਨਾਲ ਕਰਦੇ।

ਜਿੱਥੇ ਹੁਣ ਗੁਰਸਾਗਰ ਸਾਹਿਬ ਸਰੋਵਰ ਹੈ, ਉੱਥੇ ਭੱਠਾ ਲੱਗਾ ਹੋਇਆ ਸੀ। ਇਸ ਤਰ੍ਹਾਂ ਨਾਲੇ ਤਾਂ ਸਰੋਵਰ ਦੀ ਪੁਟਾਈ ਹੁੰਦੀ ਜਾਂਦੀ ਸੀ ਅਤੇ ਨਾਲੇ ਇਮਾਰਤ ਵਾਸਤੇ ਇੱਟਾਂ ਤਿਆਰ ਹੋ ਰਹੀਆਂ ਸਨ। ਰਾਜਾਂ (ਮਿਸਤਰੀਆਂ) ਅਤੇ ਪਥੇਰਿਆਂ ਤੋਂ ਛੁੱਟ ਇਮਾਰਤ ਅਤੇ ਭੱਠੇ ਦੀ ਸੇਵਾ ਬਿਹੰਗਮ ਜਥਾ ਅਤੇ ਪਿੰਡਾਂ ਦੀ ਸੰਗਤ ਕਰਦੀ। ਸੰਤ ਜੀ ਮਹਾਰਾਜ ਵੀ ਸਾਰਾ ਦਿਨ ਇੱਕ-ਰਸ ਚੌਕੜੀ ਮਾਰ ਸੇਵਾ ਵਿੱਚ ਹਾਜ਼ਰ ਰਹਿੰਦੇ। ਇਹਨਾਂ ਦੀ

ਨਿਗਾਹ ਦੀ ਬਰਕਤ ਨਾਲ ਪ੍ਰੇਮੀ ਬੜੇ ਉਤਸ਼ਾਹ ਅਤੇ ਸਿਦਕ ਵਿੱਚ ਸੇਵਾ ਕਰਦੇ। ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਦੇ ਸਮੇਂ ਦੀਆਂ ਕੁਝ ਖਾਸ ਸਾਖੀਆਂ ਸੰਤ ਜੀ ਮਹਾਰਾਜ ਦੀ ਅੰਤਰਯਾਤਮਾ, ਰਾਜਨੀਤੀ, ਅਡੋਲਤਾ, ਸੇਵਾ-ਭਾਵ, ਦਿਆਲਤਾ, ਸਮ-ਦ੍ਰਿਸ਼ਟੀ, ਗਰੀਬੀ ਅਤੇ ਕਾਮਲ ਫ਼ਕੀਰੀ ਤੇ ਰੌਸ਼ਨੀ ਪਾਉਂਦੀਆਂ ਹਨ-

(੧) ਇੱਕ ਰਾਤ ਕੋਈ ਸਵਾ ਇੱਕ ਵਜੇ ਦਾ ਵਕਤ ਸੀ ਕਿ ਸੰਤ ਜੀ ਮਹਾਰਾਜ ਨੇ ਭਾਈ ਬੂਟਾ ਸਿੰਘ ਜੀ ਰਾਗੀ ਨੂੰ ਜਗਾਇਆ ਅਤੇ ਹੁਕਮ ਕੀਤਾ, "ਭਾਈ! ਛੇਤੀ ਜਾਗੋ ਅਤੇ ਕੀਰਤਨੀ ਜਥਾ ਤਿਆਰ ਕਰ ਲਵੋ। ਅੱਜ ਅੱਗੇ ਨਾਲੋਂ ਇੱਕ ਘੰਟਾ ਪਹਿਲਾਂ ਕੀਰਤਨ ਅਰੰਭ ਕਰਨਾ ਹੈ।" ਰਾਗੀ ਜਥੇ ਨੇ ਇਸ਼ਨਾਨ ਪਾਣੀ ਕਰ ਕੇ ਢਾਈ ਵਜੇ ਕੀਰਤਨ ਸ਼ੁਰੂ ਕਰ ਦਿੱਤਾ ਅਤੇ ਸੰਤ ਜੀ ਮਹਾਰਾਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜ ਗਏ। ਅਜੇ ਪੰਜ ਕੁ ਛੱਕੇ ਹੀ ਲੱਗੇ ਸਨ ਕਿ ਰਿਆਸਤ ਦੇ ਦਸ ਪੰਦਰਾਂ ਅਫਸਰ ਘੋੜਿਆਂ 'ਤੇ ਅਸਵਾਰ ਮਸਤੂਆਣੇ ਆ ਪਹੁੰਚੇ। ਕੀਰਤਨ ਦੀ ਅਵਾਜ਼ ਸੁਣ ਕੇ ਇਹ ਦੀਵਾਨ ਵਿੱਚ ਆ ਗਏ। ਜਦ ਆਸਾ ਜੀ ਦੀ ਵਾਰ ਦਾ ਭੋਗ ਪਿਆ ਤਦ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਆਪ ਕਿਸ ਤਰ੍ਹਾਂ ਆਏ? ਕੋਈ ਸ਼ਬਦ ਸੁਣਾਉਣ ਦੀ ਕ੍ਰਿਪਾ ਕਰੋ। ਇਹਨਾਂ ਵਿੱਚੋਂ ਇੱਕ ਅਹਿਲਕਾਰ ਨੇ ਜਵਾਬ ਦਿੱਤਾ, "ਮਹਾਰਾਜ! ਜੱਟ ਮੂਰਖ ਹਨ, ਐਵੇਂ ਸ਼ਿਕਾਇਤ ਕਰਦੇ ਹਨ। ਇੱਥੇ ਤਾਂ ਕੋਈ ਐਸੀ ਗੱਲ ਨਜ਼ਰ ਨਹੀਂ ਆਉਂਦੀ ਜਿਸ ਵਿੱਚ ਸਰਕਾਰ ਦਖ਼ਲ ਦੇਵੇ।"

(੨) ਇੱਕ ਵਾਰੀ ਮਹਾਰਾਜ ਹੀਰਾ ਸਿੰਘ ਜੀ ਵਾਲੀਏ, ਨਾਭਾ ਦੌਰਾ ਕਰਦੇ-ਕਰਦੇ ਮਸਤੂਆਣੇ ਆਏ। ਮਹਾਰਾਜਾ ਸਾਹਿਬ ਨੇ ਡੇਰਾ ਬਹਾਦਰਪੁਰ ਰੱਖਿਆ ਅਤੇ ਅੰਮ੍ਰਿਤ ਵੇਲੇ ਹੀ ਗੁਰਸਾਗਰ ਸਾਹਿਬ ਮਸਤੂਆਣੇ ਪਹੁੰਚ ਗਏ। ਸੰਤ ਜੀ ਮਹਾਰਾਜ ਆਸਾ ਜੀ ਦੀ ਵਾਰ ਦਾ ਦੀਵਾਨ ਲਗਾਈ ਬੈਠੇ ਸਨ। ਮਹਾਰਾਜ ਸਾਹਿਬ ਦੀਵਾਨ ਵਿੱਚ ਆਏ ਅਤੇ ਮੱਥਾ ਟੇਕ ਹੱਥ ਜੋੜ ਕੇ ਖੜੇ ਹੀ ਰਹੇ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਆਖਿਆ ਕਿ ਬੈਠ ਜਾਵੋ, ਪਰ ਮਹਾਰਾਜਾ ਸਾਹਿਬ ਖੜ੍ਹੇ ਹੀ ਰਹੇ। ਜਦ ਦੀਵਾਨ ਦਾ ਭੋਗ ਪਿਆ ਤਦ ਮਹਾਰਾਜ ਹੀਰਾ ਸਿੰਘ ਜੀ ਇਹ ਆਖ ਕੇ ਕਿ 'ਕਿਧਰੇ ਬਾਬਾ ਰਾਮ ਸਿੰਘ ਜੀ ਵਾਲੀ ਖੇਡ ਨਾ ਕਰ ਵਿਖਾਉਣੀ' ਚਲੇ ਗਏ। ਸੰਤ ਜੀ ਮਹਾਰਾਜ ਅਡੋਲ ਸ਼ਾਂਤ ਮੂਰਤ ਬੈਠੇ ਰਹੇ, ਕੋਈ ਉੱਤਰ ਨਾ ਦਿੱਤਾ। ਦੂਜੇ ਦਿਨ ਬਾਹਰ ਦੌਰੇ 'ਤੇ ਚਲੇ ਗਏ।

(੩) ਭਾਈ ਸਾਹਿਬ ਦਾਸ ਜੀ ਇੱਕ ਪੂਰਨ ਅਲਮਸਤ ਸਾਧੂ ਸੰਗਰੂਰ ਦੇ ਫੌਜੀ ਬੇੜੇ ਦੇ ਚੌਂਕ ਵਿੱਚ ਰਹਿੰਦੇ। ਇਹ ਕਈ ਵਾਰੀ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨ ਲਈ ਆਉਂਦੇ ਅਤੇ ਆਪਣੇ ਸਤਿਸੰਗੀਆਂ ਨੂੰ ਆਖਦੇ, "ਆਓ ਠਾਕੁਰ ਜੀ ਦਾ ਦਰਸ਼ਨ ਕਰਾ ਲਿਆਈਏ।" ਘੰਟਾ-ਘੰਟਾ ਸੰਤ ਜੀ ਮਹਾਰਾਜ ਦੇ ਸਾਹਮਣੇ ਖੜੇ ਰਹਿੰਦੇ, ਇੱਕ-ਟਕ ਦੀਦਾਰ ਕਰੀ ਜਾਂਦੇ। ਸੰਤ ਜੀ ਮਹਾਰਾਜ ਕਈ ਵਾਰੀ ਬੈਠਣ ਵਾਸਤੇ ਆਖਦੇ, ਪਰ ਇਹ ਨਾ ਬੈਠਦੇ, ਆਪਣੀ ਮੌਜ ਵਿੱਚ ਪ੍ਰੇਮ ਦਾ ਰੰਗ ਖੜੇ-ਖੜੇ ਹੀ ਮਾਣੀ ਜਾਂਦੇ। ਇੱਕ ਦਿਨ ਬਾਬਾ ਸਾਹਿਬ ਦਾਸ ਆਏ, ਕੀਰਤਨ ਹੋ ਰਿਹਾ ਸੀ। ਇਹ ਸ਼ਬਦ ਵਿੱਚ ਇੱਕ-ਰਸ ਮਸਤ ਖੜੇ ਰਹੇ। ਜਦ ਭੋਗ ਪਿਆ ਤਦ ਇਹਨਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਠਾਕੁਰ ਜੀ! ਮੇਰੀ ਅਰਦਾਸ ਹੈ, ਜੇ ਹੁਕਮ ਹੋਵੇ ਤਾਂ ਆਖ ਸੁਣਾਵਾਂ।" ਸੰਤ ਜੀ ਮਹਾਰਾਜ ਜੀ ਨੇ ਹੱਸ ਕੇ ਆਖਿਆ, "ਹੁਕਮ ਕਰੋ।" ਤਦ ਬਾਬਾ ਸਾਹਿਬ ਦਾਸ ਜੀ ਬੋਲੇ, "ਨਹੀਂ ਮਹਾਰਾਜ! ਮੇਰੀ ਤਾਂ ਬੇਨਤੀ ਹੈ, ਮੈਂ ਬੜਾ ਦੁੱਖੀ ਹੁੰਦਾ ਹਾਂ ਕਿ ਆਪ ਸਭ ਪਾਸੋਂ ਇਸ ਅਸਥਾਨ ਵਾਸਤੇ ਮਾਇਆ ਇਕੱਤਰ ਕਰਦੇ ਹੋ। ਮੈਨੂੰ ਸੱਤਾਂ ਪਾਤਸ਼ਾਹੀਆਂ ਦੇ ਇੱਕ ਖ਼ਜ਼ਾਨੇ ਦਾ ਪਤਾ ਹੈ। ਸੋ ਮੈਂ ਹਜ਼ੂਰ ਨੂੰ ਦੱਸ ਸਕਦਾ ਹਾਂ। ਆਪ ਮੰਗਣਾ ਬੰਦ ਕਰ ਦੇਵੋ।" ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, 'ਸ੍ਰਿਸ਼ਟੀ ਦੇ ਸਾਰੇ

ਖ਼ਜ਼ਾਨੇ ਆਪਣੇ ਹੀ ਹਨ, ਪਰ ਅਸਾਂ ਇਹਨਾਂ ਲੋਕਾਂ ਪਾਸੋਂ ਤਨ, ਮਨ, ਧਨ ਕਰ ਕੇ ਸਤਿਗੁਰੂ ਦੀ ਟਹਿਲ ਕਰਵਾਉਣੀ ਹੈ। ਇਹਨਾਂ ਦਾ ਭਲਾ ਇਸੇ ਵਿੱਚ ਹੀ ਹੈ। ਇਹ ਬਚਨ ਸੁਣ ਕੇ ਬਾਬਾ ਸਾਹਿਬ ਦਾਸ ਜੀ ਮੱਥਾ ਟੇਕ ਕੇ ਚਲੇ ਗਏ। ਇੱਕ ਵਾਰੀ ਜਦ ਫਿਰ ਦਰਸ਼ਨ ਲਈ ਆਏ, ਤਦ ਸੰਗਤ ਨੇ ਬਾਬਾ ਜੀ ਦਾ ਬੜੇ ਪ੍ਰੇਮ ਨਾਲ ਇਸ਼ਨਾਨ ਕਰਾਇਆ। ਜਦ ਕੇਸ ਹਰੇ ਕਰਨ ਲੱਗੇ ਤਦ ਸੁਤੇ-ਸਿੱਧ ਹੀ ਕਹਿਣ ਲੱਗ ਪਏ, "ਵਾਹ! ਵਾਹ! ਠਾਕੁਰ ਜੀ ਦਾ ਸਰੋਵਰ ਬੜਾ ਹੀ ਅਸਚਰਜ ਬਣੇਗਾ।" ਇਹ ਬਚਨ ਕਰਦੇ ਸਾਰ ਹੀ ਸੰਤ ਜੀ ਨੂੰ ਨਮਸਕਾਰ ਕਰ ਕੇ ਚਲੇ ਗਏ।

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥੨੭੩॥

(੪) ਇੱਕ ਦਿਨ ਦੁਪਹਿਰ ਦੇ ਵਕਤ ਸੰਤ ਜੀ ਮਹਾਰਾਜ ਹੀਂਸ ਦੇ ਇੱਕ ਬੂਟੇ ਹੇਠਾਂ, ਜੋ ਕਿ ਪੂਰੀ ਗੁਫਾ ਦੀ ਸ਼ਕਲ ਵਿੱਚ ਸੀ, ਬਿਰਾਜਮਾਨ ਸਨ। ਭਾਈ ਅਮਲਾ ਸਿੰਘ ਅਤੇ ਭਾਈ ਹਰੀ ਸਿੰਘ ਜੀ ਬਾਹਰ ਪਹਿਰੇ 'ਤੇ ਸਨ। ਕੁਦਰਤੀ ਇਹਨਾਂ ਦੀ ਅੱਖ ਲੱਗ ਗਈ। ਕਿਸੇ ਪ੍ਰੇਮੀ ਨੇ ਸੰਤ ਜੀ ਦਾ ਪਰਤਾਵਾ ਲੈਣ ਵਾਸਤੇ ਦੋ ਜਵਾਨ ਬੀਬੀਆਂ ਭੇਜੀਆਂ। ਇਹਨਾਂ ਵਿੱਚੋਂ ਇੱਕ ਤਾਂ ਹੀਂਸ ਦੇ ਦਰਵਾਜ਼ੇ ਪਾਸ ਖੜ੍ਹੀ ਹੋ ਗਈ ਅਤੇ ਦੂਜੀ ਅੰਦਰ ਵੜ ਗਈ। ਸੰਤ ਜੀ ਪਲੰਘ 'ਤੇ ਲੇਟੇ ਸਨ, ਬੀਬੀ ਮੰਜੇ ਪਾਸ ਚਲੀ ਗਈ ਅਤੇ ਜਗਾਉਣ ਲਈ ਸਰੀਰ ਵੱਲ ਹੱਥ ਵਧਾਇਆ। ਅਜੇ ਹੱਥ ਸਰੀਰ ਨਾਲ ਛੋਹਿਆ ਹੀ ਸੀ ਕਿ ਸੰਤ ਜੀ ਮਹਾਰਾਜ ਉੱਠ ਕੇ ਬੈਠ ਗਏ ਅਤੇ ਉੱਚੀ ਅਵਾਜ਼ ਵਿੱਚ ਆਖਿਆ, 'ਕੋਈ ਹੈ?' ਅਵਾਜ਼ ਸੁਣਦੇ ਹੀ ਭਾਈ ਹਰੀ ਸਿੰਘ ਜੀ ਦੌੜੇ ਆਏ। ਬੀਬੀ ਥਰ-ਥਰ ਕੰਬਣ ਲਗੀ ਅਤੇ ਘਘਿਆ ਕੇ ਰੋਣ ਲੱਗ ਪਈ। ਇੰਨੇ ਚਿਰ ਵਿੱਚ ਸ: ਨਿਹਾਲ ਸਿੰਘ ਜੀ ਬੀੜ ਵਾਲੇ ਵੀ ਕੁਝ ਫਲ ਲੈ ਕੇ ਆ ਨਿਕਲੇ। ਬੀਬੀ ਦੀ ਪਛਤਾਵੇ ਦੀ ਦਸ਼ਾ ਦੇਖ ਕੇ ਸੰਤ ਜੀ ਨੇ ਮਿਹਰ ਦੀ ਨਿਗਾਹ ਕੀਤੀ ਅਤੇ ਪੁੱਤਰੀ ਆਖ ਕੇ ਠੰਢ ਪਾਈ।*

(੫) ਸੰਤ ਜੀ ਮਹਾਰਾਜ ਦਾ ਦੀਵਾਨ ਮਸਤੂਆਣੇ ਲੱਗਾ ਹੋਇਆ ਸੀ। ਨਾਭੇ ਦੀ ਪੁਲੀਸ ਦਾ ਸਿਪਾਹੀ ਇੱਕ ਕੈਦੀ ਨੂੰ ਲਈ ਜਾਂਦਾ ਉੱਥੇ ਆ ਨਿਕਲਿਆ। ਸ਼ਬਦ ਕੀਰਤਨ ਸੁਣ ਕੇ ਦੀਵਾਨ ਵਿੱਚ ਆ ਬੈਠਾ। ਸੰਤ ਜੀ ਮਹਾਰਾਜ ਦੀ ਨਿਗਾਹ ਕੈਦੀ 'ਤੇ ਪਈ, ਹਿਰਦੇ ਵਿੱਚ ਮਿਹਰ ਆ ਗਈ। ਸਿਪਾਹੀ ਨੂੰ ਆਖਿਆ, "ਭਾਈ! ਇਸ ਨੂੰ ਛੱਡ ਦੇ! ਇੱਥੋਂ ਤਾਂ ਜਮ ਵੀ ਕਿਸੇ ਪ੍ਰਾਣੀ ਨੂੰ ਨਹੀਂ ਲੈ ਜਾ ਸਕਦੇ।" ਸਿਪਾਹੀ ਨੇ ਆਖਿਆ, "ਮਹਾਰਾਜ ਜੀ! ਛੱਡ ਤਾਂ ਦੇਵਾਂ ਪਰ ਮੈਂ ਮਾਰਿਆ ਜਾਵਾਂਗਾ।" ਸੰਤ ਜੀ ਨੇ ਫ਼ਰਮਾਇਆ, "ਭਾਈ! ਤੂੰ ਛੱਡ ਦੇ, ਅਸੀਂ ਤੇਰੇ ਜ਼ੁੰਮੇਵਾਰ ਹਾਂ, ਤੇਰਾ ਵਾਲ ਵੀ ਵਿੰਗਾ ਨਹੀਂ ਹੋਵੇਗਾ।" ਸੰਤ ਜੀ ਮਹਾਰਾਜ ਦੇ ਜਲਾਲ ਅਤੇ ਤਪ ਤੇਜ ਨੂੰ ਦੇਖ ਕੇ ਸਿਪਾਹੀ ਨੇ ਬਚਨ ਮੰਨ ਲਿਆ ਅਤੇ ਕੈਦੀ ਨੂੰ ਛੱਡ ਦਿੱਤਾ। ਛੁੱਟਦੇ ਸਾਰ ਹੀ ਕੈਦੀ ਦਾ ਜੀਵਨ ਪਲਟ ਗਿਆ, ਉਸੇ ਵੇਲੇ ਟੋਕਰੀ ਢੋਣ ਲੱਗ ਪਿਆ ਤੇ ਫੇਰ ਲੱਕੜਾਂ ਪਾੜਨ ਅਤੇ ਲੰਗਰ ਦੀ ਸੇਵਾ ਵਿੱਚ ਪੱਕਾ ਭਰਤੀ ਹੋ ਗਿਆ। ਸਿਪਾਹੀ ਵੀ ਸਾਰਾ ਦਿਨ ਗੁਰਸਾਗਰ ਸਾਹਿਬ ਰਿਹਾ, ਸੇਵਾ ਅਤੇ ਸਤਿਸੰਗ ਦਾ ਰੰਗ ਮਾਣਿਆ। ਦੂਜੇ ਦਿਨ ਨਾਭੇ ਚਲਾ ਗਿਆ। ਜਦ ਇਸ ਕੈਦੀ ਦੀ ਮਹਾਰਾਜਾ ਹੀਰਾ ਸਿੰਘ ਜੀ ਦੇ ਪਾਸ ਪੇਸ਼ੀ ਦੀ ਵਾਰੀ ਆਈ ਤਦ ਇਸ ਨੇ ਮਹਾਰਾਜ ਸਾਹਿਬ ਨੂੰ ਸਾਰੀ ਗੱਲ ਸੱਚ-ਸੱਚ ਦੱਸ ਦਿੱਤੀ। ਮਹਾਰਾਜਾ ਸਾਹਿਬ ਹੱਸ ਪਏ ਅਤੇ ਸਿਪਾਹੀ ਨੂੰ ਕੁਝ ਨਾ ਆਖਿਆ।

(੬) ਸੰਗਤ ਦਾ ਇੱਕ ਸਰੀਰ ਨਿੱਤ ਕਾਂਜਲੇ ਜਾਂਦਾ ਅਤੇ ਭਾਈ ਹੀਰਾ ਸਿੰਘ ਜੀ ਪਾਸੋਂ ਦੁੱਧ ਲਿਆ ਕੇ ਸੰਤ ਜੀ ਮਹਾਰਾਜ ਦੇ ਸੇਵਕਾਂ ਨੂੰ ਦਿੰਦਾ। ਸੇਵਕ ਕਾੜ੍ਹਨੀ ਵਿੱਚ ਪਾ ਕੇ ਹਾਰੇ ਵਿੱਚ ਟਿਕਾ ਦਿੰਦੇ। ਸਾਰਾ ਦਿਨ ਦੁੱਧ ਕੜ੍ਹੀ ਜਾਂਦਾ, ਸ਼ਾਮ ਦੇ ਵੇਲੇ ਮਹਾਰਾਜ ਇਸ ਨੂੰ ਵਰਤਦੇ। ਇੱਕ ਦਿਨ ਜਦ ਸੰਤ ਜੀ ਮਹਾਰਾਜ ਨੇ ਆਪਣੇ

* ਜ਼ਬਾਨੀ ਸੰਤ ਭਾਈ ਬੂਟਾ ਸਿੰਘ ਜੀ ਰਾਗੀ।

ਨੇਮ ਅਨੁਸਾਰ ਤਿੰਨ ਵਜੇ ਆਪਣਾ ਦਰਵਾਜ਼ਾ ਖੋਲ੍ਹਿਆ, ਤਦ ਬਾਬਾ ਕਲਿਆਣ ਸਿੰਘ ਜੀ ਸੇਵਾ ਲਈ ਅੰਦਰ ਆ ਗਏ। ਸੰਤ ਜੀ ਦੀ ਨਿਗਾਹ ਹਾਰੇ 'ਤੇ ਪਈ। ਕੀ ਦੇਖਦੇ ਹਨ ਕਿ ਇੱਕ ਬਿੱਲੀ ਹਾਰੇ ਦੇ ਆਲੇ-ਦੁਆਲੇ ਗੇੜੇ ਲਾ ਰਹੀ ਹੈ। ਸੰਤ ਜੀ ਨੇ ਭਾਈ ਕਲਿਆਣ ਸਿੰਘ ਜੀ ਨੂੰ ਆਖਿਆ, "ਭਾਈ! ਜੇ ਮੰਨੋ ਤਾਂ ਇੱਕ ਗੱਲ ਆਖੀਏ।" ਭਾਈ ਕਲਿਆਣ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਹੁਕਮ ਦੇਵੋ।" ਸੰਤ ਜੀ ਨੇ ਫ਼ਰਮਾਇਆ, "ਹਾਰੇ ਦਾ ਚਾਪੜ ਪਰੇ ਧਰ ਦੇਵੋ ਅਤੇ ਕਾੜ੍ਹਨੀ ਤੋਂ ਚੱਪਣ ਲਾਹ ਦੇਵੋ। ਫੇਰ ਤੁਸੀਂ ਸਾਡੇ ਕੋਲ ਆ ਕੇ ਬੈਠ ਜਾਵੋ।" ਬਚਨ ਮੰਨ ਕੇ ਭਾਈ ਕਲਿਆਣ ਸਿੰਘ ਜੀ ਨੇ ਹਾਰੇ ਤੋਂ ਚਾਪੜ ਹਟਾ ਦਿੱਤਾ ਅਤੇ ਦੁੱਧ ਵਾਲੀ ਕਾੜ੍ਹਨੀ ਤੋਂ ਚੱਪਣ ਲਾਹ ਦਿੱਤਾ ਅਤੇ ਆਪ ਸੰਤ ਜੀ ਪਾਸ ਜਾ ਕੇ ਬੈਠ ਗਏ। ਬਿੱਲੀ ਨੇ ਇੱਕ-ਦੋ ਵਾਰੀ ਤਾਂ ਚਾਰੇ ਪਾਸੇ ਤੱਕਿਆ, ਪਰ ਜਦ ਕੋਈ ਵੀ ਆਦਮੀ ਨੇੜੇ ਨਾ ਦਿੱਸਿਆ ਤਦ ਨਿਸ਼ਚਿੰਤ ਹੋ ਕੇ ਹਾਰੇ ਦੇ ਕੰਢੇ 'ਤੇ ਬੈਠ ਕਾੜ੍ਹਨੀ ਵਿੱਚੋਂ ਦੁੱਧ ਪੀਣ ਲੱਗ ਪਈ। ਥੋੜ੍ਹਾ ਚਿਰ ਪੀਵੇ, ਫੇਰ ਸਾਹ ਲੈ ਲਵੇ, ਨਾਲ ਮੁੱਛਾਂ 'ਤੇ ਹੱਥ ਫੇਰੇ। ਇਸ ਤਰ੍ਹਾਂ ਬਿੱਲੀ ਨੇ ਬੜੇ ਪ੍ਰੇਮ ਨਾਲ ਦੁੱਧ ਛਕਿਆ। ਜਦ ਰੱਜ ਗਈ ਤਦ ਹਾਰੇ ਦੇ ਕੰਢੇ 'ਤੇ ਬੈਠੀ-ਬੈਠੀ ਨੇ ਖੂਬ ਮੌਜ ਵਿੱਚ ਦੋ-ਚਾਰ ਮਿੰਟ ਆਪਣੀਆਂ ਮੁੱਛਾਂ 'ਤੇ ਹੱਥ ਫੇਰੇ।

ਇੱਧਰ ਬਿੱਲੀ ਦੁੱਧ ਪੀ ਰਹੀ ਸੀ, ਉੱਧਰ ਸੰਤ ਜੀ ਮਹਾਰਾਜ ਇਸ ਨੂੰ ਅਨੰਦ ਦੇਖ ਕੇ ਬੜੇ ਪ੍ਰੇਮ ਵਿੱਚ ਮੁਸਕਰਾ ਰਹੇ ਸਨ। ਮੱਥਾ ਖਿੜ ਰਿਹਾ ਸੀ ਅਤੇ ਅੰਮ੍ਰਿਤ ਦ੍ਰਿਸਟ ਇਸ ਭਾਗ ਭਰੀ ਬਿੱਲੀ 'ਤੇ ਪੈ ਰਹੀ ਸੀ। ਜਦ ਇਹ ਰੱਜ ਕੇ ਬੈਠ ਗਈ ਅਤੇ ਬੜੀ ਮੌਜ ਵਿੱਚ ਮੁੱਛਾਂ 'ਤੇ ਹੱਥ ਫੇਰਨ ਲੱਗ ਪਈ, ਤਦ ਸੰਤ ਜੀ ਬੜੇ ਖਿੜ-ਖਿੜਾ ਕੇ ਹੱਸ ਪਏ ਅਤੇ ਭਾਈ ਕਲਿਆਣ ਸਿੰਘ ਜੀ ਨੂੰ ਆਖਿਆ, "ਦੇਖੋ ਭਾਈ! ਅੰਤਰਜਾਮੀ ਕਿਸ ਰੰਗ ਵਿੱਚ ਮੌਜ ਮਾਣ ਰਿਹਾ ਹੈ।"

(੭) ਬਹਾਦਰਪੁਰ ਦੇ ਬਾਣੀਏ ਭਾਈ ਮਿਹਰ ਸਿੰਘ ਜੀ ਨੇ ਗੁਰੂ ਦੇ ਲੰਗਰ ਵਾਸਤੇ ਧਰਤੀ ਅਰਦਾਸ ਕਰਵਾਈ ਸੀ। ਇੱਕ ਦਿਨ ਸੰਗਤ ਇਸ ਦੇ ਖੇਤ ਵਿੱਚ ਸੇਵਾ ਕਰ ਰਹੀ ਸੀ। ਸੰਤ ਜੀ ਮਹਾਰਾਜ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸਾਰੇ ਜਥੇ ਸਮੇਤ ਇਸ ਖੇਤ ਵਿੱਚ ਆਏ ਅਤੇ ਹੱਥ ਜੋੜ ਕੇ ਆਖਿਆ, "ਸਾਧ-ਸੰਗਤ ਜੀ! ਸਾਨੂੰ ਗਰੀਬਾਂ ਨੂੰ ਵੀ ਕੋਈ ਸੇਵਾ ਬਖ਼ਸ਼ੋ!" ਸੰਗਤ ਦੇ ਸਾਰੇ ਸਰੀਰ ਚਰਨੀਂ ਲੱਗੇ ਅਤੇ ਅਰਦਾਸ ਕੀਤੀ, 'ਮਹਾਰਾਜ ਜੀ! ਆਪ ਦੀਦਾਰ ਦੇਵੋ। ਸੇਵਾ ਵਿੱਚ ਅਸੀਂ ਜੂ ਹਾਜ਼ਰ ਹਾਂ।' ਸੰਤ ਜੀ ਨੇ ਆਖਿਆ, "ਭਾਈ! ਸਾਨੂੰ ਇੱਕ ਸਿਆੜ ਜ਼ਰੂਰ ਲਿਆਉਣ ਦੇਵੋ ਅਤੇ ਸਾਰੀ ਸੰਗਤ ਡਲੇ ਭੰਨੋ।" ਇਹ ਕਹਿ ਕੇ ਸੰਤ ਜੀ ਨੇ ਭਾਈ ਪ੍ਰਤਾਪ ਸਿੰਘ ਜੀ ਪਾਸੋਂ ਹਲ਼ ਦੀ ਹੱਥੀ ਲੈ ਲਈ ਅਤੇ ਇੱਕ ਪੂਰਾ ਗੇੜਾ ਸਾਰੇ ਖੇਤ ਵਿੱਚੋਂ ਲਿਆਂਦਾ। ਫੇਰ ਸੰਤ ਜੀ ਮਹਾਰਾਜ ਬਲਦਾਂ ਨੂੰ ਸਹਾਰ ਕੇ ਖੜੇ ਹੋ ਗਏ ਅਤੇ ਬੜੇ ਪ੍ਰੇਮ ਨਾਲ ਬੋਲੇ, "ਆਪਾਂ, ਭਾਈ! ਇਸ ਜਗ੍ਹਾ ਖੇਤੀ ਕਰਕੇ ਲੰਗਰ ਚਲਾਇਆ ਕਰਾਂਗੇ।"

(੮) ਇੱਕ ਦਿਨ ਭਾਈ ਕੇਹਰ ਸਿੰਘ ਜੀ ਬੜੂੰਦੀ ਵਾਲੇ ਸੰਤ ਜੀ ਮਹਾਰਾਜ ਪਾਸ ਬੈਠੇ ਸਨ। ਸੰਤ ਜੀ ਦੇ ਹੱਥ ਵਿੱਚ ਮਹੀਨ ਮਲਮਲ ਦਾ ਇੱਕ ਰੁਮਾਲ ਸੀ। ਸੰਤ ਜੀ ਨੇ ਰੁਮਾਲ ਨੂੰ ਖੁੱਲ੍ਹਾ ਛੱਡ ਕੇ ਹੱਥ ਨੂੰ ਉੱਚਾ ਕਰਕੇ ਆਖਿਆ, "ਦੇਖੋ ਭਾਈ! ਪਉਣ ਕੇਹੀ ਟਿਕਵੀਂ ਚੱਲਦੀ ਹੈ, ਹੁਣ ਦਾਣੇ ਕੱਢਣ ਦਾ ਵੇਲਾ ਹੈ। ਪੰਜਾਹ ਛੱਜਲੀਆਂ ਛੇਤੀ ਸ਼ਹਿਰ ਤੋਂ ਮੰਗਵਾ ਲਵੋ। ਜਦ ਤੀਕਰ ਆਪਣੀਆਂ ਛੱਜਲੀਆਂ ਨਹੀਂ ਆਉਂਦੀਆਂ, ਪਿੰਡਾਂ ਪਾਸੋਂ ਮੰਗਾ ਕੇ ਹੀ ਕੰਮ ਚਲਾ ਲਵੋ।"

(੯) ਬਾਰਾਂ ਕੁ ਵਜੇ ਦਾ ਵਕਤ ਸੀ ਤੇ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਦੇ ਇਹਾਤੇ ਅੰਦਰ, ਖੂਹ ਪਾਸ ਮੰਜੇ 'ਤੇ ਬੈਠੇ ਸਨ। ਕੁਝ ਵਡੇਰੀ ਉਮਰ ਦੇ ਦੋ ਕਾਬਲੀ ਸਿੰਘ ਆਏ ਅਤੇ ਮੱਥਾ ਟੇਕ ਕੇ

---

* ਜ਼ਬਾਨੀ ਗਿਆਨੀ ਆਤਮਾ ਸਿੰਘ ਜੀ ੧੯੦੩-੦੪ ।

ਬੈਠ ਗਏ। ਭਾਈ ਆਤਮਾ ਸਿੰਘ ਜੀ ਗਿਆਨੀ ਜਿਨ੍ਹਾਂ ਦੀ ਉਮਰ ਇਸ ਸਮੇਂ ੧੨ ਸਾਲ ਦੀ ਸੀ, ਸੰਤ ਜੀ ਮਹਾਰਾਜ ਦੀ ਦਸਤਾਰ ਅਤੇ ਖ਼ਫ਼ਨੀ ਧੋ ਕੇ ਲਿਆਏ। ਸੰਤ ਜੀ ਨੇ ਹੁਕਮ ਦਿੱਤਾ ਕਿ ਭਾਈ ਰਾਮ ਸਿੰਘ ਜੀ ਪਾਸੋਂ ਮਿੱਠਾ ਲੈ ਕੇ ਇਹਨਾਂ ਨੂੰ ਜਲ ਪਾਣੀ ਛਕਾਓ। ਭਾਈ ਆਤਮਾ ਸਿੰਘ ਤਾਂ ਜਲ ਪਾਣੀ ਤਿਆਰ ਕਰਨ ਲਈ ਚਲਾ ਗਿਆ, ਸੰਤ ਜੀ ਮਹਾਰਾਜ ਇਹਨਾਂ ਪ੍ਰੇਮੀਆਂ ਨਾਲ ਬਚਨ-ਬਿਲਾਸ ਕਰਨ ਲੱਗ ਪਏ। ਜਦ ਭੁਝੰਗੀ ਆਤਮਾ ਸਿੰਘ ਮੁੜ ਕੇ ਆਇਆ ਤਦ ਸੰਤ ਜੀ ਪ੍ਰੇਮੀਆਂ ਨੂੰ ਪੁੱਛ ਰਹੇ ਸਨ, "ਭਾਈ! ਜਗੂ ਭਗਤ ਕਾਬਲੀ ਦਾ ਕੀ ਹਾਲ ਹੈ?" ਉਹਨਾਂ ਵਿੱਚੋਂ ਵੱਡੇ ਨੇ ਆਖਿਆ, "ਮਹਾਰਾਜ! ਉਸ ਦੀ ਪੁੱਤਰੀ ਪਠਾਣ ਚੁੱਕ ਕੇ ਲੈ ਗਏ ਸਨ। ੩੦੦੦ ਰੁਪਏ ਦੇ ਕੇ ਬੜੀ ਮੁਸ਼ਕਲ ਨਾਲ ਕੁੜੀ ਮੋੜੀ ਸੂ। ਹੋਰ ਮਹਾਰਾਜ ਜੀ! ਦਾਸ ਨੂੰ ਭੀ ੧੫੦੦ ਰੁਪਏ ਚੱਟੀ ਭਰਨੀ ਪਈ। ਮੇਰੇ ਘਰ ਵਿੱਚ ਗਊ ਬਿਮਾਰ ਸੀ। ਦਾਸ ਨੇ ਕਿਸੇ ਮੁਸਲਮਾਨ ਨੂੰ ਖ਼ਬਰ ਨਾ ਕੀਤੀ। ਜੇ ਮੈਂ ਖ਼ਬਰ ਕਰਦਾ ਤਾਂ ਮੇਰੇ ਵਿਹੜੇ ਵਿੱਚ ਹੀ ਉਸ ਨੂੰ ਹਲਾਲ ਕਰਦੇ ਅਤੇ ਮੈਂ ਇਸ ਦੇ ਦੁੱਖ ਨੂੰ ਝੱਲ ਨਾ ਸਕਦਾ। ਜਦ ਗਊ ਮਰ ਗਈ ਤੇ ਮੈਂ ਚੁੱਕਣ ਵਾਸਤੇ ਆਖਿਆ, ਤਦ ਉਹਨਾਂ ਨੇ ੧੫੦੦ ਰੁਪਏ ਲੈ ਕੇ ਗਊ ਚੁੱਕੀ। ਮਹਾਰਾਜ ਜੀ! ਸਾਡੇ ਨਾਲ ਇਹ ਹਾਲ ਹੋ ਰਿਹਾ ਹੈ। ਸਾਨੂੰ ਛਡਾਓ।" ਤਦ ਸੰਤ ਜੀ ਮਹਾਰਾਜ ਹੱਸ ਪਏ ਅਤੇ ਫ਼ਰਮਾਇਆ, "ਭਾਈ! ਹੋਰ ਚਾਲੀ ਕੁ ਸਾਲ ਲੱਗਣਗੇ ਫੇਰ ਇਹ ਘਟਨਾਵਾਂ ਬਿਲਕੁਲ ਨਹੀਂ ਹੋਇਆ ਕਰਨਗੀਆਂ।"

(੧੦) ਭਾਈ ਬਖਸ਼ੀਸ਼ ਸਿੰਘ ਜੀ ਬਰਨਾਲੇ ਵਾਲੇ ਪਟਿਆਲੇ ਰਸਾਲਾ ਨੰਬਰ ੧ ਵਿੱਚ ਦਫ਼ੇਦਾਰ ਸਨ। ਇਹ ਪਹਿਲੀ ਵੇਰੀ ਗੁਰਸਾਗਰ ਸਾਹਿਬ ਮਸਤੂਆਣੇ ਸੰਤ ਜੀ ਦੇ ਦਰਸ਼ਨ ਕਰਨ ਲਈ ਗਏ। ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਜਦੋਂ ਸੰਤ ਜੀ ਬਾਹਰ ਗਏ ਤਾਂ ਇਹ ਵੀ ਨਾਲ ਹੋ ਟੁਰੇ। ਸੰਤ ਜੀ ਨੇ ਇਹਨਾਂ ਨੂੰ ਆਖਿਆ, "ਤੁਸੀਂ ਸਤਿਗੁਰੂ ਦੀ ਫੌਜ ਵਿੱਚ ਭਰਤੀ ਹੋ ਜਾਵੋ।" ਭਾਈ ਬਖਸ਼ੀਸ਼ ਸਿੰਘ ਜੀ ਨੇ ਸਿਰ ਨਿਵਾ ਕੇ ਜਵਾਬ ਦਿਤਾ ਕਿ ਮਹਾਰਾਜ! ਮੈਂ ਬੜਾ ਸ਼ਰਾਬੀ-ਕਬਾਬੀ ਤੇ ਵਿਕਾਰੀ ਪੁਰਸ਼ ਹਾਂ।" ਸੰਤ ਜੀ ਨੇ ਫ਼ਰਮਾਇਆ, "ਨਾ ਭਾਈ! ਇਹ ਕੰਮ ਨਹੀਂ ਕਰਨੇ।" ਦੂਜੇ ਦਿਨ ਦਫ਼ੇਦਾਰ ਬਖਸ਼ੀਸ਼ ਸਿੰਘ ਪਟਿਆਲੇ ਚਲਾ ਗਿਆ, ਪਰ ਦਰਸ਼ਨ ਦੀ ਖਿੱਚ ਇਹਦੇ ਹਿਰਦੇ ਵਿਚ ਬਣੀ ਰਹੀ। ਦਸਾਂ ਦਿਨਾਂ ਮਗਰੋਂ ਇਹ ਫੇਰ ਗੁਰਸਾਗਰ ਸਾਹਿਬ ਆਇਆ ਤੇ ਦਰਸ਼ਨ ਮੇਲਾ ਕਰਕੇ ਚਲਾ ਗਿਆ। ਤੀਜੀ ਵਾਰੀ ਫੇਰ ਮਸਤੂਆਣੇ ਸਾਹਿਬ ਆਇਆ ਤਾਂ ਸੰਤ ਜੀ ਨੇ ਕਿਹਾ, "ਭਾਈ! ਗੁਰੂ ਕਾ ਬਣ ਜਾ।" ਭਾਈ ਬਖਸ਼ੀਸ਼ ਸਿੰਘ ਜੀ ਨੇ ਪੁੱਛਿਆ, "ਮਹਾਰਾਜ! ਗੁਰੂ ਦਾ ਕੀਕਣ ਬਣੀਦਾ ਹੈ?" ਸੰਤ ਜੀ ਨੇ ਹੱਸ ਕੇ ਆਖਿਆ, "ਤਨ, ਮਨ, ਧਨ, ਗੁਰੂ ਨੂੰ ਦੇ ਦੇਈਏ, ਤਾਂ ਗੁਰੂ ਦਾ ਬਣ ਜਾਈਦਾ ਹੈ।" ਭਾਈ ਬਖਸ਼ੀਸ਼ ਸਿੰਘ ਜੀ ਨੇ ਆਖਿਆ, "ਸਤਿ ਬਚਨ, ਮਹਾਰਾਜ!" ਉਸੇ ਵੇਲੇ ਭਾਈ ਪ੍ਰੇਮ ਸਿੰਘ ਜੀ ਸੇਵਾਦਾਰ ਜਥੇਦਾਰ ਨੂੰ ਸੰਤ ਜੀ ਨੇ ਹੁਕਮ ਦਿੱਤਾ ਕਿ ਏਸ ਪ੍ਰੇਮੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਦਾ ਸੇਵਕ ਬਣਨ ਦਾ ਅਰਦਾਸਾ ਸੋਧ ਦੇਵੋ।

ਅਰਦਾਸੇ ਮਗਰੋਂ ਦਫ਼ੇਦਾਰ ਬਖਸ਼ੀਸ਼ ਸਿੰਘ ਤਿੰਨ ਸਾਲ ਫੌਜ ਵਿੱਚ ਪਟਿਆਲੇ ਰਿਹਾ, ਪਰ ਇਸ ਨੇ ਸਾਰਾ ਵੈਲ ਛੱਡ ਦਿੱਤਾ, ਰੁੱਖੀ-ਸੁੱਕੀ ਖਾ ਕੇ ਗੁਜ਼ਾਰਾ ਕਰਦਾ ਰਿਹਾ ਅਤੇ ਸਾਰੀ ਤਨਖਾਹ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਵਿੱਚ ਹਾਜ਼ਰ ਕਰਦਾ ਰਿਹਾ। ਜਦੋਂ ਦਿਲ ਵਿੱਚ ਉਬਾਲ ਉੱਠਦਾ ਤਾਂ ਛੁੱਟੀ ਲੈ ਕੇ ਸੰਤ ਜੀ ਪਾਸ ਆ ਜਾਂਦਾ ਅਤੇ ਦਰਸ਼ਨ ਕਰ ਕੇ ਨਿਹਾਲ ਹੁੰਦਾ। ਇਸ ਤਰ੍ਹਾਂ ਸੇਵਾ ਕਰਦਿਆਂ ਇੱਕ ਸਾਲ ਹੋ ਗਿਆ। ਇਕ ਵੇਰਾਂ ਇੱਕ ਸਿੰਘ ਨੇ ਇਸ ਨੂੰ ਪੁੱਛਿਆ, "ਸੰਤਾਂ ਪਾਸ ਜਾਂਦਿਆਂ ਇੰਨਾ ਚਿਰ ਹੋਇਆ ਈ, ਗੁਰਮੰਤਰ ਵੀ ਲੀਤਾ ਈ ਕਿ ਨਹੀਂ?" ਉਹ ਇਹ ਸੁਣ ਕੇ ਚੁੱਪ ਕਰ ਰਿਹਾ: ਪਰ ਜਦੋਂ ਫਿਰ ਸੰਤ ਜੀ ਦੇ ਦਰਸ਼ਨ ਕਰਨ ਲਈ ਆਇਆ, ਤਾਂ ਇਸ ਨੇ ਸੰਤ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ! ਇੱਕ ਸਿੰਘ ਨੇ ਮੈਨੂੰ ਆਪ

ਜੀ ਪਾਸੋਂ ਗੁਰਮੰਤਰ ਲੈਣ ਲਈ ਆਖਿਆ। ਸੰਤ ਜੀ ਹੱਸ ਪਏ ਅਤੇ ਬੜੇ ਪ੍ਰੇਮ ਨਾਲ ਭਾਈ ਜੀ ਦਾ ਕੰਨ ਨੇੜੇ ਕਰਕੇ ਆਖਿਆ, "ਵਾਹਿਗੁਰੂ" ਸ਼ਬਦ ਦਾ ਅਭਿਆਸ ਕਰਿਆ ਕਰ ਅਤੇ ਅੰਮ੍ਰਿਤ ਵੇਲੇ ਪੰਜੇ ਬਾਣੀਆਂ 'ਜਪੁ', 'ਜਾਪੁ', 'ਸਵੱਯੇ', 'ਚੌਪਈ' ਅਤੇ 'ਅਨੰਦ ਸਾਹਿਬ'; ਸ਼ਾਮ ਨੂੰ 'ਰਹਿਰਾਸ ਸਾਹਿਬ' ਅਤੇ ਸੌਣ ਵੇਲੇ 'ਸੋਹਿਲਾ' ਦਾ ਪਾਠ ਕਰਿਆ ਕਰ; ਨਾਮ ਤੋਂ ਬਿਨਾਂ ਕੋਈ ਸਵਾਸ ਖਾਲੀ ਨਾ ਜਾਵੇ। ਸਿੱਧੇ ਰਸਤੇ ਟੁਰੇ ਜਾਣਾ, ਰਿੱਧੀਆਂ-ਸਿੱਧੀਆਂ ਦੀਆਂ ਪੱਗ-ਡੰਡੀਆਂ ਛੱਡੀ ਜਾਣਾ; ਇਹ ਮੋਹ ਮਾਇਆ ਹੈ।"

ਗੁਰਮੰਤਰ ਮਿਲਣ ਮਗਰੋਂ ਭਾਈ ਬਖਸ਼ੀਸ਼ ਸਿੰਘ ਜੀ ਨੂੰ ਨਾਮ-ਬਾਣੀ ਦਾ ਬੜਾ ਪ੍ਰੇਮ ਹੋ ਗਿਆ। ਇਹ ਇੱਕ ਵਜੇ ਜਾਗ ਪੈਂਦੇ ਅਤੇ ਇਸ਼ਨਾਨ ਪਾਣੀ ਕਰ ਕੇ ਸਤਿਗੁਰੂ ਜੀ ਦੀ ਕਾਰ ਵਿੱਚ ਲੱਗ ਪੈਂਦੇ, ਆਪਣੀ ਫੌਜ ਦੀ ਕਵਾਇਦ ਪਰੇਡ ਵਿੱਚ ਹਾਜ਼ਰ ਹੁੰਦੇ।

ਇੱਕ ਦਿਨ ਨਿੱਤ-ਨੇਮ ਅਨੁਸਾਰ ਜਦ ਭਾਈ ਬਖਸ਼ੀਸ਼ ਸਿੰਘ ਜੀ ਨਾਮ ਸਿਮਰਨ ਵਿੱਚ ਜੁਟੇ ਹੋਏ ਸਨ, ਚਾਰ ਵਜੇ ਦੇ ਕਰੀਬ ਬੜਾ ਪ੍ਰਕਾਸ਼ ਹੋਇਆ ਅਤੇ ਇਹਨਾਂ ਨੂੰ ਸਾਹਮਣੇ ਇੱਕ ਦਰਵਾਜ਼ਾ ਨਜ਼ਰ ਆਇਆ। ਜਦ ਦਰਵਾਜ਼ੇ ਅੰਦਰ ਵੜੇ ਤਾਂ ਕੀ ਦੇਖਦੇ ਹਨ ਕਿ ਜਗਮਗ ਜੋਤ ਦੇ ਪ੍ਰਕਾਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਗੁਰੂ ਨਾਨਕ ਸਾਹਿਬ ਬੈਠੇ ਹਨ ਅਤੇ ੯ ਪਾਤਸ਼ਾਹੀਆਂ ਸੱਜੇ ਖੱਬੇ: ੪ ਇੱਕ ਪਾਸੇ ਤੇ ੫ ਦੂਜੇ ਪਾਸੇ, ਸੱਜੀਆਂ ਹੋਈਆਂ ਹਨ। ਨੇੜੇ ਹੀ ਇੱਕ ਗੁੱਠ ਵਿੱਚ ਕਾਲੀ ਭੂਰੀ ਲਈ ਸੰਤ ਜੀ ਬੈਠੇ ਹਨ। ਜਦ ਭਾਈ ਬਖਸ਼ੀਸ਼ ਸਿੰਘ ਜੀ ਨੇ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ ਅਤੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ, ਤਦ ਸਤਿਗੁਰੂ ਨਾਨਕ ਦੇਵ ਜੀ ਨੇ ਪੁੱਛਿਆ, "ਭਾਈ! ਮੰਗ ਜੋ ਕੁਝ ਮੰਗਣਾ ਹੈ।" ਭਾਈ ਬਖਸ਼ੀਸ਼ ਸਿੰਘ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਨਾਮ ਦਾਨ ਬਖ਼ਸ਼ੋ।" ਤਦ ਸਤਿਗੁਰੂ ਨੇ ਫ਼ਰਮਾਇਆ ਕਿ ਮਸਤੂਆਣੇ ਸਾਹਿਬ ਜਾਓ ਅਤੇ ਸੰਤ ਜੀ ਦੀ ਸੇਵਾ ਵਿੱਚ ਰਹਿ ਕੇ ਅਰਜ਼ ਕਰੋ। ਨਾਮ ਤੁਹਾਡੇ ਹਿਰਦੇ ਵਿੱਚ ਵਸ ਜਾਵੇਗਾ, ਉਹ ਸਾਡਾ ਹੀ ਰੂਪ ਹਨ।" ਫੇਰ ਭਾਈ ਬਖਸ਼ੀਸ਼ ਸਿੰਘ ਜੀ ਨੇ ਅਰਜ਼ ਕੀਤੀ ਕਿ ਮਹਾਰਾਜ! ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਕਰਾਓ। ਸਤਿਗੁਰੂ ਜੀ ਨੇ ਇੱਕ ਪਾਸਿਉਂ ਥੋੜ੍ਹਾ ਜਿਹਾ ਰੁਮਾਲ ਚੁੱਕਿਆ ਤਾਂ ਕਰੋੜਾਂ ਸੂਰਜਾਂ ਤੇ ਚੰਦਰਮਾ ਦਾ ਪ੍ਰਕਾਸ਼ ਨਜ਼ਰ ਆਇਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰੇ ਸੁਨਹਿਰੀ ਅਤੇ ਅੱਖਰ ਰੁਪਹਿਰੀ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੱਸ ਕੇ ਫ਼ਰਮਾਇਆ, "ਕਲਜੁਗ ਦੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਨ। ਸੰਤ ਸੇਵਕ ਸਾਡਾ ਰੂਪ ਹੋਣਗੇ ਪਰ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਹੀ ਸਾਡਾ ਉਪਦੇਸ਼ ਦ੍ਰਿੜਾਉਣਗੇ।"

ਇਹ ਬਚਨ ਸੁਣਦਿਆਂ ਸਾਰ ਹੀ ਭਾਈ ਬਖਸ਼ੀਸ਼ ਸਿੰਘ ਦੀ ਸਮਾਧੀ ਖੁੱਲ੍ਹ ਗਈ, ਚਿੱਤ ਵਿੱਚ ਵੈਰਾਗ ਨੇ ਉਛਾਲਾ ਖਾਧਾ ਕਿ ਕਿਹੜਾ ਵੇਲਾ ਹੋਵੇ ਮਸਤੂਆਣੇ ਸਾਹਿਬ ਪਹੁੰਚਾ ਅਤੇ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਾਂ। ਦਿਨ ਚੜ੍ਹਦੇ ਨਾਲ ਹੀ ਕਰਨਲ ਪਾਸੋਂ ਇੱਕ ਦਿਨ ਦੀ ਛੁੱਟੀ ਲਈ ਅਤੇ ਗੁਰਸਾਗਰ ਸਾਹਿਬ ਪਹੁੰਚ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਕੀਤੇ। ੧੨ ਵਜੇ ਦੁਪਹਿਰ ਦਾ ਵਕਤ ਸੀ। ਸੰਤ ਜੀ ਮਹਾਰਾਜ ਨੇ ਉਹਨਾਂ ਨੂੰ ਗੜਵਾ ਫੜਾ ਦਿੱਤਾ ਅਤੇ ਬਾਹਰ ਜੰਗਲ ਪਾਣੀ ਗਏ। ਮੈਦਾਨ ਖੇਡ ਕੇ ਸੰਤ ਜੀ ਇੱਕ ਦਰਖਤ ਹੇਠ ਬੈਠ ਗਏ ਅਤੇ ਇਸ ਨੂੰ ਪੁੱਛਿਆ ਕਿ ਭਾਈ! ਅਭਿਆਸ ਕਰਦਾ ਹੁੰਦਾ ਹੈਂ? ਇਸ ਨੇ ਆਖਿਆ, "ਹਾਂ, ਮਹਾਰਾਜ ਜੀ! ਜਤਨ ਕਰਦਾ ਹੁੰਦਾ ਹਾਂ।" ਫਿਰ ਪੁੱਛਿਆ, "ਕੁਝ ਅਨੁਭਵ ਹੋਇਆ ਈ?" ਇਸ ਨੇ ਫਿਰ ਉੱਤਰ ਦਿੱਤਾ, "ਮਹਾਰਾਜ ਜੀ! ਆਪ ਜਾਣੀ-ਜਾਣ ਹੋ। ਤੁਹਾਡੇ ਵਿੱਚ ਅਤੇ ਗੁਰੂ ਨਾਨਕ ਦੇਵ ਜੀ ਵਿੱਚ ਕੋਈ ਭੇਦ ਨਹੀਂ।" ਸੰਤ ਜੀ ਮਹਾਰਾਜ ਨੇ ਆਖਿਆ ਕਿ ਸਤਿਗੁਰੂ ਮਿਹਰ ਕਰਕੇ ਆਪਣੇ ਕੂਕਰ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ:

ਗੁਰ ਚੇਲੇ ਕੀ ਸੰਧਿ ਮਿਲਾਏ ॥ (੮੭੭)

ਪਰ ਇਹ ਗੱਲ ਕਿਸੇ ਨੂੰ ਜਤਾਉਣ ਦਾ ਹੁਕਮ ਨਹੀਂ ਹੈ। ਕਲਜੁਗ ਵਿੱਚ ਸ਼ਬਦ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਚਵਰ-ਤਖ਼ਤ ਦੇ ਮਾਲਕ ਹਨ। ਸਮੇਂ ਅਤੇ ਹੁਕਮ ਅਨੁਸਾਰ ਸੇਵਕ ਟਹਿਲ ਵਿੱਚ ਹਾਜ਼ਰ ਹੋ ਜਾਂਦੇ ਹਨ। ਖੇਲ ਪ੍ਰਗਟ ਕਰਨ ਨਾਲ ਸੇਵਾ ਅਤੇ ਸਤਿਗੁਰੂ ਦੀ ਟਕਸਾਲ ਵਿੱਚ ਫਰਕ ਪੈਂਦਾ ਹੈ।

ਇਸ ਤੋਂ ਪਿੱਛੋਂ ਭਾਈ ਬਖਸ਼ੀਸ਼ ਸਿੰਘ ਨੇ ਨੌਕਰੀ ਛੱਡ ਦਿੱਤੀ ਅਤੇ ਗੁਰਸਾਗਰ ਸਾਹਿਬ ਸੇਵਾ ਵਿੱਚ ਹਾਜ਼ਰ ਹੋ ਗਿਆ। ਕਈ ਵਾਰੀ ਇਹ ਅਜਰ ਵਸਤੂ ਨੂੰ ਜਰ ਨਾ ਸਕਦਾ ਅਤੇ ਕਹਿ ਦਿੰਦਾ ਕਿ ਭਾਈ! ਸੰਤ ਸਮੇਂ ਦੇ ਅਵਤਾਰ ਹਨ। ਸੰਤ ਜੀ ਇਸ ਨੂੰ ਤਾੜਦੇ ਅਤੇ ਕਹਿੰਦੇ, "ਭਾਈ! ਕੁਝ ਬਣਨ ਦਾ ਹੁਕਮ ਨਹੀਂ ਹੈ। ਭਲਾ ਇਹਦੇ ਵਿੱਚ ਹੀ ਹੈ।"

(੧੧) ਸਮਾਂ ਪਾ ਕੇ ਸੰਤ ਜੀ ਮਹਾਰਾਜ ਨੇ ਭਾਈ ਬਖਸ਼ੀਸ਼ ਸਿੰਘ ਨੂੰ ਗੜਵਈ ਦਾ ਪਹਿਰਾ ਬਖਸ਼ਿਆ। ਇਹ ਰਾਤ ਦੇ ਵੇਲੇ ਸੰਤ ਜੀ ਮਹਾਰਾਜ ਦੇ ਪਲੰਘ ਦੇ ਪਾਸ ਧਰਤੀ 'ਤੇ ਹੀ ਲੇਟਿਆ ਕਰਦੇ ਤੇ ਅੰਮ੍ਰਿਤ ਵੇਲੇ ਇਸ਼ਨਾਨ-ਪਾਣੀ ਕਰਾਉਂਦੇ। ਸੰਤ ਜੀ ਰਾਤ ਵਿੱਚ ਕਈ ਵਾਰੀ ੧੨-੧ ਵਜੇ ਆਪਣੇ ਮੰਜੇ 'ਤੇ ਉੱਠ ਕੇ ਬੈਠ ਜਾਂਦੇ ਅਤੇ ਭਾਈ ਬਖਸ਼ੀਸ਼ ਸਿੰਘ ਜੀ ਵੀ ਉੱਠ ਖਲੋਂਦੇ। ਸੰਤ ਜੀ ਮਹਾਰਾਜ ਇਸ ਨੂੰ ਸਮਝਾਉਂਦੇ ਕਿ ਭਾਈ ਤੂੰ ਸੁੱਤਾ ਰਿਹਾ ਕਰ, ਤੇਰੇ ਜਾਗਣ ਦਾ ਵਕਤ ਦੋ ਵਜੇ ਹੈ, ਉਸ ਵੇਲੇ ਅਸੀਂ ਆਪ ਹੀ ਅਵਾਜ਼ ਦਿਆਂ ਕਰਾਂਗੇ, ਪਰ ਭਾਈ ਬਖਸ਼ੀਸ਼ ਸਿੰਘ ਜੀ ਨਾ ਮੁੜੇ।

ਸੰਤ ਜੀ ਮਹਾਰਾਜ ਨੂੰ ਕਈ ਵਾਰੀ ਰਾਤ ਨੂੰ ਜਾਗਦੇ ਦੇਖ ਕੇ ਇਸ ਨੇ ਪੁੱਛਿਆ, "ਮਹਾਰਾਜ ਜੀ! ਆਪ ਰਾਤ ਵਿੱਚ ਕਈ ਵਾਰੀ ਪਲੰਘ 'ਤੇ ਅਭੜਵਾਹੇ ਉੱਠ ਖਲੋਂਦੇ ਹੋ, ਇਸ ਦਾ ਕੀ ਕਾਰਨ ਹੈ?" ਸੰਤ ਜੀ ਨੇ ਫ਼ਰਮਾਇਆ, "ਭਾਈ! ਤੂੰ ਪੁੱਛ ਕੇ ਕੀ ਲੈਣਾ ਹੈ? ਆਪਣਾ ਅਨੰਦ ਲੈ।' ਪਰ ਇਹ ਨਾ ਮੁੜਿਆ। ਆਖਰ ਸੰਤ ਜੀ ਨੇ ਇੱਕ ਦਿਨ ਕਿਹਾ, 'ਭਾਈ! ਜਿਸ ਵੇਲੇ ਅਸੀਂ ਰਾਤ ਬਿਰਾਜਦੇ ਹਾਂ, ਸਾਨੂੰ ਅਨੁਭਵ ਹੁੰਦਾ ਹੈ ਕਿ ਸੰਸਾਰ ਧਾਨਾਂ ਵਾਂਗੂੰ ਭੱਠੀ ਵਿੱਚ ਭੁੱਜ ਰਿਹਾ ਹੈ। ਇਹ ਕਸ਼ਟ ਸਾਡੇ ਕੋਲੋਂ ਸਹਾਰਿਆ ਨਹੀਂ ਜਾਂਦਾ। ਅਸੀਂ ਉੱਠ ਕੇ ਬੈਠਦੇ ਹਾਂ ਅਤੇ ਕਰਤਾਰ ਅੱਗੇ ਅਰਦਾਸ ਕਰਦੇ ਹਾਂ:

ਸਲੋਕ ਮ: ੩ ॥
ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (੮੫੩)

ਸੰਤ ਜੀ ਮਹਾਰਾਜ ਨੇ ਭਾਈ ਬਖਸ਼ੀਸ਼ ਸਿੰਘ ਦੇ ਪ੍ਰਸ਼ਨ ਦਾ ਉੱਤਰ ਤਾਂ ਦੇ ਦਿੱਤਾ, ਪਰ ਗੜਵਈ ਦੀ ਸੇਵਾ ਤੋਂ ਉਸ ਨੂੰ ਹਟਾ ਦਿੱਤਾ। ਸੱਚ ਹੈ, ਫ਼ਕੀਰਾਂ ਦੀ ਖੇਡ ਵਿੱਚ ਦਖ਼ਲ ਦੇਣਾ ਠੀਕ ਨਹੀਂ ਹੁੰਦਾ।*

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ (੧੪੨੨)

(੧੨) ਸੰਤ ਜੀਵਾ ਸਿੰਘ ਜੀ ਨਨਕਾਣਾ ਸਾਹਿਬ ਬਿਰਾਜਦੇ ਅਤੇ ਭਾਈ ਸੁੰਦਰ ਸਿੰਘ ਜੀ ਇਹਨਾਂ ਦੀ ਸੇਵਾ ਕਰਦੇ। ਦੁਆਬੇ ਦਾ ਇੱਕ ਸਰਦਾਰ ਨਨਕਾਣੇ ਸਾਹਿਬ ਦਰਸ਼ਨ-ਮੇਲੇ ਲਈ ਆਇਆ। ਇਸ ਨੇ ਸੰਤ ਜੀਵਾ ਸਿੰਘ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ, "ਆਪ ਮੇਰੇ ਪਾਸ ਦੁਆਬੇ ਵਿੱਚ ਚੱਲੋ, ਮੈਂ ਉੱਥੇ ਆਪ ਨੂੰ ਇਕਾਂਤ ਵਿੱਚ ਸਿਮਰਨ ਕਰਨ ਲਈ ਕੁਟੀਆ ਪਾ ਦੇਵਾਂਗਾ।" ਇਸ ਦੇ ਪ੍ਰੇਮ ਕਰਕੇ ਸੰਤ ਜੀਵਾ ਸਿੰਘ ਜੀ ਆਪਣੇ ਸੇਵਕ ਸਮੇਤ ਦੁਆਬੇ ਚਲੇ ਗਏ, ਪਰ ਉੱਥੇ ਉਹਨਾਂ ਦਾ ਚਿੱਤ ਨਾ ਲੱਗਾ ਤੇ ਫਤਹਿਗੜ੍ਹ ਸਾਹਿਬ

---

* ਉਕਤ ਸਾਖੀਆਂ ਜ਼ਬਾਨੀ ਸੰਤ ਭਾਈ ਬਖ਼ਸ਼ੀਸ਼ ਸਿੰਘ ਜੀ ।

ਦਰਸ਼ਨ-ਮੇਲਾ ਕਰਕੇ ਪਟਿਆਲੇ ਜਾ ਪਹੁੰਚੇ। ਇਸ ਜਗ੍ਹਾ ਇਹਨਾਂ ਨੂੰ ਸੰਕਲਪ ਹੋਇਆ ਕਿ ਚੱਲੋ ਮਸਤੂਆਣੇ ਸਾਹਿਬ ਚੱਲ ਕੇ ਸੰਤ ਜੀ ਮਹਾਰਾਜ ਦਾ ਦਰਸ਼ਨ ਦੇ ਦਰਸ਼ਨ ਕਰੀਏ। ਪਟਿਆਲੇ ਤੋਂ ਸੰਗਰੂਰ ਆਏ ਅਤੇ ਮਸਤੂਆਣੇ ਅੱਪੜ ਕੇ ਪਤਾ ਲੱਗਾ ਕਿ ਸੰਤ ਜੀ ਭੈਣੀ ਪਿੰਡ, ਜੋ ਗੁਰਸਾਗਰ ਸਾਹਿਬ ਮਸਤੂਆਣੇ ਤੋਂ ਚਾਰ ਕੋਹ 'ਤੇ ਹੈ, ਗਏ ਹੋਏ ਹਨ। ਦੂਜੇ ਦਿਨ ਅੰਮ੍ਰਿਤ ਵੇਲੇ ਸੰਗਤ ਨੇ ਇੱਕ ਪਿੰਡ ਤੋਂ ਤੂੜੀ ਲਿਆਉਣ ਵਾਸਤੇ ਗੱਡਾ ਤਿਆਰ ਕੀਤਾ। ਰਸਤੇ ਵਿੱਚ ਹੀ ਭੈਣੀ ਆਉਂਦੀ ਸੀ। ਸੰਤ ਭਾਈ ਜੀਵਾ ਸਿੰਘ ਜੀ ਆਪਣੇ ਸੇਵਕ ਸਮੇਤ ਗੱਡੇ 'ਤੇ ਚੜ੍ਹ ਗਏ ਅਤੇ ਸ਼ਾਮ ਦੇ ਚਾਰ ਵਜੇ ਦੇ ਕਰੀਬ ਭੈਣੀ ਜਾ ਅੱਪੜੇ। ਅੱਗੇ ਦੀਵਾਨ ਸੱਜਿਆ ਹੋਇਆ ਸੀ, ਸੰਤ ਜੀ ਸਤਿਗੁਰੂ ਦੀ ਤਾਬਿਆ ਬੈਠੇ ਸਨ ਸੰਤ ਭਾਈ ਜੀਵਾ ਸਿੰਘ ਤੇ ਭਾਈ ਸੁੰਦਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕ ਕੇ ਸੰਤ ਜੀ ਮਹਾਰਾਜ ਦੇ ਸਾਹਮਣੇ ਬੈਠ ਗਏ, ਸੰਤ ਜੀ ਦੀ ਇਹਨਾਂ 'ਤੇ ਕ੍ਰਿਪਾ ਦ੍ਰਿਸ਼ਟੀ ਪਈ। ਜਿਸ ਪਾਸੇ ਇਹ ਬੈਠੇ ਸਨ, ਉੱਧਰੋਂ ਸੰਗਤ ਘੱਟ ਬੋਲਦੀ ਸੀ ਅਤੇ ਦੂਜੇ ਪਾਸਿਉਂ ਸ਼ਬਦ ਦੀ ਗੜਗਜ ਖੂਬ ਪੈਂਦੀ ਸੀ ਸੰਤ ਭਾਈ ਜੀਵਾ ਸਿੰਘ ਜੀ ਨੇ ਆਪਣੇ ਸੇਵਕ ਭਾਈ ਸੁੰਦਰ ਸਿੰਘ ਨੂੰ ਆਖਿਆ, ਅਸੀਂ ਤਕੜੇ ਹੋ ਕੇ ਬੋਲੀਏ, ਤਾਂ ਸਾਡੇ ਪਾਸੇ ਦੀ ਸੰਗਤ ਵੀ ਗੱਜ ਪਏ। ਉਸ ਨੇ ਆਖਿਆ, 'ਸਤਿ ਬਚਨ।' ਜਦੋਂ ਸੰਤ ਜੀਵਾ ਸਿੰਘ ਤੇ ਇਹਨਾਂ ਦੇ ਸੇਵਕ ਆਪਣੀ ਤੀਜੀ ਵਾਰੀ ਪਰ ਉੱਚੀ ਬੋਲਣ ਲੱਗੇ, ਤਦ ਨਾਲ ਦੀਆਂ ਸੰਗਤਾਂ ਵੀ ਗੱਜ ਪਈਆਂ। ਪੰਚਮ ਸੁਰ ਵਿੱਚ ਸ਼ਬਦ ਦੀ ਉਹ ਗੂੰਜ ਪਈ ਕਿ ਸੰਤ ਜੀ ਬੜੇ ਪ੍ਰਸੰਨ ਹੋਏ, ਮਾਨੋ ਸ਼ਬਦ ਦਾ ਰੂਪ ਹੀ ਹੋ ਗਏ ਅਤੇ ਸ਼ੇਰ ਵਾਂਗੂੰ ਗੱਜੇ। ਸੰਤ ਭਾਈ ਜੀਵਾ ਸਿੰਘ ਜੀ ਆਖਦੇ ਹਨ ਕਿ ਉਸ ਸਮੇਂ ਦਾ ਰਸ ਇਸ ਵੇਲੇ ਵੀ ਸਾਡੇ ਅੰਦਰ ਠਾਠਾਂ ਮਾਰ ਰਿਹਾ ਹੈ।

ਰਾਤ ਦੇ ਵਕਤ ਭਾਈ ਜੀਵਾ ਸਿੰਘ ਜੀ ਭੈਣੀ ਪਿੰਡ ਦੇ ਬਾਹਰ ਇੱਕ ਇਕਾਂਤ ਕੁਟੀਆ ਵਿੱਚ ਰਹੇ ਅਤੇ ਆਸਾ ਜੀ ਦੀ ਵਾਰ ਵਿੱਚ ਹਾਜ਼ਰ ਨਾ ਹੋ ਸਕੇ। ਜਦ ਸੰਤ ਜੀ ਮਹਾਰਾਜ ਦੀਵਾਨ ਤੋਂ ਉੱਠ ਕੇ ਬਾਹਰ ਆਏ ਤਾਂ ਸੰਤ ਜੀਵਾ ਸਿੰਘ ਜੀ ਨੇ ਸੇਵਕ ਸਮੇਤ ਨਮਸਕਾਰ ਕਰ ਕੇ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਸੰਤ ਜੀ ਨੇ ਪੁੱਛਿਆ, "ਸਿੰਘ ਜੀ! ਕੀਰਤਨ ਵਿੱਚ ਦਰਸ਼ਨ ਨਹੀਂ ਹੋਏ?" ਤਾਂ ਸੰਤ ਜੀਵਾ ਸਿੰਘ ਨੇ ਬੇਨਤੀ ਕੀਤੀ, 'ਮਹਾਰਾਜ! ਦਾਸ ਦੀਵਾਨੇ ਮਸਤਾਨੇ ਹਨ: ਨਾਲ ਹੀ ਨਿੱਤਨੇਮ ਕੁਝ ਜ਼ਿਆਦਾ ਹੋਣ ਕਰ ਕੇ ਨਹੀਂ ਆ ਸਕੇ।' ਤਾਂ ਸੰਤ ਜੀ ਮਹਾਰਾਜ ਖੁਸ਼ ਹੋ ਕੇ ਬੋਲੇ 'ਵਾਹ ਵਾਹ! ਕੋਈ ਗੱਲ ਨਹੀਂ! ਬੜੀ ਖੁਸ਼ੀ।' ਫੇਰ ਸੰਤ ਜੀਵਾ ਸਿੰਘ ਜੀ ਨੇ ਬੇਨਤੀ ਕੀਤੀ, "ਮਹਾਰਾਜ! ਦਰਸ਼ਨ ਨੂੰ ਚਿੱਤ ਕੀਤਾ ਸੀ, ਸੋ ਆਪ ਦੀ ਖੁਸ਼ੀ ਹੋਈ ਹੈ। ਹੁਣ ਦਾਸ ਨੂੰ ਆਗਿਆ ਬਖ਼ਸ਼ੋ।" ਤਾਂ ਸੰਤ ਜੀ ਮਹਾਰਾਜ ਨੇ ਪ੍ਰਸੰਨ ਹੋ ਕੇ ਖੁਸ਼ੀਆਂ ਬਖ਼ਸ਼ੀਆਂ। ਮੁੜ ਇਸੇ ਗੱਡੇ 'ਤੇ ਸੰਤ ਜੀਵਾ ਸਿੰਘ ਜੀ ਸੇਖੇ ਜਰੂੜ ਸਟੇਸ਼ਨ 'ਤੇ ਅੱਪੜੇ ਅਤੇ ਇੱਥੋਂ ਗੱਡੀ ਚੜ੍ਹ ਕੇ ਨਨਕਾਣਾ ਸਾਹਿਬ ਆ ਗਏ। ਸੰਤ ਭਾਈ ਜੀਵਾ ਸਿੰਘ ਜੀ ਨੂੰ ਨਿਸ਼ਚਾ ਹੋ ਗਿਆ ਕਿ ਸਾਖੀ ਰੂਪ ਸੰਤ ਜੀ ਮਹਾਰਾਜ ਨੇ ਗੱਡੇ ਦੀ ਖੇਲ ਆਪ ਵਰਤਾਈ ਹੈ। ਗੱਡਾ ਬੜਾ ਸੁੰਦਰ ਸੀ, ਝਟਕਾ ਨਹੀਂ ਸੀ ਲੱਗਦਾ ਤੇ ਗੱਡੇ ਦੇ ਹੱਕਣ ਵਾਲੇ ਭੀ ਬਲਦਾਂ ਨੂੰ ਮਿੱਠਾ ਬੋਲ ਕੇ ਹੱਕਦੇ ਹੋਇਆਂ ਆਖਦੇ ਸਨ, 'ਬੋਲ ਵਾਹਿਗੁਰੂ' ਮਾਨੋ ਕਿ ਦੇਵਤੇ ਆਕਾਸ਼ ਤੋਂ ਉੱਤਰੇ ਹਨ ਤੇ ਸਭ ਵਿੱਚ ਰਾਮ ਭਰਪੂਰ ਦੇਖਦੇ ਹਨ। ਇਹ ਸਾਰੀ ਸੰਤ ਜੀ ਮਹਾਰਾਜ ਦੀ ਪ੍ਰਤੱਖ ਵਡਿਆਈ ਸੀ! ਜਿਨ੍ਹਾਂ ਦੇ ਸੇਵਕਾਂ ਦੀ ਇੰਨੀ ਉੱਚੀ ਅਵਸਥਾ ਸੀ ਕਿ ਦਰਸ਼ਨ ਕੀਤਿਆਂ ਜਨਮ-ਜਨਮ ਦੀ ਪਾਪ ਮੈਲ਼ ਲਹਿ ਜਾਂਦੀ ਸੀ, ਉਹਨਾਂ ਦੇ ਸਿੱਖਿਆ-ਦਾਤਾ ਸ੍ਰੀ ਸੰਤ ਜੀ ਦੀ ਵਡਿਆਈ ਕੌਣ ਵਰਣਨ ਕਰ ਸਕਦਾ ਹੈ।*

(੧੩) ਸੰਨ ੧੯੦੨ ਹਾੜ ਦਾ ਮਹੀਨਾ ਸੀ। ਐਤਵਾਰ ਰਾਤ ਦੇ ੯ ਵਜੇ ਸੰਤ ਜੀ ਮਹਾਰਾਜ ਨੇ ਭਾਈ ਚੰਨਣ ਸਿੰਘ ਜੀ ਨੂੰ ਹੁਕਮ ਦਿੱਤਾ ਕਿ ਚੱਲੋ, ਸਤਿਗੁਰੂ ਦਾ ਹੁਕਮ ਲਾਹੌਰ ਪਹੁੰਚਣ ਦਾ ਹੈ। ਉਸ ਵੇਲੇ ਟੂਰ ਪਏ

* ਜ਼ਬਾਨੀ ਸੰਤ ਜੀਵਾ ਸਿੰਘ ਜੀ ਨਨਕਾਣਾ ਸਾਹਿਬ।

ਅਤੇ ਜਾਖਲ, ਬਠਿੰਡਾ, ਫ਼ੀਰੋਜ਼ਪੁਰ ਦੇ ਰਸਤੇ ਸੋਮਵਾਰ ਸਵੇਰੇ ੮ ਵਜੇ ਲਾਹੌਰ ਪਹੁੰਚੇ। ਸਟੇਸ਼ਨ ਤੋਂ ਉੱਤਰਦੇ ਹੀ ਕਿਰਾਏ ਦੀ ਮੋਟਰ ਲੈ ਕੇ ਸੰਤ ਜੀ ਵੱਡੇ ਜੇਲ੍ਹਖ਼ਾਨੇ ਵੱਲ ਗਏ ਅਤੇ ਡਿਉੜੀ ਅੱਗੇ ਮੋਟਰ ਆ ਖੜੀ ਕਰਾਈ। ਪਹਿਰੇ ਵਾਲੇ ਸਿਪਾਹੀ ਨੂੰ ਸੰਤ ਜੀ ਮਹਾਰਾਜ ਨੇ ਆਖਿਆ ਕਿ ਅਸੀਂ ਰਹਿਮਤ ਖਾਂ (ਜਿਸ ਦੇ ਫਾਂਸੀ ਹੋ ਜਾਣ ਵਾਲੇ ਹੁਕਮ ਵਿੱਚ ਤਿੰਨ ਘੰਟੇ ਬਾਕੀ ਰਹਿੰਦੇ ਹਨ) ਨੂੰ ਮਿਲਣਾ ਹੈ, ਉਸ ਨੇ ਸਾਨੂੰ ਸੱਦਿਆ ਹੈ। ਸੰਤ ਜੀ ਨੂੰ ਨਰਾਇਣ ਸਿੰਘ ਜੀ ਨੇ ਡਿਉੜੀ ਦੇ ਅੰਦਰ ਹੋ ਕੇ ਦੂਰੋਂ ਹੀ ਬਾਰਕ ਦਿਖਾਈ ਅਤੇ ਕਮਰੇ ਦਾ ਪੂਰਾ ਪਤਾ ਦੱਸਿਆ।

ਸੰਤ ਜੀ ਸੇਵਕ ਸਮੇਤ ਸਿੱਧੇ ਚਲੇ ਗਏ, ਕਿਸੇ ਨਾ ਰੋਕਿਆ। ਜਦ ਕਮਰੇ ਅੱਗੇ ਪਹੁੰਚੇ ਤਾਂ ਦੇਖਿਆ ਕਿ ਰਹਿਮਤ ਖਾਂ, ਜਿਸ ਦੀ ਉਮਰ ੪੭ ਕੁ ਸਾਲ ਦੀ ਹੈ, ਹੱਥਾਂ ਵਿੱਚ ਹਥਕੜੀਆਂ ਅਤੇ ਪੈਰਾਂ ਵਿੱਚ ਬੇੜੀਆਂ ਪਾਈ ਖੜਾ ਬੇਨਤੀ ਕਰ ਰਿਹਾ ਹੈ ਕਿ ਹੇ ਗੁਰੂ ਨਾਨਕ ਪੀਰ! ਮੈਂ ਬੇਗੁਨਾਹ ਫਾਂਸੀ ਚੜ੍ਹਨ ਲੱਗਾ ਹਾਂ। ਤੁਸੀਂ ਹੀ ਮੇਰੇ ਰਾਖੇ ਹੋਵੋ, ਮੇਰੀ ਬੰਦ ਖਲਾਸ ਕਰਾਓ! ਬੇਨਤੀ ਕਰਦਿਆਂ-ਕਰਦਿਆਂ ਜਦ ਇਸ ਨੇ ਨਿਗਾਹ ਜ਼ਰਾ ਉੱਚੀ ਕੀਤੀ, ਤਦ ਸਾਹਮਣੇ ਸੰਤ ਜੀ ਮਹਾਰਾਜ ਨਜ਼ਰ ਆਏ। ਕਮਰੇ ਦੇ ਅੰਦਰੋਂ ਹੀ ਇਸ ਨੇ ਨਮਸਕਾਰ ਕੀਤੀ ਅਤੇ ਆਖਿਆ, ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ! ਧੰਨ ਸੰਤ ਅਤਰ ਸਿੰਘ ਜੀ!!! ਮਹਾਰਾਜ! ਮੈਂ ਬੇਗੁਨਾਹ ਫਾਂਸੀ ਆਉਣ ਲੱਗਾ ਹਾਂ, ਮੈਨੂੰ ਛੁਡਾਓ। ਸੰਤ ਜੀ ਨੇ ਫ਼ਰਮਾਇਆ ਕਿ ਭਾਈ! ਤੂੰ ਬੇਗੁਨਾਹ ਹੈਂ, ਤਾਂ ਘੰਟੇ ਦੇ ਅੰਦਰ-ਅੰਦਰ ਛੁੱਟ ਜਾਵੇਂਗਾ। ਇਹ ਕਹਿ ਕੇ ਸੰਤ ਜੀ ਜੇਲ੍ਹਖ਼ਾਨੇ ਤੋਂ ਬਾਹਰ ਚਲੇ ਗਏ। ਅਜੇ ਅੱਧਾ ਘੰਟਾ ਬੀਤਿਆ ਸੀ ਕਿ ਲਾਟ ਸਾਹਿਬ ਦੇ ਦਫ਼ਤਰੋਂ; ਜਿੱਥੇ ਕਿ ਰਹਿਮਤ ਖਾਂ ਨੇ ਰਹਿਮ ਦੀ ਦਰਖ਼ਾਸਤ ਕੀਤੀ ਹੋਈ ਸੀ, ਤਾਰ ਆਈ ਕਿ ਰਹਿਮਤ ਖਾਂ ਬਰੀ ਹੈ ਤੇ ਉਸ ਨੂੰ ਉਸੇ ਵੇਲੇ ਰਿਹਾ ਕੀਤਾ ਗਿਆ।

ਸੰਤ ਜੀ ਮਹਾਰਾਜ ਤਾਂ ਜੇਲ੍ਹ ਤੋਂ ਸਟੇਸ਼ਨ ਵੱਲ ਆ ਗਏ ਤੇ ਰਹਿਮਤ ਖਾਂ ਆਪਣੇ ਘਰ ਚਲਾ ਗਿਆ। ੫੦੦ ਦਮੜਾ ਅਤੇ ਇੱਕ ਦੁਸ਼ਾਲਾ ਲਿਆਂਦਾ ਤੇ ਸੰਤ ਜੀ ਮਹਾਰਾਜ ਦੀ ਭੇਟਾ ਕੀਤਾ।

ਸੰਤ ਜੀ ਪਹਿਲੀ ਗੱਡੀ ਫ਼ੀਰੋਜ਼ਪੁਰ ਦੇ ਰਸਤੇ ਮਸਤੂਆਣੇ ਵੱਲ ਵਾਪਸ ਮੁੜ ਪਏ। ਇੱਕ ਘੰਟਾ ਫ਼ੀਰੋਜ਼ਪੁਰ ਠਹਿਰੇ। ਬਾਬੂ ਨਰਾਇਣ ਸਿੰਘ ਜੀ ਦੇ ਘਰ ਪ੍ਰਸ਼ਾਦ ਛਕਿਆ ਤੇ ਮੰਗਲਵਾਰ ਸਵੇਰੇ ਸੰਗਰੂਰ ਆ ਉੱਤਰੇ।*

(੧੪) ਜਿਸ ਸਮੇਂ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਹੋ ਰਹੀ ਸੀ, ਗਿਆਨੀ ਸੁੰਦਰ ਸਿੰਘ ਜੀ ਗੁਜਰਾਂਵਾਲੇ ਦਰਸ਼ਨ-ਮੇਲੇ ਲਈ ਗਏ। ਜਦ ਇਹ ਮਸਤੂਆਣੇ ਪਹੁੰਚੇ ਤਦ ਸੰਤ ਜੀ ਆਪਣੀ ਹੱਥੀਂ ਸੇਵਾ ਕਰ ਰਹੇ ਸਨ। ਭਾਈ ਸੁੰਦਰ ਸਿੰਘ ਜੀ ਨਮਸਕਾਰ ਕਰ ਕੇ ਸੇਵਾ ਵਿੱਚ ਹਾਜ਼ਰ ਹੋ ਗਏ। ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਆਖਿਆ ਕਿ ਇਹ ਸੇਵਾ ਇਸ ਲਈ ਅਰੰਭ ਕੀਤੀ ਹੈ ਕਿ ਮਾਲਵੇ ਦੇਸ਼ ਵਿੱਚ ਗੁਰਮਤਿ ਅਤੇ ਗੁਰਸਿੱਖੀ ਦਾ ਪ੍ਰਚਾਰ ਹੋਵੇ। ਇਹ ਇਲਾਕਾ ਬਹੁਤ ਅਵਿੱਦਤ ਅਤੇ ਗੁਰਬਾਣੀ ਤੋਂ ਹੀਣ ਹੈ।

ਭਾਈ ਲਾਲ ਸਿੰਘ ਜੀ ਗਿਆਨੀ ਪ੍ਰਚਾਰਕ ਚੀਫ਼ ਖ਼ਾਲਸਾ ਦੀਵਾਨ ਭੀ ਇਹਨਾਂ ਦੇ ਨਾਲ ਸਨ ਤੀਜੇ ਪਹਿਰ ਜਦ ਇਹਨਾਂ ਟੁਰਨ ਦੀ ਆਗਿਆ ਮੰਗੀ ਤਦ ਸੰਤ ਜੀ ਨੇ ਕਿਹਾ ਕਿ ਲੰਗਰ ਦਾ ਪ੍ਰਸ਼ਾਦ ਛਕ ਲਓ। ਬੇਰੜੇ ਦਾ ਮੋਟਾ ਪ੍ਰਸ਼ਾਦਾ ਤੇ ਡੇਲਿਆਂ ਦਾ ਅਚਾਰ ਸੀ। ਪ੍ਰੇਮੀਆਂ ਨੂੰ ਕੋਈ ਅਸਚਰਜ ਰਸ ਆਇਆ। ਜਦ ਇਹ ਪ੍ਰਸ਼ਾਦ ਛਕ ਰਹੇ ਸਨ ਤਾਂ ਸੰਤ ਜੀ ਮਹਾਰਾਜ ਹੱਸ-ਹੱਸ ਬਚਨ ਕਰਦੇ ਰਹੇ, 'ਭਾਈ! ਸਾਡੇ ਪਾਸ ਕੜਾਹ ਪ੍ਰਸ਼ਾਦ ਛਕਣ ਵਾਲੇ ਬਹੁਤ ਇਕੱਠੇ ਹੋ ਗਏ ਸਨ। ਜਦ ਦੀ ਗੁਰੂ ਦੀ ਕਾਰ ਸ਼ੁਰੂ ਹੋਈ ਹੈ, ਸਾਰਾ ਦਿਨ ਕਹੀ ਚਲਾਉਣੀ ਅਤੇ ਅਨੇਕਾਂ ਤਰ੍ਹਾਂ ਦੀ ਘਾਲ ਕਰਨੀ ਪੈਂਦੀ ਹੈ। ਛਕਣ ਨੂੰ ਬੇਰੜੇ ਦੇ ਪ੍ਰਸ਼ਾਦੇ ਅਤੇ ਰੋਟੂ ਪ੍ਰਸ਼ਾਦ (ਡੇਲੇ) ਮਿਲਦੇ

* ਜ਼ਬਾਨੀ ਭਾਈ ਚੰਨਣ ਸਿੰਘ ਜੀ ਪੁੱਤਰ ਭਾਈ ਮੀਹਾਂ ਸਿੰਘ ਜੀ ਪਿੰਡ ਰਤੋਵਾਲ ਜ਼ਿਲ੍ਹਾ ਲੁਧਿਆਣਾ।

ਹਨ। ਮੱਖੀ-ਕੱਖੀ ਸਭ ਉੱਡ ਗਈ ਹੈ, ਅਧਿਕਾਰੀ ਪੁਰਸ਼ ਹੀ ਰਹਿ ਗਏ ਹਨ। ਹੁਣ ਸੇਵਾ ਅਤੇ ਨਾਮ ਜਪਣ ਦਾ ਅਸਚਰਜ ਰੰਗ ਬਣਦਾ ਹੈ।'

(੧੫) ੧੯੦੫ ਈਸਵੀ ਵਿੱਚ ਸਾਰੇ ਪੰਜਾਬ ਵਿੱਚ ਇੱਕ ਸਖ਼ਤ ਭੁਚਾਲ ਆਇਆ ਸੀ, ਜਿਸ ਦਾ ਮਰਕਜ਼ ਕੇਂਦਰ ਕਾਂਗੜੇ ਦੀ ਵਾਦੀ ਸੀ। ਅੰਮ੍ਰਿਤ ਵੇਲੇ ਚਾਰ ਵਜੇ ਦਾ ਵਕਤ ਸੀ। ਗੁਰਦੁਆਰਾ ਮਸਤੂਆਣੇ ਸਾਹਿਬ ਵਿੱਚ ਆਸਾ ਜੀ ਦੀ ਵਾਰ ਦਾ ਕੀਰਤਨ ਲੱਗਾ ਹੋਇਆ ਸੀ। ਅਚਾਨਕ ਭੁਚਾਲ ਦਾ ਇੱਕ ਵੱਡਾ ਝਟਕਾ ਆਇਆ, ਮੰਦਰ ਡੋਲਣ ਲੱਗ ਪਿਆ, ਸਾਰੀ ਸੰਗਤ ਗੁਰਦੁਆਰੇ ਤੋਂ ਬਾਹਰ ਭੱਜ ਗਈ। ਸੰਤ ਜੀ ਮਹਾਰਾਜ ਸਤਿਗੁਰੂ ਦੀ ਤਾਬਿਆ ਅਡੋਲ ਸੱਜੇ ਰਹੇ। ਭਾਈ ਕਲਿਆਣ ਸਿੰਘ ਜੀ ਨੇ ਜਦ ਵੇਖਿਆ ਕਿ ਸੰਤ ਜੀ ਮਹਾਰਾਜ ਅਜੇ ਅੰਦਰ ਹੀ ਹਨ, ਇਹ ਦੌੜ ਕੇ ਗੁਰਦੁਆਰੇ ਵਿੱਚ ਗਏ ਅਤੇ ਜੱਫੀ ਪਾ ਕੇ ਆਖਿਆ, "ਮਹਾਰਾਜ ਜੀ! ਬਾਹਰ ਚੱਲੋ, ਗੁਰੂ ਘਰ ਵਿੱਚ ਸਰੀਰ ਦਾ ਰਾਖੀ ਕਰਨ ਦਾ ਹੁਕਮ ਹੈ।" ਸੰਤ ਜੀ ਮਹਾਰਾਜ ਨੂੰ ਹੁਕਮ ਦਿੱਤਾ, "ਭਾਈ ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦਾ ਪ੍ਰਤੱਖ ਸਰੂਪ ਅਕਾਲ ਪਰਖ ਦੀ ਦੇਹ ਹਨ, ਅਸੀਂ ਮਹਾਰਾਜ ਦੀ ਹਜ਼ੂਰੀ ਛੱਡ ਕੇ ਕਿੱਥੇ ਜਾਈਏ!" ਧੰਨ ਸੰਤ ਜੀ ਤੇ ਧੰਨ ਸੰਤ ਜੀ ਮਹਾਰਾਜ ਦਾ ਸਿਦਕ।*

(੧੬) ਭਾਈ ਸਾਹਿਬ ਹੀਰਾ ਸਿੰਘ ਜੀ ਰਾਗੀ ਨੇ ਫਰੂਕੇ ਕੀਰਤਨ ਸਮਾਗਮ ਰੱਖਿਆ ਅਤੇ ਭਾਈ ਸੁਧ ਸਿੰਘ ਜੀ ਨੂੰ ਸੰਤ ਜੀ ਮਹਾਰਾਜ ਦੇ ਲਿਆਉਣ ਵਾਸਤੇ ਭੇਜਿਆ। ਭਾਈ ਸੁਧ ਸਿੰਘ ਜੀ ਸੰਗਰੂਰ ਸਟੇਸ਼ਨ ਤੋਂ ਉੱਤਰ ਕੇ ਮਸਤੂਆਣੇ ਪਹੁੰਚੇ। ਉਹ ਲਿਖਦੇ ਹਨ:

"ਇਹ ਅਸਥਾਨ ਪਿੰਡਾਂ ਤੋਂ ਦੂਰ ਬੜੀ ਇਕਾਂਤ ਵਿੱਚ ਹੈ। ਨਾਲ ਹੀ ਬੜਾ ਪੁਰਾਣਾ ਅਤੇ ਸੰਘਣਾ ਜੰਗਲ ਹੈ, ਜਿਸ ਵਿੱਚ ਜਾ ਕੇ ਪੁਰਾਣੀਆਂ ਬਾਰਾਂ, ਜਿਨ੍ਹਾਂ ਵਿੱਚ ਖ਼ਾਲਸਾ ਜੀ ਦੇ ਦਲ ਰਹਿੰਦੇ, ਯਾਦ ਆਉਂਦੀਆਂ ਸਨ।"

ਇੱਕ ਪਾਸੇ ਚੜ੍ਹਦੇ ਵੱਲ ਨੂੰ ਬੜੀ ਭਾਰੀ ਫ਼ਸੀਲ ਖਿੱਚੀ ਹੋਈ ਸੀ, ਜਿਸ ਦੇ ਅੰਦਰ ਕੱਚੀਆਂ-ਪੱਕੀਆਂ ਕੁਟੀਆ ਬਣੀਆਂ ਹੋਈਆਂ ਸਨ। ਕਈਆਂ ਉੱਤੇ ਚੁਬਾਰੇ ਅਤੇ ਕਈਆਂ ਦੇ ਥੱਲੇ ਭੋਰੇ ਸਨ। ਗੁਫਾਵਾਂ ਵੀ ਬਹੁਤ ਬਣੀਆਂ ਹੋਈਆਂ ਸਨ, ਜਿਨ੍ਹਾਂ ਵਿੱਚ ਚੰਗੇ-ਚੰਗੇ ਭਜਨੀਕ, ਅਤੀਤ, ਬਿਹੰਗਮ, ਨਾਮ ਰਸੀਏ ਅੰਮ੍ਰਿਤ ਵੇਲੇ ਘਾਲਾਂ ਘਾਲਦੇ ਅਤੇ ਦਿਨ ਚੜ੍ਹਦੇ ਹੀ ਕਹੀ ਟੋਕਰੀ ਦੀ ਅਤੁੱਟ ਸੇਵਾ ਵਿੱਚ ਜਾ ਜੁਟਦੇ। ਨਾਮ-ਬਾਣੀ ਅਤੇ ਸੇਵਾ ਦਾ ਬੜਾ ਭਾਰੀ ਪ੍ਰਵਾਹ ਚੱਲਿਆ ਹੋਇਆ ਸੀ। ਗੁਰੂ ਦਾ ਲੰਗਰ ਅਤੁੱਟ ਵਰਤਦਾ ਸੀ। ਸਾਰੇ ਅੰਨ ਸਤਨਾਜਾ ਇਕੱਠੇ ਪੀਸ ਕੇ ਪ੍ਰਸ਼ਾਦੇ ਸਜਾਉਂਦੇ ਅਤੇ ਨਾਲ ਡੇਲਿਆਂ ਦਾ ਅਚਾਰ ਵਰਤਦਾ ਪਰ ਖਾਣ ਵੇਲੇ ਉਹ ਸੁਆਦ ਆਉਂਦਾ ਕਿ ਕਹਿਣ ਤੋਂ ਬਾਹਰ ਹੈ।

ਅਚਰਜ ਸਾਦ ਤਾ ਕੇ ਬਰਨੇ ਨ ਜਾਹੀ॥੨॥ (੭੪੨)

ਇਸ ਇਹਾਤੇ ਦੇ ਵਿਚਕਾਰ ਸ੍ਰੀ ਹਰਿਮੰਦਰ ਸਾਹਿਬ ਦੇ ਨਕਸ਼ੇ ਤੇ ਦਰਬਾਰ ਸਜਿਆ ਹੋਇਆ ਸੀ। ਇੱਕ ਪਾਸੇ ਲਿਖਿਆ ਹੋਇਆ ਸੀ:

ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥ (੫੬੨)

ਸੰਤ ਜੀ ਮਹਾਰਾਜ ਨੇ ਭਾਈ ਸੁਧ ਸਿੰਘ ਜੀ ਨੂੰ ਤਿੰਨ ਦਿਨ ਗੁਰਸਾਗਰ ਸਾਹਿਬ ਮਸਤੂਆਣੇ ਬੜੇ ਪ੍ਰੇਮ ਨਾਲ ਰੱਖਿਆ, ਸਤਿਗੁਰੂ ਦੀ ਸੇਵਾ ਕਰਾਈ ਤੇ ਬੜੀਆਂ ਹੀ ਮਿਹਰਾਂ ਕੀਤੀਆਂ; ਪਰ ਸੇਵਾ ਦਾ ਜ਼ੋਰ ਹੋਣ ਕਰਕੇ ਆਪ ਫਰੂਕੇ ਨਾ ਜਾ ਸਕੇ। ਟੁਰਨ ਵੇਲੇ ਆਪ ਨੇ ਹੁਕਮ ਕੀਤਾ ਕਿ "ਤੁਸੀਂ ਜਾਓ, ਦੀਵਾਨ ਕਰੋ, ਅਸੀਂ ਤੁਹਾਡੇ ਨਾਲ ਹਾਂ।" ਸੰਤ ਜੀ ਮਹਾਰਾਜ ਦੇ ਆਤਮ ਪ੍ਰਭਾਵ ਕਰਕੇ ਸਮਾਗਮ ਬੜੀ ਭਾਰੀ ਕਾਮਯਾਬੀ ਨਾਲ ਹੋਇਆ।

---

* ਜ਼ਬਾਨੀ ਗਿਆਨੀ ਸੁੰਦਰ ਸਿੰਘ ਜੀ ਗੁਜਰਾਂਵਾਲਾ।

ਨੋਟ - ਦਾਸ ਨੇ ਵੀ ਇਹ ਸਾਖੀ ਭਾਈ ਕਲਿਆਣ ਸਿੰਘ ਜੀ ਪਾਸੋਂ ਸੁਣੀ।

ਤੇਰਾਂ ਘਰਾਣੇ ਸਹਿਜਧਾਰੀਆਂ ਨੇ ਅੰਮ੍ਰਿਤ ਛਕਿਆ, ਜੋ ਹੁਣ ਸਤਿਗੁਰੂ ਦੀ ਕਿਰਪਾ ਨਾਲ ਤਿਆਰ ਬਰ-ਤਿਆਰ ਹਨ।

(੧੭) ਇੱਕ ਦਿਨ ਸੰਤ ਜੀ ਮਹਾਰਾਜ ਸਾਰੀ ਸਾਧ-ਸੰਗਤ ਪਾਸੋਂ ਸਤਿਗੁਰੂ ਦੀ ਕਾਰ ਕਰਵਾ ਰਹੇ ਸਨ। ਜਦ ਸੰਧਿਆ ਵੇਲੇ ਸੇਵਾ ਤੋਂ ਛੁੱਟੀ ਮਿਲੀ ਤਦ ਸੰਤ ਜੀ ਨੇ ਭਾਈ ਸ਼ਾਮ ਸਿੰਘ ਮਾਂਦਰੀ (ਮੰਦਰ ਦਾ ਝਾੜੂ-ਬਰਦਾਰ) ਨੂੰ ਜੋ ਕਿ ਉਸ ਵੇਲੇ ਬੜੇ ਬਲੀ ਸਨ ਅਤੇ ਬੜਾ ਭਾਰੀ ਟੋਕਰਾ ਚੁੱਕਦੇ ਸਨ, ਕਿਹਾ, "ਭਾਈ! ਸਾਰੀਆਂ ਖਾਲੀ ਟੋਕਰੀਆਂ ਇਕੱਠੀਆਂ ਕਰਕੇ ਸਾਂਭ ਲਵੋ।" ਭਾਈ ਸ਼ਾਮ ਸਿੰਘ ਨੇ ਜਵਾਬ ਦਿੱਤਾ, 'ਮਹਾਰਾਜ! ਕਿਸੇ ਮਾੜੇ ਸਰੀਰ ਨੂੰ ਆਖ ਦੇਵੋ। ਤਿੰਨ ਵਾਰੀ ਸੰਤ ਜੀ ਮਹਾਰਾਜ ਨੇ ਇਹ ਬਚਨ ਕੀਤਾ ਤੇ ਤਿੰਨ ਵਾਰੀ ਹੀ ਭਾਈ ਸ਼ਾਮ ਸਿੰਘ ਜੀ ਨੇ ਇਹ ਉੱਤਰ ਦਿੱਤਾ। ਫਿਰ ਸੰਤ ਜੀ ਚੁੱਪ ਕਰ ਗਏ ਅਤੇ ਇੱਕ ਹੋਰ ਸਰੀਰ ਨੂੰ ਟੋਕਰੇ ਸਾਂਭਣ ਦਾ ਹੁਕਮ ਦਿੱਤਾ। ਅੰਮ੍ਰਿਤ ਵੇਲੇ ਰਾਤ ਇੱਕ ਵਜੇ ਭਾਈ ਸ਼ਾਮ ਸਿੰਘ ਨੂੰ ਲਹੂ ਅਤੇ ਪਾਕ ਦੇ ਦਸਤ ਲੱਗ ਪਏ ਅਤੇ ਤਿੰਨ ਦਿਨ ਇਹਨਾਂ ਨਾਲ ਅਤੀ ਦੁਖੀ ਰਿਹਾ, ਸਰੀਰ ਸੁੱਕ ਕੇ ਤੀਲਾ ਹੋ ਗਿਆ। ਚੌਥੇ ਦਿਨ ਜਦ ਸੰਤ ਜੀ ਮਹਾਰਾਜ ਸੇਵਾ ਕਰਵਾ ਰਹੇ ਸਨ, ਇਹ ਨਿਮਾਣਾ ਹੋ ਕੇ ਆਇਆ ਅਤੇ ਢਹਿ ਕੇ ਚਰਨੀਂ ਲੱਗਾ ਤੇ ਕਿਹਾ, "ਮਹਾਰਾਜ ਜੀ ਮੈਨੂੰ ਬਖ਼ਸ਼ ਲਵੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, 'ਭਾਈ, ਅਸੀਂ ਤਾਂ ਤੈਨੂੰ ਕੁਝ ਨਹੀਂ ਆਖਿਆ, ਤੇਰੀ ਆਪਣੀ ਭਾਵਨਾ ਦਾ ਫਲ ਹੈ। ਗ਼ਰੀਬ ਹੋ ਕੇ ਸੇਵਾ ਕਰ, ਸਤਿਗੁਰੂ ਭਲੀ ਕਰਨਗੇ।'*

(੧੮) ਇੱਕ ਦਿਨ ਦੁਪਹਿਰ ਦਾ ਵਕਤ ਸੀ, ਸਾਰੀ ਸੰਗਤ ਸੇਵਾ ਕਰਕੇ ਪ੍ਰਸ਼ਾਦ ਛਕਣ ਲਈ ਲੰਗਰ ਵਿੱਚ ਗਈ। ਸੰਤ ਜੀ ਮਹਾਰਾਜ ਉਸ ਰੇਰੂ (ਕੰਡਿਆਲਾ ਬ੍ਰਿਛ) ਦੇ ਹੇਠਾਂ, ਜੋ ਗੁਰਸਾਗਰ ਸਾਹਿਬ ਮੰਦਰ ਦੇ ਸੱਜੇ ਪਾਸੇ ਹੈ, ਬੈਠੇ ਸਨ ਤੇ ਭਾਈ ਸ਼ਾਮ ਸਿੰਘ ਜੀ ਮਾਂਦਰੀ ਥੋੜ੍ਹੀ ਦੂਰ ਸੰਤ ਜੀ ਦੀ ਕੰਡ ਵੱਲ ਖੜੇ ਸਨ। ਸੰਤ ਜੀ ਮਹਾਰਾਜ ਇੱਕ ਖਾਸ ਰੰਗ ਵਿੱਚ ਆਏ ਅਤੇ ਸਹਿਜ-ਸੁਭਾਅ ਰੇਰੂ ਨੂੰ ਆਖਣ ਲੱਗ ਪਏ, "ਭਾਈ ਪ੍ਰੇਮੀਆਂ! ਕਈ ਚਿਰ ਤੋਂ ਤੇਰੇ ਵੱਡੇ-ਵੱਡੇ ਕੰਡੇ ਟੁਰੇ ਆਉਂਦੇ ਹਨ, ਹੁਣ ਤਾਂ ਤੂੰ ਆਪਣਾ ਸੁਭਾਅ ਛੱਡ ਦੇ।" ਹੌਲੀ-ਹੌਲੀ ਇਸ ਰੇਰੂ ਦੇ ਕੰਡੇ ਛੋਟੇ ਹੋਣ ਲੱਗ ਪਏ ਅਤੇ ਬਹੁਤ ਸਾਲਾਂ ਤੋਂ ਹੁਣ ਕੰਡੇ ਬਿਲਕੁਲ ਨਹੀਂ ਹਨ। ਕਿੱਧਰੇ ਪੁਰਾਣੇ ਸੁਭਾਅ ਦੀ ਨਿਸ਼ਾਨੀ ਡਾਢੇ ਨਿੱਕੇ ਨਾਮ ਮਾਤਰ ਕੰਡੇ ਹੱਥ ਲਾਇਆਂ ਪ੍ਰਤੀਤ ਹੁੰਦੇ ਹਨ।**

(੧੯) ਇੱਕ ਵਾਰੀ ਰਾਤ ਦੇ ਬਾਰਾਂ-ਇੱਕ ਵਜੇ ਦਾ ਵਕਤ ਸੀ। ਇੱਕ ਸਾਂਹਸੀ ਗੁਰਦੁਆਰਾ ਗੁਰਸਾਗਰ ਸਾਹਿਬ ਮਸਤੂਆਣੇ ਦੀ ਚੋਰੀ ਕਰਨ ਆਇਆ। ਭਾਈ ਸ਼ਾਮ ਸਿੰਘ ਜੀ ਮਾਂਦਰੀ ਅਤੇ ਸੰਗਤ ਦੇ ਹੋਰ ਸਰੀਰਾਂ ਨੇ ਇਸ ਨੂੰ ਫੜ ਲਿਆ ਅਤੇ ਮੁਸ਼ਕਾਂ ਕੱਸ ਕੇ ਗੁਰਦੁਆਰੇ ਸਾਹਿਬ ਦੇ ਪੱਛਮ ਵੱਲ ਜਿਹੜਾ ਵੱਡਾ ਬਾਗ਼ ਹੈ, ਉਸ ਵਿੱਚ ਬੰਦ ਕਰ ਦਿੱਤਾ। ਓਸੇ ਵੇਲੇ ਸੰਤ ਜੀ ਮਹਾਰਾਜ ਨੇ ਆਪਣੇ ਇੱਕ ਸੇਵਕ ਨੂੰ ਸੰਗਤ ਪਾਸ ਭੇਜਿਆ, "ਭਾਈ ਇਸ ਨੂੰ ਮਾਰਨਾ ਨਹੀਂ। ਜੇ ਮਾਰੋਗੇ ਤਾਂ ਉਹ ਮਾਰ ਸਾਨੂੰ ਪਵੇਗੀ।" ਨੇਮ ਅਨੁਸਾਰ ਸੰਤ ਜੀ ਮਹਾਰਾਜ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। ਭੋਗ ਦੇ ਮਗਰੋਂ ਸਿੱਧੇ ਉਸ ਸਾਂਹਸੀ ਪਾਸ ਗਏ ਅਤੇ ਮੁਸ਼ਕਾਂ ਖੋਲ੍ਹਣ ਦਾ ਹੁਕਮ ਦਿੱਤਾ। ਭਾਈ ਸ਼ਾਮ ਸਿੰਘ ਜੀ ਮਾਂਦਰੀ ਨੇ ਪੁੱਛਿਆ, "ਮਹਾਰਾਜ ਜੀ! ਇਸ ਚੋਰ ਨੂੰ ਵੀ ਸਾਧੂ ਦੇ ਦਰਸ਼ਨ ਦਾ ਫਲ ਮਿਲੇਗਾ?" ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, 'ਹਾਂ ਭਾਈ!' ਅਜੇ ਇਹ ਬਚਨ ਸੰਤ ਜੀ ਮਹਾਰਾਜ ਦੀ ਰਸਨਾ ਤੋਂ ਨਿਕਲੇ ਹੀ ਸਨ ਕਿ ਚੋਰ ਸੰਤ ਜੀ ਮਹਾਰਾਜ ਦੀ ਚਰਨੀਂ ਢਹਿ ਪਿਆ ਅਤੇ ਬੋਲਿਆ, "ਮੇਰੀ ਕੁਲ ਵਿੱਚੋਂ ਕੋਈ ਵੀ ਜੀਵ ਗੁਰਦੁਆਰੇ ਦੀ ਚੋਰੀ ਨਹੀਂ ਕਰੇਗਾ।"

ਫੱਗਣ ੧੯੬੩ (ਮਾਰਚ ੧੯੦੬) ਵਿੱਚ ਸੰਤ ਜੀ ਨੇ ਗੁਰਸਾਗਰ ਸਾਹਿਬ ਮਸਤੂਆਣੇ ਦੀ ਪਹਿਲੀ

* ਅਤੇ ** ਜ਼ਬਾਨੀ ਭਾਈ ਸ਼ਾਮ ਸਿੰਘ ਜੀ ਮਾਂਦਰੀ।

ਨੋਟ : ਆਮ ਤੌਰ 'ਤੇ ਰੇਰੂ ਦੇ ਕੰਡੇ ਡੇਢ ਦੋ ਇੰਚ ਲੰਮੇ ਹੁੰਦੇ ਹਨ।

ਕਾਰ ਸੇਵਾ ਪੂਰੀ ਕੀਤੀ। ਗੁਰਦੁਆਰਾ ਸਾਹਿਬ ਬੁੱਢਰੁੱਖਾ ਵਾਲੇ ਪਾਸੇ ਦੀ ਡਿਉੜੀ, ਪੂਰਬ ਪਹਾੜ ਵੱਲ ਦੀਆਂ ਕੁਟੀਆ ਅਤੇ ਪੱਛਮ ਵੱਲ ਗੁਰੂ ਕਾ ਲੰਗਰ, ਡਿਉੜੀ ਅਤੇ ਇੱਕ ਵੱਡਾ ਬਾਗ਼ ਤੇ ਫਸੀਲ (ਵੱਡੀ ਦੀਵਾਰ) ਤਿਆਰ ਹੋ ਗਏ। ਹੁਣ ਸੰਤ ਜੀ ਮਹਾਰਾਜ ਨੇ ਨਿਮਾਣੀ ਦੇ ਜੋੜ-ਮੇਲੇ 'ਤੇ ਕੀਰਤਨ ਲਗਾਉਣ ਦਾ ਸੰਕਲਪ ਕੀਤਾ। ਬਾਬੂ ਤੇਜਾ ਸਿੰਘ ਭਸੌੜ ਨੂੰ ਸੱਦ ਕੇ, ਸਾਰੇ ਪੰਥ ਵਿੱਚ ਸੱਦਾ-ਪੱਤਰ ਭਿਜਵਾਇਆ ਅਤੇ ਆਪ ਬਾਹਰ ਦੌਰੇ ਲਈ ਨਿਕਲੇ। ਪਹਿਲਾਂ ਲਾਹੌਰ ਆਏ, ਫੇਰ ਤਰਨਤਾਰਨ, ਅੰਮ੍ਰਿਤਸਰ ਸਾਹਿਬ ਅਤੇ ਕਈ ਨਗਰਾਂ ਵਿੱਚ ਦੌਰਾ ਕਰ ਕੇ ਨਿਮਾਣੀ ਤੋਂ ਕੁਝ ਦਿਨ ਪਹਿਲਾਂ ਗੁਰਸਾਗਰ ਸਾਹਿਬ ਮਸਤੂਆਣੇ ਆ ਗਏ।

ਨੋਟ:- ਗੁਰਸਾਗਰ ਸਾਹਿਬ ਦੀ ਸੇਵਾ ਦੇ ਸਮੇਂ ਦੀਆਂ ਹੋਰ ਵੀ ਬਹੁਤ ਸਾਰੀਆਂ ਸਾਖੀਆਂ ਹਨ। ਉੱਪਰ ਲਿਖੀਆਂ ਸਿਰਫ਼ ਵੰਨਗੀ ਮਾਤਰ ਹਨ। ਪ੍ਰੇਮੀ ਜਨ ਜਿਹੜੀਆਂ ਸਾਖੀਆਂ ਇਸ ਪੁਸਤਕ ਨੂੰ ਪੜ੍ਹ ਕੇ ਫੇਰ ਭੇਜਣਗੇ, ਉਹ ਦੂਸਰੀ ਜਿਲਦ ਵਿੱਚ ਦਰਜ ਕੀਤੀਆਂ ਜਾਣਗੀਆਂ।

ਕਾਂਡ ੩੪

ਸੂਹੀ ਮਹਲਾ ੫ ॥
ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥
ਕੇਸ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ਰਹਾਉ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥ (੭੪੮-੪੯)

ਜਦ ਦਾਸ ਸੰਤ ਜੀ ਦੀ ਆਗਿਆ ਵਿੱਚ ਬੰਬਈ ਵੱਲ ਪੱਛਮ ਦੀ ਯਾਤਰਾ ਕਰਨ ਲਈ ਤੁਰਿਆ ਤਾਂ ਉਸ ਦੇ ਮਗਰੋਂ ਸੰਤ ਜੀ ਮਹਾਰਾਜ ਕੁਝ ਚਿਰ ਲਈ ਮੈਨ ਦੁਆਬੇ ਹੀ ਰਹੇ ਅਤੇ ਇਸ ਇਲਾਕੇ ਦੇ ਕਈ ਨਗਰਾਂ ਵਿੱਚ ਨਾਮ-ਬਾਣੀ ਅਤੇ ਅੰਮ੍ਰਿਤ ਪ੍ਰਚਾਰ ਦੀ ਦਾਤ ਬਖ਼ਸ਼ ਕੇ ਕ੍ਰਿਤਾਰਥ ਕੀਤਾ।

ਸੰਤ ਜੀਵਾ ਸਿੰਘ ਜੀ ਦਾ ਦਰਸ਼ਨ ਕਰਨਾ

ਇਸ ਮੈਨ ਦੁਆਬੇ ਦੇ ਦੌਰੇ ਵਿੱਚ, ਸੰਤ ਜੀ ਮਹਾਰਾਜ ਨੇ ਸੰਤ ਜੀਵਾ ਸਿੰਘ ਨਨਕਾਣੇ ਸਾਹਿਬ ਵਾਲੇ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਸ ਦੀ ਸਾਰੀ ਵਿੱਥਿਆ ਭਾਈ ਜੀਵਾ ਸਿੰਘ ਜੀ ਦੀ ਜ਼ਬਾਨੀ ਦਰਜ ਕੀਤੀ ਜਾਂਦੀ ਹੈ:

‘‘ਸਾਡੀ ਅਵਸਥਾ ਉਸ ਵੇਲੇ ਕੋਈ ੨੮ ਸਾਲ ਦੀ ਸੀ। ਸ੍ਰੀ ਸੰਤ ਜੀ ਮਹਾਰਾਜ ਵੀ ਉਦੋਂ ਭਰ ਜੁਆਨ ਸਨ ਅਤੇ ਆਪ ਦੇ ਮੁਖ ਪਰ ਕਾਲਾ ਭੌਰ ਦਾਹੜਾ ਸੱਜ ਰਿਹਾ ਸੀ, ਚਿਹਰਾ ਨੂਰਾਨੀ ਸੀ ਅਤੇ ਨੇਤਰਾਂ ਵਿੱਚ ਅਪਾਰ ਸ਼ਕਤੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਤੇ ਸ੍ਰੀ ਸੰਤ ਜੀ ਮਹਾਰਾਜ ਦੀਵਾਨ ਵਿੱਚ ਸਤਿਗੁਰੂ ਦੀ ਤਾਬਿਆ ਵਿੱਚ ਸਜੇ ਹੋਏ ਸਨ; ਤੇ **‘‘ਭੋਜਨੰ ਗੋਪਾਲ ਕੀਰਤਨੰ’’** ਆਪ ਛਕਦੇ ਤੇ ਸੰਗਤਾਂ ਨੂੰ ਛਕਾਉਂਦੇ ਸਨ। ਸਾਡਾ ਡੇਰਾ ਮਿੱਠੇਸਰ ਸੀ, ਜੋ ਸ੍ਰੀ ਅਨੰਦਪੁਰ ਸਾਹਿਬ ਤੋਂ ੨ ਕੋਹ ਦੇ ਫਾਸਲੇ ’ਤੇ ਹੈ। ਹੋਲੇ-ਮਹੱਲੇ ਦੇ ਸਮੇਂ ਅਸੀਂ ਤਿੰਨ ਦਿਨ ਸਾਧ-ਸੰਗਤ ਦੇ ਦਰਸ਼ਨ ਕਰਨ ਵਾਸਤੇ ਹਾਜ਼ਰ ਹੁੰਦੇ ਰਹੇ। ਤਿੰਨੇ ਦਿਨ ਪਿੱਛਲੇ ਪਹਿਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰਦੁਆਰੇ ਸਾਹਿਬ ਦੀਵਾਨ ਲੱਗਦਾ ਰਿਹਾ। ਉੱਥੇ ਵੀ ਸੰਤ ਜੀ ਮਹਾਰਾਜ ਕੀਰਤਨ ਕਰਾਇਆ ਕਰਦੇ। ਇਸ ਸਮੇਂ ਦਰਸ਼ਨ-ਮੇਲਾ ’ਤੇ ਨਾ ਹੋ ਸਕਿਆ, ਪਰ ਸ਼ਬਦ ਸੁਣ ਕੇ ਮਨ ਖਿੱਚਿਆ ਗਿਆ। ਕੀਰਤਨ ਦਾ ਜੋ ਰਸ ਆਉਂਦਾ ਸੀ, ਉਹ ਰਸਨਾ ਦੱਸ ਨਹੀਂ ਸਕਦੀ। ਹੋਲੇ-ਮੱਹਲੇ ਤੋਂ

ਮਗਰੋਂ ਸੰਤ ਜੀ ਮਹਾਰਾਜ ਮੈਨ ਦੁਆਬੇ ਨੂੰ ਤਾਰਨ ਲਈ ਚੱਲ ਪਏ, ਪਰ ਦਾਸ ਨੂੰ ਏਸ ਗੱਲ ਦਾ ਕੋਈ ਪਤਾ ਨਹੀਂ ਸੀ।

"ਇੱਕ ਦਿਨ ਕਿਸੇ ਕੰਮ ਲਈ ਮੈਂ ਚਮਕੌਰ ਸਾਹਿਬ ਗਿਆ। ਮੁੜਦੇ ਹੋਏ ਲੋਦੀ ਮਾਜਰੇ ਦੇ ਰਸਤੇ ਆਇਆ। ਜਦ ਨਗਰ ਦੇ ਨੇੜੇ ਪਹੁੰਚਿਆ ਤਾਂ ਕੀ ਵੇਖਦਾ ਹਾਂ ਕਿ ਸਤਲੁਜ ਦੇ ਕੰਢੇ ਉੱਤੇ ਸੰਤ ਜੀ ਮਹਾਰਾਜ ਦੇ ਜਥੇ ਦੇ ਸਿੰਘ ਸੱਜੇ ਬੈਠੇ ਹਨ: ਦੋ ਕਿਤੇ, ਚਾਰ ਕਿਤੇ ਅਤੇ ਕਿਤੇ-ਕਿਤੇ ਸਵਾ ਲੱਖ ਹੀ। ਰਾਹੇ-ਰਾਹੇ ਜਾਂਦਿਆਂ ਮੈਨੂੰ ਇਹਨਾਂ ਸਿੰਘਾਂ ਦੇ ਦਰਸ਼ਨ ਹੋਏ, ਤਾਂ ਚਿੱਤ ਵਿੱਚ ਅਵਾਜ਼ ਆਈ ਕਿ ਹੇ ਭਾਈ! ਮਾਨਸਰੋਵਰ ਉੱਤੇ ਹੰਸ ਰਹਿੰਦੇ ਹਨ, ਸੋ ਉਹ ਦੀਦਾਰ ਪ੍ਰਤੱਖ ਹੋ ਰਹੇ ਹਨ। ਇਸ ਖਿਆਲ ਵਿੱਚ ਮਸਤ ਦਾਸ ਤੁਰਿਆ ਜਾ ਰਿਹਾ ਸੀ ਕਿ ਰਸਤੇ ਤੋਂ ਦੋ-ਤਿੰਨ ਕਦਮ 'ਤੇ ਬੈਠੇ ਇੱਕ ਪਰਉਪਕਾਰੀ ਵੀਰ ਨੇ ਇਉਂ ਆਖਿਆ, 'ਖ਼ਾਲਸਾ ਜੀ, ਬਾਬਾ ਅਤਰ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੇ ਹੋ, ਅਜੇ ਕੀਤੇ ਹਨ ਕਿ ਨਹੀਂ?' ਕੁਦਰਤੀ ਇਹ ਸ਼ਬਦ ਮੇਰੇ ਕੰਨੀਂ ਉਸੇ ਵੇਲੇ ਪਏ ਜਦੋਂ ਸੰਤ ਜੀ ਮਹਾਰਾਜ ਸਤਲੁਜ ਦਰਿਆ ਦੇ ਕਿਨਾਰੇ ਤੋਂ, ਸੌਚ-ਮੈਦਾਨ ਹੋ ਕੇ ਦੀਵਾਨ ਦੀ ਤਿਆਰੀ ਲਈ ਆ ਰਹੇ ਸਨ (ਸ਼ਾਮ ਵੇਲੇ)। ਮੈਨੂੰ ਰਾਹ ਜਾਂਦਿਆਂ ਦੇਖ ਕੇ ੫੦ ਕੁ ਕਦਮ ਦੀ ਵਿੱਥ 'ਤੇ ਖਲੋ ਗਏ। ਮੈਂ ਵੀ ਇਨ੍ਹਾਂ ਦੇ ਚਰਨਾਂ ਦੀ ਧੂੜ ਲੈਣ ਵਾਸਤੇ ਸੋਚ ਹੀ ਰਿਹਾ ਸਾਂ ਕਿ ਉਪਰੋਕਤ ਸਿੰਘ ਨੇ ਪ੍ਰੇਰਨਾ ਕਰ ਦਿੱਤੀ। ਇਹ ਸਭ ਕੁਝ ਇੱਕ ਮਿੰਟ ਦੇ ਅੰਦਰ-ਅੰਦਰ ਹੀ ਵਰਤ ਗਿਆ ਸੀ। ਮੈਂ ਝੱਟ-ਪੱਟ ਬੜੀ ਫੁਰਤੀ ਨਾਲ ਅਨੰਦ ਵਿੱਚ ਸੰਤਾਂ ਦੇ ਚਰਨਾਂ 'ਤੇ ਜਾ ਪਿਆ। ਸੰਤ ਜੀ ਮਹਾਰਾਜ ਨੇ ਆਪਣੇ ਮੁੱਖ ਤੋਂ ਇਹ ਫ਼ਰਮਾਇਆ ਕਿ ਭਾਈ, ਉਹ ਦਰਿਆ ਦਾ ਪੱਤਣ ਦਿਸਦਾ ਹੈ, ਉਸ ਨੂੰ ਚੱਲ, ਅਸੀਂ ਵੀ ਓਥੇ ਮੁੜ ਚਲਦੇ ਹਾਂ। ਇਹ ਪੱਤਣ ਦੀਵਾਨ ਅਸਥਾਨ ਤੋਂ ਇੱਕ ਮੀਲ ਕੁ ਸੀ। ਦਾਸ ਬਚਨ ਮੰਨ ਕੇ ਪੱਤਣ 'ਤੇ ਪਹੁੰਚ ਗਿਆ।

ਥੋੜ੍ਹੇ ਚਿਰ ਮਗਰੋਂ ਸੰਤ ਜੀ ਮਹਾਰਾਜ ਵੀ ਪੱਤਣ 'ਤੇ ਪਹੁੰਚੇ, ਦਰਿਆ ਵਿੱਚ ਕੇਸੀ ਇਸ਼ਨਾਨ ਕੀਤਾ। ਬਾਹਰ ਨਿਕਲ ਕੇ ਮੈਨੂੰ ਆਖਿਆ ਕਿ ਤੂੰ ਕਦੇ ਸਤਲੁਜ ਵਿੱਚ ਅਸ਼ਨਾਨ ਕੀਤਾ ਹੈ। ਦਾਸ ਨੇ ਉੱਤਰ ਅਜੇ ਨਹੀਂ ਸੀ ਦਿੱਤਾ ਕਿ ਸੰਤ ਜੀ ਨੇ ਫ਼ਰਮਾਇਆ, "ਭਾਈ, ਇਸ ਵਿੱਚ ਤਾਂ ਆਪ ਕਲਗੀਆਂ ਵਾਲੇ ਸਤਿਗੁਰੂ ਇਸ਼ਨਾਨ ਕਰਦੇ ਰਹੇ ਹਨ, ਤੂੰ ਵੀ ਕਰ ਲੈ।" ਮੈਂ ਵੀ ਕੇਸੀ ਇਸ਼ਨਾਨ ਕਰ ਲਿਆ। ਅਸੀਂ ਅਜੇ ਕੇਸ ਹਰੇ ਕਰ ਰਹੇ ਸਾਂ ਕਿ ਸੰਤ ਜੀ ਨੇ ਆਪਣੇ ਗੜਵਈ ਈਸ਼ਰ ਸਿੰਘ ਨੂੰ ਪਰੇ ਭੇਜ ਦਿੱਤਾ ਤੇ ਮੈਨੂੰ ਆਖਿਆ, "ਭਾਈ ਕੁਝ ਦਿੱਸਦਾ ਈ? ਉਹ ਵੇਖ ਦੂਰ ਕਲਗੀਆਂ ਵਾਲੇ ਬੇੜੇ ਭਰੀ ਲਈ ਜਾਂਦੇ ਹਨ, ਕਰ ਦਰਸ਼ਨ।" ਮੈਂ ਦਰਿਆ ਵੱਲ ਡਿੱਠਾ ਪਰ ਚੁੱਪ ਰਿਹਾ। ਫੇਰ ਉੱਪਰਲਾ ਬਚਨ ਹੋਇਆ। ਮੈਂ ਫੇਰ ਡਿੱਠਾ ਅਤੇ ਚੁੱਪ ਕਰ ਰਿਹਾ। ਆਪ ਨੇ ਤੀਜੀ ਵਾਰ ਫੇਰ ਫ਼ਰਮਾਇਆ ਤਾਂ ਦਾਸ ਨੇ ਸਤਿਕਾਰ ਸਹਿਤ ਬੇਨਤੀ ਕੀਤੀ, "ਮਹਾਰਾਜ! ਮੇਰੀ ਜੀਵ ਦ੍ਰਿਸ਼ਟੀ ਕੀ ਵੇਖ ਸਕਦੀ ਹੈ? ਆਪ ਤਾਂ ਸਾਖਯਾਤ ਬ੍ਰਹਮ ਗਿਆਨੀ ਹੋਏ। ਡੱਲੇ ਨੂੰ ਭੀ ਤਾਂ ਕਲਗੀਆਂ ਵਾਲੇ ਨੇ ਅੰਬ ਅਤੇ ਕਣਕਾਂ ਵਿਖਾਈਆਂ ਸਨ, ਪਰ ਓਹ ਅੱਕ ਅਤੇ ਸਰੂਟ ਹੀ ਦੇਖਦਾ ਰਿਹਾ, ਨਜ਼ਰ ਖੁੱਲ੍ਹੇ ਤਾਂ ਦਿਸੇ।" ਇਹ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਅਤੇ ਆਖਣ ਲੱਗੇ, 'ਭਾਈ ਹੌਂਸਲਾ ਰੱਖ, ਦ੍ਰਿਸ਼ਟੀ ਜ਼ਰੂਰ ਪ੍ਰਾਪਤ ਹੋਵੇਗੀ।' ਬਸ ਇਹ ਬਚਨ ਪੂਰੇ ਹੁੰਦਿਆਂ ਹੀ ਦਰਿਆਓ ਪਾਰ ਮਲਾਹ, ਬੇੜੀ ਏਧਰ-ਓਧਰ ਲਈ ਜਾਂਦੇ ਨਜ਼ਰ ਆਏ ਅਤੇ ਅਵਾਜ਼ ਆਈ, **"ਹੀਰਾ ਜਨਮ ਨਹੀਂਓਂ ਥਿਆਓਣਾ, ਤੂੰ ਕਰ ਲੈ ਬੇਨਤੀਆਂ।"**

ਸੰਤ ਜੀ ਮਹਾਰਾਜ ਉੱਠ ਬੈਠੇ ਅਤੇ ਪਿੰਡ ਵੱਲ ਟੁਰ ਪਏ। ਸੌ ਕੁ ਕਦਮ 'ਤੇ ਖਲੋ ਗਏ ਅਤੇ ਇਉਂ ਕ੍ਰਿਪਾ ਕੀਤੀ, **"ਪ੍ਰੇਮੀਓ! ਹੀਰਾ ਜਨਮ ਨਹੀਂ ਜੇ ਥਿਆਵਣਾ, ਕਰ ਲਵੋ ਬੇਨਤੀਆਂ। ਵੇਖਿਓ ਜੇ ਕਿਤੇ ਕੜਾਹ-ਪ੍ਰਸ਼ਾਦ, ਖੀਰਾਂ ਅਤੇ ਹੋਰ ਪਦਾਰਥਾਂ ਵਿੱਚ ਹੀ ਨਾ ਅਟਕ ਜਾਓ। ਨਾਮ ਨੂੰ ਮੁੱਖ ਰੱਖ ਕੇ ਸੇਵਾ ਕਰ ਲਓ ਤਾਂ**

ਜਨਮ ਸਫ਼ਲਾ ਹੋਵੇਗਾ।" ਇਹ ਸੁਣ ਦਾਸ ਦੇ ਚਿੱਤ ਵਿੱਚ ਇਹ ਵਿਚਾਰ ਆਈ, "ਜੀਵਾ ਸਿੰਘ! ਇਹ ਸੰਤ ਜੀ ਤਾਂ ਸਦਾ ਦੇ ਸਾਥੀ ਹਨ ਇਹ ਸਿੱਖਿਆ ਤਾਂ ਤੇਰੇ ਲਈ ਹੈ।" ੫੦ ਕਦਮਾਂ, 'ਤੇ ਜਾ ਕੇ ਸੰਤ ਫੇਰ ਖਲੋ ਗਏ ਅਤੇ ਉੱਪਰਲਿਆਂ ਵਾਕਾਂ ਨੂੰ ਦੁਹਰਾਇਆ।

ਹੁਣ ਦੀਵਾਨ ਦਾ ਸਮਾਂ ਹੋ ਚੁੱਕਾ ਸੀ। ਸੰਤ ਦੀਵਾਨ ਅਸਥਾਨ ਪੁੱਜ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜ ਗਏ। ਕੀਰਤਨੀ ਜਥੇ ਨੇ ਸ਼ਬਦ ਪੜ੍ਹਨੇ ਸ਼ੁਰੂ ਕੀਤੇ। ਸੰਤ ਜੀ ਸਮਾਧੀ ਅਸਥਿਤ ਹੋ ਗਏ, ਕੋਈ ਰਸ ਨਾ ਬੱਝਾ। ਜਦੋਂ ਸੰਤ ਜੀ ਬੋਲੇ, ਐਸੀ ਗੂੰਜ ਉੱਠੀ ਅਤੇ ਐਸੀ ਖਿੱਚ ਪਈ ਕਿ ਸਾਰੀ ਸੰਗਤ ਦੇ ਮਨ ਰੱਬ ਵੱਲ ਜੁੜ ਗਏ।' ਰਹਿਰਾਸ ਦੇ ਪਾਠ ਦੇ ਮਗਰੋਂ ਅਰਦਾਸਾ ਹੋਇਆ ਅਤੇ ਲੰਗਰ ਲਈ ਪੰਗਤਾਂ ਲੱਗ ਗਈਆਂ। ਸੰਤ ਜੀ ਨੇ ਦਾਸ (ਜੀਵਾ ਸਿੰਘ) ਨੂੰ ਯਾਦ ਕੀਤਾ ਅਤੇ ਪ੍ਰੇਮੀਆਂ ਨੇ ਪ੍ਰਸ਼ਾਦ ਛਕਣ ਲਈ ਆਖਿਆ। ਦਾਸ ਨੇ ਬੇਨਤੀ ਕੀਤੀ ਕਿ ਦਾਸ ਆਪਣੇ ਹੱਥੀਂ ਸਜਾ ਕੇ ਛਕਦਾ ਹੈ। ਸੰਗਤਾਂ ਨੇ ਜਾ ਕੇ ਇਹ ਖ਼ਬਰ ਸੰਤ ਜੀ ਨੂੰ ਦਿੱਤੀ। ਸੰਤ ਜੀ ਨੇ ਫ਼ਰਮਾਇਆ ਕਿ ਪ੍ਰੇਮੀਓ, ਹੁਣ ਤੀਕਰ ਉਸ ਨੂੰ ਰਸਦ ਕਿਉਂ ਨਹੀਂ ਦਿੱਤੀ? ਛੇਤੀ ਕਰੋ। ਦਾਸ ਨੇ ਵੀ ਲੋੜ ਅਨੁਸਾਰ ਮੈਦਾ ਲੈ ਕੇ ਮੰਨੀਆਂ ਘੜ ਲਈਆਂ। ਛਕ ਕਰ ਕੇ ਰਾਤ ਬਿਸਰਾਮ ਕੀਤਾ। ਸਵੇਰੇ ਆਸਾ ਜੀ ਦੀ ਵਾਰ ਦਾ ਦੀਵਾਨ ਸਜਿਆ, ਦਾਸ (ਜੀਵਾ ਸਿੰਘ) ਵੀ ਹਾਜ਼ਰ ਹੋਇਆ। ਭੋਗ ਮਗਰੋਂ ਹਾਜ਼ਰ ਹੋ ਕੇ ਚਰਨ ਧੂੜ ਪ੍ਰਾਪਤ ਕੀਤੀ ਅਤੇ ਮਿੱਠਾਸਰ ਜਾਣ ਦੀ ਆਗਿਆ ਮੰਗੀ। ਆਪ ਨੇ ਪ੍ਰਸੰਨ ਹੋ ਕੇ ਆਗਿਆ ਬਖਸ਼ੀ, ਸੱਤ ਗਜ਼ ਖੱਦਰ ਆਪਣੇ ਹਸਤ ਕਮਲਾਂ ਨਾਲ ਬਖਸ਼ਿਆ ਅਤੇ ਆਖਿਆ, 'ਪ੍ਰੇਮੀਆ! ਕਛਹਿਰੇ ਸਵਾ ਲਈਂ।' ਦਾਸ ਗਦ-ਗਦ ਹੋ ਮਿੱਠਾਸਰ ਜਾ ਪੁੱਜਾ।

ਮਸਤੂਆਣੇ ਦੀ ਸੇਵਾ

ਮਸਤੂਆਣੇ ਪਹਿਲੇ ਦੀਵਾਨ ਦੇ ਸਮੇਂ, ਜੂਨ (ਹਾੜ) ੧੯੦੯ ਈਸਵੀ ਵਿੱਚ ਹਰਿਮੰਦਰ ਸਾਹਿਬ ਦੀ ਇਮਾਰਤ ਤਿਆਰ ਹੋ ਚੁੱਕੀ ਸੀ, ਪਰ ਸਰੋਵਰ ਦੀ ਕਾਰ ਬਾਕੀ ਸੀ। ਮੈਨ ਦੁਆਬੇ ਤੋਂ ਸੰਤ ਜੀ ਮਹਾਰਾਜ ਇਸ ਸੇਵਾ ਨੂੰ ਪੂਰੀ ਕਰਨ ਵਾਸਤੇ ਮਸਤੂਆਣੇ ਪੁੱਜੇ। ਸਰੋਵਰ ਦੀ ਕਾਰ ਬੜੇ ਪ੍ਰੇਮ ਨਾਲ ਅਸਥਾਨ ਦੇ ਜੰਗੀ ਜਥੇ ਨੇ, ਜਿਸ ਦੇ ਜਥੇਦਾਰ ਭਾਈ ਉੱਤਮ ਸਿੰਘ ਜੀ ਸਨ, ਅਰੰਭ ਕਰ ਦਿੱਤੀ। ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਮੰਜੀ 'ਤੇ ਸਜ ਜਾਂਦੇ ਅਤੇ ਸਾਧ-ਸੰਗਤ ਸੇਵਾ ਵਿੱਚ ਜੁੱਟ ਜਾਂਦੀ। ਸੰਤ ਜੀ ਸਾਰਾ ਦਿਨ ਇੱਕ ਆਸਣ 'ਤੇ ਹੀ ਬੈਠੇ ਰਹਿੰਦੇ। ਪ੍ਰਸ਼ਾਦਾ ਵੀ ਓਥੇ ਹੀ ਵਰਤ ਜਾਂਦਾ ਕਈ ਪ੍ਰੇਮੀਆਂ ਦਾ ਉਤਸ਼ਾਹ ਏਨਾ ਸੀ ਕਿ ਉਹ ਪ੍ਰਸ਼ਾਦਾ ਹੱਥ ਵਿੱਚ ਫੜ ਕੇ ਖਾਈ ਜਾਂਦੇ ਅਤੇ ਟੋਕਰੀ ਢੋਈ ਜਾਂਦੇ। ਇੱਕ ਦਿਨ ਜਦ ਸਾਧ-ਸੰਗਤ ਸ਼ਾਮ ਵੇਲੇ ਇਕੱਤਰ ਹੋਈ ਤਾ ਸੰਤ ਜੀ ਨੇ ਆਖਿਆ ਕਿ ਭਾਈ, ਸਾਧ-ਸੰਗਤ ਧੰਨ ਹੈ। ਅਸੀਂ ਨਿਕੰਮੇ ਤਾਂ ਵਿਹਲੇ ਹੀ ਬੈਠੇ ਰਹਿੰਦੇ ਹਾਂ। ਸਾਰਾ ਜਥਾ ਇੱਕ ਜ਼ਬਾਨ ਹੋ ਬੋਲ ਉੱਠਿਆ, "ਜੀ ਸੱਚੇ ਪਾਤਸ਼ਾਹ! ਅਸੀਂ ਤੇ ਪੁਤਲੀਆਂ ਹਾਂ, ਹਜ਼ੂਰ ਦੇ ਤਾਰ ਹਿਲਾਏ ਬਗੈਰ ਅਸੀਂ ਕਿਸ ਕੰਮ ਹਾਂ? ਦੀਦਾਰ ਕਰ-ਕਰ ਨਿਹਾਲ ਹੁੰਦੇ ਹਾਂ ਤੇ ਸੇਵਾ ਦਾ ਉਤਸ਼ਾਹ ਦੂਣਾ-ਚੌਣਾ ਵਧੀ ਜਾਂਦਾ ਹੈ।"

ਇੱਕ ਦਿਨ ਭਾਈ ਸ਼ਾਮ ਸਿੰਘ ਜੀ ਮਾਂਦਰੀ, ਜਿਹੜੇ ਕਿ ਬੜਾ ਹੀ ਭਾਰੀ ਟੋਕਰਾ ਚੁੱਕਦੇ ਸਨ, ਸੰਤ ਜੀ ਮਹਾਰਾਜ ਦੇ ਪਾਸ ਮੰਜੇ ਦੇ ਪਿੱਛਲੇ ਪਾਸੇ, ਸੇਵਾ ਦੇ ਭੋਗ ਵੇਲੇ ਖੜ੍ਹੇ ਸਨ। ਸੇਵਕ ਆਪਣੇ-ਆਪਣੇ ਟੋਕਰੇ ਛੱਡ ਕੇ ਦੀਵਾਨ ਵੱਲ ਜਾ ਰਹੇ ਸਨ। ਜਿਸ ਰੇਰੂ ਦੇ ਦਰੱਖਤ ਦੇ ਹੇਠ ਸੰਤ ਜੀ ਬੈਠੇ ਸਨ, ਓਸ ਵੱਲ ਧਿਆਨ ਕਰ ਕੇ ਆਖਣ ਲੱਗੇ, 'ਪ੍ਰੇਮੀਆਂ, ਕਦ ਤਕ ਆਪਣੀ ਕੰਡਿਆਂ ਵਾਲੀ ਬਾਣ ਰੱਖੀ ਜਾਏਂਗਾ। ਹੁਣ ਤੂੰ ਇਸ ਸੁਭਾਅ ਨੂੰ ਛੱਡ ਦੇ।" ਭਾਈ ਸ਼ਾਮ ਸਿੰਘ ਜੀ ਇਹ ਬਚਨ ਸੁਣ ਕੇ ਅਸਚਰਜ ਹੋ ਰਹੇ ਸਨ ਕਿ ਮਹਾਰਾਜ ਦਰੱਖਤ ਨਾਲ

ਵੀ ਮਨੁੱਖਾਂ ਵਾਂਗੂੰ ਗੱਲਾਂ ਕਰ ਰਹੇ ਹਨ। ਪਰ ਚੇਤਨ ਸੱਤਿਆ ਨਾਲ ਭਰਪੂਰ ਬ੍ਰਿਛ ਸਭ ਕੁਝ ਸਮਝ ਰਿਹਾ ਸੀ। ਸੰਤ ਜੀ ਮਹਾਰਾਜ ਦਾ ਇਹ ਸੁਨੇਹਾ ਹਿਰਦੇ ਵਿੱਚ ਵਸਾ ਲਿਆ ਤੇ ਹੌਲੀ-ਹੌਲੀ ਆਪਣਾ ਕੰਡਿਆਂ ਦਾ ਸੁਭਾਅ ਛੱਡਦਾ ਗਿਆ ਅਤੇ ਐਸ ਵੇਲੇ ਇਹ ਦਰਖਤ ਗੁਰਸਾਗਰ ਸਾਹਿਬ ਮਸਤੂਆਣੇ ਹਰਿਮੰਦਰ ਸਾਹਿਬ ਸਾਹਮਣੇ ਸਰੋਵਰ ਵਾਲੇ ਪਾਸੇ ਵੱਲ ਖੜਾ ਹੈ। ਇਸਦੇ ਨਾਲ ਟਾਵਾਂ-ਟਾਵਾਂ ਕੋਈ ਛੋਟਾ-ਛੋਟਾ ਕੰਡਾ ਹੈ। ਲੰਮੀਆਂ ਅਤੇ ਤਿੱਖੀਆਂ ਸੂਲਾਂ ਸਾਰੀਆਂ ਹੀ ਮਹਾਂਪੁਰਖ ਦੇ ਬਚਨ ਮੰਨ ਕੇ ਗੁਪਤ ਕਰ ਗਿਆ।

ਸਰੋਵਰ ਦੀ ਕਾਰ ਦੀ ਸੋਅ ਸਾਰੇ ਨਗਰਾਂ ਅਤੇ ਰਿਆਸਤਾਂ ਵਿੱਚ ਪੁੱਜ ਗਈ। ਪਿੰਡਾਂ ਦੇ ਪਿੰਡ ਆਪਣੀਆਂ ਕਹੀਆਂ ਅਤੇ ਟੋਕਰੀਆਂ ਲਈ ਵਹੀਰਾਂ ਪਾਉਂਦੇ ਜਲ ਪਾਣੀ ਅਤੇ ਲੰਗਰ ਦਾ ਸਮਾਨ, ਨਾਲ ਗੱਡਿਆਂ 'ਤੇ ਲੱਦੀ, ਢੋਲ ਵਜਾਉਂਦੇ ਗੁਰਸਾਗਰ ਸਾਹਿਬ ਮਸਤੂਆਣੇ ਪੁੱਜਦੇ। ਕਾਰ ਸਰੋਵਰ ਇੱਕ ਅਦੁੱਤੀ ਧਰਮ ਯੁੱਧ ਦਾ ਨਜ਼ਾਰਾ ਬਣ ਜਾਂਦਾ।

ਸੈਂਕੜੇ ਕਹੀਆਂ ਬਿਜਲੀ ਵਤ ਲਿਸ਼ਕਦੀਆਂ, ਜੁਆਨਾਂ ਦੇ ਸਿਰਾਂ ਉੱਤੇ ਚੁੱਕੀਆਂ ਹੋਈਆਂ, ਹੇਠਾਂ ਧਰਮ ਦੀ ਕਾਰ ਵੱਲ ਆਉਂਦੀਆਂ ਤੇ ਮਿੱਟੀ ਦੇ ਢੇਰਾਂ ਦੇ ਢੇਰ ਲਾਈ ਜਾਂਦੀਆਂ ਸਨ। ਸੇਵਾ ਦੀ ਜਥੇਬੰਦੀ ਬੜੀ ਸੋਹਣੀ ਤਰ੍ਹਾਂ ਹੁੰਦੀ। ਸਭ ਆਪਣੇ-ਆਪਣੇ ਪਹਿਰੇ 'ਤੇ ਵੰਡੇ ਹੋਏ, ਆਪਣੇ-ਆਪਣੇ ਕੰਮ ਵਿੱਚ ਇੱਕ-ਰਸ ਲੱਗੇ ਰਹਿੰਦੇ। ਕਈ ਕਹੀਆਂ ਚਲਾਉਂਦੇ, ਕਈ ਟੋਕਰੇ ਭਰਦੇ ਅਤੇ ਕਈ ਚੁਕਾਉਂਦੇ। ਬਾਕੀ ਸਾਰੇ ਚਾਈਂ-ਚਾਈਂ ਆਪਣੇ ਲੱਕਾਂ ਨਾਲ ਘੁੰਗਰੂ ਬੰਨ੍ਹ, ਮਣਾਂ ਮੂੰਹੀਂ ਟੋਕਰੇ ਚੁੱਕ ਵਾਹੋ-ਦਾਹੀ ਭੱਜੇ ਜਾਂਦੇ।

ਜਿਉਂ-ਜਿਉਂ ਢੋਲ ਉੱਤੇ ਚੋਟ ਪੈਂਦੀ, ਇਹਨਾਂ ਵਿੱਚ ਬੀਰ-ਰਸ ਭਰ ਜਾਂਦਾ ਅਤੇ ਸੇਵਾ ਦਾ ਉਤਸ਼ਾਹ ਠਾਠਾਂ ਮਾਰਦਾ। ਜੈਕਾਰੇ ਬੁਲਾਉਂਦੇ-ਬੁਲਾਉਂਦੇ ਇਨ੍ਹਾਂ ਦੇ ਚਿਹਰਿਆਂ 'ਤੇ ਲਾਲੀਆਂ ਚੜ੍ਹ ਜਾਂਦੀਆਂ। ਇਹ ਨਜ਼ਰ ਆਉਂਦਾ ਕਿ ਸੂਰਮੇ ਸੇਵਾ ਦੇ ਧਰਮ ਯੁੱਧ ਵਿੱਚ ਜੁਟੇ ਹੋਏ, ਕਲਜੁਗ ਦੀ ਜੜ੍ਹ ਪੁੱਟ ਰਹੇ ਹਨ ਅਤੇ ਸਤਿਜੁਗ ਦੀ ਨੀਂਹ ਤਿਆਰ ਕਰ ਰਹੇ ਹਨ। ਨਗਰਾਂ ਦੇ ਨਾਲ-ਨਾਲ, ਸਾਧ-ਸੰਗਤ ਦਾ ਜੰਗੀ ਜਥਾ ਵੀ ਜੁਟ ਜਾਂਦਾ। ਕਈ ਵਾਰੀ ਤੇ ਵੱਧ ਤੋਂ ਵੱਧ ਭਾਰ ਚੁੱਕਣ ਦਾ, ਨਗਰਾਂ ਵਾਲੇ ਗੱਭਰੂਆਂ ਅਤੇ ਸਾਧ-ਸੰਗਤ ਦੇ ਸੂਰਬੀਰਾਂ ਦਾ ਮੁਕਾਬਲਾ ਸ਼ੁਰੂ ਹੋ ਜਾਂਦਾ। ਸਿਰਾਂ 'ਤੇ ਦੋ-ਦੋ, ਤਿੰਨ-ਤਿੰਨ ਟੋਕਰਿਆਂ ਦਾ ਉੱਚ ਦੁਮਾਲਾ ਸਜ ਜਾਂਦਾ। ਇਹ ਦੇਖ ਕੇ ਸੰਤ ਜੀ ਮਹਾਰਾਜ ਹੱਸ ਪੈਂਦੇ ਅਤੇ ਆਖਦੇ, "ਭਾਈ ਪ੍ਰੇਮੀਓ! ਸਾਧ-ਸੰਗਤ ਨਾਲ ਮੁਕਾਬਲਾ ਤੁਹਾਥੋਂ ਨਹੀਂ ਪੁੱਗਣਾ। ਇਹ ਸੂਰਮੇ ਤਾਂ ਸਤਿਗੁਰੂ ਨੇ ਇਸ ਸੇਵਾ ਲਈ ਹੀ ਭੇਜੇ ਹਨ।"

ਨਗਰਾਂ ਤੋਂ ਸੇਵਾ ਦੀ ਲਹਿਰ ਸ਼ਹਿਰਾਂ ਵਿੱਚ ਪਹੁੰਚੀ। ਸੰਗਰੂਰ ਨਿਵਾਸੀ ਮਾਈ-ਭਾਈ ਵੀ ਹਾਜ਼ਰੀ ਦੇਣ ਲੱਗ ਪਏ। ਫੇਰ ਤਾਂ ਰਿਆਸਤੀ ਪਲਟਨਾਂ, ਰਸਾਲਿਆਂ ਵਿੱਚ ਵੀ ਬੜਾ ਉਤਸ਼ਾਹ ਫੈਲਿਆ ਅਤੇ ਸਾਰੇ ਵਾਰੋ-ਵਾਰੀ, ਆਪਣੇ ਬੈਂਡ ਵਾਜਿਆਂ ਸਮੇਤ ਬੜੇ ਪ੍ਰੇਮ ਨਾਲ ਹਾਜ਼ਰ ਹੋਏ।

ਸੇਵਾ ਦੇ ਪ੍ਰੇਮ ਦੀ ਲਹਿਰ ਪਟਿਆਲੇ ਵੀ ਜਾ ਅੱਪੜੀ। ਓਥੋਂ ਦੀਆਂ ਫੌਜਾਂ ਅਤੇ ਸ਼ਹਿਰ ਦੀ ਸੰਗਤ ਨੇ ਇਸ ਪ੍ਰੇਮ ਦੀ ਕਾਰ ਵਿੱਚ ਆਪਣਾ ਪੂਰਾ ਹਿੱਸਾ ਆ ਰਲਾਇਆ। ਇੱਕ ਦਿਨ, ਜਦ ਸਾਧ-ਸੰਗਤ ਸੇਵਾ ਕਰ ਰਹੀ ਸੀ, ਇੱਕ ਮਿੱਟੀ ਦੀ ਬੜੀ ਭਾਰੀ ਢਿੱਗ ਡਿੱਗ ਪਈ। ਕਈ ਸਰੀਰ ਹੇਠਾਂ ਆ ਗਏ। ਜਥੇਦਾਰ ਮਹਾਰਾਜ ਦੌੜਿਆ-ਦੌੜਿਆ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਸੰਤ ਜੀ ਮਹਾਰਾਜ ਨੇ ਆਖਿਆ, "ਭਾਈ ਘਬਰਾਓ ਨਹੀਂ, ਹੌਲੀ-ਹੌਲੀ ਢਿੱਗ ਦੀ ਮਿੱਟੀ ਲਾਹ ਸੁੱਟੋ। ਇਹ ਸਤਿਗੁਰੂ ਦੀ ਆਪਣੀ ਕਾਰ ਹੈ। ਉਹ ਆਪਣੇ ਸੇਵਕਾਂ ਦਾ ਆਪ ਸਹਾਈ ਹੈ। **"ਜਿਸ ਕਾ ਸਾਸਿ ਨਾ ਕਾਢਤ ਆਪਿ॥ ਤਾ ਕਉ ਰਾਖਤ ਦੇ ਕਰਿ ਹਾਥਿ॥"** ਜਦੋਂ ਢਿੱਗ ਦੀ ਮਿੱਟੀ ਪੁੱਟੀ ਗਈ ਤਾਂ ਸਾਰੇ ਦੇ ਸਾਰੇ ਸਰੀਰ ਸਹੀ ਸਲਾਮਤ ਨਿਕਲ ਆਏ;

ਕਿਸੇ ਨੂੰ ਅਜਾਂ (ਰੱਤੀ-ਭਰ ਸੱਟ) ਵੀ ਨਾ ਲੱਗੀ। ਢਿੱਗ ਦਾ ਅੱਗਲਾ ਸਿਰਾ ਧਰਤੀ ਨਾਲ ਲੱਗਾ ਸੀ ਅਤੇ ਪਿੱਛਲਾ ਸਿਰਾ, ਜਿੱਧਰ ਸਰੀਰ ਕੰਮ ਕਰ ਰਹੇ ਸਨ, ਉੱਚਾ ਖੜ੍ਹਾ ਸੀ ਮਾਨੋ ਕਿ ਸ਼ਹੀਦ ਸਿੰਘਾਂ ਨੇ ਸਾਧ-ਸੰਗਤ ਲਈ ਥੋੜ੍ਹਾ ਚਿਰ ਤਪ ਕਰਾਉਣ ਵਾਸਤੇ ਗੁਫਾ ਬਣਾ ਦਿੱਤੀ ਹੈ।

ਸੇਵਾ ਤੋਂ ਬਗੈਰ ਮਨ ਵਿੱਚ ਨਿਮਰਤਾ-ਗ਼ਰੀਬੀ ਨਹੀਂ ਆਉਂਦੀ

ਸੇਵਾ ਦੀ ਲਹਿਰ ਫੈਲਾਉਣ ਲਈ ਅਤੇ ਨਗਰਾਂ ਦੇ ਪ੍ਰੇਮੀਆਂ ਵਿੱਚ ਨਾਮ-ਬਾਣੀ ਤੇ ਅੰਮ੍ਰਿਤ ਪ੍ਰਚਾਰ ਦਾ ਚੱਕਰ ਚਲਾਉਣ ਲਈ, ਕਈ ਵਾਰੀ ਸੰਤ ਜੀ ਮਹਾਰਾਜ ਗੁਰਮੁਖਾਂ ਦੇ ਪ੍ਰੇਰੇ ਹੋਏ ਪਿੰਡਾਂ ਵਿੱਚ ਚਲੇ ਜਾਂਦੇ।

ਇੱਕ ਵਾਰੀ ਏਸ ਤਰ੍ਹਾਂ ਦਾਨ ਸਿੰਘ ਵਾਲੇ ਪ੍ਰੇਮੀ ਸੰਤ ਜੀ ਮਹਾਰਾਜ ਨੂੰ ਲੈ ਗਏ। ਉੱਥੇ ਭਾਈ ਲਾਲ ਸਿੰਘ ਜੀ ਮਸਤਾਨਾ, ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਦੋ-ਤਿੰਨ ਵਾਰੀ ਸੰਤ ਜੀ ਨੇ ਇਹਨਾਂ ਨੂੰ ਆਖਿਆ, "ਭਾਈ ਲਾਲ ਸਿੰਘ ਜੀ! ਸਤਿਗੁਰੂ ਦੇ ਘਰ ਵਿੱਚ ਸੇਵਾ ਮੁੱਖ ਹੈ, ਤੁਸੀਂ ਜ਼ਰੂਰ ਗੁਰਸਾਗਰ ਸਾਹਿਬ ਮਸਤੂਆਣੇ ਸਰੋਵਰ ਦੀ ਕਾਰ ਸੇਵਾ ਵਿੱਚ ਹਾਜ਼ਰ ਹੋ ਜਾਓ। ਨਾਲ ਸ਼ਬਦ ਦਾ ਅਭਿਆਸ ਕਰੀ ਜਾਓ ਅਤੇ ਸੇਵਾ ਦਾ ਲਾਭ ਭੀ ਲਓ।"

ਸੇਵਾ ਤੋਂ ਬਗੈਰ ਗ਼ਰੀਬੀ ਨਹੀਂ ਆਉਂਦੀ, ਭਾਵੇਂ ਪ੍ਰਾਣੀ ਕਿੰਨਾ ਹੀ ਅਭਿਆਸੀ ਕਿਉਂ ਨਾ ਹੋਵੇ, ਦੇਹ ਅਭਿਮਾਨ ਨਹੀਂ ਟੁੱਟਦਾ ਅਤੇ ਆਤਮ-ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਇਹ ਉਪਦੇਸ਼ ਸੁਣ, ਭਾਈ ਲਾਲ ਸਿੰਘ ਸੰਤ ਜੀ ਦੇ ਨਾਲ ਮਸਤੂਆਣੇ ਪੁੱਜ ਗਏ। ਕੁਝ ਦਿਨ ਸੇਵਾ ਕਰਨ ਤੋਂ ਮਗਰੋਂ ਜ਼ਿਲ੍ਹਾ ਲੁਧਿਆਣੇ ਦੇ ਨਗਰਾਂ ਦੀ ਸੰਗਤ, ਸੰਤ ਜੀ ਮਹਾਰਾਜ ਨੂੰ ਨਾਲ ਲੈ ਗਈ। ਭਾਈ ਲਾਲ ਸਿੰਘ ਨਾਲ ਗਏ। ਸੰਤ ਜੀ ਨੇ ਕਈ ਪਿੰਡਾਂ ਵਿੱਚ ਦੌਰਾ ਕੀਤਾ। ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਛਕਿਆ ਅਤੇ ਨਾਮ-ਬਾਣੀ ਦਾ ਰੰਗ ਮਾਣਿਆ।

ਏਥੋਂ ਫੇਰ ਮਸਤੂਆਣੇ ਮੁੜ ਆਏ। ਕੁਝ ਦਿਨਾਂ ਮਗਰੋਂ ਲੌਂਗੋਵਾਲ ਦੀ ਇੱਕ ਥਾਣੇਦਾਰਨੀ ਸੰਤ ਜੀ ਨੂੰ ਅਖੰਡ ਪਾਠ ਵਾਸਤੇ ਲੈ ਗਈ। ਭਾਈ ਲਾਲ ਸਿੰਘ ਜੀ ਵੀ ਪਾਠ ਵਿੱਚ ਹਾਜ਼ਰ ਹੋਏ। ਏਥੇ ਸੰਤ ਜੀ ਮਹਾਰਾਜ ਸੱਤ ਦਿਨ ਰਹੇ। ਬੜੇ ਭਾਰੀ ਦੀਵਾਨ ਸਜਦੇ ਰਹੇ। ਉੱਥੇ ਇੱਕ ਦਿਨ ਇੱਕ ਪ੍ਰੇਮੀ ਦੇ ਘਰ ਪ੍ਰਸ਼ਾਦਾ ਸੀ। ਭਾਈ ਲਾਲ ਸਿੰਘ ਨੇ ਸੰਤ ਜੀ ਦੇ ਭਾਜੇ ਵਿੱਚ ਕੱਚਾ ਘਿਓ ਪ੍ਰੇਮ ਨਾਲ ਪਾ ਦਿੱਤਾ। ਸੰਤਾਂ ਨੇ ਆਖਿਆ ਕਿ ਭਾਈ ਇਸ ਨਾਲ ਗਲਾ ਖਰਾਬ ਹੋ ਜਾਂਦਾ ਹੈ ਅਤੇ ਹਰੀ ਕੀਰਤਨ ਵਿੱਚ ਵਿਘਨ ਪੈਂਦਾ ਹੈ।

ਭਾਈ ਕਰਮ ਸਿੰਘ ਜੀ ਨੇੜੇ ਹੀ ਬੈਠੇ ਸਨ। ਉਹਨਾਂ ਆਖਿਆ, "ਸੱਚੇ ਪਾਤਸ਼ਾਹ! ਬਗੈਰ ਘਿਓ ਦੇ ਖੁਸ਼ਕੀ ਹੋ ਜਾਵੇਗੀ।" ਸੰਤ ਜੀ ਮਹਾਰਾਜ ਹੱਸ ਪਏ ਤੇ ਫੇਰ ਆਖਿਆ ਕਿ ਭਾਈ ਖੁਸ਼ਕੀ ਨਹੀਂ ਹੁੰਦੀ। ਨਾਮ ਜਪਦੇ ਜਾਓ, ਸਭ ਤਰੀ ਹੀ ਤਰੀ ਰਹੇਗੀ।

ਇਸ ਨਗਰ ਵਿੱਚ ਅੰਮ੍ਰਿਤ ਪ੍ਰਚਾਰ ਵੀ ਖੂਬ ਰੀਝ ਨਾਲ ਹੋਇਆ। ਫੇਰ ਏਥੋਂ ਸੰਤ ਜੀ ਮਹਾਰਾਜ ਨੂੰ ਭੈਣੀ ਦੀ ਸੰਗਤ ਲੈ ਗਈ। ਦੋਵੇਂ ਵਕਤ ਦੀਵਾਨ ਸਜਿਆ ਕਰਦਾ ਸੀ। ਇੱਕ ਦਿਨ ਭਾਈ ਕਾਲਾ ਸਿੰਘ ਦੇ ਚੁਬਾਰੇ ਵਿੱਚ ਪ੍ਰਸ਼ਾਦ ਲਈ ਪੰਗਤ ਲੱਗੀ ਹੋਈ ਸੀ। ਭਾਈ ਲਾਲ ਸਿੰਘ ਪਾਸ ਹੀ ਖੜਾ ਸੀ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਇਹ ਤੁਕਾਂ ਪੁੱਛੀਆਂ ਤੇ ਅਰਥ ਵੀ ਕਰ ਸੁਣਾਇਆ:

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥ (੧੩੮੧)

ਅਰਥ:- "ਦੰਦ, ਕੰਨ, ਪੈਰ ਤੇ ਅੱਖਾਂ ਜਦ ਕੰਮ ਕਰਨੋਂ ਰਹਿ ਖੜੋਤੇ ਤਾਂ ਸਰੀਰ ਨੇ ਧਾਂਹ ਮਾਰੀ ਕਿ ਸਾਥੀ ਜਵਾਬ ਦੇ ਗਏ ਹਨ।"

ਇਨ੍ਹਾਂ ਦਿਨਾਂ ਵਿੱਚ ਆਪ ਜੀ ਦੀ ਦਾੜ੍ਹ ਵਿੱਚ ਦਰਦ ਸੀ। ਇੱਕ ਦਿਨ ਰਾਤ ਨੂੰ ਭਾਈ ਕਾਲਾ ਸਿੰਘ ਦੀ ਬਗੀਚੀ ਵਿੱਚ ਸਾਧ-ਸੰਗਤ ਦਾ ਡੇਰਾ ਕਰਾਇਆ। ਸਾਰੀ ਸੰਗਤ ਬਿਸ੍ਰਾਮ ਕਰ ਰਹੀ ਸੀ। **ਅਚਾਨਕ ਰਾਤ ਦੇ ਬਾਰਾਂ ਵਜੇ ਭਾਈ ਲਾਲ ਸਿੰਘ ਦੀ ਅੱਖ ਖੁੱਲ੍ਹੀ। ਕੀ ਵੇਖਦਾ ਹੈ ਕਿ ਸੰਤ ਜੀ ਮਹਾਰਾਜ ਸਹਿਜ ਆਸਣ ਸਜਾਈ, ਮੰਜੇ 'ਤੇ ਬੈਠੇ ਹਨ। ਉਹ ਵੀ ਉੱਠ ਕੇ ਬੈਠ ਗਿਆ। ਦੋ-ਤਿੰਨ ਮਿੰਟ ਮਗਰੋਂ ਜਦੋਂ ਸੰਤ ਜੀ ਮਹਾਰਾਜ ਦੀ ਅੱਖ ਖੁੱਲ੍ਹੀ ਤਾਂ ਭਾਈ ਲਾਲ ਸਿੰਘ ਵੱਲ ਤਕ ਕੇ ਆਖਿਆ, "ਭਾਈ ਅਜੇ ਰਾਤ ਬਹੁਤ ਬਾਕੀ ਹੈ, ਤੁਸੀਂ ਪੈ ਜਾਓ। ਸਾਡਾ ਬਾਣੀ ਦਾ ਨਿੱਤ-ਨੇਮ ਵੱਡਾ ਹੈ, ਅਸੀਂ ਦੋ ਵਜੇ ਤੋਂ ਪਹਿਲਾਂ ਨਿੱਤ-ਨੇਮ ਕਰ ਲੈਂਦੇ ਹਾਂ ਤੇ ਫੇਰ ਸ਼ਬਦ ਦੇ ਅਭਿਆਸ ਵਿੱਚ ਲੱਗ ਜਾਂਦੇ ਹਾਂ।"**

ਇੱਥੋਂ ਸੰਗਤ ਬਾਲੀਆਂ ਲੈ ਗਈ। ਚਾਰ-ਪੰਜ ਦਿਨ ਦੀਵਾਨ ਸਜੇ ਅਤੇ ਸੰਗਤ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਬਹੁਤ ਸਾਰੇ ਮਾਈ-ਭਾਈ ਸਤਿਗੁਰੂ ਕਲਗੀਧਰ ਮਹਾਰਾਜ ਦੇ ਅੰਮ੍ਰਿਤ ਦੇ ਜਹਾਜ਼ 'ਤੇ ਵੀ ਚੜ੍ਹੇ। ਫੇਰ ਭਾਈ ਦਲੀਪ ਸਿੰਘ ਤੇ ਅਰਜਨ ਸਿੰਘ ਜੀ ਸੰਤ ਜੀ ਨੂੰ ਹਰੀਗੜ੍ਹ ਲੈ ਗਏ।

ਇਸ ਪਿੰਡ ਨਾਮ-ਬਾਣੀ ਤੇ ਅੰਮ੍ਰਿਤ ਪ੍ਰਚਾਰ ਦਾ ਚੱਕਰ ਚੱਲਿਆ। ਇੱਕ ਦਿਨ ਇੱਥੇ ਇੱਕ ਸਾਧ ਦੀ ਕੁਟੀਆ ਦੇ ਕੋਲ, ਨਹਿਰ ਦੇ ਕੰਢੇ ਉੱਤੇ, ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਦੇ ਦੀਵਾਨ ਮਗਰੋਂ ਬੈਠੇ ਸੀ। ਕੁਝ ਚਿਰ ਤਾਂ ਸਾਰੇ ਸਮਾਧੀ ਅਸਥਿਤ ਹੋਏ ਰਹੇ। ਜਦੋਂ ਨੇਤਰ ਖੋਲੇ ਤਾਂ ਫ਼ਰਮਾਇਆ, "ਭਾਈ ਇੱਥੇ ਵੀ ਸਾਡੇ ਮਗਰ ਕੋਈ ਪ੍ਰੇਮੀ ਹੋਵੇਗਾ।"

ਇੱਥੇ ਗਿਆਨੀ ਮਹਾਂ ਸਿੰਘ ਜੀ ਸੂਰਮੇ, ਭਠਲਾਂ ਦੀ ਸੰਗਤ ਸਮੇਤ ਪੁੱਜੇ ਅਤੇ ਸੰਤ ਜੀ ਨੂੰ ਆਪਣੇ ਪਿੰਡ ਲੈ ਗਏ। ਸੰਤ ਗੁਲਾਬ ਸਿੰਘ ਜੀ, ਜੋ ਗੁਰਸਾਗਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ, ਆਏ ਇਹਨਾਂ ਨੇ ਸੇਵਾ ਦਾ ਸਾਰਾ ਸਮਾਚਾਰ ਸੁਣਾਇਆ ਅਤੇ ਸੰਤ ਜੀ ਨਾਲ ਸਾਰੀ ਵਿਚਾਰ ਕਰਕੇ ਰਾਤ ਰਹਿ, ਮਸਤੂਆਣੇ ਵਾਪਸ ਚਲੇ ਗਏ। ਇਹਨਾਂ ਤੋਂ ਪਹਿਲਾਂ ਮਸਤੂਆਣੇ ਵਿੱਚ ਸੇਵਾ ਦੇ ਮੁੱਖ ਮਹੰਤ ਸੰਤ ਬਿਸ਼ਨ ਸਿੰਘ ਜੀ ਕਾਂਜਲਾ ਸਨ। ਗਿਆਨੀ ਪ੍ਰੇਮ ਸਿੰਘ ਜੀ ਇਹਨਾਂ ਦੀ ਸੱਜੀ ਬਾਂਹ ਸਨ। ਸਾਥੀਆਂ ਨਾਲ ਕਿਸੇ ਮਤਭੇਦ ਦੇ ਕਾਰਨ ਦੋਵੇਂ ਮਸਤੂਆਣਿਓ ਕਾਂਜਲੇ ਚਲੇ ਗਏ। ਓਸ ਵੇਲੇ ਸੰਤ ਜੀ ਦੌਰੇ 'ਤੇ ਸਨ। ਵਾਪਸ ਆਉਣ 'ਤੇ ਸੰਤ ਭਾਈ ਬਿਸ਼ਨ ਸਿੰਘ ਤੇ ਗਿਆਨੀ ਪ੍ਰੇਮ ਸਿੰਘ ਨੂੰ ਸੱਦ ਭੇਜਿਆ।

ਜਦ ਸੰਤ ਜੀ ਪਾਸ ਦੋਵੇਂ ਸੱਜਣ ਆਏ ਤਾਂ ਆਖਿਆ ਕਿ ਭਾਈ ਬਿਸ਼ਨ ਸਿੰਘ, ਅਸੀਂ ਤਾਂ ਉੱਡਦੇ ਪੰਛੀ ਸੀ। ਤੁਸੀਂ ਹੀ ਸਾਨੂੰ ਇਸ ਦੇਸ਼ ਵਿੱਚ ਲਿਆ ਕੇ ਮਸਤੂਆਣੇ ਦੀ ਸੇਵਾ ਸ਼ੁਰੂ ਕਰਾਈ ਸੀ। ਹੁਣ ਤੁਸੀਂ ਸੇਵਾ ਛੱਡ ਗਏ ਹੋ। ਤੁਸੀਂ ਮੁੜ ਕੇ ਇੱਥੇ ਹੀ ਆ ਜਾਓ। ਸੰਤ ਬਿਸ਼ਨ ਸਿੰਘ ਜੀ ਨੇ ਆਖਿਆ ਕਿ ਇਹ ਪੰਡ ਬਹੁਤ ਭਾਰੀ ਹੈ। ਉੱਤਰ ਵਿੱਚ **ਸੰਤ ਜੀ ਨੇ ਫ਼ਰਮਾਇਆ, "ਭਾਈ ਬਿਸ਼ਨ ਸਿੰਘ ਜੀ, ਪੰਡ ਭਾਵੇਂ ਕਿੰਨੀ ਭਾਰੀ ਹੋਵੇ, ਜੇ ਸਿੱਖ ਇੱਕ ਵਾਰੀ ਚੁੱਕ ਲਵੇ ਕਦੇ ਵੀ ਨਾ ਸੁੱਟੇ; ਭਾਵੇਂ ਹੇਠਾਂ ਹੀ ਪੀਠਾ ਜਾਵੇ।"** ਭਾਈ ਬਿਸ਼ਨ ਸਿੰਘ ਜੀ ਚੁੱਪ ਹੋ ਗਏ ਅਤੇ ਮੁੜ ਕੇ ਕਾਂਜਲੇ ਹੀ ਚਲੇ ਗਏ। ਹਰੀਗੜ੍ਹ ਤੋਂ ਸੰਤ ਜੀ ਮਹਾਰਾਜ ਨੂੰ ਅਤਰ ਸਿੰਘ ਵਾਲੇ ਦੀ ਸੰਗਤ ਲੈ ਗਈ।

ਇੱਥੇ ਤਿੰਨ ਦਿਨ ਦੀਵਾਨ ਸਜੇ। ਇੱਕ ਦਿਨ ਪਿੱਛਲੇ ਪਹਿਰ ਦੀਵਾਨ ਦੇ ਸਮੇਂ, ਬੜੀ ਵਰਖਾ ਹੋਈ ਅਤੇ ਵੱਡੇ-ਵੱਡੇ ਗੜੇ ਪਏ, ਪਰ ਸੰਗਤ ਫੇਰ ਵੀ ਹੁੰਮ-ਹੁੰਮਾ ਕੇ ਆਈ। ਸੰਤ ਜੀ ਮਹਾਰਾਜ ਨੇ ਸਹਿਜ-ਸੁਭਾਏ

ਆਖਿਆ, "ਭਾਈ! ਇਹ ਨਗਰ ਬੜਾ ਪ੍ਰੇਮੀ ਹੈ।" ਸੋ ਓਸ ਨਗਰ ਵਿੱਚ ਹੁਣ ਵੀ ਪ੍ਰੇਮ ਦੀ ਲਹਿਰ ਚੱਲ ਰਹੀ ਹੈ। ਆਏ ਗਏ ਸਾਧ-ਸੰਤ ਦੀ ਬੜੀ ਸੇਵਾ ਹੁੰਦੀ ਹੈ।"ਇਸ ਪਿੰਡ ਇੱਕ ਦਿਨ ਭਾਈ ਸੇਵਾ ਸਿੰਘ ਦੇ ਘਰ ਕੀਰਤਨ ਹੋਇਆ। ਸੰਤ ਜੀ ਨੇ ਫ਼ਰਮਾਇਆ, ਭਾਈ **"ਚਤੁਰਾਈ ਨ ਚਤਰਭੁਜ ਪਾਈਐ, ਭੋਲੇ ਭਾਇ ਮਿਲੇ ਰਘੁਰਾਇਆ॥"**

"ਅਸੀਂ ਤਾਂ ਅੱਗੋਂ ਤੋਂ ਸਧਾਰਨ ਅਤੇ ਗੁਰਮੁਖ ਸਿੱਖ ਹੀ ਨਾਲ ਰੱਖਿਆ ਕਰਾਂਗੇ। ਬਾਹਲੇ ਪੜ੍ਹੇ ਹੋਏ ਤਾਂ ਵਿੱਦਿਆ ਦੀ ਮਟਕ ਵਿੱਚ ਭੁੱਲੇ ਹੋਏ, ਇੱਕ ਦੂਜੇ ਨਾਲ ਫੋਕੀ ਦਲੀਲਬਾਜ਼ੀ ਕਰੀ ਜਾਂਦੇ ਹਨ।"

ਮਸਤੂਆਣੇ ਸਰੋਵਰ ਦੀ ਕਾਰ ਵੀ ਹੁਣ ਪੂਰੀ ਹੋਣ ਵਾਲੀ ਸੀ ਅਤੇ ਨਿਮਾਣੀ (ਨਿਰਜਲਾ ਇਕਾਦਸ਼ੀ) ਦਾ ਜੋੜ-ਮੇਲਾ ਨੇੜੇ ਆ ਰਿਹਾ ਸੀ। ਸੰਤ ਜੀ ਦੌਰੇ ਤੋਂ ਮਸਤੂਆਣੇ ਆ ਗਏ। ਇਸ ਸਮੇਂ ਨਗਰ ਦੇ ਜ਼ਿਮੀਂਦਾਰ ਆਪਣਾ ਦਾਣਾ ਫੱਕਾ ਸਾਂਭ ਕੇ ਵੇਹਲੇ ਹੋਏ ਸਨ। ਖੁੱਲ੍ਹਾ ਵਕਤ ਹੋਣ ਦੇ ਕਾਰਨ ਸੰਗਤਾਂ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਪੁੱਜਦੀਆਂ। ਆਪਣੇ ਨਗਰਾਂ ਤੋਂ ਸ਼ਬਦੀ ਜੱਥੇ ਕੀਰਤਨ ਕਰਦੇ, ਦੀਵਾਨ ਵਿੱਚ ਪੁੱਜਦੇ। ਇਹਨਾਂ ਦੇ ਭੋਲੇ-ਭਾਇ ਪੜ੍ਹੇ ਸ਼ਬਦ ਅਸਚਰਜ ਰੰਗ ਬਣਾਉਂਦੇ।

ਸੰਤ ਜੀ ਮਹਾਰਾਜ ਵੀ ਏਸ ਜੋੜ-ਮੇਲੇ ਸਮੇਂ ਆਪਣੇ ਸਾਰੇ ਤਪ ਦੇ ਬਲ ਨੂੰ ਵਰਤਦੇ। ਅੰਮ੍ਰਿਤ ਵੇਲੇ ਤਿੰਨ ਵਜੇ ਦੀਵਾਨ ਵਿੱਚ ਆਸਣ ਜਮਾ ਕੇ ਬੈਠਦੇ ਅਤੇ ਰਾਤ ਦੇ ਨੌਂ ਵਜੇ ਤਕ ਬੈਠੇ ਰਹਿੰਦੇ। ਕੇਵਲ ਇੱਕ ਵਜੇ ਥੋੜ੍ਹੇ ਜਹੇ ਸਮੇਂ ਲਈ ਬਾਹਰ ਜਾਂਦੇ ਅਤੇ ਜਲ-ਪਾਣੀ ਛਕ ਮੁੜ ਦੀਵਾਨ ਵਿੱਚ ਆ ਸਜਦੇ।

ਕਾਂਡ ੩੫

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥
ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨਾ ਜਾਇ ॥੧॥ਰਹਾਉ॥
ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥ (੬੮੫)

ਮਸਤੂਆਣੇ ਦਾ ਨਾਮ ਗੁਰਸਾਗਰ ਸਾਹਿਬ ਰੱਖਣਾ

ਹੁਣ ਮਸਤੂਆਣੇ ਦਾ ਸਰੋਵਰ ਤਿਆਰ ਹੋ ਗਿਆ। ਸੰਤ ਜੀ ਮਹਾਰਾਜ ਦੀ ਆਗਿਆ ਨਾਲ ਸਾਧ-ਸੰਗਤ ਨੇ ਕੜਾਹ-ਪ੍ਰਸ਼ਾਦ ਦੀ ਦੇਗ ਤਿਆਰ ਕੀਤੀ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ, ਅਰਦਾਸਾ ਸੋਧਣ ਵੇਲੇ ਇਹ ਬੇਨਤੀ ਕੀਤੀ ਗਈ,"ਹੇ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ, ਤੁਸੀਂ ਆਪਣੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਇਸ ਤੀਰਥ ਦਾ ਨਾਮ ਬਖ਼ਸ਼ੋ। ਇਹ ਆਪ ਦੀ ਮਹਾਂ ਕ੍ਰਿਪਾ ਤੇ ਪ੍ਰੇਰਨਾ ਦੁਆਰਾ ਤਿਆਰ ਹੋਇਆ ਹੈ। ਕਿਸੇ ਜੀਵ ਦੀ ਕੀ ਤਾਕਤ ਹੈ ਇਸ ਘੋਰ ਕਲਜੁਗ ਦੇ ਸਮੇਂ ਵਿੱਚ ਮਹਾਂ ਤੀਰਥ ਪ੍ਰਗਟ ਕਰ ਸਕੇ?"

ਅਰਦਾਸੇ ਦੇ ਮਗਰੋਂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਤਾਂ ਮਹਾਰਾਜ ਨੇ ਇਹ ਹੁਕਮ ਧੁਰੋਂ ਭੇਜਿਆ- "**ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤ ਸੰਤ ਚੁਗਹਿ ਨਹੀ ਦੂਰੇ ॥**" ਹੁਕਮ ਸੰਪੂਰਨ ਹੋਣ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਆਖਿਆ ਕਿ ਭਾਈ ਸਤਿਗੁਰੂ ਨੇ ਆਪਣੀ ਮਿਹਰ ਦੁਆਰਾ ਪੂਰਾ ਹੀ ਨਾਮ ਭੇਜ ਦਿੱਤਾ ਹੈ। ਅੱਜ ਤੋਂ ਇਸ ਤੀਰਥ ਦਾ ਨਾਉਂ 'ਗੁਰਸਾਗਰ ਸਾਹਿਬ' ਹੋਇਆ। ਥੋੜ੍ਹੇ ਹੀ ਦਿਨਾਂ ਮਗਰੋਂ ਸੰਗਰੂਰ ਦੀ ਸੰਗਤ ਸੰਤ ਜੀ ਮਹਾਰਾਜ ਨੂੰ ਸ਼ਹਿਰ ਲੈ ਗਈ ਅਤੇ ਇੱਥੋਂ ਸ਼ਹਿਰੋਂ ਬਾਹਰ, ਭਾਈ ਬਸੰਤ ਸਿੰਘ ਜੀ ਦੀ ਧਰਮਸ਼ਾਲਾ ਵਿੱਚ ਡੇਰਾ ਕਰਵਾ ਦਿੱਤਾ। ਇੱਥੇ ਸੰਤ ਜੀ ਤਿੰਨ ਮਹੀਨੇ ਬਿਰਾਜੇ।

ਇਹਨਾਂ ਦਿਨਾਂ ਵਿੱਚ ਲਾਹੌਰ ਤੋਂ ਇੱਕ ਪ੍ਰੇਮੀ ਨੇ ਗੁਰੂ ਸਾਹਿਬ ਵਾਸਤੇ ਪੱਥਰ ਭੇਜਿਆ। ਸਤਿਗੁਰੂ ਦੀ ਸੇਵਾ ਜਾਣ ਕੇ ਅਤੇ ਪੱਥਰ ਨੂੰ ਟੁੱਟਣ ਤੋਂ ਬਚਾਉਣ ਲਈ, ਸਾਧ-ਸੰਗਤ ਨੇ ਇਹਨਾਂ ਪੱਥਰਾਂ ਨੂੰ ਆਪਣੇ ਸਿਰਾਂ 'ਤੇ ਚੁੱਕੇ ਕੇ ਗੁਰਦੁਆਰੇ ਲੈ ਆਂਦਾ।

ਇੱਕ ਦਿਨ ਸਾਧ-ਸੰਗਤ ਨੂੰ ਇਹ ਸੇਵਾ ਕਰਦਿਆਂ ਵੇਖ ਕੇ ਸੰਤ ਜੀ ਮਹਾਰਾਜ ਬੜੇ ਹੀ ਪ੍ਰਸੰਨ ਹੋਏ ਅਤੇ ਆਪਣੇ ਨਿਜ ਸੇਵਕ ਗੜਵਈ ਭਾਈ ਹਰੀ ਸਿੰਘ ਨੂੰ ਫ਼ਰਮਾਇਆ ਕਿ ਇਹਨਾਂ ਸਿੰਘਾਂ ਦੀ ਸੇਵਾ ਧੰਨ ਹੈ। ਅੱਜ ਇਹਨਾਂ ਨੂੰ ਸ਼ਹਿਰੋਂ ਮਠਿਆਈ ਲਿਆ ਕੇ ਪ੍ਰਸੰਨ ਕਰੋ। ਹੁਕਮ ਮੰਨ ਭਾਈ ਹਰੀ ਸਿੰਘ ਜੀ ਨੇ ਵੱਡੀਆਂ ਤਿੰਨ ਪਰਾਤਾਂ ਲੱਡੂਆਂ ਦੀਆਂ ਲਿਆਂਦੀਆਂ ਅਤੇ ਸਾਧ-ਸੰਗਤ ਨੂੰ ਛਕਾ ਕੇ ਉਹਨਾਂ ਦੀ ਪ੍ਰਸੰਨਤਾ ਲਈ।

ਸੰਤ ਜੀ ਮਹਾਰਾਜ ਸ਼ਹਿਰ ਵਿੱਚ ਦੋਵੇਂ ਵਕਤ ਦੀਵਾਨ ਸਜਾਉਂਦੇ: ਸਵੇਰੇ ਚਾਰ ਤੋਂ ਸੱਤ ਵਜੇ ਤਕ

ਆਸਾ ਜੀ ਦੀ ਵਾਰ ਦਾ ਕੀਰਤਨ ਹੁੰਦਾ, ਸ਼ਾਮ ਨੂੰ ਚਾਰ ਵਜੇ ਦੀਵਾਨ ਸ਼ੁਰੂ ਹੋ ਜਾਂਦਾ ਅਤੇ ਰਹਿਰਾਸ ਦੇ ਭੋਗ ਮਗਰੋਂ ਸਮਾਪਤ ਹੋ ਜਾਂਦਾ।

ਅੰਮ੍ਰਿਤ ਵੇਲੇ ਦੀਵਾਨ ਤੋਂ ਉੱਠਦਿਆਂ ਹੀ ਸੰਤ ਜੀ ਮਹਾਰਾਜ ਬਾਹਰ ਦੂਰ ਨਿਕਲ ਜਾਂਦੇ। ਕੁਛ ਚਿਰ ਤੁਰਨ-ਫਿਰਨ ਮਗਰੋਂ ਇੱਕ ਇਕਾਂਤ ਦਰਖਤ ਹੇਠ ਬੈਠ ਜਾਂਦੇ ਅਤੇ ਫੇਰ ਸਾਢੇ ਨੌਂ ਵਜੇ ਡੇਰੇ ਆ ਜਾਂਦੇ। ਪ੍ਰਸ਼ਾਦ ਛਕ ਕੇ ਦਸ ਵਜੇ ਆਪਣੇ ਚੁਬਾਰੇ ਦਾ ਦਰਵਾਜ਼ਾ ਬੰਦ ਕਰ ਲੈਂਦੇ ਅਤੇ ਤਿੰਨ ਵਜੇ ਖੋਲ੍ਹਦੇ। ਪੰਜ ਘੰਟੇ ਇੱਕ-ਰਸ ਅਰਾਮ ਕਰਦੇ ਅਤੇ ਇਕਾਂਤ ਦਾ ਰੰਗ ਮਾਣਦੇ। ਫੇਰ ਤਿੰਨ ਵਜੇ ਜਲ ਪਾਣੀ ਛਕ ਦੀਵਾਨ ਵਾਸਤੇ ਤਿਆਰ ਹੋ ਜਾਂਦੇ।

ਸ਼ਾਮ ਦੇ ਦੀਵਾਨ ਦੇ ਭੋਗ ਮਗਰੋਂ ਪ੍ਰਸ਼ਾਦ ਛਕ ਕੇ ਮੰਜੀ 'ਤੇ ਸਜ ਜਾਂਦੇ ਅਤੇ ਸਾਧ-ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ। ਇਸ ਸਮੇਂ ਕਈ ਪ੍ਰੇਮੀ ਆ ਕੇ ਆਪਣੇ ਨਿਜ ਦੇ ਪ੍ਰਸ਼ਨ ਕਰ ਕੇ ਭਰਮ ਅੰਧੇਰੇ ਨੂੰ ਦੂਰ ਕਰਦੇ।

ਹੁਣ ਤਾਂ ਦੀਵਾਨ ਮੱਹਲੇ-ਮੱਹਲੇ ਲੱਗਣੇ ਸ਼ੁਰੂ ਹੋ ਗਏ। ਸੰਤ ਜੀ ਮਹਾਰਾਜ ਸਿੱਧੀਆਂ ਧਾਰਨਾ ਵਿੱਚ ਸ਼ਬਦ ਪੜ੍ਹਦੇ ਅਤੇ ਚਿੱਤ ਵਿੱਚ ਇਹ ਪ੍ਰੇਮ ਹੁੰਦਾ ਕਿ ਸਾਰੀ ਸੰਗਤ ਮਿਲ ਕੇ ਉੱਚੀ ਸੁਰ ਵਿੱਚ ਗੁਰਬਾਣੀ ਗਾਵੇ।

ਇਸ ਤਰ੍ਹਾਂ ਮਾਈ-ਭਾਈ ਨੂੰ ਗੁਰਬਾਣੀ ਕੰਠ ਹੋ ਗਈ ਅਤੇ ਸੰਗਰੂਰ ਵਿੱਚ ਸਤਿਸੰਗ ਦਾ ਮੁੱਢ ਬੱਝ ਗਿਆ। **ਇਹਨਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਦੋ ਵਕਤ ਜਲ ਪਾਣੀ ਅਤੇ ਪ੍ਰਸ਼ਾਦ ਵੇਲੇ ਦਹੀਂ ਹੀ ਛਕਦੇ।**

ਸਭ ਤੋਂ ਪਹਿਲਾਂ ਦੀਵਾਨ ਭਾਈ ਮੋਤਾ ਸਿੰਘ ਹਲਵਾਈ ਦੇ ਘਰ ਹੋਇਆ। ਭਾਵੇਂ ਉਹ ਗਰੀਬ ਸੀ, ਉਸ ਨੇ ਗੁਰੂ ਸਾਹਿਬ ਦੀ ਸੇਵਾ ਲਈ ਦਸ ਦਮੜੇ ਭੇਟਾ ਕੀਤੇ। ਹੁਣ ਤਾਂ ਹਰ ਘਰ ਵਿੱਚ ਗੁਰੂ ਸਾਹਿਬ ਦੀ ਭੇਟਾ ਹੋਣੀ ਸ਼ੁਰੂ ਹੋ ਗਈ। ਸਾਧ-ਸੰਗਤ ਨੇ ਦਿਲ ਖੋਲ੍ਹ ਕੇ ਸੇਵਾ ਕੀਤੀ। ਇਸ ਵੇਲੇ ਦਸ ਕੁ ਸਿੰਘ ਸੰਤ ਜੀ ਮਹਾਰਾਜ ਨਾਲ ਸਨ। ਕੀਰਤਨ ਦੇ ਮੁਖੀ ਭਾਈ ਕਲਿਆਣ ਸਿੰਘ ਜੀ ਸਨ।

ਸੰਗਰੂਰ ਸ਼ਹਿਰ ਵਿੱਚ ਹੀ ਸੰਤ ਅਤਰ ਸਿੰਘ ਜੀ ਅਤਲੇ ਵਾਲਿਆਂ ਨੇ ਪਹਿਲੀ ਵਾਰੀ ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ ਅਤੇ ਕੁਛ ਦਿਨ ਸਤਿਸੰਗ ਕਰ ਕੇ ਬੜੇ ਨਿਹਾਲ ਹੋਏ।

ਇਹਨਾਂ ਦਿਨਾਂ ਵਿੱਚ ਹੀ ਸ: ਪ੍ਰੇਮ ਸਿੰਘ ਜੀ ਰਾਜੋਂ ਮਾਜਰੇ ਵਾਲੇ, ਜੋ ਇਸ ਵੇਲੇ ਜੀਂਦ ਦੀ ਰਿਆਸਤ ਦੇ ਵਜ਼ੀਰ ਸਨ, ਸੰਤ ਜੀ ਮਹਾਰਾਜ ਦੇ ਚਰਨ ਕੰਵਲਾਂ ਦੇ ਭੌਰੇ ਬਣ ਗਏ। ਰੋਜ਼ ਦੋਵੇਂ ਵੇਲੇ ਦੀਵਾਨ ਵਿੱਚ ਦਰਸ਼ਨ ਲਈ ਆਉਂਦੇ ਅਤੇ ਇਕਾਂਤ ਵਿੱਚ ਵੀ ਕਈ ਵਾਰੀ ਵੀਚਾਰ ਕਰਦੇ। ਸੰਤ ਜੀ ਮਹਾਰਾਜ ਦੀ ਛੋਹ ਨਾਲ ਇਹਨਾਂ ਦੇ ਹਿਰਦੇ ਵਿੱਚ ਸਤਿਸੰਗ ਦਾ ਬੜਾ ਉਤਸ਼ਾਹ ਪੈਦਾ ਹੋਇਆ। ਥੋੜ੍ਹੇ ਦਿਨਾਂ ਵਿੱਚ ਸ੍ਰੀ ਗੁਰੂ ਸਿੰਘ ਸਭਾ ਦੀ ਨੀਂਹ ਰੱਖੀ ਗਈ।

ਇਹਨਾਂ ਦਿਨਾਂ ਵਿੱਚ ਹੀ ਰਾਜੇ ਦੀ ਗੱਦੀ ਨਸ਼ੀਨੀ ਦਾ ਜਲੂਸ ਨਿਕਲਿਆ। ਮਹਾਰਾਜੇ ਵੱਲੋਂ ਬੜੇ ਪ੍ਰੇਮ ਨਾਲ ਸੰਤ ਜੀ ਨੂੰ ਇਸ ਜਲੂਸ ਵਿੱਚ ਦਰਸ਼ਨ ਦੇਣ ਦੀ ਬੇਨਤੀ ਕੀਤੀ ਗਈ ਅਤੇ ਇੱਕ ਹਾਥੀ ਸਵਾਰੀ ਵਾਸਤੇ ਭੇਜਿਆ ਗਿਆ।

ਕਿਸੇ ਅਹਿਲਕਾਰ ਦੇ ਮਨ ਵਿੱਚ ਫੁਰਿਆ ਕਿ ਸੰਤ ਜੀ ਮਹਾਰਾਜ ਦੀ ਪ੍ਰੀਖਿਆ ਕੀਤੀ ਜਾਵੇ। ਉਸ ਨੇ ਸਵਾਰੀ ਵਾਸਤੇ ਮਸਤ ਹਾਥੀ ਭੇਜਿਆ। ਜਦੋਂ ਸੰਤ ਜੀ ਮਹਾਰਾਜ ਉਸ ਦੀ ਪਿੱਠ 'ਤੇ ਸਵਾਰ ਹੋ ਗਏ, ਉਹ ਅਡੋਲ ਲੇਲੇ ਵਾਂਗੂੰ ਸਾਰਾ ਦਿਨ ਜਲੂਸ ਵਿੱਚ ਰਿਹਾ।

ਜਲੂਸ ਦੇ ਮਗਰੋਂ ਸਾਰੇ ਪਹਿਲਵਾਨ ਜੋ ਕੁਸ਼ਤੀ ਲੜਨ ਆਏ ਸਨ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਏ। ਸੰਤ ਜੀ ਬੜੇ ਪ੍ਰਸੰਨ ਹੋਏ ਤੇ ਉਹਨਾਂ ਨੂੰ ਨਾਮ ਜੱਪਣ ਦਾ ਉਪਦੇਸ਼ ਕੀਤਾ।

ਫੇਰ ਸ: ਗੋਬਿੰਦ ਸਿੰਘ ਜੀ ਦੀ ਕੋਠੀ ਅਖੰਡ ਪਾਠ ਹੋਇਆ ਅਤੇ ਓਥੇ ਬਿਹੰਗਮ ਅਰੂੜ ਸਿੰਘ ਸੰਤ ਜੀ ਮਹਾਰਾਜ ਨੂੰ ਬਠਿੰਡੇ ਲੈ ਆਇਆ। ਇੱਥੋਂ ਚੱਲ ਕੇ ਡੱਬਵਾਲੀ ਮੰਡੀ ਪੁੱਜੇ। ਫੇਰ ਕਾਲੀਆਂ ਵਾਲੀ ਇੱਕ ਰਾਤ ਠਹਿਰ ਕੇ ਪਿੰਡ ਫਤੂਹੀ ਜ਼ਿਲ੍ਹਾ ਫੀਰੋਜ਼ਪੁਰ ਵਿੱਚ ਇੱਕ ਅਖੰਡ ਪਾਠ ਦੀ ਸੇਵਾ ਲਈ ਗਏ। ਫੇਰ ਡੂੰਮਾਂ ਵਾਲੀ ਅਤੇ ਇੱਕ-ਦੋ ਹੋਰ ਪਿੰਡ ਵਿੱਚ ਨਾਮ-ਬਾਣੀ ਦਾ ਪ੍ਰਵਾਹ ਚਲਾਉਂਦੇ ਹੋਏ, ਬਠਿੰਡੇ ਵਾਪਸ ਆ ਗਏ। ਦੋ ਦਿਨ ਬਠਿੰਡੇ ਵਿੱਚ ਸਤਿਸੰਗ ਹੋਇਆ। ਫੇਰ ਸ: ਕੇਹਰ ਸਿੰਘ ਰਾਮਪੁਰਾ ਫੂਲ ਮੰਡੀ ਲੈ ਆਇਆ। ਦੋ ਦਿਨ ਦੀਵਾਨ ਸਜੇ। ਮੰਡੀ ਦੀ ਸਾਧ-ਸੰਗਤ ਨੇ ਗੁਰਸਾਗਰ ਸਾਹਿਬ ਮਸਤੂਆਣੇ ਵਾਸਤੇ ਬੜੇ ਉਤਸ਼ਾਹ ਨਾਲ ਅਰਦਾਸੇ ਕਰਵਾਏ।

ਏਥੋਂ ਫੂਲ ਮਰਾਜ, ਰਾਮਪੁਰਾ ਅਤੇ ਮਿਲ ਤੋਂ ਹੁੰਦੇ ਹੋਏ ਮੁੜ ਫੇਰ ਸੰਗਰੂਰ ਆ ਗਏ ਅਤੇ ਉਸੇ ਧਰਮਸ਼ਾਲਾ ਵਿੱਚ ਡੇਰਾ ਕੀਤਾ।

ਧਰਮਸ਼ਾਲਾ ਦੇ ਖੱਬੇ ਪਾਸੇ ਤਲਾਓ ਹੈ। ਇਸ ਦੇ ਨਾਲ ਹੀ ਬਿਜਲੀ ਘਰ ਨਵਾਂ ਬਣਿਆ ਸੀ। ਇੱਕ ਦਿਨ ਇੱਥੋਂ ਦਾ ਮਿਸਤਰੀ ਸੰਤ ਜੀ ਨੂੰ ਕਾਰਖਾਨਾ ਦਿਖਾਉਣ ਵਾਸਤੇ ਲੈ ਗਿਆ। ਸੰਤ ਜੀ ਬੜੇ ਗਹੁ ਨਾਲ ਦੇਖਦੇ ਰਹੇ। ਇੱਕ ਮਿਸਤਰੀ ਨੇ ਆਖਿਆ ਕਿ ਮਹਾਰਾਜ ਚੁੰਬਕ ਪੱਥਰ ਦੇ ਘੇਰੇ ਵਿੱਚ; ਇੱਕ ਲੋਹੇ ਦੇ ਖੇਹਨੂੰ ਜਿਹੇ ਦੇ ਬੜੇ ਜ਼ੋਰ ਨਾਲ ਫਿਰਨ ਕਰਕੇ, ਸ਼ਕਤੀਵਾਨ ਬਿਜਲੀ ਪੈਦਾ ਹੁੰਦੀ ਹੈ। ਸੰਤ ਜੀ ਨੇ ਫ਼ਰਮਾਇਆ ਕਿ **ਭਾਈ ਨਾਮ ਦੇ ਹਰ ਵਕਤ, ਪੂਰੇ ਉਤਸ਼ਾਹ ਤੇ ਜ਼ੋਰ ਨਾਲ, ਹਜ਼ੂਰੀ ਵਿੱਚ ਜਾਪ ਕਰਨ ਦਵਾਰਾ ਇੱਕ ਅਦਭੁਤ ਬਿਜਲੀ ਪੈਦਾ ਹੁੰਦੀ ਹੈ, ਜਿਦ੍ਹੇ ਆਸਰੇ ਕੋਟਾਨ ਸੂਰਜ, ਚੰਦ, ਖੰਡ ਬ੍ਰਹਮੰਡ ਅਤੇ ਸਾਰੀ ਰਚਨਾ ਚੱਲ ਰਹੀ ਹੈ।**

ਮਹਾਰਾਜ ਜੀਂਦ ਜੀ ਦੇ ਮਹੱਲਾਂ ਵਿੱਚੋਂ, ਬੂੜੀਏ ਵਾਲੀ ਰਾਣੀ ਨੂੰ ਸੰਤਾਂ ਦੇ ਚਰਨਾਂ ਨਾਲ ਬੜਾ ਹੀ ਪ੍ਰੇਮ ਹੋ ਗਿਆ। ਇਹ ਸੰਤ ਜੀ ਦੀ ਮਾਤਾ ਜੀ ਨੂੰ ਸਤਿਸੰਗ ਤੇ ਸੇਵਾ ਦਾ ਲਾਭ ਲੈਣ ਲਈ ਆਪਣੇ ਪਾਸ ਲੈ ਗਈ। ਇਸ ਦੇ ਪ੍ਰੇਮ ਕਰਕੇ ਕੱਤਕ ਪੂਰਨਮਾਸ਼ੀ, ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੋਂ ਸੱਤ ਦਿਨ ਪਹਿਲਾਂ, ਸੰਤ ਜੀ ਮਹਾਰਾਜ ਨੇ ਸ਼ਾਹੀ ਦੀਵਾਨਖਾਨੇ ਵਿੱਚ ਦੋ ਵੇਲੇ ਦੀਵਾਨ ਲਗਾਉਣੇ ਸ਼ੁਰੂ ਕਰ ਦਿੱਤੇ।

ਪੂਰਨਮਾਸ਼ੀ ਤੋਂ ਦੋ ਦਿਨ ਪਹਿਲਾਂ ਅਖੰਡ ਪਾਠ ਰੱਖਿਆ ਗਿਆ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਜਨਮ ਦਿਹਾੜੇ ਵਾਲੇ ਦਿਨ ਬੜੇ ਉਤਸ਼ਾਹ ਨਾਲ ਭੋਗ ਪਾਇਆ ਗਿਆ।

ਮਹਾਰਾਣੀ ਨੇ ਸੰਤ ਜੀ ਮਹਾਰਾਜ ਅਤੇ ਸਾਧ-ਸੰਗਤ ਲਈ ਬੜੇ ਖੁੱਲ੍ਹੇ ਦਿਲ ਨਾਲ ਬਸਤਰ ਅਤੇ ਬਿਸਤਰੇ ਅਰਦਾਸ ਕਰਵਾਏ, ੧੧੦੦ ਦਮੜਾ ਭੇਟਾ ਕੀਤਾ ਅਤੇ ਸਾਰਾ ਦਿਨ ਅਤੁੱਟ ਲੰਗਰ ਜਾਰੀ ਰੱਖਿਆ।

ਇਸ ਮਹਾਰਾਣੀ ਦਾ ਪ੍ਰੇਮ ਅੰਤ ਸਮੇਂ ਤਕ ਨਿਭਿਆ। ਸੰਨ ੧੯੨੧ ਵਿੱਚ ਅਖੰਡ ਪਾਠ ਦਾ ਭੋਗ ਪੁਆ, ਸਾਧ-ਸੰਗਤ ਦੇ ਦਰਸ਼ਨ ਤੋਂ ਨਿਹਾਲ ਹੋ, ਆਪਣੀ ਮਰਯਾਦਾ ਅਨੁਸਾਰ ਸੇਵਾ ਕਰ, ਸਰੀਰ ਛੱਡ ਗੁਰਪੁਰੀ ਸਿਧਾਰ ਗਈ।

ਫੇਰ ਅਲਾਲ ਪਿੰਡ ਵਿੱਚ ਅਖੰਡ-ਪਾਠ ਲਈ ਆਏ, ਮੂਲੋਵਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਦੁਆਰੇ, ਇੱਕ ਦੀਵਾਨ ਦੀ ਹਾਜ਼ਰੀ ਭਰਦੇ ਹੋਏ ਕਾਂਜਲੇ ਪੁੱਜੇ ਅਤੇ ਇੱਥੋਂ ਗੁਰਸਾਗਰ ਸਾਹਿਬ ਮਸਤੂਆਣੇ ਮਾਘੀ ਦੇ ਦੀਵਾਨ ਲਈ ਆ ਗਏ।

ਦੀਵਾਨ ਵਿੱਚ ਬੜੇ ਅਨੰਦ ਨਾਲ ਕੀਰਤਨ ਹੋਇਆ ਅਤੇ ਤਿੰਨ ਦਿਨ ਅਤੇ ਤਿੰਨ ਰਾਤਾਂ, ਮਹਾਂ ਅਕਾਸ਼ ਵਿੱਚ ਨਾਮਬਾਣੀ ਦੀ ਰੱਬੀ ਬਿਜਲੀ ਜਮ੍ਹਾਂ ਹੁੰਦੀ ਰਹੀ।

ਹੁਣ ਨਿਮਾਣੀ (ਨਿਰਜਲਾ ਏਕਾਦਸ਼ੀ) ਅਤੇ ਮਾਘੀ, ਦੋਵੇਂ ਦੀਵਾਨ, ਗੁਰਸਾਗਰ ਸਾਹਿਬ ਪੱਕੇ ਹੋ ਗਏ। ਗੁਰੂ ਦੀਆਂ ਸੰਗਤਾਂ ਸਹਿਜ-ਸੁਭਾਓ ਵੇਲੇ ਸਿਰ ਜੋੜ-ਮੇਲੇ ਦੀ ਤਾਰੀਖ਼ ਤੋਂ ਦੋ ਦਿਨ ਪਹਿਲਾਂ ਹੀ ਖਿੱਚੀਆਂ ਚੱਲੀਆਂ ਆਉਂਦੀਆਂ ਅਤੇ ਇੱਕ ਦਿਨ ਪਹਿਲਾਂ ਦੀਵਾਨ ਪੂਰੇ ਜ਼ੋਰ ਨਾਲ ਭਰ ਜਾਂਦਾ।

ਇਹ ਦੀਵਾਨ, ਗੁਰੂ ਨਾਨਕ ਸਾਹਿਬ ਦੇ ਘਰ ਦੇ ਨਾਮ-ਬਾਣੀ ਦੇ ਵੱਡੇ ਸਕੂਲ ਬਣ ਗਏ। ਸੰਤ ਜੀ ਮਹਾਰਾਜ ਸਾਧ-ਸੰਗਤ, ਮਾਈ-ਭਾਈ ਨੂੰ, ਕੀਰਤਨ ਵਿੱਚ ਪੂਰਾ ਹਿੱਸਾ ਦਿੰਦੇ, ਏਸੇ ਲਈ ਹੀ ਸਾਰੇ ਮਾਲਵੇ ਦੇਸ਼ ਦੀਆਂ ਸੰਗਤਾਂ, ਬੜੇ ਚਾਓ ਤੇ ਉਤਸ਼ਾਹ ਨਾਲ ਬਾਣੀ ਕੰਠ ਕਰਦੀਆਂ ਅਤੇ ਜੋੜ-ਮੇਲਿਆਂ ਦੇ ਸਮੇਂ ਸ਼ਬਦੀ ਜਥੇ ਬਣਾ ਕੇ ਆਉਂਦੀਆਂ।

ਪਹਿਲਾਂ ਰਾਗੀ ਜਥਾ ਸੱਤ ਸਲੋਕ ਆਸਾ ਜੀ ਦੀ ਵਾਰ ਦੇ ਲਗਾਉਂਦੇ ਪਿੱਛੋਂ ਸੰਤ ਜੀ ਇੱਕ ਦੋ ਛੱਕੇ ਪੜ੍ਹ ਕੇ ਸ਼ਬਦ ਦਾ ਭੰਡਾਰ ਖੋਲ੍ਹ ਦਿੰਦੇ ਅਤੇ ਵਾਰੀ-ਵਾਰੀ ਮਾਈ-ਭਾਈ ਕੋਲੋਂ ਸ਼ਬਦ ਪੜ੍ਹਾਉਂਦੇ। ਇੱਕ ਸ਼ਬਦ ਮਾਈਆਂ ਦਾ ਹੁੰਦਾ ਅਤੇ ਦੂਜਾ ਭਾਈਆਂ ਦਾ। ਪਹਿਲਾਂ ਇੱਕ ਪ੍ਰੇਮਣ ਬੋਲਦੀ, ਪਿੱਛੋਂ ਸਾਰੀਆਂ ਮਾਈਆਂ ਅਤੇ ਫੇਰ ਸਾਰੇ ਭਾਈ। ਇਸੇ ਤਰ੍ਹਾਂ ਇੱਕ ਭਾਈ ਸ਼ਬਦ ਪੜ੍ਹਦਾ, ਪਿੱਛੋਂ ਸਾਰੇ ਭਾਈ ਅਤੇ ਫੇਰ ਸਾਰੀਆਂ ਮਾਈਆਂ। ਇਸ ਤਰ੍ਹਾਂ ਮਾਈ-ਭਾਈ ਦੀ ਬਿਰਤੀ ਸ਼ਬਦ ਵਿੱਚ ਜੁੜੀ ਰਹਿੰਦੀ ਅਤੇ ਨਾਮ-ਬਾਣੀ ਦੀ ਟਿਕਵੀਂ ਲਹਿਰ ਚੱਲਦੀ।

ਜਦ ਪੰਜ ਕੁ ਸਲੋਕ ਰਹਿ ਜਾਂਦੇ, ਤਦ ਸੰਤ ਜੀ ਮਹਾਰਾਜ ਸ਼ਬਦ ਦੀ ਉਹ ਘਨਘੋਰ ਬੰਨ੍ਹਦੇ, ਕਿ ਸਾਰਾ ਅਕਾਸ਼ ਸ਼ਬਦ ਦੀ ਧੁਨੀ ਨਾਲ ਗੂੰਜ ਉੱਠਦਾ ਅਤੇ ਮਨੁੱਖ, ਪਸ਼ੂ-ਪੰਛੀ ਨਾਮ ਦੀ ਲਹਿਰ ਵਿੱਚ ਮਸਤ ਹੋ ਜਾਂਦੇ।

ਤਿੰਨ ਦਿਨ ਅਤੇ ਤਿੰਨੇ ਰਾਤਾਂ, ਇਹ ਸ਼ਬਦ ਦੀ ਲਹਿਰ ਚੱਲਦੀ, ਦੁਹਾਂ ਜੋੜ ਮੇਲਿਆਂ ਦੇ ਸਮੇਂ ਮਾਈ-ਭਾਈ ਇਸ ਗੁਰਬਾਣੀ ਦੇ ਮਹਾਂ ਜਗ ਵਿੱਚ, ਪੂਰੇ ਉਤਸ਼ਾਹ ਨਾਲ ਆਪਣਾ ਹਿੱਸਾ ਰਲਾਉਂਦੇ।

ਕਾਂਡ ੩੬

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯
ੴ ਸਤਿਗੁਰ ਪ੍ਰਸਾਦਿ ॥
ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥
ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥
ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ਰਹਾਉ॥
ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥
ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥
ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥
ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥
ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥
ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥੩॥
ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥
ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥
ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥
ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥
ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥
ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥੫॥
ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥
ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥
ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥
ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥
ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥
ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥
ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥
ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥
ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥ (੭੬੦-੬੧)

ਮਾਘੀ ਦੇ ਜੋੜ-ਮੇਲੇ ਤੇ, ਇੱਥੋਂ ਜਮਾਂਦਾਰ ਜਸਵੰਤ ਸਿੰਘ ਜੀ ਮਹਾਰਾਜ ਨੂੰ ਸੁਨਾਮ ਲੈ ਆਇਆ ਅਤੇ ਅੱਗੇ ਲਹਿਰੇ ਦੇ ਸਟੇਸ਼ਨ 'ਤੇ ਉਤਾਰ ਕੇ ਆਪਣੇ ਘਰ ਅਨੰਦ ਕਾਰਜ ਲਈ ਲੈ ਗਿਆ। ਇਸ ਅਨੰਦ ਕਾਰਜ ਦੇ ਮਗਰੋਂ ਸੰਤ ਜੀ ਮਹਾਰਾਜ ਭਾਈ ਨਰੈਣ ਸਿੰਘ ਦੇ ਪੁੱਤਰ ਦੇ ਅਨੰਦ ਕਾਰਜ ਤੇ ਪਿੰਡ ਰਾਮਗੜ੍ਹ ਵਿਖੇ, ਜੰਞ ਤੋਂ ਪਹਿਲੇ ਹੀ ਪਹੁੰਚ ਗਏ। ਇੱਥੋਂ ਸਰਦਾਰ ਹਰੀ ਸਿੰਘ ਚਾਂਗਲੀ ਵਾਲਾ ਆਪਣੇ ਨਗਰ ਲੈ ਗਿਆ ਅਤੇ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਾਇਆ। ਅਖੰਡ ਪਾਠ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਦੁਆਰੇ ਯਾਤਰਾ ਲਈ ਗਏ ਅਤੇ ਤਿੰਨ ਦਿਨ ਵੈਰਾਗ ਦੇ ਸਮੁੰਦਰ, ਦੀਨ-ਦੁਨੀਆਂ ਦੇ ਰਖਸ਼ਕ, ਸੱਚੇ ਪਾਤਸ਼ਾਹ "ਤੇਗ ਬਹਾਦਰ ਹਿੰਦ ਦੀ ਚਾਦਰ" ਦੀ ਚੌਂਕੀ ਭਰੀ।

ਸਿੱਖ ਵਿਦਿਅਕ ਕਾਨਫਰੰਸ 'ਤੇ ਜਾਣਾ

ਹੁਣ ਸੰਤ ਜੀ ਮਹਾਰਾਜ ਨੇ ਇੱਕ ਅਸਚਰਜ ਕੌਤਕ ਵਰਤਾਇਆ, ਜਦ ਚੌਥੀ ਰਾਤ ਦੇ ਬਾਰਾਂ ਕੁ ਵਜੇ, ਚੁਪੀਤੇ ਹੀ, ਪੰਜ ਸਿੰਘ, ਭਾਈ ਕਲਿਆਣ ਸਿੰਘ, ਭਾਈ ਹਰੀ ਸਿੰਘ, ਭਾਈ ਮੋਹਨ ਸਿੰਘ ਅਤੇ ਭਾਈ ਲਾਲ ਸਿੰਘ ਨੂੰ ਨਾਲ ਲੈ ਕੇ, ਅੰਬਾਲੇ ਵੱਲ ਟੁਰ ਪਏ, ਬਾਕੀ ਜਥਾ ਸੁੱਤਾ ਹੀ ਪਿਆ ਰਿਹਾ। ਇਸ ਸ਼ਹਿਰ, ਸਿੱਖ ਵਿੱਦਿਅਕ ਕਾਨਫਰੰਸ ਦਾ ਸਾਲਾਨਾ ਸਮਾਗਮ ਹੋਣਾ ਸੀ। ਅੰਬਾਲੇ ਦੀ ਸੰਗਤ ਬੜੀ ਢੂੰਡ-ਭਾਲ ਵਿੱਚ ਸੀ, ਕਿ ਕਿਤੇ ਸੰਤ ਮਿਲਣ ਤਾਂ ਉਹਨਾਂ ਨੂੰ ਇਸ ਸਮਾਗਮ ਵਿੱਚ ਲਿਆ ਕੇ, ਨਾਮ-ਬਾਣੀ ਅਤੇ ਮਨਮੋਹਣੇ ਦਰਸ਼ਨ ਦਾ ਲਾਭ ਲਈਏ।

ਕਈ ਜਗ੍ਹਾ ਖੋਜ ਕੀਤੀ ਪਰ ਪਤਾ ਨਾ ਲੱਗਾ, ਆਖ਼ਰ ਜਦ ਨਿਰਾਸ਼ ਹੋ ਗਏ, ਤਾਂ ਕੀ ਦੇਖਦੇ ਹਨ ਕਿ ਕਾਨਫਰੰਸ ਤੋਂ ਦੋ ਦਿਨ ਪਹਿਲਾਂ, ਸਿਰ 'ਤੇ ਭੂਰੀ ਲਈ ਸੰਤ ਪੰਜਾਂ ਸਿੰਘਾਂ ਸਮੇਤ, ਅੰਬਾਲੇ ਵੱਲ ਤੁਰੇ ਆਉਂਦੇ ਹਨ। ਸਾਧ-ਸੰਗਤ ਦੇ ਕੁਝ ਸਰੀਰਾਂ ਨੇ ਸੰਤ ਜੀ ਮਹਾਰਾਜ ਨੂੰ ਪਛਾਣ ਲਿਆ ਅਤੇ ਵੈਰਾਗ ਵਿੱਚ ਚਰਨਾਂ 'ਤੇ ਢਹਿ ਪਏ। ਫੇਰ ਹੱਥ ਜੋੜ ਕੇ ਆਖਿਆ, "ਸੱਚੇ ਪਾਤਸ਼ਾਹ! ਅਸੀਂ ਤਾਂ ਭਾਲਦੇ-ਭਾਲਦੇ ਥੱਕ ਗਏ, ਕਿਧਰੇ ਹਜ਼ੂਰ ਦਾ ਪਤਾ ਨਾ ਲੱਗਾ, ਪਰ ਤੁਸੀਂ ਧੰਨ ਹੋ, ਸਾਡੇ ਗ਼ਰੀਬਾਂ ਦੀ ਪ੍ਰੇਮ ਦੀ ਤਾਰ ਆਪਣੇ ਆਪ ਹੀ ਬੁਝ ਲਈ ਅਤੇ ਅਛੋਪ ਹੀ ਦਰਸ਼ਨ ਦੇ ਕੇ ਨਿਹਾਲ ਕੀਤਾ।"

ਸੰਤ ਜੀ ਮਹਾਰਾਜ ਦੇ ਪਹੁੰਚਣ ਦੀ ਖ਼ਬਰ, ਸਾਰੇ ਅੰਬਾਲੇ ਸ਼ਹਿਰ ਵਿੱਚ ਬਿਜਲੀ ਵਾਂਗ ਫੈਲ ਗਈ। ਸੰਗਤਾਂ ਦਰਸ਼ਨ ਲਈ ਟੁੱਟ ਪਈਆਂ। ਇਹਨਾਂ ਨੂੰ ਨਿਹਾਲ ਕਰ ਪ੍ਰਸ਼ਾਦ ਛਕ ਆਪਣੇ ਆਸਣ 'ਤੇ ਚਲੇ ਗਏ। ਨਿੱਤਨੇਮ ਅਨੁਸਾਰ ੪ ਵਜੇ ਦੀਵਾਨ ਦੀ ਤਿਆਰੀ ਕੀਤੀ। ਸਵੇਰੇ ਸ਼ਾਮ ਬੜੇ ਭਾਰੀ ਦੀਵਾਨ ਸਜਦੇ ਰਹੇ।

ਹੁਣ ਕਾਨਫਰੰਸ ਦੇ ਸਮਾਗਮ ਦਾ ਸਮਾਂ ਆ ਗਿਆ ਅਤੇ ਸੰਤ ਜੀ ਦੇ ਦੀਵਾਨ ਕਾਨਫਰੰਸ ਦੇ ਦੀਵਾਨ ਅਸਥਾਨ ਵਿੱਚ ਲੱਗਣੇ ਸ਼ੁਰੂ ਹੋ ਗਏ। ਅੱਧੀ ਆਸਾ ਜੀ ਦੀ ਵਾਰ ਭਾਈ ਭਾਗ ਸਿੰਘ, ਭਾਈ ਹੀਰਾ ਸਿੰਘ ਜੀ ਲਾਉਂਦੇ ਅਤੇ ਅੱਧੀ ਸੰਤ ਜੀ ਮਹਾਰਾਜ, ਮਾਈ-ਭਾਈ ਕੋਲੋਂ ਤਿੰਨ ਥਾਂ 'ਤੇ ਪੜ੍ਹਾਉਂਦੇ। ਸ਼ਬਦ ਦਾ ਸਮੁੰਦਰ ਠਾਠਾਂ ਮਾਰਦਾ ਅਤੇ ਸ਼ਬਦ ਬਾਣੀ ਦੀ ਗੂੰਜ ਮਹਾਂ ਅਕਾਸ਼ ਵਿੱਚ ਸਦਾ ਜਗਿਆਸੂਆਂ ਦੇ ਭਲੇ ਲਈ ਇਕੱਠੀ ਹੋ ਕੇ ਜਾ ਬਿਰਾਜਦੀ।

ਇਸ ਸਮੇਂ ਦੀ ਇੱਕ ਅਦੁੱਤੀ ਸਾਖੀ ਗਿਆਨੀ ਝੰਡਾ ਸਿੰਘ ਜੀ ਵਕੀਲ ਦੀ ਭੈਣ ਜੀ ਨੇ ਦਾਸ ਨੂੰ ਲਿਖਾਈ।

"ਸ: ਝੰਡਾ ਸਿੰਘ ਜੀ BA, LLB ਵਕੀਲ ਜਿਹੜੇ ਕਿ ਰੱਬ ਦੀ ਹਸਤੀ ਤੋਂ ਉੱਕੇ ਹੀ ਮੁਨਕਰ ਸਨ,

ਬੜੇ ਸਖ਼ਤ ਬਿਮਾਰ ਪਏ ਸਨ। ਬਚਣ ਦੀ ਆਸ ਨਹੀਂ ਸੀ। ਸੁਭਾਗ ਮਾਈ ਦੇ ਚਿੱਤ ਇਹ ਤੀਬਰ ਫੁਰਨਾ ਪੈਦਾ ਹੋਇਆ ਕਿ ਸੰਤ ਜੀ ਮਹਾਰਾਜ ਦੇ ਹਸਤ ਕੰਵਲਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਤੋਂ ਇੱਕ ਫੁੱਲ ਪ੍ਰਾਪਤ ਕਰੇ ਅਤੇ ਉਹ ਸ: ਝੰਡਾ ਸਿੰਘ ਜੀ ਨੂੰ ਸੁੰਘਾਏ। ਮਾਈ ਦੇ ਚਿੱਤ ਵਿੱਚ ਪੱਕਾ ਵਿਸ਼ਵਾਸ ਸੀ ਕਿ ਇਸ ਫੁੱਲ ਦੀ ਬਰਕਤ ਨਾਲ ਝੰਡਾ ਸਿੰਘ ਜੀ ਦਾ ਰੋਗ ਕੱਟਿਆ ਜਾਏਗਾ।

ਕਾਨਫਰੰਸ ਦੇ ਸਮਾਗਮ ਦੇ ਪਹਿਲੇ ਦਿਨ ਹੀ, ਇਹ ਮਾਈ ਦੀਵਾਨ ਵਿੱਚ ਗਈ ਅਤੇ ਸੰਗਦੀ-ਸੰਗਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਖਲੋ ਗਈ। ਸੰਤ ਜੀ ਮਹਾਰਾਜ ਨੇਤਰ ਮੂੰਦ ਕੀਰਤਨ ਵਿੱਚ ਜੁੜੇ ਹੋਏ ਸਨ। ਜਦ ਮਾਈ ਨੂੰ ਖਲੋਤਿਆਂ ਕੁਝ ਚਿਰ ਹੋ ਗਿਆ ਤਾਂ ਸੰਤ ਜੀ ਮਹਾਰਾਜ ਨੇ ਪਉੜੀ ਦੇ ਪਾਠ ਵੇਲੇ ਨੇਤਰ ਖੋਲ੍ਹੇ ਅਤੇ ਪੁੱਛਿਆ; ਮਾਈ ਕਿਸ ਤਰ੍ਹਾਂ ਖੜੀ ਹੈ?' ਪ੍ਰੇਮਣ ਨੇ ਹੱਥ ਜੋੜ ਕੇ ਅਰਜ਼ ਕੀਤੀ, ''ਸੱਚੇ ਪਾਤਸ਼ਾਹ! ਇੱਕ ਫੁੱਲ ਬਖ਼ਸ਼ੋ।'' ਓਸੇ ਵੇਲੇ ਸੰਤ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਤੋਂ ਇੱਕ ਫੁੱਲਾਂ ਦਾ ਹਾਰ ਲਾਹ ਕੇ ਮਾਈ ਨੂੰ ਦੇ ਦਿੱਤਾ। ਮਾਈ ਚਾਈਂ-ਚਾਈਂ ਸ: ਝੰਡਾ ਸਿੰਘ ਜੀ ਵਕੀਲ ਦੇ ਮਕਾਨ 'ਤੇ ਆਈ ਅਤੇ ਫੁੱਲਾਂ ਦਾ ਹਾਰ ਗਿਆਨੀ ਜੀ ਦੇ ਗਲੇ ਵਿੱਚ ਪਾ ਦਿੱਤਾ। ਬਸ ਹਾਰ ਕੀ ਸੀ ਕਰਤਾਰੀ ਬਿਜਲੀ ਦੀ ਬੈਟਰੀ ਸੀ, ਸ: ਸਾਹਿਬ ਓਸੇ ਵੇਲੇ ਵਾਹਿਗੁਰੂ! ਵਾਹਿਗੁਰੂ! ਵਾਹਿਗੁਰੂ!!! ਬੋਲ ਉੱਠੇ ਅਤੇ ਇਹਨਾਂ ਦੇ ਰੋਮ-ਰੋਮ ਵਿੱਚ ਰੱਬ ਦੇ ਪਿਆਰ ਦਾ ਖੇੜਾ ਵਸ ਗਿਆ। ਸਰੀਰ ਅਤੇ ਮਨ ਦੇ ਰੋਗਾਂ ਦੀ ਜੜ੍ਹ ਕੱਟੀ ਗਈ। ''**ਸਰਬ ਰੋਗ ਕਾ ਅਉਖਦ ਨਾਮ ॥**'', ਤਕੜੇ ਹੋ ਕੇ ਅੰਮ੍ਰਿਤ ਛਕਿਆ, ਖ਼ਾਲਸਾ ਜੀ ਦੀ ਸੇਵਾ ਵਿੱਚ ਜੁਟ ਪਏ ਬਾਕੀ ਦਾ ਜੀਵਨ ਪੰਥ ਦੀ ਸੇਵਾ ਵਿੱਚ ਬਿਤਾਇਆ ਅਤੇ ਖ਼ਾਲਸਾ ਹਾਈ ਸਕੂਲ ਅਤੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਰਹੇ।''

ਆਸਾ ਜੀ ਦੀ ਵਾਰ ਦੇ ਦੀਵਾਨ ਦੇ ਮਗਰੋਂ ਸਾਧ-ਸੰਗਤ ਆਪਣੇ-ਆਪਣੇ ਡੇਰਿਆਂ ਤੇ ਚਲੀ ਗਈ ਅਤੇ ਫੇਰ ਪ੍ਰਸ਼ਾਦਾ ਛਕ, ਕਾਨਫਰੰਸ ਦੇ ਪੰਡਾਲ ਵੱਲ ਟੁਰ ਪਈ। ਸਾਰੇ ਆਪਣੀਆਂ ਆਪਣੀਆਂ ਸੀਟਾਂ 'ਤੇ ਬੈਠ ਗਏ। ਐਨ ਦਸ ਵਜੇ ਪੰਡਾਲ ਭਰ ਗਿਆ। ਕਾਨਫਰੰਸ ਦੀ ਰੀਸੈਪਸ਼ਨ ਤੇ ਐਜੂਕੇਸ਼ਨ ਕਮੇਟੀ ਦੇ ਸੱਜਣ ਪ੍ਰਧਾਨ ਜੀ ਨੂੰ ਨਾਲ ਲੈ ਕੇ ਕਾਨਫਰੰਸ ਵਿੱਚ ਆਏ ਅਤੇ ਸਾਰੇ ਸੁਆਗਤ ਲਈ ਉੱਠੇ। ਦਸਾਂ ਮਿੰਟਾਂ ਮਗਰੋਂ ਸੰਤ ਜੀ ਮਹਾਰਾਜ ਜਥੇ ਸਮੇਤ ਪੰਡਾਲ ਵਿੱਚ ਆ ਗਏ। ਸਾਰਾ ਪੰਡਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ਅਤੇ ਜਦ ਤੀਕਰ ਸੰਤ ਜੀ ਮਹਾਰਾਜ ਆਪਣੀ ਕੁਰਸੀ 'ਤੇ ਸਜ ਨਹੀਂ ਗਏ, ਸਾਰੇ ਮਾਈ-ਭਾਈ ਖਲੋਤੇ ਰਹੇ।

ਹੁਣ ਕਾਨਫਰੰਸ ਦੀ ਕਾਰਵਾਈ ਸ਼ੁਰੂ ਹੋ ਗਈ। ਪਹਿਲਾਂ ਫ਼ਿਰੋਜ਼ਪੁਰ ਕੰਨਿਯਾ ਮਹਾਂਵਿਦਿਆਲੇ ਦੀਆਂ ਬੀਬੀਆਂ ਨੇ ਇੱਕ ਸ਼ਬਦ ਪੜ੍ਹਿਆ ਤੇ ਫੇਰ ਦੋਹਾਂ ਪ੍ਰਧਾਨਾਂ ਨੇ ਆਪਣੇ-ਆਪਣੇ ਐਡਰੈਸ ਪੜ੍ਹ ਕੇ ਸੁਣਾਏ। ਇਸ ਦੇ ਮਗਰੋਂ **ਸੰਤ ਜੀ ਦੀ ਸੇਵਾ ਵਿੱਚ ਇੱਕ ਸ਼ਬਦ ਪੜ੍ਹਨ ਦੀ ਬੇਨਤੀ ਕੀਤੀ ਗਈ। ਬੜੀ ਉੱਚੀ ਸੁਰ ਵਿੱਚ ਮਹਾਰਾਜ ਜੀ ਨੇ ਮਾਈ-ਭਾਈ ਨੂੰ ਤਿੰਨ ਥਾਂ ਸ਼ਬਦ ਪੜ੍ਹਾਇਆ। ਪੰਡਾਲ ਇੱਕ ਰੱਬੀ ਰੌਂ ਨਾਲ ਭਰ ਗਿਆ ਅਤੇ ਸਾਰਿਆਂ ਦੇ ਹਿਰਦੇ ਵਿੱਚ ਕਰਤਾਰ ਵੱਸ ਗਿਆ।**

ਕਾਨਫਰੰਸ ਦੀ ਕਾਰਵਾਈ ਦੇ ਮਗਰੋਂ ਸ਼ਾਮ ਦੇ ਦੀਵਾਨ ਲੱਗਣ 'ਤੇ ਦੂਜੇ ਦਿਨ ਆਸਾ ਜੀ ਦੀ ਵਾਰ ਦੇ ਮਗਰੋਂ ਕਾਨਫਰੰਸ ਸ਼ੁਰੂ ਹੋਈ। ਗੁਰਮਤੇ ਪਾਸ ਕਰ, ਵਿੱਦਿਅਕ ਫ਼ੰਡ ਦੀ ਅਪੀਲ ਹੋਈ। ਸ਼ਾਮ ਦੇ ਦੀਵਾਨ ਮਗਰੋਂ ਸੰਗਤਾਂ ਘਰੋਂ-ਘਰੀਂ ਟੁਰ ਪਈਆਂ, ਪਰ ਅੰਬਾਲੇ ਦੀ ਸੰਗਤ ਦੇ ਪ੍ਰੇਮ ਕਰਕੇ ਸੰਤ ਜੀ ਨੂੰ ਅਟਕਣਾ ਪਿਆ। ਸ਼ਬਦ ਦਾ ਅਤੁੱਟ ਪ੍ਰਵਾਹ ਚੱਲਿਆ ਅਤੇ ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਛਕਿਆ।

ਇੱਥੋਂ ਸੰਤ ਜੀ ਨੇ ਮੈਨ ਦੁਆਬੇ ਵਿੱਚ ਦੌਰਾ ਕੀਤਾ ਅਤੇ ਕਈ ਨਗਰਾਂ ਨੂੰ ਨਿਹਾਲ ਕਰਕੇ ਮੋਟੇ ਮਾਜਰੇ ਪਹੁੰਚੇ। ਇੱਕ ਦਿਨ ਭਾਈ ਲਾਲ ਸਿੰਘ ਨੇ ਪ੍ਰਸ਼ਨ ਕੀਤਾ, 'ਸੱਚੇ ਪਾਤਸ਼ਾਹ! ਸੁਣਿਆ ਹੈ ਕਿ ਜੰਤ੍ਰ, ਮੰਤ੍ਰ, ਤੰਤ੍ਰ ਵਿੱਚ ਬੜੀ ਤਾਕਤ ਹੁੰਦੀ ਹੈ?' ਇਹ ਗੱਲ ਸੁਣ ਕੇ ਸੰਤ ਜੀ ਮਹਾਰਾਜ ਮੁਸਕਰਾਏ ਅਤੇ ਫ਼ਰਮਾਇਆ, 'ਗੁਰਬਾਣੀ ਦੇ ਅੱਗੇ ਸਭ ਜੰਤ੍ਰ, ਮੰਤ੍ਰ, ਤੰਤ੍ਰ, ਰਿੱਧੀਆਂ ਤੇ ਸਿੱਧੀਆਂ ਮਾਤ ਪੈ ਜਾਂਦੀਆਂ ਹਨ। ਇਸ ਲਈ ਸਿੱਖ ਦਾ ਧਰਮ ਹੈ ਕਿ ਹਰ ਵੇਲੇ ਗੁਰਬਾਣੀ ਦੇ ਰੰਗ ਵਿੱਚ ਮੱਤਾ ਰਹੇ।

ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥ (੧੩੭੫-੭੬)

'ਫੇਰ ਕਰਤਾਰ ਸਦਾ ਰਾਖਾ ਹੋ ਜਾਂਦਾ ਹੈ, ਕੋਈ ਜੰਤ੍ਰ, ਮੰਤ੍ਰ, ਤੰਤ੍ਰ, ਦੁਸ਼ਮਣ ਦੂਤ ਇਸ ਨੂੰ ਪੋਹ ਨਹੀਂ ਸਕਦਾ।'

ਮੋਟੇ ਮਾਜਰੇ, ਸੰਤ ਜੀਵਾ ਸਿੰਘ ਜੀ, ਜੋ ਅੱਜ ਕੱਲ੍ਹ ਨਨਕਾਣੇ ਸਾਹਿਬ ਸ਼ਹਿਰ ਤੋਂ ਬਾਹਰ ਮਾਲ ਜੀ ਸਾਹਿਬ ਦੀ ਜ਼ਮੀਨ ਵਿੱਚ ਇੱਕ ਇਕਾਂਤ ਕੁਟੀਆ ਵਿੱਚ ਰਹਿੰਦੇ ਹਨ, ਨੇ ਸੰਤ ਜੀ ਮਹਾਰਾਜ ਦਾ ਦਰਸ਼ਨ ਕੀਤਾ ਅਤੇ ਨਿਹਾਲ ਹੋਏ।

ਕਾਂਡ ੩੭

ਗੂਜਰੀ ਮਹਲਾ ੫ ॥

ਜਨ ਕੀ ਪੈਜ ਸਵਾਰੀ ਆਪ ॥
ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ ॥੧॥ਰਹਾਉ॥
ਹਰਿਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ ॥
ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ ॥੧॥
ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ ॥
ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ ॥੨॥ (੫੦੦)

ਸੰਨ ੧੯੦੬ ਦੀ ਨਿਮਾਣੀ ਦੇ ਜੋੜ-ਮੇਲੇ ਵਿੱਚ ਸੰਤ ਜੀ ਮਹਾਰਾਜ ਨੇ ਗੁਰਸਾਗਰ ਸਾਹਿਬ ਸਕੂਲ ਖੁੱਲ੍ਹਵਾਏ ਜਾਣ ਦੀ ਆਗਿਆ ਕੀਤੀ ਸੀ ਅਤੇ ਸ: ਨਿਹਾਲ ਸਿੰਘ ਜੀ ਨੇ ਇਸ ਲਈ ਅਪੀਲ ਕੀਤੀ। ਸਾਧ ਸੰਗਤ ਨੇ ਜੋ ਮਾਇਆ ਅਰਦਾਸ ਕਰਾਈ, ਉਹ ਸੰਤ ਜੀ ਮਹਾਰਾਜ ਨੇ ਪਟਿਆਲੇ ਦੀ ਦਸਵੰਧ ਕਮੇਟੀ ਦੇ ਸਪੁਰਦ ਕੀਤੀ ਸੀ। ਉਹਨਾਂ ਨੂੰ ਸੰਤ ਜੀ ਨੇ ਹੁਕਮ ਦਿੱਤਾ ਕਿ ਭਾਈ ਮਸਤੂਆਣੇ ਵਿੱਚ ਸਕੂਲ ਚਲਾਉ। ਦਾਸ ਨੇ (ਸੰਤ ਤੇਜਾ ਸਿੰਘ ਜੀ) ਵੀ ਇਸ ਸਮੇਂ ਵਿੱਦਿਆ ਦੀ ਸੇਵਾ ਲਈ ਆਪਣਾ ਸਰੀਰ ਅਰਦਾਸ ਕਰਵਾਇਆ ਸੀ। ਆਗਿਆ ਮੰਗਣ ਪਰ ਸੰਤ ਜੀ ਮਹਾਰਾਜ ਵੱਲੋਂ ਪੱਛਮ ਦੇਸ਼ ਜਾ ਕੇ ਵਿੱਦਿਆ ਪੜ੍ਹਨ ਦਾ ਹੁਕਮ ਹੋਇਆ ਸੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਸੀ ਕਿ ਅਸੀਂ ਪਿੱਛੋਂ ਸਹਾਇਤਾ ਭਿਜਵਾਉਂਦੇ ਰਹਾਂਗੇ।

ਇਸ ਮੌਕੇ 'ਤੇ ਭਾਈ ਲਾਲ ਸਿੰਘ ਜੀ ਉਪਦੇਸ਼ਕ, ਜਿਨ੍ਹਾਂ ਨੇ ਕਿ ਗੁਜਰਾਂਵਾਲੇ ਉਪਦੇਸ਼ਕ ਕਾਲਜ ਯਤੀਮਖਾਨੇ ਵਿੱਚ ਅਤੁੱਟ ਸੇਵਾ ਕੀਤੀ ਸੀ, ਮੌਜੂਦ ਸਨ।

ਸੰਨ ੧੯੦੭ ਦੇ ਮਾਘੀ ਦੇ ਜੋੜ-ਮੇਲੇ 'ਤੇ ਫੇਰ ਇਹ ਗੁਰਸਾਗਰ ਸਾਹਿਬ ਹਾਜ਼ਰ ਹੋਏ ਤਦ ਇਹਨਾਂ ਦੀ ਕੁੱਝ ਪ੍ਰੇਮੀਆਂ ਨੇ ਹੱਤਕ ਕੀਤੀ।

ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਭਾਈ ਲਾਲ ਸਿੰਘ ਨੂੰ ਦਿਲਾਸਾ ਦਿੱਤਾ ਅਤੇ ਸਮਝਾਇਆ ਕਿ ਅੱਵਲ ਤਾਂ ਕੀਰਤਨ ਵਿੱਚ ਕੋਈ ਗੱਲ ਛੇੜਨੀ ਨਹੀਂ ਚਾਹੀਦੀ; ਪਰ ਜੇ ਛਿੜ ਵੀ ਪਵੇ ਤਾਂ ਸ਼ਾਂਤੀ ਨਾਲ ਵਿਚਾਰ ਕਰੇ ਅਤੇ ਸੁਣੇ; ਖਿੱਚੋਤਾਣ ਵਿੱਚੋਂ ਦੁੱਖ ਹੀ ਨਿਕਲਦਾ ਹੈ। ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ, **"ਖਿੱਚੋਤਾਣ ਵਿਗੁਚੀਐ।'**

ਫੇਰ ਸੰਤ ਜੀ ਮਹਾਰਾਜ ਨੇ ਭਾਈ ਲਾਲ ਸਿੰਘ ਜੀ ਨੂੰ ਧੀਰਜ ਬੰਧਾਈ ਅਤੇ ਆਖਿਆ ਕਿ-

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥
ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੯॥ (੫੧)

ਤੁਸੀਂ ਏਸ ਗੱਲ ਦਾ ਰੋਸ ਨਹੀਂ ਕਰਨਾ ਅਤੇ ਇਸ ਨੂੰ ਚਿੱਤ ਤੋਂ ਉੱਕਾ ਹੀ ਭੁਲਾ ਦੇਣਾ ਹੈ।

ਭਾਈ ਲਾਲ ਸਿੰਘ ਜੀ ਨੇ 'ਸਤਿ ਬਚਨ' ਕੀਤਾ ਅਤੇ ਆਖਿਆ ਕਿ ਹਜ਼ੂਰ ਦੀ ਮਿਹਰ ਹੋਵੇ ਤਾਂ ਇਹ

ਬਿਰਤੀ ਨਿਭ ਸਕਦੀ ਹੈ। ਫੇਰ ਉਪਦੇਸ਼ਕ ਕਾਲਜ ਗੁਜਰਾਂਵਾਲੇ ਦੀ ਨੀਂਹ ਰੱਖਣ 'ਤੇ ਵਿਚਾਰ ਹੋਈ ਅਤੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਜਦੋਂ ਤਾਰੀਖ਼ ਮੁਕੱਰਰ ਕਰ, ਉਸ ਤੋਂ ਪਹਿਲੋਂ ਸਾਨੂੰ ਲੈ ਜਾਣਾ। ਸੋ ੨੦ ਫਰਵਰੀ ੧੯੦੭ ਵਿੱਚ ਸੰਤ ਜੀ ਮਹਾਰਾਜ ਗੁਜਰਾਂਵਾਲੇ ਆਏ ਤੇ ੧੨ ਫੱਗਣ (੨੩ ਫਰਵਰੀ) ਨੂੰ ਉਪਦੇਸ਼ਕ ਕਾਲਜ ਗੁਜਰਾਂਵਾਲੇ ਦਾ ਬੁਨਿਆਦੀ ਪੱਥਰ ਰੱਖਿਆ।

ਸ਼ਹੀਦ ਸਿੰਘਾਂ ਦਾ ਪਹਿਰਾ

ਇਸ ਸਮਾਗਮ ਤੋਂ ਪਹਿਲਾਂ ਅਤੇ ਪਿੱਛੋਂ ਉਪਦੇਸ਼ਕ ਕਾਲਜ ਦੇ ਹਾਤੇ ਵਿੱਚ ਦੀਵਾਨ ਸਜਦੇ। ਅੰਮ੍ਰਿਤ ਵੇਲੇ ੪ ਵਜੇ ਹੀ ਸਾਰਾ ਦੀਵਾਨ ਭਰਪੂਰ ਹੋ ਜਾਂਦਾ ਅਤੇ ਵਿਹੜੇ ਵਿੱਚ ਤਿਲ ਸੁੱਟਣ ਦੀ ਥਾਂ ਨਾ ਰਹਿੰਦੀ। ਭੋਗ ਦੇ ਮਗਰੋਂ ਸੰਗਤਾਂ ਆਪਣੀ ਥਾਂ 'ਤੇ ਚਲੀਆਂ ਜਾਂਦੀਆਂ।

ਇੱਕ ਦਿਨ ਸੰਤ ਜੀ ਨੇ ਭਾਈ ਛਹਿਬਰ ਸਿੰਘ ਅਤੇ ਭਾਈ ਨਰੈਣ ਸਿੰਘ ਨੂੰ ਪੁੱਛਿਆ ਕਿ ਏਨੀ ਸੰਗਤ ਕਿੱਥੋਂ ਆ ਜਾਂਦੀ ਹੈ? ਉਹਨਾਂ ਨੇ ਆਖਿਆ ਕਿ ਸੱਚੇ ਪਾਤਸ਼ਾਹ! ਕਈ ਸੱਜਣ ਤਾਂ ਐਸੇ ਹਨ ਜਿਹੜੇ ਅੱਗੇ ਅਸੀਂ ਵੇਖੇ ਵੀ ਨਹੀਂ। ਉਹ ਅਡੋਲ ਆ ਜਾਂਦੇ ਹਨ ਅਤੇ ਕੀਰਤਨ ਵਿੱਚ ਸਮਾਧੀ ਅਸਥਿਤ ਰਹਿੰਦੇ ਹਨ ਅਤੇ ਅਰਦਾਸੇ ਮਗਰੋਂ ਚੁਪੀਤੇ ਹੀ ਚਲੇ ਜਾਂਦੇ ਹਨ। ਸੰਤ ਜੀ ਨੇ ਫ਼ਰਮਾਇਆ ਕਿ ਇਹ ਇੱਕ ਖਾਸ ਪਵਿੱਤਰ ਜਗ੍ਹਾ ਹੈ, ਏਥੇ ਸ਼ਹੀਦ ਸਿੰਘਾਂ ਦਾ ਪਹਿਰਾ ਹੈ, ਆਤਮ-ਰਸ ਦੇ ਖਿੱਚੇ ਹੋਏ ਉਹ ਵੀ ਹਾਜ਼ਰ ਹੋ ਜਾਂਦੇ ਹਨ। ਇੱਥੇ ਇੱਕ ਬੜਾ ਸ਼ੋਭਨੀਕ ਗੁਰਦੁਆਰਾ ਬਣਨਾ ਚਾਹੀਦਾ ਹੈ। ੧੦੦੦ ਦਮੜੇ ਅਸੀਂ ਇਸ ਲਈ ਅਰਦਾਸ ਕਰਦੇ ਹਾਂ। ਜਿੰਨੀ ਛੇਤੀ ਹੋ ਸਕੇ, ਇਸ ਅਸਥਾਨ ਨੂੰ ਸੰਪੂਰਨ ਕਰ ਲਵੋ। ਕੁਝ ਚਿਰ ਮਗਰੋਂ ਸੰਤ ਜੀ ਮਹਾਰਾਜ ਜਿਹਲਮ ਚਲੇ ਗਏ ਅਤੇ ਕਮੇਟੀ ਨੇ ਇਸ ਗੱਲ ਵੱਲ ਗਹੁ ਨਾ ਕੀਤੀ। ਜਦੋਂ ੧੦੦੦ ਦਮੜਾ ਆਇਆ, ਇਹ ਹੋਰ ਕੰਮਾਂ ਵਿੱਚ ਖ਼ਰਚ ਹੋ ਗਿਆ।

ਜਦੋਂ ਜਿਹਲਮ ਪੁੱਜੇ ਤਾਂ ਸਾਰੀ ਸੰਗਤ ਹੁੰਮ-ਹੁੰਮਾ ਕੇ ਸਟੇਸ਼ਨ 'ਤੇ ਲੈਣ ਆਈ। ਮਾਈ-ਭਾਈ ਇੱਕ ਤੋਂ ਇੱਕ ਵੱਧ-ਵੱਧ ਕੇ ਚਰਨਾਂ ਵੱਲ ਦੌੜੇ, ਜਿਸ ਤਰ੍ਹਾਂ ਲੋਹਾ ਚੁੰਬਕ ਵੱਲ। ਸੰਤ ਜੀ ਬਥੇਰਾ ਆਖਣ ਕਿ ਪ੍ਰੇਮੀਓ ਬੱਸ ਕਰੋ, ਪਰ ਪ੍ਰੇਮ ਵਿੱਚ ਮਸਤ ਸੰਗਤ ਚਰਨਾਂ ਦੀ ਛੋਹ ਲੈਣ ਦੇ ਆਸ਼ੇ ਨੂੰ ਪੂਰਾ ਕਰਦੀ ਹੀ ਰਹੀ।

ਇਸ ਤਰ੍ਹਾਂ ਹੌਲੀ-ਹੌਲੀ ਚਲਦੇ ਅਤੇ ਫੁੱਲਾਂ ਦੇ ਹਾਰ ਪੁਵਾਉਂਦੇ ਸੰਤ ਜੀ ਮਹਾਰਾਜ ਸਟੇਸ਼ਨ ਤੋਂ ਬਾਹਰ ਆਏ। ਅੱਗੇ ਘੋੜਾ ਗੱਡੀ ਤਿਆਰ ਸੀ। ਸੰਤ ਜੀ ਮਹਾਰਾਜ ਨੂੰ ਸ਼ਹਿਰ ਲਿਆਂਦਾ ਗਿਆ ਅਤੇ ਦਰਿਆ ਦੇ ਕਿਨਾਰੇ ਡੇਰਾ ਕਰਾਇਆ। ਇੱਥੇ ਨਾਲ ਹੀ ਗੁਰਦੁਆਰਾ ਸੀ, ਇਸ ਵਿੱਚ ਰੋਜ਼ ਦੀਵਾਨ ਲੱਗਣੇ ਸ਼ੁਰੂ ਹੋ ਗਏ।

ਹੁੱਕਾ ਪੀਣ ਵਾਲਾ ਸਿੰਘ ਸਜਿਆ

ਸ਼ਹਿਰ ਦੇ ਸਾਰੇ ਮਾਈ-ਭਾਈ, ਖ਼ਾਲਸਾ ਜੀ, ਸਹਿਜਧਾਰੀ, ਸਨਾਤਨੀ ਅਤੇ ਟਾਂਵੇਂ-ਟਾਂਵੇਂ ਮੁਸਲਮਾਨ ਵੀਰ ਵੀ ਹਾਜ਼ਰ ਹੁੰਦੇ। ਬਹੁਤ ਸਾਰੇ ਆਰੀਆ ਸਮਾਜੀ ਤੇ ਸਹਿਜਧਾਰੀਏ, ਸੰਤ ਜੀ ਦੀ ਆਤਮ ਸ਼ਕਤੀ ਅਤੇ ਸ਼ਬਦ ਦੇ ਰਸ ਤੇ ਮੋਹਿਤ ਹੋ ਗਏ। ਨਮੂਨੇ ਦੇ ਤੌਰ 'ਤੇ ਇਹਨਾਂ ਵਿੱਚੋਂ ਲਾਲਾ ਕ੍ਰਿਪਾ ਰਾਮ ਜੀ ਮੁਹਾਫਿਜ਼ ਦਫ਼ਤਰ ਸਿਵਲ ਸਨ। ਹੁੱਕਾ ਐਨਾ ਪੀਂਦਾ ਕਿ ਉਹਨਾਂ ਦੀਆਂ ਮੁੱਛਾਂ ਵੀ ਪੀਲੀਆਂ ਹੋ ਗਈਆਂ ਅਤੇ ਹਥੇਲੀ ਤਮਾਕੂ ਦੀ ਰੰਗਣ ਵਿੱਚ ਰੰਗੀ ਗਈ ਸੀ। ਏਧਰ ਤਮਾਕੂ 'ਤੇ ਐਨਾ ਖ਼ਰਚ ਕਰੀ ਜਾਂਦੇ, ਪਰ ਪੁੰਨ-ਦਾਨ ਮਰੀ ਹੋਈ ਜੂੰ ਵੀ ਨਾ ਦੇ ਸਕਦੇ।

ਸੰਤ ਜੀ ਮਹਾਰਾਜ ਦਾ ਆਸਾ ਦੀ ਵਾਰ ਦਾ ਕੀਰਤਨ ਸੁਣ ਕੇ ਇਸ 'ਤੇ ਬੜਾ ਹੀ ਅਸਰ ਹੋਇਆ

ਅਤੇ ਸਿੰਘ ਸਜ ਗਿਆ। ਸੰਤ ਜੀ ਮਹਾਰਾਜ ਦਾ ਤੇ ਸਾਧ-ਸੰਗਤ ਦਾ, ਇਸ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਕੀਤਾ, ਗੁਰਬਾਣੀ ਨਾਲ ਐਨਾਂ ਪ੍ਰੇਮ ਹੋਇਆ ਕਿ ਥੋੜ੍ਹੇ ਚਿਰ ਵਿੱਚ ਹੀ ਗੁਰਮੁਖੀ ਪੜ੍ਹ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠੀ ਬਣ ਗਿਆ ਅਤੇ ਨਿੱਤਨੇਮ ਬਾਣੀ ਪੜ੍ਹਨ ਲੱਗ ਪਿਆ। ਇਸ ਪ੍ਰੇਮ ਦੇ ਰੰਗ ਵਿੱਚ ਰੰਗੇ ਹੋਏ ਨੇ ਕਈ ਨਿਸ਼ਕਾਮ ਭੋਗ ਪਾਏ।

ਜਦ ਸੰਤ ਜੀ ਮਹਾਰਾਜ ਆਪਣਾ ਆਸਣ ਬਾਹਰ ਬੇਲੇ ਵਿੱਚ ਲੈ ਗਏ, ਤਦ ਇਹ ਓਥੇ ਦਰਸ਼ਨ-ਮੇਲੇ ਲਈ ਗਿਆ ਅਤੇ ੩੩ ਪੌਂਡ ਸੰਤ ਜੀ ਮਹਾਰਾਜ ਦੇ ਅੱਗੇ ਧਰ ਕੇ ਮੱਥਾ ਟੇਕਿਆ; ਹੱਥ ਜੋੜ ਕੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ! ਇਹ ਤੁੱਛ ਭੇਟਾ ਪ੍ਰਵਾਨ ਕਰਨੀ ਅਤੇ ਗੁਰਦੁਆਰੇ ਮਸਤੂਆਣੇ ਸਾਹਿਬ ਵਿੱਚ ਲਾ ਲੈਣੀ।

ਸ਼ਹੀਦ ਫ਼ੌਜਾਂ ਦਾ ਅਰਸ਼ੀ ਪਹਿਰਾ

ਜਿਹਲਮ ਸ਼ਹਿਰ ਵਿੱਚ ਸੰਤ ਜੀ ਮਹਾਰਾਜ ਕਈ ਦਿਨ ਬਿਰਾਜੇ ਰਹੇ। ਪਰ ਇੱਥੇ ਮਾਈ-ਭਾਈ ਦੀ ਐਨੀ ਭੀੜ ਹੋ ਗਈ ਕਿ ਭਾਵੇਂ ਸੰਤ ਜੀ ਮਹਾਰਾਜ ਦਸ ਵਜੇ ਦੇ ਮਗਰੋਂ ਬੂਹਾ ਬੰਦ ਵੀ ਕਰ ਲੈਂਦੇ ਅਤੇ ਤਿੰਨ ਵਜੇ ਤਕ ਕਿਸੇ ਨੂੰ ਨਾ ਖੋਲ੍ਹਣ ਦਿੰਦੇ, ਫਿਰ ਵੀ ਪ੍ਰੇਮੀਆਂ ਦੀ ਬਾਹਲੀ ਆਵਾਜਾਈ ਕਰਕੇ ਇਕਾਂਤ ਰਸ ਵਿੱਚ ਫਰਕ ਪੈਣ ਲੱਗ ਪਿਆ।

ਇਸ ਲਈ ਸੰਤ ਜੀ ਮਹਾਰਾਜ ਭੇਲੀ ਵੱਲ ਚਲੇ ਗਏ, ਜਿਹੜੀ ਕਿ ਸ਼ਹਿਰ ਤੋਂ ਦੋ ਕੁ ਮੀਲ 'ਤੇ ਅਜੇ ਵੀ ਮੌਜੂਦ ਹੈ। ਪ੍ਰੇਮੀਆਂ ਨੇ ਸੰਤ ਜੀ ਅਤੇ ਸਾਧ-ਸੰਗਤ ਵਾਸਤੇ ਤੰਬੂ ਲਾ ਦਿੱਤੇ। ਬੇਲੀ ਵੀ ਬੈਕੁੰਠ ਧਾਮ ਬਣ ਗਿਆ।

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥
ਤਹ ਬੈਕੁੰਠੁ ਜਹ ਨਾਮੁ ਉਚਰਹਿ ॥੩॥ (੮੯੦)

ਦੋਵੇਂ ਵੇਲੇ ਆਸਾ ਜੀ ਦੀ ਵਾਰ ਅਤੇ ਸੋਦਰੁ ਰਹਿਰਾਸ ਦੇ ਦੀਵਾਨ ਸਜਦੇ। ਮਾਈ-ਭਾਈ ਹੁੰਮ-ਹੁੰਮਾ ਕੇ ਹਾਜ਼ਰ ਹੁੰਦੇ। ਇਸ ਸਮੇਂ ਦੀ ਅਦੁੱਤੀ ਸਾਖੀ ਸ: ਨਰੈਣ ਸਿੰਘ ਜੀ ਹੈਡ ਲੱਧੇਵਾਲਾ, ਜ਼ਿਲ੍ਹਾ ਗੁਜਰਾਂਵਾਲੇ ਨੇ ਦਾਸ ਨੂੰ ਸੁਣਾਈ:

"ਇੱਕ ਦਿਨ ਭਾਈ ਗੁਪਾਲ ਸਿੰਘ ਜਿਹਲਮ ਨਿਵਾਸੀ, ਭਾਈ ਨਰੈਣ ਸਿੰਘ ਜੀ ਪਾਸ ਆਏ ਅਤੇ ਆਖਿਆ ਕਿ ਅਸੀਂ ਬੇਲੀ ਵਿੱਚ ਇੱਕ ਅਸਚਰਜ ਕੌਤਕ ਵੇਖਿਆ ਹੈ। ਓਥੇ ਮੈਂ ਸ਼ਾਮ ਦੇ ਦੀਵਾਨ ਮਗਰੋਂ ਇੱਕ ਰਾਤ ਰਿਹਾ। ਕੀ ਵੇਖਦਾ ਹਾਂ ਕਿ ਕੁਝ ਰਾਤ ਬੀਤੀ, ਸੰਤ ਜੀ ਮਹਾਰਾਜ ਦੇ ਤੰਬੂ ਦੇ ਉਦਾਲੇ, ਇੱਕ ਸਨਧਬਧ, ਘੋੜੇ 'ਤੇ ਸਵਾਰ ਨੂਰਾਨੀ ਚਿਹਰੇ ਵਾਲਾ ਪੁਰਸ਼ ਪਹਿਰਾ ਦੇ ਰਿਹਾ ਹੈ। ਇਹ ਚਾਰੇ-ਪੰਜੇ ਤੰਬੂਆਂ ਦੇ ਦਵਾਲੇ ਪ੍ਰਕਰਮਾਂ ਕਰਦਾ ਅਤੇ ਕਈ ਵਾਰੀ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਉਂਦਾ ਹੈ। ਮੇਰੇ ਖਿਆਲ ਵਿੱਚ ਤਾਂ ਬਿਰਦ ਪਾਲਕ ਕਲਗੀਆਂ ਵਾਲੇ ਸਤਿਗੁਰੂ ਆਪਣੇ ਸੰਤ ਸੇਵਕ ਦੀ ਰਾਖੀ ਕਰਦੇ ਹਨ।

ਤੁਸੀਂ ਸਿਆਣੇ ਸਰੀਰ ਹੋ, ਮੇਰੇ ਨਾਲ ਚੱਲੋ ਅਤੇ ਵੇਖ ਕੇ ਦੱਸੋ ਕੀ ਗੱਲ ਹੈ? ਸੋ ਦੂਜੇ ਦਿਨ ਭਾਈ ਨਰੈਣ ਸਿੰਘ ਜੀ ਅਤੇ ਭਾਈ ਗੁਪਾਲ ਸਿੰਘ ਦੋਵੇਂ ਬੇਲੀ ਗਏ ਅਤੇ ਦੀਵਾਨ ਦੇ ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਦੇ ਤੰਬੂ ਤੋਂ ਦੂਰ ਜਾ ਬੈਠੇ। ਕੀ ਦੇਖਦੇ ਹਨ, ਕਿ ਇੱਕ ਅਰਸ਼ੀ ਘੋੜ ਸਵਾਰ ਤੰਬੂ ਦੇ ਆਲੇ-ਦੁਆਲੇ ਪ੍ਰਕਰਮਾਂ ਕਰਦਾ ਹੈ। ਅਸਚਰਜ ਗੱਲ ਤਾਂ ਇਹ ਹੈ ਕਿ ਜਿਸ ਤਰ੍ਹਾਂ ਘੋੜਾ ਤਿੰਨ ਪਾਸੇ ਧਰਤੀ 'ਤੇ ਚੱਲਦਾ ਸੀ ਉਸੇ ਤਰ੍ਹਾਂ ਜਿਹਲਮ ਦੇ ਪਾਣੀ 'ਤੇ ਜਦੋਂ ਪ੍ਰਕਰਮਾਂ ਖ਼ਤਮ ਹੁੰਦੀ ਸੀ ਉਦੋਂ ਅਕਾਲੀ ਰਾਖਾ 'ਸਤਿ ਸ੍ਰੀ ਅਕਾਲ'

ਦਾ ਜੈਕਾਰਾ ਬੁਲਾਉਂਦਾ ਸੀ। ਏਧਰ ਤੇ ਭਾਈ ਨਰੈਣ ਸਿੰਘ ਜੀ ਚੁੱਪ ਕਰਕੇ ਸੁਣੀ ਜਾਂਦੇ ਸਨ, ਉੱਧਰ ਭਾਈ ਗੁਪਾਲ ਸਿੰਘ ਜੀ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਸੁਣ ਕੇ, ਨਾਲ ਹੀ 'ਗੁਰਬਰ ਅਕਾਲ' ਦਾ ਨਾਅਰਾ ਉਠਾ ਦਿੰਦੇ ਸਨ।''

ਦੋਵੇਂ ਪ੍ਰੇਮੀ ਇਹ ਕੌਤਕ ਦੇਖ ਕੇ ਅਸਚਰਜ ਦੇ ਰੰਗ ਵਿੱਚ ਰੰਗੇ ਗਏ। ਦੂਜੇ ਦਿਨ ਸਵੇਰ ਦੇ ਦੀਵਾਨ ਦੇ ਮਗਰੋਂ ਸੰਤ ਜੀ ਇਕਾਂਤ ਵਿੱਚ ਜਾ ਬੈਠੇ। ਭਾਈ ਨਰੈਣ ਸਿੰਘ ਜੀ ਨੇ ਪੁੱਛਿਆ, ''ਮਹਾਰਾਜ ਇਹ ਕੀ ਕੌਤਕ ਹੈ? ਸਾਨੂੰ ਤਾਂ ਭਾਸਦਾ ਹੈ ਕਿ ਦਸਮੇਸ਼ ਪਿਤਾ ਜੀ ਆਪ ਜੀ ਦੀ ਰਾਖੀ ਕਰਦੇ ਹਨ।'' ਇਹ ਗੱਲ ਸੁਣ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਬੜੀ ਉੱਚ ਹਸਤੀ ਹਨ। ਉਹਨਾਂ ਜਿਹਾ ਤਾਂ ਨਾ ਕੋਈ ਹੋਇਆ ਹੈ ਅਤੇ ਨਾ ਹੋਵੇਗਾ। ਉਹਨਾਂ ਦੀਆਂ ਸ਼ਹੀਦੀ ਫੌਜਾਂ ਤਾਂ ਜ਼ਰੂਰ ਗ਼ਰੀਬ ਦਾਸਾਂ ਦੀ ਰਾਖੀ ਕਰਦੀਆਂ ਹਨ। ਜੇ ਕਦੀ ਕਿਸੇ ਪ੍ਰੇਮੀ ਨੂੰ ਇਹ ਕੌਤਕ ਨਜ਼ਰ ਆ ਜਾਵੇ ਤਾਂ ਚੁੱਪ ਕਰਕੇ ਦੇਖਣਾ ਚਾਹੀਦਾ ਹੈ ਅਤੇ ਅੱਗੋਂ ਕੋਈ ਬਚਨ ਨਹੀਂ ਕਰਨਾ ਚਾਹੀਦਾ।

ਕਾਂਡ ੩੮

ਸਾਰਗ ਮਹਲਾ ੫ ॥

ਠਾਕੁਰ ਤੁਮ੍ ਸਰਣਾਈ ਆਇਆ ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ਰਹਾਉ॥
ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ॥
ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥
ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥
ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥(੧੨੧੮)

ਚੋਰਾਂ ਅਤੇ ਸੰਤਾਂ ਦਾ ਮੇਲ ਨਹੀਂ

ਜਿਹਲਮ ਤੋਂ ਸੰਤ ਜੀ ਮਹਾਰਾਜ ਗੁਜਰਖਾਨ ਆਏ। ਉੱਥੇ ਸਾਧ-ਸੰਗਤ ਦੇ ਦੋਵੇਂ ਵੇਲੇ ਦੀਵਾਨ ਸਜਦੇ ਰਹੇ, ਅਨੇਕਾਂ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਇਸ ਸਮੇਂ ਗੁਰਸਾਗਰ ਸਾਹਿਬ ਮਸਤੂਆਣੇ ਦੇ ਫਰਸ਼ ਲਈ ਪੱਥਰ ਦੀ ਲੋੜ ਸੀ। ਗੁਜਰਖਾਨ ਤੋਂ ਸੰਤ ਜੀ ਮਹਾਰਾਜ ਨੇ ਤਰੱਕੀ ਵੱਲ ਜਾਣ ਦੀ ਤਿਆਰੀ ਕੀਤੀ। ਮਿੱਸਾ ਕਸਵਾਨ ਤੱਕ ਪੈਦਲ ਆਏ। ਸੰਤ ਜੀ ਮਹਾਰਾਜ ਨੇ ਭਾਈ ਕਲਿਆਣ ਸਿੰਘ ਨੂੰ ਫ਼ਰਮਾਇਆ, 'ਸਾਡਾ ਸੰਕਲਪ ਹੈ ਕਿ ਜਿਹੜੀ ਭੇਟਾ ਸਾਧ-ਸੰਗਤ ਗੁਜਰਖਾਨ ਨੇ ਕੀਤੀ ਹੈ, ਉਸ ਨਾਲ ਤਰੱਕੀ ਤੋਂ ਇੱਕ ਪੱਥਰ ਦੀ ਗੱਡੀ ਮਸਤੂਆਣੇ ਭੇਜੀ ਜਾਏ। ਸਾਡੇ ਖਿਆਲ ਵਿੱਚ ਪੱਥਰ ਦੀ ਗੱਡੀ 'ਤੇ ੭੦੦ ਰੁਪਈਆ ਲੱਗੇਗਾ। ਤੁਸੀਂ ਦੇਖੋ ਕਿ ਤੁਹਾਡੇ ਪਾਸ ਕਿੰਨੀ ਕੁ ਮਾਇਆ ਜਮ੍ਹਾਂ ਹੈ। ਗਿਣਤੀ ਕਰਨ ਪਰ ੬੮੨ ਰੁਪਏ ਨਿਕਲੇ। ਘਟਦੇ ਦਮੜੇ ਪੂਰੇ ਕਰਨ ਵਾਸਤੇ ਸੰਤ ਜੀ ਨੇ ਫ਼ਰਮਾਇਆ ਕਿ ਜਥੇ ਦੇ ਜਿਸ ਸਰੀਰ ਪਾਸ ਜੋ ਕੁਝ ਗੁਪਤ ਮਾਇਆ ਹੈ ਉਹ ਹਾਜ਼ਰ ਕਰ ਦੇਵੇ। ਸਭ ਨੇ ਜੋ ਕੁਝ ਥੋੜ੍ਹਾ ਬਹੁਤ ਕੋਲ ਸੀ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਕਰ ਦਿੱਤਾ, ਪਰ ਦੋ ਰਾਗੀ ਸਿੰਘ, ਵਾਜੇ ਬੰਨ੍ਹੀਂ ਚੁੱਪ ਬੈਠੇ ਰਹੇ। ਸੰਤ ਜੀ ਮਹਾਰਾਜ ਨੇ ਭਾਈ ਕਲਿਆਣ ਸਿੰਘ ਹੋਰਾਂ ਨੂੰ ਹੁਕਮ ਕੀਤਾ ਕਿ ਭਾਈ ਇਹਨਾਂ ਦੋਹਾਂ ਦੇ ਵਾਜੇ ਖੋਹਲੋ ਤੇ ਉੱਤਲੀਆਂ ਫੱਟੀਆਂ ਪੁੱਟ ਕੇ ਦੇਖੋ; ਅਜੇ ੭੦੦ ਵਿੱਚੋਂ ੭ ਦਮੜੇ ਥੁੜਦੇ ਹਨ। ਜਦੋਂ ਹੁਕਮ ਦੀ ਤਾਮੀਲ ਕੀਤੀ ਗਈ ਤਾਂ ਪੂਰੇ ੭ ਦਮੜੇ ਵਾਜਿਆਂ ਵਿੱਚੋਂ ਨਿਕਲੇ। ਰਾਗੀ ਸਿੰਘਾਂ ਦੀ ਇਹ ਕਰਤੂਤ ਦੇਖ ਕੇ ਸੰਤ ਜੀ ਮਹਾਰਾਜ ਬੜੇ ਗੁੱਸੇ ਵਿੱਚ ਆਏ ਤੇ ਹੁਕਮ ਦਿੱਤਾ ਕਿ ਤੁਸੀਂ ਚਲੇ ਜਾਵੋ। ਚੋਰਾਂ ਅਤੇ ਸੰਤਾਂ ਦਾ ਮੇਲ ਨਹੀਂ। ਰਾਗੀ ਸਿੰਘ ਹੱਥ ਜੋੜ ਕੇ ਖੜ੍ਹੇ ਹੋ ਗਏ ਅਤੇ ਗ਼ਲ ਵਿੱਚ ਪੱਲਾ ਪਾ ਕੇ ਲੱਗੇ ਬੇਨਤੀਆਂ ਕਰਨ। ਸਾਰੀ ਸੰਗਤ ਦੇ ਸਿਫਾਰਸ਼ ਕਰਨ 'ਤੇ ਸੰਤ ਜੀ ਮਹਾਰਾਜ ਨੇ ਬਖ਼ਸ਼ ਦਿੱਤਾ ਤੇ ਜਥੇ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।

ਪੋਠੋਹਾਰ ਵਿੱਚ ਗੁਰਮਤਿ ਪ੍ਰਚਾਰ

ਤਰੱਕੀ ਤੋਂ ਭਾਈ ਹੁਕਮ ਸਿੰਘ ਜੀ, ਜਿਹੜੇ ਗੁਜਰਖਾਨ ਤੋਂ ਨਾਲ ਹੀ ਆਏ ਸਨ, ਸੰਤ ਜੀ ਮਹਾਰਾਜ ਨੂੰ ਬਿਸ਼ਨ ਦੌਰ ਲੈ ਗਏ। ਇੱਥੇ ਇੱਕ ਦਿਨ ਭਾਈ ਸਾਹਿਬ ਨੇ ਪ੍ਰਸ਼ਾਦ ਲਈ ਅਰਜ਼ ਕੀਤੀ। ਸਿਆਲ ਦੇ ਦਿਨ ਸਨ। ਇਹਨਾਂ ਦੇ ਚਿੱਤ ਵਿੱਚ ਖਿਆਲ ਆਇਆ ਕਿ ਸਾਧ-ਸੰਗਤ ਨੂੰ ਗਰਮ-ਗਰਮ ਪ੍ਰਸ਼ਾਦੇ ਛਕਾਏ ਜਾਣ।

ਇਸ ਲਈ ਦਾਲ ਭਾਜੀ ਤਿਆਰ ਕਰ, ਸਾਧ-ਸੰਗਤ ਨੂੰ ਸੱਦ ਲਿਆਂਦਾ। ਤੇਰਾਂ (੧੩) ਸਰੀਰ ਸੰਤ ਜੀ ਮਹਾਰਾਜ ਦੇ ਨਾਲ ਸਨ। ਪਕਾਉਣ ਵਾਲੀਆਂ ਬੀਬੀਆਂ ਨੇ ਆਪਣੇ ਵੱਲੋਂ ਬੜੀ ਛੇਤੀ ਕੀਤੀ, ਪਰ ਸੰਗਤ ਦੀਆਂ ਥਾਲ਼ੀਆਂ ਖਾਲੀ ਹੋ ਗਈਆਂ। ਭਾਈ ਹੁਕਮ ਸਿੰਘ ਜੀ ਦੇ ਚਿੱਤ ਵਿੱਚ ਭਰਮ ਹੋਇਆ ਕਿ ਅੱਜ ਇੱਜ਼ਤ ਰਹਿੰਦੀ ਨਜ਼ਰ ਨਹੀਂ ਆਉਂਦੀ। ਹੱਥਾਂ ਪੈਰਾਂ ਦੀ ਪੈ ਗਈ ਅਤੇ ਗਵਾਂਢੀ ਦੇ ਘਰੋਂ ਪ੍ਰਸ਼ਾਦੇ ਮੰਗਣ ਦਾ ਸੰਕਲਪ ਕੀਤਾ। ਉਸੇ ਵਕਤ ਸੰਤ ਜੀ ਮਹਾਰਾਜ ਨੇ ਅਵਾਜ਼ ਦਿੱਤੀ, ''ਭਾਈ ਪ੍ਰਸ਼ਾਦੇ ਲੈ ਆਵੋ।'' ਹੁਕਮ ਮੰਨ ਕੇ ਭਾਈ ਹੁਕਮ ਸਿੰਘ ਜੀ ਨੇ ਫਿਰ ਛਕੋਰ ਦਾ ਢੱਕਣ ਜਾ ਚੁੱਕਿਆ ਜਿਸ ਨੂੰ ਕਿ ਉਹ ਮਿੰਟ ਪਹਿਲੇ ਖਾਲੀ ਦੇਖ ਚੁੱਕਿਆ ਸੀ। ਕੀ ਦੇਖਦੇ ਹਨ ਕਿ ਗਰਮਾ-ਗਰਮ ਪ੍ਰਸ਼ਾਦੇ ਵਿੱਚ ਪਏ ਹਨ। ਭਾਈ ਸਾਹਿਬ ਜੀ ਨੇ ਲਿਆ ਕੇ ਵਰਤਾ ਦਿੱਤੇ। ਇਹਨਾਂ ਦੀ ਮਾਤਾ ਵੀ ਅਸਚਰਜ ਹੋ ਗਈ ਅਤੇ ਆ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਢਹਿ ਪਈ। ਸੰਤ ਜੀ ਮੁਸਕਰਾਏ ਤੇ ਆਖਿਆ ਕਿ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂਆਂ ਨੂੰ ਕਿਸੇ ਗੱਲ ਦਾ ਘਾਟਾ ਨਹੀਂ।

ਬਿਸ਼ਨ ਦੌਰ ਤੋਂ ਸੰਤ ਜੀ ਮਹਾਰਾਜ ਰਾਵਲਪਿੰਡੀ ਆਏ। ਇੱਥੇ ਹਰ ਰੋਜ਼ ਮਲਕ ਮੋਹਨ ਸਿੰਘ ਦੇ ਗੁਰਦੁਆਰੇ ਦੀਵਾਨ ਲੱਗਦੇ ਅਤੇ ਸੰਗਤਾਂ ਨਿਹਾਲ ਹੁੰਦੀਆਂ। ਇਹਨਾਂ ਦਿਨਾਂ ਵਿੱਚ ਜਮਾਂਦਾਰ ਗੁਰਦਿੱਤ ਸਿੰਘ ਧਮਾਲੀ ਵਾਲੇ ਰਸਾਲਪੁਰ ਤੋਂ ਛੁੱਟੀ ਲੈ ਕੇ ਆਏ ਹੋਏ ਸਨ। ਉਹਨਾਂ ਨੂੰ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਪਿੰਡੀ ਹਨ। ਹਿਰਦੇ ਵਿੱਚ ਦਰਸ਼ਨ ਦੀ ਤੀਬਰ ਖਿੱਚ ਪੈਦਾ ਹੋ ਗਈ ਅਤੇ ਪਿੰਡੀ ਪਹੁੰਚੇ। ਦੂਜੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਸਮੇਂ ਮਲਕ ਮੋਹਨ ਸਿੰਘ ਜੀ ਦੀ ਧਰਮਸਾਲ ਗਏ। ਕੀ ਦੇਖਦੇ ਹਨ ਕਿ ਸਾਰਾ ਗੁਰਦੁਆਰਾ ਮਾਈ-ਭਾਈ ਨਾਲ ਭਰਿਆ ਹੋਇਆ ਹੈ। ਜਮਾਂਦਾਰ ਜੀ ਮੱਥਾ ਟੇਕ ਕੇ ਪਿੱਛੇ ਹੀ ਬੈਠ ਗਏ, ਪਰ ਦਿਲ ਵਿੱਚ ਬੜੀ ਖਿੱਚ ਸੀ ਕਿ ਸੰਤ ਜੀ ਮਹਾਰਾਜ ਦੇ ਚਰਨ ਪਰਸ ਕੇ ਚਰਨ ਧੂੜ ਦੀ ਛੋਹ ਪ੍ਰਾਪਤ ਕਰੀਏ। ਉਸ ਵੇਲੇ ਸੰਤ ਜੀ ਮਹਾਰਾਜ ਨੇ ਭਾਈ ਕਲਿਆਣ ਸਿੰਘ ਨੂੰ ਜਮਾਂਦਾਰ ਗੁਰਦਿੱਤ ਸਿੰਘ ਪਾਸ ਭੇਜਿਆ ਅਤੇ ਆਪਣੇ ਪਾਸ ਬੁਲਾਇਆ। ਜਮਾਂਦਾਰ ਜੀ ਮੱਥਾ ਟੇਕ ਬੈਠ ਗਏ। ਦਿਲ ਵਿੱਚ ਇੱਕ ਹੋਰ ਉਮੰਗ ਉੱਠੀ ਕਿ ਇੱਕ ਸ਼ਬਦ ਪੜ੍ਹਨ ਦੀ ਆਗਿਆ ਮਿਲੇ ਜਿਸ ਵੇਲੇ ਸਲੋਕ ਦਾ ਭੋਗ ਪਿਆ ਤਾਂ ਸੰਤ ਜੀ ਮਹਾਰਾਜ ਨੇ ਜਮਾਂਦਾਰ ਦੇ ਦਿਲ ਦੀ ਬੁੱਝ ਕੇ ਰਾਗੀ ਸਿੰਘਾਂ ਨੂੰ ਆਖਿਆ ਕਿ ਭਾਈ! ਜਰਾ ਕੁ ਠਹਿਰ ਜਾਵੋ। ਫੇਰ ਭਾਈ ਗੁਰਦਿੱਤ ਸਿੰਘ ਜਮਾਂਦਾਰ ਵੱਲ ਨਿਗਾਹ ਕਰਕੇ ਆਖਿਆ ਕਿ ਭਾਈ! ਛੇਤੀ ਕਰ। ਹੁਣ ਦੇਰੀ ਕਿਉਂ ਲਾਨਾਂ ਹੈ? ਹੁਕਮ ਹੋਣ ਦੀ ਦੇਰ ਸੀ ਕਿ ਜਮਾਂਦਾਰ ਨੇ ਬੜੀ ਉੱਚੀ ਸੁਰ ਤੇ ਪੂਰੇ ਜ਼ੋਰ ਨਾਲ ਸ਼ਬਦ ਪੜ੍ਹਿਆ, ਸਾਰੀ ਤਾਕਤ ਲਾ ਦਿੱਤੀ; ਮਨ ਵਿੱਚ ਡਰੇ ਕਿ ਕਿਧਰੇ ਸੰਤ ਜੀ ਦੂਜਾ ਸ਼ਬਦ ਪੜ੍ਹਨ ਲਈ ਨਾ ਆਖ ਦੇਣ। ਸ਼ਬਦ ਦਾ ਭੋਗ ਪੈਂਦਿਆਂ ਹੀ ਸੰਤ ਜੀ ਮਹਾਰਾਜ ਨੇ ਰਾਗੀ ਸਿੰਘ ਨੂੰ ਹੁਕਮ ਦਿੱਤਾ ਕਿ ਭਾਈ ਅਗਲਾ ਛੱਕਾ ਸ਼ੁਰੂ ਕਰੋ। ਰਾਗੀ ਸਿੰਘਾਂ ਨੇ ਕੀਰਤਨ ਅਰੰਭ ਦਿੱਤਾ ਤੇ ਜਮਾਂਦਾਰ ਸਾਹਿਬ ਹੋਰੀਂ ਆਪਣੀ ਜਗ੍ਹਾ ਬੈਠ ਗਏ।

ਦੀਵਾਨ ਦੇ ਭੋਗ ਮਗਰੋਂ ਸਾਰੀ ਸੰਗਤ ਆਪਣੇ-ਆਪਣੇ ਕਾਰ-ਵਿਹਾਰ ਵਿੱਚ ਜਾ ਲੱਗੀ ਅਤੇ ਸੰਤ ਜੀ ਮਹਾਰਾਜ ਸ਼ਹਿਰ ਤੋਂ ਬਾਹਰ ਖੁੱਲ੍ਹੇ ਥਾਂ ਵਿੱਚ ਚਲੇ ਗਏ। ਉੱਥੇ ਥੋੜ੍ਹਾ ਚਿਰ ਇਕਾਂਤ ਵਿੱਚ ਬੈਠ, ਪ੍ਰੇਮੀ ਦੇ ਘਰ ਪ੍ਰਸ਼ਾਦ ਛਕਣ ਆਏ ਅਤੇ ਫੇਰ ਆਪਣੇ ਆਸਣ 'ਤੇ ਅਰਾਮ ਕਰਨ ਲਈ ਪਹੁੰਚੇ। ਜਮਾਂਦਾਰ ਗੁਰਦਿੱਤ ਸਿੰਘ ਜੀ ਆਪਣੇ ਹਿਰਦੇ ਵਿੱਚ ਇਹ ਆਸ਼ਾ ਧਾਰ ਕੇ ਗਏ ਕਿ ਮੈਂ ਸੰਤ ਜੀ ਮਹਾਰਾਜ ਅੱਗੇ ਉਹਨਾਂ ਦੀ ਤਸਵੀਰ ਖਿਚਵਾਉਣ ਦੀ ਅਰਜ਼ ਕਰਾਂਗਾ। ਦਰਸ਼ਨ ਲਈ ਕੁਝ ਮਾਈ-ਭਾਈ ਇਸ ਸਮੇਂ ਆਏ, ਇਹਨਾਂ ਵਿੱਚ ਇੱਕ ਫੋਟੋਗ੍ਰਾਫਰ ਵੀ ਸੀ। ਉਸ ਨੇ ਸੰਤ ਜੀ ਮਹਾਰਾਜ ਦੀ ਤਸਵੀਰ, ਜੋ ਤਿਆਰ ਕਰਕੇ ਲਿਆਇਆ ਸੀ, ਸੰਤ ਜੀ ਮਹਾਰਾਜ ਦੇ ਅੱਗੇ ਰੱਖ ਦਿੱਤੀ। ਉਸ ਵੇਲੇ ਸੰਤ ਜੀ ਮਹਾਰਾਜ ਨੇ ਇਹ ਤਸਵੀਰ ਜਮਾਂਦਾਰ ਗੁਰਦਿੱਤ ਸਿੰਘ ਨੂੰ ਦੇ ਦਿੱਤੀ, ਜਿਹੜੀ ਕਿ ਹੁਣ ਤੀਕਰ ਉਹਨਾਂ ਦੇ ਪਾਸ ਬਮ੍ਹਾਲੀ ਮੌਜੂਦ ਹੈ।

ਇਹਨਾਂ ਦਿਨਾਂ ਵਿੱਚ ਭਾਈ ਮੇਹਰ ਸਿੰਘ ਜੀ, ਜਿਹੜੇ ਕਿ ਫੌਜੀ ਹਿਸਾਬ ਦੇ ਦਫ਼ਤਰ ਵਿੱਚ ਉੱਚੇ ਅਹੁਦੇ ਤੇ ਨੌਕਰ ਸਨ, ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਏ। ਇਹਨਾਂ ਨੇ ਅਤੁੱਟ ਸੇਵਾ ਕੀਤੀ ਤੇ ਨਾਮ ਦੀ ਦਾਤ ਪ੍ਰਾਪਤ ਕੀਤੀ। ਕੁਝ ਚਿਰ ਅਭਿਆਸ ਕਰਨ ਮਗਰੋਂ ਇਹਨਾਂ ਨੂੰ ਕਈ ਅਸਚਰਜ ਨਜ਼ਾਰੇ ਦਿਸਣ ਲੱਗ ਪਏ। ਪਰ ਇਹ ਜ਼ਰ ਨਾ ਸਕੇ, ਭਾਈ ਕਲਿਆਣ ਸਿੰਘ ਅੱਗੇ ਜ਼ਿਕਰ ਕਰ ਦਿੱਤਾ। ਚਿੱਤ ਵਿੱਚ ਸੂਖਸ਼ਮ ਮਾਨ ਆ ਗਿਆ ਅਤੇ ਅਭਿਆਸ ਦੀ ਤਾਰ ਟੁੱਟ ਗਈ (ਜ਼ਬਾਨੀ ਭਾਈ ਮੇਹਰ ਸਿੰਘ ਜੀ)।

ਹੋਰ ਅਨੇਕਾਂ ਪ੍ਰੇਮੀਆਂ ਨੇ ਜਿਹਨਾਂ ਵਿੱਚ ਸਰਦਾਰ ਸੁਜਾਨ ਸਿੰਘ, ਫੌਜੀ ਹਿਸਾਬ ਦਫ਼ਤਰ ਸ: ਰੋਚਾ ਸਿੰਘ, ਭਾਈ ਗੁਲਾਬ ਸਿੰਘ ਅਤੇ ਹੋਰ ਕਈ ਸੱਜਣ ਸਨ, ਨਾਮ ਅਭਿਆਸ ਦੀ ਜੁਗਤ ਪ੍ਰਾਪਤ ਕੀਤੀ। ਹਜ਼ਾਰਾਂ ਮਾਈ-ਭਾਈ ਗੁਰੂ ਕਲਗੀਆਂ ਵਾਲੇ ਦੇ ਅੰਮ੍ਰਿਤ ਦੇ ਜਹਾਜ਼ 'ਤੇ ਚੜ੍ਹੇ।

ਰਾਵਲਪਿੰਡੀ ਤੋਂ ਕੋਹਾਟ ਦੇ ਪ੍ਰੇਮੀ ਸੰਤ ਜੀ ਮਹਾਰਾਜ ਨੂੰ ਆਪਣੇ ਸ਼ਹਿਰ ਲੈ ਗਏ। ਇੱਥੇ ਸ਼ਹਿਰ ਵਿੱਚ ਤੇ ਬਾਹਰ ਭਾਈ ਛੱਜੂ ਦੇ ਕੋਠੇ, ਬੜੇ ਭਾਰੀ ਦੀਵਾਨ ਸਜਦੇ ਰਹੇ। ਸੈਂਕੜੇ ਮਾਈ-ਭਾਈ ਨੇ ਨਾਮ, ਬਾਣੀ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਫੇਰ ਭਾਈ ਉੱਤਮ ਸਿੰਘ ਜੀ ਅਤੇ ਚੌਧਰੀ ਮੋਹਨ ਲਾਲ ਜੀ ਸੰਤ ਜੀ ਮਹਾਰਾਜ ਨੂੰ ਬਨੂੰ ਲੈ ਆਏ। ਭਾਈ ਰੂਪ ਚੰਦ ਦੇ ਗੁਰਦੁਆਰੇ ਵਿੱਚ ਡੇਰਾ ਕੀਤਾ ਅਤੇ ਦਸ ਦਿਨ ਅੰਮ੍ਰਿਤ ਭਿੰਨੀ ਕੀਰਤਨ ਦੀ ਵਰਖਾ ਕੀਤੀ, ਅੰਮ੍ਰਿਤ ਪ੍ਰਚਾਰ ਬਹੁਤ ਹੋਇਆ। ਸ: ਲਹਿਣਾ ਸਿੰਘ ਮੁਨਸਫ਼, ਸ: ਹੋਤੂ ਸਿੰਘ ਮੋਹਤਮਿਮ ਬੰਦੋਬਸਤ ਨੇ ਖੂਬ ਸੇਵਾ ਕੀਤੀ। ਗੁਰਸਾਗਰ ਸਾਹਿਬ ਮਸਤੂਆਣੇ ਵਾਸਤੇ ਸਾਧ-ਸੰਗਤ ਜੀ ਨੇ ਢਾਈ ਹਜ਼ਾਰ ਦਮੜੇ ਦੀ ਭੇਟਾ ਕੀਤੀ। ਇਸ ਸਮੇਂ ਭਾਈ ਕਲਿਆਣ ਸਿੰਘ ਜੀ ਅਤੇ ਸੰਤ ਤੇਜਾ ਸਿੰਘ ਜੀ, ਹੈੱਡ ਗ੍ਰੰਥੀ ਨਨਕਾਣਾ ਸਾਹਿਬ, ਸੰਤ ਜੀ ਮਹਾਰਾਜ ਦੇ ਨਾਲ ਸਨ।

ਇੱਕ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਡੇਰੇ ਵੱਲ ਜਾ ਰਹੇ ਸਨ। ਬਜ਼ਾਰ ਵਿੱਚ ਇੱਕ ਪਠਾਣ ਢੋਲ ਵਜਾ ਰਿਹਾ ਸੀ। ਸੰਤ ਜੀ ਮਹਾਰਾਜ ਇਸ ਨੂੰ ਵੇਖ ਕੇ ਬੜੇ ਪ੍ਰਸੰਨ ਹੋਏ ਅਤੇ ਫ਼ਰਮਾਇਆ, "ਭਾਈ! ਇਹ ਢੋਲ ਤਾਂ ਬੜਾ ਸੋਹਣਾ ਵੱਜਦਾ ਹੈ, ਗੁਰਸਾਗਰ ਸਾਹਿਬ ਮਸਤੂਆਣੇ ਸੇਵਾ ਦੇ ਹੱਲੇ ਵਿੱਚ ਸੰਗਤਾਂ ਨੂੰ ਬੜਾ ਉਤਸ਼ਾਹ ਦੇਵੇਗਾ। ਇਸ ਨੂੰ ਮੁੱਲ ਲੈ ਲਵੋ ਤੇ ਓਥੇ ਭੇਜ ਦੇਵੋ।" ਹੁਕਮ ਹੋਣ ਤੇ, ਪ੍ਰੇਮੀਆਂ ਨੇ ਦਸ ਰੁਪਿਆਂ ਦਾ ਢੋਲ ਖਰੀਦ ਲਿਆ। ਇਸ ਨੂੰ ਸੰਤ ਜੀ ਮਹਾਰਾਜ ਮਸਤੂਆਣੇ ਨਾਲ ਲੈ ਗਏ।

ਜਦ ਸੰਤ ਜੀ ਮਹਾਰਾਜ ਗੱਡੀ ਵਿੱਚ ਬਨੂੰ ਵੱਲ ਆ ਰਹੇ ਸੀ, ਤਾਂ ਕੁਦਰਤੀ ਉਸ ਗੱਡੀ ਵਿੱਚ ਰਾਏ ਬਹਾਦਰ ਲਾਲਾ ਚਮਨ ਲਾਲ ਐਡਵੋਕੇਟ ਵੀ ਬੈਠਾ ਸੀ। ਇਸ ਨੂੰ ਦਰਸ਼ਨ ਦੀ ਖਿੱਚ ਪਈ ਅਤੇ ਚਰਨਾਂ ਵਿੱਚ ਹਾਜ਼ਰ ਹੋ ਕੇ ਮੱਥਾ ਟੇਕਿਆ। ਅਰਜ਼ ਕੀਤੀ ਕਿ ਮਹਾਰਾਜ ਜੀ ਰੱਖਿਆ ਲਿਖ ਦਿਓ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਨਾਮ ਜਪੋ, ਰੱਖਿਆ ਹੋ ਜਾਵੇਗੀ।" ਫੇਰ ਰਾਏ ਬਹਾਦਰ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਗੁਰਮੰਤਰ ਦੀ ਦਾਤ ਬਖ਼ਸ਼ੋ। ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਭਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੋ; ਗੁਰਮੰਤਰ ਲੱਭ ਪਵੇਗਾ।" ਰਾਏ ਬਹਾਦਰ ਨੇ ਹੱਥ ਜੋੜ ਕੇ ਕਿਹਾ ਕਿ ਮੈਂ ਗੁਰਮੁਖੀ ਨਹੀਂ ਪੜ੍ਹਿਆ ਹੋਇਆ, ਦਾਸ ਨੂੰ ਤੁਸੀਂ ਹੀ ਪੜ੍ਹਾਓਗੇ। ਉਸ ਵੇਲੇ ਲਾਲਾ ਹਰਨਾਮ ਦਾਸ ਜੋ ਕੋਲ ਹੀ ਬੈਠਾ ਹੋਇਆ ਸੀ, ਬੋਲ ਉੱਠਿਆ, "ਸੱਚੇ ਪਾਤਸ਼ਾਹ! ਮੈਂ ਪੜ੍ਹਾਵਾਂਗਾ।" ਮਹਾਰਾਜ ਨੇ ਆਖਿਆ, "ਹੱਛਾ ਭਾਈ।" ਰਾਏ ਬਹਾਦਰ ਦੋ ਤਿੰਨ ਮਹੀਨਿਆਂ ਵਿੱਚ ਗੁਰਮੁਖੀ ਪੜ੍ਹ ਗਿਆ ਅਤੇ ਸਾਰਾ ਪਰਿਵਾਰ ਇਸ ਦੇ ਮਗਰ ਲੱਗ ਤੁਰਿਆ। ਹੁਣ ਸਾਰੇ ਜਪੁਜੀ ਸਾਹਿਬ ਦੇ ਨਿੱਤਨੇਮੀ ਹਨ।

ਇਸ ਸਮੇਂ ਦੌਰਾਨ ਸੰਤ ਜੀ ਮਹਾਰਾਜ ਖੈਰਾਬਾਦ ਜਿਹੜਾ ਦਰਿਆ ਅਟਕ ਦੇ ਕਿਨਾਰੇ ਵਸਿਆ ਹੈ,

ਵਿਖੇ ਪਹੁੰਚੇ। ਇਸ ਕਸਬੇ ਵਿੱਚ ਮੁਸਲਮਾਨਾਂ ਦੀ ਵਸੋਂ ਜ਼ਿਆਦਾ ਸੀ। ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਜਦੋਂ ਪੰਜ ਸਲੋਕ ਪੂਰੇ ਹੋਏ ਤਾਂ ਕੀਰਤਨੀ ਜਥੇ ਦੇ ਦੁਆਲੇ ਇਕੱਠੇ ਹੋ ਕੇ ਮੁਸਲਮਾਨ ਰੌਲਾ ਪਾਉਣ ਲੱਗੇ। ਰਾਗੀ ਸਿੰਘ ਕੁਝ ਘਬਰਾ ਗਏ ਪਰ ਸੰਤ ਜੀ ਮਹਾਰਾਜ ਨੇ ਰਾਗੀ ਸਿੰਘਾਂ ਨੂੰ ਕੀਰਤਨ ਚਾਲੂ ਰੱਖਣ ਲਈ ਇਸ਼ਾਰਾ ਕੀਤਾ। ਉਸ ਸਮੇਂ ਇੱਕ ਅਜਬ ਕੌਤਕ ਵਰਤਿਆ। ਦਰਿਆ ਅਟਕ ਦੇ ਕਿਨਾਰੇ ੫੦ ਕਿਸ਼ਤੀਆਂ ਬੰਨ੍ਹੀਆਂ ਹੋਈਆਂ ਸਨ, ਉਸੇ ਸਮੇਂ ਸ਼ਹੀਦ ਸਿੰਘ, ਜਿਹੜੇ ਤਿਆਰ-ਬਰ-ਤਿਆਰ ਸਨ, ਕਿਸ਼ਤੀਆਂ ਵਿੱਚ ਸਵਾਰ ਹੋ ਕੇ ਦਰਿਆ ਦੀ ਸੈਰ ਕਰਨ ਲੱਗੇ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾਏ। ਪਿੰਡ ਦੇ ਜ਼ੈਲਦਾਰ ਨੇ ਇਹ ਕੌਤਕ ਅੱਖੀਂ ਵੇਖਿਆ ਅਤੇ ਆਪਣੇ ਮੁਸਲਮਾਨ ਭਰਾਵਾਂ ਨੂੰ ਆ ਕੇ ਦੱਸਿਆ। ਮੁਸਲਮਾਨ ਸ਼ਹੀਦ ਫੌਜਾਂ ਦੇ ਦਰਸ਼ਨ ਕਰਕੇ ਡਰ ਗਏ ਅਤੇ ਰੌਲਾ ਪਾਉਣਾ ਬੰਦ ਕਰ ਦਿੱਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਅਰਦਾਸ ਪਿੱਛੋਂ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਸਿਰ ਰੱਖ ਕੇ ਜ਼ੈਲਦਾਰ ਨੇ ਸਮੇਤ ਸਾਰੇ ਮੁਸਲਮਾਨਾਂ ਦੇ ਮੁਆਫ਼ੀ ਮੰਗੀ ਅਤੇ ਸ਼ਹੀਦ ਫੌਜਾਂ ਦੇ ਕੌਤਕ ਬਾਰੇ ਪੁੱਛਣ ਲੱਗੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਭਾਈ ਸਾਡੇ ਨਾਲ ਤਾਂ ਕੇਵਲ ਰਾਗੀ ਸਿੰਘ ਹੀ ਹਨ। ਤੁਸੀਂ ਹਿੰਦੂ ਮੁਸਲਮਾਨ ਰਲ ਕੇ ਰਹੋ ਤੁਹਾਨੂੰ ਕੋਈ ਕੁਝ ਨਹੀਂ ਆਖੇਗਾ। ਜ਼ੈਲਦਾਰ ਨੇ ਕਿਹਾ ਸਤ ਬਚਨ ਮਹਾਰਾਜ, ਤਾਂ ਸੰਤ ਜੀ ਨੇ ਖੁਸ਼ ਹੋ ਕੇ ਨਿਸ਼ਾਨੀ ਵਜੋਂ ਜ਼ੈਲਦਾਰ ਨੂੰ ਇੱਕ ਚਾਦਰ ਦਿੱਤੀ, ਜਿਹੜੀ ਉਸ ਨੇ ਨਮਸਕਾਰ ਕਰਕੇ ਲੈ ਲਈ। ਇਸ ਪਿੱਛੋਂ ਜਿੰਨੇ ਦਿਨ ਸੰਤ ਜੀ ਖੈਰਾਬਾਦ ਰਹੇ, ਹਿੰਦੂ ਮੁਸਲਮਾਨ ਇਕੱਠੇ ਦੀਵਾਨ ਸੁਣਦੇ ਤੇ ਸੇਵਾ ਕਰਦੇ ਅਤੇ ਇੱਕ ਪੰਗਤ ਵਿੱਚ ਬੈਠ ਕੇ ਹੀ ਲੰਗਰ ਛਕਦੇ ਰਹੇ।

ਕਾਂਡ ੩੯

ਸੂਹੀ ਮਹਲਾ ੫ ॥
ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥
ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥
ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥ (੭੮੩-੮੪)

(ਜੇਹਲਮ ਬੰਨੂ ਦੇ ਦੌਰੇ ਮਗਰੋਂ ਸੰਤ ਜੀ ਮਹਾਰਾਜ ਦਾ ਗੁਰਸਾਗਰ ਸਾਹਿਬ ਮਸਤੂਆਣੇ ਵਾਸਤੇ ਆ ਜਾਣਾ। ਉੱਥੇ ਬੈਠ ਕੇ ਸੇਵਾ ਕਰਵਾਉਣੀ। ਦਾਸ ਦਾ ਸੰਤ ਜੀ ਮਹਾਰਾਜ ਨੂੰ ਚਿੱਠੀਆਂ ਭੇਜਣਾ। ਫੇਰ ਲਾਇਲਪੁਰ ਖ਼ਾਲਸਾ ਹਾਈ ਸਕੂਲ ਦਾ ਬੁਨਿਆਦੀ ਪੱਥਰ ੧੬੦੮ ਈ: ਵਿੱਚ ਰੱਖਣਾ। ਇੱਥੋਂ ਸਰਗੋਧੇ ਹੁੰਦਿਆਂ ਰਾਵਲਪਿੰਡੀ ਨਿਕਲ ਜਾਣਾ।)

ਪੰਥ ਦੇ ਪ੍ਰਸਿੱਧ ਰਾਗੀ ਭਾਈ ਸੁਧ ਸਿੰਘ ਜੀ ਦਾ ਦਰਸ਼ਨ ਕਰਨਾ

ਸੰਤ ਜੀ ਮਹਾਰਾਜ ਭਾਵੇਂ ਸਰੀਰ ਕਰ ਕੇ ਦੌਰੇ ਵਿੱਚ ਰਹਿੰਦੇ ਅਤੇ ਅਨੇਕਾਂ ਸੰਗਤਾਂ ਨੂੰ ਅੰਮ੍ਰਿਤ; ਨਾਮ-ਬਾਣੀ ਦੀ ਦਾਤ ਬਖ਼ਸ਼ ਕੇ ਨਿਹਾਲ ਕਰਦੇ, ਪਰ ਇਹਨਾਂ ਦੀ ਤਾਰ ਗੁਰਸਾਗਰ ਸਾਹਿਬ ਦੀ ਸੇਵਾ ਵਿੱਚ ਜੁੜੀ ਰਹਿੰਦੀ। ਇੱਧਰ ਸੰਤ ਜੀ ਸੇਵਾਦਾਰ ਸੰਗਤ ਨੂੰ ਯਾਦ ਰੱਖਦੇ ਅਤੇ ਉੱਧਰ ਸੰਗਤ, ਆਪਣੀ ਪ੍ਰੇਮ ਦੀ ਖਿੱਚ ਮਹਾਰਾਜ ਜੀ ਦੇ ਚਰਨਾਂ ਵਿੱਚ ਰੱਖਦੀ। ਇਹ ਖਿੱਚ ਬਹੁਤ ਵੱਧ ਗਈ ਤੇ ਸੰਤ ਜੀ ਸੇਵਾ ਦੇ ਕੇਂਦਰ ਗੁਰਸਾਗਰ ਸਾਹਿਬ ਮਸਤੂਆਣੇ ਵੱਲ ਮੁੜ ਆਏ। ਇੱਥੇ ਆ ਕੇ ਕੁਝ ਚਿਰ ਟਿਕ ਕੇ ਅਸਥਾਨ ਦੀ ਸੇਵਾ ਕਰਵਾਈ। ਇਹਨਾਂ ਦਿਨਾਂ ਵਿੱਚ ਭਾਈ ਸੁਧ ਸਿੰਘ ਜੀ, ਪੰਥ ਦੇ ਪ੍ਰਸਿੱਧ ਰਾਗੀ, ਸੰਤ ਜੀ ਮਹਾਰਾਜ ਨੂੰ ਫਰੂਕੇ ਦੀਵਾਨ ਲਈ ਲੈਣ ਵਾਸਤੇ ਆਏ ਪਰ ਸੰਤ ਜੀ ਮਹਾਰਾਜ ਸੇਵਾ ਛੱਡ ਕੇ ਨਾ ਜਾ ਸਕੇ। ਏਸ ਸਮੇਂ ਦਾ ਨਜ਼ਾਰਾ ਭਾਈ ਸੁਧ ਸਿੰਘ ਜੀ ਦੀ ਜ਼ਬਾਨੀ ਹੇਠ ਦਿੱਤਾ ਜਾਂਦਾ ਹੈ:

‘‘ਫਰੂਕੇ ਭਾਈ ਹੀਰਾ ਸਿੰਘ ਜੀ, ਗੁਰੂ ਪੰਥ ਦੇ ਅਦੁੱਤੀ ਢਾਡੀ ਨੇ, ਦੀਵਾਨ ਸਮਾਗਮ ਰੱਖਿਆ ਅਤੇ ਦਾਸ ਨੂੰ ਸੰਤਾਂ ਦੇ ਚਰਨਾਂ ਵਿੱਚ ਭੇਜਿਆ ਕਿ ਬਿਨੈ ਕਰ ਕੇ ਸੰਤਾਂ ਨੂੰ ਨਾਲ ਲੈ ਆਵੋ ਤਾਂ ਕਿ ਦੀਵਾਨ ਸਮਾਗਮ

ਦੀ ਪੂਰਨ ਸਫਲਤਾ ਹੋ ਜਾਵੇ। ਮੈਂ ਸੰਗਰੂਰ ਸਟੇਸ਼ਨ ਤੋਂ ਉੱਤਰ ਕੇ ਗੁਰਦੁਆਰੇ ਸਾਹਿਬ ਪਹੁੰਚਿਆ। ਉਸ ਵੇਲੇ ਦਾ ਦਰਸ਼ਨ ਇੱਕ ਗੁਰੂ ਖਾਲਸੇ ਦੀ ਅਸਚਰਜ ਝਾਕੀ ਸੀ।

"ਇਹ ਅਸਥਾਨ (ਮਸਤੂਆਣੇ), ਪਿੰਡਾਂ ਤੋਂ ਦੂਰ ਬੜੀ ਇਕਾਂਤ ਵਿੱਚ ਸੀ। ਇਸ ਦੇ ਨਾਲ ਹੀ ਪੁਰਾਣਾ ਜੰਗਲ ਅਤੇ ਬੀੜ ਸੀ। ਇਹਨਾਂ ਝੰਗੀਆਂ ਨੂੰ ਦੇਖ ਕੇ ਉਹ ਪੁਰਾਣੇ ਜੰਗਲਾਂ ਦੇ ਦ੍ਰਿਸ਼, ਜਦੋਂ ਖ਼ਾਲਸਾ ਜੀ ਦੇ ਦਲ ਇਹਨਾਂ ਵਿੱਚ ਲੁਕ ਕੇ ਰਹਿੰਦੇ ਸਨ, ਯਾਦ ਆਉਂਦੇ ਸਨ। ਚਾਰੇ ਪਾਸਿਓਂ ਖੇਤਾਂ ਦੇ ਵਿਚਕਾਰ ਘਿਰੀ ਹੋਈ ਇੱਕ ਫਸੀਲ ਸੀ। ਇਸ ਦੇ ਅੰਦਰ ਕੱਚੀਆਂ ਅਤੇ ਪੱਕੀਆਂ ਕੁਟੀਆਂ, ਗੁਫਾਵਾਂ ਅਤੇ ਭੋਰੇ ਬਣੇ ਹੋਏ ਸਨ। ਇਹਨਾਂ ਵਿੱਚ ਉੱਚ ਬਿਰਤੀ ਵਾਲੇ ਅਤੀਤ ਬਿਹੰਗਮ, ਨਾਮ ਰਸੀਏ ਟਿਕ ਕੇ ਘਾਲਾਂ ਘਾਲਦੇ ਸਨ। ਸੇਵਾ ਦਾ ਬੜਾ ਭਾਰੀ ਕੁੰਭ ਲੱਗਾ ਹੋਇਆ ਸੀ। ਸਾਰੇ ਨਾਮ ਅਭਿਆਸੀ, ਟੋਕਰੀ ਕਹੀ ਦੀ ਸੇਵਾ ਵਿੱਚ ਜੁੜੇ ਹੋਏ ਸਨ। ਗੁਰੂ ਕਾ ਲੰਗਰ ਅਤੁੱਟ ਵਰਤਦਾ ਸੀ ਵਿੱਚੇ ਹੀ ਖਰਾਸ ਆਟਾ ਪੀਹ ਰਹੇ ਸਨ। ਇੱਕ ਪਾਸੇ ਨਾਲ ਹੀ ਲੰਗਰ ਸਜ ਰਿਹਾ ਸੀ। ਪੰਗਤਾਂ ਲੱਗਣ ਦੇ ਵਕਤ, ਨਗਾਰੇ 'ਤੇ ਚੋਟ ਲੱਗੀ ਅਤੇ ਸਾਰੇ ਸਾਧ, ਸੇਵਕ, ਰਾਹੀ, ਪਾਂਧੀ, ਪੰਗਤ ਲਗਾ ਕੇ ਬੈਠ ਗਏ। ਮੋਟੇ-ਮੋਟੇ ਪਰਸ਼ਾਦੇ ਬਿਨਾਂ ਦਾਲ, ਭਾਜੀ, ਲੱਸੀ, ਅਚਾਰ ਵਰਤਦੇ ਗਏ। ਜਦ ਛਕਣ ਦੀ ਆਗਿਆ ਹੋਈ, ਤਦ ਦਾਸ ਨੇ ਗਰਾਹੀ ਭੰਨ੍ਹ ਕੇ ਮੂੰਹ ਵਿੱਚ ਪਾਈ: ਉਹ ਸਵਾਦ ਆਇਆ ਸੀ ਜਿਸ ਦਾ ਬਿਆਨ ਨਹੀਂ ਹੋ ਸਕਦਾ:

ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥ (੭੪੨)

"ਐਨ ਘੋਰੇ ਦੇ ਵਿਚਕਾਰ, ਦਰਬਾਰ ਸਾਹਿਬ ਸਜਿਆ ਹੋਇਆ ਸੀ। ਸ੍ਰੀ ਹਰਿਮੰਦਰ ਸਾਹਿਬ ਦਾ ਦਰਸ਼ਨ ਕਰ ਕੇ, ਇਹ ਸ਼ਬਦ ਚੇਤੇ ਆਉਂਦਾ ਸੀ, **"ਅਤਿ ਊਚਾ ਤਾਕਾ ਦਰਬਾਰਾ॥ ਅੰਤੁ ਨਾਹੀ ਕਿਛੁ ਪਾਰਾਵਾਰਾ॥"**(੫੬੨) ਮੈਨੂੰ ਸੰਤ ਜੀ ਮਹਾਰਾਜ ਨੇ ਇੱਥੇ ਤਿੰਨ ਦਿਨ ਰੱਖਿਆ। ਬੜੀਆਂ ਮੇਹਰਾ ਕੀਤੀਆਂ, ਪਰ ਸੇਵਾ ਦੇ ਜ਼ੋਰ ਕਰ ਕੇ ਫਰੂਕੇ ਨਾ ਜਾ ਸਕੇ। ਇਹਨਾਂ ਦੀ ਅਸੀਸ ਤੇ ਬਰਕਤ ਨਾਲ ਫਰੂਕੇ ਦਾ ਦੀਵਾਨ ਬੜਾ ਹੀ ਕਾਮਯਾਬ ਹੋਇਆ।"

ਭਾਈ ਤੇਜਾ ਸਿੰਘ ਅਸਾਡਾ ਪੁੱਤਰ ਹੈ

ਇਸ ਸਮੇਂ ਦਾਸ (ਤੇਜਾ ਸਿੰਘ ਪੁਸਤਕ ਕਰਤਾ) ਨੇ ਸੰਤ ਜੀ ਮਹਾਰਾਜ ਨੂੰ ਕੈਂਬਰਿਜ ਇੰਗਲੈਂਡ ਤੋਂ ਚਿੱਠੀਆਂ ਪਾਈਆਂ। ਪਹਿਲੀ ਵਿੱਚ ਤਾਂ ਇਹ ਬੇਨਤੀ ਕੀਤੀ ਕਿ ਦੇਸ਼ ਤੋਂ ਟੁਰਨ ਵੇਲੇ ਹਜ਼ੂਰ ਦਾ ਬਚਨ ਸੀ ਕਿ ਪਿੱਛੋਂ ਮਦਦ ਰੱਖਾਂਗੇ ਅਤੇ ਪਟਿਆਲੇ ਵਾਲੀ ਕਮੇਟੀ ਪਾਸੋਂ ਹਰ ਮਹੀਨੇ ਸਹਾਇਤਾ ਪਹੁੰਚਾਇਆ ਕਰਾਂਗੇ। ਲਗਭਗ ਇੱਕ ਵਰ੍ਹਾ ਬੀਤ ਗਿਆ ਹੈ, ਕਮੇਟੀ ਵੱਲੋਂ ਕੋਈ ਮਦਦ ਨਹੀਂ ਪੁੱਜੀ। ਆਪ ਕ੍ਰਿਪਾ ਕਰ ਕੇ ਕਮੇਟੀ ਨੂੰ ਚੇਤਾਵਨੀ ਕਰਾਵੋ।

ਜਦ ਇਹ ਚਿੱਠੀ ਪੁੱਜੀ, ਤਦ ਸੰਤ ਜੀ ਮਹਾਰਾਜ ਨੇ ਭਾਈ ਹਰੀ ਸਿੰਘ ਪਾਸੋਂ ਪੜ੍ਹਵਾਈ। ਸੁਣ ਕੇ ਆਖਿਆ ਕਿ ਭਾਈ ਹਰੀ ਸਿੰਘ ਜੀ, ਪਟਿਆਲੇ ਵਾਲੀ ਕਮੇਟੀ ਵਿੱਚ ਜਿਹੜਾ ਭਾਣਾ ਵਰਤਿਆ ਹੈ, ਉਸ ਦਾ ਤੁਹਾਨੂੰ ਪਤਾ ਹੀ ਹੈ। ਮਾਇਆ ਅਸੀਂ ਗੁਰਸਾਗਰ ਸਾਹਿਬ ਮਸਤੂਆਣੇ ਤੋਂ, ਕਮੇਟੀ ਦੇ ਹਵਾਲੇ ਕਰ ਦਿੱਤੀ ਸੀ ਅਤੇ ਮਦਦ ਲਈ ਆਖਿਆ ਸੀ, ਪਰ ਇੱਕ ਪ੍ਰੇਮੀ ਨੇ ਇਸ ਦੇ ਭੇਜਣ ਵਿੱਚ ਰੁਕਾਵਟ ਪਾ ਛੱਡੀ ਹੈ। ਹੁਣ ਭਾਈ ਤੇਜਾ ਸਿੰਘ ਦੀ ਜ਼ਰੂਰ ਸਹਾਇਤਾ ਕਰਨੀ ਹੈ। ਜਿਹੜਾ ਤਿੰਨ ਹਜ਼ਾਰ ਦਮੜਾ ਹਰੀ ਮੰਦਰ ਦੇ ਸਾਹਮਣੇ ਦੀਵਾਨ ਅਸਥਾਨ ਬਣਨ ਵਾਸਤੇ ਸੰਗਤਾਂ ਨੇ ਅਰਦਾਸ ਕਰਾਇਆ ਹੋਇਆ ਹੈ, ਉਹ ਤੁਹਾਡੇ ਪਾਸ ਜਮ੍ਹਾਂ ਹੈ, ਹੁਣੇ ਹੀ ਜਾ ਕੇ ਮਨੀਆਰਡਰ ਕਰਵਾ ਆਵੋ। ਭਾਈ ਹਰੀ ਸਿੰਘ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ! ਹਜ਼ੂਰ ਨੂੰ ਦੀਵਾਨ

ਅਸਥਾਨ 'ਤੇ ਸਤਿਗੁਰੂ ਦੀ ਸੇਵਾ ਨਾਲ ਅਥਾਹ ਪਿਆਰ ਹੈ, ਇਹ ਮਾਇਆ ਭਾਈ ਤੇਜਾ ਸਿੰਘ ਨੂੰ ਕਿਉਂ ਭੇਜਣ ਲੱਗੇ ਹੋ। ਹਜ਼ੂਰ ਦਾ ਉਹਨਾਂ ਨਾਲ ਬੜਾ ਹੀ ਪ੍ਰੇਮ ਨਜ਼ਰ ਆਉਂਦਾ ਹੈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਹਰੀ ਸਿੰਘ ਜੀ! ਉਹ ਅਸਾਡਾ ਪੁੱਤਰ ਹੈ, ਅਸੀਂ ਉਸ ਦੀ ਜ਼ਰੂਰ ਮਦਦ ਕਰਨੀ ਹੈ।" ਇਹ ਸੁਣ ਕੇ ਭਾਈ ਹਰੀ ਸਿੰਘ ਜੀ ਫੌਰਨ ਸੰਗਰੂਰ ਚਲੇ ਗਏ ਅਤੇ ੩੦੦੦ ਦਮੜੇ ਦਾਸ ਨੂੰ ਕੈਂਬਰਿਜ ਦੇ ਪਤੇ ਭੇਜ ਦਿੱਤੇ।*

ਕਰਤਾਰ ਦੀ ਨੇਤ, ਛੇ ਸੱਤ ਮਹੀਨੇ ਮਗਰੋਂ ਸਰਦਾਰ ਭਗਵਾਨ ਸਿੰਘ ਜੀ ਨੇ ਆਪਣੇ ਸਪੁੱਤਰ ਸਰਦਾਰ ਬਸ਼ੇਸ਼ਰ ਸਿੰਘ ਨੂੰ ਦਾਸ ਪਾਸ ਭੇਜਿਆ। ਕੁਝ ਚਿਰ ਸਾਡੇ ਪਾਸ ਰਹਿਣ ਮਗਰੋਂ ਉਸ ਨੂੰ ਦਾਸ ਦੀ ਮਾਇਕ ਤੰਗੀ ਦਾ ਪਤਾ ਲੱਗਾ। ਪ੍ਰੇਮੀ ਨੇ ਚੁਪੀਤੇ ਹੀ ਆਪਣੇ ਪਿਤਾ ਜੀ ਨੂੰ ਸਾਰਾ ਹਾਲ ਲਿਖ ਦਿੱਤਾ। ਸਰਦਾਰ ਭਗਵਾਨ ਸਿੰਘ ਜੀ ਨੇ ਆਪਣੀ ਜੁਗਤ ਵਰਤ ਕੇ ਪਟਿਆਲੇ ਵਾਲਾ ਚਾਰ ਹਜ਼ਾਰ ਰੁਪਿਆ ਦਾਸ ਨੂੰ ਭਿਜਵਾ ਦਿੱਤਾ। ਭਲਾ ਸੰਤਾਂ ਦੇ ਰੱਬੀ ਹਿਰਦੇ ਦੇ ਆਸ਼ੇ ਨੂੰ ਸਦਾ ਲਈ ਕੌਣ ਰੋਕ ਸਕਦਾ ਹੈ। ਕੁਝ ਚਿਰ ਲਈ ਭਾਵੇਂ ਕੋਈ ਵਿਘਨ ਪਾ ਦੇਵੇ, ਪਰ ਆਖ਼ਰ ਮਹਾਂਪੁਰਸ਼ਾਂ ਦਾ ਸੰਕਲਪ ਸਦਾ ਹੀ ਪੂਰਾ ਹੁੰਦਾ ਹੈ।

ਦੂਜੀ ਚਿੱਠੀ ਵਿੱਚ ਦਾਸ ਨੇ ਬੇਨਤੀ ਕੀਤੀ ਕਿ ਕੈਨੇਡਾ ਵਿੱਚ ਸਿੱਖ ਭਰਾਵਾਂ ਦੀ ਹਾਲਤ ਬੜੀ ਨਾਜ਼ਕ ਹੋ ਗਈ ਹੈ। ਦੋ ਕੁ ਮਹੀਨੇ ਮਗਰੋਂ ਉੱਤਰ ਆਇਆ ਕਿ ਅਸੀਂ ਜਥੇ ਸਮੇਤ ਖੁਦ ਤੁਹਾਡੇ ਪਾਸ ਪੁੱਜਾਂਗੇ ਅਤੇ ਫੇਰ ਅਮਰੀਕਾ ਟਾਪੂ ਵਿੱਚੋਂ ਲੰਘਦੇ ਹੋਏ, ਸਿੱਖ ਵੀਰਾਂ ਦੀ ਸਾਰ ਲਵਾਂਗੇ। ਤੁਸੀਂ ਸਾਨੂੰ ਲਿਖੋ ਕਿ ਅਸੀਂ ਕਿਹੜੀ ਵਰਦੀ ਪਾ ਕੇ ਆਵੀਏ। ਵਾਪਸੀ ਡਾਕ ਵਰਦੀ ਦੀ ਬਾਬਤ ਦਾਸ ਨੇ ਖੋਲ੍ਹ ਕੇ ਦੱਸ ਦਿੱਤਾ ਕਿ ਹਜ਼ੂਰ ਦੇ ਜਥੇ ਨੂੰ ਲੰਮੇ ਚੋਲੇ ਅਤੇ ਜੁਰਾਬਾਂ ਦੀ ਲੋੜ ਹੈ। ਡਾਕਟਰ ਦੀਵਾਨ ਸਿੰਘ ਜੀ ਦੁੱਗਲ ਵੀ ਸੰਤ ਜੀ ਮਹਾਰਾਜ ਦੇ ਨਾਲ ਆਉਣ ਲਈ ਤਿਆਰ ਹੋ ਗਏ, ਪਰ ਦੇਸ਼ ਦੀਆਂ ਸੰਗਤਾਂ ਨੇ ਨਾ ਆਉਣ ਦਿੱਤਾ। ਅਰਜ਼ ਕੀਤੀ, "ਸੱਚੇ ਪਾਤਸ਼ਾਹ! ਸਮੁੰਦਰੋਂ ਪਾਰ ਜਾ ਕੇ ਫੇਰ ਦਰਸ਼ਨ ਦੁਰਲਭ ਹੋ ਜਾਣਗੇ।"

ਲਾਇਲਪੁਰ ਦੇ ਇਲਾਕਿਆਂ ਵਿੱਚ ਗੁਰਮਿਤ ਪ੍ਰਚਾਰ

ਇਸ ਸਮੇਂ ਲਾਇਲਪੁਰ ਦੀ ਸੰਗਤ ਨੇ ਖ਼ਾਲਸਾ ਹਾਈ ਸਕੂਲ ਦੀ ਨੀਂਹ ਰੱਖਣੀ ਸੀ। ਪ੍ਰਬੰਧਕਾਂ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਇੱਕ ਖਾਸ ਪ੍ਰੇਮੀ ਭੇਜਿਆ ਕਿ ਸੰਤ ਜੀ ਮਹਾਰਾਜ ਨੂੰ ਲੈ ਆਵੇ। ਲਾਇਲਪੁਰ ਵਿਖੇ ਬੜੇ ਭਾਰੀ ਦੀਵਾਨ ਸਜੇ ਅਤੇ ਸੰਗਤ ਵਿੱਚ ਨਾਮ-ਬਾਣੀ, ਅੰਮ੍ਰਿਤ ਪ੍ਰਚਾਰ ਦਾ ਅਤੁੱਟ ਪ੍ਰਵਾਹ ਚੱਲਿਆ। ਖ਼ਾਲਸਾ ਹਾਈ ਸਕੂਲ ਦੀ ਨੀਂਹ ਰੱਖਣ ਦਾ ਸਮਾਚਾਰ ਭਾਈ ਗੰਗਾ ਸਿੰਘ ਜੀ ਸੁਪਰਵਾਈਜ਼ਰ ਫੌਜੀ ਡੇਅਰੀ ਫ਼ਾਰਮ ਦੀ ਜ਼ਬਾਨੀ ਵਰਣਨ ਕੀਤਾ ਜਾਂਦਾ ਹੈ:-

"ਜਦ ਸੰਤ ਜੀ ਮਹਾਰਾਜ, ਬੁਨਿਆਦੀ ਪੱਥਰ ਦੀ ਰਸਮ ਪੂਰੀ ਕਰਨ ਲੱਗੇ ਤਾਂ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ। ਇੰਦਰ ਦੇਵਤਾ ਵੀ ਅਤਿ ਪ੍ਰਸੰਨ ਹੋਇਆ ਅਤੇ ਖੁੱਲ੍ਹੇ ਦਿਲ ਨਾਲ ਫੁੱਲ ਵਰਸਾਉਣ ਲੱਗ ਪਿਆ। ਬੜਾ ਮੂਸਲਾਧਾਰ ਮੀਂਹ ਵਸਿਆ, ਪਰ ਸੰਤ ਜੀ ਮਹਾਰਾਜ ਅਡੋਲ ਖਲੋਤੇ ਰਹੇ ਅਤੇ ਸਾਧ-ਸੰਗਤ ਨੂੰ ਬੜੀ ਉੱਚੀ ਸੁਰ ਵਿੱਚ "**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**"(੭੮੩) ਪੂਰਾ ਸ਼ਬਦ ਪੜ੍ਹਾਇਆ। ਇਹ ਇੱਕ ਅਸਚਰਜ ਨਜ਼ਾਰਾ ਸੀ ਇਧਰੋਂ ਇੰਦਰ ਦੇਵਤਾ ਆਪਣੇ ਪੂਰੇ ਜੋਬਨ ਵਿੱਚ ਤੇ ਉਧਰੋਂ ਸੰਤ ਜੀ ਮਹਾਰਾਜ ਆਪਣੇ ਤੇਜ ਵਿੱਚ ਮਸਤ ਸਨ। ਸਾਧ-ਸੰਗਤ ਵਿੱਚ ਵੀ ਇਸ ਅਦੁੱਤੀ ਤੇਜ ਅਤੇ ਸ਼ਬਦ ਦੇ ਪ੍ਰੇਮ ਦੀ ਲਹਿਰ ਚੱਲ ਪਈ। ਆਖਰ ਇੰਦਰ ਦੇਵਤਾ ਇਹ ਤੇਜ ਨ ਸਹਾਰ ਸਕਿਆ ਅਤੇ ਸੰਤ ਜੀ ਮਹਾਰਾਜ ਦੀ ਸ਼ਰਨ ਲੈ ਕੇ ਅਡੋਲ ਖੜਾ ਹੋ ਗਿਆ। ਮੀਂਹ ਬੰਦ ਹੋ ਗਿਆ

* ਸਾਖੀ ਜ਼ਬਾਨੀ ਭਾਈ ਹਰੀ ਸਿੰਘ ਜੀ ਸੇਵਕ ਸੰਤ ਅਤਰ ਸਿੰਘ ਜੀ ਮਹਾਰਾਜ।

ਅਤੇ ਬੁਨਿਆਦੀ ਪੱਥਰ ਰੱਖਣ ਦੀ ਰਸਮ ਹੁਣ ਸੋਹਣੀ ਤਰ੍ਹਾਂ ਪੂਰੀ ਕੀਤੀ ਗਈ। ਸੰਤ ਜੀ ਮਹਾਰਾਜ ਦੀ ਅਡੋਲਤਾ, ਰਸ ਭਿੰਨੇ ਨੇਤਰ ਤੇਜੱਸਵੀ ਸਰੂਪ ਨੇ, ਮੇਰੇ 'ਤੇ ਬੜਾ ਅਸਰ ਕੀਤਾ ਅਤੇ ਮੇਰੇ ਹਿਰਦੇ ਵਿੱਚ ਇਹਨਾਂ ਦੇ ਪ੍ਰੇਮ ਦਾ ਤੀਰ ਠੀਕ ਨਿਸ਼ਾਨੇ 'ਤੇ ਬੈਠ ਗਿਆ।

"ਏਸ ਦਰਸ਼ਨ ਦਾ ਫਲ ਸੀ ਕਿ ਜਦ ਮੇਰੀ ਨੌਂ ਸਾਲ ਦੀ ਬੱਚੀ ਹਰਪਾਲ ਕੌਰ ਅਤੇ ਸਵਾ ਸਾਲ ਦਾ ਕਾਕਾ ਬਚਿੱਤਰ ਸਿੰਘ ੩੧ ਮਈ ੧੯੩੦ ਵਿੱਚ ਪਿਸ਼ਾਵਰ ਸ਼ਹਿਰ ਵਿਖੇ, ਗੋਰੀ ਫੌਜੀ ਦੀ ਗੋਲੀ ਦਾ ਨਿਸ਼ਾਨਾ ਬਣ ਕੇ ਸ਼ਹੀਦ ਹੋਏ ਅਤੇ ਮੇਰੀ ਸਿੰਘਣੀ ਸ੍ਰੀਮਤੀ ਤੇਜ ਕੌਰ ਦੀ ਛਾਤੀ ਉਸ ਗੋਲੀ ਨਾਲ ਉੱਡ ਗਈ, ਮੈਨੂੰ ਸਿੱਖਾਂ ਵਾਲਾ ਭਾਣਾ ਮੰਨਣ ਦੀ ਤਾਕਤ ਮਿਲੀ ਅਤੇ ਮੈਂ ਪੂਰੀ ਤਰ੍ਹਾਂ ਸ਼ਾਂਤ ਰਿਹਾ।

ਇਸ ਤੋਂ ਕੁਝ ਚਿਰ ਮਗਰੋਂ ਗੁਰੂ ਪੰਥ ਦੇ ਕੀਰਤਨੀਏ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਨੇ ਫਰੂਕਾ ਖ਼ਾਲਸਾ ਹਾਈ ਸਕੂਲ ਦੇ ਸਾਲਾਨਾ ਦੀਵਾਨ 'ਤੇ ਆਉਣ ਦੀ ਬੇਨਤੀ ਕੀਤੀ ਜੋ ਸੰਤ ਜੀ ਮਹਾਰਾਜ ਨੇ ਪ੍ਰਵਾਨ ਕਰ ਲਈ। ਇਸ ਸਮੇਂ ਦੇ ਉਤਸ਼ਾਹ ਦਾ ਨਕਸ਼ਾ ਭਾਈ ਸੁਧ ਸਿੰਘ ਰਾਗੀ ਇਸ ਤਰ੍ਹਾਂ ਵਰਣਨ ਕਰਦੇ ਹਨ:

ਇਲਾਕੇ ਦੀਆਂ ਸੰਗਤਾਂ ਬੜੀਆਂ ਹੁੰਮ-ਹੁੰਮਾ ਕੇ ਆਈਆਂ। ਬੇਅੰਤ ਮਾਈ-ਭਾਈ ਨੇ ਨਾਮ-ਬਾਣੀ ਦਾ ਲਾਭ ਲਿਆ। ਕਈ ਸਹਿਜਧਾਰੀ ਘਰਾਣੇ ਸਿੰਘ ਸਜ ਗਏ। ਅੰਮ੍ਰਿਤ ਦਾ ਬਾਟਾ ਦੀਵਾਨ ਦੇ ਸਮੇਂ ਦੋ ਵਾਰੀ ਤਿਆਰ ਹੋਇਆ ਅਤੇ ਸੈਂਕੜੇ ਪ੍ਰੇਮੀ ਗੁਰੂ ਕਲਗੀਆਂ ਵਾਲੇ ਦੇ ਜਹਾਜ਼ 'ਤੇ ਚੜ੍ਹੇ।

ਸਾਹੀਵਾਲ ਦੀ ਸੰਗਤ ਨੇ ਵੀ ਇਹਨਾਂ ਵਿੱਚ ਹੀ ਦੀਵਾਨ ਰੱਖ ਲਿਆ ਅਤੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ। ਅਰਜ਼ ਮੰਨ ਸੰਤ ਜੀ ਟੁਰ ਪਏ। ਫਰੂਕੇ ਤੋਂ ਸਾਹੀਵਾਲ ਅੱਠ ਕੁ ਮੀਲ ਦਾ ਫਾਸਲਾ ਹੈ। ਦਿਨ ਅੱਸੂ ਦੇ ਸਨ। ਭਾਵੇਂ ਵਰਖਾ ਦਾ ਸਮਾਂ ਲੰਘ ਚੁੱਕਾ ਸੀ, ਪਰ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨ ਲਈ ਇੰਦਰ ਦੇਵਤਾ ਦੀਆਂ ਫੌਜਾਂ ਘਟਾ ਬੰਨ੍ਹ ਕੇ ਆਈਆਂ ਅਤੇ ਬੜੇ ਜ਼ੋਰ ਦੀ ਬਾਰਸ਼ ਹੋਈ। ਸਾਰੇ ਰਸਤੇ ਵਿੱਚ ਪਾਣੀ ਹੀ ਪਾਣੀ ਨਜ਼ਰ ਆਵਣ ਲੱਗ ਪਿਆ। ਸੰਤ ਜੀ ਮਹਾਰਾਜ ਨੂੰ ਬੜੀ ਹੀ ਖੇਚਲ ਹੋਈ। ਕਿਤੇ ਘੋੜੇ 'ਤੇ ਕਿਤੇ ਪੈਦਲ, ਬੜੀ ਮੁਸ਼ਕਲ ਨਾਲ ਨਗਰ ਅੱਪੜੇ। ਅੱਗੇ ਸੰਗਤਾਂ ਵੀ ਘਰਾਂ ਨੂੰ ਜੰਦਰੇ ਮਾਰ, ਸਰਬਤ ਮਾਈ-ਭਾਈ ਬੱਚੇ-ਬੱਚੀਆਂ ਵਹੀਰਾਂ ਪਾ ਕੇ ਆਏ ਹੋਏ ਸਨ। ਸ਼ਬਦ ਕੀਰਤਨ ਦੀ ਘਨਘੋਰ ਵਿੱਚ ਸੰਤ ਜੀ ਮਹਾਰਾਜ ਨੂੰ ਡੇਰੇ 'ਤੇ ਲੈ ਗਏ। ਜਦ ਡੇਰੇ 'ਤੇ ਪਹੁੰਚੇ ਤਾਂ ਪ੍ਰੇਮੀਆਂ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ! ਅੱਜ ਆਪ ਜੀ ਨੂੰ ਬੜੀ ਹੀ ਖੇਚਲ ਹੋਈ ਹੈ। ਸੰਤਾਂ ਨੇ ਬਚਨ ਕੀਤਾ, "ਭਾਵੇਂ ਤਕਲੀਫ਼ ਤਾਂ ਬਹੁਤ ਹੋਈ ਹੈ, ਪਰ ਸੰਗਤਾਂ ਦੇ ਦਰਸ਼ਨ ਕਰਕੇ ਸਭ ਥਕੇਵੇਂ ਲਹਿ ਗਏ ਹਨ, ਇਸ ਵੇਲੇ ਹੀ ਜੇਕਰ ਤੁਸੀਂ ਦੀਵਾਨ ਸਮਾਗਮ ਰੱਖਣਾ ਚਾਹੋ ਤਾਂ ਅਸੀਂ ਤਿਆਰ-ਬਰ-ਤਿਆਰ ਹਾਂ।"

ਇਹ ਉਤਸ਼ਾਹ ਦੇ ਬਚਨ, ਤੇਜਸਵੀ ਸਰੂਪ ਦੇ, ਹੁਣ ਤੀਕਰ ਵੀ ਪ੍ਰੇਮੀਆਂ ਨੂੰ ਯਾਦ ਹਨ ਅਤੇ ਹਰ ਔਕੜ ਸਮੇਂ ਚਿੱਤ ਵਿੱਚ ਪ੍ਰੇਮ ਰੰਗ ਦੇ ਹੁਲਾਰੇ ਦਿੰਦੇ ਹਨ।

ਸਾਹੀਵਾਲ ਵੀ ਤਿੰਨ ਦਿਨ ਦੀਵਾਨ ਬੜੇ ਸਜ-ਧਜ ਨਾਲ ਹੋਇਆ ਸੰਗਤਾਂ ਨੇ ਰੱਜ-ਰੱਜ ਕੇ ਪ੍ਰੇਮ ਪਿਆਲੇ ਪੀਤੇ। ਅੰਮ੍ਰਿਤ ਪ੍ਰਚਾਰ ਵੀ ਖੂਬ ਹੋਇਆ ਅਤੇ ਬੇਅੰਤ ਮਾਈ-ਭਾਈ ਮਾਤਾ ਸਾਹਿਬ ਕੌਰ ਜੀ ਦੀ ਗੋਦ ਵਿੱਚ ਬੈਠਣ ਦੇ ਅਧਿਕਾਰੀ ਬਣੇ।

ਸਾਹੀਵਾਲ ਤੋਂ ਸਰਗੋਧੇ ਤੀਕਰ ਸਿੱਧੀ ੨੨ ਮੀਲ ਪੱਕੀ ਸੜਕ ਹੈ। ਟਾਂਗੇ 'ਤੇ ਅਸਵਾਰ ਕਰਾ ਕੇ, ਪ੍ਰੇਮੀ ਸੰਤ ਜੀ ਮਹਾਰਾਜ ਨੂੰ ਸਰਗੋਧੇ* ਲੈ ਗਏ ਅਤੇ ਇੱਥੇ ੧੫ ਦਿਨ ਲਗਾਤਾਰ ਨਾਮ-ਬਾਣੀ ਅਤੇ ਅੰਮ੍ਰਿਤ ਦਾ

* ਹੁਣ ਇਹ ਸ਼ਹਿਰ ਪਾਕਿਸਤਾਨ ਵਿੱਚ ਹੈ।

ਪ੍ਰਵਾਹ ਚੱਲਿਆ। ਸਵੇਰੇ ਪੂਰੇ ਚਾਰ ਵਜੇ ਦੀਵਾਨ ਸਜ ਜਾਂਦਾ। ਕੀਰਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਾਈ-ਭਾਈ ਵਹੀਰਾਂ ਪਾ ਕੇ ਆ ਜਾਂਦੇ ਅਤੇ ਏਨੀ ਭੀੜ-ਭਾੜ ਹੋ ਜਾਂਦੀ ਕਿ ਜ਼ਰਾ ਕੁ ਪਛੜ ਕੇ ਆਵਣ ਵਾਲਿਆਂ ਨੂੰ ਅੰਦਰ ਬੈਠਣ ਦੀ ਥਾਂ ਲੱਭਣੀ ਮੁਸ਼ਕਿਲ ਹੋ ਜਾਂਦੀ।

ਸਰਗੋਧੇ ਦੀ ਸਾਧ-ਸੰਗਤ ਦਾ ਏਨਾ ਪ੍ਰੇਮ ਅਤੇ ਉਤਸ਼ਾਹ ਦੇਖ ਕੇ ਇੱਕ ਦਿਨ ਸੰਤ ਜੀ ਮਹਾਰਾਜ ਨੇ ਬਚਨ ਕੀਤਾ, "ਭਾਈ, ਇਹ ਸਰਗੋਧਾ ਨਹੀਂ, ਰਸ ਗੋਧਾ ਹੈ।" ਏਸ ਮਹਾਂਵਾਕ ਦਾ ਫਲ ਹੁਣ ਵੀ ਸ਼ਹਿਰ ਵਿਖੇ ਨਜ਼ਰ ਆਉਂਦਾ ਹੈ। ਗੁਰਬਾਣੀ ਦਾ ਅਤੁੱਟ ਪ੍ਰਵਾਹ ਸਵੇਰੇ ਸ਼ਾਮ ਚੱਲਦਾ ਹੈ। ਨੇੜੇ-ਨੇੜੇ ਕਿਸੇ ਹੋਰ ਸ਼ਹਿਰ ਜਾਂ ਬਸਤੀ ਵਿੱਚ ਇਹ ਨਜ਼ਰ ਨਹੀਂ ਆਉਂਦਾ।

ਇੱਥੇ ਸੰਤ ਜੀ ਮਹਾਰਾਜ ਸਰਦਾਰ ਬਹਾਦਰ ਡਾਕਟਰ ਹਰਬੰਸ ਸਿੰਘ ਦੀ ਕੋਠੀ ਠਹਿਰੇ ਹੋਏ ਸਨ। ਇੱਕ ਦਿਨ ਸਾਧ ਸੰਗਤ ਨੇ, ਸੰਤ ਜੀ ਮਹਾਰਾਜ ਦੀ ਤਸਵੀਰ ਉਤਾਰਨ ਦੀ ਬਹੁਤ ਸ਼ਰਧਾ ਪ੍ਰਗਟ ਕੀਤੀ। ਸੰਤ ਜੀ ਮਹਾਰਾਜ ਨੇ ਸਰਦਾਰ ਬਹਾਦਰ ਨੂੰ ਫੋਟੋਗ੍ਰਾਫਰ ਮੰਗਵਾਣ ਦੀ ਆਗਿਆ ਬਖ਼ਸ਼ੀ। ਜਦ ਫੋਟੋਗ੍ਰਾਫਰ ਤਸਵੀਰ ਲੈਣ ਲਈ ਆਇਆ, ਤਦ ਸੰਤ ਜੀ ਮਹਾਰਾਜ ਨੇ ਡਾਕਟਰ ਸਾਹਿਬ ਨੂੰ ਆਪਣੇ ਨਾਲ ਬੈਠਣ ਦਾ ਹੁਕਮ ਕੀਤਾ। ਡਾਕਟਰ ਜੀ ਬਚਨ ਮੰਨ ਚਰਨਾਂ ਵਿੱਚ ਦਰੀ 'ਤੇ ਬੈਠ ਗਏ, ਪਰ ਸੰਤ ਜੀ ਮਹਾਰਾਜ ਨੇ ਪ੍ਰੇਮ ਨਾਲ ਬਾਂਹੋਂ ਫੜ, ਉਹਨਾਂ ਨੂੰ ਆਪਣੇ ਨਾਲ ਵਾਲੀ ਕੁਰਸੀ 'ਤੇ ਬਿਠਾ ਲਿਆ। ਇਹ ਤਸਵੀਰ ਹੁਣ ਤੀਕਰ ਸਰਗੋਧੇ ਵਿੱਚ ਮੌਜੂਦ ਹੈ।

ਸਰਗੋਧੇ ਤੋਂ ਚੁੱਪੀਤੇ ਹੀ ਸੰਤ ਜੀ ਮਹਾਰਾਜ ਰਾਤ ਦੇ ਸਮੇਂ ਨਿਕਲ ਗਏ, ਕਿਸੇ ਨੂੰ ਪਤਾ ਤਕ ਲੱਗਣ ਨਹੀਂ ਦਿੱਤਾ। ਅਛੋਪ ਹੀ ਭਲਵਾਲ ਮੰਡੀ ਪਹੁੰਚ ਗਏ। ਅੰਮ੍ਰਿਤ ਵੇਲੇ ਸਾਧ-ਸੰਗਤ ਗੁਰਦੁਆਰੇ ਵਿੱਚ ਇਕੱਤਰ ਸੀ ਅਤੇ ਰਾਗੀ ਸੁਧ ਸਿੰਘ ਜੀ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ ਹੋਇਆ ਸੀ। ਸੰਤ ਜੀ ਮਹਾਰਾਜ ਦੇ ਅਠ-ਨੌਂ ਸਰੀਰ ਗੁਰਦੁਆਰੇ ਵਿੱਚ ਟਿਕੇ ਹੋਏ ਸਨ। ਕਿਸੇ ਨੇ ਆ ਕੇ ਅਚਾਨਕ ਖ਼ਬਰ ਦਿੱਤੀ ਕਿ ਸੰਤ ਜੀ ਸਰਦਾਰ ਹਰਬੰਸ ਸਿੰਘ ਦੀ ਕੋਠੀ ਵਿੱਚੋਂ ਚੁੱਪ-ਚਾਪ ਚਲੇ ਗਏ ਹਨ। ਇਹ ਖ਼ਬਰ ਸੁਣ, ਸਾਧ-ਸੰਗਤ ਵਿੱਚ ਬੜੀ ਉਦਾਸੀ ਛਾ ਗਈ ਅਤੇ ਨੇਤਰਾਂ ਤੋਂ ਵੈਰਾਗ ਵਹਿ ਟੁਰਿਆ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ ਭਾਈ ਸੁਧ ਸਿੰਘ ਜੀ ਰਾਗੀ ਨੇ, ਜਿਹੜੇ ਕਿ ਸੰਤ ਜੀ ਮਹਾਰਾਜ ਦੇ ਚਰਨਾਂ ਦੇ ਭਵਰੇ ਬਣ ਚੁੱਕੇ ਸਨ, ਪਤਾ ਕੱਢਿਆ ਅਤੇ ਭਲਵਾਲ ਸੰਤ ਜੀ ਮਹਾਰਾਜ ਨੂੰ ਲੈਣ ਗਏ ਪਰ ਸੰਤ ਜੀ ਨਾ ਆਏ। ਬਹੁਤ ਚਿਰ ਤੀਕਰ ਸਰਗੋਧੇ ਦੀ ਸਾਧ-ਸੰਗਤ ਦੇ ਹਿਰਦਿਆਂ ਵਿੱਚ ਸੰਤ ਜੀ ਮਹਾਰਾਜ ਦੀ ਪਵਿੱਤਰ ਅਤੇ ਪਾਵਣ ਮੂਰਤੀ ਵਸੀ ਰਹੀ ਅਤੇ ਕੀਰਤਨ ਦਾ ਪ੍ਰਵਾਹ, ਜਿਹੜਾ ਸੰਤ ਜੀ ਮਹਾਰਾਜ ਨੇ ਚਲਾਇਆ ਸੀ, ਅਤੁੱਟ ਚੱਲਦਾ ਰਿਹਾ।

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥ (੭੬੦)

ਭਲਵਾਲ ਸਾਧ-ਸੰਗਤ ਨੇ ਸੰਤ ਜੀ ਮਹਾਰਾਜ ਨਾਲ ਅਦੁੱਤੀ ਪ੍ਰੇਮ ਕੀਤਾ। ਤਿੰਨ ਦਿਨ ਸਵੇਰ ਸ਼ਾਮ ਬੜੇ ਉਤਸ਼ਾਹ ਨਾਲ ਦੀਵਾਨ ਸਜੇ। ਪਰ ਖੁਸ਼ਾਬ ਦੀ ਸਾਧ-ਸੰਗਤ ਦਾ ਪ੍ਰੇਮ ਸੰਤ ਜੀ ਮਹਾਰਾਜ ਨੂੰ ਖਿੱਚ ਕੇ ਲੈ ਗਿਆ। ਖੁਸ਼ਾਬ ਵੀ ਅਜੇ ਦੋ-ਤਿੰਨ ਦਿਨ ਹੀ ਰੰਗ ਲੱਗੇ ਸਨ ਕਿ ਨੁਸ਼ਹਿਰੇ ਸੂਨ ਦੀ ਸੰਗਤ ਨੇ ਆ ਅਰਜ਼ ਕੀਤੀ, ਸੱਚੇ ਪਾਤਸ਼ਾਹ! ਸ਼ਾਹਪੁਰ ਦੇ ਪਹਾੜ ਨੂੰ ਵੀ ਚਰਨ ਪਾ ਕੇ ਪਵਿੱਤਰ ਕਰੋ ਅਤੇ ਓਥੋਂ ਦੀਆਂ ਸੰਗਤਾਂ ਨੂੰ ਨਿਹਾਲ ਕਰੋ।'

ਇਹ ਬੜੇ ਅਸਚਰਜ ਦੀ ਗੱਲ ਸੀ ਕਿ ਸੰਤ ਜੀ ਮਹਾਰਾਜ ਦਾ ਸੁਤੇ-ਸਹਿਜ ਹੀ ਪ੍ਰੋਗਰਾਮ ਚੱਲਦਾ।

ਹਿਰਦਾ ਵੀ ਅਤੀ ਕੋਮਲ ਸੀ। ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰਨ ਲਈ ਅਤੇ ਧਰਤੀ ਦਾ ਭਾਰ ਵੰਡਾਉਣ ਲਈ ਸਦਾ ਕਮਰਕੱਸਾ ਤਿਆਰ-ਬਰ-ਤਿਆਰ ਸੀ। ਇਸ ਦੇ ਨਾਲ ਹੀ ਸਦਾ ਖੇੜਾ, ਸਦਾ ਖੇੜਾ, ਸਦਾ ਬਿਗਾਸ ਅਤੇ ਸਦਾ ਮਨ ਚਾਉ ਰਹਿੰਦਾ ਸੀ।

ਨੁਸ਼ਹਿਰੇ ਦੀ ਸੰਗਤ ਦੀ ਅਰਜ਼ ਮੰਨ, ਸੰਤ ਜੀ ਮਹਾਰਾਜ ਪਹਾੜ 'ਤੇ ਚਲੇ ਗਏ। ਸ਼ਹਿਰ ਦੇ ਬਾਹਰ ਇੱਕ ਖੂਹ 'ਤੇ ਛੱਪਰ ਵਿੱਚ ਡੇਰਾ ਲਾਇਆ। ਇਹ ਕੁਟੀਆ ਭਾਵੇਂ ਢਹਿ ਗਈ ਹੈ, ਪਰ ਹੁਣ ਤੀਕਰ ਇਸ ਦੀ ਨਿਸ਼ਾਨੀ ਬਾਕੀ ਹੈ ਅਤੇ ਧਰਤੀ ਵਿੱਚ ਪ੍ਰੇਮ ਦੀ ਖ਼ੁਸ਼ਬੋ ਹੈ।

ਏਥੇ ਸਵੇਰ ਸ਼ਾਮ, ਪਿੰਡਾਂ ਦੀਆਂ ਸੰਗਤਾਂ ਇਕੱਠੀਆਂ ਹੋ ਜਾਂਦੀਆਂ। ੧੮ ਦਿਨ ਉਹ ਨਾਮ-ਬਾਣੀ ਅਤੇ ਅੰਮ੍ਰਿਤ ਦਾ ਪ੍ਰਵਾਹ ਚੱਲਿਆ ਕਿ ਲੇਖਨੀ ਵਰਣਨ ਨਹੀਂ ਕਰ ਸਕਦੀ। (ਜ਼ਬਾਨੀ ਰਾਗੀ ਸੁਧ ਸਿੰਘ)

ਜਦ ਸੰਤ ਜੀ ਮਹਾਰਾਜ ਪਹਿਲੀ ਵਾਰੀ ਲਾਇਲਪੁਰ ਆਏ, ਤਦ ਸਰਦਾਰ ਇਕਬਾਲ ਸਿੰਘ ਜੀ ਵਕੀਲ ਦੀ ਮਾਤਾ ਦੇ ਹਿਰਦੇ ਵਿੱਚ ਉਮੰਗ ਪੈਦਾ ਹੋਈ ਕਿ ਸੰਤ ਜੀ ਮਹਾਰਾਜ ਨੂੰ ਆਪਣੀ ਹੱਥੀਂ ਪ੍ਰਸ਼ਾਦ ਤਿਆਰ ਕਰ ਕੇ ਛਕਾਏ। ਅਜੇ ਇਹਨੂੰ ਆਪਣੇ ਸੰਕਲਪ ਪੂਰਾ ਕਰਨ ਲਈ ਬੇਨਤੀ ਕਰਨ ਦਾ ਸਮਾਂ ਹੀ ਨਹੀਂ ਮਿਲਿਆ ਸੀ ਕਿ ਸੰਤ ਜੀ ਅਛੋਪ ਹੀ ਲਾਇਲਪੁਰ ਤੋਂ ਚਲੇ ਗਏ। ਹੁਣ ਜਦ ਦੂਜੀ ਵਾਰੀ ਸੰਤ ਜੀ ਇੱਥੇ ਆਏ, ਤਦ ਇਸ ਮਾਈ ਨੇ ਪ੍ਰਸ਼ਾਦ ਵਾਸਤੇ ਅਰਜ਼ ਕੀਤੀ ਅਤੇ ਸੰਤ ਜੀ ਮਹਾਰਾਜ ਨੇ ਮੰਨ ਲਈ। ਜਿਸ ਵੇਲੇ ਪ੍ਰਸ਼ਾਦ ਛਕਣ ਵਾਸਤੇ ਪੰਗਤ ਲੱਗੀ, ਤਦ ਮਾਈ ਪ੍ਰਸ਼ਾਦ ਲਿਆਉਣ ਵਿੱਚ ਕੁਝ ਸੰਗ ਕਰਨ ਲੱਗੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, **"ਬੀਬੀ ਛੇਤੀ ਕਰੋ, ਹੁਣ ਕਿਉਂ ਸੰਗਦੇ ਹੋ? ਤੁਸੀਂ ਤਾਂ ਬੜੇ ਚਿਰ ਦੇ ਇਸ ਸਮੇਂ ਦੀ ਉਡੀਕ ਵਿੱਚ ਸੀ। ਅੰਤਵਾਹਕ ਵਿੱਚ ਕਈ ਵਾਰੀ ਸਾਡੇ ਅੱਗੇ ਥਾਲ ਫੜੀ ਖਲੋਤੇ ਦਿੱਸਦੇ ਸੀ।"** ਇਹ ਸੁਣ, ਬੀਬੀ ਨੇ ਝੱਟ ਪ੍ਰਸ਼ਾਦ ਦਾ ਥਾਲ ਸੰਤ ਜੀ ਮਹਾਰਾਜ ਅੱਗੇ ਰੱਖ ਦਿੱਤਾ ਅਤੇ ਸਾਧ-ਸੰਗਤ ਵਿੱਚ ਵੀ ਵਰਤਾਇਆ ਗਿਆ। ਇਸ ਤਰ੍ਹਾਂ ਮਾਈ ਦਾ ਬਹੁਤ ਚਿਰ ਦਾ ਪ੍ਰੇਮ ਪੂਰਾ ਹੋ ਗਿਆ।

ਇਹਨਾਂ ਦਿਨਾਂ ਵਿੱਚ ਭਾਈ ਹੀਰਾ ਸਿੰਘ ਜੀ ਲਾਇਲਪੁਰ ਸਿੰਘ ਸਭਾ ਦੇ ਗ੍ਰੰਥੀ ਸਨ। ਓਹ ਦੱਸਦੇ ਹਨ ਕਿ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਸਿੰਘ ਸਭਾ ਦੇ ਗੁਰਦੁਆਰੇ ਵਿੱਚ ਦੀਵਾਨ ਲਗਾਉਂਦੇ ਅਤੇ ਸ਼ਾਮ ਨੂੰ ਸ਼ਹਿਰ ਤੋਂ ਬਾਹਰ, ਜਿੱਥੇ ਅੱਜ ਕੱਲ੍ਹ ਸੰਤਪੁਰਾ ਹੈ, ਇਸ਼ਨਾਨ ਕਰਨ ਲਈ ਜਾਇਆ ਕਰਦੇ। ਭਾਈ ਹਰੀ ਸਿੰਘ ਜੀ ਵੀ ਸੰਤ ਜੀ ਮਹਾਰਾਜ ਦੇ ਨਾਲ ਜਾਂਦੇ ਅਤੇ ੧੦੧ ਗਾਗਰ ਜਲ ਨਾਲ ਸੰਤ ਜੀ ਦਾ ਇਸ਼ਨਾਨ ਕਰਾਉਂਦੇ। ਇਸ਼ਨਾਨ ਪਾਣੀ ਦੇ ਮਗਰੋਂ ਸੋਦਰੁ ਦਾ ਦੀਵਾਨ ਓਥੇ ਹੀ ਸਜ ਜਾਂਦਾ। ਕਈ ਵਾਰੀ ਤਾਂ ਇਸ਼ਨਾਨ ਦੇ ਸਮੇਂ ਸੰਤ ਜੀ ਮਹਾਰਾਜ ਸ਼ਬਦ ਵਿੱਚ ਏਨੇ ਲੀਨ ਹੋ ਜਾਂਦੇ ਕਿ ਸਾਰੀ ਰਾਤ ਇਸੇ ਰੰਗ ਵਿੱਚ ਮਗਨ ਰਹਿੰਦੇ। ਅੰਮ੍ਰਿਤ ਵੇਲੇ ਦੀਵਾਨ ਦੇ ਸਮੇਂ ਲਾਇਲਪੁਰ ਗੁਰਦੁਆਰੇ ਵਿੱਚ ਆ ਜਾਂਦੇ।

ਕੀਰਤਨ ਸੋਹਿਲੇ ਦੇ ਪਾਠ ਦੀ ਮਰਯਾਦਾ

ਇੱਕ ਦਿਨ ਰਹਿਰਾਸ ਸਾਹਿਬ ਦੇ ਪਾਠ ਦੇ ਮਗਰੋਂ, ਸੰਤ ਜੀ ਮਹਾਰਾਜ ਬਹੁਤ ਚਿਰ ਅਡੋਲ ਬੈਠੇ ਰਹੇ। ਕਿਸੇ ਦਾ ਹੌਂਸਲਾ ਨਾ ਪਵੇ ਕਿ ਮਹਾਰਾਜ ਨੂੰ ਆਖੇ ਕਿ ਏਥੋਂ ਚੱਲੋ। ਕੁਝ ਚਿਰ ਸਾਧ-ਸੰਗਤ ਨੇ ਆਪਸ ਵਿੱਚ ਵੀਚਾਰ ਕੀਤੀ ਅਤੇ ਭਾਈ ਹਰੀ ਸਿੰਘ ਜੀ ਗ੍ਰੰਥੀ ਨੂੰ ਹੁਕਮ ਹੋਇਆ ਕਿ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕਰੋ। ਸਾਧ-ਸੰਗਤ ਦਾ ਹੁਕਮ ਮੰਨ, ਇਹਨਾਂ ਹੱਥ ਜੋੜ ਅਰਜ਼ ਕੀਤੀ, "ਸੱਚੇ ਪਾਤਸ਼ਾਹ ਕੀ ਅੱਜ ਆਸਾ ਜੀ ਦੀ ਵਾਰ ਦਾ ਕੀਰਤਨ ਇੱਥੇ ਹੀ ਹੋਵੇਗਾ?" ਸੰਤ ਜੀ ਮਹਾਰਾਜ ਨੇ ਉੱਤਰ ਬਖਸ਼ਿਆ, "ਭਾਈ ਬਾਬੇ ਜੀ ਦਾ ਕੀਰਤਨ ਹੀ ਕਰਨਾ ਹੈ। ਭਾਵੇਂ ਇੱਥੇ ਕਰੀਏ ਭਾਵੇਂ ਓਥੇ।" ਪਰ ਅਜੇ ਇਹ ਬਚਨ ਮਹਾਰਾਜ ਜੀ ਦੇ

ਮੁਖਾਰਬਿੰਦ ਤੋਂ ਨਿਕਲੇ ਹੀ ਸਨ ਕਿ ਦੂਰ ਤੋਂ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਨ ਦੀ ਅਵਾਜ਼ ਆਈ। ਭਾਈ ਹਰੀ ਸਿੰਘ ਜੀ ਨੇ ਇਹ ਖਿਆਲ ਕੀਤਾ ਕਿ ਕੋਈ ਸ਼ਬਦੀ ਜਥਾ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆ ਰਿਹਾ ਹੈ। ਕੁਝ ਚਿਰ ਮਗਰੋਂ ਭਾਈ ਸਾਹਿਬ ਨੇ ਫਿਰ ਬੇਨਤੀ ਕੀਤੀ, "ਮਹਾਰਾਜ ਜੀ, ਕੀਰਤਨ ਸੋਹਿਲੇ ਦਾ ਪਾਠ ਕਰ ਕੇ ਇੱਥੇ ਹੀ ਬਿਰਾਜਣਾ ਹੈ?" ਇਹ ਗੱਲ ਭਾਈ ਜੀ ਦੇ ਮੂੰਹੋਂ ਨਿਕਲੀ ਹੀ ਸੀ ਕਿ ਕੀਰਤਨ ਦੀ ਅਵਾਜ਼ ਬੰਦ ਹੋ ਗਈ। ਸਾਰੀ ਸੰਗਤ ਨੇ ਕੀਰਤਨੀ ਜਥੇ ਦੀ ਬੜੀ ਦੇਖ-ਭਾਲ ਕੀਤੀ, ਪਰ ਕੋਈ ਸਰੀਰ ਨਾ ਮਿਲਿਆ। ਬਹੁਤੇਰੇ ਰਾਹ ਖਹਿੜੇ ਦੇਖੇ ਕਿ ਸ਼ਾਇਦ ਰਸਤਾ ਹੀ ਨਾ ਭੁੱਲ ਗਏ ਹੋਵਣ। ਪਰ ਜਦ ਬਹੁਤ ਢੂੰਢਣ ਦੇ ਮਗਰੋਂ ਕੋਈ ਪਤਾ ਨਾ ਲੱਗਾ, ਸਾਰਿਆਂ ਨੇ ਹੱਥ ਜੋੜ, ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ ਜਥਾ ਕੀਰਤਨ ਕਰਦਾ ਆ ਰਿਹਾ ਸੀ, ਕਿੱਧਰ ਚਲਾ ਗਿਆ ਹੈ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਤੁਸੀਂ ਆਖਿਆ ਸੀ ਕਿ ਅੱਜ ਕੀਰਤਨ ਇੱਥੇ ਹੀ ਹੋਵੇਗਾ, ਸੋ ਕਰਤਾਰ ਵੱਲੋਂ ਜਥਾ ਆ ਰਿਹਾ ਸੀ, ਪਰ ਜਦ ਤੁਸਾਂ ਦੂਜੀ ਵਾਰੀ ਕੀਰਤਨ ਸੋਹਿਲੇ ਦਾ ਸਮਾਂ ਜਣਾ ਦਿੱਤਾ, ਜਥਾ ਚਲਾ ਗਿਆ।"

ਸ਼ਹੀਦ ਸਿੰਘਾਂ ਦੇ ਜਥੇ ਬੜੇ ਹੀ ਮਰਯਾਦਾ ਪੁਰਸ਼ੋਤਮ ਹੁੰਦੇ ਹਨ। ਸਿੱਖ ਨੂੰ ਕੀਰਤਨ ਸੋਹਿਲੇ ਦੇ ਪਾਠ ਮਗਰੋਂ ਅਵਾਜ਼ ਕੱਢਣ ਦਾ ਹੁਕਮ ਨਹੀਂ।

ਸ਼ਹਿਰ ਲਾਇਲਪੁਰ ਨੂੰ ਨਿਹਾਲ ਕਰ ਕੇ ਸੰਤ ਜੀ ਮਹਾਰਾਜ ਨੇ ਕਈ ਹੋਰ ਨਗਰਾਂ ਨੂੰ ਤਾਰਿਆ। ਕੁਝ ਸਮਾਂ ਪਾ ਕੇ ਸੰਤ ਜੀ ਮਹਾਰਾਜ ਰਾਵਲਪਿੰਡੀ ਆਏ। ਬੜੇ ਦੀਵਾਨ ਸਜੇ ਅਤੇ ਬੇਅੰਤ ਸੰਗਤਾਂ ਨੇ ਨਾਮ-ਬਾਣੀ ਦਾ ਰੰਗ ਮਾਣਿਆ। ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਮਲਕ ਹਰਦਿੱਤ ਸਿੰਘ ਨੂੰ ਅਸ਼ੀਰਵਾਦ

ਇਹਨਾਂ ਦਿਨਾਂ ਵਿੱਚ ਮਲਕ ਮੋਹਨ ਸਿੰਘ ਜੀ ਦੇ ਸਪੁੱਤਰ, ਮਲਕ ਹਰਦਿੱਤ ਸਿੰਘ ਜੀ, ਛੋਟੀ ਉਮਰ ਵਿੱਚ ਹੀ ਆਈ. ਸੀ. ਐਸ. (ICS) ਦੇ ਇਮਤਿਹਾਨ ਪਾਸ ਕਰਨ ਲਈ ਇੰਗਲੈਂਡ ਜਾਣ ਲਈ ਤਿਆਰ ਹੋ ਗਏ। ਮਲਕ ਮੋਹਨ ਸਿੰਘ ਜੀ ਅਤੇ ਇਹਨਾਂ ਦੀ ਸੁਪਤਨੀ ਨੇ ਬੜੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਨੂੰ ਆਪਣੇ ਘਰ ਸੱਦ ਭੇਜਿਆ ਅਤੇ ਅਰਜ਼ ਕੀਤੀ, "ਮਹਾਰਾਜ ਜੀ ਕ੍ਰਿਪਾ ਕਰ ਕੇ ਕਾਕੇ ਦੇ ਸਿਰ 'ਤੇ ਹੱਥ ਧਰੋ ਅਤੇ ਆਪ ਹੀ ਕਾਕੇ ਨੂੰ ਵਲਾਇਤ ਜਾਣ ਦੀ ਖੁਸ਼ੀ ਬਖ਼ਸ਼ੋ।" **ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਭੁਝੰਗੀ ਨੂੰ ਇੱਕ ਨਿੱਤਨੇਮ ਦਾ ਗੁਟਕਾ ਬਖ਼ਸ਼ਿਆ ਅਤੇ ਫ਼ਰਮਾਇਆ, "ਕਾਕਾ, ਗੁਰਬਾਣੀ ਦਾ ਨਿੱਤਨੇਮ ਕਦੀ ਵੀ ਨਾ ਛੱਡਣਾ; ਗੁਰੂ ਨਾਨਕ ਸਾਹਿਬ ਹਰ ਸਮੇਂ ਸਹਾਈ ਹੋਣਗੇ।"**

ਜਦ ਮਲਕ ਹਰਦਿੱਤ ਸਿੰਘ ਜੀ ਆਪਣੇ ਪਿਤਾ ਨੂੰ ਖ਼ਤ ਲਿਖਦੇ, ਤਦ ਦੱਸਦੇ ਕਿ ਮੈਨੂੰ ਕਈ ਵਾਰੀ ਸੰਤ ਜੀ ਮਹਾਰਾਜ ਦੇ ਦਰਸ਼ਨ ਹੁੰਦੇ ਹਨ ਉਹਨਾਂ ਦੇ ਕੀਰਤਨ ਦਾ ਰਸ ਆਉਂਦਾ ਹੈ। ਇਹ ਸੰਤ ਜੀ ਮਹਾਰਾਜ ਦੀ ਕ੍ਰਿਪਾ ਦਾ ਹੀ ਫਲ ਹੈ ਕਿ ਮਲਕ ਹਰਦਿੱਤ ਸਿੰਘ ਜੀ ਹੁਣ ਤੀਕਰ ਗੁਰਸਿੱਖੀ ਵਿੱਚ ਪ੍ਰਪੱਕ ਹਨ ਅਤੇ ਖ਼ਾਲਸਾਈ ਅਣਖ ਦੇ ਪੂਰੇ ਧਨੀ ਹਨ।

ਕਾਂਡ ੪੦

ਗਉੜੀ ॥

ਰਾਮ ਜਪਉ ਜੀ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੧੦॥੬੧॥ (੩੩੭)

ਮਾਸਟਰ ਮਹਿਤਾਬ ਸਿੰਘ, ਜਿਹੜੇ ਖ਼ਾਲਸਾ ਹਾਈ ਸਕੂਲ ਤਰਨਤਾਰਨ ਦੇ ਹੈੱਡਮਾਸਟਰ ਸਨ ਅਤੇ ਇੱਕ ਹੋਰ ਗੁਰਮੁਖ ਸੱਜਣ, ਨਿੱਤਨੇਮ ਰਾਵਲਪਿੰਡੀ ਸ਼ਹਿਰ ਤੋਂ ਬਾਹਰ ਜਾ ਕੇ ਗੁਰਬਾਣੀ ਦਾ ਪਾਠ ਅਤੇ ਵਿਚਾਰ ਕਰਦੇ। ਇਹਨਾਂ ਦੇ ਚਿੱਤ ਵਿੱਚ ਸੰਤ ਜੀ ਮਹਾਰਾਜ ਦੇ ਦਰਸ਼ਨ ਦੀ ਖਿੱਚ ਹੋਈ ਅਤੇ ਦਿਨੋਂ-ਦਿਨ ਵਧਦੀ ਗਈ। ਇੱਕ ਦਿਨ ਮਾਸਟਰ ਚੰਦਾ ਸਿੰਘ ਨੇ, ਜਿਹੜੇ ਉਹਨਾਂ ਦਿਨਾਂ ਵਿੱਚ ਰਾਵਲਪਿੰਡੀ, ਬੀਬੀਆਂ ਦੇ ਸਕੂਲ ਦੇ ਮੈਨੇਜਰ ਸਨ, ਇਹਨਾਂ ਦੋਹਾਂ ਸੱਜਣਾਂ ਨੂੰ ਆ ਕੇ ਕਿਹਾ, "ਭਾਈ! ਸੰਤ ਜੀ ਮਹਾਰਾਜ ਇਸ ਇਲਾਕੇ ਵਿੱਚ ਆਏ ਹੋਏ ਸਨ। ਮੈਂ ਕੱਲ੍ਹ ਹੀ ਗੱਡੀ ਤੋਂ ਉਤਰਿਆ ਹਾਂ। ਪਹਿਲਾਂ ਗੱਡੀ ਵਿੱਚ ਗੁਜਰਾਂਵਾਲੇ ਦੇ ਸਟੇਸ਼ਨ 'ਤੇ ਮਹਾਰਾਜ ਜੀ ਦੇ ਦਰਸ਼ਨ ਕੀਤੇ। ਫੇਰ ਵਜ਼ੀਰਾਬਾਦ, ਲਾਲੇਮੂਸੇ ਅਤੇ ਜੇਹਲਮ ਵੀ ਦੀਦਾਰ ਹੋਏ। ਜਦ ਗੱਡੀ ਮੰਦਰੇ ਪਹੁੰਚੀ ਮੈਂ ਫੇਰ ਦਰਸ਼ਨ ਲਈ ਗਿਆ, ਪਰ ਸੰਤ ਜੀ ਗੱਡੀ ਵਿੱਚ ਨਹੀਂ ਸਨ, ਗੱਡੀ ਤੋਂ ਉਤਰ ਕੇ ਮੰਦਰੇ ਸ਼ਹਿਰ ਵਿੱਚ ਗਿਆ। ਓਥੋਂ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਕਟਾਸ ਰਾਜ ਗਏ ਹਨ। ਦੋ-ਚਾਰ ਦਿਨਾਂ ਮਗਰੋਂ ਚੌਧਰੀ ਸੁੰਦਰ ਸਿੰਘ ਕੱਲਰ ਤੋਂ ਰਾਵਲਪਿੰਡੀ ਆਏ ਅਤੇ ਉਹਨਾਂ ਨੇ ਮਾਸਟਰ ਮਹਿਤਾਬ ਸਿੰਘ ਅਤੇ ਉਹਨਾਂ ਦੇ ਸਾਥੀ ਨੂੰ ਦੱਸਿਆ ਕਿ ਸੰਤ ਜੀ ਮਹਾਰਾਜ ਕਨੋਹੇ ਪਹੁੰਚ ਗਏ ਹਨ।"

ਚੌਧਰੀ ਜੀ ਨੂੰ ਇਹਨਾਂ ਦੋਹਾਂ ਸੱਜਣਾਂ ਨੇ ਬੇਨਤੀ ਕੀਤੀ ਕਿ ਅਸੀਂ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਸ਼ੁੱਕਰਵਾਰ ਰਾਤ ਮਾਣਕਿਆਲੇ ਪਹੁੰਚਾਂਗੇ। ਤੁਸੀਂ ਸਟੇਸ਼ਨ 'ਤੇ ਸਾਡੇ ਲਈ ਘੋੜੀਆਂ ਭੇਜ ਦੇਣਾ। ਸ਼ੁੱਕਰਵਾਰ ਵਾਲੇ ਦਿਨ ਬੜਾ ਹੀ ਟੁੱਟ ਕੇ ਮੀਂਹ ਵੱਸਿਆ। ਘੋੜੀਆਂ ਨਾ ਪਹੁੰਚ ਸਕੀਆਂ। ਮਾਣਕਿਆਲੇ ਰਾਤ ਰਹਿ ਕੇ ਦੋਵੇਂ ਪ੍ਰੇਮੀ ਕਨੋਹੇ ਵੱਲ ਪੈਦਲ ਤੁਰ ਪਏ। ਚਿੱਕੜ ਪਾਣੀ ਲੰਘਦਿਆਂ, ਪ੍ਰੇਮ ਦੀ ਡੋਰੀ ਦੇ ਖਿੱਚੇ ਹੋਏ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪਹੁੰਚ ਗਏ। ਰਾਵਲਪਿੰਡੀ ਤੋਂ ਹੋਰ ਬਹੁਤ ਸਾਰੀਆਂ ਸੰਗਤਾਂ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਖਿੱਚੀਆਂ ਆਈਆਂ। ਇਹ ਸਾਰੇ ਗੁਜਰਖਾਨ ਗੱਡੀ ਤੋਂ ਉੱਤਰ ਕੇ ਕਨੋਹੇ ਪਹੁੰਚੇ। ਸਾਰੀ ਸੰਗਤ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਕੇ ਨਿਹਾਲ ਹੋਈ। ਸੰਤ ਜੀ ਮਹਾਰਾਜ ਸੰਗਤ ਦਾ ਇਹ ਉਤਸ਼ਾਹ ਅਤੇ ਪ੍ਰੇਮ ਦੇਖ ਕੇ ਬੜੇ ਹੀ ਗਦ-ਗਦ ਹੋਏ ਅਤੇ ਨਾਮ ਬਾਣੀ ਦੁਆਰਾ ਅਕਹਿ ਬਖ਼ਸ਼ਸ਼ ਕੀਤੀ।

ਇਸ ਬੇੜੇ ਕਉ ਪਾਰਿ ਲੰਘਾਵੈ ॥

ਇਸ ਇਲਾਕੇ ਦੀਆਂ ਸੰਗਤਾਂ ਨੂੰ ਨਿਹਾਲ ਕਰਕੇ ਸੰਤ ਜੀ ਮਹਾਰਾਜ ਰਾਵਲਪਿੰਡੀ ਆਏ ਅਤੇ ਏਥੋਂ

ਕਸ਼ਮੀਰ ਜਾਣ ਦੀ ਤਿਆਰੀ ਕੀਤੀ। ਪਹਿਲਾਂ ਕੁਝ ਚਿਰ ਬਾਰਾਮੂਲੇ ਰਹੇ ਅਤੇ ਹਾਊਸ ਬੋਟ ਵਿੱਚ ਡੇਰਾ ਲਾਇਆ। ਇੱਕ ਦਿਨ ਸਰਦਾਰ ਸੰਤ ਸਿੰਘ ਥਮ੍ਹਾਲੀ ਵਾਲੇ ਨੇ ਪ੍ਰਸ਼ਾਦ ਲਈ ਆਖਿਆ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਪ੍ਰਵਾਨ ਕੀਤਾ। ਜਦ ਪ੍ਰਸ਼ਾਦ ਤਿਆਰ ਹੋ ਗਿਆ ਅਤੇ ਸਾਧ-ਸੰਗਤ ਪ੍ਰੇਮੀ ਦੇ ਘਰ ਵੱਲ ਤੁਰੇ, ਤਦ ਬੜੇ ਹੀ ਜ਼ੋਰ ਦਾ ਝੱਖੜ ਚੱਲ ਪਿਆ। ਪ੍ਰੇਮੀ ਦੇ ਘਰ ਪਹੁੰਚਣ ਲਈ ਦਰਿਆ ਪਾਰ ਕਰਨਾ ਸੀ। ਮਲਾਹਾਂ ਨੇ ਹੱਥ ਜੋੜ ਕੇ ਜਵਾਬ ਦਿੱਤਾ ਕਿ ਇਸ ਹਨ੍ਹੇਰੀ ਅੱਗੇ ਸਾਡੀ ਕੋਈ ਵਾਹ ਨਹੀਂ ਚੱਲਦੀ। ਜਦ ਸੰਗਤ ਨਿਰਾਸ ਹੋ ਗਈ ਤਾਂ ਸੰਤ ਜੀ ਮਹਾਰਾਜ ਨੇ ਦਿਲਾਸਾ ਦਿੱਤਾ ਤੇ ਫ਼ਰਮਾਇਆ, "ਭਾਈ ਡੋਲੋ ਨਹੀਂ ਸਤਿਗੁਰੂ ਪਾਰ ਕਰਨਗੇ।" ਇਹ ਕਹਿ ਬੜੀ ਉੱਚੀ ਸੁਰ ਵਿੱਚ ਇਹ ਸਾਰਾ ਸ਼ਬਦ ਪੜ੍ਹਿਆ ਅਤੇ ਸਾਧ-ਸੰਗਤ ਨੂੰ ਪੜ੍ਹਾਇਆ:

ਗਉੜੀ ॥

ਰਾਮ ਜਪਉ ਜੀ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥
ਦੀਨ ਦਇਆਲ ਭਰੋਸੇ ਤੇਰੇ ॥ ਸਭੁ ਪਰਵਾਰੁ ਚੜਾਇਆ ਬੇੜੇ ॥੧॥ਰਹਾਉ॥
ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ ਇਸ ਬੇੜੇ ਕਉ ਪਾਰਿ ਲਘਾਵੈ ॥੨॥
ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ ਚੂਕਿ ਗਈ ਫਿਰਿ ਆਵਨ ਜਾਨੀ ॥੩॥
ਕਹੁ ਕਬੀਰ ਭਜੁ ਸਾਰਿਗਪਾਨੀ ॥ ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੧੦॥੬੧॥ (੩੩੭)

ਤਦੋਂ ਹੀ ਪਤਾ ਲੱਗਾ ਜਦੋਂ ਕਿ ਸਾਰੇ ਦਰਿਆਵੋਂ ਪਾਰ ਪਹੁੰਚ ਗਏ।

ਬਾਰਾਮੂਲੇ ਦੀ ਸਾਧ ਸੰਗਤ ਦਾ ਸੰਤ ਜੀ ਮਹਾਰਾਜ ਨਾਲ ਬੜਾ ਹੀ ਪ੍ਰੇਮ ਹੋ ਗਿਆ। ਗੁਰਦੁਆਰਾ ਸਾਹਿਬ ਕੋਟ ਤੀਰਥ ਵਿੱਚ, ਜਿੱਥੇ ਮੀਰੀ-ਪੀਰੀ ਦੇ ਸਾਹਿਬ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਨੇ ਮਾਤਾ ਭਾਗਭਰੀ ਦੇ ਪ੍ਰੇਮ ਨੂੰ ਪੂਰਾ ਕਰਨ ਦੇ ਦੌਰੇ ਵਿੱਚ ਚਰਨ ਪਾਏ ਸਨ, ਸਵੇਰੇ ਸ਼ਾਮ ਦੀਵਾਨ ਲੱਗਦੇ। ਨਾਮ ਬਾਣੀ ਦਾ ਅਤੁੱਟ ਪ੍ਰਵਾਹ ਚੱਲਦਾ ਅਤੇ ਸਾਧ ਸੰਗਤ ਬੈਕੁੰਠ ਦਾ ਰੰਗ ਮਾਣਦੀ।

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ॥(੭੪੯)

ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਕਲਗੀਆਂ ਵਾਲੇ ਦੇ ਜਹਾਜ਼ 'ਤੇ ਚੜ੍ਹੇ। ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਦੇ ਨਿਵਾਸ ਲਈ ਗੁਰਦੁਆਰਾ ਸਾਹਿਬ ਦੇ ਨੇੜੇ ਦਰਿਆ ਜੇਹਲਮ ਦੇ ਕੰਢੇ ਇੱਕ ਬੜੀ ਸੁੰਦਰ ਤੇ ਇਕਾਂਤ ਕੁਟੀਆ ਪਾ ਦਿੱਤੀ।

ਬਾਰਾਮੂਲੇ ਤੋਂ ਸੰਤ ਜੀ ਮਹਾਰਾਜ ਸ੍ਰੀਨਗਰ ਪਹੁੰਚੇ। ਇੱਥੇ ਭਾਈ ਕਾਹਨ ਸਿੰਘ ਜੀ, ਪੰਥ ਦੇ ਪ੍ਰਸਿੱਧ ਵਿਦਵਾਨ ਦਾ ਸੰਤ ਜੀ ਮਹਾਰਾਜ ਨਾਲ ਮਿਲਾਪ ਹੋਇਆ। ਭਾਈ ਸਾਹਿਬ ਆਪਣੀ ਕਲਮ ਨਾਲ ਇਸ ਦਰਸ਼ਨ ਦਾ ਨਕਸ਼ਾ ਇਉਂ ਖਿੱਚਦੇ ਹਨ: 'ਸੰਤ ਜੀ ਮਹਾਰਾਜ ਦੇ ਮਨੋਹਰ ਸ਼ਬਦ ਅਦਭੁਤ ਸੁਰ ਵਿੱਚ ਸਾਰੇ ਖ਼ਾਲਸਾ ਪੰਥ ਦੇ ਮਾਈ-ਭਾਈ ਨੇ ਸੁਣੇ ਹੀ ਹਨ। ਇਨ੍ਹਾਂ ਦਾ ਅਪਾਰ ਪ੍ਰਭਾਵ ਸੰਗਤਾਂ 'ਤੇ ਪੈਂਦਾ ਸੀ। ਮੈਨੂੰ ਰਾਗ ਦਾ ਰਸੀਆ ਜਾਣ ਕੇ ਇੱਕ ਦਿਨ ਕੰਨ ਵਿੱਚ ਆਖਿਆ, ਇਹ ਸ਼ਬਦ ਤਾਂ ਅਸੀਂ ਸਾਰੀ ਸੰਗਤ ਨੂੰ ਨਾਲ ਰਲਾਉਣ ਵਾਸਤੇ ਗਾਉਂਦੇ ਹਾਂ। ਜੇ ਆਪ ਦੀ ਇੱਛਾ ਹੈ, ਤਾਂ ਆਪ ਨੂੰ ਰਾਗ ਵੀ ਸੁਣਾ ਦਿੰਦੇ ਹਾਂ!" ਇਹ ਫ਼ਰਮਾ ਕੇ ਇੱਕ ਸ਼ਬਦ, ਚਾਰ ਤਾਰ ਦਾ ਮਾਰਵੇ ਵਿੱਚ ਅਤੇ ਇੱਕ ਪੂਰੀਏ ਵਿੱਚ ਤਿੰਨ-ਤਾਰ ਦਾ ਅਜੇਹਾ ਮਨੋਹਰ ਗਾਇਆ ਕਿ ਉਹ ਦੈਵੀ ਧਾਰਨਾ ਅਤੇ ਸੁਰ ਮੇਰੇ ਕੰਨਾਂ ਵਿੱਚ ਹੁਣ ਵੀ ਗੂੰਜਦੀਆਂ ਹਨ। ਸੰਤ ਜੀ, ਆਤਮ ਗਿਆਨੀ, ਭਗਤ, ਨਾਮ ਰਸੀਏ, ਰਾਗ ਦੇ ਪੂਰੇ ਵਾਕਫ਼, ਉਪਕਾਰੀ ਉਦਾਰ ਚਿੱਤ ਅਤੇ ਪੂਰਨ ਨਿਮਰ ਸਨ। ਅਜਿਹੇ ਮਹਾਂਪੁਰਖ ਜੀਵਾਂ ਦੇ ਕਲਿਆਣ ਵਾਸਤੇ ਕਦੇ-ਕਦੇ ਇਸ ਸੰਸਾਰ ਵਿੱਚ ਪ੍ਰਗਟ ਹੁੰਦੇ ਹਨ।

ਜੋਤ ਅਧਿਕਾਰੀ ਨੂੰ ਮਿਲੇਗੀ

ਸ੍ਰੀਨਗਰ ਤੋਂ ਸੰਤ ਜੀ ਮਹਾਰਾਜ ਰਾਵਲਪਿੰਡੀ, ਕਹੂਟੇ ਅਤੇ ਪੋਠੋਹਾਰ ਦੇ ਕਈ ਥਾਂਵਾਂ ਤੋਂ ਹੁੰਦੇ ਹੋਏ ਗੁਰਸਾਗਰ ਸਾਹਿਬ ਮਸਤੂਆਣੇ ਆ ਗਏ ਅਤੇ ਕੁਝ ਚਿਰ ਬੈਠ ਕੇ ਅਸਥਾਨ ਦੀ ਸੇਵਾ ਕਰਵਾਈ। ਏਸ ਸਮੇਂ ਦੀ ਇੱਕ ਖਾਸ ਗੱਲ ਭਾਈ ਸੰਤ ਗੁਲਾਬ ਸਿੰਘ ਜੀ ਦੀ ਜ਼ਬਾਨੀ ਦੱਸੀ ਹੋਈ ਇਸ ਤਰ੍ਹਾਂ ਆਉਂਦੀ ਹੈ: 'ਕੁਝ ਸਮਾਂ ਪਹਿਲਾਂ ਸੰਤ ਜੀ ਮਹਾਰਾਜ ਨੇ ਭਾਈ ਤੇਜਾ ਸਿੰਘ ਭਸੌੜ ਵਾਲੇ ਨੂੰ ਗੁਰਸਾਗਰ ਸਾਹਿਬ ਮਸਤੂਆਣੇ ਵਿੱਚ ਵਿੱਦਿਅਕ ਆਸ਼ਰਮ ਚਲਾਉਣ ਦੀ ਸੇਵਾ ਬਖਸ਼ੀ ਸੀ। ਮਹਾਰਾਜ ਨੇ ਭਾਈ ਤੇਜਾ ਸਿੰਘ ਤੇ ਟਿੱਕਾ ਸਾਹਿਬ ਨਾਭਾ (ਮਹਾਰਾਜਾ ਰਿਪੁਦਮਨ ਸਿੰਘ ਅੱਜ-ਕੱਲ੍ਹ ਮਹਾਰਾਜ ਗੁਰਚਰਨ ਸਿੰਘ) ਨੂੰ ਸੱਦਾ ਭੇਜਿਆ। ਇਹ ਦੋਵੇਂ ਸੁਨੇਹਾ ਪੁੱਜਣ 'ਤੇ, ਗੁਰਸਾਗਰ ਸਾਹਿਬ ਆ ਗਏ। ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਇਕਾਂਤ ਵਿਚਾਰ ਲਈ ਆਪਣੇ ਨਿੱਜ ਦੇ ਕਮਰੇ ਵਿੱਚ ਸੱਦਿਆ ਅਤੇ ਸੰਤ ਭਾਈ ਗੁਲਾਬ ਸਿੰਘ ਜੀ ਨੂੰ ਆਪਣੀ ਸੇਵਾ ਵਿੱਚ ਹਾਜ਼ਰ ਰੱਖਿਆ।

ਜਦ ਸਾਰੇ ਆਪਣੀ-ਆਪਣੀ ਥਾਂ ਬੈਠ ਗਏ, ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਤੇਜਾ ਸਿੰਘ ਜੀ ਤੁਸੀਂ ਟਿੱਕਾ ਸਾਹਿਬ ਨਾਲ ਮਿਲ ਕੇ ਮਸਤੂਆਣੇ ਵਿੱਚ ਵਿੱਦਿਅਕ ਆਸ਼ਰਮ ਚਲਾਉ। ਇਹ ਬੜੇ ਪ੍ਰੇਮੀ ਹਨ, ਤਨ, ਮਨ, ਧਨ ਕਰ ਕੇ ਸੇਵਾ ਕਰਨਗੇ।" ਭਾਈ ਤੇਜਾ ਸਿੰਘ ਜੀ ਨੇ ਆਖਿਆ ਕਿ ਇਹ ਕੀ ਕਰਨ ਯੋਗ ਹਨ; ਹਜ਼ੂਰ ਦੀ ਮਦਦ ਨਾਲ ਹੀ ਆਸ਼ਰਮ ਚੱਲੇਗਾ। ਸੰਤ ਜੀ ਮਹਾਰਾਜ ਨੇ ਦੂਜੀ ਵਾਰ ਫ਼ਰਮਾਇਆ, "ਭਾਈ! ਅਸੀਂ ਤਾਂ ਗਰੀਬ ਸਾਧ ਹਾਂ; ਮਾਇਆ ਦੀ ਖੇਡ ਮਾਇਆ ਧਾਰੀਆਂ ਦੇ ਸਪੁਰਦ ਹੀ ਚੰਗੀ ਹੁੰਦੀ ਹੈ। ਅਸਾਂ ਤਾਂ ਖਾਸ ਕਾਰਨਾਂ ਕਰਕੇ, ਥੋੜ੍ਹੇ ਚਿਰ ਲਈ, ਮਾਲਵੇ ਦੇਸ਼ ਦੇ ਲਾਭ ਹਿੱਤ ਇਹ ਪੰਡ ਚੁੱਕੀ ਸੀ। ਹੁਣ ਤੁਸੀਂ ਦੋਵੇਂ ਮਿਲ ਕੇ ਇਸ ਨੂੰ ਸੰਭਾਲੋ। ਫੇਰ ਅਸੀਂ ਅਜ਼ਾਦ ਹੋ ਕੇ ਨਾਮ-ਬਾਣੀ ਅਤੇ ਅੰਮ੍ਰਿਤ ਦਾ ਖੁੱਲ੍ਹਾ ਪ੍ਰਚਾਰ ਕਰ ਕਰ ਸਕਾਂਗੇ।" ਭਾਈ ਤੇਜਾ ਸਿੰਘ ਜੀ ਨੇ ਟਿੱਕਾ ਸਾਹਿਬ ਵੱਲ ਹੱਥ ਕਰ ਕੇ ਆਖਿਆ ਕਿ ਇਹ ਤਾਂ ਕੰਗਾਲ ਹਨ, ਹਜ਼ੂਰ ਦਾ ਹੱਥ ਸਿਰ 'ਤੇ ਲੋੜੀਂਦਾ ਹੈ। **ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਤੇਜਾ ਸਿੰਘ ਇਹਨਾਂ ਤੇ ਸਤਿਗੁਰ ਦੀ ਮਿਹਰ ਹੈ; ਇਹਨਾਂ ਨਾਲ ਮਿਲ ਕੇ ਕੰਮ ਚਲਾਉ।" ਇਹ ਸੁਣ ਭਾਈ ਤੇਜਾ ਸਿੰਘ ਜੀ ਨੇ ਮੂੰਹ ਪਾੜ ਕੇ ਆਖਿਆ ਕਿ ਜੇ ਆਪ ਮਾਇਆ ਦੀ ਮਦਦ ਨਹੀਂ ਕਰ ਸਕਦੇ ਤਾਂ ਆਪਣੀ ਜੋਤ ਮੈਨੂੰ ਦੇ ਦਿਉ। ਇਹ ਗੱਲ ਸੁਣਦੇ ਸਾਰ ਹੀ, ਸੰਤ ਦਾ ਚਿਹਰਾ ਲਾਲ ਹੋ ਗਿਆ ਤੇ ਮੁੱਖੋਂ ਇਹ ਬਚਨ ਨਿਕਲੇ, "ਸਿਰ ਹਾਜ਼ਰ ਹੈ; ਜੋਤ ਅਧਿਕਾਰੀ ਨੂੰ ਮਿਲੇਗੀ।"** ਦੂਜੇ ਦਿਨ ਅੰਮ੍ਰਿਤ ਵੇਲੇ ਹੀ ਸੰਤ ਜੀ ਮਹਾਰਾਜ ਉਪਰਾਮ ਹੋ ਕੇ, ਚੁਪੀਤੇ ਹੀ ਗੁਰਸਾਗਰ ਸਾਹਿਬ ਤੋਂ ਚਲੇ ਗਏ। ਟਿੱਕਾ ਸਾਹਿਬ ਅਤੇ ਭਾਈ ਤੇਜਾ ਸਿੰਘ ਆਪਣੇ ਥਾਂ ਮੁੜ ਗਏ।

ਇਸ ਤੋਂ ਕੁਝ ਚਿਰ ਮਗਰੋਂ ਮਹਾਰਾਜਾ ਭੂਪਿੰਦਰ ਸਿੰਘ, ਮਹਿੰਦਰ ਬਹਾਦਰ ਪਟਿਆਲਾ ਦੀ ਗੱਦੀ ਨਸ਼ੀਨੀ ਹੋਈ। ਗੱਦੀ 'ਤੇ ਬੈਠਦਿਆਂ ਹੀ ਮਹਾਰਾਜਾ ਸਾਹਿਬ ਨੇ ਗੁਰਮਤਿ ਨਾਲ ਬੜਾ ਪ੍ਰੇਮ ਪ੍ਰਗਟ ਦੀਤਾ। ਸਾਰੀ ਰਿਆਸਤ ਦੇ ਦਫ਼ਤਰਾਂ ਤੇ ਕਚਹਿਰੀਆਂ ਵਿੱਚ ਗੁਰਮੁਖੀ ਪ੍ਰਚੱਲਤ ਕਰਨ ਦਾ ਹੁਕਮ ਦੇ ਦਿੱਤਾ। ਆਪਣਾ ਅਨੰਦ ਕਾਰਜ ਵੀ ਨਿਰੋਲ ਗੁਰਮਤਿ ਅਨੁਸਾਰ ਕਰਾਇਆ ਅਤੇ ਫੇਰ ਸਤਿਸੰਗ ਲਈ ਸੰਤ ਜੀ ਮਹਾਰਾਜ ਨੂੰ ਪਟਿਆਲੇ ਸੱਦ ਭੇਜਿਆ।

ਸੰਤ ਜੀ ਮਹਾਰਾਜ ਨੇ ਆਪਣੇ ਮੁਖਾਰਬਿੰਦ ਤੋਂ ਹੇਠ ਲਿਖੀ ਵਾਰਤਾ ਦਾਸ ਨੂੰ ਸੁਣਾਈ:

` "ਇਸ ਸਮੇਂ ਮਹਾਰਾਜਾ ਭੂਪਿੰਦਰ ਸਿੰਘ ਦੇ ਚਿੱਤ ਵਿੱਚ ਸਤਿਸੰਗ ਤੇ ਗੁਰਬਾਣੀ ਦੇ ਪਿਆਰ ਦੀ ਬੜੀ ਸੋਹਣੀ ਲਹਿਰ ਚੱਲ ਪਈ ਸੀ। ਸਾਡਾ ਅੰਦਰੋਂ ਇਹ ਪ੍ਰੇਮ ਸੀ ਕਿ ਘੱਟ ਤੋਂ ਘੱਟ ਛੇ ਮਹੀਨੇ ਮਹਾਰਾਜ ਦੇ ਨੇੜੇ ਰਹਿ ਕੇ ਉਸ ਦੀ ਇਹ ਬਿਰਤੀ ਪਰਪੱਕ ਕਰ ਦੇਈਏ। ਪਰ ਕਰਤਾਰ ਦੀ ਨੇਤ, ਭਾਈ ਤੇਜਾ ਸਿੰਘ ਭਸੌੜੀਏ ਦੇ

ਚਿੱਤ ਵਿੱਚ ਇਹ ਫੁਰ ਪਿਆ ਕਿ ਜਿਹੜਾ ਸੱਤ ਲੱਖ ਰੁਪਿਆ ਮਹਾਰਾਜਾ ਪਟਿਆਲੇ ਨੇ ਪੰਚ-ਖੰਡ ਭਸੌੜ ਨੂੰ ਦੇਣ ਦੀ ਆਸ ਦਿਵਾਈ ਹੋਈ ਹੈ, ਉਹ ਕਿਧਰੇ ਸੰਤ ਗੁਰਸਾਗਰ ਸਾਹਿਬ ਮਸਤੂਆਣੇ ਵਾਸਤੇ ਨਾਲ ਲੈ ਜਾਣ। ਇੱਕ ਦਿਨ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ। ਅਸੀਂ ਤਾਬੇ ਬੈਠੇ ਸੀ ਅਤੇ ਸਾਖੀ ਹੋ ਕੇ ਸਾਰੀ ਸੰਗਤ ਨੂੰ ਦੇਖ ਰਹੇ ਸੀ। ਭਾਈ ਤੇਜਾ ਸਿੰਘ ਭਸੌੜ ਨੇ ਭਾਈ ਤੇਜਾ ਸਿੰਘ ਮੈਂਗਨ ਨਾਲ ਦੀਵਾਨ ਵਿੱਚ ਹੀ ਕਾਨਾਫੂਸੀ ਸ਼ੁਰੂ ਕਰ ਦਿੱਤੀ। ਸਾਨੂੰ ਇਹਨਾਂ ਦੀ ਸਾਰੀ ਗੱਲਬਾਤ ਸੁਣਾਈ ਦਿੰਦੀ ਰਹੀ। ਭਾਈ ਤੇਜਾ ਸਿੰਘ ਭਸੌੜ ਨੇ ਆਖਿਆ, ''ਭਾਈ ਮੈਂਗਨ ਜੀ! ਤੁਸੀਂ ਕਿਸੇ ਨਾ ਕਿਸੇ ਤਰ੍ਹਾਂ ਸੰਤਾਂ ਨੂੰ ਪਟਿਆਲੇ ਤੋਂ ਲੈ ਜਾਵੋ।'' ਭਾਈ ਤੇਜਾ ਸਿੰਘ ਮੈਂਗਨ ਨੇ ਆਖਿਆ ਕਿ ਮੇਰਾ ਅੱਗੇ ਹੀ ਸੰਤ ਜੀ ਮਹਾਰਾਜ ਨੂੰ ਚੱਕਵਾਲ ਲੈ ਜਾਣ ਦਾ ਇਰਾਦਾ ਹੈ, ਪਰ ਇਹ ਸੋਹਣਾ ਪ੍ਰਚਾਰ ਅਤੇ ਮਹਾਰਾਜਾ ਸਾਹਿਬ 'ਤੇ ਸਤਿਸੰਗ ਦਾ ਰੰਗ ਚੜ੍ਹਦਾ ਦੇਖ ਕੇ ਮੇਰਾ ਚਿੱਤ ਅਰਜ਼ ਕਰਨ ਤੋਂ ਝਕਦਾ ਹੈ। ਭਾਈ ਤੇਜਾ ਸਿੰਘ ਭਸੌੜੀਏ ਨੇ ਆਖਿਆ ਕਿ ਜ਼ਰੂਰ ਅਰਜ਼ ਕਰੋ ਅਤੇ ਆਪਣੀ ਸਾਰੀ ਵਾਹ ਲਾ ਕੇ ਸੰਤ ਜੀ ਨੂੰ ਲੈ ਜਾਉ। ਭਾਈ ਤੇਜਾ ਸਿੰਘ ਮੈਂਗਨ ਨੇ ਜਵਾਬ ਦਿੱਤਾ, ''ਅੱਛਾ ਜੀ।''

''ਦੀਵਾਨ ਦੇ ਭੋਗ ਮਗਰੋਂ ਅਸੀਂ ਆਪਣੇ ਆਸਣ 'ਤੇ ਆ ਗਏ ਅਤੇ ਪ੍ਰਸ਼ਾਦ ਛਕ, ਸਾਧ-ਸੰਗਤ ਦੇ ਦਰਸ਼ਨ-ਮੇਲੇ ਲਈ ਬੈਠ ਗਏ। ਭਾਈ ਤੇਜਾ ਸਿੰਘ ਮੈਂਗਨ ਵੀ ਆ ਗਿਆ ਤੇ ਇਸ ਨੇ ਸਾਨੂੰ ਚੱਕਵਾਲ ਖ਼ਾਲਸਾ ਹਾਈ ਸਕੂਲ ਦੀ ਨੀਂਹ ਰੱਖਣ ਲਈ ਬੇਨਤੀ ਕੀਤੀ। ਅਸਾਂ ਨਾਂਹ ਕਰ ਦਿੱਤੀ ਅਤੇ ਆਖਿਆ ਭਾਈ ਤੇਜਾ ਸਿੰਘ ਜੀ! ਸਾਡੇ ਏਥੇ ਰਹਿਣ ਵਿੱਚ ਬੜਾ ਹੀ ਲਾਭ ਹੋਵੇਗਾ। ਜੇ ਮਹਾਰਾਜਾ ਗੁਰਮਤਿ ਵਿੱਚ ਪੱਕਾ ਹੋ ਗਿਆ, ਤਦ ਸਾਰੇ ਪੰਥਕ ਕਾਰਜਾਂ ਅਤੇ ਆਸ਼ਰਮਾਂ ਦੀ ਸਹਾਇਤਾ ਕਰੇਗਾ। ਅਜੇ ਇਹ ਬਚਨ ਸਾਡੇ ਮੂੰਹੋਂ ਨਿਕਲੇ ਹੀ ਸਨ ਕਿ ਤੇਜਾ ਸਿੰਘ ਮੈਂਗਨ ਨੇ ਆਪਣੀ ਪੱਗ ਲਾਹ ਸਾਡੇ ਪੈਰਾਂ 'ਤੇ ਧਰ ਦਿੱਤੀ ਮਹਾਰਾਜ ਜੀ, ਜਿਉਂ ਜਾਣੋਂ ਦਾਸ ਦੀ ਲਾਜ ਰੱਖੋ। ਹੁਣ ਸਾਡੀ ਕੋਈ ਵਾਹ ਨਾ ਰਹੀ। ਸ਼ਰਨ ਆਏ ਦੀ ਲਾਜ ਰੱਖਣਾ ਖ਼ਾਲਸੇ ਦਾ ਬਿਰਦ ਹੈ। ਅਸੀਂ ਆਖਿਆ, ''ਅੱਛਾ ਭਾਈ!'' ਦੂਜੇ ਦਿਨ ਹੀ ਸਾਨੂੰ ਚੱਕਵਾਲ ਵੱਲ ਟੁਰਨਾ ਪਿਆ ਤੇ ਮਹਾਰਾਜਾ ਸਾਹਿਬ ਦੀ ਬਿਰਤੀ ਕੱਚੀ ਦੀ ਕੱਚੀ ਹੀ ਰਹਿ ਗਈ।

ਦਿੱਲੀ ਦਰਬਾਰ ਜਾਰਜ ਪੰਚਮ ਨੂੰ ਦਰਸ਼ਨ

ਚੱਕਵਾਲ ਹਾਈ ਸਕੂਲ ਦੀ ਨੀਂਹ ਰੱਖਣ ਦੇ ਮਗਰੋਂ ਕੁਝ ਦਿਨ ਸੰਤ ਜੀ ਮਹਾਰਾਜ ਇੱਥੇ ਰਹੇ ਅਤੇ ਨਾਮ-ਬਾਣੀ ਅੰਮ੍ਰਿਤ ਪ੍ਰਚਾਰ ਦਾ ਬਹੁਤ ਹੀ ਪ੍ਰਵਾਹ ਚੱਲਿਆ। ਫੇਰ ਧੰਨ ਪੋਠੋਹਾਰ ਇਲਾਕੇ ਵਿੱਚ ਕੁਝ ਚਿਰ ਦੌਰਾ ਕਰ, ਰਾਹ ਵਿੱਚ ਸੰਗਤਾਂ ਨੂੰ ਨਿਹਾਲ ਕਰਦੇ, ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਆ ਪਹੁੰਚੇ। ਇਹਨਾਂ ਦਿਨਾਂ ਵਿੱਚ ਜਾਰਜ ਪੰਚਮ ਦੇ ਵੱਡੇ ਦਿੱਲੀ ਦਰਬਾਰ (੧੯੧੧) ਦੀ ਤਿਆਰੀ ਹੋ ਰਹੀ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਕਮੇਟੀ ਨੇ ਗੁਰਮਤਾ ਕਰਕੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਮਸਤੂਆਣੇ ਪੱਤ੍ਰਕਾ ਭੇਜੀ ਕਿ ਤੁਸੀਂ ਸਾਡੇ ਨਾਲ ਪ੍ਰਤਿਨਿਧ ਹੋ ਕੇ ਦਿੱਲੀ ਦਰਬਾਰ ਵਿੱਚ ਸ਼ਾਮਲ ਹੋਵੋ ਅਤੇ ਓਥੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ।

ਜਦ ਇਹ ਚਿੱਠੀ ਪੜ੍ਹੀ ਗਈ, ਤਦ ਸਾਧ-ਸੰਗਤ ਵਿੱਚ ਇਹ ਵਿਚਾਰ ਹੋਈ ਕਿ ਗੁਰਸਾਗਰ ਸਾਹਿਬ ਮਸਤੂਆਣਾ, ਰਿਆਸਤ ਜੀਂਦ ਦੀ ਹੱਦ ਵਿੱਚ ਹੈ। ਦਿੱਲੀ ਦਰਬਾਰ ਇੱਕ ਰਾਜਨੀਤਿਕ ਸਮਾਗਮ ਹੈ। ਸਾਡਾ ਧਰਮ ਹੈ ਕਿ ਦਰਬਾਰ ਜੀਂਦ ਨੂੰ ਇਸ ਪੱਤ੍ਰਕਾ ਦੀ ਖ਼ਬਰ ਕਰ ਦੇਈਏ। ਗੁਰਮਤੇ ਅਨੁਸਾਰ, ਭਾਈ ਹਰੀ ਸਿੰਘ ਜੀ ਗੜਵਈ ਨੂੰ ਸੰਤ ਜੀ ਮਹਾਰਾਜ ਨੇ ਸਰਦਾਰ ਸ਼ਮਸ਼ੇਰ ਸਿੰਘ ਚੀਫ਼ ਮਨਿਸਟਰ ਜੀਂਦ ਪਾਸ ਭੇਜ ਦਿੱਤਾ। ਉਹਨਾਂ ਨੂੰ ਭਾਈ ਹਰੀ ਸਿੰਘ ਜੀ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਕਮੇਟੀ ਦੀ ਚਿੱਠੀ ਪੜ੍ਹ ਕੇ ਸੁਣਾਈ। ਸਰਦਾਰ

ਸ਼ਮਸ਼ੇਰ ਸਿੰਘ ਜੀ ਨੇ ਚਿੱਠੀ ਸੁਣਦੇ ਸਾਰ ਹੀ ਭਾਈ ਹਰੀ ਸਿੰਘ ਜੀ ਨੂੰ ਆਖਿਆ ਕਿ ਇਸ ਕਾਰਜ ਸੰਬੰਧੀ ਰਿਆਸਤ ਜੀਂਦ ਦਾ ਹੱਕ ਸੰਤ ਜੀ ਮਹਾਰਾਜ 'ਤੇ ਸਭ ਤੋਂ ਪਹਿਲਾਂ ਹੈ। ਅਸੀਂ ਉਹਨਾਂ ਨੂੰ ਆਪਣੇ ਨਾਲ ਲੈ ਜਾਵਾਂਗੇ ਅਤੇ ਸਾਰੀ ਸੇਵਾ ਦਾ ਪ੍ਰਬੰਧ ਕਰਾਂਗੇ।

ਵਜ਼ੀਰ ਸਾਹਿਬ ਨਾਲ ਇਹ ਵਿਚਾਰ ਕਰ ਕੇ ਭਾਈ ਹਰੀ ਸਿੰਘ ਜੀ ਸੰਤ ਜੀ ਮਹਾਰਾਜ ਪਾਸ ਗੁਰਸਾਗਰ ਸਾਹਿਬ ਮਸਤੂਆਣੇ ਮੁੜ ਆਏ ਅਤੇ ਸਾਰੀ ਗੱਲਬਾਤ ਆ ਸੁਣਾਈ। ਸੰਤ ਜੀ ਮਹਾਰਾਜ ਨੇ ਰਿਆਸਤ ਵੱਲੋਂ ਜਾਣ ਦੀ ਮਨਜ਼ੂਰੀ ਦੇ ਦਿੱਤੀ ਅਤੇ ਖ਼ਾਲਸਾ ਕਾਲਜ ਪ੍ਰਬੰਧਕ ਕਮੇਟੀ ਨੂੰ ਉੱਤਰ ਭੇਜ ਦਿੱਤਾ ਕਿ ਰਿਆਸਤ ਜੀਂਦ ਸਾਨੂੰ ਆਪਣੀ ਤਰਫ਼ੋਂ ਦਿੱਲੀ ਦਰਬਾਰ ਨੂੰ ਲੈ ਜਾ ਰਹੀ ਹੈ।

ਥੋੜ੍ਹੇ ਦਿਨਾਂ ਮਗਰੋਂ ਰਿਆਸਤ ਜੀਂਦ ਦੀ ਸਪੈਸ਼ਲ ਗੱਡੀ ਦਿੱਲੀ ਦਰਬਾਰ ਲਈ ਤੁਰੀ। ਇਸ ਵਿੱਚ ਸੰਤ ਜੀ ਮਹਾਰਾਜ ਅਤੇ ਉਹਨਾਂ ਦੇ ਜਥੇ ਲਈ ਇੱਕ ਸੈਕੰਡ ਕਲਾਸ ਬੋਗੀ ਰੀਜ਼ਰਵ ਕਰਾ ਦਿੱਤੀ ਗਈ। ਦਿੱਲੀ ਪੁੱਜਣ 'ਤੇ ਜੀਂਦ ਹਾਊਸ ਵਿੱਚ ਡੇਰਾ ਕਰਾਇਆ ਗਿਆ ਅਤੇ ਇੱਕ ਫਿਟਨ ਤੇ ਲੰਗਰ ਦੇ ਸੇਵਕ ਸੇਵਾ ਵਿੱਚ ਹਾਜ਼ਰ ਹੋ ਗਏ।

ਹੁਣ ਦਰਬਾਰ ਦਾ ਦਿਨ ਨੇੜੇ ਆ ਗਿਆ। ਮੁਗ਼ਲੀਆ ਖਾਨਦਾਨ ਤੇ ਉਸ ਤੋਂ ਪਹਿਲਾਂ ਰਾਜਪੂਤ ਅਤੇ ਹੋਰ ਹਿੰਦੂ ਮਹਾਰਾਜਿਆਂ ਦੇ ਵਕਤ ਦਾ ਦਸਤੂਰ ਸੀ ਕਿ ਦਰਬਾਰ ਦਾ ਜਲੂਸ ਹਾਥੀਆਂ 'ਤੇ ਨਿਕਲੇ। ਲਾਰਡ ਹਾਰਡਿੰਗ 'ਤੇ ਬੰਬ ਚੱਲ ਜਾਣ ਦੇ ਕਾਰਨ ਇਹ ਫੈਸਲਾ ਹੋ ਚੁੱਕਾ ਸੀ ਕਿ ਜਾਰਜ ਪੰਚਮ ਦੀ ਸਵਾਰੀ ਘੋੜੇ 'ਤੇ ਹੀ ਨਿਕਲੇਗੀ। ਖ਼ਾਲਸਾ ਜੀ ਨੇ ਇਹ ਗੁਰਮਤਾ ਕੀਤਾ ਕਿ ਸਮੇਂ ਦੀ ਸ਼ੋਭਾ ਅਤੇ ਗੁਰੂ ਘਰ ਦੀ ਸ਼ਾਨ ਨੂੰ ਵਧਾਉਣ ਲਈ ਇੱਕ ਅਦੁੱਤੀ ਤੇ ਬੜਾ ਸ਼ਾਨਦਾਰ ਜਲੂਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ, ਦਰਬਾਰ ਦੇ ਨੀਯਤ ਦਿਨ ਤੋਂ ਇੱਕ ਦਿਨ ਪਹਿਲਾਂ ਕੱਢਿਆ ਜਾਵੇ। ਸਿੱਖਾਂ ਦਾ ਮੁਖੀ ਮਹਾਰਾਜਾ ਜਾਣ ਕੇ, ਇਸ ਜਲੂਸ ਦਾ ਪ੍ਰਬੰਧ ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਨੂੰ ਬਖਸ਼ਿਆ ਗਿਆ। ਸੰਤ ਜੀ ਮਹਾਰਾਜ ਅੱਗੇ ਸਾਰੀ ਸਾਧ-ਸੰਗਤ ਵੱਲੋਂ ਬੇਨਤੀ ਕੀਤੀ ਗਈ ਕਿ ਉਹ ਜਲੂਸ ਵਿੱਚ ਦਰਸ਼ਨ ਦੇ ਕੇ ਇਸ ਦੀ ਸ਼ੋਭਾ ਨੂੰ ਵਧਾਉਣ ਅਤੇ ਸੰਗਤਾਂ ਨੂੰ ਨਿਹਾਲ ਕਰਨ।

ਜਲੂਸ ਵਾਲੇ ਦਿਹਾੜੇ ਐਨ ਵੇਲੇ ਸਿਰ ਸੰਤ ਜੀ ਮਹਾਰਾਜ ਫਿਟਨ 'ਤੇ ਸਵਾਰ ਹੋ ਪਟਿਆਲੇ ਹਾਊਸ ਦਿੱਲੀ ਵਿੱਚ ਪੁੱਜ ਗਏ। ਇੱਥੇ ਅੱਗੇ ਹੀ ਜਲੂਸ ਦੀ ਸਾਰੀ ਤਿਆਰੀ ਹੋ ਰਹੀ ਸੀ। ਜਦ ਪਟਿਆਲੇ ਦੇ ਮੁਖੀ ਅਹਿਲਕਾਰਾਂ ਨੂੰ ਸੰਤ ਜੀ ਮਹਾਰਾਜ ਦੇ ਪੁੱਜਣ ਦੀ ਖ਼ਬਰ ਹੋਈ, ਤਾਂ ਸਾਰੇ ਦੇ ਸਾਰੇ ਦਰਸ਼ਨ ਕਰਨ ਲਈ ਆ ਗਏ ਤੇ ਬੜੇ ਪ੍ਰੇਮ ਸ਼ਰਧਾ ਨਾਲ ਚਰਨ ਪਰਸੇ। ਸਾਰਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਤੁਸੀਂ ਫਿਟਨ ਇੱਥੇ ਹੀ ਛੱਡ ਦਿਉ ਤੇ ਹਾਥੀ 'ਤੇ ਸਸ਼ੋਭਿਤ ਹੋ ਕੇ ਜਲੂਸ ਦੀ ਸ਼ਾਨ ਨੂੰ ਵਧਾਓ।"

ਹੁਣ ਜਲੂਸ ਤਿਆਰ ਹੋ ਗਿਆ। ਵਾਇਸਰਾਇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬਹਿਣ ਲਈ ਆਨਰੇਬਲ ਸਰ, ਬਾਬਾ ਗੁਰਬਖਸ਼ ਸਿੰਘ ਜੀ ਬੇਦੀ ਨੂੰ ਨੀਯਤ ਕੀਤਾ ਹੋਇਆ ਸੀ। ਪਰ ਮਹਾਰਾਜਾ ਪਟਿਆਲਾ ਨੇ ਆਖਿਆ ਕਿ ਜਲੂਸ ਦਾ ਪ੍ਰਬੰਧ ਮੇਰਾ ਹੈ; ਮੈਂ ਆਪਣੀ ਰਾਇ ਅਨੁਸਾਰ, ਜਿਸ ਨੂੰ ਚਾਹਵਾਂਗਾ ਤਾਬਿਆ ਬੈਠਾਵਾਂ। ਸੋ ਇਸ ਸੇਵਾ ਲਈ ਮਹਾਰਾਜਾ ਸਾਹਿਬ ਨੇ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ ਨੂੰ ਅਰਜ਼ ਕੀਤੀ। ਭਾਈ ਸਾਹਿਬ ਨੇ ਜਲੂਸ ਦਾ ਅਰਦਾਸਾ ਸੋਧਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇੱਕ ਸੁਨਹਿਰੀ ਪਾਲਕੀ ਵਿੱਚ ਹਾਥੀ 'ਤੇ ਸਜਾਏ ਅਤੇ ਭਾਈ ਅਰਜਨ ਸਿੰਘ ਜੀ ਤਾਬੇ ਹਾਜ਼ਰ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਦੇ ਪਿੱਛੇ ਸੰਤ ਜੀ ਮਹਾਰਾਜ ਦਾ ਹਾਥੀ, ਫੇਰ ਨੰਬਰਵਾਰ ਹੋਰ ਗੁਰਮੁਖਾਂ,

ਰਾਜਿਆਂ, ਮਹਾਰਾਜਿਆਂ, ਸਰਦਾਰਾਂ ਅਤੇ ਅਤੇ ਕੀਰਤਨੀ ਜਥਿਆਂ ਦੇ ਹਾਥੀ ਨੀਯਤ ਕੀਤੇ ਗਏ। ਜਲੂਸ ਪਟਿਆਲਾ ਹਾਊਸ ਤੋਂ ਚੱਲ ਕੇ ਸੀਸ-ਗੰਜ ਸਾਹਿਬ ਪਹੁੰਚਿਆ।

ਇੱਥੇ ਸਾਰੇ ਹਾਥੀਆਂ ਤੋਂ ਉੱਤਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਧੂੜ ਲੈਣ ਲਈ ਹਾਜ਼ਰ ਹੋਏ। ਕੁਝ ਚਿਰ ਬੜੇ ਅਦਬ-ਸਤਿਕਾਰ ਅਤੇ ਵੈਰਾਗ ਵਿੱਚ ਸੰਗਤ ਬੈਠੀ ਰਹੀ। ਰਾਗੀ ਸਿੰਘਾਂ ਨੇ ਅਮੋਲਕ ਕੀਰਤਨ ਦੁਆਰਾ ਸਾਧ-ਸੰਗਤ ਨੂੰ ਨਿਹਾਲ ਕੀਤਾ। ਫਿਰ ਅਰਦਾਸਾ ਸੋਧਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਸੁਣਾਉਣ ਦੇ ਮਗਰੋਂ ਕੜਾਹ-ਪ੍ਰਸ਼ਾਦ ਵਰਤਾਇਆ ਗਿਆ।

ਹੁਣ ਜਲੂਸ ਦੇ ਕਿਲ੍ਹੇ ਵੱਲ ਟੁਰਨ ਦਾ ਸਮਾਂ ਆ ਗਿਆ। ਸਾਰੇ ਆਪਣੇ-ਆਪਣੇ ਹਾਥੀਆਂ ਤੇ ਸਵਾਰ ਹੋ ਗਏ, ਪਰ ਭਾਈ ਅਰਜਨ ਸਿੰਘ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜੇ ਹੋਏ ਸਨ, ਕਿਸੇ ਖਾਸ ਕਾਰਨ ਕਰ ਕੇ ਚਲੇ ਗਏ। ਜਲੂਸ ਦੇ ਪ੍ਰਬੰਧਕਾਂ ਨੇ, ਸੰਤ ਜੀ ਮਹਾਰਾਜ ਅੱਗੇ ਤਾਬੇ ਬਹਿਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ,"ਭਾਈ! ਅਸੀਂ ਤਾਂ ਸਦਾ ਹੀ ਤਾਬੇ ਹਾਂ। ਤੁਸੀਂ ਗੁਰੂ ਖ਼ਾਲਸੇ ਵਿੱਚੋਂ ਕਿਸੇ ਹੋਰ ਗੁਰਮੁਖ ਨੂੰ ਇਹ ਸੇਵਾ ਬਖ਼ਸ਼ ਦਿਓ।" ਉਸ ਵੇਲੇ ਇੱਕ ਗੁਰਮੁਖ ਨਿੰਹਗ ਸਿੰਘ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ ਗਈ ਅਤੇ ਉਹ ਦੀਨ-ਦੁਨੀਆਂ ਦੇ ਵਾਲੀ, ਸੱਚੇ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜ ਗਏ।

ਸਾਰਾ ਜਲੂਸ ਤਿਆਰ ਹੋ ਗਿਆ ਅਤੇ ਹੌਲੀ-ਹੌਲੀ ਬੜੀ ਸ਼ਾਨ ਸ਼ੌਕਤ ਨਾਲ ਲਾਲ ਕਿਲ੍ਹੇ ਵੱਲ ਤੁਰ ਪਿਆ। ਇਸ ਵੇਲੇ ਚਾਂਦਨੀ ਚੌਕ ਵਿੱਚ ਅਦਭੁਤ ਨਜ਼ਾਰਾ ਸੀ। ਇੱਧਰ ਹਾਥੀਆਂ 'ਤੇ ਸ਼ੋਭਨੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਾਨਦਾਰ ਸੁਨਹਿਰੀ ਪਾਲਕੀ, ਰਾਗੀਆਂ ਦਾ ਮਨ-ਮੋਹਣਾ ਕੀਰਤਨ, ਸੰਤ ਜੀ ਮਹਾਰਾਜ ਦੇ ਨੂਰਾਨੀ ਦੀਦਾਰ, ਸਿੱਖ ਰਾਜਿਆਂ-ਮਹਾਰਾਜਿਆਂ ਦੇ ਸਜੀਲੇ ਪੋਸ਼ਾਕੇ, ਮੋਤੀਆਂ ਦੇ ਹਾਰ, ਚਮਕਦੀਆਂ ਕਲਗੀਆਂ, ਸਰਦਾਰਾਂ ਦੇ ਸੁੰਦਰ ਅਤੇ ਰੋਹਬ ਭਰੇ ਚਿਹਰੇ, ਫੌਜੀਆਂ ਦੇ ਬੀਰ-ਰਸ ਭਰਪੂਰ ਨੇਤਰ, ਓਧਰ ਦਿੱਲੀ ਅਤੇ ਹੋਰ ਸਾਰੇ ਹਿੰਦੁਸਤਾਨ ਦੇ ਮਾਈ-ਭਾਈ ਆਪਣੇ-ਆਪਣੇ ਸੋਹਣੇ ਤੋਂ ਸੋਹਣੇ ਬਸਤਰ ਸਜਾਏ, ਕੋਠੇ, ਮਾੜੀਆਂ ਅਤੇ ਮਮਟੀਆਂ 'ਤੇ ਬੈਠੇ ਸਨ। ਗਲੀ, ਕੂਚੇ ਅਤੇ ਬਾਜ਼ਾਰ ਤਮਾਸ਼ਬੀਨਾਂ ਨਾਲ ਖਚਾਖਚ ਭਰੇ ਹੋਏ ਸਨ। ਤਿਲ ਸੁੱਟਣ ਦੀ ਵੀ ਥਾਂ ਨਹੀਂ ਸੀ।

ਇਸ ਭੀੜ-ਭਾੜ ਵਿੱਚੋਂ ਟੁਰਦਾ ਹੋਇਆ ਜਲੂਸ, ਲਾਲ ਕਿੱਲ੍ਹੇ ਦੇ ਮੈਦਾਨ ਵਿੱਚ ਪੁੱਜਾ ਅਤੇ ਦੀਵਾਨ-ਖਾਸ ਵੱਲ ਤੁਰ ਪਿਆ। ਏਥੇ ਜਾਰਜ ਪੰਚਮ, ਵਾਇਸਰਾਇ ਅਤੇ ਹਿੰਦੁਸਤਾਨ ਦੇ ਸਾਰੇ ਵੱਡੇ-ਵੱਡੇ ਰਾਜੇ-ਮਹਾਰਾਜੇ, ਨਵਾਬ, ਰਈਸ ਦਰਬਾਰੀ ਬੈਠੇ ਹੋਏ ਸਨ। ਜਦ ਜਲੂਸ ਐਨ ਦੀਵਾਨ-ਖਾਸ ਦੇ ਨੇੜੇ ਪੁੱਜਾ, ਤਦ ਭਾਈ ਤੇਜਾ ਸਿੰਘ ਜੀ, ਧਾਰਮਿਕ ਮਾਸਟਰ ਖ਼ਾਲਸਾ ਹਾਈ ਸਕੂਲ ਲਾਇਲਪੁਰ ਅਤੇ ਹੋਰ ਸਿੱਖ ਸੱਜਣਾਂ ਨੇ ਭਾਈ ਹਰੀ ਸਿੰਘ ਗੜਵਈ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ ਅੱਗੇ ਸ਼ਬਦ ਪੜ੍ਹਨ ਲਈ ਅਰਜ਼ ਕਰੋ। ਜਦ ਦਾ ਜਲੂਸ ਸੀਸ-ਗੰਜ ਸਾਹਿਬ ਤੋਂ ਤੁਰਿਆ ਸੀ, ਸੰਤ ਜੀ ਮਹਾਰਾਜ ਨੇਤਰ ਮੂੰਦ, ਅੰਤਰ ਧਿਆਨ ਹੋ, ਆਪਣੇ ਇਲਾਹੀ ਰੰਗ ਵਿੱਚ ਮਸਤ ਬੈਠੇ ਸਨ। ਜਦ ਭਾਈ ਹਰੀ ਸਿੰਘ ਨੇ ਸਾਧ-ਸੰਗਤ ਵੱਲੋਂ ਸ਼ਬਦ ਪੜ੍ਹਨ ਲਈ ਬੇਨਤੀ ਕੀਤੀ, ਤਦ ਛਿਨ ਮਾਤਰ ਨੇਤਰ ਖੁੱਲ੍ਹੇ ਅਤੇ ਆਤਮ-ਰਸ ਬਰੇ ਹਿਰਦੇ ਵਿੱਚੋਂ ਸ਼ਬਦ ਦੀ ਮਹਾਂ-ਅਕਾਸ਼ ਧੁਨੀ ਉੱਠੀ, "**ਪੈਜ ਰਖੀ ਕਰਤਾਰੇ ਜਨ ਕੀ ਪੈਜ ਰਖੀ।**"

ਗਉੜੀ ਮਹਲਾ ੫ ॥
ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥
॥ ਰਹਾਉ ॥ ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ ॥੧॥

ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥ ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥
ਨਿਰਭਉ ਹੋਇ ਭਜਹੁ ਭਗਵਾਨ ॥ ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥
ਸਰਣਿ ਪਰੇ ਪ੍ਰਭ ਅੰਤਰਜਾਮੀ ॥ ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥ (੨੦੧)

ਨੇਤਰ ਫੇਰ ਬੰਦ ਹੋ ਗਏ ਅਤੇ ਸ਼ਬਦ ਦੇ ਰੰਗ ਵਿੱਚ ਮਸਤ, ਸਰੀਰ ਦੇ ਰੋਮ-ਰੋਮ, ਨਾੜੀ-ਨਾੜੀ ਦਾ ਜ਼ੋਰ ਲਾ, ਸਾਰਾ ਸ਼ਬਦ ਉੱਪਰ ਲਿਖੀ ਧਾਰਨਾ ਵਿੱਚ ਸੰਤ ਜੀ ਮਹਾਰਾਜ ਨੇ ਪੜ੍ਹਿਆ ਅਤੇ ਪਿੱਛੇ-ਪਿੱਛੇ ਸਾਰੀਆਂ ਸੰਗਤਾਂ ਨੂੰ ਪੜ੍ਹਾਇਆ। ਇਸ ਦੇ ਨਾਲ ਹੀ ਸੰਤ ਜੀ ਮਹਾਰਾਜ ਨੇ ਇਸ ਸ਼ਬਦ ਦੀ ਧੁਨ ਉਠਾਈ:

ਬਿਲਾਵਲੁ॥ ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ਰਹਾਉ॥ ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥ ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥੧॥ ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥ ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥੨॥੫॥ (੮੫੬)

ਏਧਰ ਆਪਣੇ ਰੰਗ ਵਿੱਚ ਰੰਗੇ ਹੋਏ, ਸਾਰੇ ਜ਼ੋਰ ਨਾਲ ਸੰਤ ਜੀ ਮਹਾਰਾਜ ਸ਼ਬਦ ਪੜ੍ਹਦੇ ਸਨ, ਉੱਧਰ ਹਜ਼ਾਰਾਂ ਗੁਰੂ ਕੇ ਲਾਲ ਉਹਨਾਂ ਦੇ ਮਗਰ ਉੱਚੀ ਸੁਰ ਵਿੱਚ ਗੁਰਬਾਣੀ ਗਾ ਰਹੇ ਸਨ। ਮਹਾਂ-ਅਕਾਸ਼ ਗੂੰਜ ਉੱਠਿਆ ਅਤੇ ਵਾਯੂ-ਮੰਡਲ ਸ਼ਬਦ ਦੇ ਤੇਜੱਸਵੀ ਪ੍ਰਭਾਵ ਨਾਲ ਭਰ ਗਿਆ। ਇਸ ਸ਼ਬਦਾਂ ਦੇ ਭੋਗ ਪੈਂਦਿਆਂ ਹੀ, ਸੰਤ ਜੀ ਮਹਾਰਾਜ ਨੇ "**ਕਲਗੀ ਵਾਲੇ ਦੇ ਦਰਬਾਰ ਖੁਸ਼ੀਆਂ ਨਿਤ ਨਵੀਆਂ ॥**" ਦੀ ਧੁਨੀ ਉਠਾਈ ਅਤੇ ਸਾਰਾ ਸ਼ਬਦ:

ਆਸਾ ਮਹਲਾ ੪ ॥

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥
ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ ॥
ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਾ ਮੇਰਾ ਸਤਿਗੁਰੁ ਤੁਠਾ ॥
ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੮॥੧੯॥ (੪੫੧)

ਉਪਰੋਕਤ ਧਾਰਨਾ ਵਿੱਚ ਆਪ ਪੜ੍ਹਿਆ ਤੇ ਸੰਗਤਾਂ ਨੂੰ ਪੜ੍ਹਾਇਆ। ਅਸਚਰਜ ਇਲਾਹੀ ਰੰਗ ਬਣਿਆ। ਇਸ ਵੇਲੇ ਜਲੂਸ ਐਨ ਦੀਵਾਨ-ਖਾਸ ਦੇ ਹੇਠ ਲੰਘ ਰਿਹਾ ਸੀ। ਜਾਰਜ ਪੰਚਮ, ਹਿੰਦੁਸਤਾਨ ਦੇ ਸਾਰੇ ਰਾਜੇ-ਮਹਾਰਾਜੇ, ਰਾਜ ਪ੍ਰਬੰਧ ਦੇ ਸਾਰੇ ਕਰਮਚਾਰੀ, ਰਈਸ, ਸਰਦਾਰ, ਦਰਬਾਰੀ, ਇਹ ਦਰਸ਼ਨ ਤੇ ਸ਼ਬਦ ਦੀ ਧੁਨ ਸੁਣ ਕੇ ਅਸਚਰਜ ਹੋ ਰਹੇ ਸਨ। ਜਾਰਜ ਪੰਚਮ ਨੇ ਸੰਤ ਜੀ ਮਹਾਰਾਜ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੌਣ ਹਨ? ਕਿਸੇ ਨੇ ਵਿੱਚੋਂ ਹੀ ਦੱਸਿਆ ਕਿ ਇਹ ਖ਼ਾਲਸਾ ਜੀ ਦੇ ਸ਼੍ਰੋਮਣੀ ਸੰਤ, (Lord Bishop & Saint) ਸੰਤ ਅਤਰ ਸਿੰਘ ਜੀ ਮਹਾਰਾਜ ਹਨ। ਵਾਹ ਕਲਗੀਧਰ ਪਿਤਾ ਤੂੰ ਧੰਨ ਹੈ, "**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥**"(੧੧੮੫) ਭਾਵੇਂ ਅਸੀਂ ਕਿੰਨੇ ਹੀ ਢਿੱਲੇ ਅਤੇ ਅਕ੍ਰਿਤਘਣ ਹੋ ਗਏ ਹਾਂ, ਤੂੰ ਆਪਣੇ ਬੱਚਿਆਂ ਦੀ ਲਾਜ ਸਦਾ ਹੀ ਰੱਖਦਾ ਆਇਆ ਹੈਂ, ਤੇ ਸਦਾ ਹੀ ਰੱਖਦਾ ਰਹੇਂਗਾ। ਬਿਰਧ ਪਾਲਕ ਸਤਿਗੁਰੂ, ਆਪਣੇ ਜਲੂਸ ਵਿੱਚ, ਤੂੰ ਆਪਣੇ ਪਿਆਰੇ ਨੂੰ ਭੇਜ ਕੇ ਖ਼ਾਲਸੇ ਦੀ ਉਹ ਆਨ ਸ਼ਾਨ ਵਧਾਈ ਕਿ ਖ਼ਾਲਸੇ ਜੀ ਦੇ ਜਲੂਸ ਦੀ ਮਹਿਮਾ, ਦਰਬਾਰ ਦੀ ਸਾਰੀ ਸ਼ਾਨ ਤੋਂ ਵਧ ਗਈ। ਤੇਰਾ ਜਲੂਸ ਕੋਹੇਨੂਰ ਵਾਂਗੂੰ ਚਮਕਦਾ ਹੀਰਾ ਬਣ ਗਿਆ ਅਤੇ ਇਸ ਦੇ ਨੂਰਾਨੀ ਪ੍ਰਕਾਸ਼ ਅੱਗੇ ਸਾਰੀ ਸੰਸਾਰੀ ਚਮਕ-ਦਮਕ ਮਾਤ ਪੈ ਗਈ।

ਸੰਤ ਜੀ ਮਹਾਰਾਜ ਫਿਟਨ 'ਤੇ ਸਵਾਰ ਹੋ ਕੇ ਪਟਿਆਲਾ ਹਾਊਸ ਦਿੱਲੀ ਪੁਜੇ

ਸੰਤ ਅਤਰ ਸਿੰਘ ਜੀ ਮਹਾਰਾਜ ਦਾ ਦਿੱਲੀ ਦਰਬਾਰ ਜਾਰਜ ਪੰਚਮ ਨੂੰ ਦਰਸ਼ਨ

ਦੂਜੇ ਦਿਨ ਦਰਬਾਰ ਸੀ। ਰਿਆਸਤ ਜੀਂਦ ਵੱਲੋਂ ਇੱਕ ਮੁਸਲਮਾਨ ਸੂਬੇਦਾਰ ਮੇਜਰ ਦੀ ਸੇਵਾ ਲੱਗੀ ਕਿ ਉਹ ਸੰਤ ਜੀ ਮਹਾਰਾਜ ਦੀ ਅਰਦਲ ਵਿੱਚ ਜਾ ਕੇ ਮਹਾਰਾਜ ਜੀ ਨੂੰ ਦਰਬਾਰ ਅਸਥਾਨ ਵਿੱਚ ਬਿਠਾ ਦੇਵੇ। ਜੀਂਦ ਹਾਊਸ ਤੋਂ ਸੰਤ ਜੀ ਮਹਾਰਾਜ ਫਿਟਨ ਤੇ ਸਵਾਰ, ਭਾਈ ਹਰੀ ਸਿੰਘ ਗੜਵਈ ਨੂੰ ਨਾਲ ਲੈ, ਦਰਬਾਰ ਵੱਲ ਤੁਰ ਪਏ। ਜਦ ਉੱਥੇ ਪੁੱਜੇ, ਤਦ ਸੂਬੇਦਾਰ ਨੇ ਦੇਖਿਆ ਕਿ ਸੰਤ ਜੀ ਮਹਾਰਾਜ ਦਾ ਨੰਬਰ ਕੁਰਸੀਆਂ ਦੀ ਦੂਜੀ ਲਾਈਨ ਵਿੱਚ ਹੈ। ਸੂਬੇਦਾਰ ਫ਼ਕੀਰ ਦੋਸਤ ਸੀ ਅਤੇ ਮਹਾਂਪੁਰਖਾਂ ਦੇ ਅਦਬ-ਅਦਾਬ ਤੋਂ ਜਾਣੂ ਸੀ। ਉਸ ਨੇ ਆਪਣੇ ਇਸ ਪ੍ਰੇਮ ਵਿੱਚ ਕੁਰਸੀਆਂ ਦੀ ਪਹਿਲੀ ਕਤਾਰ ਵਿੱਚ ਦੋ ਨੰਬਰ ਇਹੋ ਜਿਹੇ ਲੱਭੇ, ਜਿਹੜੇ ਕਿ ਕੋਲ-ਕੋਲ ਸਨ ਅਤੇ ਦੋ ਸਿੱਖ ਫੌਜੀ ਸਰਦਾਰਾਂ ਦੇ ਸਨ। ਇਹ ਸੋਚ ਕੇ ਕਿ ਫੌਜੀ ਭਰਾਵਾਂ ਨੂੰ ਅਰਜ਼ ਕਰਕੇ ਸੰਤ ਜੀ ਮਹਾਰਾਜ ਦੇ ਨੰਬਰਾਂ 'ਤੇ ਬੈਠਾ ਦਿਆਂਗਾ, ਉਸ ਨੇ ਸੰਤ ਜੀ ਮਹਾਰਾਜ ਨੂੰ ਪਹਿਲੀ ਲਾਈਨ ਵਿੱਚ ਆਪਣੇ ਸੇਵਕ ਸਮੇਤ, ਇਹਨਾਂ ਦੁਹਾਂ ਕੁਰਸੀਆਂ 'ਤੇ ਸਜਾ ਦਿੱਤਾ। ਥੋੜ੍ਹੇ ਚਿਰ ਮਗਰੋਂ ਇਹ ਫੌਜੀ ਸਿੱਖ ਆ ਪੁੱਜੇ। ਕਰਤਾਰ ਦੀ ਨੇਤ, ਗਵਰਨਮੈਂਟ ਦੀ ਨੌਕਰੀ ਦੇ ਹੰਕਾਰ ਨੇ, ਉਹਨਾਂ ਦੇ ਸਿੱਖੀ ਪ੍ਰੇਮ ਅਤੇ ਇਨਸਾਨੀਅਤ 'ਤੇ ਘੋਰ ਪਰਦਾ ਪਾਇਆ ਹੋਇਆ ਸੀ। ਜਦ ਇਹ ਆਪਣੀਆਂ ਕੁਰਸੀਆਂ ਪਾਸ ਅੱਪੜੇ, ਤਦ ਜੀਂਦ ਦੇ ਮੁਸਲਮਾਨ ਸੂਬੇਦਾਰ ਮੇਜਰ ਨੇ ਬੜੇ ਅਦਬ, ਨਿਮਰਤਾ ਅਤੇ ਪ੍ਰੇਮ ਨਾਲ ਇਹਨਾਂ ਨੂੰ ਸਾਰੀ ਗੱਲ ਆਖ ਸੁਣਾਈ। ਇੱਕ ਪਾਸੇ ਸੰਤ ਜੀ ਮਹਾਰਾਜ ਦੇ ਅਦੁੱਤੀ ਦਰਸ਼ਨ ਅਤੇ ਦੂਜੇ ਪਾਸੇ ਸੂਬੇਦਾਰ ਮੇਜਰ ਦੀ ਅਤਿ ਗ਼ਰੀਬੀ ਭਰੀ ਬੇਨਤੀ ਸੀ। ਪਰ ਹੰਕਾਰ ਦੇ ਮਤੇ ਹੋਏ ਹਿਰਦੇ ਕੀ ਜਾਣਦੇ ਸਨ? ਇਹਨਾਂ ਨੇ ਸੂਬੇਦਾਰ ਸਾਹਿਬ ਨੂੰ ਬੜੀ ਵੱਧ-ਘੱਟ ਸੁਣਾਈ। ਏਥੋਂ ਤੀਕ ਆਖ ਦਿੱਤਾ ਕਿ ਰਿਆਸਤ ਦੇ ਸੂਬੇਦਾਰ ਮੇਜਰ ਨਾਲੋਂ ਸਾਡੇ ਰਸਾਲੇ ਦਾ ਮਿਹਤਰ ਚੰਗਾ ਹੁੰਦਾ ਹੈ। ਸੰਤ ਜੀ ਮਹਾਰਾਜ ਦੀ ਖ਼ਾਤਰ ਇਹ ਮੁਸਲਮਾਨ ਪ੍ਰੇਮੀ ਸਾਰੀ ਲਾਹ-ਪਾਹ ਸਹੀ ਗਿਆ ਅਤੇ ਬੇਨਤੀ ਕਰੀ ਗਿਆ। ਪਰ ਕਠੋਰ ਹੰਕਾਰੀ ਹਿਰਦਿਆਂ 'ਤੇ ਕੋਈ ਅਸਰ ਨਾ ਹੋਇਆ, ਸਗੋਂ ਹੱਥੋਂ ਪਾਈ ਹੋ ਕੇ ਹੇਠਾਂ ਸੁੱਟ ਦਿੱਤਾ। ਭਾਵੇਂ ਨੇਤਰ ਬੰਦ ਸਨ; ਪਰ ਸੰਤ ਜੀ ਮਹਾਰਾਜ ਇਹ ਸਾਰੀ ਗੱਲ ਸੁਣਦੇ ਅਤੇ ਸਾਖੀ ਹੋ ਕੇ ਦੇਖਦੇ ਰਹੇ। ਇੱਕ ਗ਼ਰੀਬ ਸੇਵਾਦਾਰ ਦੀ, ਹੰਕਾਰੀਆਂ ਪਾਸੋਂ ਬੇਇੱਜ਼ਤੀ ਨਾ ਸਹਾਰ ਸਕੇ। ਚਿੱਤ ਵਿੱਚ ਲਹਿਰ ਆਈ ਕਿ ਅਸਾਂ ਦਰਬਾਰ ਤੋਂ ਕੀ ਲੈਣਾ ਹੈ, ਚੱਲੋ ਡੇਰੇ ਚੱਲੀਏ। ਅਜੇ ਟੁਰਨ ਲਈ ਤਿਆਰ ਹੀ ਹੋਏ ਸਨ ਕਿ ਕਿਸੇ ਅਨ੍ਹ-ਦੇਸ਼ ਦੇ ਦੋ ਪ੍ਰੇਮੀ, ਮਰਦ ਅਤੇ ਔਰਤ, ਮਹਾਂਪੁਰਖਾਂ ਦੇ ਦਰਸ਼ਨ ਦੇ ਖਿੱਚੇ ਹੋਏ ਸੰਤ ਜੀ ਮਹਾਰਾਜ ਪਾਸ ਆਏ ਅਤੇ ਬੇਨਤੀ ਕਰ ਕੇ ਇਹਨਾਂ ਨੂੰ ਆਪਣੀਆਂ ਕੁਰਸੀਆਂ 'ਤੇ, ਜਿਹੜੀਆਂ ਕਿ ਪਹਿਲੀ ਲਾਈਨ ਦੇ ਸਭ ਤੋਂ ਉੱਪਰਲੇ ਦਰਜੇ ਵੱਲ ਸਨ, ਨਾਲ ਜਾ ਕੇ ਬਿਠਾ ਦਿੱਤਾ। ਫੇਰ ਆਪ ਸੰਤ ਜੀ ਮਹਾਰਾਜ ਦੇ ਨੰਬਰਾਂ 'ਤੇ ਬੈਠ ਗਏ। ਇਹਨਾਂ ਪ੍ਰੇਮੀਆਂ ਦੇ ਸ਼ੁੱਧ ਹਿਰਦੇ ਦੇ ਪ੍ਰੇਮ ਦੇ ਬੱਧੇ ਹੋਏ, ਸੰਤ ਸਰੀਰ ਕਰ ਕੇ ਤਾਂ ਦਰਬਾਰ ਅਸਥਾਨ ਵਿੱਚ ਸਜੇ ਰਹੇ, ਪਰ ਚਿੱਤ ਕਿਸੇ ਖਾਸ ਅਰਦਾਸ ਵਿੱਚ ਜੁੜ ਗਿਆ। ਗ਼ਰੀਬ ਸੂਬੇਦਾਰ ਮੇਜਰ ਦੀ ਨਿਰਾਦਰੀ ਨੇ ਆਪ ਜੀ ਦੇ ਹਿਰਦੇ 'ਤੇ ਬੜੀ ਡਾਢੀ ਸੱਟ ਮਾਰੀ ਸੀ।

ਬੈਂਡ ਵਾਜੇ ਵੱਜੇ, ਤੋਪਾਂ ਦੀਆਂ ਸ਼ਲਕਾਂ ਹੋਈਆਂ, 'ਗੌਡ ਸੇਵ ਦੀ ਕਿੰਗ' (God Save the King) ਦੀ ਧੁਨੀ ਜ਼ੋਰ ਨਾਲ ਦਰਬਾਰ ਅਸਥਾਨ ਵਿੱਚ ਉੱਠੀ। ਜਾਰਜ ਪੰਚਮ, ਵਾਇਸਰਾਇ, ਲਾਰਡ ਪਾਦਰੀ, ਰਾਜੇ-ਮਹਾਰਾਜੇ, ਸਰਦਾਰ, ਦਰਬਾਰੀ, ਅਨੇਕਾਂ ਹੀ ਆਏ, ਪਰ ਸੰਤ ਜੀ ਅਡੋਲ ਕੁਰਸੀ 'ਤੇ ਅਸਥਿਤ ਆਪਣੇ ਵੈਰਾਗ ਮਈ ਰੰਗ ਵਿੱਚ ਮਸਤ, ਦਸਮੇਸ਼ ਪਿਤਾ ਦੀ ਦਰਗਾਹ ਵਿੱਚ ਅਰਦਾਸ ਕਰੀ ਗਏ (**ਕਉਨੁ ਜਾਣੈ ਪੀਰ ਪਰਾਈ**)।

ਦਰਬਾਰ ਦੀ ਕਾਰਵਾਈ ਖ਼ਤਮ ਹੋ ਗਈ। ਜਾਰਜ ਪੰਚਮ, ਗਵਰਨਰ ਜਨਰਲ, ਰਾਜੇ-ਮਹਾਰਾਜੇ, ਦਰਵਾਰੀ, ਤਮਾਸ਼ਬੀਨ ਸਾਰੇ ਦੇ ਸਾਰੇ ਵਾਰੋ-ਵਾਰੀ ਚਲੇ ਗਏ, ਪਰ ਸੰਤ ਜੀ ਇੱਕ-ਟਕ ਸਮਾਧੀ ਅਸਥਿਤ,

ਆਪਣੇ ਰੰਗ ਵਿੱਚ ਮਸਤ ਬੈਠੇ ਰਹੇ। ਜਦ ਦਰਬਾਰ ਅਸਥਾਨ ਖਾਲੀ ਹੋ ਗਿਆ, ਤਦ ਭਾਈ ਹਰੀ ਸਿੰਘ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਹੁਣ ਤਾਂ ਸਾਰੀ ਖੇਡ ਦਾ ਭੋਗ ਪੈ ਗਿਆ ਹੈ, ਹਜ਼ੂਰ ਆਪਣੇ ਆਸਣ 'ਤੇ ਚੱਲੋ! ਹੌਲੀ-ਹੌਲੀ ਨੇਤਰ ਖੁੱਲ੍ਹੇ ਅਤੇ ਕੋਮਲ ਹਿਰਦੇ ਵਿੱਚੋਂ ਸਹਿਜ-ਸੁਭਾਇ ਇੱਕ ਲੰਮਾ ਹਉਕਾ ਨਿਕਲਿਆ। ਸੂਬੇਦਾਰ ਮੇਜਰ ਨੂੰ ਨਾਲ ਲੈ, ਸੰਤ ਡੇਰੇ ਵਾਪਸ ਆ ਗਏ।

ਦਰਬਾਰ ਸਮੇਂ, ਜਾਰਜ ਪੰਚਮ ਦੀ ਨਿਗਾਹ ਸੰਤ ਜੀ ਦੇ ਤੇਜੱਸਵੀ ਚਿਹਰੇ 'ਤੇ ਪਈ। ਉਸ ਨੇ ਪੁੱਛਿਆ ਕਿ ਇਹ ਕੌਣ ਹਨ? ਮਹਾਰਾਜਾ ਹੀਰਾ ਸਿੰਘ ਨਾਭਾ ਨੇ ਜਿਹੜੇ ਇਹਨਾਂ ਦਿਨਾਂ ਵਿੱਚ ਸਿੱਖਾਂ ਦੇ ਮੰਨੇ ਹੋਏ ਮੁੱਖੀ ਰਾਜੇ ਸਨ, ਉੱਤਰ ਦਿੱਤਾ ਕਿ ਇਹ ਸਿੱਖ ਕੌਮ ਦੇ ਸ਼੍ਰੋਮਣੀ ਸੰਤ ਹਨ। ਅਸੀਂ ਸਾਰੇ ਇਹਨਾਂ ਦੇ ਤਾਬੇ ਹਾਂ ਤੇ ਇਹ ਸਾਡੇ ਸਿਰਤਾਜ ਹਨ।

ਇੱਕ ਪਾਦਰੀ ਬਹੁਤ ਚਿਰ ਤੀਕਰ ਸੰਤ ਜੀ ਮਹਾਰਾਜ ਦੇ ਚਿਹਰੇ ਵੱਲ ਤੱਕਦਾ ਰਿਹਾ। ਉਸ ਨੇ ਆਖਿਆ ਕਿ ਇਹੋ ਜਿਹਾ ਚਿਹਰਾ ਮੈਂ ਅੱਜ ਤਕ ਕਿਧਰੇ ਨਹੀਂ ਦੇਖਿਆ। ਇਹਨਾਂ ਦਾ ਤੇਜੱਸਵੀ ਸਰੂਪ ਦੱਸਦਾ ਹੈ ਕਿ ਇਸ ਸਰੀਰ ਵਿੱਚ ਖਾਸ ਰੱਬੀ ਤਾਕਤ ਹੈ। ਜੇ ਏਨੀ ਤਾਕਤ ਵਾਲਾ ਸਰੀਰ ਸਾਡੇ ਵਿੱਚ ਹੁੰਦਾ ਤਾਂ ਅਸੀਂ ਸਾਰੀ ਦੁਨੀਆਂ ਨੂੰ ਈਸਾਈ ਬਣਾ ਲੈਂਦੇ।

ਕਾਂਡ ੪੧

ਆਸਾ ਮਹਲਾ ੪ ਛੰਤ ਘਰੁ ੪ ॥
ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥
ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ
ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥
ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥੯॥੧੬॥ (੪੪੯)

ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰੱਖਣੀ

ਸਿਆਲ ੧੯੧੪ (੧੯੭੧ ਬਿਕ੍ਰਮੀ) ਵਿੱਚ ਪੰਡਤ ਮਦਨ ਮੋਹਨ ਮਾਲਵੀਆ ਜੀ ਨੇ, ਜਿਹੜੇ ਉਸ ਵੇਲੇ ਹਿੰਦੂ ਯੂਨੀਵਰਸਿਟੀ ਦੇ ਸਕੱਤਰ ਸਨ, ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਬੜੇ ਪ੍ਰੇਮ ਨਾਲ ਯੂਨੀਵਰਸਿਟੀ ਦੀ ਨੀਂਹ ਰੱਖਣ ਦੇ ਸਮੇਂ ਦਰਸ਼ਨ ਦੇਣ ਦੀ ਅਤੇ ਪੰਜ ਅਖੰਡ ਪਾਠ ਕਰਨ ਦੀ ਬੇਨਤੀ ਕੀਤੀ ਜੋ ਸੰਤ ਜੀ ਮਹਾਰਾਜ ਨੇ ਪ੍ਰਵਾਨ ਕਰ ਲਈ।

ਮਹਾਰਾਜਾ ਰਿਪੂਦਮਨ ਸਿੰਘ ਮਾਲਵਿੰਦਰ ਬਹਾਦਰ ਨਾਭਾ ਆਪਣੀ ਸਪੈਸ਼ਲ ਟਰੇਨ ਵਿੱਚ ਸੰਤ ਜੀ ਮਹਾਰਾਜ ਨੂੰ ਨਾਲ ਲੈ ਗਏ। ਉੱਥੇ ਹਿੰਦੂ ਯੂਨੀਵਰਸਿਟੀ ਦੇ ਮੈਦਾਨ ਵਿੱਚ ਬੜੇ ਸੁੰਦਰ ਕੈਂਪ ਲੱਗੇ ਹੋਏ ਸਨ, ਉਹਨਾਂ ਵਿੱਚ ਸੰਤ ਜੀ ਮਹਾਰਾਜ ਦਾ ਡੇਰਾ ਕਰਾਇਆ। ਜਿੱਥੇ ਸੰਸਕ੍ਰਿਤ ਕਾਲਜ ਦੀ ਨੀਂਹ ਰੱਖਣੀ ਸੀ, ਉੱਥੇ ਇੱਕ ਸੁੰਦਰ ਪੰਡਾਲ ਤਿਆਰ ਕੀਤਾ ਗਿਆ। ਇਸ ਵਿੱਚ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕੀਤੇ ਗਏ। ਭੋਗ ਦੇ ਸਮੇਂ ਸਾਰੇ ਰਾਜੇ-ਮਹਾਰਾਜੇ ਦੀਵਾਨ ਅਸਥਾਨ ਵਿੱਚ, ਸ਼ਰਧਾ ਪੂਰਵਕ ਇਕੱਤਰ ਹੋਏ ਤੇ ਇਹਨਾਂ ਤੋਂ ਛੁੱਟ ਬੇਅੰਤ ਸੰਗਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੈਰਾਗ ਭਰੇ ਸਲੋਕ ਸਰਵਣ ਕਰ ਰਹੀਆਂ ਸਨ। ਸਲੋਕਾਂ ਦੇ ਪਾਠ ਦੇ ਮਗਰੋਂ ਹਰੀ ਕੀਰਤਨ ਦੀ ਧੁਨੀ ਉੱਠੀ ਅਤੇ ਸਭ ਦੇ ਹਿਰਦਿਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਬਾਣੀ ਨੇ ਅਸਚਰਜ ਭਗਤੀ-ਭਾਉ ਦਾ ਪ੍ਰਵੇਸ਼ ਕੀਤਾ। ਅਰਦਾਸੇ ਦੇ ਮਗਰੋਂ ਮਹਾਰਾਜਾ ਗੰਗਾ ਸਿੰਘ ਜੀ ਬੀਕਾਨੇਰ ਨੇ ਇੱਕ ਚਾਂਦੀ ਦੀ ਤਗਾਰੀ ਵਿੱਚ ਇਮਾਰਤ ਦਾ ਮਸਾਲਾ ਹਾਜ਼ਰ ਕੀਤਾ ਅਤੇ ਮਹਾਰਾਜਾ ਪ੍ਰਭੂ ਨਰਾਇਣ ਜੀ ਕਾਂਸ਼ੀ ਰਾਜ ਨੇ ੧੧ ਸੋਨੇ ਦੀਆਂ ਇੱਟਾਂ ਪੇਸ਼ ਕੀਤੀਆਂ। ਸੰਤ ਜੀ ਮਹਾਰਾਜ ਨੇ ਸੋਨੇ ਦੀ ਕਰੰਡੀ ਨਾਲ ਸੰਸਕ੍ਰਿਤ ਕਾਲਜ ਦੀ ਬੁਨਿਆਦ ਵਿੱਚ ਚੂਨਾ ਪਾਇਆ ਅਤੇ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ੧੧ ਸੁਨਹਿਰੀ ਇੱਟਾਂ ਨੀਂਹ ਵਿੱਚ ਰੱਖੀਆਂ-

ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥ (੧੨੨੬)

ਦੂਸਰੇ ਦਿਨ ਹਿੰਦੂ ਯੂਨੀਵਰਸਿਟੀ ਦੇ ਆਰਟਸ ਕਾਲਜ ਦੀ ਨੀਂਹ ਲਾਰਡ ਹਾਰਡਿੰਗ ਨੇ ਰੱਖੀ।

ਨੀਂਵ ਰੱਖਣ ਦੇ ਸਮਾਗਮ ਦੇ ਮਗਰੋਂ ਮਹਾਰਾਜਾ ਕਾਂਸ਼ੀ (ਰਾਮ ਨਗਰ) ਨੇ ਸੰਤ ਜੀ ਮਹਾਰਾਜ ਨੂੰ ਇੱਕ ਹਫਤਾ ਰੱਖਿਆ ਅਤੇ ਮਿੰਟ ਹਾਊਸ (ਪੁਰਾਨੀ Mint) ਵਿੱਚ ਡੇਰਾ ਕਰਾਇਆ ਅਤੇ ਜਿਸ ਸਮੇਂ ਸੰਤ ਜੀ ਮਹਾਰਾਜ ਰਾਜਧਾਨੀ ਵਿੱਚ ਦਰਸ਼ਨ-ਮੇਲੇ ਲਈ ਗਏ, ਤਦ ਮਹਾਰਾਜ ਸਾਹਿਬ ਨੇ ਇਹਨਾਂ ਨੂੰ ਓਸ ਰਾਜ

ਸਿੰਘਾਸਣ 'ਤੇ ਬੜੇ ਸਤਿਕਾਰ ਨਾਲ ਬਿਠਾਇਆ, ਜਿਸ ਉੱਪਰ ਉਹ ਆਪ ਕਦੀ ਨਹੀਂ ਸੀ ਬੈਠਦੇ ਅਤੇ ਵਿਸ਼ਵ ਨਾਥ ਦੀ ਗੱਦੀ ਸਮਝ ਕੇ ਨਮਸਕਾਰ ਕਰਦੇ।

ਇਸ ਸਮੇਂ ਦੋ ਵਿਦਿਆਰਥੀ, ਨਿਰੰਜਨੀ ਅਖਾੜਾ, ਅਸੀਂ ਘਾਟ ਭਦੈਨੀ ਵਿਖੇ ਵਿੱਦਿਆ ਪ੍ਰਾਪਤ ਕਰ ਰਹੇ ਸਨ। ਇਹ ਹਿੰਦੂ ਯੂਨੀਵਰਸਿਟੀ ਦੇ ਸਮਾਗਮ ਵਿੱਚ ਹਾਜ਼ਰ ਹੋਏ ਅਤੇ ਸੰਤ ਜੀ ਮਹਾਰਾਜ ਦੇ ਆਤਮ-ਰਸ ਭਰੇ ਦਰਸ਼ਨ ਨੇ ਇਹਨਾਂ ਦਾ ਮਨ ਮੋਹ ਲਿਆ। ਇਹਨਾਂ ਦੇ ਹਿਰਦੇ ਵਿੱਚ ਇਹ ਉਮੰਗ ਉੱਠੀ ਕਿ ਸੰਤ ਜੀ ਮਹਾਰਾਜ ਨੂੰ ਆਪਣਾ ਰੁੱਖਾ-ਮਿੱਸਾ ਭੋਜਨ ਛਕਾਉਣ।

ਇੱਕ ਦਿਨ ਇਕਾਂਤ ਸਮਾਂ ਦੇਖ ਕੇ ਇਹ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਏ ਅਤੇ ਹੱਥ ਜੋੜ, ਪ੍ਰਸ਼ਾਦ ਛਕਣ ਦੀ ਬੇਨਤੀ ਕੀਤੀ। ਇਹਨਾਂ ਦਾ ਦਿਲੀ ਪ੍ਰੇਮ ਦੇਖ ਕੇ ਸੰਤ ਜੀ ਮਹਾਰਾਜ ਨੇ ਇਹਨਾਂ ਦੀ ਅਰਜ਼ ਮੰਨ ਲਈ।

ਨੀਯਤ ਦਿਨ ਪ੍ਰੇਮੀ ਸੰਤ ਜੀ ਮਹਾਰਾਜ ਨੂੰ ਆਪਣੇ ਅਸਥਾਨ 'ਤੇ ਲੈ ਗਏ। ਜਦ ਪੰਗਤ ਲੱਗੀ ਤਦ ਸੰਤ ਜੀ ਮਹਾਰਾਜ ਨੇ ਪੰਡਤ ਇਲਾਚੀ ਰਾਮ ਅਤੇ ਇਸ ਦੇ ਸਾਥੀ ਨੂੰ ਆਖਿਆ ਕਿ ਭਾਈ! ਤੁਸੀਂ ਸਾਧੂ ਹੋ ਕੇ ਕੇਸ ਕਟਾਉਂਦੇ ਹੋ, ਜਦ ਤੀਕਰ ਤੁਸੀਂ ਕੇਸ ਧਾਰਨ ਦਾ ਪ੍ਰਣ ਨਹੀਂ ਕਰਦੇ, ਅਸੀਂ ਤੁਹਾਡਾ ਪ੍ਰਸ਼ਾਦ ਗ੍ਰਹਿਣ ਨਹੀਂ ਕਰਦੇ। ਇਹ ਗੱਲ ਸੁਣ ਕੇ ਪੰਡਤ ਇਲਾਚੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਕੇਸ ਰੱਖਣ ਨਾਲ ਮੇਰੀਆਂ ਅੱਖੀਆਂ ਆ ਜਾਂਦੀਆਂ ਹਨ।" ਦੂਜੇ ਸਾਥੀ ਨੇ ਆਖਿਆ ਕਿ ਮੇਰੀਆਂ ਜਾੜ੍ਹਾਂ ਦੁਖਦੀਆਂ ਹਨ। ਇਹ ਸੁਣ ਸੰਤ ਜੀ ਮਹਾਰਾਜ ਨੇ ਦੁਹਾਂ ਨੂੰ ਆਪਣੇ ਸਾਹਮਣੇ ਬਿਠਾ ਲਿਆ ਅਤੇ ਆਪਣੇ ਪਵਿੱਤਰ ਹੱਥਾਂ ਨਾਲ ਇੱਕ ਦੀਆਂ ਅੱਖਾਂ 'ਤੇ ਅਤੇ ਦੂਜੇ ਦੀਆਂ ਜਾੜ੍ਹਾਂ 'ਤੇ ਛੱਟੇ ਮਾਰੇ ਅਤੇ ਫ਼ਰਮਾਇਆ, "ਪ੍ਰੇਮੀਓ! ਅੱਜ ਤੋਂ ਕੇਸ ਰੱਖ ਲਵੋ, ਤੁਹਾਡੀਆਂ ਅੱਖਾਂ ਅਤੇ ਜਾੜ੍ਹਾਂ ਕਦੀ ਨਹੀਂ ਦੁਖਣਗੀਆਂ।" ਭਾਗਾਂ ਵਾਲੇ ਸਾਧੂਆਂ ਨੇ ਬਚਨ ਮੰਨ ਲਿਆ ਅਤੇ ਕੇਸ ਧਾਰਨ ਕਰਨ ਦਾ ਪ੍ਰਣ ਕੀਤਾ। ਇਸ ਵੇਲੇ ਦੋਵੇਂ ਅੰਮ੍ਰਿਤਧਾਰੀ ਸਿੱਖ ਹਨ ਅਤੇ ਇਹਨਾਂ ਦੀਆਂ ਅੱਖੀਆਂ ਅਤੇ ਜਾੜ੍ਹਾਂ ਕਦੇ ਨਹੀਂ ਦੁਖੀਆਂ। ਅਗਲੀ ਕਵਿਤਾ ਅਤੇ ਸਾਖੀ ਪੰਡਤ ਇਲਾਚੀ ਰਾਮ (ਹੁਣ ਪੰਡਤ ਲਛਮਨ ਸਿੰਘ ਜੀ) ਦੀ ਕਲਮ ਤੋਂ ਹੈ।

ਇਹ ਕਵਿਤਾ ਭਾਈ ਇਲਾਚੀ ਰਾਮ (ਹੁਣ ਲਛਮਣ ਸਿੰਘ ਜੀ) ਨੇ ਹਿੰਦੂ ਯੂਨੀਵਰਸਿਟੀ ਦੀ ਨੀਂਹ ਰੱਖਣ ਦੇ ਸਮੇਂ ਲਿਖੀ ਸੀ:

ਇਕ ਸੌ ਅੱਠ ਸਤੰਬਰ ਮੂਰਤੀ ਕਮਲ ਸ੍ਰੀ ਮੁਖ ਸੁੰਦਰ ਅੱਖਾਂ।
ਬ੍ਰਿਹਸਪਤਿ ਜਿਓ ਪਰਵਾਰੇ ਖੜੇ ਜਨ ਗਨ ਗਾਇਕ ਮੰਡਲੀ ਕਿੱਨਰ ਜੱਖਾਂ।
ਰਾਜੇ ਅਤੇ ਮਹਾਰਾਜੇ ਸਭੀ ਅਹਾ! ਚਾਰ ਚੁਫੇਰੇ ਖੜੇ ਸਨ ਲੱਖਾਂ।
ਮਾਲਵੀਆ ਸੰਗ ਬੂਝ ਰਹੇ, ਦੱਸੋ ਕੇਹੜੀ ਜਗ੍ਹਾ ਬੁਨਿਆਦ ਮੈਂ ਰੱਖਾਂ।
ਹਰ ਕੀ ਸੁ ਪੁਨਾ ਗੁਰੂ ਨਾਨਕ ਕੀ ਅਰਦਾਸ ਕਰੀ ਕਲਗੀਧਰ ਕੀ।
ਧਰ ਕੀ ਤਲ ਈਂਟ ਵਿਡੂਰਜ ਕੀ ਕਵਿ ਸੇਸ ਫਿਰੀ ਕਰਣੀਕਰ ਕੀ।
ਕਰ ਕੀ ਕਰ ਕੰਕਣ ਲੋਹ ਧੂਨੀ ਸੁ ਗਿਰਾ ਗੁਰ ਕੀ ਵਰਣੀਵਰ ਕੀ।
ਵਰ, ਕੀਰਤ ਜੌਨ ਅਮੀ; ਧਰਕੀ ਸ੍ਰੀ ਅਤਰ ਹਰੀ ਪ੍ਰਿਤਮਾਹਰ ਕੀ।

ਉੱਜਲ ਭਾਲ ਵਿਲੋਕਤ ਹੀ ਮਹਾਰਾਜਾ ਧੀਰਾਜ 'ਖੁਸ਼ੀ' ਹਰਸ਼ੇ।
ਕਛੁ ਐਸੋ ਪ੍ਰਭਾਵ ਰਵਿੰਦ੍ਰ ਜਿਉਂ ਬਿਨ ਬੂਝੇ ਅਨਜਾਣ ਪਦੰਬਜ ਸਿਉ ਪਰਸੇ।

ਧੁਨ ਆਸਾ ਕੀ ਵਾਰ ਸ੍ਰੀ ਮੁਖ ਤੋਂ ਜਨ ਅੰਮ੍ਰਿਤ ਬੂੰਦ ਗਿਰਾ ਬਰਸੇ।
ਹਿੰਦੂ ਯੂਨੀਵਰਸਿਟੀ ਨੀਂਵ ਪਵਿਤ੍ਰ ਅਤਰ ਹਰੀ ਨੇ ਧਰੀ ਕਰ ਸੇ।

ਉੱਜਲ ਆਹਿ ਲਿਲਾਤ ਬਡੋ ਦਸਤਾਰ ਸਜੀ ਜਿਮ ਸੋਮ ਪ੍ਰਭਾ।
ਉਡ ਮਾਲ ਸਮਾਨ ਵਿਰਾਜਤ ਹੈ ਦਹਿਨੇ ਬਾਮਾਂਕ ਜਿਉ ਸ਼ਿੱਸ਼ ਸਭਾ।
ਸਮ ਨੀਰਜ ਅੰਤਹਕਰਨ ਭਏ ਪ੍ਰਕਾਸ਼ ਕਰੈ ਖਿਲ ਹੈ ਸੁ ਤਭਾ।
ਨ੍ਰਿਪ ਨਾਥ ਸੁ ਨਾਨਕ ਕੇ ਕੁਲ ਮੈਂ ਨ੍ਰਿਪ ਨਾਥਿਨ ਸੋ ਬਡ ਤੇਜ ਜਭਾ।

ਨੇਹੁ ਸਨੇਹ ਸੋ ਭੋਜਨ ਕੇ ਹਿਤ ਤੋ ਹਮਨੇ ਨਿਜ ਥਾਨ ਹਕਾਰੇ।
ਪੂਪ ਤਿਹਾਵਲ ਤੰਦੂਲ ਸੋ ਪਿਖ ਥਾਲ ਭਰੇ ਮੁਖ ਬੈਨ ਉਚਾਰੇ।
ਨਾਹ, ਅਚੈਂ, ਸਿਰ ਲ੍ਹੰਚਤ ਹੋ? ਦ੍ਰਿਗ ਦਾੜ ਦੁਖੈਂ; ਹਮ 'ਦੀਨ' ਪੁਕਾਰੇ।
ਕੇਸ ਧਰੋ, ਜਲ ਛੀਂਟੇ ਦਿਯੇ, ਅਬਲੌਂ ਨ ਦੁਖੇ ਕਬੀ ਨੈਨ ਹਮਾਰੇ।
(ਕਬਿੱਤ)

ਗਿਆਨ ਵਿਗਯਾਨ ਸਾਂਤੀ ਕਰੁਣਾ ਸਰੂਪ ਭੂਪ ਭਾਰੀ ਥੇ ਮਲਾਹ ਸਿੱਖੀ ਸਾਗਰ ਜਹਾਜ਼ ਕੇ।
ਮੂਰਤੀ ਅਨੰਦ ਕੰਦ ਰਹਿੰਦੀ ਸੀ ਹਮੇਸ ਖੁਸੀ 'ਸੇਸ ਮ੍ਰਿਗੇਸ' ਦੁਖੀ ਦੀਨਨ ਨਿਵਾਜ ਕੇ।
ਸਗਲ ਬ੍ਰਹਮੰਡ ਵਿਚ ਸਿਖੀ ਦੀ ਸੁਗੰਧ ਫੈਲੀ ਚਰਨ ਪ੍ਰਤਾਪ ਅਤਰ ਸਿੰਘ ਮਹਾਰਾਜ ਕੇ।
ਸ਼ਾਂਤੀ ਵਰਤਾਓ, ਆਕੇ ਸ਼ਬਦ ਸੁਣਾਓ 'ਬਾਬਾ, ਲੈਣਾ ਕੀ ਹੈ ਤੁਸੀਂ? ਸਚ ਖੰਡ ਮੇ ਬਿਰਾਜ ਕੇ।
ਬੀਤ ਰਹੇ ਯੁੱਗ ਬੀਚ ਆਪ ਹੋ ਯੁਯਾਨ ਯੋਗੀ, ਨੇਤਾ ਸਿਰ ਨੇਤਾ ਆਪ ਸਿੱਖਨ ਸਮਾਜ ਕੇ।
ਸੰਜਮ ਅਹਾਰੀ, ਸੁਕ ਸੀਲਤਾ ਬਿਬੇਕ ਧਾਰੀ, ਮਾਲਿਕ ਹੋ ਆਪ, ਦਸਮੇਸ ਪਿਤਾ ਰਾਜ ਕੇ।
ਬੇਨਤੀ ਦੋ ਬੰਦ ਕਰ ਔਣ ਜਾਣ ਬੰਦ ਕਰ ਕੱਟ ਦੇਣੈ ਫੰਦ ਇਸ 'ਸੇਸ਼ ਮ੍ਰਿਗ ਰਾਜ' ਕੇ।
ਸ਼ਾਂਤੀ ਵਰਤਾਓ, ਆ ਕੇ ਸ਼ਬਦ ਸੁਣਾਓ ਬਾਬਾ, ਲੈਣਾ ਕੀ ਤੁਸਾਂ? ਸੱਚ ਖੰਡ ਮੇ ਬਿਰਾਜ ਕੇ।

ਸੱਚ ਖੰਡ ਵਾਸੀ ਸ੍ਰੀ ੧੦੮ ਗੁਰਮੁਖ ਪਿਆਰੇ
ਸੰਤ ਅਤਰ ਸਿੰਘ ਜੀ ਦੇ ਦਾਸਾਂ ਦੇ ਦਾਸਾਂ ਦਾ ਦਾਸ
ਪੰਡਤ ਲਛਮਨ ਸਿੰਘ ਸੇਸ ਮ੍ਰਿਗੇਸ ਸ਼ਾਸਤਰੀ
੧੪ ਅਪ੍ਰੈਲ, ੧੯੪੬ ਕੈਥ ਮਾਜਰੀ, ਅੰਬਾਲਾ ਸ਼ਹਿਰ।

ਸੇਵਾ ਦਾ ਲਾਭ

ਜੇਠ ਹਾੜ ਦੀ ਰੁੱਤ, ਗਿਣਤੀਉਂ ਬਾਹਰ ਦੇਸਾਂ-ਪ੍ਰਦੇਸਾਂ ਤੋਂ ਆਈਆਂ ਅਪਾਰ ਸੰਗਤਾਂ ਮਾਈ-ਭਾਈ ਮਿਲ ਕੇ ਸ੍ਰੀ ਮਸਤੂਆਣੇ ਦਾ ਸਰੋਵਰ, ਕਹੀਆਂ, ਗੰਧਾਲ਼ੇ, ਫਾਲੀਆਂ, ਖੁਰਪੇ ਅਤੇ ਕਸੌਲੀਆਂ ਨਾਲ ਪੂਰਾ ਜ਼ੋਰ ਲਾ ਕੇ ਖੋਦ ਰਹੀਆਂ ਸਨ ਤੇ ਸਤਿਨਾਮ ਦੀ ਧੁਨੀ ''ਸਤਿਨਾਮ, ਸਤਿਨਾਮ'' ਪਰਮ-ਪ੍ਰੇਮ ਦੇ ਸਰੂਰ ਅੰਦਰ ਸੰਗਤਾਂ ਨੂੰ ''ਵਜਦ'' ਵਿੱਚ ਲਿਆ ਰਹੀ ਸੀ। ਇੱਕ ਨਹੀਂ! ਹਜ਼ਾਰਾਂ!! ਮਾਈ-ਭਾਈ ਮਿੱਟੀ ਖੋਦ ਟੋਕਰੀਆਂ ਭਰੀ ਜਾਂਦੇ ਤੇ ਸਿਰੀਂ ਉਠਾਈ ਜਾਂਦੇ। ਬਾਹਰ ਸਿੱਟ ਕੇ ਆਈ ਜਾਂਦਿਆਂ ਦਾ ਨਜ਼ਾਰਾ ਵੇਖ, ਦਿਲ ਨੂੰ ਇੰਝ ਭਾਸਦਾ ਸੀ, ਜਾਣੀ ਮੁੜ ਕੇ ਸੁਧਾ ਸਰੋਵਰ ਸ੍ਰੀ ਅੰਮ੍ਰਿਤਸਰ ਜੀ ਦੀ ਕਾਰ ਸੇਵਾ ਸ਼ੁਰੂ ਹੋ ਰਹੀ ਹੈ। ਵੱਡੇ ਤੋਂ ਵੱਡਾ ਅਮੀਰ ਘਰਾਣਾ ਤੇ ਛੋਟੇ ਤੋਂ ਛੋਟਾ ਗ਼ਰੀਬ, ਸਿੱਖ ਪਰਿਵਾਰ ਆਪਸ ਵਿੱਚ ਮਿਲ ਕੇ ਸੇਵਾ ਕਰ ਰਹੇ ਹਨ।

ਇੱਕ ਦਿਨ ਸੇਰੋਂ ਸ਼ਾਹਪੁਰ, ਮੋਲ ਚੱਠੇ ਤੇ ਲੌਂਗੋਵਾਲ ਆਦਿਕ ਬਹੁਤ ਸਾਰੇ ਪਿੰਡਾਂ ਦੀਆਂ ਸੰਗਤਾਂ ਸੇਵਾ

ਕਰ ਰਹੀਆਂ ਸਨ। ਇਹਨਾਂ ਦੇ ਵਿੱਚ ਮੈਂ 'ਇਲਾਇਚੀ ਰਾਮ' ਤੇ ਗੋਬਿੰਦ ਕੌਰ (ਮੇਰੀ ਧਰਮ ਪਤਨੀ) ਤੇ ਮਾਈ ਹਰਨਾਮ ਕੌਰ (ਪਤਨੀ ਦੀ ਮਾਤਾ) ਜੀ ਤੇ ਸੂਬੇਦਾਰ ਮੇਜਰ ਹੁਕਮ ਸਿੰਘ ਜੀ ਦਾ ਪਰਿਵਾਰ ਮਿੱਟੀ ਦੀਆਂ ਟੋਕਰੀਆਂ ਢੋਣ ਦੀ ਸੇਵਾ ਕਰਦੇ ਸਾਂ। ਸੇਵਾ ਕਰਦਿਆਂ-ਕਰਦਿਆਂ ਸ਼ਾਮ ਦੇ ਪੰਜ ਵਜ ਗਏ ਤੇ ਸਰੀਰ ਵਿੱਚ ਆਲਸ ਤੇ ਥਕਾਵਟ ਮਾਲੂਮ ਦੇਣ ਲੱਗੀ। ਮੇਰੇ ਤੇ ਸੂਬੇਦਾਰ ਮੇਜਰ ਦੇ ਵਿੱਚ (ਜੇ ਅੱਜ ਗੁੜ ਖਾਣ ਨੂੰ ਮਿਲੇ ਤਾਂ ਥਕੇਵਾਂ....) ਹੋ ਰਹੀਆਂ ਗੱਲਾਂ ਕਿਸੇ ਤੀਸਰੇ ਆਦਮੀ ਨੂੰ ਬਿਲਕੁਲ ਮਾਲੂਮ ਨਹੀਂ ਸਨ। ਮੈਂ ਜਾਣਾ ਜਾਂ ਸੂਬੇਦਾਰ ਮੇਜਰ।

ਦੱਖਣ ਦੇ ਸਰੋਵਰ ਦੇ ਕੰਢੇ ਬ੍ਰਿਛਾਂ ਦੇ ਹੇਠ ਕੰਬਲ ਦੇ ਆਸਣ ਪਰ ਐਨ ਸੰਗਤਾਂ ਦੇ ਵਿਚਕਾਰ ਸ੍ਰੀ ੧੦੮ ਪਰਮ ਪ੍ਰਸ਼ੋਤਮ ਪ੍ਰਧਾਨ ਪੁਰਖ, ਸ੍ਰੀ ਗੁਰੂ ਨਾਨਕ ਦੇਵਾ ਜੀ ਦੀ ਨਿਰੰਕਾਰੀ ਜੋਤ ਵਿੱਚੋਂ ਆਈ ਹੋਈ ਨਿਰੰਕਾਰੀ ਜੋਤ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਸਕਾਮ ਤੇ ਨਿਸ਼ਕਾਮ ਮਨੋਂ ਭਾਵਨਾਵਾਂ ਨੂੰ ਪੂਰੀ ਕਰਦਿਆਂ ਬਿਰਾਜ ਰਹੇ ਸਨ ਤੇ ਖੰਡ ਦੀਆਂ, ਮਿਸ਼ਰੀ ਦੇ ਕੂਜਿਆਂ ਦੀਆਂ ਤੇ ਫਲ-ਫੁੱਲਾਂ ਨਾਲ ਭਰੀਆਂ ਬੇਅੰਤ ਪਰਾਤਾਂ ਪਈਆਂ ਸਨ ਤੇ ਨਿਕਟਵਰਤੀ ਕੋਲ ਬੈਠੇ ਸਨ। ਮੈਂ ਤੇ ਸੂਬੇਦਾਰ ਮੇਜਰ ਨੇ ਪ੍ਰਵਾਰਾਂ ਸਮੇਤ ਤਾਲ ਵਿੱਚੋਂ ਨਿਕਲ ਕੇ ਆਣ ਚਰਨਾਂ 'ਤੇ ਮੱਥਾ ਟੇਕਿਆ। ਸਾਨੂੰ ਵੇਹਂਦਿਆਂ ਹੀ ਮਹਾਰਾਜ ਨੇ ਇੱਕ ਨਿਕਟਵਰਤੀ ਵੱਲ ਡਿੱਠਾ ਤੇ ਉਹ ਚਲਾ ਗਿਆ। ਥੋੜ੍ਹੀ ਦੇਰ ਬਾਅਦ ਛੇ ਭੇਲੀਆਂ ਗੁੜ (ਅਸੀਂ ਵੀ ਛੇ ਪ੍ਰਾਣੀ ਗਿਣਤੀ ਵਿੱਚ ਸਾਂ) ਮਹਾਰਾਜ ਜੀ ਦੇ ਅੱਗੇ ਲਿਆ ਰੱਖੀਆਂ। ਮਾਪਿਆਂ ਤੋਂ ਵੱਧ ਪਿਆਰ ਕਰਦਿਆਂ ਇੱਕ-ਇੱਕ ਭੇਲੀ ਸਾਡੇ ਅੱਗੇ ਰੱਖ ਕੇ ਸ੍ਰੀ ਮੁਖ ਤੋਂ ਬੋਲੇ, 'ਛਕੋ ਪਿਆਰੀ ਸਾਧ-ਸੰਗਤ ਜੀ।'

ਮੈਂ ਤੇ ਸੂਬੇਦਾਰ ਮੇਜਰ ਇਹ ਕੌਤਕ ਦੇਖ ਕੇ ਵਿਸਮਾਦ ਹੋ ਗਏ। ਵਿਸਮਾਦ ਹੀ ਨਹੀਂ, ਗਦ-ਗਦ ਹੋ ਕੇ ਕੰਠ ਰੁੱਕ ਗਿਆ ਤੇ ਅੱਖੀਆਂ ਵਿੱਚੋਂ ਆਪ ਮੁਹਾਰੇ ਹੰਝੂ ਵਹਿਣ ਲੱਗ ਪਏ ਤੇ ਗੁੜ ਦੀਆਂ ਭੇਲੀਆਂ ਮਹਾਰਾਜ ਵੱਲ ਨੂੰ ਕਰ ਦਿੱਤੀਆਂ। ਮਹਾਰਾਜ ਜੀ ਨੇ ਅਸਾਡੀ ਵੱਲ ਤੇ ਅਸਾਂ ਫਿਰ ਮਹਾਰਾਜ ਵੱਲ। ਗੱਲ ਕੀ, ਇਹੋ ਹਰਕਤ ਵੀਹ ਪੰਝੀ ਮਿੰਟ ਹੁੰਦੀ ਦੇਖ ਕੇ ਨਿਕਟਵਰਤੀ ਸਾਨੂੰ ਖੰਡ-ਮਿਸ਼ਰੀ ਆਦਿਕ ਦੇਣ ਲੱਗੇ, ਪਰ ਮਹਾਰਾਜ ਜੀ ਨੇ ਹੋੜ ਦਿੱਤਾ ਤੇ ਮੁੜ ਗੁੜ ਦੀਆਂ ਭੇਲੀਆਂ ਦਈ ਜਾਣ ਤੇ ਹੱਸ-ਹੱਸ ਆਖੀ ਜਾਣ, 'ਛਕੋ ਭਾਈ! ਗੁੜ ਤੇ ਲਾਹੋ ਥਕੇਵਾਂ। ਅਸੀਂ ਇਸ ਅਸਚਰਜ ਕੌਤਕ ਨੂੰ ਦੇਖ ਕੇ ਤੇ ਆਪਣੇ ਮੰਦਭਾਗਾਂ ਵੱਲ ਤੱਕ-ਤੱਕ ਕੇ ਰੋ ਰਹੇ ਸਾਂ ਕਿ ਅਸੀਂ ਅੱਜ ਗੁੜ ਕਿਉਂ ਮਨੋਮਨੀ ਮੰਗਿਆ। ਕਾਸ਼! ਜੇ ਅੱਜ ਮੁਕਤੀ ਮੰਗ ਲੈਂਦੇ ਤਾਂ ਮਿਲਦਿਆਂ ਦੇਰ ਨਾ ਸੀ ਲੱਗਣੀ। ਅੱਖੀਆਂ 'ਚੋਂ ਹੰਝੂ ਬਰਸਦੇ ਵੇਖ, ਪ੍ਰਧਾਨ ਪੁਰਸ਼ ਬੋਲੇ, "ਭਾਈ! ਮੁਕਤੀ ਵੀ ਹੋ ਜਾਊ, ਪਰ ਪਹਿਲਾਂ ਗੁੜ ਖਾਓ ਤੇ ਥਕੇਵਾਂ ਲਾਹੋ।"

ਸਾਡੇ ਮਨਾਂ ਉੱਤੇ ਇਹ ਦੂਜੀ ਚੋਟ ਸੀ, ਘਘਿਆ ਕੇ ਚਰਨਾਂ 'ਤੇ ਡਿੱਗ ਪਏ ਪੰਦਰਾਂ ਕੁ ਮਿੰਟ ਬੇਸੁੱਧੀ ਵਿੱਚ ਅਨੰਤ ਕੌਤਕ ਡਿੱਠੇ। ਕੰਡ ਉੱਤੇ ਪਵਿੱਤਰ ਹੱਥ ਦੀ ਛੋਹ ਨਾਲ ਜਾਗਰਤ ਅਵਸਥਾ ਦੀ ਪ੍ਰਾਪਤੀ ਹੋਈ ਤੇ ਹੁਕਮ ਹੋਣ ਪਰ ਗੁੜ ਖਾ ਕੇ ਠੰਡਾ ਜਲ ਪੀਤਾ, ਪਰੰਤੂ ਸਰੀਰ ਦੇ ਅੰਗਾਂ ਵਿੱਚ ਅੱਗੇ ਨਾਲੋਂ ਚੇਤੰਨਤਾ ਵੱਧ ਮਲੂਮ ਦੇ ਰਹੀ ਸੀ।

ਚਰਨਾਂ ਪਰ ਨਮਸਕਾਰ ਕਰਕੇ ਸੇਰੋਂ ਵਿੱਚ ਦਰਸ਼ਨ ਦੇਣ ਦੀ ਮੰਗ ਕੀਤੀ, ਸੋ ਪ੍ਰਵਾਨ ਹੋਈ। ਅਸੀਂ ਸੇਰੋਂ ਚਲੇ ਗਏ। ਕੋਈ ਦੋ ਕੁ ਮਹੀਨੇ ਬਾਅਦ ਸੰਤ ਜੀ ਮਹਾਰਾਜ ਜੀ ਸੇਰੋਂ ਪੁੱਜੇ। ਵੱਡੇ-ਵੱਡੇ ਦੀਵਾਨ ਪਿੰਡ ਦੇ ਵਿਚਾਲੇ ਰੂੜ ਪਰ (ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਹੈ) ਲੱਗਦੇ ਰਹੇ। ਦਾਸ ਨੂੰ ਅਤੇ ਹੋਰ ਕਈ ਕੁ ਪ੍ਰਾਣੀਆਂ ਨੂੰ ਖੰਡੇ ਦਾ ਅੰਮ੍ਰਿਤ (ਭਾਈ ਕਰਮ ਸਿੰਘ ਪੋਠੋਹਾਰੀ ਦੀ ਰਾਹੀਂ) ਛਕਾਇਆ ਤੇ ਮੇਰਾ ਨਾਮ ਇਲਾਇਚੀ ਰਾਮ' ਤੋਂ



ਸੰਤ ਅਤਰ ਸਿੰਘ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਤਾਬਿਆ ਬੈਠੇ ਹਨ ਅਤੇ
ਕੀਰਤਨੀ ਜਥਾ ਕੀਰਤਨ ਕਰ ਰਿਹਾ ਹੈ ।

‘ਲਛਮਨ ਸਿੰਘ’ ਰੱਖਿਆ ਤੇ ਸੰਨ ੧੯੧੪ ਵਾਲਾ ਦਿੱਤਾ ਹੋਇਆ ਵਰ ‘ਅੱਖੀਆਂ ਨਹੀਂ ਦੁਖਣਗੀਆਂ ਕੇਸ ਰੱਖੋ ਅੱਜ ਤੱਕ ਜਿਉਂ ਕਾ ਤਿਉਂ ਪੂਰਾ ਉੱਤਰ ਰਿਹਾ ਹੈ, ਵਾਹ! ਵਾਹ!! (ਸਾਧ ਬਚਨ ਅਟਲਾਧਾ)।

ਧੰਨ ਹੈ ਭਾਰਤ ਖੰਡ ਦੇ ਪੰਜਾਬ ਤੇ ਖਾਸ ਕਰਕੇ (ਰਿਆਸਤ ਪਟਿਆਲਾ ਤਹਿਸੀਲ ਸੁਨਾਮ ਵਿੱਚ ਚੀਮੇਂ ਨਗਰ) ਮਾਲਵਾ ਦੇਸ਼, ਜਿੱਥੇ ਇਹੋ ਜਿਹੀਆਂ ਪਵਿੱਤਰ ਹਸਤੀਆਂ ਪੈਦਾ ਹੋ ਕੇ ਮੁਲਕ ਨੂੰ ਚਾਰ ਚੰਨ ਲਾ ਕੇ ਸੱਚ ਖੰਡ ਬਿਰਾਜ ਰਹੀਆਂ ਹਨ।

ਆਪ ਜੀ ਦੇ ਦਾਸਾਂ ਦਾ ਦਾਸ
ਪੰਡਤ ਲਛਮਨ ਸਿੰਘ ਸੇਸ ਮ੍ਰਿਗੇਸ ਸ਼ਾਸਤਰੀ
ਕੈਥ ਮਾਜਰੀ, ਅੰਬਾਲਾ ਸ਼ਹਿਰ।

ਸਿੱਖ ਐਜੂਕੇਸ਼ਨਲ ਕਾਨਫਰੰਸ ਵਿੱਚ ਭਾਗ ਲੈਣਾ

ਜਦ ਦੀ ਸਿੱਖ ਐਜੂਕੇਸ਼ਨਲ ਕਾਨਫਰੰਸ ਸ਼ੁਰੂ ਹੋਈ, ਸੰਤ ਜੀ ਮਹਾਰਾਜ ਇਸ ਨੂੰ ਗੁਰੂ ਖ਼ਾਲਸੇ ਜੀ ਦੀ ਇੱਕ ਪੰਥਕ ਇਕੱਤ੍ਰਤਾ ਸਮਝ ਕੇ, ਦਰਸ਼ਨ ਦੇ ਕੇ ਨਿਹਾਲ ਕਰਦੇ ਸਨ। ਕਾਨਫਰੰਸ ਦੇ ਧਾਰਮਿਕ ਦੀਵਾਨਾਂ ਦੀ ਸ਼ੋਭਾ ਅਤੇ ਖਿੱਚ ਇਹਨਾਂ ਦੇ ਭਜਨ ਦੇ ਪ੍ਰਤਾਪ ਕਰਕੇ ਹੀ ਸੀ। ਦੂਰ-ਦੂਰ ਤੋਂ ਗੁਰੂ ਕੀਆਂ ਸੰਗਤਾਂ ਇਹਨਾਂ ਦੇ ਮਨ-ਮੋਹਣੇ ਅਤੇ ਨੂਰਾਨੀ ਚਿਹਰੇ ਦੇ ਦਰਸ਼ਨ ਕਰਨ ਅਤੇ ਅਮੋਲਕ ਕੀਰਤਨ ਦੇ ਰੰਗ ਵਿੱਚ ਰੰਗੇ ਜਾਣ ਲਈ ਆਉਂਦੀਆਂ। ਡਿੰਗੇ ਅਤੇ ਇੱਕ-ਦੋ ਹੋਰ ਕਾਨਫਰੰਸਾਂ ਤੋਂ ਛੁੱਟ, ਜਦ ਤੀਕਰ ਸਰੀਰ ਰਿਹਾ, ਸੰਤ ਜੀ ਮਹਾਰਾਜ ਇਸ ਸਮਾਗਮ ’ਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ ਅਤੇ ਆਪਣੀ ਪੂਰੀ ਸੱਤਿਆ ਪੰਥਕ ਵਿੱਦਿਅਕ ਉੱਨਤੀ ਲਈ ਬਖ਼ਸ਼ਦੇ ਰਹੇ। ਇਸ ਸੁਭਾਉ ਅਨੁਸਾਰ ਸੰਤ ਜੀ ਸੰਨ ੧੯੧੪ ਈਸਵੀ ਵਿੱਚ ਸੱਤਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਸਮੇਂ ਜਲੰਧਰ ਗਏ। ਇੱਥੇ ਦੂਰ-ਦੂਰ ਤੋਂ ਸੰਗਤਾਂ ਖਿੱਚੀਆਂ ਆਈਆਂ। ਇਹਨਾਂ ਵਿੱਚ ਬਨੂੰ ਨਿਵਾਸੀ ਮਾਸਟਰ ਸੰਤੋਖ ਸਿੰਘ ਜੀ ਵੈਦ ਵੀ ਸਨ। ਸਮਾਂ ਪਾ ਕੇ ਇਹਨਾਂ ਨੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਗੁਰਮਤਿ ਨਿਯਮ ਪ੍ਰਕਾਸ਼ਕ ਜਥਾ ਬਨੂੰ ਵੱਲੋਂ ਦੀਵਾਨ ਨਿਯਤ ਕੀਤਾ ਗਿਆ ਹੈ। ਦਾਸ ਇਸ ਜਥੇ ਦਾ ਸਕੱਤਰ ਹੈ ਅਤੇ ਰਾਇ ਸਾਹਿਬ ਚੌਧਰੀ ਕਿਸ਼ਨ ਚੰਦ ਜੀ ਪ੍ਰਧਾਨ ਹਨ। ਸਮੂਹ ਪ੍ਰਬੰਧਕਾਂ ਅਤੇ ਸਾਧ-ਸੰਗਤ ਵੱਲੋਂ ਹੱਥ ਜੋੜ ਬੇਨਤੀ ਹੀ ਕਿ ਹਜ਼ੂਰ ਇਸ ਸਮੇਂ ਜ਼ਰੂਰ ਹੀ ਦਰਸ਼ਨ ਦਿਉ। ਇਸ ਦੇ ਮਗਰੋਂ ਜਦ ਸੰਤ ਜੀ ਮਹਾਰਾਜ ਨੇ ਦੁਸਹਿਰੇ ਦੀਆਂ ਛੁੱਟੀਆਂ ਵਿੱਚ ਪਿਸ਼ਾਵਰ ਖ਼ਾਲਸਾ ਦੀਵਾਨ ਵਿੱਚ ਦਰਸ਼ਨ ਦਿੱਤੇ, ਉੱਥੇ ਵੀ ਮਾਸਟਰ ਸੰਤੋਖ ਸਿੰਘ ਜੀ ਨੇ ਆਪਣੀ ਬੇਨਤੀ ਦੁਹਰਾਈ ਕਿ ਬਨੂੰ ਵਿਖੇ ਦੀਵਾਲੀ ਦੇ ਸਮੇਂ ਦੀਵਾਨ ਹੈ, ਜ਼ਰੂਰ ਹੀ ਦਰਸ਼ਨ ਦੇਣ ਦੀ ਕਿਰਪਾ ਕਰਨਾ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ‘ਅਸਾਂ ਫਰੂਕੇ ਖ਼ਾਲਸਾ ਦੀਵਾਨ ਵਿੱਚ ਵਕਤ ਦਿੱਤਾ ਹੋਇਆ ਹੈ। ਉਸ ਦੀਵਾਨ ਅਤੇ ਤੁਹਾਡੇ ਦੀਵਾਨ ਵਿੱਚ ਸਿਰਫ਼ ਤਿੰਨ ਦਿਨਾਂ ਦਾ ਹੀ ਫਰਕ ਹੈ, ਤੁਸੀਂ ਫਰੂਕੇ ਆ ਕੇ ਸਾਨੂੰ ਲੈ ਜਾਣਾ। ਹੁਕਮ ਅਨੁਸਾਰ ਵੈਦ ਜੀ ਫਰੂਕੇ ਅੱਪੜੇ ਅਤੇ ਸੰਤ ਜੀ ਮਹਾਰਾਜ ਨੂੰ ਬਨੂੰ ਲੈ ਗਏ। ਜਥੇ ਵਿੱਚ ਸੱਤ ਸਾਧੂ ਸਨ। ਏਥੇ ਸਿਰਫ਼ ਚਾਰ ਦਿਨ ਰਹੇ। ਜਲੂਸ ਬੜਾ ਸ਼ਾਨਦਾਰ ਨਿਕਲਿਆ ਅਤੇ ਦੀਵਾਨ ਬੜੀ ਕਾਮਯਾਬੀ ਨਾਲ ਹੋਇਆ। ਦੀਵਾਨ ਦੀ ਰੌਣਕ ਵਧਾਉਣ ਲਈ ਭਾਈ ਭਾਗ ਸਿੰਘ, ਹੀਰਾ ਸਿੰਘ ਜੀ ਅਤੇ ਕਾਕਾ ਸਮੁੰਦ ਸਿੰਘ ਜੀ ਦੇ ਜਥੇ ਵੀ ਆਏ ਹੋਏ ਸਨ। ਜਲੂਸ ਵਿੱਚ ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸੱਜੇ ਹੋਏ ਸੀ ਅਤੇ ਇੱਕ-ਰਸ ਸਮਾਧੀ ਅਸਥਿਤ, ਸਾਧ-ਸੰਗਤ ਨੂੰ ਨਿਹਾਲ ਕਰ ਰਹੇ ਸਨ। ਮਾਈ-ਭਾਈ ਦੇ ਨੇਤਰਾਂ ਦੀ ਤਾਰ ਚਕੋਰ ਵਾਂਗ ਇਸ ਚੰਦਰਮੁਖੀ ਚਿਹਰੇ ਦੇ ਦਰਸ਼ਨ ਲਈ ਇੱਕ ਟੱਕ ਜੁੜੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਾਲ ੪੦੦ ਰਸਾਲੇ

ਦੇ ਸਵਾਰ, ਰਸਾਲਦਾਰ ਸੁਰੈਣ ਸਿੰਘ ਜੀ ਦੀ ਕਮਾਨ ਹੇਠ ਜਲੂਸ ਦੀ ਸ਼ਾਨ ਵਧਾ ਰਹੇ ਸਨ। ਇਹਨਾਂ ਦੇ ਪਿੱਛੋਂ ਰਾਗੀ ਜਥੇ ਅਤੇ ਪ੍ਰਚਾਰਕ, ਅੰਮ੍ਰਿਤ ਭਿੰਨੀ ਗੁਰਬਾਣੀ ਦਾ ਕੀਰਤਨ ਅਤੇ ਗੁਰਮਤਿ ਦੀਆਂ ਅਮੋਲਕ ਵਿਚਾਰਾਂ ਸੁਣਾ ਰਹੇ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਦੋ ਦਿਨ ਦੀਵਾਨ ਵਿੱਚ ਹਾਜ਼ਰ ਹੋਈ ਅਤੇ ਗੁਰਬਾਣੀ ਦਾ ਕੀਰਤਨ, ਪ੍ਰਚਾਰ ਸੁਣ ਕੇ ਨਿਹਾਲ ਹੋਈ। ਅੰਮ੍ਰਿਤ ਵੇਲੇ ਤਿੰਨ ਵਜੇ ਹੀ ਦੀਵਾਨ ਰਾਮ ਬਾਗ਼ ਵਿੱਚ ਸਜ ਜਾਂਦਾ। ਚਾਰ ਵਜੇ ਦੀਵਾਨ ਅਸਥਾਨ ਵਿੱਚ ਬਹਿਣ ਦੀ ਥਾਂ ਨਾ ਰਹਿੰਦੀ। ਆਸਾ ਜੀ ਦੀ ਵਾਰ ਦੇ ਪਹਿਲੇ ਬਾਰ੍ਹਾਂ ਸਲੋਕ, ਸੰਤ ਜੀ ਮਹਾਰਾਜ ਮਾਈ-ਭਾਈ ਨੂੰ ਪੜ੍ਹਾ ਕੇ ਗੁਰਬਾਣੀ ਦੀ ਅਤੁੱਟ ਝੜੀ ਲਾਉਂਦੇ। ਇਸ ਦੇ ਮਗਰੋਂ ਬਾਰ੍ਹਾਂ ਸਲੋਕਾਂ ਦਾ ਭਾਈ ਭਾਗ ਸਿੰਘ ਹੀਰਾ ਸਿੰਘ ਜੀ ਕੀਰਤਨ ਕਰਦੇ। ਇੱਥੇ ਚਾਲ੍ਹੀ ਮਾਈ-ਭਾਈ ਨੇ ਅੰਮ੍ਰਿਤ ਛਕਿਆ ਜਿਨ੍ਹਾਂ ਵਿੱਚ ਚਾਰ ਸਹਿਜਧਾਰੀ ਵੀਰ ਸਨ।

ਇਸ ਦੀਵਾਨ ਵਿੱਚ ਕਿਰਪਾਨ ਦੀ ਅਜ਼ਾਦੀ ਦਾ ਗੁਰਮਤਾ ਪਾਸ ਹੋਇਆ ਅਤੇ ਇਸ ਦੀਆਂ ਨਕਲਾਂ ਅਖ਼ਬਾਰਾਂ, ਪੰਥ ਦੇ ਮੁਖੀ ਜਥਿਆਂ ਅਤੇ ਰਾਜ ਪ੍ਰਬੰਧ ਦੇ ਕਰਮਚਾਰੀਆਂ ਵੱਲ ਭੇਜੀਆਂ ਗਈਆਂ। ਬਨੂੰ ਤੋਂ ਰਸਤੇ ਵਿੱਚ ਸੰਗਤਾਂ ਨੂੰ ਤਾਰਦਿਆਂ ਹੋਇਆਂ ਸੰਤ ਜੀ ਮਹਾਰਾਜ ਅੱਠਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਸਮਾਗਮ ਤੇ ਪੁੱਜੇ।

ਇਸ ਸਮਾਗਮ ਦੇ ਪ੍ਰਧਾਨ ਕੰਵਰ.....ਸਿੰਘ ਜੀ, ਮਹਾਰਾਜ ਭੂਪਿੰਦਰ ਸਿੰਘ ਜੀ ਦੇ ਛੋਟੇ ਭਾਈ, ਨੀਯਤ ਕੀਤੇ ਹੋਏ ਸਨ। ਪਰ ੧੯੧੪ ਵਿੱਚ ਕੈਲੀਫੋਰਨੀਆ ਅਤੇ ਕੈਨੇਡਾ ਤੋਂ ਆਉਂਦੇ ਹੋਏ ਜਿਹੜੇ ਸਿੱਖ ਵੀਰ, ਕਲਕੱਤੇ ਜਹਾਜ਼ ਲੱਗਦਿਆਂ ਹੀ ਫੜੇ ਗਏ ਸਨ, ਉਹਨਾਂ ਸੰਬੰਧੀ ਚੀਫ਼ ਖ਼ਾਲਸਾ ਦੀਵਾਨ ਅਤੇ ਪੰਥ ਦੇ ਬਹੁਤ ਸੱਜਣਾਂ ਵਿੱਚ ਬੜਾ ਹੀ ਸਖ਼ਤ ਮਤਭੇਦ ਹੋ ਗਿਆ। ਕਾਨਫਰੰਸ ਦੇ ਸਮਾਗਮ ਵਿੱਚ ਲੜਾਈ ਝਗੜੇ ਦਾ ਡਰ ਸੀ ਅਤੇ ਮਤਭੇਦ ਹੋ ਗਿਆ ਅਤੇ ਇਸ ਸਮੇਂ ਦਾ ਨਿਭਾਉਣਾ ਕੋਈ ਮਾਮੂਲੀ ਜਿਹੀ ਗੱਲ ਨਹੀਂ ਸੀ। ਸਮੇਂ ਦਾ ਇਹ ਪ੍ਰਭਾਉ ਦੇਖ ਕੇ ਕੰਵਰ ਸਾਹਿਬ ਨੇ ਐਨ ਮੌਕੇ ਸਿਰ ਆਉਣ ਤੋਂ ਨਾਂਹ ਕਰ ਦਿੱਤੀ। ਪ੍ਰਬੰਧਕਾਂ 'ਤੇ ਅਚਾਨਕ ਹੀ ਭਾਰ ਪੈ ਗਿਆ। ਆਪਣੀ ਸਿਆਣਪ ਅਤੇ ਵਿਚਾਰ ਨਾਲ ਉਹਨਾਂ ਨੇ ਇਹ ਗੁਰਮਤਾ ਕੀਤਾ ਕਿ ਸੰਤ ਅਤਰ ਸਿੰਘ ਜੀ ਮਹਾਰਾਜ ਪੰਥ ਦੇ ਸਾਰੇ ਅੰਗਾਂ ਦੀ ਸਾਂਝੀ ਪੂਜ ਹਸਤੀ ਹਨ। ਇਹਨਾਂ ਨਾਲ ਸਿੱਖ ਕੌਮ ਦੇ ਸਾਰੇ ਫਿਰਕੇ, ਜਥੇ, ਪਾਰਟੀਆਂ ਸੰਪਰਦਾਇ ਪ੍ਰੇਮ ਰੱਖਦੇ ਹਨ। ਸੰਤ ਜੀ ਮਹਾਰਾਜ ਤੋਂ ਛੁੱਟ ਹੋਰ ਕੋਈ ਪ੍ਰੇਮੀ ਇਸ ਸਮੇਂ ਦੇ ਸੰਭਾਲਣ ਦੀ ਸਮਰੱਥਾ ਨਹੀਂ ਰੱਖਦਾ। ਸਰਬ ਸੰਮਤੀ ਨਾਲ ਸੰਤ ਜੀ ਮਹਾਰਾਜ ਨੂੰ ਇਸ ਸਮਾਗਮ ਦਾ ਪ੍ਰਧਾਨ ਥਾਪਿਆ ਗਿਆ। ਗੁਰਮਤੇ ਦੇ ਸਿਰੇ ਚੜ੍ਹਦਿਆਂ ਹੀ ਜਲੂਸ ਦੀ ਤਿਆਰੀ ਸ਼ੁਰੂ ਹੋ ਗਈ। ਉੱਧਰ ਰਾਜ ਪ੍ਰਬੰਧਕਾਂ ਨੂੰ ਵੀ ਫਿਕਰ ਸੀ ਕਿ ਕਿਧਰੇ ਅਮਨ ਵਿੱਚ ਗੜਬੜ ਨਾ ਪੈ ਜਾਵੇ। ਜਦ ਜਲੂਸ ਤਿਆਰ ਹੋ ਗਿਆ, ਤਦ ਇਸ ਨਾਲ ਬੜਾ ਹੀ ਕਰੜਾ ਫੌਜੀ ਪਹਿਰਾ ਨੀਯਤ ਕੀਤਾ ਗਿਆ। ਸੰਗਤਾਂ ਵਿੱਚ ਉਤਸ਼ਾਹ ਇੰਨਾ ਸੀ ਕਿ ਸ਼ਹਿਰ ਅਤੇ ਨਗਰਾਂ ਦੇ ਬੇਅੰਤ ਮਾਈ-ਭਾਈ ਇਕੱਠੇ ਹੋ ਗਏ। ਬਜ਼ਾਰਾਂ ਵਿੱਚ ਤਿਲ ਸੁੱਟਣ ਦੀ ਥਾਂ ਨਾ ਰਹੀ। ਭਾਵੇਂ ਪ੍ਰੇਮੀਆਂ ਦੇ ਹਿਰਦਿਆਂ ਵਿੱਚ ਇੱਕ ਦੂਜੇ ਦੇ ਵਿਰੁੱਧ ਕਈ ਤਰ੍ਹਾਂ ਦੀਆਂ ਲਹਿਰਾਂ ਚੱਲ ਰਹੀਆਂ ਸਨ, ਪਰ ਸ਼ਾਂਤੀ ਸਮੁੰਦਰ ਸੰਤ ਜੀ ਮਹਾਰਾਜ ਦੇ ਪ੍ਰਭਾਵ ਅਤੇ ਆਤਮਿਕ ਸ਼ਕਤੀ ਦੇ ਪ੍ਰਕਾਸ਼ ਨਾਲ ਜਲੂਸ ਦਾ ਸਮਾਂ ਬੜੀ ਸੁਹਣੀ ਤਰ੍ਹਾਂ ਨਿਭ ਗਿਆ।

ਦੂਜੇ ਦਿਨ ਅੰਮ੍ਰਿਤ ਵੇਲੇ ਤਿੰਨ ਵਜੇ ਧਾਰਮਿਕ ਦੀਵਾਨ ਸ਼ੁਰੂ ਹੋ ਗਿਆ। ਇਸ ਵਿੱਚ ਪਹਿਲਾਂ ਭਾਈ ਭਾਗ ਸਿੰਘ ਅਤੇ ਹੀਰਾ ਸਿੰਘ ਜੀ ਨੇ ਕੀਰਤਨ ਸ਼ੁਰੂ ਕੀਤਾ। ਫੇਰ ਸੰਤ ਜੀ ਮਹਾਰਾਜ ਨੇ ਗੁਰਬਾਣੀ ਦੀ ਵਰਖਾ ਸ਼ੁਰੂ ਕਰ ਦਿੱਤੀ। ਸੰਤ ਜੀ ਮਹਾਰਾਜ ਦੀ ਸ਼ੇਰ ਵਰਗੀ ਗਰਜ ਅਤੇ ਗੁਰੂ ਸੰਗਤਾਂ ਦੀ ਪੂਰੇ ਪ੍ਰੇਮ ਅਤੇ ਉਤਸ਼ਾਹ ਭਰੀ ਸ਼ਬਦ ਦੀ ਘਨਘੋਰ ਮਹਾਂ-ਅਕਾਸ਼ ਵਿੱਚ ਭਰਪੂਰ ਹੋ ਗਈ। ਐਨ ਦਸ ਵਜੇ ਕਾਨਫਰੰਸ ਦਾ ਸੈਸ਼ਨ ਸ਼ੁਰੂ ਹੋ

ਗਿਆ। ਸਵਾਗਤ ਕਮੇਟੀ ਦੇ ਮੈਂਬਰ, ਫੈਲੋ ਡੈਲੀਗੇਟਸ, ਵਿਜ਼ਿਟਰਜ਼; ਰਾਗੀ ਅਤੇ ਪ੍ਰਚਾਰਕ ਜਥੇ, ਸਭ ਆਪਣੀਆਂ-ਆਪਣੀਆਂ ਥਾਂਵਾਂ 'ਤੇ ਸੱਜ ਗਏ। ਸ਼ਬਦ ਦੇ ਅਦਬ ਰੱਖਣ ਲਈ ਕੀਰਤਨੀ ਜਥੇ ਪੰਡਾਲ ਦੇ ਸਭ ਤੋਂ ਉੱਚੇ ਹਿੱਸੇ ਵਿੱਚ ਬਿਠਾਏ ਗਏ। ਕੁਝ ਮਿੰਟਾਂ ਮਗਰੋਂ ਹੀ ਵਿੱਦਿਅਕ ਕਮੇਟੀ ਦੇ ਮੁਖੀ ਮੈਂਬਰ, ਸੰਤ ਪ੍ਰਧਾਨ ਨੂੰ ਆਪਣੇ ਨਾਲ ਲੈ ਕੇ ਆ ਗਏ। ਸਾਰੀ ਸਾਧ-ਸੰਗਤ ਇੱਕ ਦਮ ਆਪਣੇ ਪੈਰਾਂ 'ਤੇ ਉੱਠ ਖਲੋਤੀ ਅਤੇ ਪੰਡਾਲ ਜੈਕਾਰਿਆਂ ਦੀ ਗੂੰਜ ਨਾਲ ਭਰ ਗਿਆ।

ਡਾਇਸ ਉੱਪਰ ਇੱਕ ਸ਼ਹਾਨਾ ਕੁਰਸੀ 'ਤੇ, ਸੰਤ ਜੀ ਮਹਾਰਾਜ ਸਜ ਗਏ ਅਤੇ ਰਿਸੈਪਸ਼ਨ ਕਮੇਟੀ ਦਾ ਪ੍ਰਧਾਨ ਨਾਲ ਦੀ ਕੁਰਸੀ 'ਤੇ ਬੈਠ ਗਿਆ। ਹੁਣ ਵਿਹਾਰਕ ਤੌਰ 'ਤੇ ਸੰਤ ਜੀ ਮਹਾਰਾਜ ਦਾ ਨਾਮ ਪ੍ਰਧਾਨਗੀ ਲਈ ਸਾਧ-ਸੰਗਤ ਅੱਗੇ ਪੇਸ਼ ਹੋਇਆ। ਸਾਰਿਆਂ ਨੇ ਬੜੇ ਉਤਸ਼ਾਹ ਨਾਲ ਪ੍ਰਵਾਨਗੀ ਦਾ ਜੈਕਾਰਾ ਗਜਾਇਆ। ਇਸ ਦੇ ਮਗਰੋਂ ਰਿਸੈਪਸ਼ਨ ਕਮੇਟੀ ਦੇ ਪ੍ਰਧਾਨ ਨੇ ਆਪਣਾ ਲੇਖ ਪੜ੍ਹਿਆ। ਹੁਣ ਸੰਤ ਜੀ ਮਹਾਰਾਜ ਦੀ ਪ੍ਰਧਾਨਗੀ ਦੇ ਵਖਿਆਨ ਦੀ ਵਾਰੀ ਆਈ। ਪ੍ਰਧਾਨ ਜੀ ਦਾ ਲੇਖ ਤਾਂ ਅੱਗੇ ਹੀ ਛਪ ਚੁੱਕਾ ਸੀ। ਇਹ ਸੰਤ ਜੀ ਮਹਾਰਾਜ ਦੇ ਉਪਦੇਸ਼ ਮਗਰੋਂ ਵੰਡਿਆ ਗਿਆ। ਸੰਤ ਪ੍ਰਧਾਨ ਨੇ ਆਪਣੇ ਮੁਖਾਰਬਿੰਦ ਤੋਂ ਇਹ ਅਮੋਲਕ ਬਚਨ ਸੁਣਾਏ:

ਪੰਥ ਦੀ ਤਰੱਕੀ ਲਈ ਸੰਤਾਂ ਦੇ ਅਮੋਲਕ ਬਚਨ

(੧) ਸਾਧ ਸੰਗਤ ਜੀ! ਅਸੀਂ ਸਾਰੇ ਇਹੋ ਹੀ ਚਾਹੁੰਦੇ ਹਾਂ ਕਿ ਖ਼ਾਲਸਾ ਪੰਥ ਦੀ ਦਿਨ ਦੂਣੀ ਰਾਤ ਚੌਣੀ ਤਰੱਕੀ ਹੋਵੇ। ਪਰ ਪ੍ਰੇਮੀਓ! ਇਹ ਤਰੱਕੀ ਉਸ ਦਿਨ ਹੀ ਹੋਵੇਗੀ, ਜਦ ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ (ਤਿੰਨ ਵਜੇ) ਪਿੰਡ-ਪਿੰਡ, ਨਗਰ-ਨਗਰ, ਕਸਬੇ-ਕਸਬੇ, ਅਤੇ ਸ਼ਹਿਰ-ਸ਼ਹਿਰ ਦੀਆਂ ਖੂਹੀਆਂ 'ਤੇ ਸਾਧ-ਸੰਗਤ ਦੇ ਡੋਲ ਖੜਕਣਗੇ ਅਤੇ 'ੴ ਸਤਿਨਾਮੁ' ਦੀ ਧੁਨੀ ਉੱਠੇਗੀ।

(੨) ਜਿਸ ਦਿਨ ਸਾਰੇ ਗੁਰੂ ਖ਼ਾਲਸੇ ਜੀ ਦਾ ਇੱਕੋ ਹੀ ਖ਼ਜ਼ਾਨਾ ਹੋ ਜਾਵੇਗਾ ਅਤੇ ਗੁਰੂ ਦੀਆਂ ਸੰਗਤਾਂ ਆਪਣੇ ਦਸਵੰਧ ਅਤੇ ਕਾਰ ਭੇਟ ਇਸ ਖਜਾਨੇ ਵਿੱਚ, ਸਾਲ ਦੇ ਸਾਲ ਜਾਂ ਮਹੀਨੇ ਦੇ ਮਹੀਨੇ ਜਮ੍ਹਾਂ ਕਰਾਉਣਗੀਆਂ। ਫੇਰ ਆਸ਼ਰਮਾਂ ਅਤੇ ਪੰਥਕ ਕਾਰਜਾਂ ਲਈ ਕਿਸੇ ਮੰਗ ਅਤੇ ਅਪੀਲ ਦੀ ਲੋੜ ਨਹੀਂ ਪਵੇਗੀ। ਮੰਗ ਕਰਨ ਨਾਲ ਖ਼ਾਲਸੇ ਜੀ ਦੇ ਨਿਰਭੈ ਅਤੇ ਬੇਪ੍ਰਵਾਹ ਹਿਰਦੇ ਵਿੱਚ ਕਮਜ਼ੋਰੀ ਆ ਜਾਂਦੀ ਹੈ। ਭਾਵੇਂ ਅਸਾਂ ਸਾਧ-ਸੰਗਤ ਦਾ ਬਚਨ ਮੰਨ ਕੇ ਚੌਥੀ ਸਿੱਖ ਐਜੂਕੇਸ਼ਨਲ ਕਾਨਫਰੰਸ ਰਾਵਲਪਿੰਡੀ ਵਿੱਚ ਪੰਥ ਦੇ ਵਿੱਦਿਅਕ ਫੰਡ ਲਈ ਅਪੀਲ ਕੀਤੀ ਸੀ, ਪਰ ਸਾਡਾ ਸਾਖੀ ਇਹ ਕਹਿੰਦਾ ਹੈ ਕਿ ਅਪੀਲ ਕਰਨਾ ਖ਼ਾਲਸੇ ਜੀ ਦੀ ਸ਼ਾਨ ਦੇ ਉਲਟ ਹੈ। ਸਹਿਜ-ਸੁਭਾਇ ਗੁਰ ਕੇ ਸਿੱਖ ਨਿਸ਼ਾਨ ਸਾਹਿਬ ਦੇ ਸਾਏ ਹੇਠ ਆਪਣੇ-ਆਪ ਜੀ ਅਰਦਾਸੇ ਕਰਾਈ ਜਾਣ ਤੇ ਉੱਥੇ ਬੈਠਾ ਅਰਦਾਸਈਆ ਚੁਪੀਤੇ ਹੀ ਅਰਦਾਸਾ ਕਰੀ ਜਾਏ (ਬੋਲੋ ਜੀ ਵਾਹਿਗੁਰੂ, ਪ੍ਰੇਮੀ ਮਾਇਆ ਅਰਦਾਸ ਕਰਾਉਂਦਾ ਹੈ, ਨਾਮ ਚਿੱਤ ਆਵੇ।)

(੩) ਪੰਥ ਦੇ ਸਾਰੇ ਅੰਗ ਨਾਮ ਜਪਣ ਅਤੇ ਹਰੀ ਕੀਰਤਨ ਨੂੰ ਮੁਖ ਕਾਰ ਸਮਝਣ ਅਤੇ ਆਪਣੇ ਸਾਰੇ ਕਾਰੋਬਾਰ ਗੁਰਮੁਖੀ ਅੱਖਰਾਂ ਦੁਆਰਾ ਚਲਾਉਣ।

ਇਸ ਦੇ ਮਗਰੋਂ ਬੀਬੀਆਂ ਦਾ ਸ਼ਬਦ ਕੀਰਤਨ ਸ਼ੁਰੂ ਹੋ ਗਿਆ ਅਤੇ ਕਾਨਫਰੰਸ ਦੇ ਨੀਯਤ ਪ੍ਰੋਗਰਾਮ ਅਨੁਸਾਰ ਗੁਰਮਤੇ ਪਾਸ ਹੋਏ। ਵਿੱਚ-ਵਿੱਚ ਖਾਸ-ਖਾਸ ਪ੍ਰੇਮੀਆਂ ਦੇ ਵਖਿਆਨ ਵੀ ਹੋਏ। ਦੂਜੇ ਦਿਨ ਧਾਰਮਿਕ ਦੀਵਨਾ ਦੇ ਮਗਰੋਂ ਦਸ ਵਜੇ ਕਾਨਫਰੰਸ ਸ਼ੁਰੂ ਹੋਈ, ਬਾਕੀ ਰਹੇ ਗੁਰਮਤੇ ਪਾਸ ਹੋਏ, ਵਿੱਦਿਅਕ ਫੰਡ ਲਈ ਅਪੀਲ ਹੋਈ ਅਤੇ ਕਾਨਫਰੰਸ ਦਾ ਸਾਰਾ ਸਮਾਗਮ ਸ਼ਾਂਤੀ ਪੂਰਵਕ ਨਿਭ ਗਿਆ।

ਫਿਰੋਜ਼ਪੁਰ ਤੋਂ ਸੰਤ ਜੀ ਮਹਾਰਾਜ ਮਾਲਵਾ ਖ਼ਾਲਸਾ ਹਾਈ ਸਕੂਲ ਦਾ ਬੁਨਿਆਦੀ ਪੱਥਰ ਰੱਖਣ ਦੇ ਸਮੇਂ ਲੁਧਿਆਣੇ ਪੁੱਜੇ। ਵਿਸਾਖੀ ਤੋਂ ਦੋ ਦਿਨ ਪਹਿਲਾਂ ਅਖੰਡ ਪਾਠ ਅਰੰਭ ਹੋਇਆ। ਪਾਠੀ ਸਿੰਘ ਗੁਰਸਾਗਰ ਸਾਹਿਬ ਮਸਤੂਆਣੇ ਤੋਂ ਬੁਲਾਏ ਗਏ ਸਨ। ਇਹਨਾਂ ਵਿੱਚ ਭਾਈ ਲਾਲ ਸਿੰਘ ਜੀ, ਜੋ ਅੱਜ-ਕੱਲ੍ਹ ਦਾਨ ਗੜ ਹਨ, ਸ਼ਾਮਲ ਹੋਏ। ਨੀਯਤ ਸਮੇਂ ਅਖੰਡ ਪਾਠ ਦਾ ਭੋਗ ਪਿਆ। ਇਸ ਦੇ ਮਗਰੋਂ ਅਰਦਾਸਾ ਸੋਧ ਕੇ ਸਾਧ-ਸੰਗਤ, ਸ਼ਬਦ ਕੀਰਤਨ ਕਰਦੀ ਹੋਈ ਬੁਨਿਆਦ ਅਸਥਾਨ 'ਤੇ ਪੁੱਜੀ। ਮਹਾਰਾਜ ਰਿਪੂਦਮਨ ਸਿੰਘ ਮਾਲਵਿੰਦਰ ਬਹਾਦਰ ਵਾਲੀਏ ਨਾਭਾ ਨੇ ਸਕੂਲ ਦੀ ਨੀਂਹ ਰੱਖੀ। ਸਮਾਗਮ ਦੇ ਮਗਰੋਂ ਇਕਾਂਤ ਸਮਾਂ ਦੇਖ ਕੇ ਭਾਈ ਲਾਲ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਪੁੱਛਿਆ, **"ਸੱਚੇ ਪਾਤਸ਼ਾਹ! ਗੁਰਮੰਤਰ ਦਾ ਅਭਿਆਸ ਕਰਨਾ ਅੱਛਾ ਹੈ, ਜਾਂ ਹੋਰ ਵਿੱਦਿਆ ਪੜ੍ਹਨੀ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ:**

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (੧੪੮)

ਬਾਰੰ ਬਾਰ ਬਾਰ ਪ੍ਰਭੁ ਜਪੀਐ ॥
ਪ੍ਰਾਣੀ ਮਾਤਰ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ (੨੮੬)

ਭਾਈ ਨਾਮ ਜਪਣਾ, ਪ੍ਰਾਣੀ-ਮਾਤਰ ਦਾ ਮੁਖ ਧਰਮ ਹੈ। ਜਿਵੇਂ ਘੜੀ ਇੱਕ-ਰਸ ਟਿਕ-ਟਿਕ ਕਰਦੀ ਰਹਿੰਦੀ ਹੈ, ਇਸੇ ਤਰ੍ਹਾਂ ਹੀ ਹਰ ਇੱਕ ਸਿੱਖ ਆਪਣੀ ਮਨ ਬਿਰਤੀ ਅਤੇ ਸਵਾਸਾਂ ਨੂੰ ਨਾਮ ਨਾਲ ਜੋੜੀ ਰੱਖੇ।

ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ ॥ (੫੫੬)

ਲੁਧਿਆਣੇ ਤੋਂ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਆਏ ਅਤੇ ਸਰੋਵਰ ਦੀ ਕਾਰ ਕਰਾਈ। ਦਾਸ ਨੂੰ ਸੇਵਾ ਵਿੱਚ ਪੱਕਿਆਂ ਕੀਤਾ ਅਤੇ ਫੇਰ ਧੂਰੀ ਵੱਲ ਚਲੇ ਗਏ, ਜਿੱਥੇ ਕਿ ਉਹਨਾਂ ਨੂੰ ਬਾਬੂ ਤੇਜਾ ਸਿੰਘ ਜੀ ਭਸੌੜ ਵਾਲੇ ਮਿਲੇ। ਇਸ ਸੇਵਾ ਤੇ ਮਿਲਾਪ ਦਾ ਸਾਰਾ ਜ਼ਿਕਰ ਪਿਛਲੇ ਕਾਂਡ ਵਿੱਚ ਆ ਚੁੱਕਾ ਹੈ।

ਨਾਨਕਸਰ ਚੀਮਾਂ ਤੀਰਥ ਪ੍ਰਗਟ ਕਰਨਾ

ਧੂਰੀ ਸਟੇਸ਼ਨ ਤੋਂ ਸੰਤ ਜੀ ਮਹਾਰਾਜ ਧੂਰੀ ਨਗਰ ਵਿੱਚ ਪੁੱਜੇ ਅਤੇ ਤਿੰਨ-ਚਾਰ ਦਿਨ ਇੱਥੇ ਦੀਵਾਨ ਸਜਾਏ। ਸ਼ਬਦ ਕੀਰਤਨ ਦਾ ਅਤੁੱਟ ਪ੍ਰਵਾਹ ਚੱਲਿਆ ਅਤੇ ਬਹੁਤ ਸਾਰੇ ਮਾਈ-ਭਾਈ ਨੇ ਖੰਡੇ ਦੀ ਪਾਹੁਲ ਲਈ। ਇਸ ਸਮੇਂ ਧੂਰੀ ਦੇ ਗੁਰਦੁਆਰੇ ਦੇ ਬਣਾਉਣ ਦਾ ਗੁਰਮਤਾ ਹੋਇਆ। ਧੂਰੀ ਤੋਂ ਸੰਤ ਜੀ ਅਹਿਮਦਗੜ੍ਹ ਆਏ ਅਤੇ ਇੱਥੋਂ ਮਹੇਰਨਾਂ, ਲੋਹਟਬੰਦੀ ਅਤੇ ਇਲਾਕੇ ਦੇ ਬਹੁਤ ਸਾਰੇ ਨਗਰਾਂ ਨੂੰ ਨਾਮ-ਬਾਣੀ ਅਤੇ ਅੰਮ੍ਰਿਤ ਦੀ ਦਾਤ ਬਖਸ਼ੀ। ਪ੍ਰਚਾਰ ਦਾ ਅਤੁੱਟ ਚੱਕਰ ਚੱਲ ਪਿਆ। ਇੱਕ ਪਿੰਡ ਤੋਂ ਦੂਜੇ ਪਿੰਡ ਦੀ ਪੰਚਾਇਤ ਲੈ ਜਾਂਦੀ। ਇਸ ਤਰ੍ਹਾਂ ਮੂਲੋਵਾਲ, ਕਾਂਜਲਾ, ਲੌਂਗੋਵਾਲ ਨਗਰਾਂ ਨੂੰ ਤਾਰਦੇ ਹੋਏ ਸੰਤ ਜੀ ਮਹਾਰਾਜ, ਚੀਮੇਂ ਦੀ ਪੰਚਾਇਤ ਦਾ ਪ੍ਰੇਮ ਪੂਰਾ ਕਰਨ ਹਿਤ ਇਸ ਨਗਰ ਆਏ। ਇੱਥੇ ਸੰਤ ਜੀ ਮਹਾਰਾਜ, ਗੁਰਸਾਗਰ ਸਾਹਿਬ ਮਸਤੂਆਣੇ ਤੋਂ ਪਹਿਲਾਂ ਵੀ ਇੱਕ ਵਾਰੀ ਆ ਚੁੱਕੇ ਸਨ ਅਤੇ ਪਿੰਡ ਦੇ ਵੱਡੇ ਬਜ਼ਾਰ ਵਿੱਚ ਕਈ ਸਵੇਰ ਸ਼ਾਮ ਦੇ ਦੀਵਾਨ ਲਾ ਕੇ ਸਾਧ-ਸੰਗਤ ਨੂੰ ਨਿਹਾਲ ਕਰ ਗਏ ਸਨ। ਪਿੰਡ ਦੇ ਅੰਦਰਲੇ ਗੁਰਦੁਆਰੇ ਦੀ ਉਗਰਾਹੀ ਉਸ ਸਮੇਂ ਹੋਈ ਸੀ। ਇਸੇ ਨਗਰ ਫੇਰੀ ਵੇਲੇ ਸੰਤ ਜੀ ਮਹਾਰਾਜ ਨੇ ਭਰੇ ਦੀਵਾਨ ਵਿੱਚ ਉੱਚੀ ਅਵਾਜ਼ ਨਾਲ ਆਖਿਆ, ''ਸਾਨੂੰ ਪੰਜਾਂ ਸੇਵਕਾਂ ਦੀ ਲੋੜ ਹੈ, ਅਸਾਂ ਉਹਨਾਂ ਨੂੰ ਇੱਕ ਪਵਿੱਤਰ ਅਸਥਾਨ ਦੱਸਣਾ ਹੈ ਤੇ ਉਸ ਦੀ ਟਹਿਲ ਵਿੱਚ ਲਾਉਣਾ ਹੈ।'' ਸੰਤ ਜੀ ਮਹਾਰਾਜ ਦੀ ਇਹ ਮੰਗ ਸੁਣ ਕੇ ਭਾਈ ਮੇਹਰ ਸਿੰਘ, ਭਾਈ ਲਾਲ ਸਿੰਘ, ਭਾਈ ਹਜ਼ਾਰਾ ਸਿੰਘ ਅਤੇ ਦੋ ਹੋਰ ਸੱਜਣ ਉੱਠੇ। ਦੀਵਾਨ ਦੇ ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਪਿੰਡ ਤੋਂ ਬਾਹਰ ਗਏ ਤੇ ਇਹਨਾਂ ਨੂੰ

ਆਪਣੇ ਖੇਤਾਂ ਵਿੱਚ ਇੱਕ ਪੁਰਾਣੇ ਟੋਭੇ 'ਤੇ ਲੈ ਆਂਦਾ। ਭਾਈ ਮੇਹਰ ਸਿੰਘ ਤਾਂ ਇੱਥੇ ਪਹਿਰੇ 'ਤੇ ਬਿਠਾ ਦਿੱਤਾ। ਬਾਕੀਆਂ ਨੂੰ ਆਪਣੀ-ਆਪਣੀ ਸੇਵਾ ਲਾਈ ਅਤੇ ਫ਼ਰਮਾਇਆ, "ਭਾਈ! ਇਹ ਬੜੀ ਪਵਿੱਤਰ ਧਰਤੀ ਹੈ, ਇੱਥੇ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਹਨ। ਇਸ ਚਰਨ ਧੂੜ ਦੀ ਬਰਕਤ ਦੁਆਰਾ ਇੱਥੇ ਇੱਕ ਦਿਨ ਬੜਾ ਭਾਰੀ ਅਸਥਾਨ ਪ੍ਰਗਟ ਹੋਵੇਗਾ।" ਫੇਰ ਆਪਣੀ ਹੱਥੀਂ ਟੋਭੇ ਦੇ ਇੱਕ ਪਾਸੇ ਟੱਕ ਲਾਇਆ ਅਤੇ ਆਖਿਆ ਕਿ ਭਾਈ! ਇਸ ਨੂੰ ਹੌਲੀ-ਹੌਲੀ ਵਧਾਈ ਜਾਉ। ਟੋਭੇ ਤੋਂ ਤਿੰਨ ਕੁ ਫਰਲਾਂਗ 'ਤੇ ਇੱਕ ਜ਼ਿਮੀਂਦਾਰ ਦਾ ਕੱਚਾ ਬੁਰਜ ਸ਼ਾਮਲਾਤ ਧਰਤ ਵਿੱਚ ਸੀ। ਇਸ ਵਿੱਚ, ਸੰਤ ਜੀ ਮਹਾਰਾਜ ਨੇ ਇੱਕ ਉਦਾਸੀ ਸਾਧੂ, ਸੁਤੇ-ਪ੍ਰਕਾਸ਼ ਨੂੰ ਡੇਰਾ ਲਾਣ ਦੀ ਆਗਿਆ ਕੀਤੀ ਅਤੇ ਫ਼ਰਮਾਇਆ, "ਤੁਸੀਂ ਇੱਥੇ ਬੈਠ ਕੇ ਸਿਮਰਨ ਕਰੋ, ਪਿੰਡ ਦਾ ਇਹ ਪਾਸਾ ਵੱਸਦਾ ਰਹੇਗਾ।"

ਹੁਣ ਜਦ ਦੂਜੀ ਵਾਰੀ ਸੰਤ ਚੀਮੇਂ ਦੀ ਸਾਧ-ਸੰਗਤ ਦਾ ਪ੍ਰੇਮ ਪੂਰਾ ਕਰਨ ਲਈ ਆਏ, ਤਦ ਇੱਕ ਦਿਨ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸਾਧ-ਸੰਗਤ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਸ ਨਗਰ ਵਿੱਚ ਭੀ ਕੋਈ ਤੀਰਥ ਪ੍ਰਗਟ ਕਰੋ।" ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਭਾਈ ਗੁਰਸਾਗਰ ਸਾਹਿਬ ਮਸਤੂਆਣਾ ਤੁਹਾਡੇ ਨੇੜੇ ਹੀ ਹੈ। ਹੋਰ ਤੀਰਥ ਦੀ ਕੀ ਲੋੜ ਹੈ?" ਪਰ ਜਦ ਸਾਧ-ਸੰਗਤ ਹੱਥ ਜੋੜ ਕੇ ਖਹਿੜੇ ਹੀ ਪੈ ਗਈ, ਤਦ ਆਖਿਆ, "ਭਾਈ! ਪਿੱਛਲੇ ਪਹਿਰ ਚਾਰ ਵਜੇ ਸਾਰੀ ਸਾਧ-ਸੰਗਤ ਓਸ ਟੋਭੇ ਕੋਲ, ਜਿਹੜਾ ਸਾਡੇ ਖੇਤਾਂ ਵਿੱਚ ਹੈ ਇਕੱਠੇ ਹੋ ਜਾਓ। ਫੇਰ ਤੁਹਾਡੇ ਪ੍ਰੇਮ ਅਨੁਸਾਰ ਤੀਰਥ ਅਸਥਾਨ ਦੀ ਨੀਂਹ ਰੱਖੀ ਜਾਵੇਗੀ।"

ਸਮੇਂ ਸਿਰ ਸ਼ਾਮ ਵੇਲੇ ਨਗਰ ਚੀਮਾਂ ਅਤੇ ਹੋਰ ਨੇੜੇ ਦੇ ਨਗਰਾਂ ਦੀ ਸਾਧ-ਸੰਗਤ ਇਕੱਤਰ ਹੋ ਗਈ। ਇਹਨਾਂ ਵਿੱਚ ਖਾਸ ਕਰ ਬੀਰ ਅਤੇ ਤੋਲੋਵਾਲ ਦੇ ਪ੍ਰੇਮੀ ਸਨ। ਕੁਝ ਚਿਰ ਸੰਤ ਜੀ ਮਹਾਰਾਜ ਇੱਕ ਵੰਨ ਅਤੇ ਹੀਂਸ ਦੇ ਮੱਧ, ਜਿਹੜੇ ਅੱਜ-ਕੱਲ੍ਹ ਨਾਨਕਸਰ ਸਾਹਿਬ ਸਰੋਵਰ ਦੇ ਐਨ ਵਿਚਕਾਰ ਖੜੇ ਹੈਨ, ਸਮਾਧੀ ਅਸਥਿਤ ਰਹੇ। ਫੇਰ ਨੇਤਰ ਖੁਲ੍ਹੇ ਅਤੇ ਸਾਰੀ ਸਾਧ-ਸੰਗਤ 'ਤੇ ਮਹਾਂਪੁਰਖਾਂ ਦੀ ਦ੍ਰਿਸ਼ਟੀ ਪਈ,

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ (੨੭੩)

ਪੰਜ ਕੁ ਮਿੰਟਾਂ ਮਗਰੋਂ ਏਥੋਂ ਉੱਠ ਖਲੋਤੇ ਅਤੇ ਟੋਭੇ ਦੇ ਵਿੱਚ ਚਲੇ ਗਏ। ਇੱਕ ਸੇਵਕ ਪਾਸੋਂ ਚਾਕੂ ਲੈ ਕੇ ਕੁਝ ਮਿੱਟੀ ਆਪਣੇ ਹਸਤ-ਕੰਵਲਾਂ ਨਾਲ ਪੁੱਟੀ ਅਤੇ ਇਸ ਨੂੰ ਆਪਣੀ ਚਾਦਰ ਵਿੱਚ ਬੜੇ ਅਦਬ ਨਾਲ ਪਾ ਕੇ ਬਾਹਰ ਲਿਆਂਦਾ। ਫੇਰ ਹੁਕਮ ਦਿੱਤਾ ਕਿ ਸਾਰੇ ਮਾਈ-ਭਾਈ ਪੰਜ-ਪੰਜ ਫੇਰੇ ਮਿੱਟੀ ਦੇ ਬਾਹਰ ਸੁੱਟੋ। ਫੇਰ ਟੋਭੇ ਦੇ ਆਲੇ-ਦੁਆਲੇ ਫਿਰ ਕੇ ਸਰੋਵਰ ਦੀ ਹੱਦ ਕਾਇਮ ਕਰ ਦਿੱਤੀ ਅਤੇ ਫ਼ਰਮਾਇਆ ਕਿ ਮਿੱਟੀ ਇਸ ਹੱਦ ਤੋਂ ਬਾਹਰ ਸੁੱਟੀ ਜਾਵੇ। ਜਦ ਸਾਧ-ਸੰਗਤ ਨੇ ਮਿੱਟੀ ਦੀ ਕਾਰ ਪੂਰੀ ਕਰ ਲਈ, ਤਦ ਨਗਰ ਦੇ ਇੱਕ ਪੰਡਤ ਨੇ, ਜਿਹੜਾ ਸੰਤ ਜੀ ਮਹਾਰਾਜ ਦਾ ਬਾਲ ਸਖਾਈ ਮਿੱਤਰ ਸੀ, ਅਰਜ਼ ਕੀਤੀ, "ਸੱਚੇ ਪਾਤਸ਼ਾਹ! ਚੂਨਾ ਇੱਟ ਤਿਆਰ ਹੈ, ਤੀਰਥ ਦੀ ਨੀਂਹ ਰੱਖੋ।" ਸੰਤ ਜੀ ਮਹਾਰਾਜ ਪੰਡਤ ਦੇ ਨਾਲ-ਨਾਲ ਟੁਰ ਪਏ ਅਤੇ ਇੱਕ ਕਰੀਰ ਦੇ ਬੂਟੇ ਦੇ ਕੋਲ, ਜਿੱਥੇ ਇਸ ਵੇਲੇ ਨਾਨਕਸਰ ਸਾਹਿਬ ਦੇ ਸਰੋਵਰ ਦੀ ਉੱਪਰਲੀ ਪਉੜੀ ਹੈ, ਆਪਣੇ ਪਵਿੱਤਰ ਹਸਤ-ਕਮਲਾਂ ਨਾਲ ਪੰਜ ਇੱਟਾਂ ਰੱਖੀਆਂ। ਇਸ ਦੇ ਪਿੱਛੋਂ ਰਾਜ ਨੇ ਇੱਥੇ ਇੱਕ ਛੋਟੀ ਜਿਹੀ ਥੜ੍ਹੀ ਬਣਾ ਦਿੱਤੀ ਤਾਂ ਕਿ ਇੱਟਾਂ ਹਿੱਲ ਨਾ ਜਾਣ ਅਤੇ ਬੁਨਿਆਦ ਕਾਇਮ ਰਹੇ।

ਨੀਂਹ ਧਰਨ ਦੇ ਸਮੇਂ ਪੰਡਤ ਜੀ ਨੇ ਤਿੰਨ ਵਾਰੀ ਹੱਥ ਜੋੜ ਕੇ ਅਰਜ਼ ਕੀਤੀ ਕਿ ਮਹਾਰਾਜ! ਇਸ ਦਾ ਨਾਉਂ ਜਨਮ ਅਸਥਾਨ ਰੱਖੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭੋਲਿਆ! ਇਹ ਨਾਨਕਸਰ ਸਾਹਿਬ ਤੀਰਥ ਹੈ। ਇੱਥੇ ਗੁਰੂ ਸਾਹਿਬ ਜੀ ਦੇ ਚਰਨ ਪਏ ਹਨ।" ਫੇਰ ਪੰਡਤ ਜੀ ਨੇ ਆਖਿਆ, "ਹਜ਼ੂਰ! ਇਸ

ਅਸਥਾਨ ਨੂੰ ਬਣਾਓ।'' ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਬਚਨ ਨਿਕਲੇ, ''ਭਾਈ! ਸਾਨੂੰ ਗੁਰੂ ਕਲਗੀਧਰ ਜੀ ਮਹਾਰਾਜ ਦਾ ਗੁਰੂ ਕਾਸ਼ੀ ਸੇਵਾ ਕਰਾਉਣ ਦਾ ਹੁਕਮ ਹੈ। ਉੱਥੇ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰੂਸਰ ਸਰੋਵਰ ਪੂਰਾ ਕਰਨਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਥੜ੍ਹਾ ਸਾਹਿਬ ਤੇ ਦੀਵਾਨ ਅਸਥਾਨ ਬਣਾ ਕੇ ਸਾਧ-ਸੰਗਤ ਦੇ ਨਿਵਾਸ ਲਈ ਬੁੰਗੇ ਤਿਆਰ ਕਰਨੇ ਹਨ। ਨਾਲ ਹੀ ਸਤਿਗੁਰੂ ਕਲਗੀਆਂ ਵਾਲੇ ਨੇ ਸਾਰੇ ਬਚਨ ਪੂਰੇ ਕਰਨੇ ਸਨ। (ਵੇਖ ਡਲਿਆ ਅੰਬ ਤੇ ਅਨਾਰ) ਇਸ ਅਸਥਾਨ ਦੀ ਸੇਵਾ ਸਾਡੇ ਸਰੀਰ ਛੱਡਣ ਦੇ ਮਗਰੋਂ ਸਾਧ-ਸੰਗਤ ਕਰੇਗੀ।

ਚੀਮੇਂ ਨਗਰ ਨੂੰ ਨਿਹਾਲ ਕਰ ਕੇ ਸੰਤ ਜੀ ਮਹਾਰਾਜ ਕਟੂ ਅਤੇ ਹੋਰ ਕਈ ਨਗਰਾਂ ਵਿੱਚ ਹੁੰਦੇ ਹੋਏ ਪਟਿਆਲੇ ਆ ਪਹੁੰਚੇ। ਇਹਨਾਂ ਦਿਨਾਂ ਵਿੱਚ ਦਾਸ ਵੀ ਕੰਨਿਆਂ ਮਹਾਂਵਿਦਿਆਲੇ ਪੰਚ ਖੰਡ ਭਸੌੜ ਦੀ ਛੇ ਮਹੀਨੇ ਸੇਵਾ ਕਰ ਕੇ ਇੱਥੇ ਪੁੱਜ ਚੁੱਕਾ ਸੀ।

ਇੱਕ ਦਿਨ ਸ਼ਾਮ ਦੇ ਵੇਲੇ ਦਾਸ ਸਰਦਾਰ ਆਤਮਾ ਸਿੰਘ ਐਸ ਡੀ ਓ ਦੀ ਕੋਠੀ ਬੈਠਾ ਹੋਇਆ ਸੀ ਕਿ ਕਿਸੇ ਪ੍ਰੇਮੀ ਨੇ ਆ ਕੇ ਖ਼ਬਰ ਦਿੱਤੀ, ''ਸੰਤ ਜੀ ਮਹਾਰਾਜ ਪਟਿਆਲੇ ਆਏ ਹੋਏ ਹਨ ਅਤੇ ਉਹਨਾਂ ਦਾ ਦੀਵਾਨ ਅੱਜ ਸ਼ਹਿਰ ਦੇ ਅੰਦਰ ਸੇਵਕ ਜੱਥੇ ਦੇ ਗੁਰਦੁਆਰੇ ਵਿੱਚ ਲੱਗਣਾ ਹੈ।'' ਇਹ ਖ਼ਬਰ ਸੁਣਦਿਆਂ ਸਾਰ ਹੀ, ਅਸ਼ਨਾਨ-ਪਾਣੀ ਕਰ, ਦਾਸ ਆਪਣੇ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਦੀਵਾਨ ਵਿੱਚ ਹਾਜ਼ਰ ਹੋ ਗਿਆ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਹੋਏ ਸਨ। ਸਾਧ-ਸੰਗਤ ਦੀ ਆਵਾਜਾਈ ਤੇ ਨਮਸਕਾਰ ਕਰਨ ਹਿੱਤ; ਦੋ ਕੁ ਗਜ਼ ਚੌੜਾ ਲਾਲ ਕੱਪੜਾ ਫਰਸ਼ 'ਤੇ ਵਿਛਿਆ ਹੋਇਆ ਸੀ। ਗੁਰਦੁਆਰੇ ਸਾਹਿਬ ਦੇ ਅੱਧੇ ਹਿੱਸੇ ਵਿੱਚ ਪ੍ਰੇਮੀ ਸਜੇ ਹੋਏ ਸਨ ਅਤੇ ਦੂਜੇ ਵਿੱਚ ਮਾਈਆਂ-ਬੀਬੀਆਂ। ਪਹਿਲਾਂ ਸੰਤ ਜੀ ਮਹਾਰਾਜ ਉੱਚੀ ਸੁਰ ਵਿੱਚ ਸ਼ਬਦ ਦੀ ਤੁਕ ਪੜ੍ਹਦੇ, ਫੇਰ ਸਾਧ-ਸੰਗਤ; ਅਤੇ ਤੀਜੀ ਥਾਂ ਮਾਈਆਂ-ਬੀਬੀਆਂ। ਇੱਕ ਅਸਚਰਜ ਰੰਗ ਬਣਿਆ ਹੋਇਆ ਸੀ ਅੰਮ੍ਰਿਤ ਭਿੰਨੀ ਗੁਰਬਾਣੀ ਦੀ ਐਸੀ ਲਹਿਰ ਚੱਲੀ ਹੋਈ ਸੀ ਕਿ ਸਾਰੇ ਮਾਈ-ਭਾਈ ਆਪਣੇ ਸਰੀਰ ਨੂੰ ਭੁਲਾ ਕੇ ਸ਼ਬਦ ਰੂਪ ਹੋ ਗਏ ਸਨ। ਇਹ ਇੱਕ ਬੈਕੁੰਠ ਦੀ ਝਾਕੀ ਸੀ; **ਕਹਿ ਕਮੀਰ ਅਬ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥** (੧੧੬੧)

ਦੀਵਾਨ ਦੇ ਭੋਗ ਦੇ ਮਗਰੋਂ ਸਰਦਾਰ ਆਤਮਾ ਸਿੰਘ ਜੀ ਅਤੇ ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਏ ਅਤੇ ਦਰਸ਼ਨ ਕਰ ਕੇ ਨਿਹਾਲ ਹੋਏ, **''ਸਾਧ ਕੈ ਸੰਗਿ ਨਹੀ ਕਛੁ ਘਾਲ। ਦਰਸਨੁ ਭੇਟਤ ਹੋਤ ਨਿਹਾਲ॥''**(੨੭੨) ਫੇਰ ਸਰਦਾਰ ਆਤਮਾ ਸਿੰਘ ਜੀ ਨੇ ਹੱਥ ਜੋੜ ਕੇ ਪ੍ਰਸ਼ਾਦ ਛਕਣ ਦੀ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਪ੍ਰਸ਼ਾਦ ਦੀ ਵੰਡ ਪ੍ਰਬੰਧਕਾਂ ਦੇ ਹੱਥ ਹੈ, ਜਦੋਂ ਇਹ ਵਾਰੀ ਦੇਣਗੇ, ਅਸੀਂ ਹਾਜ਼ਰ ਹੋ ਜਾਵਾਂਗੇ।''

ਨੀਯਤ ਦਿਨ ਸੰਤ ਜੀ ਮਹਾਰਾਜ ਸਰਦਾਰ ਆਤਮਾ ਸਿੰਘ ਜੀ ਦੇ ਗ੍ਰਿਹ ਪ੍ਰਸ਼ਾਦ ਛਕਣ ਆਏ। ਪ੍ਰਸ਼ਾਦ ਛਕਣ ਦੇ ਮਗਰੋਂ ਸਰਦਾਰ ਸਾਹਿਬ ਦੀ ਕੋਠੀ ਵਿੱਚ ਰੱਖਣ ਦਾ ਗੁਰਮਤਾ ਹੋ ਗਿਆ। ਦੂਜੇ ਦਿਨ ਆਸਾ ਜੀ ਦੀ ਵਾਰ ਦਾ ਦੀਵਾਨ ਕੋਠੀ ਵਿੱਚ ਹੀ ਲੱਗਾ ਅਤੇ ਭੋਗ ਦੇ ਮਗਰੋਂ ਅਖੰਡ ਪਾਠ ਅਰੰਭ ਹੋ ਗਿਆ। ਭੋਗ ਪੈਣ ਵਾਲੇ ਦਿਨ ਜਦ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਦੀਵਾਨ ਵਿੱਚ ਆਏ ਤਾਂ ਇੱਕ ਪ੍ਰੇਮੀ ਸਰਦਾਰ ਜੋਗਿੰਦਰ ਸਿੰਘ ਨੇ ਆਪਣੇ ਪ੍ਰੇਮ ਅਤੇ ਸ਼ਰਧਾ ਭਗਤੀ ਨਾਲ ਸੰਤ ਜੀ ਦੇ ਬੈਠਣ ਲਈ ਦਰੀ 'ਤੇ ਇੱਕ ਕੰਬਲ ਵਿਛਾ ਦਿੱਤਾ। ਸੰਤ ਜੀ ਮਹਾਰਾਜ ਨੇ ਚੁੱਪ-ਚੁਪੀਤੇ ਹੀ ਭੂਰੇ ਨੂੰ ਚੁੱਕ ਦਿੱਤਾ ਅਤੇ ਸਹਿਜ-ਸੁਭਾਅ ਸਾਧ-ਸੰਗਤ ਦੇ ਨਾਲ ਬੈਠ ਗਏ।

''ਊਚਾ ਚੜੈ ਸੁ ਪਵੈ ਪਇਆਲਾ ॥ ਧਰਨਿ ਪੜੈ ਤਿਸੁ ਲਗੈ ਨ ਕਾਲਾ ॥''(੩੭੪)

ਸਿੱਖ ਐਜੂਕੇਸ਼ਨਲ ਕਾਨਫਰੰਸ, ਤਰਨਤਾਰਨ

ਅਖੰਡ ਪਾਠ ਦੇ ਭੋਗ ਦੇ ਥੋੜ੍ਹੇ ਦਿਨਾਂ ਮਗਰੋਂ ਹੀ ਸੰਤ ਜੀ ਮਹਾਰਾਜ ਨੇ ਨੌਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਤਰਨਤਾਰਨ ਤੇ ਜਾਣ ਦੀ ਤਿਆਰੀ ਕਰ ਲਈ। ਦਾਸ ਵੀ ਜਥੇ ਸਮੇਤ ਨਾਲ ਹਾਜ਼ਰ ਹੋ ਗਿਆ। ਤਰਨਤਾਰਨ ਸਾਹਿਬ ਪੁੱਜ ਕੇ ਸੰਤ ਜੀ ਮਹਾਰਾਜ ਨੇ ਡਾਕਟਰ ਹਰਨਾਮ ਸਿੰਘ ਜੀ ਦੀ ਕੋਠੀ ਡੇਰਾ ਕੀਤਾ ਅਤੇ ਬਾਕੀ ਜਥੇ ਦਾ ਆਸਣ ਉਪਦੇਸ਼ਕ ਮਹਾਂਵਿੱਦਿਆਲੇ ਵਿੱਚ ਕਰਾਇਆ ਗਿਆ। ਸੰਤ ਜੀ ਮਹਾਰਾਜ ਨੇ ਆਪਣੇ ਨਿੱਤਨੇਮ ਅਨੁਸਾਰ ਅੰਮ੍ਰਿਤ ਵੇਲੇ ਧਾਰਮਿਕ ਪੰਡਾਲ ਵਿੱਚ ਦੀਵਾਨ ਸਜਾਇਆ। ਪੰਦਰਾਂ ਕੁ ਹਜ਼ਾਰ (੧੫੦੦੦) ਸੰਗਤ ਸਤਿਗੁਰੂ ਦੇ ਚਰਨਾਂ ਵਿੱਚ ਹਾਜ਼ਰ ਸੀ। ਸ਼ਾਮ ਦੇ ਸਮੇਂ ਸਰਦਾਰ ਖੜਕ ਸਿੰਘ ਜੀ, ਨੀਯਤ ਪ੍ਰਧਾਨ ਕਾਨਫਰੰਸ ਸਮਾਗਮ, ਜਲੂਸ ਦੀ ਸ਼ਕਲ ਵਿੱਚ ਤਰਨਤਾਰਨ ਰੇਲਵੇ ਸਟੇਸ਼ਨ ਤੋਂ ਪੈਦਲ ਗੁਰਦੁਆਰੇ ਸਾਹਿਬ ਦੀ ਯਾਤਰਾ ਕਰ ਕੇ ਦੀਵਾਨ ਅਸਥਾਨ ਪੁੱਜੇ। ਰਹਿਰਾਸ ਸਾਹਿਬ ਤੋਂ ਮਗਰੋਂ ਜਲੂਸ ਦਾ ਅਰਦਾਸਾ ਸੋਧਿਆ ਗਿਆ ਅਤੇ ਸਾਰੇ ਆਪਣੇ-ਆਪਣੇ ਡੇਰਿਆਂ 'ਤੇ ਚਲੇ ਗਏ।

ਦੂਜੇ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੇ ਵਾਰ ਦੇ ਬਾਰ੍ਹਾਂ ਸਲੋਕਾਂ ਦਾ ਰਾਗੀ ਸਿੰਘਾਂ ਨੇ ਕੀਰਤਨ ਕੀਤਾ ਅਤੇ ਪਿੱਛਲਾ ਹਿੱਸਾ ਸੰਤ ਜੀ ਮਹਾਰਾਜ ਨੇ ਮਾਈ-ਭਾਈ ਨੂੰ ਪੜ੍ਹਾਇਆ। ਐਨ ਦਸ ਵਜੇ ਕਾਨਫਰੰਸ ਦਾ ਸਮਾਗਮ ਸ਼ੁਰੂ ਹੋ ਗਿਆ। ਜਦ ਪੰਡਾਲ ਵਿੱਚ ਸਾਰੀ ਸਾਧ-ਸੰਗਤ, ਪ੍ਰਧਾਨ ਅਤੇ ਹੋਰ ਪ੍ਰਬੰਧਕ ਆਪਣੀ-ਆਪਣੀ ਥਾਂਵਾਂ 'ਤੇ ਸਜ ਗਏ, ਤਦ ਹੀ ਮਹਾਰਾਜ ਨੇ ਜਥੇ ਸਮੇਤ ਦਰਸ਼ਨ ਦਿੱਤੇ ਅਤੇ ਸਾਰਾ ਪੰਡਾਲ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਰਿਸੈਪਸ਼ਨ ਕਮੇਟੀ ਪ੍ਰਧਾਨ ਨੇ ਅੱਗੇ ਵਧ ਕੇ ਸੰਤ ਜੀ ਮਹਾਰਾਜ ਨੂੰ ਆਪਣੇ ਨਾਲ ਇੱਕ ਖ਼ਾਸ ਕੁਰਸੀ 'ਤੇ ਬਿਠਾ ਲਿਆ। ਫੇਰ ਸਾਰੀ ਸੰਗਤ ਆਪਣੀ-ਆਪਣੀ ਥਾਂ ਬੈਠ ਗਈ। ਸਮਾਗਮ ਦੇ ਪ੍ਰਧਾਨ ਦੀ ਮਰਯਾਦਾ ਪੂਰਵਕ ਸਾਧ-ਸੰਗਤ ਪਾਸੋਂ ਪ੍ਰਵਾਨਗੀ ਲਈ ਗਈ। ਇਸ ਦੇ ਮਗਰੋਂ ਰਿਸੈਪਸ਼ਨ ਕਮੇਟੀ ਦੇ ਪ੍ਰਧਾਨ ਨੇ ਆਪਣਾ ਲੇਖ ਪੜ੍ਹਿਆ। ਫੇਰ ਸਰਦਾਰ ਖੜਕ ਸਿੰਘ ਜੀ ਨੇ ਆਪਣਾ ਐਡਰੈਸ (Address) ਪੇਸ਼ ਕੀਤਾ। ਜਦ ਐਡਰੈਸ ਪੂਰਾ ਹੋ ਗਿਆ, ਤਦ ਸਰਦਾਰ ਸ਼ਿਵਦੇਵ ਸਿੰਘ ਜੀ ਉਬਰਾਇ, ਸਕੱਤਰ ਐਜੂਕੇਸ਼ਨਲ ਕਮੇਟੀ ਨੇ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹੱਥ ਜੋੜ ਕੇ ਸ਼ਬਦ ਪੜ੍ਹਨ ਦੀ ਬੇਨਤੀ ਕੀਤੀ। ਬੜੀ ਉੱਚੀ ਸੁਰ ਵਿੱਚ ਸੰਤ ਜੀ ਮਹਾਰਾਜ ਨੇ ਸਾਰੀ ਸੰਗਤ ਨੂੰ ਤਿੰਨ ਥਾਂ ਸ਼ਬਦ ਪੜ੍ਹਾਇਆ। ਸਾਰਿਆਂ ਦੀ ਬਿਰਤੀ ਇੱਕ-ਰਸ ਗੁਰਬਾਣੀ ਵਿੱਚ ਲੀਨ ਹੋ ਗਈ। ਇਸ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਪ੍ਰੋਫੈਸਰ ਪੂਰਨ ਸਿੰਘ ਦੁਆਰਾ ਆਪਣਾ ਹੁਕਮ ਸੁਣਾਇਆ ਕਿ ਸਰਬੱਤ ਮਾਈ-ਭਾਈ ਅੰਤਰਮੁਖ ਹੋ ਕੇ ਪੰਜ ਮਿੰਟ ਲਈ, ਸ਼ਬਦ (ਵਾਹਿਗੁਰੂ ਗੁਰਮੰਤਰ) ਦਾ ਧਿਆਨ ਧਰੋ। ਇੱਕ ਦਮ ਸਾਰੇ ਪੰਡਾਲ ਵਿੱਚ ਇੱਕ ਅਦੁੱਤੀ ਸੁੰਨ ਸਮਾਧੀ ਵਰਤ ਗਈ। ਸਭ ਦੀ ਲਿਵ ਨਾਮ ਵਿੱਚ ਜੁੜ ਗਈ। ਪੰਜ ਮਿੰਟ ਮਗਰੋਂ ਸਕੱਤਰ ਨੇ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਇਆ। ਸਾਰੀ ਸਾਧ-ਸੰਗਤ ਨੇ ਆਪਣੇ ਨੇਤਰ ਖੋਲ੍ਹੇ ਅਤੇ ਕਾਨਫਰੰਸ ਦੀ ਅਗਲੀ ਕਾਰਵਾਈ ਸ਼ੁਰੂ ਹੋ ਗਈ।

ਹੁਣ ਗੁਰਮਤੇ ਪਾਸੇ ਹੋਣੇ ਅਰੰਭ ਹੋ ਗਏ। ਵਿੱਚ-ਵਿੱਚ ਸ਼ਬਦ ਕੀਰਤਨ ਅਤੇ ਪ੍ਰਚਾਰ ਵੀ ਹੁੰਦਾ ਰਿਹਾ। ਦਾਸ ਨੂੰ ਵੀ ਸਾਧ-ਸੰਗਤ ਦੇ ਚਰਨਾਂ ਵਿੱਚ ਕੁਝ ਬੇਨਤੀ ਕਰਨ ਲਈ ਹੁਕਮ ਮਿਲਿਆ। ਨਾਮ-ਸਿਮਰਨ ਪ੍ਰਤੀ ਕੁਝ ਅਰਜ਼ ਕਰ ਕੇ ਦਾਸ ਨੇ ਸਮੂਹ ਸਾਧ-ਸੰਗਤ ਨੂੰ 'ਸਤਿਨਾਮ, ਵਾਹਿਗੁਰੂ' 'ਅਕਾਲ ਪੁਰਖ, ਤੂੰ ਹੀ ਹੈਂ' ਦਾ ਜਾਪ ਕਰਾਇਆ। ਇੱਕ ਪਾਸੇ 'ਸਤਿਨਾਮ, ਵਾਹਿਗੁਰੂ' ਦੀ ਅੱਧੀ ਤੁਕ ਸਾਰੇ ਪ੍ਰੇਮੀ ਬੋਲਦੇ, ਅਤੇ ਦੂਜੇ ਪਾਸੇ 'ਅਕਾਲ ਪੁਰਖ, ਤੂੰ ਹੀ ਹੈਂ' ਦੀ ਗੂੰਜ ਮਾਈਆਂ-ਬੀਬੀਆਂ ਉਠਾਉਂਦੀਆਂ। ਦਸ ਕੁ ਵਾਰੀ ਅੱਧੀ-ਅੱਧੀ ਤੁਕ

ਪੜ੍ਹਨ ਦੇ ਮਗਰੋਂ, ਸ਼ਬਦ ਦੀ ਟੇਕ ਲਈ ਜਾਂਦੀ। ਪੰਦਰਾਂ ਕੁ ਮਿੰਟ ਸਾਧ-ਸੰਗਤ ਇਸ ਨਾਮ ਦੇ ਰਸ ਨੂੰ ਮਾਣਦੀ ਰਹੀ। ਸਾਰਾ ਮਹਾਂ ਅਕਾਸ਼ ਸ਼ਬਦ ਦੀ ਘਨਘੋਰ ਨਾਲ ਭਰ ਗਿਆ। ਇੰਨੇ ਸਮੇਂ ਲਈ ੧੫੦੦੦ ਸਾਧ-ਸੰਗਤ ਦਾ, ਇੱਕ-ਰਸ 'ਸਤਿਨਾਮ, ਵਾਹਿਗੁਰੂ', 'ਅਕਾਲ ਪੁਰਖ, ਤੂੰ ਹੀ ਹੈਂ, ਦੇ ਰੰਗ ਵਿੱਚ ਜੁੜ ਜਾਣਾ ਕਾਨਫਰੰਸ ਦੇ ਇਤਿਹਾਸ ਵਿੱਚ ਪਹਿਲਾ ਹੀ ਸਮਾਂ ਸੀ। ਸਭ ਮਾਈ-ਭਾਈ ਨੇ ਇਸ ਨੂੰ ਯਾਦ ਕਰ ਲਿਆ ਅਤੇ ਸੰਤ ਜੀ ਮਹਾਰਾਜ ਦੀ ਬਖਸ਼ੀ ਹੋਈ ਨਾਮ ਦੀ ਮੁਹਾਰਨੀ ਸਾਰੇ ਖ਼ਾਲਸੇ ਜੀ ਵਿੱਚ, ਸ਼ਹਿਰ-ਸ਼ਹਿਰ, ਪਿੰਡ-ਪਿੰਡ ਵਿੱਚ ਫੈਲ ਗਈ।

ਪੰਜ ਵਜੇ ਕਾਨਫਰੰਸ ਦਾ ਸਮਾਗਮ ਅਪੀਲ ਦੇ ਮਗਰੋਂ ਸਮਾਪਤ ਹੋਇਆ ਅਤੇ ਸੋਦਰੁ ਦਾ ਦੀਵਾਨ ਸਜ ਗਿਆ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਾਜ਼ਰ ਹੋ ਗਏ ਅਤੇ ਸਾਰਾ ਦੀਵਾਨ ਅਸਥਾਨ ਭਰ ਗਿਆ। ਇਸ ਸਮੇਂ ਜਮਾਂਦਾਰ ਗੁਰਦਿੱਤ ਸਿੰਘ ਧਮਾਲੀ ਵਾਲੇ ਮੱਥਾ ਟੇਕ ਕੇ ਚੁਪੀਤੇ ਹੀ ਦੂਰ ਦੀਵਾਨ ਵਿੱਚ ਬੈਠ ਗਏ। ਇਹਨਾਂ 'ਤੇ ਸੰਤ ਜੀ ਮਹਾਰਾਜ ਦੀ ਨਿਗਾਹ ਪੈ ਗਈ। ਭਾਈ ਕਲਿਆਣ ਸਿੰਘ ਜੀ ਨੂੰ ਭੇਜ ਕੇ ਆਪਣੇ ਪਾਸ ਬੁਲਾਇਆ ਅਤੇ ਆਖਿਆ, 'ਭਾਈ, ਸ਼ਬਦ ਸੁਣਾਓ।' ਜਮਾਂਦਾਰ ਜੀ ਨੇ ਉੱਚੀ ਸੁਰ ਵਿੱਚ ਇਹ ਸ਼ਬਦ ਪੜ੍ਹਿਆ:

ਪਉੜੀ ॥

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥ (੪੬੩)

ਸੰਤ ਜੀ ਮਹਾਰਾਜ ਬੜੇ ਹੀ ਪ੍ਰਸੰਨ ਹੋਏ ਅਤੇ ਤਿੰਨ ਦਿਨ ਇਹਨਾਂ ਨੂੰ ਆਪਣੇ ਪਾਸ ਰੱਖਿਆ।

ਸਤਿਗੁਰੂ ਦੀ ਬਖਸ਼ਿਸ਼

ਇੱਕ ਦਿਨ ਸੰਤ ਜੀ ਮਹਾਰਾਜ ਆਪਣੇ ਡੇਰੇ 'ਤੇ ਪ੍ਰੇਮੀਆਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ, ਤਦ ਜਮਾਂਦਾਰ ਜੀ ਨੇ ਪੁੱਛਿਆ, "ਮਹਾਰਾਜ ਜੀ! ਕਈ ਵਾਰੀ ਸਾਖੀਆਂ ਵਿੱਚ ਪੜ੍ਹਿਆ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਨਦਰੀ ਨਦਰ ਨਿਹਾਲ ਕਰਕੇ ਸਿੱਖਾਂ ਨੂੰ ਗਿਆਨ ਬਖ਼ਸ਼ ਦਿੱਤਾ। ਇਸ ਤਰ੍ਹਾਂ ਹਰ ਇੱਕ ਜਗਿਆਸੂ 'ਤੇ ਇਹ ਮੇਹਰ ਹੋਣੀ ਚਾਹੀਦੀ ਹੈ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! "ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥ ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥"(੩੦੦) ਮਨੁੱਖਾ ਜਨਮ ਹੋਣ ਕਰਕੇ, ਗਿਆਨ ਦੇ ਅਧਿਕਾਰੀ ਤਾਂ ਸਾਰੇ ਹੀ ਮਾਈ-ਭਾਈ ਹਨ, ਪਰ ਤੁਹਾਨੂੰ ਸਮਝਾਉਣ ਲਈ ਅਸੀਂ ਇੱਕ ਦ੍ਰਿਸ਼ਟਾਂਤ ਦਿੰਦੇ ਹਾਂ। ਦੋ ਬੀਬੀਆਂ ਹਨ, ਦੋਹਾਂ ਸਵੇਰੇ ਘਰ ਦੇ ਨਿਰਬਾਹ ਲਈ ਅੱਗ ਬਾਲਣੀ ਹੈ। ਇੱਕ ਤਾਂ ਰਾਤ ਹੀ, ਸੌਣ ਤੋਂ ਪਹਿਲਾਂ ਚੁੱਲ੍ਹੇ ਵਿੱਚ ਸਭ ਤੋਂ ਹੇਠ ਸੁੱਕਾ ਫੂਸ; ਫੇਰ ਸੁੱਕੇ ਤੀਲੇ, ਉਸ ਦੇ ਉੱਤੇ ਛੋਟੀਆਂ-ਛੋਟੀਆਂ ਲੱਕੜੀਆਂ ਜੋੜ ਦੇਂਦੀ ਹੈ। ਦੂਜੀ ਬੇਪ੍ਰਵਾਹ ਹੋ ਕੇ, ਆਲਸ ਦੀ ਦੱਬੀ ਹੋਈ ਸੌਂ ਜਾਂਦੀ ਹੈ।(ਇਕਨਾਂ ਨੂੰ ਕੁਝ ਸੋਝੀ ਆਈ, ਦੂਜੇ ਫਿਰਦੇ ਬੇਪ੍ਰਵਾਹ) ਸਵੇਰੇ ਦੋਵੇਂ ਜਾਗ ਕੇ ਅੱਗ ਬਾਲਣ ਲੱਗਦੀਆਂ ਹਨ। ਪਹਿਲੀ ਸੁਭਾਗ ਤਾਂ ਇੱਕ ਤੀਲੀ ਹੀ ਬਾਲਦੀ ਹੈ ਤੇ ਝੱਟ ਅੱਗ ਲਟ-ਲਟ ਬਲ ਉੱਠਦੀ ਹੈ। ਦੂਜੀ ਗਿੱਲੇ-ਸੁੱਕੇ ਗੋਹੇ, ਲੱਕੜੀਆਂ ਚੁੱਲ੍ਹੇ ਵਿੱਚ ਤੁੰਨ ਦੇਂਦੀ ਹੈ। ਤੀਲੀ ਤੇ ਤੀਲੀ ਫੂਕ ਦਿੰਦੀ ਹੈ, ਫੂਕਾਂ ਮਾਰ ਕੇ

ਸਿਰ ਖਪਾ ਲੈਂਦੀ ਹੈ, ਫੇਰ ਕਿਧਰੇ ਅੱਗ ਸੁਲਗਣ ਲੱਗਦੀ ਹੈ। ਇਸੇ ਤਰ੍ਹਾਂ ਜਿਹੜੇ ਜਗਿਆਸੂ ਸਤਿਗੁਰੂ ਦੇ ਨੇਮ ਅਨੁਸਾਰ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥ (੩੦੫)

ਉੱਦਮ ਕਰਕੇ ਆਪਣੇ ਮਨ ਦੀ ਤਿਆਰੀ ਕਰ ਰੱਖਦੇ ਹਨ, ਉੱਥੇ ਤਾਂ ਇੱਕ ਤੀਲੀ, ਅਥਵਾ ਸਤਿਗੁਰੂ ਦੀ ਇੱਕ ਨਿਗਾਹ ਨਾਲ ਹੀ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਦੂਜਿਆਂ 'ਤੇ ਭਾਵੇਂ ਨਿੱਤ ਹੀ ਸਤਿਗੁਰੂ ਦੇ ਗੁਰਸਿਖਾਂ ਦੀ ਨਿਗਾਹ ਪੈਂਦੀ ਰਹੇ, ਉਹਨਾਂ ਦੇ ਹਿਰਦੇ ਵਿੱਚ ਬੜੀ ਮੁਸ਼ਕਲ ਨਾਲ ਵਰ੍ਹਿਆਂ ਮਗਰੋਂ ਗਿਆਨ ਤੇ ਰਸਤੇ ਦੀ ਮੱਧਮ ਜਿਹੀ ਝਲਕ ਪੈਂਦੀ ਹੈ।"

ਦੀਵਾਨ ਵਿੱਚ ਮਾਇਆ ਦੀ ਅਪੀਲ ਨਹੀਂ ਕਰਨੀ ਚਾਹੀਦੀ

ਤਰਨਤਾਰਨ ਸਾਹਿਬ ਤੋਂ ਸੰਤ ਜੀ ਮਹਾਰਾਜ ਨੂੰ ਸਰਦਾਰ ਖੜਕ ਸਿੰਘ ਜੀ ਅਤੇ ਉਹਨਾਂ ਦੇ ਸਨਬੰਧੀ, ਸਿਆਲਕੋਟ ਲੈ ਗਏ। ਉਹਨਾਂ ਦੇ ਪਰਿਵਾਰ ਵਿਖੇ ਇੱਕ ਅਨੰਦ ਕਾਰਜ ਹੋਣਾ ਸੀ। ਰਸਤੇ ਵਿੱਚ ਸਰਦਾਰ ਖੜਕ ਸਿੰਘ ਜੀ ਅਤੇ ਸਰਦਾਰ ਸ਼ਿਵਦੇਵ ਸਿੰਘ ਜੀ, ਸੰਤ ਜੀ ਮਹਾਰਾਜ ਨਾਲ, ਇੱਕ ਸੈਕੰਡ ਕਲਾਸ ਦੇ ਡੱਬੇ ਵਿੱਚ ਬੈਠੇ ਹੋਏ ਸੀ। ਦਾਸ ਵੀ ਨਾਲ ਹਾਜ਼ਰ ਸੀ। ਸੰਤ ਜੀ ਮਹਾਰਾਜ ਨੇ ਇਹ ਬਚਨ ਚਲਾਇਆ ਕਿ ਭਾਈ! ਜਦ ਕਾਨਫਰੰਸ ਵਿੱਚ ਮਾਇਆ ਦੀ ਅਪੀਲ ਹੁੰਦੀ ਹੈ, ਬਹੁਤ ਸਾਰੇ ਪ੍ਰੇਮੀ ਉੱਠਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਬੜੀ ਬੇਰਸੀ ਹੁੰਦੀ ਹੈ। ਨਾਲ ਹੀ ਜਦ ਕੋਈ ਪ੍ਰੇਮੀ ਇੱਕੜ-ਦੁੱਕੜ ਦਮੜਾ ਜਾਂ ਸੌ ਪੰਜਾਹ ਵੀ ਅਰਦਾਸ ਕਰਾਉਂਦਾ ਹੈ ਤਦ ਉਹਦੇ ਵਲ ਕੋਈ ਖਾਸ ਧਿਆਨ ਨਹੀਂ ਕੀਤਾ ਜਾਂਦਾ। ਪਰ ਜਦੋਂ ਕੋਈ ਪੰਜ ਸੌ ਜਾਂ ਪੰਜਾਹ ਹਜ਼ਾਰ ਅਰਦਾਸ ਕਰਾਏ ਤਦ ਉਸ ਲਈ ਲੰਮੇ-ਲੰਮੇ ਅਰਦਾਸੇ ਸੋਧੇ ਜਾਂਦੇ ਹਨ ਅਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਏ ਜਾਂਦੇ ਹਨ। ਇਸ ਤਰ੍ਹਾਂ ਸਾਧ-ਸੰਗਤ ਦੀ ਬਿਰਤੀ ਵਿੱਚ ਦਵੈਤ ਅਤੇ ਮਾਇਆ ਦੀ ਪੂਜਾ ਆ ਜਾਂਦੀ ਹੈ। ਗੁਰੂ ਘਰ ਦੀ ਪੁਰਾਤਨ ਮਰਯਾਦਾ ਇਹ ਸੀ ਕਿ ਅਰਦਾਸੀਆ ਇੱਕ ਜਗ੍ਹਾ ਬੈਠ ਜਾਂਦਾ ਹੈ ਅਤੇ ਸਾਧ-ਸੰਗਤ ਉੱਥੇ ਮਾਇਆ ਭੇਟਾ ਕਰੀ ਜਾਂਦੀ। ਕੋਈ ਕੋਡੀ ਦੇਵੇ ਭਾਵੇਂ ਲੱਖ, ਅਰਦਾਸਾ ਇੱਕੋ ਹੀ ਹੁੰਦਾ ਸੀ, "ਬੋਲੋ ਜੀ ਵਾਹਿਗੁਰੂ, ਪ੍ਰੇਮੀ ਸੇਵਾ ਲਈ ਭੇਟਾ ਹਾਜ਼ਰ ਕਰਦਾ ਹੈ, ਨਾਮ-ਚਿੰਤ ਆਵੇ।" ਹੁਣ ਵੀ ਚਾਹੀਦਾ ਹੈ ਕਿ ਸਾਰੀ ਸੰਗਤ ਨੂੰ ਸੁਣਾਇਆ ਜਾਵੇ ਕਿ ਅਰਦਾਸੀਆ ਨਿਸ਼ਾਨ ਸਾਹਿਬ ਦੇ ਹੇਠਾਂ ਬੈਠਾ ਹੈ, ਜਿਸ ਵੀ ਸੱਜਣ ਨੇ ਪੰਥ ਦੀ ਵਿੱਦਿਅਕ ਉੱਨਤੀ ਲਈ ਸੇਵਾ ਕਰਨੀ ਹੋਵੇ, ਉਹ ਆਪਣੀ ਮਾਇਆ ਸਫ਼ਲੀ ਕਰਨ ਹਿਤ ਅਰਦਾਸੀਏ ਪਾਸ ਹਾਜ਼ਰ ਕਰ ਦੇਵੇ। ਸਹਿਜ-ਸੁਭਾਅ ਮਾਇਆ ਆਈ ਜਾਵੇ ਅਤੇ ਅਰਦਾਸੇ ਹੋਈ ਜਾਣ। ਸਾਧ-ਸੰਗਤ ਟਿਕ ਕੇ ਸ਼ਬਦ ਕੀਰਤਨ, ਗੁਰਬਾਣੀ ਦੀ ਵਿਚਾਰ ਅਤੇ ਪੰਥ ਉੱਨਤੀ ਦੇ ਗੁਰਮਤੇ ਪਾਸ ਕਰੀ ਜਾਵੇ। ਕਿਸੇ ਨੂੰ ਭਾਜੜ ਨਾ ਪਾਵੇ। ਸਾਰਿਆਂ ਨੇ ਆਖਿਆ, "ਮਹਾਰਾਜ ਜੀ ਆਪ ਦੀ ਗੱਲ ਤਾਂ ਠੀਕ ਹੈ, ਪਰ ਸਮੇਂ ਦਾ ਰਿਵਾਜ ਐਸਾ ਹੀ ਪੈ ਗਿਆ ਹੈ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਸਾਧ-ਸੰਗਤ ਸਮਰਥ ਹੈ, ਇਹ ਰਿਵਾਜਾਂ ਦੀ ਮਾਲਕ ਹੈ, ਆਪਣਾ ਮਨ ਤਕੜਾ ਕਰਕੇ ਜੋ ਚਾਹੇ ਸੋ ਕਰ ਸਕਦੀ ਹੈ।"

ਵਜ਼ੀਰਾਬਾਦ ਤੋਂ ਗੱਡੀ ਬਦਲ ਕੇ ਸਿਆਲਕੋਟ ਅੱਪੜੇ। ਇੱਥੇ ਸੰਤ ਜੀ ਮਹਾਰਾਜ ਦੇ ਜਥੇ ਦਾ ਡੇਰਾ ਬਾਬੇ ਜੀ ਦੀ ਬੇਰ ਕਰਾਇਆ ਗਿਆ। ਦੂਜੇ ਦਿਨ ਅੰਮ੍ਰਿਤ ਵੇਲੇ ਅਨੰਦ ਕਾਰਜ ਦਾ ਸਮਾਗਮ ਸੀ। ਭਾਈ ਜਵਾਲਾ ਸਿੰਘ ਜੀ ਰਾਗੀ ਨੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ। **ਸੰਤ ਜੀ ਮਹਾਰਾਜ ਦੇ ਅੰਦਰ ਸ਼ਬਦ ਦੀ ਲਹਿਰ ਬੜੇ ਜ਼ੋਰ ਨਾਲ ਉੱਠਿਆ ਕਰਦੀ ਅਤੇ ਗੁਰਬਾਣੀ ਦਾ ਕੀਰਤਨ ਸਰੀਰ ਦੇ ਰੋਮ-ਰੋਮ ਦਾ ਬਲ ਲਾ ਕੇ ਕਰਦੇ ਅਤੇ ਸਾਧ-ਸੰਗਤ ਨੂੰ ਕਰਾਉਂਦੇ। ਪਰ ਇਸ ਦਿਨ ਸੰਤ ਜੀ ਸਮਾਧੀ ਅਸਥਿਰ ਅਡੋਲ ਇੱਕ ਅਸਚਰਜ ਸਰੋਤਾ ਬਣ ਕੇ ਰਾਗੀਆਂ ਦਾ ਅੰਮ੍ਰਿਤ-ਭਿੰਨਾ ਕੀਰਤਨ ਸੁਣਦੇ ਰਹੇ। ਜਦ ਆਸਾ ਜੀ ਦੀ ਵਾਰ ਦਾ ਭੋਗ ਪਿਆ, ਤਦ ਸੰਤ ਜੀ ਮਹਾਰਾਜ ਦੇ ਨੇਤਰ ਖੁੱਲ੍ਹੇ ਅਤੇ ਆਖਿਆ, 'ਭਾਈ ਇਹ ਜੀਅ ਦਾਨ ਹੈ।' ਭਾਈ ਜਵਾਲਾ ਸਿੰਘ ਨੇ ਬੜੇ ਅਦਬ ਤੇ ਨਿਮਰਤਾ ਸਹਿਤ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਆਖਿਆ, ਇਹ ਹਜ਼ੂਰ ਦੀ ਹੀ ਬਖਸ਼ਿਸ਼ ਹੈ। ਅਸੀਂ ਛੋਟੇ-ਛੋਟੇ ਆਪ ਨੂੰ ਤਰਨਤਾਰਨ ਸਾਹਿਬ ਮਾਈ ਰਾਮ ਕੌਰ ਦੇ ਬੁੰਗੇ ਵਿੱਚ ਕੀਰਤਨ ਸੁਣਾਇਆ ਕਰਦੇ ਸਾਂ। ਇੱਕ ਦਿਨ ਹਜ਼ੂਰ ਦੀ ਦ੍ਰਿਸ਼ਟੀ ਸਾਡੇ 'ਤੇ ਪਈ। ਉਸ ਨਜ਼ਰ ਦਾ ਸਦਕਾ ਦਾਸਾਂ ਨੂੰ ਇਹ ਕੀਰਤਨ ਦਾ ਗੁਣ ਪ੍ਰਾਪਤ ਹੋਇਆ ਹੈ।'** ਹੁਣ ਅਨੰਦ ਕਾਰਜ ਅਰੰਭ ਹੋਇਆ ਅਤੇ ਮਰਯਾਦਾ ਪੂਰਵਕ ਸਾਰਾ ਸਮਾਗਮ ਦਸ ਵਜੇ ਸੰਪੂਰਨ ਹੋ ਗਿਆ। ਇਸ ਦੇ ਮਗਰੋਂ ਸਰਦਾਰ ਖੜਕ ਸਿੰਘ ਜੀ, ਸੰਤ ਜੀ ਮਹਾਰਾਜ ਨੂੰ ਆਪਣੇ ਕਮਰੇ ਵਿੱਚ ਲੈ ਗਏ। ਸੰਤ ਜੀ ਨੇ ਉੱਥੇ ਜਾ ਕੇ ਸਰਦਾਰ ਸਾਹਿਬ ਵੱਲ ਇਸ਼ਾਰਾ ਕਰ ਕੇ ਦਾਸ (ਸੰਤ ਤੇਜਾ ਸਿੰਘ) ਨੂੰ ਆਖਿਆ, ''ਦੇਖੋ ਭਾਈ! ਸਰਦਾਰ ਸਾਹਿਬ ਏਨੇ ਰਈਸ ਹੁੰਦਿਆਂ ਹੋਇਆਂ ਵੀ ਗੁਰਬਾਣੀ ਦੇ ਇਸ਼ਕ ਦਾ ਨਮੂਨਾ ਹਨ। ਸਾਰਾ ਦਿਨ ਇਸੇ ਕਮਰੇ ਵਿੱਚ ਆਪਣੇ ਆਸਣ 'ਤੇ ਬੈਠੇ ਰਹਿੰਦੇ ਹਨ ਅਤੇ ਗੁਰਬਾਣੀ ਦੇ ਪਾਠ ਦਾ ਰੰਗ ਮਾਣਦੇ ਹਨ।'' ਪ੍ਰਸ਼ਾਦ ਛਕਣ ਦੇ ਮਗਰੋਂ ਸੰਤ ਜੀ ਮਹਾਰਾਜ ਆਪਣੇ ਆਸਣ 'ਤੇ ਬਿਰਾਜੇ। ਸ਼ਾਮ ਦਾ ਦੀਵਾਨ ਵੀ ਸਰਦਾਰ ਸਾਹਿਬ ਦੇ ਘਰ ਹੋਇਆ। ਇਸ ਮਗਰੋਂ ਸੰਤ ਜੀ ਕਈ ਦਿਨ ਸਿਆਲਕੋਟ ਰਹੇ। ਬਾਬੇ ਜੀ ਦੀ ਬੇਰ ਅਤੇ ਸੰਤ ਰਾਮ ਸਿੰਘ ਜੀ ਦੇ ਐਕ ਵਾਲੇ ਗੁਰਦੁਆਰੇ, ਸ੍ਰੀ ਗੁਰੂ ਸਿੰਘ ਸਭਾ ਵਿੱਚ ਬੜੇ ਭਾਰੀ ਦੀਵਾਨ ਸਜਦੇ ਰਹੇ। ਛੇ ਸੌ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਅੰਮ੍ਰਿਤ ਪ੍ਰਚਾਰ ਦੀ ਸੇਵਾ ਸੰਤ ਜੀ ਮਹਾਰਾਜ ਨੇ ਦਾਸ ਨੂੰ ਬਖ਼ਸ਼ੀ। ਭਾਈ ਕਲਿਆਣ ਸਿੰਘ ਜੀ ਅਤੇ ਜਥੇ ਦੇ ਹੋਰ ਚਾਰ ਸਰੀਰ ਨਾਲ ਸ਼ਾਮਲ ਹੁੰਦੇ। ਸਿਆਲਕੋਟ ਤੋਂ ਦਾਸ ਤਾਂ ਆਗਿਆ ਲੈ ਕੇ ਪਟਿਆਲੇ ਮੁੜ ਆਇਆ। ਸੰਤ ਜੀ ਮਹਾਰਾਜ ਨੇ ਇਸ ਇਲਾਕੇ ਦੇ ਕਈ ਨਗਰਾਂ ਨੂੰ ਨਿਹਾਲ ਕੀਤਾ। ਕੁਝ ਸਮਾਂ ਪਾ ਕੇ ਗੁਜਰਾਂਵਾਲੇ ਦੀ ਸੰਗਤ ਸੰਤ ਜੀ ਮਹਾਰਾਜ ਨੂੰ ਲੈ ਆਈ।

ਗੁਰਮੰਤਰ ਦਾ ਦਸ ਹਜ਼ਾਰ ਵਾਰੀ ਸਿਮਰਨ ਕਰਨਾ

ਰਾਵਲਪਿੰਡੀ ਵਿੱਚ ਸ੍ਰੀ ਗੁਰੂ ਸਿੰਘ ਸਭਾ ਦੀ ਧਰਮਸ਼ਾਲਾ, ਬਾਗ਼ ਸ: ਸੁਜਾਨ ਸਿੰਘ, ਤੇ ਖ਼ਾਲਸਾ ਹਾਈ ਸਕੂਲ ਵਿਖੇ ਬੜੇ ਹੀ ਭਾਰੀ ਦੀਵਾਨ ਸਜੇ। ਇੱਕ ਦਿਨ ਸ਼ਾਮ ਨੂੰ ਸੰਤ ਜੀ ਮਹਾਰਾਜ ਮੋਟਰ ਵਿੱਚ ਸਕੂਲ ਦੇ ਦੀਵਾਨ ਮਗਰੋਂ ਸ਼ਹਿਰ ਦੇ ਦੀਵਾਨ ਵੱਲ ਆ ਰਹੇ ਸਨ। ਮੋਟਰ ਵਿੱਚ ਸ: ਹਰਦਿਤ ਸਿੰਘ ਦਰੋ, ਜਿਹੜੇ ਸ: ਸੋਹਣ ਸਿੰਘ ਜੀ ਰਈਸ ਰਾਵਲਪਿੰਡੀ ਦੇ ਖਾਸ ਮਿੱਤਰ ਸਨ, ਮਹਾਰਾਜ ਜੀ ਦੇ ਨਾਲ ਬੈਠੇ ਸਨ। ਇਸ ਨੂੰ ਸੰਤ ਜੀ ਮਹਾਰਾਜ ਥਾਪੀਆਂ ਦੇ ਰਹੇ ਸਨ। ਬਖਸ਼ੀ ਬਰਕਤ ਸਿੰਘ, ਸਪੁੱਤਰ ਬਖਸ਼ੀ ਸਾਧੂ ਸਿੰਘ ਜੀ ਕਹੂਟਾ, ਜਿਹੜੇ ਕਿ ਉਸ ਵੇਲੇ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਦੇ ਸਨ, ਮਹਾਂਪੁਰਖ ਦੀ ਇਸ ਮੇਹਰ ਦਾ ਨਜ਼ਾਰਾ ਵੇਖ ਰਹੇ ਸਨ। ਇਹਨਾਂ ਦੇ ਦਿਲ ਵਿੱਚ ਇਹ ਤੀਬਰ ਇੱਛਾ ਫੁਰੀ ਕਿ ਕਦੀ ਸੰਤ ਜੀ ਮਹਾਰਾਜ ਮੇਰੇ ਤੇ ਵੀ ਥਾਪੀ ਦੀ ਮੇਹਰ ਕਰਨ। ਕਰੀਬਨ ਚਾਰ ਸਾਲ ਦਾ ਸਮਾਂ ਬੀਤ ਗਿਆ। ਨਨਕਾਣੇ ਸਾਹਿਬ ਦੇ ਸਾਕੇ ਮਗਰੋਂ ਸੰਨ ੧੯੨੦

ਈਸਵੀ ਦੀਆਂ ਗਰਮੀਆਂ ਵਿੱਚ ਬਖਸ਼ੀ ਬਰਕਤ ਸਿੰਘ ਜੀ ਲਾਹੌਰ ਦੇ ਸਟੇਸ਼ਨ 'ਤੇ ਖਲੋਤੇ ਸਨ। ਸੰਤ ਜੀ ਮਹਾਰਾਜ ਇੱਕ ਸੈਕੰਡ ਕਲਾਸ ਦੇ ਡੱਬੇ ਵਿੱਚੋਂ ਇਕੱਲੇ ਉੱਤਰੇ ਅਤੇ ਬਖਸੀ ਜੀ ਨੇ ਦੂਰੋਂ ਹੀ ਸਿਆਣ ਲਿਆ। ਪ੍ਰੇਮੀ ਛੇਤੀ-ਛੇਤੀ ਅੱਗੇ ਵਧਿਆ ਅਤੇ ਮੱਥਾ ਟੇਕਿਆ। ਫੇਰ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਕਿਧਰ ਜਾ ਰਹੇ ਹੋ? ਸੰਤ ਜੀ ਮਹਾਰਾਜ ਨੇ ਫ਼ਰਮਾਇਆ, 'ਚੋਹਾ ਸਾਹਿਬ, ਰੋਹਤਾਸ ਪਹੁੰਚਣਾ ਹੈ।' ਬਖਸ਼ੀ ਜੀ ਨੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ!' ਇੱਥੇ ਹੀ ਦਰਸ਼ਨ ਦਿਉ।' ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅਸਾਂ ਵੇਲੇ ਸਿਰ ਪਹੁੰਚਣਾ ਹੈ, ਉੱਥੇ ਵਕਤ ਦਿੱਤਾ ਹੋਇਆ ਹੈ। ਇਹ ਗੱਡੀ ਅੱਗੇ ਨਹੀਂ ਜਾਂਦੀ ਇਸ ਲਈ ਇਸ ਤੋਂ ਉੱਤਰ ਖਲੋਤੇ ਹਾਂ। ਬਖਸ਼ੀ ਬਰਕਤ ਸਿੰਘ ਜੀ ਨੇ ਹੱਥ ਜੋੜ ਕੇ ਬਿਨੈ ਕੀਤੀ, 'ਸੱਚੇ ਪਾਤਸ਼ਾਹ! ਇਹ ਗੱਡੀ ਤੋੜ ਜਾਣ ਵਾਲੀ ਹੈ।' ਇਹ ਸੁਣ ਕੇ ਸੰਤ ਜੀ ਉਸੇ ਡੱਬੇ ਵੱਲ ਗਏ, ਪਰ ਇਹ ਖਚਾਖਚ ਭਰ ਚੁੱਕਾ ਸੀ। ਬਖਸੀ ਜੀ ਨੇ ਆਖਿਆ, "ਮਹਾਰਾਜ ਜੀ ਅੱਗੇ ਚੱਲ ਕੇ ਦੂਜੇ ਡੱਬੇ ਵਿੱਚ ਬੈਠ ਜਾਵੋ। ਅਗਲੇ ਡੱਬੇ ਵੱਲ ਜਾਂਦਿਆਂ ਇੱਕ ਡੱਬੇ ਵਿੱਚ ਜਥੇ ਦੀ ਸੰਗਤ ਅਰਾਮ ਨਾਲ ਬੈਠੀ ਨਜ਼ਰ ਆਈ। ਉਹਨਾਂ ਨੂੰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਤੁਸੀਂ ਅਰਾਮ ਨਾਲ ਬੈਠੇ ਰਹੋ। ਦੂਜੇ ਦਰਜੇ ਦੇ ਅਗਲੇ ਡੱਬੇ ਵਿੱਚ ਵੀ ਭੀੜ ਬਹੁਤ ਸੀ। ਬਖਸ਼ੀ ਜੀ ਨੇ ਸੰਤ ਮਹਾਰਾਜ ਨੂੰ ਅੱਵਲ ਦਰਜੇ ਦੇ ਡੱਬੇ ਵਿੱਚ ਬਿਠਾ ਦਿੱਤਾ ਅਤੇ ਟਿਕਟ ਪਹਿਲੇ ਦਰਜੇ ਦੀ ਕਰਵਾ ਲਈ। ਫੇਰ ਬਖਸ਼ੀ ਜੀ ਨੇ ਹੱਥ ਜੋੜ ਕੇ ਪੁੱਛਿਆ, "ਮਹਾਰਾਜ ਜੀ ਕੋਈ ਸੇਵਾ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਇਹ ਸਾਡਾ ਗੜਵਾ ਲੈ ਜਾਉ ਅਤੇ ਥੋੜ੍ਹੀ ਚਾਹ ਜਾਂ ਗਰਮ ਜਲ ਲੈ ਆਓ।" ਬਖਸ਼ੀ ਜੀ ਨੇ ਸੰਤ ਜੀ ਮਹਾਰਾਜ ਦਾ ਸਰਬ ਲੋਹ ਦਾ ਗੜਵਾ ਫੜ ਲਿਆ ਅਤੇ ਸਟੇਸ਼ਨ ਤੋਂ ਬਾਹਰ ਜਾ ਕੇ ਅੱਧਾ ਦੁੱਧ ਅਤੇ ਅੱਧੀ ਚਾਹ ਦਾ ਭਰਵਾ ਕੇ ਲਿਆ ਹਾਜ਼ਰ ਕੀਤਾ। ਹੁਣ ਗੱਡੀ ਟੁਰ ਪਈ ਸੀ ਤੇ ਬਖਸ਼ੀ ਜੀ ਵੀ ਨਾਲ ਬੈਠ ਗਏ ਅਤੇ ਸੰਤ ਜੀ ਮਹਾਰਾਜ ਨੂੰ ਚਾਹ ਪਿਆਣ ਲੱਗ ਪਏ। ਇੱਕ ਹੱਥ ਵਿੱਚ ਗਲਾਸ ਫੜ ਕੇ ਸੰਤ ਜੀ ਮਹਾਰਾਜ ਚਾਹ ਪੀਣ ਲੱਗ ਪਏ ਅਤੇ ਦੂਜੇ ਨਾਲ ਬਖਸ਼ੀ ਜੀ ਨੂੰ ਥਾਪੜੀਆਂ ਦਿੰਦੇ ਰਹੇ। ਇਸੇ ਪ੍ਰੇਮ ਦੇ ਰੰਗ ਵਿੱਚ ਬਦਾਮੀ ਬਾਗ਼ ਦਾ ਸਟੇਸ਼ਨ ਆ ਗਿਆ। ਇੱਥੇ ਸੰਤ ਜੀ ਮਹਾਰਾਜ ਨੇ ਬਖਸ਼ੀ ਜੀ ਨੂੰ ਪੁੱਛਿਆ ਕਿ ਭਾਈ ਨਾਮ ਜਪਦਾ ਹੁੰਦਾ ਏਂ? ਬਖਸ਼ੀ ਜੀ ਨੇ ਬੇਨਤੀ ਕੀਤੀ ਕਿ ਦਾਸ ਨਿੱਤਨੇਮ ਦੀਆਂ ਬਾਣੀਆਂ ਤਾਂ ਜ਼ਰੂਰ ਅੰਮ੍ਰਿਤ ਵੇਲੇ ਪੜ੍ਹਦਾ ਹੈ ਪਰ ਨਾਮ ਦਾ ਪਤਾ ਨਹੀਂ ਕਿ ਇਹ ਕੀ ਵਸਤੂ ਹੈ? ਸੰਤ ਜੀ ਮਹਾਰਾਜ ਨੇ ਫਰਮਾਇਆ, "ਭਾਈ ਸਤਿਨਾਮ ਵਾਹਿਗੁਰੂ ਜਪਿਆ ਕਰ।" ਫੇਰ ਬਖਸ਼ੀ ਜੀ ਨੇ ਪੁੱਛਿਆ, 'ਮਹਾਰਾਜ ਜੀ ਕਿੰਨੀ ਵਾਰੀ ਜਪਿਆ ਕਰਾਂ' ਸੰਤ ਜੀ ਮਹਾਰਾਜ ਨੇ ਫ਼ਰਮਾਇਆ 'ਭਾਈ ਦਸ ਹਜ਼ਾਰ ਵਾਰੀ।' ਬਖਸ਼ੀ ਜੀ ਨੇ ਫੇਰ ਹੱਥ ਜੋੜ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਇਹ ਤਾਂ ਬਹੁਤ ਸਾਰਾ ਹੈ। ਓਸੇ ਵੇਲੇ ਸੰਤ ਜੀ ਮਹਾਰਾਜ ਨੇ ਹਿਸਾਬ ਲਾਇਆ ਅਤੇ ਆਖਿਆ ਕਿ ਇੱਕ ਮਾਲਾ ਡੇਢ ਮਿੰਟ ਵਿੱਚ ਫਿਰਦੀ ਹੈ। ਇੱਕ ਹਜ਼ਾਰ ਵਾਸਤੇ ਪੰਦਰਾਂ ਮਿੰਟ ਅਤੇ ਦਸ ਹਜ਼ਾਰ ਵਾਸਤੇ ਤਿੰਨ ਘੰਟੇ ਲੱਗਦੇ ਹਨ। ਬਖਸ਼ੀ ਜੀ ਨੇ ਬੇਨਤੀ ਕੀਤੀ, 'ਮਹਾਰਾਜ ਇੰਨਾਂ ਚਿਰ ਜਪਣਾ ਬੜਾ ਔਖਾ ਹੈ।' ਇਹ ਸੁਣ ਕੇ ਸੰਤ ਜੀ ਮਹਾਰਾਜ ਦਾ ਚਿਹਰਾ ਕੁਝ ਉਦਾਸ ਜਿਹਾ ਨਜ਼ਰ ਆਇਆ। ਮਹਾਂਪੁਰਖਾਂ ਦਾ ਨਾਮ-ਜਪਣ ਨਾਲ ਇਹ ਪ੍ਰੇਮ ਦੇਖ ਕੇ ਬਖ਼ਸ਼ੀ ਜੀ ਦਾ ਚਿੱਤ ਦ੍ਰਵੀਭੂਤ ਹੋ ਗਿਆ।' ਉਹਨਾਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ਜੀ! ਹਜ਼ੂਰ ਦੀ ਮੇਹਰ ਹੋਈ ਤਾਂ ਤਿੰਨ ਘੰਟੇ ਹੀ ਜਪਿਆ ਕਰਾਂਗਾ।" ਸੰਤ ਜੀ ਹੱਸ ਪਏ ਅਤੇ ਬਖਸ਼ੀ ਜੀ ਨੂੰ ਹੁਕਮ ਦਿੱਤਾ ਕਿ ਹੁਣ ਤੁਸੀਂ ਉੱਤਰ ਜਾਓ ਤੇ ਆਪਣਾ ਕੰਮ ਕਾਰ ਕਰੋ। ਬਖਸ਼ੀ ਜੀ ਨੇ ਆਖਿਆ, "ਦਾਸ ਰੇਲਵੇ ਵਿੱਚ ਹੀ ਨੌਕਰ ਹੈ। ਟਿਕਟ ਦਾ ਕੋਈ ਫਿਕਰ ਨਹੀਂ, ਕੁਝ ਦੂਰ ਹੋਰ ਹਜ਼ੂਰ ਦੇ ਨਾਲ ਚੱਲਾਂਗਾ।" ਪਰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਹੁਣ ਸਾਡੇ ਸਿਮਰਨ ਦਾ ਵੇਲਾ ਹੋ ਗਿਆ ਹੈ, ਤੁਸੀਂ ਉੱਤਰ ਜਾਉ। ਆਗਿਆ ਮੰਨ ਕੇ ਬਖਸ਼ੀ ਜੀ ਗੱਡੀਉਂ ਲਹਿ ਗਏ ਅਤੇ ਦੂਜੀ ਗੱਡੀ ਚੜ੍ਹ ਕੇ ਲਾਹੌਰ ਪਹੁੰਚ ਗਏ। ਇਹ ਆਪਣੇ ਚਿੱਤ

ਵਿੱਚ ਬੜੇ ਹੀ ਨਿਹਾਲ ਅਤੇ ਗਦ-ਗਦ ਸਨ ਅਤੇ ਇਸ ਖੁਸ਼ੀ ਵਿੱਚ ਮਸਤ ਸਨ ਕਿ ਸਾਡਾ ੧੯੧੬ ਦਾ ਫੁਰਨਾ ਸੰਤ ਜੀ ਨੇ ਅੱਜ ਪੂਰਾ ਕੀਤਾ ਹੈ ਅਤੇ ਆਪਣੇ ਦਾਸ ਨੂੰ ਘੱਟ ਤੋ ਘੱਟ ਵੀਹ ਥਾਪੜੇ ਦਿੱਤੇ ਹਨ।

ਅੰਮ੍ਰਿਤ ਪ੍ਰਚਾਰ

ਰਾਵਲਪਿੰਡੀ ਤੋਂ ਸੰਤ ਜੀ ਮਹਾਰਾਜ ਨੂੰ ਨੜਾਲੀ ਦੀ ਸੰਗਤ ਆਪਣੇ ਨਾਲ ਲੈ ਗਈ। ਸਾਧ-ਸੰਗਤ ਦੇ ਪ੍ਰੇਮ ਨੇ ਦਾਸ ਨੂੰ ਵੀ ਇੱਥੇ ਖਿੱਚ ਲਿਆ। ਇੱਥੇ ਇੱਕ ਬੜਾ ਭਾਰੀ ਦੀਵਾਨ ਨੀਯਤ ਕੀਤਾ ਹੋਇਆ ਸੀ। ਦੀਵਾਨ ਦੇ ਪਹਿਲੇ ਦਿਨ ਬੜਾ ਸ਼ਾਨਦਾਰ ਜਲੂਸ ਨਿਕਲਿਆ। ਦੂਜੇ ਦਿਨ ਅਖੰਡ ਕੀਰਤਨ ਹੁੰਦਾ ਰਿਹਾ। ਭਾਈ ਭਾਗ ਸਿੰਘ, ਹੀਰਾ ਸਿੰਘ ਅਤੇ ਦੂਰ-ਦੂਰ ਤੋਂ ਕਈ ਰਾਗੀ ਜਥੇ ਪ੍ਰਚਾਰਕ ਆਏ ਹੋਏ ਸਨ। ਸੰਤ ਜੀ ਮਹਾਰਾਜ ਦੀ ਆਤਮਿਕ ਖਿੱਚ ਅਤੇ ਪ੍ਰੇਮ ਦੁਆਰਾ ੯੦੦ ਮਾਈ-ਭਾਈ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ।

ਦੂਜੇ ਦਿਨ ਅੰਮ੍ਰਿਤ ਵੇਲੇ ਸਾਰੇ ਅੰਮ੍ਰਿਤ ਅਭਿਲਾਖੀਆਂ ਨੂੰ ਭਰੇ ਦੀਵਾਨ ਦੇ ਸਾਹਮਣੇ ਇੱਕ ਨੀਮ ਗੋਲ ਦਾਇਰੇ ਵਿੱਚ ਖੜਾ ਕੀਤਾ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਹੋਏ ਸਨ ਅਤੇ ਸਾਧ-ਸੰਗਤ, ਮਾਈ-ਭਾਈ ਨੂੰ ਅਖੰਡ ਕੀਰਤਨ ਕਰਾ ਰਹੇ ਸਨ। ਜਦ ਅੰਮ੍ਰਿਤ ਅਭਿਲਾਖੀ ਆਪਣੀ-ਆਪਣੀ ਥਾਂ ਖੜੇ ਹੋ ਗਏ, ਤਦ ਸੰਤ ਜੀ ਮਹਾਰਾਜ ਦੇ ਹੁਕਮ ਅਨੁਸਾਰ ਭਾਈ ਕਲਿਆਣ ਸਿੰਘ, ਭਾਈ ਹੀਰਾ ਸਿੰਘ, ਦਾਸ (ਸੰਤ ਤੇਜਾ ਸਿੰਘ) ਅਤੇ ਦੋ ਹੋਰ ਪ੍ਰੇਮੀਆਂ ਨੇ ਅੰਮ੍ਰਿਤ ਤਿਆਰ ਕਰਨ ਲਈ ਕਮਰਕਸਾ ਕਰ ਲਿਆ। ਕੜਾਹ-ਪ੍ਰਸ਼ਾਦ ਦੀ ਦੇਗ ਸਤਿਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਆ ਗਈ। ਇੱਕ ਕਾਲੇ ਕੰਬਲ ਉੱਤੇ ਪੱਥਰ ਦਾ ਕੁੰਡਾ ਰੱਖਿਆ ਗਿਆ ਤੇ ਉਸ ਉੱਤੇ ਇੱਕ ਵੱਡਾ ਕੜਾਹਾ ਰੱਖਿਆ ਗਿਆ। ਇਸ ਵਿੱਚ ਸੋਧ ਦਾ ਜਲ ਪਾਇਆ ਗਿਆ। ਪੰਜ ਹੋਰ ਸਰਬ ਲੋਹ ਦੇ ਵੱਡੇ ਬਾਟੇ ਵੀ ਹਾਜ਼ਰ ਹੋ ਗਏ। ਸੰਤ ਜੀ ਮਹਾਰਾਜ ਆਪਣੇ ਕੀਰਤਨ ਵਿੱਚ ਜੁੜੇ ਰਹੇ ਅਤੇ ਸਾਧ-ਸੰਗਤ ਨੂੰ ਅੰਮ੍ਰਿਤ ਭਿੰਨੀ ਗੁਰਬਾਣੀ ਦੇ ਰੰਗ ਵਿੱਚ ਰੰਗੀ ਗਏ। ਪੰਜਾਂ ਪਿਆਰਿਆਂ ਨੇ ਅਰਦਾਸਾ ਸੋਧ ਕੇ ਜਲ ਵਿੱਚ ਪਤਾਸੇ ਪਾ ਦਿੱਤੇ ਅਤੇ ਮਰਯਾਦਾ ਪੂਰਵਕ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਹੋ ਗਿਆ, ਤਦ ਪਉੜੀ ਦੇ ਭੋਗ ਪੈਣ ਤੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਪੰਜ ਪਿਆਰੇ, ਪੰਜਾਂ ਬਾਟਿਆਂ ਵਿੱਚ ਅੰਮ੍ਰਿਤ ਪਾ ਕੇ, ਅੰਮ੍ਰਿਤ ਅਭਿਲਾਖੀਆਂ ਦੇ ਪੰਜ ਜਥੇ ਕਰ ਕੇ ਸਤਿਗੁਰੂ ਕਲਗੀਆਂ ਵਾਲੇ ਦੀ ਪਾਹੁਲ ਖੰਡੇ ਦੀ ਧਾਰ ਪਿਲਾਉਣੀ ਸ਼ੁਰੂ ਕਰ ਦਿਓ। (**ਪੀਓ ਪਹੁਲ ਖੰਡੇ ਧਾਰ, ਹੋਵੇ ਜਨਮ ਸੁਹੇਲਾ**) ਮਾਈਆਂ ਦਾ ਜਥਾ, ਦਾਸ ਦੇ ਹਿੱਸੇ ਵਿੱਚ ਆਇਆ ਅਤੇ ਬਾਕੀ ਸਾਰੇ ਸਿੰਘ, ਭੁਝੰਗੀ ਚਹੁੰਆਂ ਪਿਆਰਿਆਂ ਵਿੱਚ ਵੰਡੇ ਗਏ। ਏਧਰ ਅੰਮ੍ਰਿਤ ਪ੍ਰਚਾਰ ਸ਼ੁਰੂ ਹੋ ਗਿਆ ਅਤੇ ਓਧਰ ਸੰਤ ਜੀ ਮਹਾਰਾਜ ਆਪਣੇ ਨੇਮ ਅਨੁਸਾਰ ਇੱਕ-ਰਸ ਕੀਰਤਨ ਕਰਾਈ ਗਏ।

ਜਦ ਅੰਮ੍ਰਿਤ ਪ੍ਰਚਾਰ ਸੰਪੂਰਨ ਹੋ ਗਿਆ, ਤਦ ਸੰਤ ਜੀ ਮਹਾਰਾਜ ਨੇ ਸ਼ਬਦ ਕੀਰਤਨ ਦਾ ਭੋਗ ਪਾ ਦਿੱਤਾ। ਭਾਈ ਹੀਰਾ ਸਿੰਘ ਨੂੰ ਇੱਕ ਉੱਚੇ ਮੇਜ਼ ਤੇ ਖੜਾ ਕਰ ਕੇ ਅੰਮ੍ਰਿਤ ਦੀ ਰਹਿਤ-ਬਹਿਤ ਅਤੇ ਸੰਗਤ ਪ੍ਰਤੀ ਸਤਿਗੁਰ ਦਾ ਉਪਦੇਸ਼ ਸੁਣਾਉਣ ਦੀ ਆਗਿਆ ਹੋਈ। ਬੜੇ ਮਿੱਠੇ ਅਤੇ ਮਨ-ਮੋਹਣੇ ਅੱਖਰਾਂ ਵਿੱਚ ਭਾਈ ਸਾਹਿਬ ਨੇ ਭਰੇ ਦੀਵਾਨ ਵਿੱਚ ਦਸ਼ਮੇਸ਼ ਪਿਤਾ ਦੇ ਹੁਕਮ ਸੁਣਾਏ। ਸਾਧ-ਸੰਗਤ ਇੱਕ-ਟਕ ਬਿਰਤੀ ਜੋੜ, ਇਹ ਅਮੋਲਕ ਬਚਨ ਸੁਣਦੀ ਰਹੀ ਅਤੇ ਸਾਰਿਆਂ ਦੇ ਹਿਰਦੇ ਵਿੱਚ ਇਹ ਗੱਲ ਬੈਠ ਗਈ ਕਿ ਰਹਿਣੀ ਕਰ ਕੇ ਹੀ ਸਤਿਗੁਰੂ ਦੀ ਖੁਸ਼ੀ ਪ੍ਰਾਪਤ ਹੋ ਸਕਦੀ ਹੈ।

ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ ॥

ਰਹਿਣੀ ਰਹੈ ਸੋਈ ਸਿਖ ਮੇਰਾ, ਓਹੁ ਠਾਕੁਰੁ ਮੈ ਉਸ ਕਾ ਚੇਰਾ ॥

(ਰਹਿਤਨਾਮਾ ਭਾ: ਦੇਸਾ ਸਿੰਘ ਜੀ)

ਸੰਤ ਸ਼ਬਦ ਰੂਪ ਹੁੰਦੇ ਹਨ

ਨੜਾਲੀ ਤੋਂ ਸੰਤ ਜੀ ਮਹਾਰਾਜ ਡੇਰਾ ਖ਼ਾਲਸੇ ਆਏ। ਦਾਸ ਵੀ ਨਾਲ ਸੀ। ਸੰਤ ਜੀ ਮਹਾਰਾਜ ਨੇ ਏਸ ਇਲਾਕੇ ਦੀ ਸੰਗਤ ਨੂੰ, ਜਿਹੜੀ ਕਿ ਬੜੇ ਚਿਰਾਂ ਤੋਂ ਦਰਸ਼ਨ ਦੀ ਉਡੀਕ ਵਿੱਚ ਸੀ, ਨਿਹਾਲ ਕੀਤਾ। ਤਿੰਨ ਦਿਨ ਗੁਰਬਾਣੀ ਦੀ ਅੰਮ੍ਰਿਤ ਵਰਖਾ ਹੋਈ। ਚੌਥੇ ਦਿਨ ਜਦ ਤੁਰਨ ਲੱਗੇ ਤਾਂ ਸੰਤ ਜੀ ਮਹਾਰਾਜ ਗੁਰਦੁਆਰੇ ਸਾਹਿਬ ਤੋਂ ਬਾਹਰ ਹਜ਼ਾਰਾਂ ਮਾਈ-ਭਾਈ ਨੂੰ ਦਰਸ਼ਨ ਦੇਣ ਲਈ ਕੰਧ ਨਾਲ ਖਲੋ ਗਏ ਅਤੇ ਬੜੇ ਵੈਰਾਗ ਵਿੱਚ ਇਹ ਸ਼ਬਦ ਪੜ੍ਹਿਆ:-

ਕਦੀ ਹੋਣਗੇ ਸੰਜੋਗੀ ਮੇਲੇ, ਪਿਆਰੀਆਂ ਸੰਗਤਾਂ ਦੇ।
ਪਿਆਰਿਆ, ਪਿਆਰਿਆ, ਕਦੀ ਹੋਣੇਗੇ.....।

ਓਸ ਧਾਰਨਾ ਵਿੱਚ:-

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥ (੪੩੯)

ਦਾ ਸਾਰਾ ਸ਼ਬਦ ਪੜ੍ਹਿਆ। ਸਰਬੱਤ ਸਾਧ-ਸੰਗਤ ਦੇ ਨੇਤਰਾਂ ਵਿੱਚੋਂ ਨੀਰ ਵਹਿ ਟੁਰਿਆ, ਥਮ੍ਹੇ ਨਾਹੀ। ਜਦ ਸੰਤ ਜੀ ਮਹਾਰਾਜ ਸ਼ਬਦ ਸੰਪੂਰਨ ਕਰ ਚੁੱਕੇ, ਤਦ ਸਾਧ-ਸੰਗਤ ਨੂੰ ਇਸ ਵੈਰਾਗ ਦੀ ਦਸ਼ਾ ਵਿੱਚ ਦੇਖ ਕੇ ਦਿਲਾਸਾ ਦਿੱਤਾ ਅਤੇ ਫ਼ਰਮਾਇਆ:

ਹਮ ਬਾਸੀ ਹੈਂ ਉਸ ਦੇਸ਼ ਕੇ, ਜਹਾਂ ਜਾਤ ਵਰਨ ਕੁਲ ਨਾਹਿ।
ਸ਼ਬਦ ਮਿਲਾਵਾ ਹੋਤ ਹੈ, ਦੇਹ ਮਿਲਾਵਾ ਨਾਹਿ।

ਪ੍ਰੇਮੀਓ! ਸਾਡਾ ਅਸਲੀ ਸਰੂਪ ਸਤਿਨਾਮ ਵਾਹਿਗੁਰੂ ਹੈ। ਇਸ ਸ਼ਬਦ ਨੂੰ ਪ੍ਰੇਮ ਨਾਲ ਜਪੋ, ਆਸਾਂ ਸਦਾ ਲਈ ਤੁਹਾਡੇ ਅੰਗ-ਸੰਗ ਹਾਂ। ਇਹ ਉਪਦੇਸ਼ ਕਰ ਕੇ ਸੰਤ ਜੀ ਮਹਾਰਾਜ ਮਾਨਕਿਆਲੇ ਸਟੇਸ਼ਨ ਵੱਲ ਤੁਰ ਪਏ ਅਤੇ ਇੱਥੋਂ ਗੱਡੀ 'ਤੇ ਚੜ੍ਹ ਕੇ ਦਰਿਆ ਜੇਹਲਮ ਦੇ ਕਿਨਾਰੇ ਸਰਾਏ ਆਲਮਗੀਰ, ਸੰਤ ਜੋਧ ਸਿੰਘ ਜੀ ਦੇ ਪਾਸ ਚਲੇ ਗਏ। ਇੱਥੇ ਕੁਝ ਚਿਰ ਅਰਾਮ ਕੀਤਾ। ਥੋੜ੍ਹੇ ਦਿਨਾਂ ਮਗਰੋਂ ਇਸ ਗੁਰਦੁਆਰੇ ਦਾ ਪਹਿਲਾ ਦੀਵਾਨ ਸੀ। ਹਜ਼ਾਰਾਂ ਸੰਗਤਾਂ ਨੂੰ ਗੁਰਬਾਣੀ ਅਤੇ ਖੰਡੇ ਦੀ ਪਾਹੁਲ ਦੇ ਕੇ ਨਿਹਾਲ ਕੀਤਾ।

ਸੰਤ ਜੀ ਮਹਾਰਾਜ ਦੀ ਕੰਡ 'ਤੇ ਪਿੱਤ ਪੱਕਣ ਨਾਲ ਇੱਕ ਬੜੇ ਡੂੰਘੇ ਜ਼ਖ਼ਮ ਦਾ ਫੋੜਾ ਸੀ। ਇਸ ਵਿੱਚ ਸਲਾਈ ਦੋ ਇੰਚ ਚਲੀ ਜਾਂਦੀ ਸੀ। ਦੀਵਾਨ ਦੇ ਸਮਾਗਮ ਦੇ ਮਗਰੋਂ ਸੰਤ ਭਾਈ ਜੋਧ ਸਿੰਘ ਜੀ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਦਾਸ ਦਾ ਇੱਕ ਗੁਰਦੁਆਰਾ, ਕਸੌਲੀ ਕੋਲ ਗੜਖਲ ਬਸਤੀ ਵਿੱਚ ਹੈ, ਹਜ਼ੂਰ ਕੁਝ ਚਿਰ ਉੱਥੇ ਟਿਕ ਕੇ ਅਰਾਮ ਕਰੋ। ਠੰਡ ਕਰ ਕੇ ਫੋੜੇ ਨੂੰ ਕੁਦਰਤੀ ਅਰਾਮ ਆ ਜਾਵੇਗਾ। ਇਹ ਬੇਨਤੀ ਮੰਨ ਕੇ, ਸੰਤ ਜੀ ਮਹਾਰਾਜ ਸਰਾਏ ਆਲਮਗੀਰ ਤੋਂ ਪਹਾੜ ਵੱਲ ਚਲੇ ਗਏ।

ਕਾਂਡ ੪੨

ਸੋਰਠਿ ਮਹਲਾ ੫ ॥
ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥
ਹਰਿ ਆਰਾਧਿ ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ਰਹਾਉ॥
ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥
ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥
ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥
ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥ (੬੧੨)

ਐਬਟਾਬਾਦ ਅਤੇ ਹੋਰ ਪਹਾੜਾਂ ਵਿੱਚ ਪ੍ਰਚਾਰ

(ੳ) ਪਿੱਛਲੇ ਕਾਂਡ ਵਿੱਚ ਜ਼ਿਕਰ ਆ ਚੁੱਕਾ ਹੈ ਕਿ ਸੰਤ ਜੀ ਮਹਾਰਾਜ ਨੜਾਲੀ ਦੇ ਦੀਵਾਨ ਮਗਰੋਂ ਡੇਹਰੇ ਖ਼ਾਲਸੇ ਆਏ ਅਤੇ ਤਿੰਨ-ਚਾਰ ਦਿਨ ਲਈ ਸਾਧ-ਸੰਗਤ ਨੂੰ ਨਿਹਾਲ ਕੀਤਾ। ਇੱਥੋਂ ਮਲਕ ਦੇਵਾ ਸਿੰਘ, ਜਿਹਨਾਂ ਦੀ ਜਨਮ ਭੂਮੀ ਡੇਹਰਾ ਖ਼ਾਲਸਾ ਅਤੇ ਕਾਰ-ਵਿਹਾਰ ਐਬਟਾਬਾਦ ਸੀ, ਸੰਤ ਜੀ ਮਹਾਰਾਜ ਨੂੰ ਆਪਣੇ ਨਾਲ ਪਹਾੜ ਲੈ ਗਏ। ਸਾਧ-ਸੰਗਤ ਵਿੱਚ ਸ਼ਬਦ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚੱਲਿਆ। ਇੱਥੇ ਮਾਸਟਰ ਛੈਬਰ ਸਿੰਘ, ਪ੍ਰਿੰਸੀਪਲ ਉਪਦੇਸ਼ਕ ਕਾਲਜ ਗੁਜਰਾਂਵਾਲਾ, ਇਹਨਾਂ ਦੇ ਨਾਲ ਸਨ। ਇਹਨਾਂ ਦੀ ਜ਼ਬਾਨੀ, ਇੱਥੋਂ ਦੀਆਂ ਹੇਠਾਂ ਲਿਖੀਆਂ ਸਾਖੀਆਂ ਸਾਧ-ਸੰਗਤ ਦੀ ਭੇਟਾ ਕੀਤੀਆਂ ਜਾਂਦੀਆਂ ਹਨ:

(੧) ਇੱਕ ਸਬ-ਇੰਨਸਪੈਕਟਰ ਪੁਲੀਸ, ਸੰਤ ਜੀ ਮਹਾਰਾਜ ਦੇ ਕੀਰਤਨ ਅਤੇ ਦਰਸ਼ਨਾਂ ਦਾ ਸੱਚਾ ਆਸ਼ਕ ਬਣ ਗਿਆ। ਇੱਕ ਦਿਨ ਇਸ ਨੇ ਪ੍ਰਸ਼ਾਦ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਤੁਸੀਂ ਗੁਰਦੁਆਰੇ ਸਾਹਿਬ ਰਸਦ ਲੈ ਆਓ, ਇੱਥੋਂ ਤਿਆਰ ਕਰਕੇ ਛਕ ਲਵਾਂਗੇ। ਪ੍ਰੇਮੀ ਨੇ ਹੁਕਮ ਮੰਨ ਸਾਰੀ ਸਮਗਰੀ ਗੁਰਦੁਆਰਾ ਸਾਹਿਬ ਲੈ ਆਂਦੀ। ਪ੍ਰਸ਼ਾਦ ਸਿੰਘਾਂ ਨੇ ਤਿਆਰ ਕੀਤਾ। ਲੰਗਰ ਵਿੱਚ ਪੰਗਤ ਲੱਗ ਗਈ ਅਤੇ ਸੰਤ ਜੀ ਮਹਾਰਾਜ ਸੰਗਤ ਸਮੇਤ ਸਜ ਗਏ। ਇਹ ਪ੍ਰੇਮੀ ਇੱਕ ਪਾਸੇ ਸੰਤ ਜੀ ਮਹਾਰਾਜ ਦੇ ਸਾਹਮਣੇ ਬੈਠ ਗਿਆ। ਜਿਉਂ-ਜਿਉਂ ਸੰਤ ਜੀ ਮਹਾਰਾਜ ਪ੍ਰਸ਼ਾਦ ਛਕਣ, ਉਹ ਕੁਰਬਾਨ ਹੁੰਦਾ ਜਾਵੇ ਅਤੇ ਆਪਣੇ-ਆਪ ਨੂੰ ਭਾਗਾਂ ਵਾਲਾ ਸਮਝੇ। ਇਸ ਤਰ੍ਹਾਂ ਸੰਤ ਜੀ ਮਹਾਰਾਜ ਦਾ ਉਪਦੇਸ਼ ਸੁਣ ਕੇ ਹਿੰਦੂ ਮੁਸਲਮਾਨ ਦਾ ਦਿਲ ਪੰਘਰ ਜਾਂਦਾ ਸੀ ਤੇ ਉਹਨਾਂ ਦੇ ਅੰਦਰ ਇੱਕ ਰੱਬੀ ਰੌਂ ਚੱਲ ਪੈਂਦੀ ਸੀ।

(੨) ਜਦ ਐਬਟਾਬਾਦ ਤੋਂ ਸੰਤ ਜੀ ਮਹਾਰਾਜ ਆਉਣ ਲਈ ਤਿਆਰ ਹੋਏ ਤਾਂ ਇੱਕ ਮਾਈ ਨੇ ਬੜੇ ਪ੍ਰੇਮ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ! ਪਤਾ ਲੱਗਾ ਹੈ ਕਿ ਆਪ ਨੇ ਹੁਣ ਇੱਥੋਂ ਚਲਿਆ

ਜਾਣਾ ਹੈ। ਮੇਹਰ ਕਰੋ ਅਤੇ ਇੱਕ ਦਿਨ ਮੇਰੇ ਘਰ ਪ੍ਰਸ਼ਾਦ ਛਕੋ। ਮੇਰਾ ਪੁੱਤ ਬਹਾਰ ਗਿਆ ਹੋਇਆ ਹੈ, ਉਹਦੇ ਭਾਗ ਹੋਣਗੇ ਤਾਂ ਉਹ ਭੀ ਆ ਕੇ ਦਰਸ਼ਨ ਕਰ ਲਵੇਗਾ।'' ਮਾਈ ਦੀ ਅਰਜ਼ ਸੁਣ ਕੇ ਕੋਲ ਬੈਠੇ ਪ੍ਰੇਮੀਆਂ ਨੇ ਹੱਥ ਜੋੜ ਕੇ ਆਖਿਆ, **"ਸੱਚੇ ਪਾਤਸ਼ਾਹ! ਮਾਈ ਤਾਂ ਬੜੀ ਪ੍ਰੇਮਣ ਹੈ, ਪਰ ਇਸ ਦਾ ਸਾਰਾ ਪਰਿਵਾਰ ਆਰੀਆ ਸਮਾਜੀ ਅਰ ਗੁਰ-ਨਿੰਦਕ ਹੈ, ਇਸ ਲਈ ਹਜ਼ੂਰ ਦਾ ਇਹਨਾਂ ਦੇ ਘਰ ਪ੍ਰਸ਼ਾਦ ਛਕਣਾ ਠੀਕ ਨਹੀਂ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਪ੍ਰੇਮੀਓ! ਇਹਨਾਂ ਦੇ ਘਰ ਜਾ ਕੇ ਇਹਨਾਂ ਨੂੰ ਉਪਦੇਸ਼ ਹੀ ਨਾ ਕੀਤਾ, ਤਾਂ ਇਹ ਕਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਸ਼ਰਨ ਆਉਣਗੇ? ਅਸਾਂ ਸਭ ਨੂੰ ਗੁਰੂ ਨਾਨਕ ਸਾਹਿਬ ਦੀਨ-ਦੁਨੀਆਂ ਦੇ ਵਾਲੀ ਦੀ ਗੋਦ ਵਿੱਚ ਲਿਆਉਣਾ ਹੈ। ਇਹ ਸਮਾਂ ਕਰਤਾਰ ਉਹਨਾਂ ਦੇ ਸੁਧਾਰ ਲਈ ਬਣਾ ਰਿਹਾ ਹੈ।" ਇਹ ਆਖ, ਸੰਤ ਜੀ ਮਹਾਰਾਜ ਨੇ ਮਾਈ ਦਾ ਪ੍ਰਸ਼ਾਦ ਮਨਜ਼ੂਰ ਕਰ ਲਿਆ। ਦੂਜੇ ਦਿਨ ਮਾਈ ਨੇ ਘਰ ਵਿਖੇ ਪ੍ਰਸ਼ਾਦ ਬੜੇ ਪ੍ਰੇਮ ਨਾਲ ਤਿਆਰ ਕੀਤਾ ਅਤੇ ਸੰਤ ਜੀ ਮਹਾਰਾਜ ਸੰਗਤ ਸਮੇਤ ਉਸ ਦੇ ਘਰ ਪ੍ਰਸ਼ਾਦ ਛਕਣ ਲਈ ਗਏ। ਮਾਈ ਦਾ ਪੁੱਤਰ ਵੀ ਕੁਦਰਤ ਨੇ ਹਾਜ਼ਰ ਕਰ ਦਿੱਤਾ। ਪ੍ਰਸ਼ਾਦ ਛਕਣ ਤੋਂ ਪਹਿਲਾਂ ਸੰਤ ਜੀ ਮਹਾਰਾਜ ਨੇ ਗੁਰਬਾਣੀ ਦੀ ਅਜਿਹੀ ਅੰਮ੍ਰਿਤ ਵਰਖਾ ਕੀਤੀ ਕਿ ਮਾਈ ਦੇ ਆਰੀਆ ਸਮਾਜੀ ਪੁੱਤਰ ਦਾ ਹਿਰਦਾ ਅਜਿਹਾ ਦ੍ਰਵ ਗਿਆ ਕਿ ਉਹ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਆ ਡਿੱਗਾ ਅਤੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਮੇਰੀ ਪਿੱਛਲੀ ਸਾਰੀ ਉਮਰ ਬੇ-ਅਰਥ ਗਈ ਹੈ। ਇਹ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੇ ਪਿਆਰ ਤੋਂ ਵਾਂਝੀ ਰਹੀ ਹੈ। ਮੈਨੂੰ ਹੁਣ ਇਸ ਗੱਲ ਦਾ ਬੜਾ ਸਖਤ ਅਫਸੋਸ ਹੈ। ਆਪ ਮਿਹਰ ਕਰੋ ਅਤੇ ਮੇਰੇ ਹਿਰਦੇ ਵਿੱਚ ਗੁਰੂ ਨਾਨਕ ਨਿਰੰਕਾਰੀ ਦਾ ਪਿਆਰ ਬਖਸ਼ੋ।"** ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਉਸ ਦੀ ਸਾਰੀ ਵਿੱਥਿਆ ਸੁਣੀ ਅਤੇ ਉਸ ਤੇ ਅਜਿਹੀ ਮੇਹਰ ਦੀ ਨਜ਼ਰ ਕੀਤੀ ਕਿ ਉਸ ਦਾ ਲੂੰ-ਲੂੰ ਸਤਿਗੁਰੂ ਦੇ ਪਿਆਰ ਨਾਲ ਹਰਾ ਹੋ ਗਿਆ। ਸਦਾ ਲਈ ਪਰਿਵਾਰ ਸਹਿਤ ਗੁਰੂ ਘਰ ਦਾ ਸ਼ਰਧਾਲੂ ਬਣ ਗਿਆ ਅਤੇ ਉਸ ਦਿਨ ਤੋਂ ਤਮਾਕੂ ਪੀਣਾ ਛੱਡ ਦਿੱਤਾ।

(੩) ਜਦ ਸੰਤ ਜੀ ਮਹਾਰਾਜ ਐਬਟਾਬਾਦ ਤੋਂ ਜਿਹਲਮ ਵੱਲ ਟੁਰੇ, ਤਦ ਸਾਰੀ ਸੰਗਤ ਹਵੇਲੀਆਂ ਤੀਕਰ ਮਹਾਰਾਜ ਜੀ ਨੂੰ ਵਿਦਾ ਕਰਨ ਲਈ ਆਈ। ਇਹਨਾਂ ਵਿੱਚ ਇੱਕ ਹਰੀਪੁਰ ਦਾ ਬੇਦੀ ਸਾਹਿਬਜਾਦਾ ਵੀ ਸੀ। ਉਸਨੇ ਬੇਨਤੀ ਕੀਤੀ, ''ਮਹਾਰਾਜ ਜੀ! ਹਰੀਪਰ ਰਸਤੇ ਵਿੱਚ ਹੈ, ਆਪ ਇੱਕ ਰਾਤ ਉੱਥੇ ਦਰਸ਼ਨ ਦਿਉ।'' ਉਸਦੀ ਬੇਨਤੀ ਪ੍ਰਵਾਨ ਹੋਈ ਅਤੇ ਸੰਤ ਜੀ ਦੁਪਹਿਰ ਵੇਲੇ ਹਰੀਪੁਰ ਪੁੱਜੇ। ਪ੍ਰੇਮੀ ਨੇ ਆਪਣੇ ਘਰ ਪ੍ਰਸ਼ਾਦ ਤਿਆਰ ਕਰਵਾਇਆ ਅਤੇ ਪਰਵਾਰ ਸਹਿਤ ਹੱਥ ਜੋੜ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਅੰਮ੍ਰਿਤ ਪ੍ਰਚਾਰ ਨਾਲ ਸੰਤ ਜੀ ਮਹਾਰਾਜ ਦਾ ਇੰਨਾ ਪ੍ਰੇਮ ਸੀ ਕਿ ਉਸੇ ਵੇਲੇ ਚਾਰ ਗੁਰਸਿੱਖਾਂ ਨੂੰ ਨਾਲ ਲੈ ਅੰਮ੍ਰਿਤ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਪਰਵਾਰ ਅਤੇ ਸ਼ਹਿਰ ਦੇ ਹੋਰ ਕਈ ਮਾਈ-ਭਾਈ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਜਦ ਇਹ ਕਾਰਜ ਸੰਪੂਰਨ ਹੋ ਗਿਆ, ਤਦ ਦਿਨ ਦੇ ਢਾਈ ਵਜ ਚੁੱਕੇ ਸਨ। ਗਰਮੀ ਬੜੇ ਜ਼ੋਰ ਦੀ ਸੀ ਅਤੇ ਸਿੱਧਾ ਸਫ਼ਰ ਤੋਂ ਆਉਂਦਿਆਂ ਹੀ ਅੰਮ੍ਰਿਤ ਪ੍ਰਚਾਰ ਲਈ ਕਮਰਕੱਸਾ ਕਰ ਲਿਆ ਸੀ। ਪਰ ਸੰਤ ਜੀ ਮਹਾਰਾਜ ਨੇ ਕੋਈ ਔਖ ਨਹੀਂ ਮੰਨਿਆ। ਬੜੇ ਪ੍ਰੇਮ ਅਤੇ ਸ਼ਾਂਤੀ ਨਾਲ ਇਹ ਕਾਰਜ ਪੂਰਾ ਕੀਤਾ। ਫੇਰ ਪੰਗਤ ਲਾ ਪ੍ਰਸ਼ਾਦ ਛਕਿਆ। ਸ਼ਾਮ ਦਾ ਦੀਵਾਨ ਵੀ ਪ੍ਰੇਮੀ ਦੇ ਘਰ ਲੱਗਾ ਅਤੇ ਪ੍ਰਸ਼ਾਦ ਛਕ ਸੰਤ ਜੀ ਮਹਾਰਾਜ ਗੱਡੀ ਚੜ੍ਹ ਜਿਹਲਮ ਵੱਲ ਟੁਰ ਪਏ।

(੪) ਜਿਹਲਮ ਉਤਰਦਿਆਂ ਹੀ, ਸਾਧ-ਸੰਗਤ ਨੇ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਸਵਾਗਤ ਕੀਤਾ। ਥੋੜ੍ਹਾ ਚਿਰ ਅਰਾਮ ਕਰਨ ਦੇ ਮਗਰੋਂ ਨਗਰ ਕੀਰਤਨ ਸ਼ੁਰੂ ਹੋ ਗਿਆ। ਜਲੂਸ ਸਾਰੇ ਸ਼ਹਿਰ ਵਿੱਚੋਂ ਦੀ ਹੁੰਦਾ

ਹੋਇਆ ਪੁਲ ਤੋਂ ਪਾਰ ਦਰਿਆ ਜਿਹਲਮ ਦੇ ਦੂਜੇ ਕੰਢੇ ਸਰਾਏ ਆਲਮਗੀਰ ਦੀਵਾਨ ਅਸਥਾਨ ਵਿੱਚ ਜਾ ਪੁੱਜਾ। ਇਹ ਦੀਵਾਨ ਸੰਤ ਜੋਧ ਸਿੰਘ ਜੀ ਨੇ ਆਪਣੇ ਗੁਰਦੁਆਰੇ ਦੇ ਸਾਹਮਣੇ ਇੱਕ ਬੜੇ ਖੁਲ੍ਹੇ ਮੈਦਾਨ ਵਿੱਚ ਕਰਾਇਆ ਸੀ। ਇਸ ਦਾ ਸਾਰਾ ਹਾਲ ਪਿੱਛਲੇ ਕਾਂਡ ਵਿੱਚ ਆ ਚੁੱਕਾ ਹੈ। ਦੀਵਾਨ ਦੀ ਸਮਾਪਤੀ ਦੇ ਮਗਰੋਂ ਰਾਤ ਵੇਲੇ ਬੜੀ ਵਰਖਾ ਹੋਈ, ਅੱਧੀ ਰਾਤ ਤੋਂ ਸ਼ੁਰੂ ਹੋ ਕੇ ਲਗਾਤਾਰ ਲੱਗੀ ਰਹੀ। ਸੰਤ ਜੀ ਮਹਾਰਾਜ ਆਪਣੇ ਨਿਯਮ ਅਨੁਸਾਰ ਦੋ ਵਜੇ ਅਸ਼ਨਾਨ ਕਰ ਅਭਿਆਸ ਅਤੇ ਗੁਰਬਾਣੀ ਦੇ ਪਾਠ ਵਿੱਚ ਜੁੜ ਗਏ। ਫੇਰ ਗੁਰਦੁਆਰੇ ਦੀਵਾਨ ਵਿੱਚ ਆਉਣ ਲਈ ਤਿਆਰ ਹੋਏ। ਜਥੇ ਦੇ ਸੇਵਕਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਬਾਰਸ਼ ਬੜੀ ਹੋ ਰਹੀ ਹੈ; ਸੰਗਤ ਗੁਰਦੁਆਰੇ ਵਿਖੇ ਨਹੀਂ ਪੁੱਜੀ ਹੋਵੇਗੀ। ਇਹ ਸੁਣ ਕੇ ਸੰਤ ਜੀ ਨੇ ਇੱਕ ਆਪ ਬੀਤੀ ਸਾਖੀ ਸੁਣਾਈ: 'ਇੱਕ ਵਾਰੀ ਅਸੀਂ ਰਾਵਲਪਿੰਡੀ ਗਏ। ਕਈ ਦਿਨ ਦੀਵਾਨ ਸਮੇਂ ਸੰਗਤਾਂ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਹਾਜ਼ਰ ਹੁੰਦੀਆਂ ਰਹੀਆਂ। ਇੱਕ ਰਾਤ ਇਸੇ ਤਰ੍ਹਾਂ ਬਾਰਸ਼ ਹੋਈ। ਦੀਵਾਨ ਵਿੱਚ ਜਾਣ ਦਾ ਸਮਾਂ ਹੋ ਗਿਆ, ਪਰ ਮੀਂਹ ਨਾ ਥੰਮ੍ਹਿਆਂ। ਜਥੇ ਦੇ ਨਾਲ ਅਸੀਂ ਮੀਂਹ ਵਰ੍ਹਦੇ ਵਿੱਚ ਗੁਰਦੁਆਰੇ ਪੁੱਜੇ। ਸਾਥੋਂ ਪਹਿਲਾਂ ਹੀ ਕਈ ਪ੍ਰੇਮੀ ਹਾਜ਼ਰ ਹੋ ਗਏ ਸਨ ਅਤੇ ਜਥੇ ਦੀ ਉਡੀਕ ਕਰ ਰਹੇ ਸਨ। ਜੇਕਰ ਅਸੀਂ ਉਸ ਦਿਨ ਦੀਵਾਨ ਵਿੱਚ ਹਾਜ਼ਰ ਨਾ ਹੁੰਦੇ ਤਦ ਨਿਯਮ ਵਿੱਚ ਕਿੰਨੀ ਢਿਲਾਈ ਹੁੰਦੀ? ਅਤੇ ਸੰਗਤਾਂ ਦੇ ਦਿਲਾਂ ਉੱਤੇ ਮਾੜਾ ਅਸਰ ਪੈਂਦਾ। ਸੋ ਪ੍ਰੇਮੀਓ! ਸਾਨੂੰ ਤਾਂ ਖਾਸ ਕਰਕੇ, ਦੀਵਾਨ ਸਮੇਂ ਸਿਰ ਪੁੱਜਣਾ ਚਾਹੀਦਾ ਹੈ।'' ਇਹ ਆਖ ਸੰਤ ਜੀ ਮਹਾਰਾਜ ਜਥੇ ਸਮੇਤ ਗੁਰਦੁਆਰੇ ਵੱਲ ਟੁਰ ਪਏ। ਬੜਾ ਹੀ ਅਲੌਕਿਕ ਦੀਵਾਨ ਸਜਿਆ ਅਤੇ ਸਾਧ-ਸੰਗਤ ਵਿੱਚ ਰੱਬੀ ਨੂਰ ਵਰਸਿਆ।

(੫) ਸਰਾਏ-ਆਲਮਗੀਰ ਇਹਨਾਂ ਦਿਨਾਂ ਵਿੱਚ ਗਰਮੀ ਬਹੁਤ ਸੀ। ਪ੍ਰੇਮੀ ਸੰਤ ਜੀ ਮਹਾਰਾਜ ਨੂੰ ਆਪਣੇ ਨਗਰਾਂ ਵਿੱਚ ਲੈ ਜਾਣ ਦੀ ਡਾਢੀ ਖਿੱਚ ਕਰਦੇ ਸਨ, ਪਰ ਸੰਤ ਜੀ ਮਹਾਰਾਜ ਦੀ ਪਿੱਠ 'ਤੇ ਇੱਕ ਕਰੜਾ ਫੋੜਾ ਸੀ ਜਿਸ ਵਿੱਚ ਦੋ-ਦੋ ਇੰਚ ਸਲਾਈ ਚਲੀ ਜਾਂਦੀ ਸੀ। ਡਾਕਟਰਾਂ ਨੇ ਕਿਸੇ ਠੰਡੀ ਥਾਂ ਜਾਣ ਦੀ ਸਲਾਹ ਦਿੱਤੀ। ਸੰਤ ਜੋਧ ਸਿੰਘ ਜੀ ਨੇ ਇਕਾਂਤ ਸਮੇਂ ਬੇਨਤੀ ਕੀਤੀ, ''ਸੱਚੇ ਪਾਤਸ਼ਾਹ! ਹਜ਼ੂਰ ਦੇ ਅਰਾਮ ਕਰਨ ਲਈ ਦਾਸ ਨੇ ਕਸੌਲੀ ਦੇ ਕੋਲ ਗੜਖਲ ਇੱਕ ਗੁਰਦੁਆਰਾ ਬਣਾਇਆ ਹੋਇਆ ਹੈ। ਮੇਹਰ ਕਰੋ ਅਤੇ ਇੱਥੇ ਚਰਨ ਪਾ ਕੇ ਦਾਸ ਨੂੰ ਨਿਹਾਲ ਕਰੋ।'' ਬੇ-ਪ੍ਰਵਾਹ ਸੰਤ ਜੀ ਇੱਕ ਰਾਤ ਬਾਰ੍ਹਾਂ ਵਜੇ ਉੱਠ ਬੈਠੇ ਅਤੇ ਹੌਲੀ ਜਿਹੇ ਆਪਣੇ ਜਥੇ ਦੇ ਚਾਰ ਪ੍ਰੇਮੀਆਂ ਨੂੰ ਉਠਾ ਲਿਆ। ਫੇਰ ਮਾਸਟਰ ਫ਼ੈਬਰ ਸਿੰਘ ਨੂੰ ਵੀ ਜਗਾ ਲਿਆ। ਉਸੇ ਵੇਲੇ ਤਿਆਰ ਹੋ ਗਏ। ਸਰਾਏ ਆਲਮਗੀਰ ਤੋਂ ਕਾਲਕਾ ਦੇ ਟਿਕਟ ਲੈ ਗੱਡੀ ਚੜ੍ਹ ਗਏ। ਸਫ਼ਰ ਬੜਾ ਲੰਮਾ ਸੀ। ਗੱਡੀ ਵਿੱਚ ਪ੍ਰਸ਼ਾਦ ਛਕਣ ਦਾ ਕੋਈ ਸਮਾਂ ਨਾ ਬਣਿਆ ਅਤੇ ਭੁੱਖ ਨੇ ਡਾਢਾ ਜ਼ੋਰ ਪਾਇਆ। ਸੰਤ ਜੀ ਮਹਾਰਾਜ ਤਾਂ ਇੱਕ-ਰਸ ਅਡੋਲ ਬੈਠੇ ਰਹੇ, ਪਰ ਬਾਕੀ ਸਾਥੀਆਂ ਦੇ ਚਿੱਤ ਵਿੱਚ ਭੁੱਖ ਦੇ ਜ਼ੋਰ ਪੈਣ ਕਰਕੇ ਸੰਕਲਪ-ਵਿਕਲਪ ਉੱਠਣ ਲੱਗ ਪਏ। ਮਾਸਟਰ ਫ਼ੈਬਰ ਸਿੰਘ ਨੇ ਖਿਆਲ ਕੀਤਾ ਕਿ ਕਿਧਰੇ ਨਾ ਕਿਧਰੇ ਕਿਸੇ ਸਟੇਸ਼ਨ 'ਤੇ ਸੰਤ ਜੀ ਮਹਾਰਾਜ ਦਾ ਕੋਈ ਪ੍ਰੇਮੀ ਮਿਲ ਪਵੇਗਾ ਅਤੇ ਸਟੇਸ਼ਨ 'ਤੇ ਹੀ ਪ੍ਰਸ਼ਾਦ ਛਕਾ ਦੇਵੇਗਾ। ੪ ਵਜੇ ਸ਼ਾਮ ਦੇ ਗੱਡੀ ਅੰਬਾਲੇ ਛਾਉਣੀ ਪੁੱਜੀ। ਇੱਥੇ ਕਾਲਕਾ ਲਈ ਗੱਡੀ ਬਦਲਦੀ ਸੀ। ਜਦ ਗੱਡੀ ਤੋਂ ਉੱਤਰੇ ਤਦ ਪਤਾ ਲੱਗਾ ਕਿ ਇਸ ਗੱਡੀ ਦੇ ਤੁਰਨ ਵਿੱਚ ੩-੪ ਘੰਟੇ ਬਾਕੀ ਹਨ। ਸੰਤ ਜੀ ਮਹਾਰਾਜ ਇਹ ਸਮਾਂ ਕੱਟਣ ਲਈ ਪਲੇਟਫਾਰਮ ਦੇ ਇੱਕ ਪਾਸੇ ਖੁੱਲ੍ਹੀ ਥਾਂ ਜਾ ਬੈਠੇ। ਅਜੇ ਆਸਣ ਜਮਾਇਆ ਹੀ ਸੀ ਕਿ ਇੱਕ ਸਿੱਖ ਸਰਦਾਰ ਜਿਹੜਾ ਕਿ ਇਸ ਸਟੇਸ਼ਨ 'ਤੇ ਰੇਲ ਦੇ ਮਹਿਕਮੇ ਵਿੱਚ ਨੌਕਰ ਸੀ, ਆਇਆ ਅਤੇ ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰ ਕੇ ਬੈਠ ਗਿਆ। ਹੱਥ ਜੋੜ ਕੇ ਉਸ ਨੇ ਬੇਨਤੀ ਕੀਤੀ, ''ਮਹਾਰਾਜ ਜੀ! ਦਾਸ ਦਾ

ਪ੍ਰਸ਼ਾਦ ਕਬੂਲ ਕਰੋ।'' ਸੰਤ ਜੀ ਮਹਾਰਾਜ ਨੇ ਸਵੀਕਾਰ ਕਰ ਲਿਆ। ਉਹ ਪ੍ਰੇਮੀ ਉਸੇ ਵੇਲੇ ਆਪਣੇ ਘਰ ਚਲਾ ਗਿਆ। ਕੁਝ ਚਿਰ ਮਗਰੋਂ ਪ੍ਰਸ਼ਾਦ ਤਿਆਰ ਕਰਵਾ ਪਲੇਟਫਾਰਮ 'ਤੇ ਲੈ ਆਇਆ ਅਤੇ ਬੜੇ ਪ੍ਰੇਮ, ਪਿਆਰ ਤੇ ਸ਼ਰਧਾ ਨਾਲ ਜਥੇ ਨੂੰ ਛਕਾਇਆ।

ਇੱਥੋਂ ਗੱਡੀ ਰਾਤ ਦੇ ਵੇਲੇ ਚੱਲ ਕੇ ਸਵੇਰੇ ਕਾਲਕਾ ਪੁੱਜੀ। ਗੱਡੀ ਤੋਂ ਉੱਤਰਦੇ ਹੀ ਇੱਕ ਪਹਾੜੀਏ ਨੇ, ਜਿਹੜਾ ਕੁਲੀਆਂ ਦਾ ਜਮਾਂਦਾਰ ਸੀ, ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਹੱਥ ਜੋੜ ਆਖਿਆ, ''ਹੁਕਮ ਕਰੋ, ਲੰਗਰ ਤਿਆਰ ਕਰਵਾ ਦਿਆਂ। ਆਪ ਜੀ ਨੇ ਪ੍ਰਸ਼ਾਦ ਛਕ ਕੇ ਕਸੌਲੀ ਜਾਣ ਦੀ ਤਿਆਰੀ ਕਰਨਾ।'' ਉਸ ਦੀ ਬੇਨਤੀ ਮੰਨ ਸੰਤ ਜੀ ਮਹਾਰਾਜ ਤਾਂ ਕਾਲਕਾ ਹੀ ਕੁਝ ਚਿਰ ਲਈ ਠਹਿਰ ਗਏ ਅਤੇ ਮਾਸਟਰ ਛੈਬਰ ਸਿੰਘ ਨੂੰ ਸਾਰਾ ਸਮਾਨ ਦੇ ਕੇ, ਇੱਕ ਟਾਂਗੇ 'ਤੇ ਬਿਠਾ, ਧਰਮਪੁਰ ਦੇ ਰਸਤੇ ਗੜਖਲ ਭੇਜ ਦਿੱਤਾ। ਇੱਥੇ ਸੰਤ ਜੋਧ ਸਿੰਘ ਜੀ ਨੇ ਬੜੀ ਸੁੰਦਰ ਅਤੇ ਰਮਣੀਕ ਥਾਂ ਗੁਰਦੁਆਰਾ ਬਣਾਇਆ ਹੋਇਆ ਸੀ। ਸੰਤ ਜੀ ਮਹਾਰਾਜ ਦੇ ਨਿਵਾਸ ਲਈ ਦੋ ਕੁ ਕਮਰੇ ਤਿਆਰ ਕੀਤੇ ਹੋਏ ਸਨ। ਇਸ ਅਸਥਾਨ ਦੀ ਸਾਰੀ ਸੇਵਾ ਰਾਮਗੜ੍ਹੀਆਂ ਸਿੰਘਾਂ ਦੇ ਸਪੁਰਦ ਸੀ। ਹੱਫਤੇਵਾਰ ਦੀਵਾਨ ਹੁੰਦੇ। ਸ਼ਾਮ ਦੇ ਵੇਲੇ ਮਾਸਟਰ ਛੈਬਰ ਸਿੰਘ ਇੱਥੇ ਅੱਪੜੇ। ਉਸ ਵੇਲੇ ਥੋੜ੍ਹੇ ਜਿਹੇ ਕਿਰਤੀ ਸਿੰਘ ਸ਼ਬਦ ਕੀਰਤਨ ਕਰ ਰਹੇ ਸਨ। ਮਾਸਟਰ ਜੀ ਤਾਂ ਰਾਤ ਸਮੇਂ ਇਸ ਗੁਰਦੁਆਰੇ ਵਿਖੇ ਬਿਰਾਜੇ ਅਤੇ ਸੰਤ ਜੀ ਮਹਾਰਾਜ ਦੂਜੇ ਦਿਨ ਸ਼ਾਮ ਨੂੰ ਜਥੇ ਸਮੇਤ ਪੁੱਜ ਗਏ। ਹੁਣ ਦੋ ਵੇਲੇ ਸਤਿਸੰਗ ਸ਼ੁਰੂ ਹੋ ਗਿਆ। ਪ੍ਰੇਮ ਦੇ ਖਿੱਚੇ ਹੋਏ ਦੂਰ-ਨੇੜੇ ਦੇ ਸਿੰਘ ਸ਼ਬਦ ਕੀਰਤਨ ਦਾ ਰਸ ਮਾਣਨ ਲਈ ਆਵਣ ਲੱਗ ਪਏ। ਇੱਕ ਦਿਨ ਇੱਕ ਸਿੱਖ ਸਰਦਾਰ ਨੇ ਸੰਤ ਜੀ ਮਹਾਰਾਜ ਅੱਗੇ ਇੱਕ ਪੌਂਡ ਰੱਖ ਦੇ ਮੱਥਾ ਟੇਕਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, ''ਅੱਜ ਤੋਂ ਹਰ ਰੋਜ਼ ਅੰਮ੍ਰਿਤ ਵੇਲੇ ਸਵਾ ਦਮੜੇ ਦਾ ਕੜਾਹ-ਪ੍ਰਸ਼ਾਦ ਹੋਇਆ ਕਰੇਗਾ।'' ਤਿੰਨ ਦਿਨ ਪ੍ਰਸ਼ਾਦ ਉਸ ਪ੍ਰੇਮੀ ਦੇ ਘਰੋਂ ਆਇਆ। ਤੀਜੇ ਦਿਨ ਜਦ ਉਹ ਪ੍ਰਸ਼ਾਦ ਛਕਾਉਣ ਲਈ ਹਾਜ਼ਰ ਹੋਇਆ ਤਾਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ ਕੱਲ੍ਹ ਤੋਂ ਪ੍ਰਸ਼ਾਦ ਨਹੀਂ ਲਿਆਉਣਾ। ਅਸੀਂ ਕੱਲੇ ਪ੍ਰਸ਼ਾਦ ਛਕਦੇ ਸੋਹਣੇ ਨਹੀਂ ਲੱਗਦੇ। ਅਸੀਂ ਸੰਗਤ ਨਾਲ ਜਿਹਾ ਰੁੱਖਾ-ਮਿੱਸਾ ਪ੍ਰਸ਼ਾਦ ਪ੍ਰੇਮੀ ਲੰਗਰ ਵਿੱਚ ਤਿਆਰ ਕਰਦੇ ਹਨ, ਛਕਿਆ ਕਰਾਂਗੇ।''

ਗੜਖਲ ਸੰਤ ਜੀ ਮਹਾਰਾਜ ਨੇ ਸਾਰਾ ਗਰਮੀ ਦਾ ਮੌਸਮ ਕੱਟਿਆ। ਠੰਡ ਉੱਤਰਦਿਆਂ ਹੀ ਮਾਲਵੇ ਦੇ ਖੁੱਲ੍ਹੇ ਇਲਾਕੇ ਵਿੱਚ ਆ ਗਏ ਤੇ ਗੁਰਸਾਗਰ ਸਾਹਿਬ ਮਸਤੂਆਣੇ ਦੇ ਇਲਾਕੇ ਵਿੱਚ ਦੌਰਾ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਪਿੰਡ-ਪਿੰਡ ਸ਼ਬਦ ਕੀਰਤਨ ਦੇ ਜਥੇ ਬਣ ਗਏ। ਹੁਣ ਮਾਘੀ ਦਾ ਦੀਵਾਨ ਨੇੜੇ ਆ ਗਿਆ। ਸੰਤ ਜੀ ਮਹਾਰਾਜ ਹੱਫਤਾ ਕੁ ਪਹਿਲਾਂ ਗੁਰਸਾਗਰ ਸਾਹਿਬ ਮਸਤੂਆਣੇ ਆ ਬਿਰਾਜੇ। ਮਾਘੀ ਤੋਂ ਦੋ ਦਿਨ ਪਹਿਲਾਂ ਹੀ ਸੰਗਤਾਂ ਗੁਰਦੁਆਰਾ ਸਾਹਿਬ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ। ਲੋਹੜੀ ਵਾਲੇ ਦਿਨ ਤਾਂ ਦਸ-ਪੰਦਰਾਂ ਹਜ਼ਾਰ ਸੰਗਤ ਇਕੱਠੀ ਹੋ ਗਈ। ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਤਿੰਨ ਵਜੇ ਦੀਵਾਨ ਵਿੱਚ ਆ ਬਿਰਾਜੇ ਤੇ ਇੱਕ ਵਜੇ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜੇ ਰਹੇ। ਕਦੀ ਆਪ ਕੀਰਤਨ ਕਰਦੇ ਤੇ ਕਦੀ ਵਾਰੀ-ਵਾਰੀ ਮਾਈਆਂ ਅਤੇ ਭਾਈਆਂ ਕੋਲੋਂ ਸ਼ਬਦ ਪੜ੍ਹਾਉਂਦੇ। ਪ੍ਰੇਮ ਨਾਲ ਆਪਣੇ ਮੁਖਾਰਬਿੰਦ ਤੋਂ ਫ਼ਰਮਾਉਂਦੇ, ''ਭਾਈ! ਇਹ ਗੁਰੂ ਨਾਨਕ ਸਾਹਿਬ ਦਾ ਸਕੂਲ ਹੈ, ਨਿਧੜਕ ਹੋ ਕੇ, ਜਿਹੜੇ ਸ਼ਬਦ ਕੰਠ ਕੀਤੇ ਹੋਏ ਹਨ, ਸੁਣਾਓ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਖੁਸ਼ੀ ਲਵੋ।''

ਸੰਤ ਜੀ ਮਹਾਰਾਜ ਦੇ ਵਰਸਾਏ ਹੋਏ ਪ੍ਰੇਮੀ ਅਤੇ ਬੀਬੀਆਂ ਆਪਣੀ ਵਾਰੀ-ਵਾਰੀ ਨਿਧੜਕ ਉੱਠ ਕੇ

ਤਿੰਨ ਥਾ ਸ਼ਬਦ ਪੜ੍ਹਦੇ। ਇੱਕ ਵਾਰੀ ਪ੍ਰੇਮੀ ਜਾਂ ਬੀਬੀ ਬੋਲਦੀ ਤੇ ਉਸ ਦੇ ਮਗਰ ਸਾਰੇ ਭਾਈ ਜਾਂ ਸਾਰੀਆਂ ਮਾਈਆਂ ਅਤੇ ਫੇਰ ਮਾਈਆਂ ਜਾਂ ਭਾਈ। ਇਸ ਤਰ੍ਹਾਂ ਸ਼ਬਦ ਕੀਰਤਨ ਦਾ ਉਹ ਰਸ ਬਣਦਾ, ਜਿਸ ਦੀ ਮਿਸਾਲ ਅੱਗੇ ਕਦੇ ਵੀ ਨਹੀਂ ਮਿਲੀ ਸੀ। ਇਹ ਸੰਤ ਜੀ ਮਹਾਰਾਜ ਦੀ ਮੇਹਰ ਹੀ ਸੀ ਕਿ ਖੰਡੇ ਦੇ ਅੰਮ੍ਰਿਤ ਅਤੇ ਸ਼ਬਦ ਕੀਰਤਨ ਦੀ ਦਾਤ ਦੀਵਾਨਾਂ ਵਿੱਚ ਖੁੱਲ੍ਹੀ ਵਰਤਣ ਲੱਗ ਪਈ।

ਕਦੀ-ਕਦੀ ਇੱਕ ਹੋਰ ਅਦੁੱਤੀ ਰੰਗ ਦੀਵਾਨ ਦੇ ਸਾਹਮਣੇ ਬਣ ਜਾਂਦਾ। ਦੂਰ ਨੇੜੇ ਦੇ ਪਿੰਡ ਵੀਹ-ਵੀਹ, ਤੀਹ-ਤੀਹ ਦੀ ਗਿਣਤੀ ਵਿੱਚ ਸ਼ਬਦੀ ਜਥੇ ਬਣਾ ਕੇ, ਬੜੀ ਸ਼ਰਧਾ ਅਤੇ ਪ੍ਰੇਮ ਨਾਲ ਘਰੋਂ ਟੁਰਦੇ। ਜਦ ਦੀਵਾਨ ਅਸਥਾਨ ਦੇ ਸਾਹਮਣੇ ਆਪਣੇ ਰੰਗ ਵਿੱਚ ਮਸਤ ਸ਼ਬਦ ਪੜ੍ਹਦੇ ਆਉਂਦੇ, ਤਦ ਸੰਤ ਜੀ ਮਹਾਰਾਜ ਦੀਵਾਨ ਵਿੱਚ ਸ਼ਬਦ ਕੀਰਤਨ ਇਹਨਾਂ ਦਾ ਪ੍ਰੇਮ ਪੂਰਾ ਕਰਨ ਲਈ, ਬੰਦ ਕਰ ਦਿੰਦੇ। ਸਾਰੀ ਸੰਗਤ ਦੀ ਨਿਗਾਹ ਇਹਨਾਂ ਤੇ ਟਿਕ ਜਾਂਦੀ। ਕੁਝ ਚਿਰ ਲਈ ਉਹ ਰਸ ਬੱਝਦਾ, ਜਿਹੜਾ ਕਹਿਣ ਤੋਂ ਬਾਹਰ ਹੈ।

ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (੧੩੭੦)

ਜਥੇ ਦੇ ਸਰੀਰਾਂ ਦਾ ਰੋਮ-ਰੋਮ ਫਰਕਦਾ, ਖੜਤਾਲਾਂ, ਚਿਮਟੇ, ਢੋਲਕ ਅਤੇ ਸ਼ਬਦ ਪੜ੍ਹਨ ਵਾਲਿਆਂ ਦੇ ਹਿਰਦੇ ਇੱਕ ਤਾਰ ਵਿੱਚ ਪਰੋਏ ਜਾਂਦੇ, ਨਿਸ਼ਕਪਟ ਹਿਰਦਿਆਂ ਵਿੱਚੋਂ ਸ਼ਬਦ ਦਾ ਰਸ ਫੁੱਟ ਕੇ ਝਰਦਾ। ਸਾਧ-ਸੰਗਤ ਦੇ ਨੇਤਰਾਂ ਵਿੱਚੋਂ ਪ੍ਰੇਮ ਅਤੇ ਵੈਰਾਗ ਦਾ ਜਲ ਵਹਿ ਟੁਰਦਾ।

ਦੁਪਹਿਰ ਢਲੀ ਇੱਕ ਵਜੇ ਦੇ ਮਗਰੋਂ ਸੰਤ ਜੀ ਮਹਾਰਾਜ ਥੋੜ੍ਹੇ ਚਿਰ ਲਈ ਆਪਣੇ ਡੇਰੇ ਗਏ। ਕਿਰਿਆ ਸੋਧ, ਜਲ-ਪਾਣੀ ਛਕ ਕੇ ਦੋ ਵਜੇ ਫੇਰ ਸਾਧ-ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਰਾਤ ਦੇ ੯ ਵਜੇ ਤੀਕਰ ਦੀਵਾਨ ਵਿੱਚ ਸਜੇ ਰਹੇ। ਫੇਰ ਰਾਤ ਦੇ ਕੀਰਤਨ ਦੀ ਲਹਿਰ ਪੱਕੀ ਕਰ ਕੇ ਤੇ ਕਿਸੇ ਹੋਰ ਪ੍ਰੇਮੀ ਨੂੰ ਤਾਬੇ ਬਿਠਾ ਪ੍ਰਸ਼ਾਦ ਛਕਣ ਅਤੇ ਰਾਤ ਦੇ ਅਰਾਮ ਲਈ ਆ ਗਏ। ਲੋਹੜੀ ਅਤੇ ਮਾਘੀ ਦੋਵੇਂ ਦਿਨ ਇਹ ਰੰਗ ਬਣਿਆ ਰਿਹਾ। ਦਾਸ ਨੇ ਜਥੇ ਸਮੇਤ ਕੱਲਰ ਤੋਂ ਆ ਕੇ ਇਸ ਦੀਵਾਨ ਦੀ ਅਦੁੱਤੀ ਸ਼ੋਭਾ ਅਤੇ ਰੱਬੀ ਪ੍ਰੇਮ ਦੀ ਨੂਰਾਨੀ ਝਲਕ ਆਪਣੀ ਅੱਖੀਂ ਵੇਖੀ। ਨਾਮ-ਬਾਣੀ ਅਤੇ ਸਾਧ-ਸੰਗਤ ਦੇ ਦਰਸ਼ਨ ਦਾ ਅਤੁੱਟ ਲਾਹਾ ਖੱਟਿਆ। ਇੱਥੇ ਦੀਵਾਨ ਦੇ ਭੋਗ ਦੇ ਮਗਰੋਂ ਗੁਜਰਾਂਵਾਲੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਸੇਵਾ ਲਈ ਸੰਤ ਜੀ ਮਹਾਰਾਜ ਨੇ ਇਹਨਾਂ ਸ਼ਬਦਾਂ ਵਿੱਚ ਹੁਕਮ ਕੀਤਾ, "ਭਾਈ ਤੇਜਾ ਸਿੰਘ ਜੀ! ਜਿਹੜੇ ਕੰਮ ਲਈ ਅਸਾਂ ਤੁਹਾਨੂੰ ਕੱਲਰ ਭੇਜਿਆ ਸੀ, ਉਹ ਉੱਥੇ ਸਿਰੇ ਨਹੀਂ ਚੜ੍ਹ ਸਕਦਾ। ਤੁਸੀਂ ਹੁਣ ਮੁੜ ਕੇ ਕੱਲਰ ਨਹੀਂ ਜਾਣਾ; ਰਸਤੇ ਵਿੱਚ ਹੀ ਗੁਜਰਾਂਵਾਲੇ ਠਹਿਰ ਜਾਣਾ। ਇੱਥੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਕਮੇਟੀ ਦੇ ਸੇਵਕ ਚੰਗੇ ਪ੍ਰੇਮੀ ਹਨ, ਉਹਨਾਂ ਨੇ ਤੁਹਾਨੂੰ ਸਾਡੇ ਪਾਸੋਂ ਮੰਗਿਆ ਸੀ।" ਅਸਚਰਜ ਦੀ ਗੱਲ ਇਹ ਸੀ ਕਿ ਦਾਸ ਨੇ ਕੱਲਰ ਦੀ ਕੋਈ ਗੱਲਬਾਤ ਸੰਤ ਜੀ ਮਹਾਰਾਜ ਨਾਲ ਨਹੀਂ ਸੀ ਕੀਤੀ। ਹੁਕਮ ਮੰਨ ਕੇ ਦਾਸ ਗੁਜਰਾਂਵਾਲੇ ਹੀ ਠਹਿਰ ਗਿਆ ਅਤੇ ਕੱਲਰ ਅਸਬਾਬ ਲੈਣ ਵੀ ਨਾ ਗਿਆ।

ਸਿਖ ਐਜੂਕੇਸ਼ਨਲ ਕਾਨਫਰੰਸ, ਗੁਜਰਾਂਵਾਲਾ

ਸੰਨ ੧੯੧੮ ਈਸਵੀ ਵਿੱਚ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਸਮਾਗਮ ਗੁਜਰਾਂਵਾਲੇ ਵਿਖੇ ਹੋਣਾ ਨੀਯਤ ਹੋਇਆ। ਇੱਥੋਂ ਦੀ ਰਿਸੈਪਸ਼ਨ ਕਮੇਟੀ ਨੇ ਬੜਾ ਹੀ ਯਤਨ ਕੀਤਾ ਕਿ ਇਸ ਦੇ ਪ੍ਰਧਾਨ ਸੰਤ ਜੀ ਮਹਾਰਾਜ ਜਾਂ ਭਾਈ ਅਰਜਨ ਸਿੰਘ ਜੀ ਬਾਗੜੀਆ ਹੋਣ। ਇਹਨਾਂ ਦੀ ਛਤਰ ਛਾਇਆ ਹੇਠ ਜਿਹੜੀ ਗਲਤ-ਫਹਿਮੀ ਚੀਫ਼ ਖ਼ਾਲਸਾ ਦੀਵਾਨ ਅਤੇ ਮਹਾਰਾਜ ਰਿਪੂਦਮਨ ਸਿੰਘ ਮਾਲਵਇੰਦਰ ਬਹਾਦਰ ਵਿੱਚ, ਅਨੰਦ ਮੈਰਿਜ ਬਿਲ ਦੇ ਸਮੇਂ ਪੈ ਗਈ ਸੀ, ਦੂਰ ਹੋ ਜਾਵੇ। ਡੈਪੂਟੇਸ਼ਨ ਬਣ ਕੇ ਭੀ ਅੰਮ੍ਰਿਤਸਰ ਪੁੱਜਾ, ਪਰ ਕੋਈ ਗੱਲਬਾਤ

ਸਿਰੇ ਨਾ ਚੜ੍ਹੀ। ਐਜੂਕੇਸ਼ਨਲ ਕਮੇਟੀ ਚੀਫ ਖ਼ਾਲਸਾ ਦੀਵਾਨ ਨੇ ਇਸ ਸਮਾਗਮ ਦੇ ਪ੍ਰਧਾਨ ਸਰਦਾਰ ਰਘਬੀਰ ਸਿੰਘ ਰਾਜਾਸਾਂਸੀ ਵਾਲੇ ਨੂੰ ਚੁਣਿਆ ਅਤੇ ਗੁਰੂ ਨਾਨਕ ਖ਼ਾਲਸਾ ਕਾਲਜ ਕਮੇਟੀ ਨੇ ਫੈਸਲਾ ਕੀਤਾ ਕਿ ਕਾਲਜ ਦੀ ਨੀਂਹ ਸੰਤ ਜੀ ਮਹਾਰਾਜ ਦੇ ਪਵਿੱਤਰ ਹਸਤ-ਕਮਲਾਂ ਤੋਂ ਰਖਾਈ ਜਾਵੇ ਅਤੇ ਜਿਹੜਾ ਸਮਾਂ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਅਪੀਲ ਦਾ ਮਿਲੇ, ਉਸ ਦੇ ਪ੍ਰਧਾਨ ਸੰਤ ਜੀ ਮਹਾਰਾਜ ਹੋਣ। ਸੋ, ਸੰਗਤ ਦੇ ਖਿੱਚੇ ਹੋਏ, ਸਮਾਗਮ ਤੋਂ ਦੋ-ਤਿੰਨ ਦਿਨ ਪਹਿਲਾਂ ਹੀ ਸੰਤ ਜੀ ਮਹਾਰਾਜ ਨੇ ਗੁਜਰਾਂਵਾਲੇ ਦਰਸ਼ਨ ਦਿੱਤੇ ਅਤੇ ਸਾਧ-ਸੰਗਤ ਨੂੰ ਬੜਾ ਹੀ ਨਿਹਾਲ ਕੀਤਾ।

ਕਾਨਫਰੰਸ ਦਾ ਜਲੂਸ ਬੜਾ ਸ਼ਾਨਦਾਰ ਨਿਕਲਿਆ। ਜਿੰਨੀ ਰੌਣਕ ਇਸ ਕਾਨਫਰੰਸ ਦੇ ਦੀਵਾਨ ਅਸਥਾਨ ਅਤੇ ਲੰਗਰ ਵਿੱਚ ਹੋਈ, ਉਹ ਪਹਿਲਾਂ ਕਦੇ ਨਹੀਂ ਸੀ ਹੋਈ ਅਤੇ ਫੇਰ ਕਿਸੇ ਥਾਂ ਮੁੜ ਕੇ ਨਹੀਂ ਹੋਈ। ਕਾਨਫਰੰਸ ਲਹਿਰ ਦੀ ਉੱਚੀ ਤੋਂ ਉੱਚੀ ਟੀਸੀ ਆਪਣੇ ਜਨਮ ਅਸਥਾਨ 'ਤੇ ਹੋਈ, ਇਸ ਦੇ ਮਗਰੋਂ ਫੇਰ ਹੇਠਾਂ ਹੀ ਹੁੰਦੀ ਚਲੀ ਗਈ। ਜਲੂਸ ਦੇ ਮਗਰੋਂ, ਦੂਜੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਪਿੱਛੋਂ ਦਸ ਵਜੇ ਕਾਨਫਰੰਸ ਸ਼ੁਰੂ ਹੋਈ। ਧਾਰਮਿਕ ਦੀਵਾਨ ਖ਼ਾਲਸਾ ਹਾਈ ਸਕੂਲ ਅਤੇ ਉਸ ਦੇ ਬੋਰਡਿੰਗ ਦੇ ਵਿਚਕਾਰਲੇ ਖੁੱਲ੍ਹੇ ਮੈਦਾਨ ਵਿੱਚ ਸੀ। ਡਾਇਸ (ਚਬੂਤਰਾ) ਉੱਤੇ ਸਤਿਗੁਰੂ ਦੀ ਤਾਬੇ ਸੰਤ ਜੀ ਮਹਾਰਾਜ ਸਜੇ ਹੋਏ ਸਨ ਅਤੇ ਇਹਨਾਂ ਦੇ ਨਾਲ ਖੱਬੇ ਪਾਸੇ ਭਾਈ ਭਾਗ ਸਿੰਘ ਜੀ ਦਾ ਜਥਾ ਕੀਰਤਨ ਕਰ ਰਿਹਾ ਸੀ। ਹੋਰ ਪਤਵੰਤੇ ਅਤੇ ਰਿਸੈਪਸ਼ਨ ਕਮੇਟੀ ਦੇ ਸੱਜਣ ਇਹਨਾਂ ਦੇ ਪਿੱਛੇ ਸਜੇ ਹੋਏ ਸਨ। ਇਸ ਤੋਂ ਹੇਠਾਂ ਚੋਗਾਨ ਦੇ ਵਿੱਚ ਸੱਜੇ ਪਾਸੇ ਬੀਬੀਆਂ ਅਤੇ ਖੱਬੇ ਪਾਸੇ ਪ੍ਰੇਮੀ ਵੀਹ-ਵੀਹ ਹਜ਼ਾਰ ਦੀ ਗਿਣਤੀ ਵਿੱਚ ਭਰਪੂਰ ਸਨ। ਦਾਸ ਵੀ ਸੰਤ ਜੀ ਮਹਾਰਾਜ ਦੇ ਪਿੱਛੇ ਬੈਠਾ ਸੀ। ਸਾਧ-ਸੰਗਤ ਨੇ ਦੀਵਾਨ ਦੇ ਪ੍ਰਬੰਧ ਦਾ ਪਹਿਰਾ, ਦਾਸ ਨੂੰ ਬਖਸ਼ਿਆ ਹੋਇਆ ਸੀ।

ਜਦ ਬਾਰ੍ਹਵੇਂ ਸਲੋਕ ਦੀ ਪਉੜੀ ਪੜ੍ਹੀ ਗਈ ਤਦ ਭਾਈ ਹੀਰਾ ਸਿੰਘ ਜੀ ਨੇ ਹੱਥ ਜੋੜ ਕੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਹ ਸਮਾਗਮ ਸਾਡੇ ਸਾਂਭਣ ਦਾ ਨਹੀਂ, ਹਜ਼ੂਰ ਕ੍ਰਿਪਾ ਕਰੋ।" ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਸ਼ਬਦ ਕੀਰਤਨ ਦੀ ਉਹ ਝੜੀ ਲਾਈ ਕਿ ਜ਼ਮੀਨ ਅਸਮਾਨ ਰੱਬੀ ਨੂਰ ਨਾਲ ਭਰਪੂਰ ਹੋ ਗਏ। ਸਾਰੀ ਸਾਧ-ਸੰਗਤ ਸ਼ਬਦ ਦੇ ਰੰਗ ਵਿੱਚ ਮਸਤ ਹੋ, ਸਤਿਗੁਰੂ ਦੇ ਚਰਨਾਂ ਨਾਲ ਜੁੜ ਗਈ। ਇੱਕ ਪਾਸੇ ਬੜੀ ਉੱਚੀ ਸੁਰ ਵਿੱਚ ਸੰਤ ਜੀ ਮਹਾਰਾਜ ਸ਼ਬਦ ਪੜ੍ਹਦੇ, ਫੇਰ ਸਾਰੀ ਸਾਧ ਸੰਗਤ ਅਤੇ ਫੇਰ ਬੀਬੀਆਂ। ਛੱਕੇ ਅਤੇ ਆਸਾ ਜੀ ਦੀ ਵਾਰ ਦੀਆਂ ਤੁਕਾਂ ਸੰਤ ਜੀ, ਸਾਧ ਸੰਗਤ ਅਤੇ ਬੀਬੀਆਂ ਅਗਲੀ-ਅਗਲੀ ਵਾਰੋ-ਵਾਰੀ ਪੜ੍ਹੀ ਜਾਂਦੇ। ਸਰਬੱਤ ਦਾ ਇਸ ਰੱਬੀ ਅੰਮ੍ਰਿਤ ਭਿੰਨੇ ਕੀਰਤਨ ਦੇ ਮਹਾਂ ਜੱਗ ਵਿੱਚ ਹਿੱਸਾ ਪੈਂਦਾ। ਠੀਕ ਸਾਢੇ ਸੱਤ ਵਜੇ ਆਸਾ ਜੀ ਦੀ ਵਾਰ ਦਾ ਭੋਗ ਪਿਆ ਤੇ ਸਾਧ ਸੰਗਤ ਆਪੋ-ਆਪਣੇ ਆਸਣਾਂ 'ਤੇ ਚਲੀ ਗਈ। ਫੇਰ ਜਲ-ਪਾਣੀ ਪ੍ਰਸ਼ਾਦ ਛਕ ਕਾਨਫਰੰਸ ਦੇ ਪੰਡਾਲ ਵੱਲ ਤੁਰ ਪਏ। ਠੀਕ ੯ ਵਜੇ ਦਾਖਲਾ ਸ਼ੁਰੂ ਹੋ ਗਿਆ ਅਤੇ ੧੦ ਵਜੇ ਪੰਡਾਲ ਭਰਪੂਰ ਹੋ ਗਿਆ। ਪ੍ਰਧਾਨ, ਵਿੱਦਿਅਕ ਅਤੇ ਰਿਸੈਪਸ਼ਨ ਕਮੇਟੀ ਦੇ ਮੈਂਬਰ, ਸਪੈਸ਼ਲ ਡੈਲੀਗੇਟ ਤੇ ਵਿਜ਼ਿਟਰ ਡਾਇਸ 'ਤੇ ਸਜ ਗਏ। ਕੁਝ ਪੰਜ ਕੁ ਮਿੰਟ ਮਗਰੋਂ ਸੰਤ ਜੀ ਮਹਾਰਾਜ ਨੇ ਦਰਸ਼ਨ ਦਿੱਤੇ। ਸਾਰੀ ਸੰਗਤ ਇੱਕੋ ਵਾਰੀ ਆਪਣੇ ਪੈਰਾਂ 'ਤੇ ਖੜੀ ਹੋ ਗਈ। ਖੁਸ਼ੀ ਦੇ ਘੜਿਆਲ ਵੱਜੇ, ਨਾਮ-ਬਾਣੀ ਦੇ ਮਲਾਹ ਆਪਣੇ ਰੰਗ ਵਿੱਚ ਮਸਤ, ਡਾਇਸ ਉੱਤੇ ਪ੍ਰਧਾਨ ਜੀ ਦੇ ਪਾਸ ਇੱਕ ਰੁਪਹਿਲੀ ਕੁਰਸੀ 'ਤੇ ਬੈਠ ਗਏ। ਇਸ ਦਿਨ ਦਾ ਪ੍ਰੋਗਰਾਮ ਇਹ ਸੀ, ਕਾਨਫਰੰਸ ਅਤੇ ਰਿਸੈਪਸ਼ਨ ਕਮੇਟੀ ਦੇ ਪ੍ਰਧਾਨ ਜੀ ਦੇ ਐਡਰੈਸਾਂ ਮਗਰੋਂ ਐਜੂਕੇਸ਼ਨਲ ਕਮੇਟੀ ਨੇ ਆਪਣੇ ਵਿੱਦਿਅਕ ਫੰਡ ਲਈ ਅਪੀਲ ਰੱਖੀ ਸੀ। ਠੀਕ ੪ ਵਜੇ ਗੁਰੂ

ਨਾਨਕ ਖ਼ਾਲਸਾ ਕਾਲਜ ਦੀ ਨੀਂਹ ਸੰਤ ਜੀ ਮਹਾਰਾਜ ਨੇ ਰੱਖਣੀ ਸੀ। ਇਸ ਦੇ ਮਗਰੋਂ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਫੰਡ ਦੀ ਅਪੀਲ ਸੀ। ਇਸ ਸਮੇਂ ਦੇ ਪ੍ਰਧਾਨ, ਸੰਤ ਜੀ ਮਹਾਰਾਜ ਸਨ। ਪਰ ਬਾਬੇ ਦੇ ਰੰਗ ਅਜੀਬ ਹਨ, ਉਸ ਨੇ ਆਪਣੇ ਨਾਮ ਦੀ ਲਾਜ ਰੱਖਣੀ ਸੀ ਅਤੇ ਕਾਲਜ ਦੀ ਅਪੀਲ ਪਹਿਲਾਂ ਕਰਾਉਣੀ ਸੀ। ਜਿਸ ਵੇਲੇ ਸਮਾਗਮ ਸ਼ੁਰੂ ਹੋਣ ਲੱਗਾ, ਅਚਾਨਕ ਹਵਾ ਦਾ ਬੁੱਲ੍ਹਾ ਅਜਿਹੇ ਜ਼ੋਰ ਦਾ ਆਇਆ ਕਿ ਪੰਡਾਲ ਦਾ ਲੋਹੇ ਦਾ ਥੰਮ੍ਹ ਹਿੱਲ ਗਿਆ। ਤਾਰਾਂ ਅਤੇ ਰੱਸੇ ਥਾਂਵਾਂ ਤੋਂ ਡੋਲ ਗਏ ਅਤੇ ਉੱਪਰਲਾ ਸ਼ਾਮਿਆਨ ਹਵਾ ਨਾਲ ਭਰ ਗਿਆ। ਸਭ ਨੂੰ ਇਹੋ ਭਾਸਿਆ ਕਿ ਪੰਡਾਲ ਡਿੱਗਾ ਕਿ ਡਿੱਗਾ। ਸਮੇਂ ਨੂੰ ਸੰਭਾਲਣ ਲਈ, ਸਰਦਾਰ ਸੁੰਦਰ ਸਿੰਘ ਮਜੀਠੀਆ ਉੱਠੇ ਅਤੇ ਬੜੀ ਉੱਚੀ ਆਵਾਜ਼ ਵਿੱਚ ਆਖਿਆ, "ਖ਼ਾਲਸਾ ਜੀ ਸਾਰੇ ਬਾਹਰ ਚਲੇ ਜਾਉ।" ਮਿੰਟਾਂ ਵਿੱਚ ਪੰਡਾਲ ਖਾਲੀ ਹੋ ਗਿਆ ਅਤੇ ਸਾਰੇ ਮਾਈ-ਭਾਈ ਆਪਣੇ-ਆਪਣੇ ਬੂਹਿਆ ਵਿੱਚੋਂ ਨਿਕਲ ਕੇ ਬਾਹਰ ਆ ਗਏ। ਦਾਸ ਵੀ ਸੰਤ ਜੀ ਮਹਾਰਾਜ ਦੇ ਨਾਲ ਟੂਰ ਪਿਆ ਅਤੇ ਰਾਹ ਵਿੱਚ ਡੇਰੇ ਵੱਲ ਆਉਂਦਿਆਂ ਇਹ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਬਾਬੇ ਨੇ ਅਜਬ ਖੇਲ ਰਚਾਈ ਹੈ, ਅੱਗੇ ਦੇ ਪਿੱਛੇ ਤੇ ਪਿੱਛੇ ਦੇ ਅੱਗੇ ਕਰ ਦਿੱਤੇ ਹਨ **(ਬਾਬੇ ਨੇ ਮੱਕਾ ਫੇਰਿਆ, ਜ਼ਾਹਰੀ ਕਲਾ ਦਿਖਾਈ)** ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਹਾਂ ਭਾਈ! ਠੀਕ ਹੈ।"

ਪੰਡਾਲ ਦਾ ਸ਼ਾਮਿਆਨਾ ਲਾਹੁੰਦਿਆਂ ਅਤੇ ਹੋਰ ਪ੍ਰਬੰਧ ਕਰਦਿਆਂ ਸਾਢੇ ਕੁ ਤਿੰਨ ਵਜ ਗਏ। ਐਜੂਕੇਸ਼ਨਲ ਕਮੇਟੀ ਅਤੇ ਸਬਜੈਕਟਸ ਕਮੇਟੀ ਦੇ ਮੈਂਬਰ; ਪ੍ਰੋਗਰਾਮ ਅਤੇ ਗੁਰਮਤਿਆਂ ਦੀ ਵਿਚਾਰ ਲਈ ਪੰਡਾਲ ਵਿੱਚ ਚਲੇ ਗਏ ਅਤੇ ਸਾਰੇ ਦਰਵਾਜ਼ੇ ਅੰਦਰੋਂ ਬੰਦ ਕਰਵਾ ਦਿੱਤੇ।

ਹੁਣ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਨੀਂਹ ਰੱਖਣ ਦਾ ਸਮਾਂ ਨੇੜੇ ਆ ਗਿਆ। ਸਾਧ-ਸੰਗਤ, ਸੰਤ ਜੀ ਮਹਾਰਾਜ ਨੂੰ ਜਥੇ ਸਮੇਤ ਨਾਲ ਲੈ, ਨੀਯਤ ਅਸਥਾਨ ਤੇ ਆ ਪੁੱਜੀ। ਪੰਡਾਲ ਇਸ ਤੋਂ ਫਰਲਾਂਗ ਕੁ ਦੇ ਫਾਸਲੇ 'ਤੇ ਸੀ। ਚਾਂਦੀ ਦੀ ਕਰੰਡੀ, ਸੰਤ ਜੀ ਮਹਾਰਾਜ ਦੇ ਪਵਿੱਤਰ ਹਸਤ-ਕਮਲਾਂ ਵਿੱਚ ਫੜਾਈ ਗਈ ਅਤੇ ਚੂਨੇ ਦੀ ਤਗਾਰੀ ਦਾਸ ਦੇ ਹੱਥਾਂ ਵਿੱਚ। ਸ਼ਬਦਾਂ ਦੀ ਘਨਘੋਰ ਮਗਰੋਂ ਅਰਦਾਸਾ ਸੋਧਿਆ ਗਿਆ ਅਤੇ ਸੰਤ ਜੀ ਮਹਾਰਾਜ ਨੇ ਨੀਂਹ ਦੀਆਂ ਪੰਜ ਇੱਟਾਂ ਆਪਣੇ ਪਵਿੱਤਰ ਹੱਥਾਂ ਨਾਲ ਰੱਖ ਦਿੱਤੀਆਂ। ਜਦ ਇਹ ਕਾਰਜ ਸੰਪੂਰਨ ਹੋ ਗਿਆ, ਤਦ ਦਾਸ ਨੇ ਹੌਲੀ ਜਿਹੀ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਕਾਲਜ ਦੀ ਅਪੀਲ ਦਾ ਸਮਾਂ ਆ ਗਿਆ ਹੈ। ਹੁਕਮ ਹੋਵੇ ਤਾਂ ਪੰਡਾਲ ਵਿੱਚ ਚੱਲੀਏ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਹਾਂ ਭਾਈ।" ਇਹ ਹੁਕਮ ਮੰਨ ਦਾਸ ਨੇ ਪੰਡਾਲ ਦੇ ਦਰਵਾਜ਼ਿਆਂ 'ਤੇ ਖੜੇ ਪਹਿਰੇਦਾਰ ਵਲੰਟੀਅਰਾਂ ਨੂੰ, ਜਿਹੜੇ ਕਿ ਸਾਰੇ ਹੀ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਵਿਦਿਆਰਥੀ ਸਨ, ਸੁਨੇਹਾ ਭੇਜਿਆ ਕਿ ਸਾਰੇ ਬੂਹੇ ਖੋਲ੍ਹ ਦਿਓ। ਇੱਕੋ ਵਾਰੀ ਬੂਹੇ ਖੁੱਲ੍ਹੇ ਅਤੇ ਸਾਰੀ ਸੰਗਤ ਮਾਈ-ਭਾਈ, ਪੰਡਾਲ ਵਿੱਚ ਜਾ ਬਿਰਾਜੇ। ਬਾਬੇ ਦੇ ਕਾਲਜ ਦੀ ਅਪੀਲ ਵੇਲੇ ਟਿਕਟ ਦਾ ਕੋਈ ਬੰਧਨ ਨਹੀਂ ਸੀ। ਸੰਤ ਜੀ ਮਹਾਰਾਜ ਡਾਇਸ ਉੱਤੇ ਆਪਣੀ ਕੁਰਸੀ 'ਤੇ ਬਿਰਾਜਮਾਨ ਹੋ ਗਏ ਅਤੇ ਕਾਲਜ ਦੀ ਅਪੀਲ ਸ਼ੁਰੂ ਹੋ ਗਈ। ਕਿਸੇ ਨੂੰ ਵੀ ਪ੍ਰੋਗਰਾਮ ਬਦਲਣ ਦਾ ਹੌਂਸਲਾ ਨਾ ਪਿਆ। ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠਾ ਸੀ। ਸਰਦਾਰ ਮੋਹਨ ਸਿੰਘ ਜੀ ਰਈਸ ਰਾਵਲਪਿੰਡੀ ਵੀ ਨੇੜੇ ਹੀ ਸੱਜੇ ਹੋਏ ਸਨ। ਜਦ ਦਾਸ ਨੇ ਉਹਨਾਂ ਨੂੰ ਪੰਜ ਹਜ਼ਾਰ ਸੇਵਾ ਕਰਨ ਲਈ ਆਖਿਆ, ਤਦ ਉਹ ਹੌਲੀ ਜਿਹੀ ੫੦੦ (ਪੰਜ ਸੌ) ਬੋਲੇ। ਸੰਤ ਜੀ ਮਹਾਰਾਜ ਨੇ ਉਸੇ ਵੇਲੇ ਫ਼ਰਮਾਇਆ, "ਭਾਈ ਕੀ ਘਾਟਾ ਹੈ," ਇਹ ਬਚਨ ਸੁਣ ਕੇ ਸਰਦਾਰ ਮੋਹਣ ਸਿੰਘ ਜੀ ਨੇ ਹੱਥ ਜੋੜ (੫੦੦੦) ਰੁਪਏ ਦੀ ਸੇਵਾ ਪ੍ਰਵਾਨ ਕਰ ਲਈ। ਸਾਰੀ ਸੰਗਤ ਵਿੱਚ ਇਸ ਦਾ ਉੱਚੀ ਅਵਾਜ਼ ਐਲਾਨ ਹੋ ਗਿਆ। ਬਸ ਸੰਤ ਜੀ ਮਹਾਰਾਜ ਦੀ ਮੇਹਰ ਦੀ ਦੇਰ ਹੀ ਸੀ ਕਿ ਸਾਰੇ ਮਾਈ-ਭਾਈ ਬੜੇ ਉਤਸ਼ਾਹ ਨਾਲ, ਕੋਈ ਨਕਦ, ਕੋਈ ਇਕਰਾਰੀ, ਚੰਦੇ ਬੋਲਣ ਲਗ ਪਏ। ਡੇਢ ਘੰਟੇ ਦੇ ਅੰਦਰ-ਅੰਦਰ ਹੀ ੩੫ ਹਜ਼ਾਰ ਦੀ ਉਗਰਾਹੀ

ਹੋ ਗਈ। ਅਜੇ ਅਪੀਲ ਦੇ ਸਮੇਂ ਦੇ ੧੫ ਕੁ ਮਿੰਟ ਬਾਕੀ ਹੀ ਸਨ ਅਤੇ ਪ੍ਰੇਮੀ ਇੱਕੜ-ਦੁੱਕੜ ਸੇਵਾ ਲਿਖਵਾ ਰਹੇ ਸਨ ਕਿ ਸੰਤ ਜੀ ਮਹਾਰਾਜ ਨੇ ਹੌਲੀ ਜਿਹੀ ਦਾਸ ਨੂੰ ਆਖਿਆ ਕਿ ਹੁਣ ਬੱਸ ਕਰ ਦਿਓ; ਪ੍ਰੇਮੀ ਚਿੱਤ ਵਿੱਚ ਹੀ ਔਖੇ ਹੋ ਰਹੇ ਹਨ। **(ਘਟ ਘਟ ਕੇ ਅੰਤਰ ਕੀ ਜਾਨਤ)**

ਦੂਜੇ ਦਿਨ ਕਾਨਫਰੰਸ ਦਾ ਦੀਵਾਨ ਉਸੇ ਤਰ੍ਹਾਂ ਹੀ ਭਰਿਆ ਅਤੇ ਪੰਡਾਲ ਵਿਖੇ ੧੦ ਵਜੇ ਸੰਗਤਾਂ ਪੁੱਜ ਗਈਆਂ। ਦੋਹਾਂ ਪ੍ਰਧਾਨਾਂ ਦੀਆਂ ਸਪੀਚਾਂ ਦੇ ਮਗਰੋਂ ਸਿੱਖ ਨੈਸ਼ਨਲ ਵਿੱਦਿਅਕ ਫੰਡ ਦੀ ਅਪੀਲ ਹੋਈ। ਫੇਰ ਸਾਰੇ ਗੁਰਮਤੇ ਪਾਸ ਕੀਤੇ ਗਏ ਅਤੇ ਕਾਨਫਰੰਸ ਦਾ ਸਮਾਗਮ ਸੰਪੂਰਨ ਹੋ ਗਿਆ।

ਜਿਸ ਦਿਨ ਸੰਤ ਜੀ ਮਹਾਰਾਜ ਨੇ ਗੁਜਰਾਂਵਾਲੇ ਪੁੱਜਣਾ ਸੀ, ਇੱਕ ਅਜਬ ਕੌਤਕ ਵਰਤਿਆ। ਏਧਰ ਸੰਗਤ ਨੇ ਸੰਤ ਜੀ ਮਹਾਰਾਜ ਵਾਸਤੇ ਸਰਦਾਰ ਗੁਰਮੁਖ ਸਿੰਘ ਘਰਜਾਖੀਏ ਦੀ ਕੋਠੀ ਨੀਯਤ ਕੀਤੀ ਹੋਈ ਸੀ ਅਤੇ ਕਈ ਮੁੱਖੀ ਸੱਜਣ ਉਹਨਾਂ ਨੂੰ ਲਾਹੌਰ ਤੋਂ ਲੈਣ ਗਏ ਹੋਏ ਸੀ, ਉੱਧਰ ਇੱਕ ਗ਼ਰੀਬ ਸਿੱਖ ਭਾਈ ਛੈਬਰ ਸਿੰਘ ਪ੍ਰੇਮ ਦੇ ਰੰਗ ਵਿੱਚ ਮਸਤ ਇਹ ਚਿਤਵ ਰਿਹਾ ਸੀ ਕਿ ਬੜਾ ਚੰਗਾ ਹੋਵੇ ਜੇ ਸੰਤ ਜੀ ਮਹਾਰਾਜ ਯਤੀਮਖਾਨੇ ਵਿੱਚ ਡੇਰਾ ਕਰਨ। ਇਸ ਖਿਆਲ ਵਿੱਚ ਮਸਤ, ਇਹਨਾਂ ਨੇ ਆਪਣੇ ਚਿੱਤ ਵਿੱਚ ਇੱਕ ਖਾਸ ਕਮਰੇ ਦਾ ਧਿਆਨ ਕਰ ਕੇ ਸੰਤ ਜੀ ਮਹਾਰਾਜ ਦਾ ਡੇਰਾ ਲਾਵਣ ਦੀ ਸਲਾਹ ਕੀਤੀ। ਇਹ ਸੋਚਾਂ ਸੋਚ ਹੀ ਰਹੇ ਸਨ ਕਿ ਸੁਰਤ ਢਹਿੰਦੀ ਕਲਾ ਵਿੱਚ ਚਲੀ ਗਈ। ਮਨ ਨੇ ਆਖਿਆ, "ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਸੰਗਤ ਅੱਗੋਂ ਲੈਣ ਗਈ ਹੋਈ ਹੈ, ਉਹ ਸਿੱਧਾ ਨੀਯਤ ਡੇਰੇ 'ਤੇ ਕੋਠੀ ਵਿੱਚ ਹੀ ਲੈ ਜਾਣਗੇ।" ਐਨ ਇਸੇ ਵੇਲੇ ਇੱਕ ਯਤੀਮਖਾਨੇ ਦਾ ਵਿਦਿਆਰਥੀ ਮਾਸਟਰ ਛੈਬਰ ਸਿੰਘ ਪਾਸ ਭੱਜਾ ਆਇਆ ਅਤੇ ਆਖਿਆ, "ਸੰਤ ਜੀ ਮਹਾਰਾਜ ਬਾਹਰ ਆਏ ਖੜ੍ਹੇ ਹਨ।" ਮਾਸਟਰ ਜੀ ਝੱਟ ਆਪਣੀ ਨਿੱਕੀ ਦਸਤਾਰ ਅਤੇ ਕਛਹਿਰੇ ਨਾਲ ਹੀ ਦੌੜੇ ਆਏ। **ਸਿੰਘ ਸਭਾ ਦੀ ਲਹਿਰ ਕਰਕੇ ਗੁਜਰਾਂਵਾਲੇ ਸੰਤ ਜੀ ਮਹਾਰਾਜ ਨੂੰ ਪ੍ਰੇਮੀ ਮੱਥਾ ਨਹੀਂ ਸੀ ਟੇਕਦੇ** ਅਤੇ ਮਾਸਟਰ ਛੈਬਰ ਸਿੰਘ ਜੀ ਹੱਥ ਜੋੜ ਕੇ ਫਤਹਿ ਹੀ ਬੁਲਾਇਆ ਕਰਦੇ ਸਨ। ਪਰ ਇਸ ਵੇਲੇ ਪਤਾ ਨਹੀਂ ਇਹਨਾਂ ਦੇ ਹਿਰਦੇ ਵਿੱਚ ਕੋਈ ਐਸੀ ਖਿੱਚ ਹੋਈ ਕਿ ਇਹ ਬੇਵਸ ਹੋ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਏ। ਸੰਤ ਜੀ ਮਹਾਰਾਜ ਨੇ ਆਖਿਆ, "ਮਾਸਟਰ ਜੀ! ਗਰਮੀ ਬਹੁਤ ਹੈ; ਕਿਸੇ ਠੰਡੀ ਥਾਂ ਡੇਰਾ ਕਰਾਉ।" ਮਾਸਟਰ ਜੀ ਨੇ ਪੁੱਛਿਆ, "ਨਾਲ ਸੇਵਾਦਾਰ ਕਿੰਨੇ ਹਨ?" ਸੰਤ ਜੀ ਮਹਾਰਾਜ ਨੇ ਆਖਿਆ ਕਿ ਇੱਕ ਹੀ ਹੈ। ਅੱਜ ਸਾਡੇ ਨਾਲ ਅਜਬ ਕੌਤਕ ਵਰਤਿਆ, ਸਾਡਾ ਸੈਕਿੰਡ ਕਲਾਸ ਦਾ ਡੱਬਾ ਕੱਟ ਕੇ ਡਾਕ ਨਾਲ ਲਾ ਦਿੱਤਾ ਗਿਆ। ਜਥੇ ਦੇ ਪ੍ਰੇਮੀ ਪਿੱਛਲੀ ਗੱਡੀ ਵਿੱਚ ਆ ਰਹੇ ਹਨ। ਉਸੇ ਵੇਲੇ ਮਾਸਟਰ ਜੀ ਨੇ ਜਿਹੜਾ ਕਮਰਾ ਚਿਤਵਿਆ ਹੋਇਆ ਸੀ, ਸਾਫ ਕਰ ਕੇ ਸੰਤ ਜੀ ਮਹਾਰਾਜ ਦਾ ਡੇਰਾ ਕਰ ਦਿੱਤਾ। ਜਥਾ ਆਉਣ 'ਤੇ ਸਾਧ ਸੰਗਤ, ਸੰਤ ਜੀ ਮਹਾਰਾਜ ਨੂੰ ਸ਼ਾਮ ਦੇ ਦੀਵਾਨ ਮਗਰੋਂ ਨੀਯਤ ਡੇਰੇ 'ਤੇ ਲੈ ਗਏ। ਮਾਸਟਰ ਛੈਬਰ ਸਿੰਘ ਜੀ ਦੀ ਆਸ਼ਾ ਪੂਰੀ ਕਰਕੇ ਸਾਧ ਸੰਗਤ ਦਾ ਪ੍ਰੇਮ ਵੀ ਸੰਤ ਜੀ ਮਹਾਰਾਜ ਨੇ ਭੰਗ ਨਹੀਂ ਕੀਤਾ।

ਗੁਜਰਾਂਵਾਲਾ ਗੁਰਦੁਆਰਾ ਯਤੀਮਖਾਨਾ ਦੀ ਨੀਂਹ ਰੱਖਣਾ

ਕਾਨਫਰੰਸ ਦੇ ਮਗਰੋਂ ਸੰਤ ਜੀ ਮਹਾਰਾਜ ਗੁਜਰਾਂਵਾਲੇ ਕਈ ਦਿਨ ਰਹੇ। ਹਾਈ ਸਕੂਲ ਦੇ ਹਾਲ ਵਿੱਚ ਦੀਵਾਨ ਲੱਗਦੇ ਅਤੇ ਸਾਰੇ ਸ਼ਹਿਰ ਦੇ ਮਾਈ-ਭਾਈ ਇਕੱਤਰ ਹੋ ਕੇ ਗੁਰਬਾਣੀ ਦੇ ਠਾਠਾਂ ਮਾਰਦੇ ਸਮੁੰਦਰ ਵਿੱਚ ਨਿਤਾਪਰਤ, ਮਨ-ਬਚਨ-ਕਰਮ ਕਰਕੇ ਇਸ਼ਨਾਨ ਕਰਦੇ। ਇੱਕ ਦਿਨ ਦੀਵਾਨ ਦੇ ਭੋਗ ਮਗਰੋਂ ਮਾਸਟਰ ਛੈਬਰ ਸਿੰਘ ਅਤੇ ਸਰਦਾਰ ਤੀਰਥ ਸਿੰਘ ਘਰਜਾਖੀਏ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਉਪਦੇਸ਼ਕ ਕਾਲਜ ਯਤੀਮਖਾਨੇ ਦੇ ਗੁਰਦੁਆਰੇ ਸਾਹਿਬ ਦੀ ਨੀਂਹ ਆਪ ਦੇ ਪਵਿੱਤਰ ਹਸਤ-ਕੰਵਲਾਂ ਤੋਂ ਰਖਵਾਉਣ ਦਾ ਪ੍ਰੇਮ ਹੈ,

ਕ੍ਰਿਪਾ ਕਰਕੇ ਕੋਈ ਦਿਨ ਨੀਯਤ ਕਰੋ।'' ਸੰਤ ਜੀ ਮਹਾਰਾਜ ਨੇ ਫ਼ਰਮਾਇਆ, '**ਨਿਹ ਬਿਲੰਬ ਧਰਮੰ ਬਿਲੰਬ ਪਾਪੰ ॥** ਇਹ ਸ਼ੁਭ ਕਾਰਜ ਕੱਲ੍ਹ ਸਵੇਰੇ ਹੀ ਕਰੋ। ਆਸਾ ਜੀ ਦੀ ਵਾਰ ਦਾ ਦੀਵਾਨ ਯਤੀਮਖਾਨੇ ਵਿੱਚ ਹੀ ਲੱਗੇ। ਸ਼ਾਮ ਦੇ ਵੇਲੇ ਸਰਦਾਰ ਤੀਰਥ ਸਿੰਘ ਤੇ ਮਾਸਟਰ ਛੈਬਰ ਸਿੰਘ ਨੇ ਆਪਣੇ ਹੱਥੀਂ ਨੀਂਹ ਪੁੱਟੀ। ਦੂਜੇ ਦਿਨ ਆਸਾ ਜੀ ਦੀ ਵਾਰ ਦੇ ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਇਸ ਗੁਰਧਾਮ ਦੀ ਨੀਂਹ ਰੱਖੀ। ਚਾਰ ਸੱਜਣ ਸੰਤ ਜੀ ਮਹਾਰਾਜ ਦੇ ਨਾਲ ਸਨ: ਬਾਬਾ ਕਲਿਆਣ ਸਿੰਘ, ਸਰਦਾਰ ਤੀਰਥ ਸਿੰਘ, ਭਾਈ ਲਾਲ ਸਿੰਘ ਉਪਦੇਸ਼ਕ ਅਤੇ ਦਾਸ (ਸੰਤ ਰੇਨ ਤੇਜਾ ਸਿੰਘ)। ਬਹੁਤ ਚਿਰ ਇਹ ਨੀਂਹ ਇਸੇ ਤਰ੍ਹਾਂ ਹੀ ਪਈ ਰਹੀ, ਪਰ ਬਿਨ੍ਹਾਂ ਇਮਾਰਤ ਦੇ ਵੀ ਇਸ ਜਗ੍ਹਾ ਨੂੰ ਪ੍ਰਬੰਧਕ ਅਤੇ ਵਿਦਿਆਰਥੀ ਪਵਿੱਤਰ ਅਸਥਾਨ ਸਮਝਦੇ ਰਹੇ। ਇੱਥੇ ਸਭ ਨੂੰ ਹੁਕਮ ਸੀ ਕਿ ਕੋਈ ਜੋੜਾ ਨਾ ਲੈ ਜਾਏ।

ਕੁਝ ਚਿਰ ਮਗਰੋਂ ਦਾਸ ਦੇ ਹਿਰਦੇ ਵਿੱਚ ਖਿਆਲ ਆਇਆ ਕਿ ਘੱਟ ਤੋਂ ਘੱਟ ਇੱਥੇ ਹਰੀ ਮੰਦਰ ਦੀਆਂ ਨੀਹਾਂ ਤਾਂ ਭਰੀਆਂ ਜਾਣ। ਸੰਗਤ ਨੇ ਆਪਣੇ ਹੱਥੀਂ ਨੀਹਾਂ ਤਿਆਰ ਕੀਤੀਆਂ ਅਤੇ ਰੋੜੀ ਕੁੱਟੀ। ਕੁਝ ਪ੍ਰੇਮੀਆਂ ਨੇ ਦਾਸ ਦੀ ਪ੍ਰੇਰਨਾ ਦੁਆਰਾ ਇੱਟਾਂ ਦੀ ਸੇਵਾ ਕੀਤੀ। ਸਤਿਗੁਰੂ ਦੀ ਮੇਹਰ ਨਾਲ ਅੰਦਰਲੀ ਅਤੇ ਬਾਹਰਲੀ ਪ੍ਰਕਰਮਾਂ ਦੀਆਂ ਨੀਹਾਂ ਧਰਤੀ 'ਤੇ ਹਮਵਾਰ ਭਰੀਆਂ ਗਈਆਂ। ਇਹ ਸੰਨ ੧੯੧੯ ਤੋਂ ਲੈ ਕੇ ੧੯੨੪ ਤੀਕਰ ਇਸੇ ਤਰ੍ਹਾਂ ਹੀ ਪਈਆਂ ਰਹੀਆਂ। ਫੇਰ ਸੰਤ ਜੀ ਮਹਾਰਾਜ ਵੱਲੋਂ ਦਾਸ ਨੂੰ ਗੁਰਸਾਗਰ ਸਾਹਿਬ ਮਸਤੂਆਣੇ ਦਰਸ਼ਨ ਕਰਨ ਗਿਆ ਤਿੰਨ ਵਾਰੀ ਇਸ਼ਾਰੇ ਹੋਏ। ਮਹਾਰਾਜ ਜੀ ਦਾ ਇਸ ਅਸਥਾਨ ਨਾਲ ਇੰਨਾ ਪ੍ਰੇਮ ਦੇਖ ਕੇ ਦਾਸ ਨੇ ਇਸ ਕੰਮ ਨੂੰ ਸ਼ੁਰੂ ਕਰ ਦਿੱਤਾ ਤੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਇਹ ੩੫ ਹਜ਼ਾਰ ਦਾ ਕੰਮ ਇੱਕ ਸਾਲ ਵਿੱਚ ਹੀ ਸੰਪੂਰਨ ਹੋ ਗਿਆ। ਇਸ ਦਾ ਪੂਰਾ ਜ਼ਿਕਰ ਆਪਣੇ ਥਾਂ ਸਿਰ ੧੯੨੪ ਦੀਆਂ ਸਾਖੀਆਂ ਵਿੱਚ ਆਵੇਗਾ। ਇੱਥੇ ਇੰਨੀ ਗੱਲ ਲਿਖਣੀ ਜ਼ਰੂਰੀ ਹੈ ਕਿ ੧੯੧੯ ਵਿੱਚ ਸਰਦਾਰ ਲਖਮੀ ਸਿੰਘ ਤੇ ਮਲਕ ਦੇਵਾ ਸਿੰਘ ਨੇ ਕੁਝ ਗੱਡੀਆਂ ਕੋਇਲੇ ਦੀਆਂ ਦਾਸ ਵੱਲ ਅਰਦਾਸ ਕਰਕੇ ਭੇਜੀਆਂ ਸਨ। ਚਿੱਤ ਵਿੱਚ ਉਤਸ਼ਾਹ ਪੈਦਾ ਹੋਇਆ ਕਿ ਇੱਟ ਪਕਾ ਕੇ ਗੁਰਦੁਆਰਾ ਸਾਹਿਬ ਨੂੰ ਸੰਪੂਰਨ ਕੀਤਾ ਜਾਵੇ। ਮਿੱਟੀ ਦਾ ਪ੍ਰਬੰਧ ਯਤੀਮਖਾਨੇ ਦੀ ਜ਼ਮੀਨ ਵਿੱਚੋਂ, ਜਿਹੜੀ ਬਾਪੂ ਸ਼ਾਮ ਸਿੰਘ ਦੇ ਭੱਠੇ ਨਾਲ ਸੀ, ਹੋ ਗਿਆ। ਬਾਪੂ ਜੀ ਨੇ ਭੀ ਆਪਣੇ ਚੱਲਦੇ ਭੱਠੇ ਵਿੱਚ ਇੱਟ ਭਰ ਕੇ ਪਕਾਉਣ ਦਾ ਬਚਨ ਦਿੱਤਾ। ਪਰ ਜਦ ਇਹਨਾਂ ਨੂੰ ਦਾਸ ਨੇ ਘਰ ਜਾ ਕੇ ਪੁੱਛਿਆ ਤਾਂ ਇਹ ਕਿਸੇ ਹੋਰ ਰੰਗ ਵਿੱਚ ਆ ਗਏ ਅਤੇ ਆਖਿਆ, ''ਤੂੰ ਗੁਰਦੁਆਰੇ ਬਣਾਉਣ ਦਾ ਠੇਕਾ ਲਿਆ ਹੋਇਆ ਹੈ? ਆਪੇ ਬਣ ਜਾਵੇਗਾ, ਅਸੀਂ ਇਹ ਸੇਵਾ ਆਪ ਕਰਾਂਗੇ।'' ਇਸ ਲਈ ਕੋਲਾ ਵੇਚਣਾ ਪਿਆ ਅਤੇ ਇਸ ਦੀ ਵੱਟਕ ਦੀ ਮਾਇਆ ੧੯੨੪ ਵਿੱਚ ਇਮਾਰਤ ਦੇ ਕੰਮ ਆਈ।

ਯਤੀਮਖਾਨੇ ਦੇ ਗੁਰਦੁਆਰੇ ਦੀ ਨੀਂਹ ਰੱਖਣ ਦੇ ਮਗਰੋਂ ਸੰਤ ਜੀ ਮਹਾਰਾਜ ਟੁਰ ਪਏ। ਜਾਣ ਵੇਲੇ ਬਚਨ ਕੀਤਾ, ''ਅਸੀਂ ਸਹਿਜ-ਸੁਭਾਅ ਜਦ ਕਦੀ ਏਧਰੋਂ ਲੰਘਾਂਗੇ, ਤੁਹਾਡੇ ਪਾਸ ਆ ਜਾਇਆ ਕਰਾਂਗੇ।'' ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ਨੀਂਹ ਰੱਖਣ ਦੇ ਮਗਰੋਂ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਇਮਾਰਤ ਬੜੀ ਛੇਤੀ ਸ਼ੁਰੂ ਹੋ ਗਈ।

ਡੇਢ ਵਰ੍ਹੇ ਵਿੱਚ ਹੀ ਆਰਟਸ ਅਤੇ ਸਾਇੰਸ ਦੇ ਕਮਰੇ ਸੰਪੂਰਨ ਹੋ ਗਏ। ਸਿਰਫ਼ ਕਾਲਜ ਦਾ ਹਾਲ ਬਾਕੀ ਰਹਿ ਗਿਆ। ੩੪ ਹਜ਼ਾਰ ਅਪੀਲ ਦੀ ਉਗਰਾਹੀ ਵਾਲਾ ਦਮੜਾ ਸਾਰਾ ਹੀ ਵਸੂਲ ਹੋ ਗਿਆ। ਸਰਦਾਰ ਨਾਰਾਇਣ ਸਿੰਘ ਵਕੀਲ ਨੇ ਉੱਦਮ ਕਰਕੇ ਤਕੜੀ ਉਗਰਾਹੀ ਆਂਦੀ ਅਤੇ ਮੁਨਸ਼ੀ ਲੱਧਾ ਸਿੰਘ ਹਰ ਪਾਸੇ ਅਤੇ ਹਰ ਸਮੇਂ ਪੂਰੇ ਪ੍ਰੇਮ ਨਾਲ ਇਸ ਕੰਮ ਵਿੱਚ ਜੁੱਟੇ ਰਹੇ। ਦਾਸ ਦੀ ਨਿਗਰਾਨੀ ਹੇਠ ਮਸਾਲੇ ਅਤੇ ਮਜ਼ਦੂਰਾਂ ਦੀ ਸੰਭਾਲ ਭਾਈ ਸ਼ਾਮ ਸਿੰਘ ਵਡੇਹਰਾ ਪੂਰੇ ਪ੍ਰੇਮ ਨਾਲ ਕਰਦੇ ਰਹੇ।



ਸੰਤ ਅਤਰ ਸਿੰਘ ਜੀ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਸੰਤ ਤੇਜਾ ਸਿੰਘ ਜੀ

ਸ਼ਬਦ ਹੀ ਗੁਰੂ ਹੈ: ਦੇਹ ਗੁਰੂ ਨਹੀਂ

ਮਾਝੇ ਦੇ ਇਲਾਕੇ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਸੰਤ ਜੀ ਮਹਾਰਾਜ ਵਜ਼ੀਰਾਬਾਦ ਆ ਗਏ। ਦਾਸ ਨੂੰ ਇਹਨਾਂ ਦੇ ਆਉਣ ਦੀ ਸੋਅ ਪਈ। ਇਸ ਖ਼ਬਰ ਦੇ ਮਿਲਣ ਤੋਂ ਪਹਿਲਾਂ ਕੁਝ ਨਾਮਧਾਰੀ ਸੱਜਣ ਦਾਸ ਦੇ ਪਾਸ ਆਏ ਤੇ ਇਹਨਾਂ ਨੇ ਕੁਝ ਭਵਿੱਖਤ ਦੀ ਗੱਲ ਛੇੜ ਦਿੱਤੀ। ਦਾਸ ਨੇ ਆਪਣੀ ਸਮਝ ਅਨੁਸਾਰ ਇਹਨਾਂ ਨੂੰ ਉੱਤਰ ਦਿੱਤਾ। ਪਰ ਜਦ ਦੂਜੇ ਦਿਨ ਸੰਤ ਜੀ ਮਹਾਰਾਜ ਦਾ ਪਤਾ ਲੱਗਾ ਤਾਂ ਚਿੱਤ ਨੇ ਉਛਾਲਾ ਖਾਧਾ ਕਿ ਚੱਲੋ ਵਜ਼ੀਰਾਬਾਦ ਚੱਲੀਏ ਅਤੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰ ਕੇ ਸਾਰੀ ਗੱਲ ਸਪੱਸ਼ਟ ਕਰ ਲਈਏ। ਕਾਲਜ ਦੀ ਪੜ੍ਹਾਈ ਦੇ ਮਗਰੋਂ ਦਾਸ ਦੋ ਦਿਨ ਛੁੱਟੀ ਲੈ, ਗੱਡੀ ਚੜ੍ਹ ਵਜ਼ੀਰਾਬਾਦ ਅੱਪੜ ਗਿਆ। ਕਾਲਜ ਦੇ ਇੱਕ ਵਿਦਿਆਰਥੀ ਭਾਈ ਮਥਰਾ ਦਾਸ, ਜਿਨ੍ਹਾਂ ਦੇ ਅੰਦਰ ਗੁਰਸਿੱਖੀ ਦੀ ਲਗਨ ਲੱਗੀ ਹੋਈ ਸੀ, ਦਾਸ ਦੇ ਨਾਲ ਗਏ। ਸਟੇਸ਼ਨ ਤੋਂ ਪਤਾ ਲਗਾ ਕਿ ਸੰਤ ਜੀ ਮਹਾਰਾਜ ਦਾ ਡੇਰਾ ਕੋਠੇ ਸਾਹਿਬ ਗੁਰਦੁਆਰੇ ਵਿੱਚ ਹੈ। ਸਿੱਧਾ ਉੱਥੇ ਪੁੱਜੇ ਅਤੇ ਚੁਬਾਰੇ ਵਿੱਚ ਸੰਤ ਜੀ ਮਹਾਰਾਜ ਦੇ ਦਰਸ਼ਨ ਕੀਤੇ। ਅਜੇ ਮੱਥਾ ਟੇਕ ਕੇ ਬੈਠੇ ਹੀ ਸੀ ਕਿ ਸੰਤ ਜੀ ਮਹਾਰਾਜ ਦੀ ਨਿਗਾਹ ਭਾਈ ਮਥਰਾ ਦਾਸ 'ਤੇ ਪੈ ਗਈ। ਬੜੇ ਪ੍ਰੇਮ ਨਾਲ ਸੰਤ ਜੀ ਨੇ ਫ਼ਰਮਾਇਆ ਕਿ ਭਾਈ! ਤੂੰ ਬੜਾ ਪ੍ਰੇਮੀ ਹੈਂ, ਅੰਮ੍ਰਿਤ ਛਕ ਲੈ। ਅਸੀਂ ਇਹ ਗੱਲ, ਘੱਟ ਵੱਧ ਹੀ ਕਿਸੇ ਨੂੰ ਆਖਦੇ ਹਾਂ। ਕੁਦਰਤੀ ਸ਼ਾਮ ਦੇ ਦੀਵਾਨ ਦਾ ਵਕਤ ਨੇੜੇ ਸੀ ਅਤੇ ੩੦-੪੦ ਮਾਈ-ਭਾਈ ਅੰਮ੍ਰਿਤ ਦੀ ਦਾਤ ਲੈਣ ਲਈ ਤਿਆਰ ਸਨ। ਪਰ ਭਾਈ ਮਥਰਾ ਦਾਸ ਜੀ ਕਿਸੇ ਖ਼ਾਸ ਕਰਮ ਕਰਕੇ ਇਸ ਸਮੇਂ ਸੰਤ ਜੀ ਮਹਾਰਾਜ ਦੇ ਹੁਕਮ ਦੀ ਪਾਲਣਾ ਨਾ ਕਰ ਸਕੇ। ਬੇਨਤੀ ਕਰਨ ਪਰ ਦੋ ਦਿਨ ਮਗਰੋਂ ਸੰਤ ਜੀ ਮਹਾਰਾਜ ਗੁਜਰਾਂਵਾਲੇ ਆਉਣ ਲਈ ਤਿਆਰ ਹੋ ਗਏ। ਵਜ਼ੀਰਾਬਾਦ ਦੀ ਸਾਰੀ ਸਾਧ-ਸੰਗਤ ਸਟੇਸ਼ਨ 'ਤੇ ਵਿਦਾ ਕਰਨ ਆਈ ਅਤੇ ਦੋ ਟਿਕਟ ਸੈਕੰਡ ਕਲਾਸ ਦੇ ਅਤੇ ਬਾਕੀ ਥਰਡ ਕਲਾਸ ਦੇ ਲੈ ਦਿੱਤੇ। ਦਾਸ ਨੂੰ ਭਵਿੱਖਤ ਬਾਬਤ ਵਿਚਾਰ ਕਰਨ ਦਾ ਕੋਈ ਸਮਾਂ ਨਹੀਂ ਸੀ ਮਿਲਿਆ। ਕੁਦਰਤੀ ਗੱਡੀ ਵਿੱਚ ਸੈਕੰਡ ਕਲਾਸ ਦਾ ਇੱਕ ਛੋਟਾ ਡੱਬਾ (ਕੂਪੀ) ਖਾਲੀ ਸੀ। ਦਾਸ ਸੰਤ ਜੀ ਮਹਾਰਾਜ ਨਾਲ ਇਸ ਵਿੱਚ ਬੈਠ ਗਿਆ। ਬਾਕੀ ਦੀ ਸਾਧ-ਸੰਗਤ ਇੱਕ ਹੋਰ ਡੱਬੇ ਵਿੱਚ ਚੜ੍ਹ ਗਈ। ਜਦ ਗੱਡੀ ਤੁਰ ਪਈ ਅਤੇ ਸਟੇਸ਼ਨ ਤੋਂ ਬਾਹਰ ਆ ਗਈ, ਤਦ ਦਾਸ ਨੇ ਜਿਹੜੀ ਗੱਲਬਾਤ ਨਾਮਧਾਰੀਆਂ ਨਾਲ ਹੋਈ ਸੀ, ਸੰਤ ਜੀ ਮਹਾਰਾਜ ਨੂੰ ਆਖ ਸੁਣਾਈ। **ਮਹਾਰਾਜ ਜੀ ਨੇ ਫ਼ਰਮਾਇਆ, "ਭਾਈ ਰਾਮ ਸਿੰਘ ਜੀ ਪੂਰਨ ਗੁਰਸਿੱਖ ਸਨ; ਇਹ ਗੁਰੂ ਕਲਗੀਆਂ ਵਾਲੇ ਦੇ ਹੁਕਮ ਵਿੱਚ ਆਏ ਸਨ। ਇਹਨਾਂ ਨੇ ਨਾਮ-ਬਾਣੀ, ਅੰਮ੍ਰਿਤ ਵੇਲੇ ਜਾਗਣ ਦੀ ਜੋ ਰਹੁ-ਰੀਤੀ ਚਲਾਈ, ਉਹ ਸਤਿਗੁਰੂ ਦੀ ਹੀ ਬਖਸ਼ੀ ਹੋਈ ਸੀ। ਇਹਨਾਂ ਨੇ ਆਪਣੇ-ਆਪ ਨੂੰ ਕਦੀ ਗੁਰੂ ਨਹੀਂ ਜਣਾਇਆ। ਬਾਕੀ ਟਕਸਾਲ ਤਾਂ ਠੀਕ ਰਹੀ, ਪਰ ਇਹਨਾਂ ਦੇ ਬਰਮਾ ਜਾਣ ਦੇ ਮਗਰੋਂ ਸੇਵਕ ਆਪਣੇ ਪ੍ਰੇਮ ਦੀ ਲਹਿਰ ਨੂੰ ਨਾ ਜਰ ਸਕੇ ਅਤੇ ਇਹਨਾਂ ਨੂੰ ਗੁਰੂ ਆਖਣ ਲੱਗ ਪਏ।** ਭਾਵੇਂ ਗੁਰੂ ਅਤੇ ਸਿੱਖ ਵਿੱਚ ਭੇਦ ਕੋਈ ਨਹੀਂ ਰਹਿੰਦਾ।

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥ (੪੪੪)

ਪਰ ਸਤਿਗੁਰੂ ਕਲਗੀਆਂ ਵਾਲੇ ਦਾ ਹੁਕਮ ਅਤੇ ਮਰਯਾਦਾ ਸ਼ਬਦ ਗੁਰੂ ਨੂੰ ਮੁੱਖ ਰੱਖਣ ਦੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ ਸਾਡਾ ਨਾਮ ਵੀ ਆਪਣੇ ਭਵਿੱਖਤ ਵਾਕਾਂ ਵਿੱਚ ਲਿਖਿਆ ਹੈ।" ਇਹ ਗੱਲਬਾਤ **ਕਰਕੇ ਸੰਤ ਜੀ ਮਹਾਰਾਜ ਆਪਣੇ ਰੰਗ ਵਿੱਚ ਮਸਤ ਹੋ ਗਏ ਅਤੇ ਦਾਸ ਵੀ ਨਾਮ ਨਾਲ ਲਿਵ ਜੋੜ ਚੁਪੀਤਾ ਬੈਠ ਗਿਆ। ਥੋੜ੍ਹੇ ਸਮੇਂ ਮਗਰੋਂ ਗੁਜਰਾਂਵਾਲੇ ਦਾ ਸਟੇਸ਼ਨ ਆ ਗਿਆ। ਗੱਡੀ ਤੋਂ ਉਤਰ ਸਿੱਧਾ ਦਾਸ ਦੇ ਮਕਾਨ 'ਤੇ ਆ ਪੁੱਜੇ।**

ਇੱਕ ਦਿਨ ਸੰਤ ਜੀ ਮਹਾਰਾਜ ਆਸਾ ਜੀ ਦੀ ਵਾਰ ਦੇ ਦੀਵਾਨ ਦੇ ਮਗਰੋਂ ਜਲ-ਪਾਣੀ ਛਕ ਕੇ ਦਾਸ ਦੀ ਕੁਟੀਆ ਦੇ ਸਾਹਮਣੇ ਸਜੇ ਹੋਏ ਸਨ, **ਭਾਈ ਹੀਰਾ ਸਿੰਘ ਜੀ ਦਰਸ਼ਨ ਕਰਨ ਲਈ ਆਏ। ਕੁਝ ਚਿਰ ਮਗਰੋਂ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ ਜੀ! ਦੇਹਧਾਰੀ ਗੁਰੂ ਬਾਬਤ ਆਪ ਦਾ ਕੀ ਖਿਆਲ ਹੈ?" ਇਹ ਸੁਣ ਕੇ ਸੰਤ ਜੀ ਮਹਾਰਾਜ ਆਪਣੇ ਰੰਗ ਵਿੱਚ ਆ ਗਏ ਅਤੇ ਫ਼ਰਮਾਇਆ:**

(੧) ਦੇਹਧਾਰੀ ਗੁਰੂ ਤਾਂ ਕਦੇ ਹੋਇਆ ਹੀ ਨਹੀਂ। ਜਦੋਂ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇਹ ਵਿੱਚ ਦਰਸ਼ਨ ਦਿੰਦੇ ਸਨ, ਤਦ ਠੋਕਰ ਸ਼ਬਦ ਦੀ ਹੀ ਮਾਰਦੇ ਸਨ, ਸੋ 'ਗੁਰੂ' ਸ਼ਬਦ ਹੀ ਹੈ, ਦੇਹ ਨਹੀਂ।

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੩)

(੨) ਦੂਜੇ ਬਣ ਬਹਿਣ ਵਿੱਚ ਘਾਟਾ ਹੀ ਘਾਟਾ ਹੈ। ਅਸੀਂ ਕੁਝ ਨਹੀਂ ਬਣੇ, ਕੋਈ ਕਸਰ ਹੈ। ਜਿਸ ਨੇ ਸਤਿਪਰੁਖ ਨੂੰ ਜਾਣ ਲਿਆ ਹੈ, ਉਸ ਦੇ ਕੋਲ ਸੁਤੇ-ਸਹਿਜ ਜਗਿਆਸੂ ਖਿੱਚੇ ਚਲੇ ਆਉਂਦੇ ਹਨ। **ਦੇਹ ਅਭਿਮਾਨ ਦਾ ਤਿਆਗਣਾ ਹੀ ਗੁਰਸਿੱਖੀ ਦੀ ਪ੍ਰਾਪਤੀ ਦੀ ਨਿਸ਼ਾਨੀ ਹੈ। ਜਿੱਥੇ ਬਨਾਵਟ ਦਾ ਸੰਕਲਪ ਮਾਤਰ ਵੀ ਹੈ, ਉੱਥੇ ਦੇ ਅਭਿਮਾਨ ਨਹੀਂ ਮੁੱਕਿਆ। ਜਿਸ ਦਾ ਆਪਣਾ ਅਭਿਮਾਨ ਨਹੀਂ ਮੁੱਕਿਆ, ਉਹ ਦੂਜਿਆਂ ਦਾ ਦੇਹ ਅਭਿਮਾਨ, ਜਿਹੜਾ ਸਾਰੇ ਪਾਪਾਂ ਦੀ ਜੜ੍ਹ ਹੈ, ਕਿਸ ਤਰ੍ਹਾਂ ਦੂਰ ਕਰ ਸਕਦਾ ਹੈ?**

ਇਹ ਉੱਤਰ ਸੁਣ ਕੇ ਭਾਈ ਹੀਰਾ ਸਿੰਘ ਨੇ ਹੱਥ ਜੋੜ ਕੇ ਸੀਸ ਨਿਵਾਇਆ ਅਤੇ ਮੁੱਖੋਂ ਇਹ ਸ਼ਬਦ ਸੁਤੇ-ਸਹਿਜ ਨਿਕਲਿਆ, "ਧੰਨ ਗੁਰੂ ਅਤੇ ਧੰਨ ਗੁਰੂ ਨਾਨਕ ਦੇ ਸਿੱਖ!"

ਦੋ ਉੱਚੀਆਂ ਦੇਗਾਂ ਬਣਾਉਣਾ

ਗੁਜਰਾਂਵਾਲੇ ਸੰਤ ਜੀ ਮਹਾਰਾਜ ਨੇ ਦੋ ਛੋਟੇ-ਛੋਟੇ ਫੁੱਟ ਉੱਚੀਆਂ ਦੇਗਾਂ ਬਣਵਾਉਣ ਦਾ ਹੁਕਮ ਦਿੱਤਾ। ਇਹਨਾਂ ਦੇ ਬਣਾਉਣ ਦਾ ਗੁਰਮਤਾ ਹੋ ਗਿਆ, ਫੇਰ ਜਿਹਲਮ ਚਲੇ ਗਏ। ਭਾਈ ਹੁਕਮ ਸਿੰਘ ਜਿਹਲਮ ਤੋਂ ਦੇਗ ਦੀ ਸੇਵਾ ਦਾ ਹੁਕਮ ਸੁਣ ਕੇ ਸਿੱਧਾ ਆਪਣੇ ਪਿੰਡ ਚਲਾ ਗਿਆ। ਇਹਨਾਂ ਦਿਨਾਂ ਵਿੱਚ ਇਸ ਪ੍ਰੇਮੀ ਦਾ ਹੱਥ ਬੜਾ ਤੰਗ ਸੀ। ਆਪਣੇ ਘਰ ਨੂੰ ਗਹਿਣੇ ਪਾ ਕੇ ਬੜੇ ਯਤਨ ਨਾਲ ੨੦੦/- ਰੁਪਈਆ ਬਣਾਇਆ ਤੇ ਇਹ ਰਕਮ ਲੈ ਕੇ ਗੁਜਰਾਂਵਾਲੇ ਆ ਹਾਜ਼ਰ ਕੀਤਾ। ਸੰਤ ਜੀ ਮਹਾਰਾਜ ਨੇ ਇਹ ਦਮੜੇ ਦਾਸ ਨੂੰ ਫੜਾ ਦਿੱਤੇ। ਪਰ ਜਦੋਂ ਪਤਾ ਲੱਗਾ ਕਿ ਪ੍ਰੇਮੀ ਘਰ ਨੂੰ ਗਹਿਣੇ ਪਾ ਕੇ ਲਿਆਇਆ ਹੈ ਤਾਂ ਹੁਕਮ ਕੀਤਾ, "ਭਾਈ ਤੇਜਾ ਸਿੰਘ! ਭਾਈ ਹੁਕਮ ਸਿੰਘ ਹੋਰਾਂ ਨੂੰ ਇਹ ਦਮੜੇ ਮੋੜ ਦਿਓ, ਇਹ ਅੱਗੇ ਬਹੁਤ ਸੇਵਾ ਕਰ ਚੁੱਕੇ ਹਨ।" ਉਸ ਵੇਲੇ ਦਮੜੇ ਭਾਈ ਸਾਹਿਬ ਨੂੰ ਦੇ ਦਿੱਤੇ ਗਏ।

ਗੁਜਰਾਂਵਾਲੇ ਤੋਂ ਸੰਤ ਜੀ ਮਹਾਰਾਜ ਮਾਲਵੇ ਵੱਲ ਚਲੇ ਗਏ। ਦੋ ਕੁ ਮਹੀਨੇ ਮਗਰੋਂ ਇੱਕ ਦੇਗ ਤਿਆਰ ਹੋ ਗਈ, ਦੂਜੀ ਦਾ ਕੰਮ ਕੁਝ ਬਾਕੀ ਰਹਿ ਗਿਆ। ਗੁਰਸਾਗਰ ਸਾਹਿਬ ਮਸਤੂਆਣੇ ਮਾਘੀ ਸਮਾਗਮ ਨੇੜੇ ਆ ਗਿਆ। ਦਾਸ ਨੇ ਆਪਣੇ ਚਿੱਤ ਵਿੱਚ ਵਿਚਾਰ ਕੀਤੀ ਕਿ ਇਹ ਦੇਗ ਉਸ ਸਮਾਗਮ 'ਤੇ ਪਹੁੰਚਾਈ ਜਾਏ। ਮਾਲ ਗੱਡੀ ਦੇ ਖਾਸ ਛਕੜੇ 'ਤੇ ਲਦਵਾ, ਇਸ ਨੂੰ ਸੰਗਰੂਰ ਵੱਲ ਤੋਰਿਆ ਅਤੇ ਦੋ ਦਿਨ ਮਗਰੋਂ ਬਿਲਟੀ ਲੈ ਕੇ ਖੁਸ਼ਹਾਲ ਸਿੰਘ, ਹੀਰਾ ਸਿੰਘ ਠਠਿਆਰ ਸਮੇਤ, ਮਾਘੀ ਦੇ ਸਮਾਗਮ ਲਈ ਗੁਰਸਾਗਰ ਸਾਹਿਬ ਵੱਲ ਤੁਰ ਪਿਆ। ਬਿਲਟੀ ਛੁੜਾ, ਦੇਗ ਗੱਡੇ 'ਤੇ ਲੱਦ, ਗੁਰਸਾਗਰ ਸਾਹਿਬ ਪੁੱਜਾ। ਮਾਘੀ ਦੇ ਸਮਾਗਮ ਦਾ ਪਹਿਲਾ ਦਿਨ ਸੀ। ਗੁਰੂ ਦੀਆਂ ਸੰਗਤਾਂ ਇਸ ਦੇ ਦਰਸ਼ਨ ਕਰ ਬੜੀਆਂ ਹੀ ਅਨੰਦ ਹੋਈਆਂ ਅਤੇ ਵਿੱਚ-ਵਿੱਚ ਵਿਚਾਰਵਾਨ ਸਰੀਰ ਕਹਿਣ ਲੱਗ ਪਏ, "ਪਤਾ ਨਹੀਂ ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਕਿਹੜੇ ਸਮੇਂ ਲਈ ਬਣਵਾਇਆ ਹੈ।" ਥੋੜ੍ਹੇ ਚਿਰ ਪਿੱਛੋਂ ਦੂਜੀ ਦੇਗ ਵੀ ਤਿਆਰ ਹੋ ਗਈ ਅਤੇ ਗੁਰਸਾਗਰ ਸਾਹਿਬ ਜਾ ਕੇ ਜੜੀ ਗਈ। ਇਸ

ਗੁਰੂ ਕੇ ਲੰਗਰ ਲਈ ਛੇ ਫੁੱਟ ਉੱਚੀ ਦੇਗ

ਇਹੋ ਜਿਹੀ ਇਕ ਦੇਗ ਮਸਤੂਆਣੇ ਅਤੇ ਦੂਜੀ ਗੁਰੂ ਕਾਂਸ਼ੀ ਦਮਦਮਾ ਸਾਹਿਬ
ਲਗੀਆਂ ਹੋਈਆਂ ਹਨ ਜੋ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਬਣਵਾਈਆਂ ਸਨ ।

ਵੇਲੇ ਇੱਕ ਦੇਗ ਗੁਰਸਾਗਰ ਸਾਹਿਬ ਮਸਤੂਆਣੇ ਹੈ ਅਤੇ ਦੂਜੀ, ਗੁਰੂ ਕਾਂਸ਼ੀ ਦਮਦਮਾ ਸਾਹਿਬ ਹਾਜ਼ਰ ਹੈ। ਮਾਘੀ ਦੇ ਜੋੜ-ਮੇਲੇ ਦੇ ਦੂਜੇ ਦਿਨ ਦਾਸ ਦੇ ਹਿਰਦੇ ਵਿੱਚ ਪ੍ਰੇਮ ਦੀ ਲਹਿਰ ਉੱਠੀ ਅਤੇ ਇਹ ਸੰਕਲਪ ਹੋਇਆ ਕਿ ਸੰਤ ਜੀ ਮਹਾਰਾਜ ਗੁਜਰਾਂਵਾਲੇ ਚੱਲਣ। ਪਰ ਨਾਲ ਹੀ ਚਿੱਤ ਨੇ ਠਾਨ ਲਈ ਕਿ ਆਪਣੀ ਜ਼ਬਾਨੀ ਕੋਈ ਅਰਜ਼ ਨਹੀਂ ਕਰਨੀ। ਇਸੇ ਦਿਨ ਹੀ ਸ਼ਾਮ ਦੇ ਵੇਲੇ ਜਦ ਰਹਿਰਾਸ ਸਾਹਿਬ ਦੇ ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਆਪਣੇ ਬੁੰਗੇ ਵਿੱਚ ਆਏ, ਤਦ ਦਾਸ ਵੀ ਉੱਥੇ ਹਾਜ਼ਰ ਹੋਇਆ। ਪ੍ਰਸ਼ਾਦ ਛਕਾਉਣ ਦੇ ਮਗਰੋਂ ਸਭ ਸੇਵਕ ਬਾਹਰ ਚਲੇ ਗਏ। ਸੰਤ ਜੀ ਮਹਾਰਾਜ ਨੇ ਦਾਸ ਨੂੰ ਨੇੜੇ ਸੱਦ ਕੇ ਹੌਲੀ ਜਿਹੀ ਫਰਮਾਇਆ, "ਸਾਨੂੰ ੧੨ ਪਿੰਡ ਆਪਣੀ-ਆਪਣੀ ਥਾਂ ਲਿਜਾਣ ਲਈ ਖਿੱਚ ਰਹੇ ਹਨ। ਅਸੀਂ ੩੫ ਸਾਲ ਦੌਰਾ ਕਰਕੇ ਥੱਕ ਗਏ ਹਾਂ। ਕੱਲ ਅੰਮ੍ਰਿਤ ਵੇਲੇ ਤੁਹਾਡੇ ਨਾਲ ਚੋਰੀਓਂ ਨਿਕਲ ਚਲਾਂਗੇ ਅਤੇ ਛੇ ਮਹੀਨੇ ਤੁਹਾਡੇ ਪਾਸ ਕੁਟੀਆ ਵਿੱਚ ਅਰਾਮ ਕਰਾਂਗੇ। ਤੁਸੀਂ ਸਿਰਫ਼ ਸਾਡੇ ਦੋ ਸੇਵਕਾਂ, ਬਾਬਾ ਕਲਿਆਨ ਸਿੰਘ ਅਤੇ ਨੰਦ ਸਿੰਘ ਨੂੰ ਖ਼ਬਰ ਕਰਨਾ ਅਤੇ ਆਖ ਦੇਣਾ ਕਿ ਉਹ ਸਾਨੂੰ ਸਵੇਰੇ ਪੌਣੇ ਸੱਤ ਦੀ ਗੱਡੀ 'ਤੇ ਸੰਗਰੂਰ ਮਿਲਣ।" ਦਾਸ ਕੋਲੋਂ ਭੁੱਲ ਨਾਲ ਤੀਜੇ ਪ੍ਰੇਮੀ ਭਾਈ ਮਹਾਂ ਸਿੰਘ ਨੂੰ ਵੀ ਆਖਿਆਂ ਗਿਆ ਗੁਰਮਤੇ ਅਨੁਸਾਰ ਇਸ਼ਨਾਨ ਪਾਣੀ ਕਰਨ ਦੇ ਮਗਰੋਂ, ਕੋਈ ਢਾਈ ਵਜੇ ਸਵੇਰੇ, ਮਹਾਰਾਜ ਜੀ ਆਪਣੇ ਬੁੰਗੇ ਦੀ ਪਿਛਲੀ ਮੋਰੀ ਵਿੱਚੋਂ ਨਿਕਲ ਤੁਰੇ। ਦੋਵੇਂ ਗੜਵੇ ਦਾਸ ਨੂੰ ਫੜਾ ਦਿੱਤੇ। ਇਸ ਤਰ੍ਹਾਂ ਤੁਰਦਿਆਂ-ਤੁਰਦਿਆਂ ਮੀਲ ਕੁ ਆਏ ਸਾਂ ਕਿ ਸੰਤ ਜੀ ਮਹਾਰਾਜ ਨੇ ਪੁੱਛਿਆ, "ਕੀਹਨੂੰ-ਕੀਹਨੂੰ ਖ਼ਬਰ ਕਰ ਆਏ ਹੋ?" ਜਦ ਦਾਸ ਨੇ ਮਹਾਂ ਸਿੰਘ ਦਾ ਨਾਮ ਲਿਆ, ਤਾਂ ਆਖਣ ਲੱਗੇ, "ਅਸਾਂ ਤਾਂ ਘਰ ਵਾਂਗ ਜਾ ਕੇ ਰਹਿਣਾ ਸੀ, ਇਹ ਪ੍ਰੇਮੀ ਸਾਨੂੰ ਟਿਕਣ ਨਹੀਂ ਦੇਵੇਗਾ। ਤੁਸਾਂ ਅੱਛਾ ਨਹੀਂ ਕੀਤਾ।"

ਅਸੀਂ ਸਟੇਸ਼ਨ 'ਤੇ ੫ ਕੁ ਵਜੇ ਅੱਪੜ ਗਏ ਅਤੇ ਛੇ ਵਜੇ ਦੂਜੇ ਸੇਵਕ ਪੁੱਜ ਗਏ। ਭਾਈ ਨੰਦ ਸਿੰਘ ਨਿਯਮ ਅਨੁਸਾਰ ਜਲ-ਪਾਣੀ ਬਣਾ ਕੇ ਲਈ ਆਇਆ। ਪੌਣੇ ਘੰਟੇ ਮਗਰੋਂ ਗੱਡੀ ਆ ਗਈ। ਇਸ 'ਤੇ ਚੜ੍ਹ ਕੇ ਸਾਢੇ ਨੌਂ ਵਜੇ ਰਾਤ ਗੁਜਰਾਂਵਾਲੇ ਅੱਪੜੇ। ਰਸਤੇ ਵਿੱਚ ਲਾਹੌਰ ਹਿੰਦੂ-ਹੋਟਲ ਦੇ ਸਿੱਖ ਪ੍ਰਬੰਧਕਾਂ ਨੇ ਸੰਤ ਜੀ ਮਹਾਰਾਜ ਅਤੇ ਜੱਥੇ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਸਟੇਸ਼ਨ ਤੋਂ ਟਾਂਗਾ ਲੈ ਸਿੱਧਾ ਕੁਟੀਆ ਪੁੱਜ ਗਏ ਅਤੇ ਇੱਥੇ ਚੁਪੀਤੇ ਹੀ ਆਸਣ ਕੀਤਾ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਾਡੇ ਆਉਣ ਦਾ ਕਿਸੇ ਨੂੰ ਪਤਾ ਨਹੀਂ ਕਰਨਾ; ਅਸੀਂ ਅਰਾਮ ਕਰਨ ਆਏ ਹਾਂ, ਕਿੱਧਰੇ ਦੀਵਾਨ ਲਾਉਣ ਜਾਂ ਪ੍ਰਸ਼ਾਦ ਛਕਣ ਨਹੀਂ ਜਾਣਾ।

ਸੰਤ ਕੁਟੀਆ ਦੇ ਪਿੱਛਲੇ ਪਾਸੇ ਜੋ ਤਿੰਨ ਕਮਰੇ ਹਨ, ਉਸ ਦੇ ਵਿਚਕਾਰਲੇ ਕਮਰੇ ਵਿੱਚ ਸੰਤ ਜੀ ਮਹਾਰਾਜ ਨੇ ਬਿਸਰਾਮ ਕੀਤਾ। ਨਾਲ ਦੇ ਬਾਹਰ ਵਾਲੇ ਕਮਰੇ ਦੇ ਵਿੱਚ ਚੌਂਕੀ ਡਾਹ ਕੇ ਸੁਚੇਤ ਪਾਣੀ ਦੀ ਜਗ੍ਹਾ ਬਣਵਾ ਲਈ ਅਤੇ ਪਿਛਲੇ ਕਮਰੇ ਵਿੱਚ ਸੇਵਕ ਟਿਕ ਗਏ। ਸੰਤ ਜੀ ਮਹਾਰਾਜ ਇੱਕ-ਰਸ ਇਕਾਂਤ ਸਿਮਰਨ ਵਿੱਚ ਜੁਟ ਪਏ ਅਤੇ ਹੁਕਮ ਦਿੱਤਾ ਕਿ ਸਾਡੇ ਕਮਰੇ ਵਿੱਚ ਪ੍ਰਸ਼ਾਦ ਛਕਾਉਣ ਵਾਲੇ ਸੇਵਕ ਦੇ ਬਿਨਾਂ ਹੋਰ ਕੋਈ ਨਾ ਆਵੇ। ਇਸ ਕਮਰੇ ਦੀਆਂ, ਕੁਟੀਆ ਦੇ ਪ੍ਰਕਾਸ਼ ਅਸਥਾਨ ਵਿੱਚ, ਮਿਆਨੇ ਛੱਤ 'ਤੇ ਦੋ ਬਾਰੀਆਂ ਸਨ। ਉਹ ਭੀ ਥੋਬੇ ਲਗਾ ਕੇ ਬੰਦ ਕਰਵਾ ਦਿੱਤੀਆਂ ਤਾਂ ਕਿ ਬਾਹਰ ਦੀ ਕੋਈ ਅਵਾਜ਼ ਅੰਦਰ ਨਾ ਆ ਸਕੇ। ਕਮਰੇ ਦਾ ਦਰਵਾਜ਼ਾ ਹਰ ਵੇਲੇ ਬੰਦ ਰਹਿੰਦਾ, ਸਿਰਫ਼ ਨਿਯਮ ਅਨੁਸਾਰ ਸੇਵਕ ਜਲ-ਪਾਣੀ ਅਤੇ ਪ੍ਰਸ਼ਾਦ ਛਕਾਉਣ ਲਈ ਅੰਦਰ ਜਾਂਦਾ।

ਇਹ ਸੱਚ ਹੈ, ਬ੍ਰਹਮ ਗਿਆਨੀ ਕਾ ਭੇਤ ਬ੍ਰਹਮ ਗਿਆਨੀ ਜਾਣੇ, ਪਰ ਉਸ ਵੇਲੇ ਆਪਣੇ ਅਨੁਭਵ ਅਤੇ ਸੰਤ ਜੀ ਮਹਾਰਾਜ ਦੇ ਪਿੱਛੇ ਕੀਤੇ ਹੋਏ ਬਚਨਾਂ ਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਸੰਤ ਜੀ ਦਾਸ ਦੀ ਕੁਟੀਆ ਵਿੱਚ ਭੁਝੰਗੀ ਮੁਕੰਦ ਸਿੰਘ ਤੇ ਖਾਸ ਮਿਹਰ ਕਰਨ ਲਈ ਆਏ ਸਨ। ਉਹਨਾਂ ਦਾ ਖਿਆਲ ਸੀ ਕਿ ਛੇ ਮਹੀਨੇ ਇਕਾਂਤ ਸਿਮਰਨ ਤਪ ਦੇ ਮਗਰੋਂ ਇਸ ਨੂੰ ਆਪਣੀ ਤਾਕਤ ਦਾ ਇੱਕ ਕਿਣਕਾ ਬਖਸ਼ ਦੇਈਏ, ਤਾਂ ਕਿ ਇਹ

ਜਤੀ ਰਹਿ ਕੇ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਰ ਹੋ ਜਾਵੇ।

ਛੇ ਕੁ ਹਫਤੇ ਮਗਰੋਂ ਅੰਤਰਯਾਮੀ ਮਹਾਂਪੁਰਖਾਂ ਨੇ ਭੁਝੰਗੀ ਅਤੇ ਉਸ ਦੀ ਮਾਤਾ ਦੇ ਵਤੀਰੇ ਤੋਂ ਦੇਖ ਲਿਆ ਕਿ ਸਾਡਾ ਇਹ ਪ੍ਰੇਮ ਸਿਰੇ ਨਹੀਂ ਚੜ੍ਹ ਸਕਦਾ। ਇਹ ਖਿਆਲ ਪੈਦਾ ਹੁੰਦਿਆਂ ਹੀ ਸੰਤ ਜੀ ਮਹਾਰਾਜ ਦਾ ਚਿੱਤ ਉਦਾਸ ਹੋ ਗਿਆ ਅਤੇ ਕੁਟੀਆ ਤੋਂ ਟੁਰ ਜਾਣ ਦਾ ਸੰਕਲਪ ਫੁਰ ਪਿਆ। ਇਹ ਸੰਕਲਪ ਕੀ ਸੀ ਕਿ ਇੱਕ ਬਿਜਲੀ ਦੀ ਤਾਰ ਸੀ, ਛੇਤੀ ਹੀ ਸਰਦਾਰ ਰਜਵੰਤ ਸਿੰਘ ਜੀ ਦੇ ਹਿਰਦੇ ਵਿੱਚ ਜਾ ਪੁੱਜਾ। ਸਵੇਰ ਦੇ ਸੱਤ ਵਜੇ ਇਹ ਟਾਂਗਾ ਲੈ ਕੇ ਆ ਗਏ। ਬੇਨਤੀ ਕਰਨ ਪਰ, ਸੰਤ ਜੀ ਮਹਾਰਾਜ ਨੇ ਆਪਣਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਇਹਨਾਂ ਨਾਲ ਤੁਰਨ ਲਈ ਤਿਆਰ ਹੋ ਗਏ; ਉਸ ਵੇਲੇ ਟਾਂਗੇ 'ਤੇ ਚੜ੍ਹ ਰਾਜਕੋਟ ਜਾ ਪਹੁੰਚੇ।

ਦਾਸ ਦੇ ਹਿਰਦੇ ਵਿੱਚ ਭਾਸ ਗਿਆ ਕਿ ਸੰਤ ਜੀ ਮਹਾਰਾਜ ਕੁਝ ਨਰਾਜ਼ ਹੋ ਕੇ ਚਲੇ ਗਏ ਹਨ, ਪਰ ਕਾਲਜ ਦੀ ਪੜ੍ਹਾਈ ਦਾ ਵਕਤ ਸੀ, ਓਸ ਵੇਲੇ ਤਾਂ ਸਬਰ ਕੀਤਾ, ਪਰ ਸ਼ਾਮ ਦੇ ੩ ਵਜੇ ਕਾਲਜ ਤੋਂ ਵਿਹਲੇ ਹੁੰਦਿਆਂ ਹੀ, ਸਿੱਧਾ ਰਾਜਕੋਟ ਵੱਲ ਤੁਰ ਪਿਆ। ਜਦ ਦੂਜੇ ਸੂਏ ਦੇ ਪੁੱਲ 'ਤੇ ਪੁੱਜਾ, ਤਦ ਦੇਖਿਆ ਕਿ ਸੰਤ ਜੀ ਮਹਾਰਾਜ ਰਾਜਕੋਟ ਦੇ ਖੇਤਾਂ ਵਿੱਚ ਤੁਰਦੇ ਹੋਏ ਨਹਿਰ ਵੱਲ ਆ ਰਹੇ ਹਨ। ਦਾਸ ਭੀ ਸਿੱਧਾ ਪਟੜੀ 'ਤੇ ਉੱਧਰ ਤੁਰ ਪਿਆ ਅਤ ਦੋ ਚਾਰ ਮਿੰਟਾਂ ਵਿੱਚ ਹੀ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਜਾ ਪੁੱਜਾ। ਨਿਮਾਣਾ ਹੋ ਕੇ ਮੱਥਾ ਟੇਕਿਆ। ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ਜੀ! ਆਪ ਨਰਾਜ਼ ਹੋ ਕੇ ਆ ਗਏ ਹੋ?" ਦਿਆਲੂ ਸੰਤ ਉਸੇ ਵੇਲੇ ਬੋਲ ਉੱਠੇ, ਤੁਹਾਡੇ ਨਾਲ ਨਰਾਜ਼? ਸਰੀਰ ਕਿਦ੍ਹਾ ਹੈ? ਜੇ ਮੁਕੰਦ ਸਿੰਘ ਨਹੀਂ ਕਰੇਗਾ, ਅਸੀਂ ਸੇਵਾ ਤੁਹਾਡੇ ਪਾਸੋਂ ਲੈ ਲਵਾਂਗੇ; ਤੁਹਾਡੇ ਨਾਲ ਸੰਗਤਾਂ ਪ੍ਰੇਮ ਕਰਦੀਆਂ ਹਨ।"

ਫੇਰ ਸ਼ਾਮ ਦੇ ਦੀਵਾਨ ਮਗਰੋਂ ਇਕਾਂਤ ਵਿੱਚ ਸਮਝਾਇਆ ਕਿ ਗਲਤੀ ਬਿਸ਼ਨ ਕੌਰ ਅਤੇ ਮੁਕੰਦ ਸਿੰਘ ਦੀ ਹੈ। ਤੁਸੀਂ ਇਹਨਾਂ ਨੂੰ ਸੱਤਿਆ ਨਾ ਦਿਓ ਆਪਣੀ ਥਾਂ ਸਾਡੀ ਆਗਿਆ ਮੰਨੀ ਜਾਓ।

ਰਾਜਕੋਟ ਕੁਝ ਦਿਨ ਠਹਿਰ ਕੇ, ਸੰਤ ਜੀ ਮਹਾਰਾਜ ਸਿਆਲਕੋਟ ਚਲੇ ਗਏ ਅਤੇ ਸਰਦਾਰ ਖੜਕ ਸਿੰਘ ਦੇ ਬਾਗ਼ ਵਿੱਚ ਡੇਰਾ ਕੀਤਾ। ਮਹਾਰਾਜ ਜੀ ਦਾ ਆਸਣ ਚੁਬਾਰੇ ਵਿੱਚ ਸੀ ਅਤੇ ਜਥਾ ਹੇਠਾਂ ਬਿਸਰਾਮ ਕਰਦਾ ਸੀ। ਇੱਥੋਂ ਮਹਾਰਾਜ ਜੀ ਨੇ ਦਾਸ ਨੂੰ ਯਾਦ ਕਰ ਭੇਜਿਆ। ਉਸੇ ਵੇਲੇ ਛੁੱਟੀ ਲੈ ਸਿਆਲਕੋਟ ਪੁੱਜ ਗਿਆ ਅਤੇ ਬਾਗ਼ ਵਿੱਚ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ। ਦਾਸ ਐਨ ਉਸ ਵੇਲੇ ਪੁੱਜਾ ਜਦੋਂ ਸੰਤ ਜੀ ਮਹਾਰਾਜ ਦੁਪਹਿਰ ਦਾ ਅਰਾਮ ਕਰ ਚੁੱਕੇ ਸਨ ਅਤੇ ਜਲ-ਪਾਣੀ ਛਕ ਇਕਾਂਤ ਬੈਠੇ ਸਨ। ਜਦ ਦਾਸ ਚਰਨਾਂ ਵਿੱਚ ਮੱਥਾ ਟੇਕ ਬੈਠ ਗਿਆ, ਤਦ ਸੰਤ ਜੀ ਮਹਾਰਾਜ ਨੇ ਆਖਿਆ, "ਭਾਈ ਤੁਸਾਂ ਸਾਡਾ ਹੁਕਮ ਪੂਰਾ ਮੰਨਿਆ ਹੈ; ਗਲਤੀ ਘਰ ਵਾਲਿਆਂ ਦੀ ਹੈ।" ਸਿਆਲਕੋਟ ਕੁਝ ਚਿਰ ਠਹਿਰ ਕੇ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਚਲੇ ਗਏ। ਥੋੜ੍ਹੇ ਚਿਰ ਪਿੱਛੋਂ ਹੀ ਦਾਸ ਨੂੰ ਉੱਥੋਂ ਚਿੱਠੀ ਆਈ ਕਿ ਅਕਾਲ ਕਾਲਜ ਗੁਰਸਾਗਰ ਸਾਹਿਬ ਮਸਤੂਆਣੇ ਦੀ ਨੀਂਹ ਫਲਾਨੀ ਤਾਰੀਖ ਨੂੰ ਰੱਖਣੀ ਹੈ, ਤੁਸੀਂ ਇਸ ਸਮੇਂ ਜ਼ਰੂਰ ਪੁੱਜੋ। ਹੁਕਮ ਮੰਨ, ਦਾਸ ਇੱਕ ਦਿਨ ਪਹਿਲਾਂ ਹੀ ਪੁੱਜ ਗਿਆ। ਸ਼ਾਮ ਦੇ ਵੇਲੇ ਕਾਲਜ ਦੇ ਨਕਸ਼ੇ ਦੀ ਵਿਚਾਰ ਹੋਈ ਅਤੇ ਦੂਜੇ ਦਿਨ ਸਵੇਰੇ ਆਸਾ ਜੀ ਦੀ ਵਾਰ ਦੇ ਦੀਵਾਨ ਮਗਰੋਂ, ਸੰਤ ਜੀ ਮਹਾਰਾਜ, ਸਾਰੀ ਸਾਧ-ਸੰਗਤ, ਭਾਈ ਅਰਜਨ ਸਿੰਘ ਜੀ ਬਾਗੜੀਆ, ਸਰਦਾਰ ਤੇਜਾ ਸਿੰਘ ਬਡਰੁਖਾਂ, ਸਰਦਾਰ ਬਚਨ ਸਿੰਘ ਜੀ ਵਿੱਦਿਅਕ ਵਜ਼ੀਰ ਨਾਭਾ ਅਤੇ ਹੋਰ ਨਗਰਾਂ ਦੇ ਪਤਵੰਤੇ ਨੀਂਹ ਟਿਕਾਉਣ ਵਾਲੇ ਅਸਥਾਨ 'ਤੇ ਪੁੱਜੇ। ਸੰਤ ਜੀ ਮਹਾਰਾਜ ਨੇ ਭਾਈ ਸਾਹਿਬ ਬਾਗੜੀਆ ਨੂੰ ਅਰਦਾਸ ਕਰਨ ਲਈ ਹੁਕਮ ਦਿੱਤਾ। ਸਤਿਗੁਰੂ ਦੇ ਚਰਨਾਂ ਵਿੱਚ ਬੇਨਤੀ ਕਰਨ ਦੇ ਮਗਰੋਂ ਇੱਕ ਇੱਟ ਸੰਤ ਜੀ ਮਹਾਰਾਜ ਨੇ ਆਪਣੇ ਹਸਤ ਕੰਵਲਾਂ ਨਾਲ ਨੀਂਹ ਵਿੱਚ ਟਿਕਾਈ ਅਤੇ ਇੱਕ-

ਇੱਕ ਇੱਟ ਭਾਈ ਸਾਹਿਬ ਅਰਜਨ ਸਿੰਘ, ਸਰਦਾਰ ਤੇਜਾ ਸਿੰਘ ਜੀ, ਬਚਨ ਸਿੰਘ ਜੀ ਅਤੇ ਦਾਸ ਪਾਸੋਂ ਰਖਾਈ। ਦੂਜੇ ਦਿਨ ਹੀ ਪੁਰਾਣੀਆਂ ਕੁਟੀਆ ਢਾਉਣ ਦਾ ਕੰਮ ਸ਼ੁਰੂ ਹੋ ਗਿਆ। ਕਰਤਾਰ ਦੀ ਨੇਤ, ਜਿਸ ਬਾਹੀ ਵਿਖੇ ਅਕਾਲ ਕਾਲਜ ਦੀ ਇਮਾਰਤ ਬਣਾਉਣ ਦਾ ਗੁਰਮਤਾ ਹੋਇਆ, ਉਸ ਵਿੱਚ ਸੰਤ ਜੀ ਮਹਾਰਾਜ ਦੀ ਮਾਤਾ ਜੀ ਨੇ ਬੜੇ ਪ੍ਰੇਮ ਨਾਲ ਇੱਕ ਦੋ ਮੰਜ਼ਲਾਂ ਬੁੰਗਾਂ ਪਵਾਇਆ ਸੀ, ਜਿਸ ਦੇ ਵਿਹੜੇ ਵਿੱਚ ਇੱਕ ਬੜੀ ਸੁੰਦਰ ਖੂਹੀ ਲੱਗੀ ਹੋਈ ਸੀ। ਇਸ ਬੁੰਗੇ ਨੂੰ ਵੀ ਸੰਤ ਜੀ ਮਹਾਰਾਜ ਨੇ ਢਾਉਣ ਦਾ ਹੁਕਮ ਦੇ ਦਿੱਤਾ। ਮਾਤਾ ਜੀ ਹੋਰ ਕੁਟੀਆ ਵਿੱਚ ਜਾ ਬਿਰਾਜੇ ਅਤੇ ਸੰਗਤ ਨੇ ਰਾਤੋ-ਰਾਤ ਇਸ ਨੂੰ ਢਾਹ ਦਿੱਤਾ। ਸੰਤ ਜੀ ਨੂੰ ਕਈ ਪ੍ਰੇਮੀਆਂ ਪਾਸੋਂ ਇਹ ਸਰੋਤ ਪੁੱਜੀ ਕਿ ਸ਼ਾਇਦ ਅਕਾਲ ਕਾਲਜ ਦੀ ਇਮਾਰਤ ਦੇ ਬਣਾਉਣ ਵਿੱਚ ਕਿਸੇ ਪਾਸਿਓਂ ਰੁਕਾਵਟ ਪੈ ਜਾਵੇ। ਇਸ ਲਈ ਸੰਤ ਜੀ ਮਹਾਰਾਜ ਮੰਜੀ ਡਾਹ ਬੈਠ ਗਏ ਅਤੇ ਨੌਂ ਮਹੀਨੇ ਮਗਰੋਂ ਕਾਲਜ ਨੂੰ ਸਿਰੇ ਚਾੜ੍ਹ ਕੇ ਹੀ ਉੱਠੇ। ਜਦ ਦਾਸ ਨੇ ਗੁਜਰਾਂਵਾਲੇ ਜਾਣ ਦੀ ਆਗਿਆ ਮੰਗੀ, ਤਾਂ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਹਿੰਦੂ ਯੂਨੀਵਰਸਿਟੀ ਵਾਲਾ ਗੁਰਮਤਾ ਸਿਰੇ ਚੜ੍ਹਿਆ ਹੈ ਕਿ ਨਹੀਂ? ਦਾਸ ਨੇ ਬੇਨਤੀ ਕੀਤੀ ਕਿ ਪ੍ਰੇਮੀ ਬਾਰ-ਬਾਰ ਸੱਦ ਰਹੇ ਹਨ ਅਤੇ ਲਿੱਖ ਰਹੇ ਹਨ ਕਿ ਗੁਜ਼ਾਰੇ ਮਾਤਰ ੫੦੦ ਰੁਪਏ ਮਾਹਵਾਰ ਲੈ ਲਵੋ।

ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ, ਇਸ ਗੱਲ ਨੂੰ ਮਨਜ਼ੂਰ ਕਰ ਲਵੋ, "ਅਸੀਂ ਅਕਾਲ ਕਾਲਜ ਵਾਸਤੇ ਕਿਸੇ ਰਾਜੇ-ਮਹਾਰਾਜੇ ਪਾਸੋਂ ਮਦਦ ਨਹੀਂ ਮੰਗਣੀ, ਅੱਧਾ ਗੁਜ਼ਾਰਾ ਤੁਸੀਂ ਰੱਖਣਾ ਅਤੇ ਅੱਧਾ ਕਾਲਜ ਦੀ ਸੇਵਾ ਲਈ ਭੇਜ ਦਿਆ ਕਰਨਾ।" ਨਾਲ ਹੀ ਹੁਕਮ ਦਿੱਤਾ ਕਿ ਕਲਕੱਤੇ ਤੋਂ ਕਾਲਜ ਲਈ ਗਾਰਡਰ ਅਤੇ ਲੋਹੇ ਦਾ ਸਮਾਨ ਭੇਜਣਾ।

ਕਾਂਡ ੪੨

ਪਉੜੀ ॥

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥ (੩੦੬)

ਦਿੱਲੀ ਸੰਤ ਜੀ ਮਹਾਰਾਜ ਦਾ ਰਾਗੀ ਸੁਧ ਸਿੰਘ ਤੇ ਜਮਾਂਦਾਰ ਗੁਰਦਿੱਤ ਸਿੰਘ ਜੀ ਨੇ ਦਰਸ਼ਨ ਕੀਤਾ। ਉਹਨਾਂ ਦੀ ਜ਼ਬਾਨੀ ਹੇਠ ਲਿਖੀਆਂ ਦਰਜ ਹਨ:

ਸੰਤ ਜੀ ਮਹਾਰਾਜ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਲਈ ਦਿੱਲੀ ਆਏ ਹੋਏ ਸਨ; ਡੇਰਾ ਸਰਦਾਰ ਰਾਮ ਸਿੰਘ ਕਾਬਲੀ ਦੇ ਭੱਠੇ 'ਤੇ ਕੀਤਾ ਹੋਇਆ ਸੀ ਤੇ ਇੱਥੇ ਅਤੁੱਟ ਲੰਗਰ ਚਲਦਾ ਸੀ।

ਗੁਰੂ ਕਲਗੀਆਂ ਵਾਲੇ ਦੇ ਦਰਸ਼ਨ ਹਰ ਵਕਤ ਹੋ ਰਹੇ ਹਨ

(੧) ਇੱਕ ਦਿਨ ਸੰਤ ਜੀ ਮਹਾਰਾਜ ਇਕਾਂਤ ਵਿੱਚ ਬੈਠੇ ਹੋਏ ਸਨ ਤੇ ਮੈਂ ਚਰਨਾਂ ਵਿੱਚ ਬੈਠ ਕੇ ਮੁੱਠੀਆਂ ਭਰ ਰਿਹਾ ਸੀ। ਬੇਨਤੀ ਕੀਤੀ, "ਮਹਾਰਾਜ ਜੀ! ਜੇ ਖੇਚਲ ਨਾ ਹੋਵੇ, ਤਾਂ ਇੱਕ ਬੇਨਤੀ ਕਰਾਂ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਤੁਸੀਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਕੀਰਤਨੀਏ ਹੋ; ਬੜੀ ਖੁਸ਼ੀ ਨਾਲ ਕਹੋ।" ਸੋ, ਚਿੱਤ ਤੋਂ ਸਭ ਸੰਗ ਲਾ ਕੇ ਬੇਨਤੀ ਕੀਤੀ, "ਮਹਾਰਾਜ ਜੀ! ਸੁਣਿਆ ਹੈ, ਸ੍ਰੀ ਹਜ਼ੂਰ ਸਾਹਿਬ ਨਗੀਨਾ ਘਾਟ 'ਤੇ ਆਪ ਜੀ ਨੇ ਸ੍ਰੀ ਗੁਰੂ ਕਲਗੀਧਰ ਪਿਤਾ ਜੀ ਦੇ ਦਰਸ਼ਨ ਕੀਤੇ ਸਨ? ਕ੍ਰਿਪਾ ਕਰ ਕੇ ਦੱਸੋ ਕਿ ਉਹ ਦਰਸ਼ਨ ਕਿਸ ਤਰ੍ਹਾਂ ਦੇ ਸਨ?" ਇਹ ਪ੍ਰਸ਼ਨ ਸੁਣ ਕੇ ਸੰਤ ਜੀ ਮਹਾਰਾਜ ਮੰਜੇ ਤੋਂ ਉੱਠ ਖੜੇ ਹੋਏ ਤੇ ਹੱਸਦੇ-ਹੱਸਦੇ ਕਹਿਣ ਲੱਗੇ, "ਭਾਈ ਸੁਧ ਸਿੰਘ ਜੀ, ਕੀ ਦੱਸੀਏ ਕਿ ਉਹ ਦਰਸ਼ਨ ਕਿਹੋ ਜਿਹੇ ਸਨ, ਪਰ ਭਾਈ, ਕਲਗੀਆਂ ਵਾਲੇ ਦੇ ਦਰਸ਼ਨ ਤਾਂ ਸਾਨੂੰ ਹੁਣ ਭੀ ਹੋ ਰਹੇ ਹਨ।" ਇਹ ਕਹਿ ਕੇ ਮੇਰੇ ਦਾਹੜੇ 'ਤੇ ਦੋਵੇਂ ਹਸਤ ਕੰਵਲ ਫੇਰੇ ਤੇ ਆਖਿਆ, ਇਹ ਸਾਬਤ ਸੂਰਤ ਕਲਗੀਆਂ ਵਾਲੇ ਦੀ ਹੈ। ਮਹਾਰਾਜ ਜੀ ਨੇ ਫ਼ਰਮਾਇਆ ਹੈ:

ਖ਼ਾਲਸਾ ਰਹਿਤ ॥

ਖ਼ਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹੌ ਕਰੌ ਨਿਵਾਸ ॥

ਖ਼ਾਲਸਾ ਮੇਰੋ ਮੁਖ ਹੈ ਅੰਗਾ ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ ।
ਖ਼ਾਲਸਾ ਮੇਰੋ ਇਸ਼ਟ ਸੁਹਿਰਦ ॥ ਖ਼ਾਲਸਾ ਮੇਰੋ ਕਹੀਅਤ ਬਿਰਦ ॥
ਖ਼ਾਲਸਾ ਮੇਰੋ ਪਛ ਅਰ ਪਾਤਾ ॥ ਖ਼ਾਲਸਾ ਮੇਰੋ ਸੁਖ ਅਹਿਲਾਦਾ ॥
ਖ਼ਾਲਸਾ ਮੇਰੋ ਮਿੱਤਰ ਸਖਾਈ ॥ ਖ਼ਾਲਸਾ ਮਾਤ ਪਿਤਾ ਸੁਖਦਾਈ ॥
ਖ਼ਾਲਸਾ ਮੇਰੀ ਸੋਭਾ ਸੀਲਾ ॥ ਖ਼ਾਲਸਾ ਬੰਧ ਸਦਾ ਸਦ ਡੀਲਾ ॥
ਖ਼ਾਲਸਾ ਮੇਰੀ ਜਾਤ ਅਰ ਪਤ ॥ ਖ਼ਾਲਸਾ ਸੋ ਮਾ ਕੋ ਉਤਪਤ ॥
ਖ਼ਾਲਸਾ ਮੇਰੋ ਭਵਨ ਭੰਡਾਰਾ ॥ ਖ਼ਾਲਸਾ ਮੇਰੋ ਕਰਤ ਉਧਾਰਾ ॥
ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ ॥ ਖ਼ਾਲਸਾ ਮੇਰੋ ਕਰਤ ਉਧਾਰਾ ॥
ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥
ਮਨ ਮਹਤ ਮੇਰੀ ਖ਼ਾਲਸਾ ਸਹੀ ॥ ਖ਼ਾਲਸਾ ਮੇਰੋ ਸ੍ਵਾਰਥ ਸਹੀ ॥
ਖ਼ਾਲਸਾ ਮੇਰੋ ਕਰੇ ਨਿਰਬਾਹ ॥ ਖ਼ਾਲਸਾ ਮੇਰੋ ਦੇਹ ਅਰ ਸਾਹ ॥
ਖ਼ਾਲਸਾ ਮੇਰੋ ਧਰਮ ਅਰ ਕਰਮ ॥ ਖ਼ਾਲਸਾ ਮੇਰੋ ਭੇਦ ਨਿਜ ਮਰਮ ॥
ਖ਼ਾਲਸਾ ਮੇਰੋ ਸਤਿਗੁਰ ਪੂਰਾ ॥ ਖ਼ਾਲਸਾ ਮੇਰੋ ਸੱਜਨ ਸੂਰਾ ॥
ਖ਼ਾਲਸਾ ਮੇਰੋ ਬੁਧ ਅਰ ਗਿਆਨ ॥ ਖ਼ਾਲਸੇ ਕਾ ਹੌਂ ਧਰੋ ਧਿਆਨ ॥
ਉਪਮਾ ਖ਼ਾਲਸੇ ਜਾਤ ਨਾ ਕਹੀ ॥ ਜਿਵਹਾ ਏਕ ਪਾਰ ਨਹਿ ਲਹੀ ॥
ਸੇਸ ਰਸਨ ਸਾਰਦ ਸੀ ਬੁੱਧ ॥ ਤਪਦ ਨ ਉਪਮਾ ਬਰਨਤ ਸੁਧ ॥
ਯਾ ਮੈ ਰੰਚ ਨ ਮਿਥਿਆ ਭਾਖੀ ॥ ਪਾਰਬ੍ਰਹਮ ਗੁਰ ਨਾਨਕ ਸਾਖੀ ॥
ਰੋਮ ਰੋਮ ਜੇ ਰਸਨਾ ਪਾਊਂ ॥ ਤਦਪ ਖ਼ਾਲਸਾ ਜਸ ਤਹਿ ਗਾਊਂ ॥
ਹੌ ਖ਼ਾਲਸੇ ਕੋ ਖ਼ਾਲਸਾ ਮੇਰੋ ॥ ਓਤ ਪੋਤਿ ਸਾਗਰ ਬੂੰਦੇਰੋ ॥
ਪੁਰਸ਼ ਅਕਾਲ ਸੁ ਮੂਰਤ ਏਹਾ ॥ ਪ੍ਰਗਟ ਅਕਾਲ ਖ਼ਾਲਸਾ ਦੇਹਾ ॥ (ਸਰਬ ਲੋਹ ਗ੍ਰੰਥ)

ਇਹ ਸਾਰਾ ਸ਼ਬਦ ਸੰਤ ਜੀ ਮਹਾਰਾਜ ਨੇ ਹੱਸ-ਹੱਸ ਕੇ ਪੜ੍ਹਿਆ। ਓਸ ਵੇਲੇ ਮੇਰੀ ਕੀ ਦਸ਼ਾ ਸੀ, ਮੈਂ ਦਸ ਨਹੀਂ ਸਕਦਾ। ਜਿਹੜੇ ਆਤਮ-ਰਸ ਦੇ ਹੁਲਾਰੇ ਮੈਨੂੰ ਆਏ, ਉਹ 'ਦੇਖਾ ਹੀ ਪ੍ਰਵਾਨ ਹੈ।'

ਕਹਿ ਕਮੀਰ ਅਬ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥ (੧੧੬੧)

(੨) ਇੱਕ ਦਿਨ ਸਰਦਾਰ ਸੁਜਾਨ ਸਿੰਘ, ਸਰਦਾਰ ਸੋਭਾ ਸਿੰਘ ਦੀ ਕੋਠੀ, ਸੰਤ ਜੀ ਮਹਾਰਾਜ ਨੇ ਆਸਾ ਜੀ ਦੀ ਵਾਰ ਦਾ ਦੀਵਾਨ ਲਾਇਆ। ਸਤਿਗੁਰੂ ਸੱਚੇ ਪਾਤਸ਼ਾਹ ਦਾ ਇਹ ਵਾਕ ਨਿਕਲਿਆ:

ਧਨਾਸਰੀ ਮਹਲਾ ੫ ॥

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥
ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ਰਹਾਉ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥

ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥ (੬੭੩)

ਸੰਤ ਜੀ ਮਹਾਰਾਜ ਨੇ ਰਾਗੀ ਸੁਧ ਸਿੰਘ ਨੂੰ ਇਸ ਦੀ ਕਥਾ ਕਰਨ ਦਾ ਹੁਕਮ ਦਿੱਤਾ। ਹੁਕਮ ਮੰਨ ਕੇ ਭਾਈ ਸਾਹਿਬ ਨੇ ਸ਼ਬਦ ਦੀ ਵਿਚਾਰ ਸਾਧ ਸੰਗਤ ਦੀ ਸੇਵਾ ਵਿੱਚ ਪੇਸ਼ ਕੀਤੀ। ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ਬੜਾ ਹੀ ਅਸਚਰਜ ਰਸ ਬਣਿਆ। ਅਰਦਾਸੇ ਦੇ ਮਗਰੋਂ ਲੰਗਰ ਵਰਤਿਆ ਤੇ ਸਾਰੀ ਸੰਗਤ ਪੰਗਤ ਲਾ ਕੇ ਬੈਠ ਗਈ। ਇਸ ਤਰ੍ਹਾਂ ਵਾਰੀ-ਵਾਰੀ ਸ: ਵਸਾਖਾ ਸਿੰਘ, ਸ: ਧਰਮ ਸਿੰਘ ਤੇ ਹੋਰ ਪ੍ਰੇਮੀਆਂ ਦੀਆਂ ਕੋਠੀਆਂ ਵਿੱਚ ਦੀਵਾਨ ਸਜਦੇ ਰਹੇ ਤੇ ੧੫ ਦਿਨ ਇੱਥੇ ਕਥਾ ਕੀਰਤਨ ਦਾ ਰੰਗ ਬਣਿਆ ਰਿਹਾ। ਹਜ਼ਾਰਾਂ ਸੰਗਤਾਂ ਨੇ ਦਰਸ਼ਨ ਮੇਲੇ ਦਾ ਲਾਭ ਲਿਆ ਅਤੇ ਬਹੁਤ ਸਾਰੇ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸ਼ਹੀਦੀ ਦੀਵਾਨ ਵਾਲੇ ਦਿਨ ਸੰਤ ਸੰਗਤ ਸਿੰਘ ਜੀ ਨੇ ਸਤਿਗੁਰ ਸੱਚੇ ਪਾਤਸ਼ਾਹ ਦੇ ਸ਼ਬਦ ਦੀ ਕਥਾ ਕੀਤੀ। ਸੰਤ ਜੀ ਮਹਾਰਾਜ ਇਹਨਾਂ ਦੇ ਨੇੜੇ ਤਾਂਬਿਆ ਬੈਠੇ ਰਹੇ। ਦੋ ਘੰਟੇ ਸੰਤਾਂ ਦੇ ਨੇਤਰ ਵੈਰਾਗ ਭਰੇ ਮੋਤੀ ਵਰਸਾਉਂਦੇ ਰਹੇ। ਜਦ ਕਥਾ ਸੰਪੂਰਨ ਹੋਈ, ਤਦ ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਆਖਿਆ, "ਧੰਨ ਭਾਈ ਸੰਗਤ ਸਿੰਘ, ਨਿਹਾਲ ਭਾਈ ਨਿਹਾਲ।"

ਇਸੇ ਸਮਾਗਮ ਦੇ ਸਮੇਂ ਸੀਸਗੰਜ ਸਾਹਿਬ ਇੱਕ ਦੀਵਾਨ ਲੱਗਾ ਹੋਇਆ ਸੀ। ਸਾਧ-ਸੰਗਤ ਦੀ ਬੜੀ ਭੀੜ ਸੀ। ਜਮਾਂਦਾਰ ਗੁਰਦਿੱਤ ਸਿੰਘ ਜੀ ਥਮ੍ਹਾਲੀ ਵਾਲੇ ਦਰਸ਼ਨ-ਮੇਲੇ ਲਈ ਗਏ ਤੇ ਦੀਵਾਨ ਵਿੱਚ ਪਿੱਛੇ ਹੀ ਬੈਠ ਗਏ। ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਦੇਖ ਲਿਆ ਤੇ ਭਾਈ ਕਲਿਆਣ ਸਿੰਘ ਜੀ ਨੂੰ ਭੇਜ ਕੇ ਆਪਣੇ ਪਾਸ ਬੁਲਾ ਲਿਆ। ਰਾਜ਼ੀ-ਖੁਸ਼ੀ ਦੀ ਖ਼ਬਰ ਪੁੱਛ ਕੇ ਮਹਾਰਾਜ ਜੀ ਨੇ ਫ਼ਰਮਾਇਆ, "ਭਾਈ! ਅੱਜ-ਕੱਲ੍ਹ ਕਿੱਥੇ ਹੋ?" ਜਮਾਂਦਾਰ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਸਾਡਾ ਰਸਾਲਾ ਅੱਜ-ਕਲ੍ਹ ਦਿੱਲੀ ਆਇਆ ਹੋਇਆ ਹੈ, ਆਪ ਕ੍ਰਿਪਾ ਕਰਕੇ ਸਵੇਰ ਦਾ ਦੀਵਾਨ ਲਗਾਓ। ਪ੍ਰਬੰਧਕਾਂ ਨੇ ਇਸ ਸਮੇਂ ਦਾ ਦੀਵਾਨ ਗੁਰਦੁਆਰਾ ਰਕਾਬਗੰਜ ਵਿੱਚ ਰੱਖਿਆ ਹੋਇਆ ਸੀ। ਜਮਾਂਦਾਰ ਸਾਹਿਬ ਦੀ ਬੇਨਤੀ ਮੰਨ ਕੇ ਇਹ ਦੀਵਾਨ ਸੰਤ ਜੀ ਨੇ ਮਜਨੂੰ ਦੇ ਟਿੱਲੇ ਦੇ ਗੁਰਦੁਆਰੇ ਸਾਹਿਬ ਵਿੱਚ ਰੱਖ ਦਿੱਤਾ, ਜਿਹੜਾ ਕਿ ਰਸਾਲੇ ਦੇ ਨੇੜੇ ਹੀ ਸੀ। ਸ: ਰਾਮ ਸਿੰਘ ਕਾਬਲੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਰਕਾਬਗੰਜ ਸੰਬੰਧੀ ਇਸ਼ਤਿਹਾਰ ਛਪ ਚੁੱਕੇ ਹਨ। ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਭਾਈ ਇਸ਼ਤਿਹਾਰ ਗੁਰੂ-ਘਰ ਦੀਆਂ ਸੰਗਤਾਂ ਲਈ ਹਨ। ਹੁਣ ਸੁਣਾ ਦਿਓ ਕਿ ਸਵੇਰ ਦਾ ਦੀਵਾਨ ਮਜਨੂੰ ਦੇ ਟਿੱਲੇ ਹੋਵੇਗਾ।"

ਪੰਥ ਦੀ ਜੱਥੇਬੰਦੀ

ਪ੍ਰਬੰਧਕ ਕਮੇਟੀ ਦੀ ਇੱਕ ਖਾਸ ਇਕੱਤ੍ਰਤਾ ਅਕਾਲ ਤਖਤ ਸਾਹਿਬ ਤੇ ਸੱਦੀ ਗਈ ਅਤੇ ਨਨਕਾਣੇ ਸਾਹਿਬ ਸ਼ਹੀਦੀ ਦੀਵਾਨ ਸਜਾਉਣ ਦੀ ਤਰੀਕ ਨੀਯਤ ਹੋਈ। ਸੰਤ ਜੀ ਮਹਾਰਾਜ ਇਸ ਦੀਵਾਨ ਦੇ ਸਮੇਂ ਨਨਕਾਣੇ ਸਾਹਿਬ ਆਪਣੀ ਸੱਤਿਆ ਦੇਣ ਲਈ ਹਾਜ਼ਰ ਹੋਏ ਅਤੇ ਦਾਸ ਦੁਆਰਾ ਪੰਥ ਸੇਵਕਾਂ ਨੂੰ ਇਹ ਬੇਨਤੀ ਕਰਨ ਦੀ ਆਗਿਆ ਕੀਤੀ ਕਿ ਸਤਿਗੁਰੂ ਦੀ ਰਜ਼ਾ ਵਿੱਚ ਅਕਾਲ ਤਖ਼ਤ ਸਾਹਿਬ ਅਤੇ ਨਨਕਾਣਾ ਸਾਹਿਬ ਪੰਥ ਦੇ ਕਬਜ਼ੇ ਵਿੱਚ ਆ ਗਏ ਹਨ; ਹੁਣ ਖ਼ਾਲਸਾ ਜੀ ਇਸ ਅਤੁਟ ਖਜ਼ਾਨੇ ਨਾਲ ਅੰਮ੍ਰਿਤ ਪ੍ਰਚਾਰ ਤੇ ਜ਼ੋਰ ਦੇਵੇ। ਘਰ-ਘਰ, ਪਿੰਡ-ਪਿੰਡ ਸਤਿਗੁਰੂ ਕਲਗੀਆਂ ਵਾਲੇ ਦੇ ਬਾਟੇ ਦਾ ਦੌਰ ਚਲੇ ਅਤੇ ਪੰਥ ਦੀ ਜੱਥੇਬੰਦੀ ਇੱਕ ਸ਼ਾਨਦਾਰ ਲੜੀ ਵਿੱਚ ਪਰੋਤੀ ਜਾਵੇ।

ਬਾਕੀ ਗੁਰਦੁਆਰਿਆਂ 'ਤੇ ਪੰਥ ਕਬਜ਼ਾ ਨਾ ਕਰੇ। ਅਕਾਲੀ ਫੂਲਾ ਸਿੰਘ ਵਾਂਗੂੰ ਮਹੰਤਾਂ ਨੂੰ ਆਪਣੇ ਧਮ੍ਹੇ

ਹੇਠਾਂ ਰੱਖੇ, "ਮਾਰੇ ਨਾਲੋਂ ਪਦਾਇਆ ਚੰਗਾ ਹੁੰਦਾ ਹੈ।" ਇਸ ਜੁਗਤ ਨਾਲ ਸਾਰਾ ਪ੍ਰਬੰਧ ਵੀ ਖ਼ਾਲਸਾ ਜੀ ਦੀ ਮਰਜ਼ੀ ਅਨੁਸਾਰ ਹੋਵੇਗਾ ਅਤੇ ਪੰਥ, ਪੂਜਾ ਦੇ ਜ਼ਹਿਰ ਤੋਂ ਬਚਿਆ ਰਹੇਗਾ। ਸ਼ਹੀਦੀ ਦੀਵਾਨ, ਜਨਮ ਅਸਥਾਨ ਸਾਹਿਬ ਸਜਿਆ। ਸੰਤ ਜੀ ਮਹਾਰਾਜ ਨੇ ਸਵੇਰੇ ਅਤੇ ਸ਼ਾਮ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਦੂਜੇ ਦਿਨ ਅੰਮ੍ਰਿਤ ਵੇਲੇ ਮਾਲ ਜੀ ਸਾਹਿਬ ਆਸਾ ਜੀ ਦੀ ਵਾਰ ਦਾ ਦੀਵਾਨ ਸਜਿਆ ਅਤੇ ਸ਼ਾਮ ਨੂੰ ਗੱਡੀ ਚੜ੍ਹਕੇ ਲਾਹੌਰ ਵੱਲ ਟੂਰ ਪਏ।

ਪੰਥ ਦਾ ਭਾਵ

ਸੈਕੰਡ ਕਲਾਸ ਦੇ ਡੱਬੇ ਵਿੱਚ ਸੰਤ ਜੀ ਮਹਾਰਾਜ ਦੇ ਨਾਲ ਸ: ਨਿਹਾਲ ਸਿੰਘ ਸਿਆਲਕੋਟ ਵਾਲੇ ਬੈਠੇ ਸਨ। ਇਹਨਾਂ ਨੇ ਬੜੇ ਪ੍ਰੇਮ ਨਾਲ ਨਿਧੜਕ ਹੋ ਕੇ ਪੁੱਛਿਆ, "ਸੱਚੇ ਪਾਤਸ਼ਾਹ! ਤੁਸੀਂ ਗਿਆਨ ਦਾ, ਸਮੁੰਦਰ ਤੋਂ ਵੀ ਵੱਡਾ ਭੰਡਾਰਾ ਸਾਂਭੀ ਬੈਠੇ ਹੋ, ਕਿਸੇ ਨੂੰ ਟਿਕਾਣਾ ਤਾਂ ਬਖਸ਼ ਦਿਆ ਕਰੋ।" ਇਹ ਸੁਣ ਕੇ ਸੰਤ ਜੀ ਮਹਾਰਾਜ ਆਪਣੇ ਰੰਗ ਵਿੱਚ ਆ ਗਏ ਤੇ ਫ਼ਰਮਾਇਆ, "ਅਸੀਂ ਤਾਂ ਦੇਣ ਨੂੰ ਤਿਆਰ ਹਾਂ, ਪਰ ਕੋਈ ਲੈਣ ਵਾਲਾ ਵੀ ਬਣੇ।" ਇਹ ਉੱਤਰ ਸੁਣ ਕੇ ਸ: ਨਿਹਾਲ ਸਿੰਘ ਜੀ ਚੁੱਪ ਕਰ ਗਏ।

ਲਾਹੌਰ ਤੋਂ ਸੰਤ ਜੀ ਮਹਾਰਾਜ ਪੋਠੋਹਾਰ ਚਲੇ ਗਏ। ਇੱਥੇ ਅਕਾਲੀ ਲਹਿਰ ਬੜੇ ਜ਼ੋਰਾਂ ਵਿੱਚ ਸੀ। ਰਾਵਲਪਿੰਡੀ ਕੁਝ ਪ੍ਰੇਮੀਆਂ ਨੇ ਸੰਤ ਜੀ ਪਾਸ ਆ ਕੇ ਪੁੱਛਿਆ, "ਮਹਾਰਾਜ ਜੀ! ਸਾਰੇ ਪੰਥ ਨੇ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨ ਕੇ ਕਾਲੀਆਂ ਦਸਤਾਰਾਂ ਸਜਾਈਆਂ ਹੋਈਆਂ ਹਨ; ਤੁਸੀਂ ਹਾਲੇ ਚਿੱਟੀਆਂ ਪੱਗਾਂ ਹੀ ਰੱਖੀਆਂ ਹੋਈਆਂ ਨੇ।" ਸੰਤ ਜੀ ਮਹਾਰਾਜ ਹੱਸ ਪਏ ਅਤੇ ਆਖਿਆ, "ਭਾਈ! ਅਸੀਂ ਕਿਹੜਾ ਕੋਈ ਬਸਤਰ ਮੁੱਲ ਲੈਂਦੇ ਹਾਂ। ਜਿਹੋ-ਜਿਹਾ ਕੋਈ ਲਿਆ ਦਿੰਦਾ ਹੈ, ਉਹ ਪਹਿਨ ਲੈਂਦੇ ਹਾਂ।" ਓਸ ਵੇਲੇ ਪ੍ਰੇਮੀ ਚਲੇ ਗਏ ਤੇ ਕਾਲੇ ਦਸਤਾਰੇ ਰੰਗ ਕੇ ਆ ਹਾਜ਼ਰ ਕੀਤੇ। ਸੰਤ ਜੀ ਮਹਾਰਾਜ ਨੇ ਜਥੇ ਸਮੇਤ ਸਜਾ ਲਏ।

ਪੋਠੋਹਾਰ ਦੇ ਦੌਰੇ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਗੁਰਸਾਗਰ ਸਾਹਿਬ ਮਸਤੂਆਣੇ ਦਰਸ਼ਨ ਦਿੱਤੇ। ਇੱਥੇ ਲਾਇਲਪੁਰ ਤੋਂ ਦੋ ਪ੍ਰੇਮੀ ਸੰਤ ਜੀ ਪਾਸ ਆਏ ਅਤੇ ਤੀਸਰੇ ਸਿੱਖ ਲੀਗ ਦੇ ਸਮਾਗਮ 'ਤੇ ਦਰਸ਼ਨ ਦੇਣ ਲਈ ਬੇਨਤੀ ਕੀਤੀ, ਪਰ ਸੰਤ ਜੀ ਮਹਾਰਾਜ ਨੇ ਜਾਣ ਤੋਂ ਨਾਂਹ ਕਰ ਦਿੱਤੀ। ਇਹ ਸੱਜਣ ਨਿਰਾਸ਼ ਹੋ ਕੇ ਮੁੜ ਗਏ ਅਤੇ ਸੰਤ ਜੀ ਮਹਾਰਾਜ ਕੁਝ ਦਿਨ ਗੁਰਸਾਗਰ ਸਾਹਿਬ ਮਸਤੂਆਣੇ ਵਿੱਚ ਰਹੇ। ਸਵੇਰ ਅਤੇ ਸ਼ਾਮ ਦੇ ਦੀਵਾਨ ਵਿੱਚ ਵਿਦਿਆਰਥੀਆਂ ਨੂੰ ਸ਼ਬਦ ਕੀਰਤਨ ਕਰਦਾ ਦੇਖ ਕੇ ਬੜੇ ਪ੍ਰਸੰਨ ਹੋਏ। ਸ਼ਾਮ ਵੇਲੇ ਪ੍ਰਕਰਮਾਂ ਦੇ ਸ਼ਬਦ ਕੀਰਤਨ ਵਿੱਚ ਹਰ ਰੋਜ਼ ਨਾਲ ਹੁੰਦੇ ਤੇ ਆਪਣੀ ਫੁਲਵਾੜੀ ਨੂੰ ਵੇਲੇ ਕੇ ਵਿਗਸਦੇ।

ਇਸ ਵੇਲੇ ਭੁੰਝਗੀਆਂ ਦੀ ਗਿਣਤੀ ੫੦੦ ਦੇ ਕਰੀਬ ਸੀ। ਬੋਰਡਿੰਗ ਹਾਊਸ ਦੀ ੬੨੫ ਫੁਟ ਲੰਮੀ ਇਮਾਰਤ ਅਤੇ ਹਾਈ ਸਕੂਲ ਦੇ ਕਮਰੇ ਬਣਾਉਣ ਦੀ ਲੋੜ ਪ੍ਰਤੀਤ ਹੋਈ। ਇਹਨਾਂ ਦਾ ਨਕਸ਼ਾ ਸ: ਹੁਕਮ ਸਿੰਘ ਜੀ ਓਵਰਸੀਅਰ ਸੰਗਰੂਰ ਪਾਸੋਂ ਬਣਵਾ ਕੇ ਮਹਾਰਾਜ ਸਾਹਿਬ ਦੇ ਪੇਸ਼ ਕੀਤਾ। ਸੰਤ ਜੀ ਬੜੇ ਪ੍ਰਸੰਨ ਹੋਏ ਅਤੇ ਆਪਣੀ ਸਤਿਆ ਬਖ਼ਸ਼ ਕੇ ਬਣਾਉਣ ਦੀ ਆਗਿਆ ਕੀਤੀ। ਭਾਵੇਂ ਐਸਟੀਮੇਟ ਸਵਾ ਲੱਖ ਤੋਂ ਉੱਪਰ ਸੀ, ਦਾਸ ਨੇ ਕਮਰਕਸਾ ਕਰ ਲਿਆ ਤੇ ਇਹ ਸਾਰਾ ਕਾਰਜ ਦੋ ਸਾਲ ਦੇ ਅੰਦਰ-ਅੰਦਰ ਸਿਰੇ ਚੜ੍ਹ ਗਿਆ।

ਹੁਣ ਇਲਾਕੇ ਦੇ ਕੁਝ ਸੱਜਣ ਸੰਤ ਜੀ ਮਹਾਰਾਜ ਨੂੰ ਲੈਣ ਆ ਗਏ। ਕਈ ਜਗ੍ਹਾ ਬੜੇ ਭਾਰੀ ਦੀਵਾਨ ਸਜੇ ਅਤੇ ਹਜ਼ਾਰਾਂ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਅਕਾਲੀ ਚੰਨਣ ਸਿੰਘ ਜੀ ਸੋਟੇ ਵਾਲੇ ਦੱਸਦੇ ਹਨ ਕਿ ਇਸ ਦੌਰੇ ਵਿੱਚ ਇੱਕ ਜਗ੍ਹਾ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਸਾਧ-ਸੰਗਤ ਮਹਾਰਾਜ ਦੇ ਦੀਵਾਨ ਦਾ ਅਨੰਦ ਮਾਣ ਰਹੀ ਸੀ। ਸੰਤ ਜੀ ਮਹਾਰਾਜ ਗੁਰੂ ਮਹਾਰਾਜ ਦੇ

ਤਾਬੇ ਸਜੇ ਹੋਏ ਸਨ। ਕਈ ਆਪ ਸ਼ਬਦ ਦੀ ਝੜੀ ਬੰਨ ਦਿੰਦੇ ਸਨ ਅਤੇ ਕਦੀ ਵਾਰੋ-ਵਾਰੀ ਮਾਈ-ਭਾਈ ਪਾਸੋਂ ਸ਼ਬਦ ਪੜ੍ਹਾਉਂਦੇ ਸਨ। ਜਦ ਆਸਾ ਜੀ ਦੀ ਵਾਰ ਦਾ ਭੋਗ ਪਿਆ, ਤਦ ਸੰਤ ਸੁੰਦਰ ਸਿੰਘ ਜੀ ਹੱਥ ਜੋੜ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਖੜੇ ਹੋ ਗਏ। ਸੰਤ ਜੀ ਨੇ ਪੁੱਛਿਆ, "ਭਾਈ ਸੁੰਦਰ ਸਿੰਘ ਜੀ! ਕੀ ਗੱਲ ਹੈ?" ਇਹਨਾਂ ਨੇ ਬੇਨਤੀ ਕੀਤੀ, ਮਹਾਰਾਜ ਜੀ, ਸਾਧ ਸੰਗਤ ਨੇ ਦਾਸ ਨੂੰ ਆਸਾ ਜੀ ਦੀ ਵਾਰ ਦੇ ਮਗਰੋਂ ਕਥਾ ਦਾ ਸਮਾਂ ਬਖਸ਼ਿਆ ਹੋਇਆ ਸੀ। ਹੁਣ ਅਕਾਲੀ ਸਿੰਘ ਆਖਦੇ ਹਨ ਕਿ ਤੂੰ ਜਦ ਤੀਕਰ ਪੰਥ ਦੇ ਹੁਕਮ ਅਨੁਸਾਰ ਕਾਲੀ ਦਸਤਾਰ ਨਹੀਂ ਸਜਾਉਂਦਾ, ਤਦ ਤੀਕਰ ਤੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਨਹੀਂ ਬੈਠ ਸਕਦਾ।" ਗਿਆਨੀ ਜੀ ਦੀ ਇਹ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਨੇ ਬੜੇ ਰੰਗ ਵਿੱਚ ਆ ਕੇ ਪੁੱਛਿਆ, "ਸਾਧ ਸੰਗਤ ਜੀ! ਪੰਥ ਦਾ ਕੀ ਅਰਥ ਹੈ?" ਪਰ ਕੋਈ ਨਾ ਬੋਲਿਆ। ਫੇਰ ਸੰਤ ਜੀ ਮਹਾਰਾਜ ਨੇ ਦੋ ਵਾਰੀ ਹੋਰ ਇਹ ਸਵਾਲ ਉੱਚੀ ਆਵਾਜ਼ ਵਿੱਚ ਦੁਹਰਾਇਆ, ਪਰ ਕਿਸੇ ਨੇ ਉੱਤਰ ਨਾ ਦਿੱਤਾ। ਸਾਧ ਸੰਗਤ ਵਿੱਚੋਂ ਕੁਝ ਸਰੀਰਾਂ ਨੇ ਉੱਠ ਕੇ ਬੇਨਤੀ ਕੀਤੀ, "ਮਹਾਰਾਜ ਜੀ! ਇਸ ਦਾ ਅਰਥ ਤੁਸੀਂ ਹੀ ਦੱਸੋ।" ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਪੰਥ ਦਾ ਅਰਥ ਹੈ: ਰਸਤਾ (ਰਹਿਨੀ ਰਹੇ, ਸੋਈ ਸਿੱਖ ਮੇਰਾ)।"* ਇਹ ਆਖ ਫੇਰ ਭਾਈ ਸੁੰਦਰ ਸਿੰਘ ਜੀ ਬਿਰਕੱਤੀ ਵੱਲ ਦੇਖ ਕੇ ਆਖਿਆ, "ਭਾਈ ਬਹੁਤਿਆਂ ਦਾ ਆਖਿਆ ਮੰਨਣਾ ਹੀ ਚੰਗਾ ਹੈ। ਤੁਸੀਂ ਕਾਲਾ ਦਸਤਾਰਾ ਸਜਾ ਲਵੋ।" ਓਸੇ ਵੇਲੇ ਕਾਲਾ ਦਸਤਾਰਾ ਸਜਾ, ਓਹ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਆ ਗਏ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਮਹਾਂ ਵਾਕ ਦੀ ਕਥਾ ਕੀਤੀ।

ਕੁਝ ਚਿਰ ਮਗਰੋਂ ਲਾਇਲਪੁਰ ਦੀ ਸਾਧ ਸੰਗਤ ਨੇ ਫੇਰ ਗੁਰਮਤਾ ਕੀਤਾ ਕਿ ਸੰਤ ਜੀ ਮਹਾਰਾਜ ਨੂੰ ਜ਼ਰੂਰ ਇਸ ਸਮਾਗਮ 'ਤੇ ਲਿਆਵਣਾ ਹੈ। ਭਾਈ ਹਰੀ ਸਿੰਘ ਗ੍ਰੰਥੀ ਨੇ ਆਪਣੇ ਆਪ ਨੂੰ ਇਸ ਸੇਵਾ ਲਈ ਪੇਸ਼ ਕੀਤਾ ਅਤੇ ਕਮੇਟੀ ਨੇ ਇਹਨਾਂ ਦੀ ਸੇਵਾ ਮਨਜ਼ੂਰ ਕਰ ਲਈ। ਉਸੇ ਰਾਤ ਭਾਈ ਹਰੀ ਸਿੰਘ ਜੀ ਸੰਗਰੂਰ ਦਾ ਟਿਕਟ ਲੈ ਗੱਡੀ ਚੜ੍ਹ ਗਏ। ਜਦ ਗੱਡੀ ਧੂਰੀ ਅੱਪੜੀ, ਤਦ ਇੱਥੇ ਇਹਨਾਂ ਨੂੰ ਬੀਬੀ ਰਣਜੀਤ ਕੌਰ ਜੀ ਮਿਲ ਪਏ। ਉਹਨਾਂ ਨੇ ਦੱਸਿਆ ਕਿ ਸੰਤ ਜੀ ਮਹਾਰਾਜ ਕੁੱਪ ਸਟੇਸ਼ਨ ਤੋਂ ਦੋ ਕੁ ਮੀਲ ਦੇ ਫਾਸਲੇ 'ਤੇ, ਬਾਲੇਵਾਲ ਨਗਰ ਆਪਣੀ ਅਰਾਮ ਕਰਨ ਵਾਲੀ ਕੁਟੀਆ ਵਿੱਚ ਬਿਰਾਜਮਾਨ ਹਨ। ਇਹ ਸੁਣ ਭਾਈ ਹਰੀ ਸਿੰਘ ਜੀ ਪਿੱਛੋਂ, ਲੁਧਿਆਣਾ ਵਾਲੇ ਪਾਸੇ ਮੁੜ ਪਏ ਅਤੇ ਰਹਿਰਾਸ ਦੇ ਕੀਰਤਨ ਦੀ ਸਮਾਪਤੀ ਦੇ ਮਗਰੋਂ ਗੱਡੀਓਂ ਉੱਤਰ ਕੇ ਤਾਰਿਆਂ ਦੀ ਛਾਂਵੇਂ ਬਾਲੇਵਾਲ ਦੀ ਕੁਟੀਆ ਵਿੱਚ ਪੁੱਜ ਗਏ। ਆਪਣੇ ਚਿੱਤ ਵਿੱਚ ਭਾਈ ਹਰੀ ਸਿੰਘ ਜੀ ਨੇ ਇਹ ਠਾਣ ਲਿਆ ਕਿ ਜਦ ਤੀਕਰ ਸੰਤ ਜੀ ਮਹਾਰਾਜ ਲਾਇਲਪੁਰ ਜਾਣ ਲਈ ਇਹਨਾਂ ਦੇ ਹਿਰਦੇ ਦੀ ਤਾਰ ਬੁੱਝ ਕੇ ਆਪਣੇ-ਆਪ ਓਥੇ ਜਾਣ ਦੀ ਹਾਂ ਨਹੀਂ ਕਰਨਗੇ, ਇਹ ਪ੍ਰਸ਼ਾਦ ਨਹੀਂ ਛਕਣਗੇ। ਦੋ ਰਾਤਾਂ ਅਤੇ ਇੱਕ ਦਿਨ, ਭਾਈ ਹਰੀ ਸਿੰਘ ਜੀ ਕੀਰਤਨ ਵਿੱਚ ਅਤੇ ਕੋਠੀ ਵਿੱਚ, ਸਵੇਰ ਸ਼ਾਮ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਦੇ ਰਹੇ। ਪਰ ਨਾ ਹੀ ਆਪਣੇ ਮੂੰਹ ਤੋਂ ਸੰਤ ਜੀ ਮਹਾਰਾਜ ਨੂੰ ਕੋਈ ਅਰਜ਼ ਕੀਤੀ ਅਤੇ ਨਾ ਹੀ ਕਿਸੇ ਪਾਸੋਂ ਅਖਵਾਇਆ। ਆਪਣੇ ਹਠ ਦੇ ਪੱਕੇ, ਭੁੱਖੇ, ਚਾਹ ਪਾਣੀ ਛਕਣ ਦੇ ਬਗੈਰ, ਆਪਣੇ ਅੰਦਰ ਹੀ ਅੰਦਰ ਬੇਨਤੀ ਕਰਦੇ ਰਹੇ।

ਦੂਜੇ ਦਿਨ ਦੁਪਹਿਰ ਨੂੰ ਹੀ ਸਾਧ-ਸੰਗਤ ਨੇ ਸੰਤ ਜੀ ਮਹਾਰਾਜ ਅੱਗੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਜਿਹੜਾ ਪ੍ਰੇਮੀ ਲਾਇਲਪੁਰ ਤੋਂ ਆਇਆ ਹੈ, ਉਸ ਨੇ ਨਾ ਪ੍ਰਸ਼ਾਦ ਛਕਿਆ ਹੈ, ਨਾ ਜਲ-ਪਾਣੀ।" ਭਾਈ ਹਰੀ ਸਿੰਘ ਨੇ ਦੂਜੀ ਰਾਤ ਆਪਣੀ ਭੁੱਖ ਤ੍ਰੇਹ ਕੁਝ ਦੂਰ ਕਰਨ ਲਈ ਦਰੱਖਤਾਂ ਦੇ ਪੱਤੇ ਚਬ, ਗੁਜ਼ਾਰਾ ਕੀਤਾ। ਸਵੇਰ ਦੇ ਕੀਰਤਨ ਦੇ ਮਗਰੋਂ ਇਹ ਇੱਕ ਦਰਖਤ ਹੇਠਾਂ ਆਪਣੀ ਧੁਨ ਵਿੱਚ ਮਸਤ ਬੈਠੇ ਸਨ। ਸੰਤ ਜੀ ਮਹਾਰਾਜ ਨੇ ਬਚਨ ਕੀਤਾ, "ਗੁਰਮੁਖਾ! ਅੱਗੇ ਜੋ ਦੋ ਪ੍ਰੇਮੀ ਆਏ ਸਨ ਅਤੇ ਅਸਾਂ ਆਖਿਆ ਸੀ ਕਿ ਅਸਾਂ

* ਬਹੁ ਗਿਣਤੀ ਦਾ ਨਾਮ ਪੰਥ ਨਹੀਂ। ਜਿਹੜੇ ਸਤਿਗੁਰੂ ਕਲਗੀਆਂ ਵਾਲੇ ਦੇ ਦੱਸੇ ਹੋਏ ਰਸਤੇ 'ਤੇ ਚੱਲਦੇ ਹਨ, ਉਹ ਪੰਥ ਹਨ। 'ਰਹਿਨੀ ਰਹੇ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸਕਾ ਚੇਰਾ'।

ਨਹੀਂ ਜਾਣਾ, ਤੂੰ ਕਿਉਂ ਇੰਨਾ ਹਠ ਕਰ ਬੈਠਾ ਹੈਂ? ਅਸੀਂ ਨਹੀਂ ਜਾ ਸਕਦੇ।'' ਇਹ ਸੁਣ ਕੇ ਭਾਈ ਹਰੀ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, ''ਮਹਾਰਾਜ ਜੀ! ਜੇ ਤੁਸੀਂ ਨਾ ਜਾਓਗੇ, ਤਦ ਦਾਸ ਵੀ ਇੱਥੇ ਹੀ ਠਹਿਰਿਆ ਰਹੇਗਾ। ਸਿੱਖ ਲੀਗ ਦੇ ਮਗਰੋਂ ਚਲਿਆ ਜਾਵੇਗਾ।'' ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਤੂੰ ਤਾਂ ਡੇਰੇਦਾਰ ਹੈਂ, ਤੇਰੇ ਬਿਨਾਂ ਸੰਗਤ ਨੂੰ ਤਕਲੀਫ਼ ਹੋਵੇਗੀ।'' ਫੇਰ ਭਾਈ ਹਰੀ ਸਿੰਘ ਨੇ ਬੇਨਤੀ ਕੀਤੀ, ''ਮਹਾਰਾਜ ਜੀ! ਮੈਂ ਤਦੇ ਹੀ ਜਾ ਸਕਦਾ ਹਾਂ ਜੇ ਹਜ਼ੂਰ 'ਹਾਂ' ਕਰਨ।'' ਇਹ ਸੁਣ ਕੇ ਪ੍ਰੇਮੀ ਨੂੰ ਹਠ ਦਾ ਪੱਕਾ ਦੇਖ, ਸੰਤ ਜੀ ਮਹਾਰਾਜ ਨੇ ਆਖਿਆ, ''ਚੰਗਾ ਭਾਈ ਪ੍ਰੇਮੀਆਂ ਅਸੀਂ ਲੀਗ ਦੇ ਕੀਰਤਨ ਸਮੇਂ ਲਾਇਲਪੁਰ ਪਹੁੰਚ ਜਾਵਾਂਗੇ।'' ਭਾਈ ਹਰੀ ਸਿੰਘ ਦਾ ਚਿੱਤ ਖਿੜ ਗਿਆ ਅਤੇ ਇਨ੍ਹਾਂ ਦੇ ਭੁੱਖੇ ਤਿਹਾਏ ਸਰੀਰ ਵਿੱਚ ਖਾਸ ਅਨੰਦ ਦੀ ਲਹਿਰ ਉੱਠੀ; ਚਿਹਰੇ 'ਤੇ ਲਾਲੀਆਂ ਚੜ੍ਹ ਗਈਆਂ। ਓਸੇ ਵੇਲੇ ਸੰਤ ਜੀ ਮਹਾਰਾਜ ਦੇ ਸੇਵਾਦਾਰ ਨੂੰ ਜਥੇ ਸਮੇਤ ਸੰਤ ਜੀ ਮਹਾਰਾਜ ਦਾ ਕਿਰਾਇਆ ਹਾਜ਼ਰ ਕਰ ਦਿੱਤਾ। ਇਸ ਵੇਲੇ ਇਹਨਾਂ ਦੇ ਚਿੱਤ ਖਿਆਲ ਆਇਆ ਕਿ ਸ਼ਾਇਦ ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਨਹੀਂ ਪਹਿਚਾਣਿਆ ਅਤੇ ਸੰਤਪੁਰੇ ਦੇ ਖੂਹ ਦਾ ਇਸ਼ਨਾਨ ਭੁੱਲ ਗਏ ਹੋਵਣਗੇ। ਹੋਵੇ ਤਾਂ ਇਹ ਗੱਲ ਮਹਾਰਾਜ ਜੀ ਨੂੰ ਯਾਦ ਕਰਵਾ ਦੇਈਏ। ਅਜੇ ਭਾਈ ਹਰੀ ਸਿੰਘ ਇਹ ਸੋਚ ਹੀ ਰਹੇ ਸਨ ਕਿ ਸੰਤ ਜੀ ਮਹਾਰਾਜ ਨੇ ਆਪਣੇ ਮੁਖਾਰਬਿੰਦ ਤੋਂ ਬਚਨ ਕੀਤਾ, ''ਭਾਈ! ਤੁਹਾਡੇ ਇਸ਼ਨਾਨ ਯਾਦ ਹਨ, ਅਸੀਂ ਇਹ ਭੁੱਲ ਨਹੀਂ ਸਕਦੇ।'' ਇਹ ਸੁਣ ਕੇ ਭਾਈ ਹਰੀ ਸਿੰਘ ਬੜੇ ਗਦ-ਗਦ ਹੋਏ। ਪ੍ਰਸ਼ਾਦ ਛਕ, ਆਪਣਾ ਪ੍ਰਣ ਸਿਰੇ ਚਾੜ੍ਹ, ਕੁੱਪ ਸਟੇਸ਼ਨ ਤੋਂ ਰਾਤ ਦੀ ਗੱਡੀ ਲਾਇਲਪੁਰ ਵੱਲ ਤੁਰ ਪਏ।

ਸਿੱਖ ਲੀਗ ਦੀ ਤਰਫੋਂ ਭਾਈ ਹਰੀ ਸਿੰਘ ਸੰਤ ਜੀ ਮਹਾਰਾਜ ਪਾਸੋਂ ਵਕਤ ਲੈ ਲਾਇਲਪੁਰ ਪੁੱਜੇ ਤੇ ਸਾਰੀ ਵਿੱਥਿਆ ਸਾਧ ਸੰਗਤ ਨੂੰ ਜਾ ਸੁਣਾਈ। ਸੰਗਤ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਅੱਗੇ ਵੀ ਮਾਈ-ਭਾਈ ਸੰਤ ਜੀ ਮਹਾਰਾਜ ਦੇ ਦਰਸ਼ਨ ਦਾ ਲਾਭ ਲੈ ਚੁੱਕੇ ਸਨ, ਪਰ ਇਸ ਸਮੇਂ ਖਾਸ ਦਰਸ਼ਨ ਦੇਣ ਵਿੱਚ ਕੁਝ ਹੋਰ ਰੰਗ ਸੀ। ਲੀਗ ਦੇ ਸੈਸ਼ਨ ਤੋਂ ਦੋ ਦਿਨ ਪਹਿਲਾਂ ਸੰਤ ਜੀ ਮਹਾਰਾਜ ਲਾਇਲਪੁਰ ਪੁੱਜ ਗਏ। ਸੰਤਪੁਰੇ ਤੋਂ ਕੋਈ ਥੋੜ੍ਹੀ ਦੂਰ ਅੱਗੇ ਇੱਕ ਕੋਠੀ ਵਿੱਚ ਆਸਣ ਕੀਤਾ। ਲੀਗ ਦਾ ਧਾਰਮਿਕ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਦੇ ਬਾਹਰਲੇ ਵਿਹੜੇ ਵਿੱਚ ਸਜਿਆ। ਨਿਸ਼ਾਨ ਸਾਹਿਬ ਦੇ ਪਾਸ ਡਾਇਸ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਸੰਤ ਜੀ ਮਹਾਰਾਜ ਤਾਬੇ ਸਜੇ ਹੋਏ ਸਨ। ਕੀਰਤਨੀ ਜਥੇ ਤੇ ਖਾਸ ਪਤਵੰਤੇ, ਸੱਜੇ ਖੱਬੇ ਡਾਇਸ 'ਤੇ ਸਜੇ ਹੋਏ ਸਨ। ਸਾਰਾ ਵਿਹੜਾ, ਗੁਰਦੁਆਰੇ ਸਾਹਿਬ ਦਾ ਬਰਾਂਡਾ, ਕਮਾਨਾਂ ਦੀਆਂ ਛੱਤਾਂ ਮਾਈ-ਭਾਈ ਨਾਲ ਭਰਪੂਰ ਸਨ। ਆਸਾ ਜੀ ਦੀ ਵਾਰ ਦੇ ੧੨ ਸਲੋਕਾਂ ਦਾ ਰਾਗੀ ਸਿੰਘਾਂ ਨੇ ਕੀਰਤਨ ਕੀਤਾ। ਫੇਰ ਸੰਤ ਜੀ ਮਹਾਰਾਜ ਨੇ ਗੁਰਬਾਣੀ ਦਾ ਹੜ੍ਹ ਚਲਾ ਦਿੱਤਾ। ਪਹਿਲੇ ਆਪ ਪੜ੍ਹਦੇ, ਫੇਰ ਪ੍ਰੇਮੀ ਤੇ ਫੇਰ ਬੀਬੀਆਂ ਸਾਰੇ ਦੇ ਸਾਰੇ ਸ਼ਬਦ ਦੀ ਕਾਰ ਵਿੱਚ ਲੱਗ ਗਏ; ਤੇ ਸਭ ਗੱਲਬਾਤ, ਸ਼ੋਰ-ਸ਼ਰਾਬੇ ਦਾ ਭੋਗ ਪੈ ਗਿਆ। ਚੁੱਪ ਕਰਾਣ ਵਾਲੇ ਪਹਿਰੇਦਾਰਾਂ ਨੂੰ ਵੀ ਇੱਕ-ਰਸ ਬਾਣੀ ਪੜ੍ਹਨ ਸੁਣਨ ਦਾ ਅਵਸਰ ਮਿਲ ਗਿਆ। ਸਾਰਾ ਮਹਾਂ-ਅਕਾਸ਼ ਸ਼ਬਦ ਦੇ ਇਲਾਹੀ ਰੌਂ ਨਾਲ ਭਰ ਗਿਆ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ ਹਰੀ ਕਥਾ ਹੋਈ ਤੇ ਭੋਗ ਪੈ ਗਿਆ। ਸੰਤ ਜੀ ਮਹਾਰਾਜ ਆਪਣੇ ਆਸਣ 'ਤੇ ਆ ਗਏ। ਸਾਧ-ਸੰਗਤ ਲੰਗਰ ਵਿੱਚ ਪ੍ਰਸ਼ਾਦ ਛਕ, ਲੀਗ ਦੇ ਸੈਸ਼ਨ ਵਾਸਤੇ ਤਿਆਰ ਹੋ ਗਈ। ਪਹਿਲੇ ਦਿਨ ਤਾਂ ਸੰਤ ਜੀ ਮਹਾਰਾਜ ਲੀਗ ਦੇ ਪੰਡਾਲ ਵਿੱਚ ਨਾ ਗਏ। ਦੂਜੇ ਦਿਨ ਸਰਦਾਰ ਹਰਚੰਦ ਸਿੰਘ ਤੇ ਹੋਰ ਕਈ ਪਤਵੰਤੇ ਸੰਤ ਜੀ ਮਹਾਰਾਜ ਪਾਸ ਆਏ ਤੇ ਲੀਗ ਵਿੱਚ ਥੋੜ੍ਹਾ ਚਿਰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸਾਧ ਸੰਗਤ ਦੀ ਬੇਨਤੀ ਪ੍ਰਵਾਨ ਕਰ ਕੇ ਘੰਟੇ ਕੁ ਲਈ ਸੰਤ ਜੀ ਮਹਾਰਾਜ ਸੈਸ਼ਨ ਵਿੱਚ ਗਏ। ਦਰਵਾਜ਼ੇ ਵਿੱਚ ਵੜਦੇ ਹੀ ਸਾਰੀ ਸੰਗਤ ਪੈਰਾਂ 'ਤੇ ਖੜ੍ਹੀ ਹੋ ਗਈ ਅਤੇ ਆਸਮਾਨ ਜੈਕਾਰਿਆਂ ਨਾਲ ਗੂੰਜ

ਉੱਠਿਆ। ਇਹਨਾਂ ਦਿਨਾਂ ਵਿੱਚ ਖ਼ਾਲਸੇ ਜੀ ਜੋਸ਼ ਦੀ ਲਹਿਰ, ਟੀਸੀ 'ਤੇ ਪੁੱਜੀ ਹੋਈ ਸੀ। ਸਭ ਦੇ ਹਿਰਦਿਆਂ ਵਿੱਚ ਦੇਸ਼ ਭਗਤੀ, ਖ਼ਾਲਸੇ ਜੀ ਦੀ ਸ਼ਾਨ ਕਾਇਮ ਰੱਖਣ ਹਿੱਤ ਕੁਰਬਾਨੀ ਦੀ ਰੌਂ ਪੂਰੇ ਜ਼ੋਰਾਂ ਤੇ ਸੀ। ਇਸ ਉਤਸ਼ਾਹ ਭਰੇ ਸਮੇਂ 'ਤੇ ਸੰਤ ਜੀ ਮਹਾਰਾਜ ਨੇ ਦਰਸ਼ਨ ਦੇ ਕੇ ਨਾਮ ਅਤੇ ਪ੍ਰੇਮ ਦੀ ਰੰਗਣ ਚਾੜ੍ਹ ਦਿੱਤੀ। ਸਾਰੀ ਸਾਧ ਸੰਗਤ ਨੂੰ ਬੜੀ ਉੱਚੀ ਸੁਰ ਵਿੱਚ ਸ਼ਬਦ ਪੜ੍ਹਾਇਆ ਅਤੇ ਕੁਝ ਚਿਰ ਬੈਠ ਕੇ ਪੰਥ ਦੇ ਮਤਿਆਂ ਨੂੰ ਆਪਣੀ ਸਤਿਆ ਦੇ ਕੇ ਅਰਾਮ ਲਈ ਵਾਪਸ ਆ ਗਏ।

ਲੀਗ ਦੇ ਸੈਸ਼ਨ ਮਗਰੋਂ ਕੁਝ ਦਿਨ ਸੰਤ ਜੀ ਮਹਾਰਾਜ ਲਾਇਲਪੁਰ ਦੀਆਂ ਸੰਗਤਾਂ ਦਾ ਪ੍ਰੇਮ ਪੂਰਾ ਕਰਦੇ ਰਹੇ। ਫੇਰ ਰਸਤੇ ਦੀਆਂ ਕਈ ਸੰਗਤਾਂ ਨੂੰ ਨਿਹਾਲ ਕਰ, ਗੁਰਸਾਗਰ ਸਾਹਿਬ ਮਸਤੂਆਣੇ ਆ ਗਏ।

ਕਾਂਡ ੪੪

ਸੋਰਠਿ ਮਹਲਾ ੫ ਘਰੁ ੨ ਚਉਪਦੇ
ੴ ਸਤਿਗੁਰ ਪ੍ਰਸਾਦਿ ॥
ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥
ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ਰਹਾਉ॥
ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥
ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥
ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥
ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥
ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥
ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥ (੬੧੧)

ਭਾਈ ਧਰਮ ਸਿੰਘ ਸਰਬਰਾਹ ਹਜ਼ੂਰ ਸਾਹਿਬ ਦਾ ਸੰਤਾਂ ਦੇ ਦਰਸ਼ਨ ਕਰਨਾ

ਜਿਸ ਵੇਲੇ ਸੰਤ ਜੀ ਮਹਾਰਾਜ, ਮਹਾਰਾਜ ਰਿਪੁਦਮਨ ਸਿੰਘ ਸਾਹਿਬ ਦੇ ਲੜਕੇ ਨੂੰ ਅੰਮ੍ਰਿਤ ਛਕਾਉਣ ਵਾਸਤੇ ਨਾਭੇ ਗਏ ਤੇ ਸਤਿਗੁਰੂ ਦੀ ਕ੍ਰਿਪਾ ਦੁਆਰਾ ਅਕਾਲ ਗੁਰਸਾਗਰ ਸਾਹਿਬ ਦਾ ਗੁਰਮਤਾ ਸਿਰੇ ਚੜ੍ਹਿਆ, ਉਦੋਂ ਸ: ਧਰਮ ਸਿੰਘ ਜੀ ਸਰਬਰਾਹ ਹਜ਼ੂਰ ਸਾਹਿਬ ਵੀ ਇੱਥੇ ਆਏ। ਉਹਨਾਂ ਦੀ ਸਾਖੀ ਉਹਨਾਂ ਦੀ ਆਪਣੀ ਜ਼ਬਾਨੀ ਹੇਠਾਂ ਦਰਜ ਹੈ:

ਜਦ ਮਹਾਰਾਜ ਸਾਹਿਬ ਰਿਪੁਦਮਨ ਸਿੰਘ ਦੇ ਘਰ ਟਿਕਾ ਪੈਦਾ ਹੋਇਆ, ਦਾਸ ਹਜ਼ੂਰ ਸਾਹਿਬ ਦਾ ਪ੍ਰਸ਼ਾਦ ਤੇ ਸਿਰੋਪਾ ਲੈ ਕੇ ਨਾਭੇ ਗਿਆ। ਉਹਨਾਂ ਦਿਨਾਂ ਵਿੱਚ ਸ੍ਰੀ ਹਜ਼ੂਰ ਮਹਾਰਾਜ ਮਹਾਂਪੁਰਖ ਸ੍ਰੀ ਸੰਤ ਅਤਰ ਸਿੰਘ ਸਾਹਿਬ ਜਥੇ ਸਮੇਤ ਨਾਭੇ ਆਏ ਹੋਏ ਸਨ ਤੇ ਸਰਕਾਰੀ ਰੱਖ ਵਿੱਚ ਡੇਰਾ ਸੀ। ਦਾਸ ਦਰਸ਼ਨ ਕਰਨ ਲਈ ਗਿਆ। ਜਦ ਚਰਨਾਂ 'ਤੇ ਸਿਰ ਰੱਖ ਨਮਸਕਾਰ ਕੀਤੀ, ਤਦ ਦਾਸ ਦੇ ਸਰੀਰ ਵਿੱਚ ਬਿਜਲੀ ਵਤ ਝਟਕਾ ਲੱਗਾ ਤੇ ਸਾਰੇ ਸਰੀਰ ਵਿੱਚ ਝਰਨਾਹਟ ਚੱਲ ਪਈ। ਮੇਰੇ ਨਾਲ ਮੇਰੇ ਹਮ-ਨਾਮ, ਭਾਈ ਧਰਮ ਸਿੰਘ ਜੀ ਰਿਆਸਤ ਨਾਭੇ ਦੇ ਅਫਸਰ ਵੀ ਸਨ। ਸੰਤ ਜੀ ਮਹਾਰਾਜ ਨੇ ਚੋਖੇ ਚਿਰ ਤੀਕਰ ਹਜ਼ੂਰ ਸਾਹਿਬ ਦੀ ਬਾਬਤ ਪੁੱਛ-ਗਿੱਛ ਕੀਤੀ ਤੇ ਆਪਣੇ ਬੰਦਾ ਘਾਟ ਦੇ ਤਪ-ਅਸਥਾਨ ਦਾ ਵੀ ਜ਼ਿਕਰ ਕੀਤਾ। ਦੂਜੇ ਦਿਨ ਫੇਰ ਦਰਸ਼ਨ ਕਰਨ ਲਈ ਗਿਆ। ਦਾਸ ਨੇ ਹਜ਼ੂਰ ਸਾਹਿਬ ਦੀ ਸੇਵਾ ਲਈ ਛੇਤੀ ਜਾਣਾ ਸੀ, ਪਰ ਹਜ਼ੂਰ ਸਾਹਿਬ ਦਾ ਪ੍ਰਸ਼ਾਦ ਤੇ ਸਿਰੋਪਾਉ ਪੇਸ਼ ਕਰਨ ਦਾ ਸਮਾਂ ਛੇਤੀ ਮਿਲਦਾ ਨਜ਼ਰ ਨਹੀਂ ਸੀ ਆਉਂਦਾ। ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ। ਕ੍ਰਿਪਾਲੂ ਸੰਤ ਜੀ ਨੇ ਬੜੇ ਪ੍ਰੇਮ ਨਾਲ ਪੁੱਛਿਆ ਕਿ ਸਿਰੋਪਾਉ ਪੇਸ਼ ਕਰ ਕੇ, ਹਜ਼ੂਰ ਸਾਹਿਬ ਕਿਹੜੀ ਸੇਵਾ ਕਰਾਉਣਾ ਚਾਹੁੰਦੇ ਹੋ? ਦਾਸ ਨੇ ਬੇਨਤੀ ਕੀਤੀ ਕਿ ਸਤਿਗੁਰੂ ਨੇ ਮਹਾਰਾਜ ਸਾਹਿਬ ਦਾ ਘਰ ਟਿਕਾ ਭੇਜ ਕੇ ਰੌਸ਼ਨ ਕੀਤਾ ਹੈ। ਹੁਣ ਮਹਾਰਾਜਾ ਸਾਹਿਬ ਦਾ ਫਰਜ਼ ਹੈ ਕਿ ਸਤਿਗੁਰੂ ਦੇ ਘਰ ਵਿੱਚ ਬਿਜਲੀ

ਦੀ ਰੌਸ਼ਨੀ ਦਾ ਪ੍ਰਕਾਸ਼ ਕਰਾਉਣ ਨਾਲ ਹੀ ਗੁਰੂ ਕਲਗੀਆਂ ਵਾਲੇ ਸਾਹਿਬ ਦੀ ਸਵਾਰੀ ਦਾ ਵੱਡਾ ਕੋਤਲ ਬੁੱਢਾ ਹੋ ਗਿਆ ਹੈ ਤੇ ਹੁਣ ਸਵਾਰੀ ਦੇ ਲਾਇਕ ਨਹੀਂ ਰਿਹਾ। ਅੱਗੇ ਵੀ ਇਹ ਘੋੜਾ ਇਸ ਰਿਆਸਤ ਵੱਲੋਂ ਭੇਜਿਆ ਗਿਆ ਸੀ। ਹੁਣ ਫੇਰ ਇੱਕ ਵਧੀਆ ਕੋਤਲ ਸੱਚੇ ਪਾਤਸ਼ਾਹ ਦੀ ਭੇਟਾ ਕੀਤਾ ਜਾਵੇ। ਸੰਤ ਜੀ ਮਹਾਰਾਜ ਨੇ ਇਹ ਦੋਵੇਂ ਗੱਲਾਂ ਬੜੀਆਂ ਪਸੰਦ ਕੀਤੀਆਂ ਤੇ ਗੁਰਮੁਖੀ ਅੱਖਰਾਂ ਵਿੱਚ ਇੱਕ ਚਿੱਠੀ ਮਹਾਰਾਜ ਸਾਹਿਬ ਦੇ ਨਾਉਂ ਲਿਖ ਕੇ ਬਖਸ਼ੀ। ਦਾਸ ਨੇ ਚਿੱਠੀ ਮਹਾਰਾਜ ਸਾਹਿਬ ਦੇ ਪਾਸ ਪਹੁੰਚਾ ਦਿੱਤੀ। ਓਸੇ ਸ਼ਾਮ ਦੇ ੭ ਵਜੇ ਮਹਾਰਾਜਾ ਰਿਪੁਦਮਨ ਸਿੰਘ ਨੇ ਦਾਸ ਨੂੰ ਖਾਸ ਤੌਰ 'ਤੇ ਮਿਲਣ ਵਾਸਤੇ ਬੁਲਾਇਆ। ਪ੍ਰਸ਼ਾਦ ਤੇ ਸਿਰੋਪਾਉ ਪੇਸ਼ ਕੀਤਾ। ਮਹਾਰਾਜਾ ਸਾਹਿਬ, ਟਿਕਾ ਸਾਹਿਬ ਨੂੰ ਆਪ ਜਾ ਕੇ ਲੈ ਆਏ ਤੇ ਦਾਸ ਦੀ ਗੋਦੀ ਵਿੱਚ ਬਿਠਾ ਦਿੱਤਾ ਅਤੇ ਦਾਸ ਦੀ ਹੱਥੀਂ ਹਜ਼ੂਰ ਸਾਹਿਬ ਦਾ ਸਿਰੋਪਾਉ ਪਹਿਨਾਇਆ। ਸੰਤ ਜੀ ਮਹਾਰਾਜ ਦੇ ਹੁਕਮ ਅਨੁਸਾਰ ਮਹਾਰਾਜ ਸਾਹਿਬ ਨੇ ਕੋਤਲ ਭੇਜਣ ਅਤੇ ਬਿਜਲੀ ਲਵਾਉਣ ਦੀ ਸੇਵਾ ਪ੍ਰਵਾਨ ਕੀਤੀ। ਪੰਜ ਹਜ਼ਾਰ ਰੁਪਿਆ ਫੌਰਨ ਬਿਜਲੀ ਵਾਸਤੇ ਦੇ ਦਿੱਤਾ ਤੇ ਤਿੰਨ ਹਜ਼ਾਰ ਖ਼ਰਚ ਕੇ ਕੋਤਲ ਪਹੁੰਚਾਇਆ। ਬਿਜਲੀ ਦਾ ਬਾਕੀ ੪੫ ਹਜ਼ਾਰ ਰੁਪਿਆ ਕੁਝ ਚਿਰ ਮਗਰੋਂ ਪੁੱਜ ਗਿਆ। ਇਹ ਸੰਤ ਜੀ ਮਹਾਰਾਜ ਦੀ ਕ੍ਰਿਪਾ ਸੀ ਕਿ ਇਹ ਦੋਵੇਂ ਸੇਵਾਵਾਂ ਸੁਖੈਨ ਹੀ ਸਿਰੇ ਚੜ੍ਹ ਗਈਆਂ।

ਜਦ ਦਾਸ ਨਾਭੇ ਤੋਂ ਤੁਰਨ ਲੱਗਾ ਤਾਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਾਡੀ ਮਾਤਾ ਜੀ ਦੇ ਚਿੱਤ ਵਿੱਚ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਹੈ, ਤੁਸੀਂ ਹਜ਼ੂਰ ਸਾਹਿਬ ਜਾ ਕੇ ਦਰਸ਼ਨ-ਮੇਲੇ ਦਾ ਕੋਈ ਸੋਹਣਾ ਮੌਕਾ ਲਿਖ ਭੇਜਣਾ। ਕੁਝ ਚਿਰ ਮਗਰੋਂ ਦਾਸ ਨੇ ਚਿੱਠੀ ਪਾ ਦਿੱਤੀ ਅਤੇ ਸੰਤ ਜੀ ਮਹਾਰਾਜ ਨੇ ਆਪਣੀ ਮਾਤਾ ਜੀ ਨੂੰ ਹਜ਼ੂਰ ਸਾਹਿਬ ਦੇ ਦਰਸ਼ਨ ਲਈ ਭੇਜ ਦਿੱਤਾ। ਦਾਸ ਸਟੇਸ਼ਨ ਤੋਂ ਉੱਤਰਦਿਆਂ ਹੀ ਮਾਤਾ ਜੀ ਨੂੰ ਆਪਣੇ ਨਾਲ ਲੈ ਗਿਆ। ਡੇਰਾ ਚੰਗੀ ਥਾਂ ਕਰਵਾਇਆ ਤੇ ਫੇਰ ਦਰਸ਼ਨ ਲਈ ਗੁਰਦੁਆਰਾ ਸਾਹਿਬ ਲੈ ਗਿਆ। ਮਾਤਾ ਜੀ ਬੜੇ ਗਦ-ਗਦ ਹੋਏ ਅਤੇ ਸੱਚੇ ਪਾਤਸ਼ਾਹ ਦੀ ਚਰਨ-ਧੂੜ ਆਪਣੇ ਮੁਖ, ਮਸਤਕ ਤੇ ਲਾਈ। ਤੁਰਨ ਵੇਲੇ ਮਾਤਾ ਜੀ ਨੂੰ ਸਿਰੋਪਾਉ ਬਖਸ਼ਿਆ ਗਿਆ ਅਤੇ ਮਾਤਾ ਜੀ ਬੜੇ ਪ੍ਰਸੰਨ ਹੋ ਕੇ ਆਏ।

ਜਨਵਰੀ ੧੯੨੧ ਵਿੱਚ ਫੇਰ ਦਾਸ ਹਜ਼ੂਰ ਸਾਹਿਬ ਤੋਂ ਛੁੱਟੀ 'ਤੇ ਗਿਆ। ਦਰਸ਼ਨਾਂ ਦੀ ਖਿੱਚ ਹੋਈ। ਰਸਤੇ ਵਿੱਚੋਂ ਹੀ ਰਾਜਪੁਰੇ ਤੋਂ ਗੱਡੀ ਬਦਲ ਕੇ ਗੁਰਸਾਗਰ ਸਾਹਿਬ ਮਸਤੂਆਣੇ ਵੱਲ ਟੁਰ ਪਿਆ ਤੇ ਸੰਗਰੂਰ ਸਟੇਸ਼ਨ 'ਤੇ ਜਾ ਉੱਤਰਿਆ। ਇੱਥੇ ਸ: ਗੋਬਿੰਦ ਸਿੰਘ ਰਈਸ ਦੀ ਜ਼ਬਾਨੀ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਸੰਗਰੂਰ ਵਿੱਚ ਹੀ ਮਹਾਰਾਜਾ ਸਾਹਿਬ ਦੀ ਦਰਬਾਰ ਕੋਠੀ ਵਿੱਚ ਉੱਤਰੇ ਹੋਏ ਹਨ ਤੇ ਦੋ ਵਕਤ ਦੀਵਾਨ ਲੱਗਦੇ ਹਨ। ਦੋ ਦਿਨ ਰਹਿ ਕੇ ਤੇ ਪਵਿੱਤਰ ਦਰਸ਼ਨ ਕਰਕੇ ਆਪਣੀ ਤ੍ਰਿਖਾ ਬੁਝਾਈ। ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਗੁਰਸਾਗਰ ਸਾਹਿਬ ਮਸਤੂਆਣੇ ਦੇ ਦਰਸ਼ਨ ਵੀ ਕਰ ਆਓ। ਰਿਆਸਤ ਵੱਲੋਂ ਸਵਾਰੀ ਦਾ ਪ੍ਰਬੰਧ ਵੀ ਕਰ ਦਿੱਤਾ ਅਤੇ ਦੋ ਸੇਵਕ ਵੀ ਨਾਲ ਭੇਜੇ। ਭਾਈ ਗੁਲਾਬ ਸਿੰਘ ਜੀ ਤੇ ਇੱਕ ਬਿਰਧ ਬਾਬੇ, ਹਕੀਮ ਕ੍ਰਿਸ਼ਨ ਸਿੰਘ ਨੇ ਬੜੇ ਪ੍ਰੇਮ ਨਾਲ ਦਾਸ ਨੂੰ ਗੁਰਸਾਗਰ ਸਾਹਿਬ ਦੇ ਦਰਸ਼ਨ ਕਰਾਏ। ਇਹ ਯਾਤਰਾ ਕਰ ਕੇ ਦਾਸ ਸੰਗਰੂਰ ਪੁੱਜਾ ਤੇ ਸੰਤ ਜੀ ਮਹਾਰਾਜ ਦੀ ਆਗਿਆ ਲੈ ਕੇ ਘਰ ਆਇਆ।

ਮਾਤਾ ਜੀ ਦਾ ਹੁਕਮ ਮੰਨ ਜੀਵਨ ਮੁਕਤ ਹੋਣਾ

ਇੱਥੇ ਅਸੀਂ ਪਾਠਕ ਜੀ ਨੂੰ ਸੰਤ ਜੀ ਮਹਾਰਾਜ ਦੀ ਮਾਤਾ ਭੋਲੀ ਜੀ ਦੇ ਚਰਨਾਂ ਵਿੱਚ ਹਾਜ਼ਰ ਕਰਦੇ ਹਾਂ। ਪਿੱਛੇ ਦਾਸ ਵਰਣਨ ਕਰ ਚੁੱਕਾ ਹੈ ਕਿ ਅਕਾਲ ਕਾਲਜ ਦੀ ਇਮਾਰਤ ਬਣਨ ਸਮੇਂ ਸੰਤ ਜੀ ਮਹਾਰਾਜ ਨੇ ਆਪਣੀ ਮਾਤਾ ਜੀ ਦੀ ਨਵੀਂ ਬਣਾਈ ਚੌਬਾਰੇ ਵਾਲੀ ਕੋਠੀ ਰਾਤੋਂ-ਰਾਤ ਢੁਆ ਦਿੱਤੀ ਸੀ। ਇਹ ਕੁਟੀਆ

ਕਾਲਜ ਦੀ ਲਾਈਨ ਵਿੱਚ ਆ ਗਈ। ਓਸ ਵੇਲੇ ਤਾਂ ਮਾਤਾ ਜੀ ਇੱਕ ਹੋਰ ਕੁਟੀਆ ਵਿੱਚ ਜਾ ਬਿਰਾਜੇ, ਪਰ ਜਦ ਦਾਸ ਨੇ ਅਕਾਲ ਕਾਲਜ ਗੁਰਸਾਗਰ ਸਾਹਿਬ ਦੀ ਟਹਿਲ ਸੰਭਾਲੀ, ਤਦ ਪਹਿਲੀ ਇਮਾਰਤ ਦੀ ਸੇਵਾ, ਮਾਤਾ ਜੀ ਲਈ ਇੱਕ ਨਵੀਂ ਦੋ-ਛੱਤੀ ਕੁਟੀਆ ਬਨਾਉਣਾ ਸੀ। ਇਸ ਕੁਟੀਆ ਦੇ ਦੋ ਕਮਰੇ, ਇੱਕ ਵੱਡਾ ਦਾਲਾਨ, ਦੋ ਚੌਬਾਰੇ ਅਤੇ ਇੱਕ ਵਿਹੜਾ ਸੀ। ਵਿਹੜੇ ਵਿੱਚ ਇਸ਼ਨਾਨ ਪਾਣੀ ਲਈ ਨਲਕਾ ਅਤੇ ਕੁੰਡ ਬਣਾਏ ਹੋਏ ਸਨ। ਕੁਟੀਆ ਦੇ ਬਣਨ 'ਤੇ ਮਾਤਾ ਜੀ ਬੜੇ ਪ੍ਰਸੰਨ ਹੋਏ ਅਤੇ ਇਸ ਵਿੱਚ ਜਾ ਨਿਵਾਸ ਕੀਤਾ। ਕੁਝ ਚਿਰ ਮਗਰੋਂ ਮਾਤਾ ਜੀ ਦੀ ਲੱਤ 'ਤੇ ਨਾਰਵਾ (ਭਿਆਨਕ ਫੋੜਾ) ਨਿਕਲ ਪਿਆ ਅਤੇ ਇਹ ਮੰਜੀ ਤੋਂ ਉੱਠਣ ਜੋਗੇ ਨਾ ਰਹੇ।

ਇਸ ਤੋਂ ਠੀਕ ਦੋ ਵਰ੍ਹੇ ਪਹਿਲਾਂ ਮਾਤਾ ਜੀ ਬੜੇ ਬਿਮਾਰ ਹੋ ਗਏ ਸਨ। ਸਰੀਰ ਦੇ ਬਚਣ ਦੀ ਕੋਈ ਆਸ ਨਹੀਂ ਸੀ ਜਾਪਦੀ। ਸੰਤ ਜੀ ਮਹਾਰਾਜ ਵੀ ਗੁਰਸਾਗਰ ਸਾਹਿਬ ਸਨ, ਪਰ ਇਹ ਮਾਤਾ ਜੀ ਪਾਸ ਨਾ ਗਏ। ਸਾਧ ਸੰਗਤ ਵਿੱਚੋਂ ਇੱਕ ਪ੍ਰੇਮੀ ਨੇ ਮਹਾਰਾਜ ਜੀ ਪਾਸ ਆ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮਾਤਾ ਜੀ ਬੜੇ ਬਿਮਾਰ ਹਨ, ਸਰੀਰ ਅੱਜ-ਕੱਲ੍ਹ ਦਾ ਪ੍ਰਾਹੁਣਾ ਹੈ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਮਾਤਾ ਜੀ ਨੂੰ ਕੋਈ ਖ਼ਤਰਾ ਨਹੀਂ, ਇਹ ਦੋ ਸਾਲ ਹੋਰ ਜਿਊਣਗੇ। ਇਹਨਾਂ ਦਾ ਇੱਕ ਜਨਮ ਹੋਰ ਬਾਕੀ ਹੈ, ਫੇਰ ਜੀਵਨ ਮੁਕਤ ਹੋ ਜਾਣਗੇ।"

ਜਿਸ ਸਮੇਂ ਮਾਤਾ ਜੀ ਦੇ ਗੋਡੇ ਦੇ ਜੋੜ ਕੋਲ ਨਾਰਵਾ ਨਿਕਲਿਆ, ਓਸ ਵੇਲੇ ਸੰਤ ਜੀ ਮਹਾਰਾਜ ਦੇ ਉੱਪਰ ਲਿਖੇ ਬਚਨ ਕੀਤਿਆਂ ਦੋ ਵਰ੍ਹੇ ਪੂਰੇ ਹੋਣ ਵਾਲੇ ਸਨ। ਪ੍ਰੇਮੀਆਂ ਦੇ ਦਿਲ ਵਿੱਚ ਇਹ ਸੰਕਲਪ ਪੈਦਾ ਹੋ ਗਿਆ ਕਿ ਹੁਣ ਮਾਤਾ ਜੀ ਦੇ ਦੋ ਸਾਲ ਪੂਰੇ ਹੋਣ ਵਾਲੇ ਹਨ ਅਤੇ ਸਰੀਰ ਸਾਧ ਬਚਨ ਅਨੁਸਾਰ ਬੀਤਣ ਵਾਲਾ ਹੈ। ਕੁਦਰਤੀ, ਇਹਨਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਸੰਗਰੂਰ ਆ ਗਏ। ਇੱਕ ਦਿਨ ਅਛੋਪ ਹੀ, ਆਸਾ ਜੀ ਦੀ ਵਾਰ ਦੇ ਭੋਗ ਮਗਰੋਂ, ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਵੱਲ ਪੈਦਲ ਤੁਰ ਪਏ ਅਤੇ ੯ ਕੁ ਵਜੇ ਮਾਤਾ ਜੀ ਦੇ ਬੁੰਗੇ ਵਿੱਚ ਆ ਗਏ। ਮੱਥਾ ਟੇਕ ਮਾਤਾ ਜੀ ਦੀ ਪਵਾਂਦੀ ਬਹਿ ਗਏ। ਸਾਰੇ ਪ੍ਰੇਮੀਆਂ ਨੂੰ ਬਾਹਰ ਕੱਢ ਦਿੱਤਾ ਅਤੇ ਮਾਤਾ ਜੀ ਨੂੰ ਜੀਵਨ ਮੁਕਤ ਹੋਣ ਦੀ ਰਮਜ਼ ਸਮਝਾ, ਉਸ ਦੀ ਪੰਥ (ਜੁਗਤ) ਦੱਸ, ਉਸੇ ਵੇਲੇ ਸੰਗਰੂਰ ਮੁੜ ਗਏ।

ਮਾਤਾ ਜੀ ਦਾ ਦਾਸ ਨਾਲ ਬੜਾ ਹੀ ਪ੍ਰੇਮ ਸੀ। ਉਹ ਦਾਸ ਨੂੰ ਸਦਾ ਪੁੱਤ ਕਹਿ ਕੇ ਬੁਲਾਉਂਦੇ ਅਤੇ ਕਈ ਵਾਰ ਪ੍ਰੇਮ ਨਾਲ ਕੰਡ 'ਤੇ ਹੱਥ ਫੇਰ ਕੇ ਆਖਦੇ, "ਪੁੱਤ! ਤੂੰ ਸੰਤਾਂ ਦੀ ਬੜੀ ਸੇਵਾ ਕਰਨੀ ਹੈ, ਤੇਰੇ 'ਤੇ ਸਤਿਗੁਰੂ ਅਤੇ ਸੰਤ ਜੀ ਮਹਾਰਾਜ ਦੀ ਬੜੀ ਕ੍ਰਿਪਾ ਹੈ।" ਇਸ ਦਿਨ ਕਾਲਜ ਦੀ ਪੜ੍ਹਾਈ ਅਤੇ ਸੇਵਾ ਦੇ ਮਗਰੋਂ ਜਦ ਦਾਸ, ਸ਼ਾਮ ਵੇਲੇ ਮਾਤਾ ਜੀ ਦੇ ਬੁੰਗੇ ਗਿਆ, ਤਦ ਮਾਤਾ ਜੀ ਇਕੱਲੇ ਬੈਠੇ ਸਨ। ਆਪਣਾ ਅੰਗ ਸਮਝ ਕੇ ਮਾਤਾ ਜੀ ਨੇ ਸੰਤ ਜੀ ਮਹਾਰਾਜ ਦੀ ਮਿਹਰ ਦੀ ਸਾਰੀ ਵਿੱਥਿਆ ਆਖ ਸੁਣਾਈ, **"ਪੁੱਤ! ਸੰਤ ਬੜੇ ਪ੍ਰੇਮ ਨਾਲ ਮੇਰੀ ਪਵਾਂਦੀ ਬਹਿ ਗਏ ਅਤੇ ਸਾਰਿਆਂ ਨੂੰ ਬਾਹਰ ਕੱਢ ਦਿੱਤਾ। ਮੈਨੂੰ ਆਖਣ ਲੱਗੇ, ਮਾਤਾ ਜੀ! ਭਾਵੇਂ ਕਿੰਨੀ ਹੀ ਤਕਲੀਫ਼ ਹੋਵੇ, ਰਜ਼ਾ ਵਿੱਚ ਰਹਿਣਾ; 'ਸੀ' ਤੀਕਰ ਨਹੀਂ ਕਰਨੀ। ਫੇਰ ਜੰਮ ਕੇ ਕੀ ਲੈਣਾ ਹੈ, ਆਪਣਾ ਸਾਰਾ ਲੇਖਾ ਐਤਕੀਂ ਹੀ ਸਰੀਰ ਵਿੱਚ ਮੁਕਾ ਜਾਉ। ਇਸ ਦੇ ਮਗਰੋਂ ਅਭੇਦਤਾ ਦਾ ਉਪਦੇਸ਼ ਦੇ ਕੇ ਚਲੇ ਗਏ। ਮੇਰੇ ਦਿਲ ਵਿੱਚ ਮਹਾਰਾਜ ਜੀ ਦੀ ਗੱਲ ਬੈਠ ਗਈ ਹੈ ਅਤੇ ਹੁਣ ਆਪਣਾ ਆਪ ਸਾਰਿਆਂ ਵਿੱਚ ਦੇਖ ਕੇ ਅਨੰਦ ਰਹਾਂਗੀ, ਹੁਕਮ ਪੂਰਾ ਮੰਨਾਂਗੀ।" ਇਸ ਦੇ ਮਗਰੋਂ ਮਾਤਾ ਜੀ ਨੂੰ ਗੋਡੇ ਦੀ ਬੜੀ ਕਰੜੀ ਪੀੜ ਰਹੀ। ਇਹ ਕਈ ਮਹੀਨੇ ਮੰਜੀ ਤੋਂ ਉੱਤਰ ਨਹੀਂ ਸਕੇ, ਜਾਣੋ ਕਿ ਸਰੀਰ ਕਰਕੇ ਉੱਕਾ ਹੀ ਗੋਰ (ਕਬਰ) ਵਿੱਚ ਪੈ ਗਏ ਸਨ, ਪਰ ਇਹ ਆਪਣੇ ਆਤਮ ਅਨੰਦ ਵਿੱਚ ਮਸਤ ਰਹੇ ਅਤੇ ਇਹਨਾਂ ਦੀ ਜ਼ਬਾਨ ਤੇ ਸਿਵਾਏ ਸ਼ੁਕਰ ਦੇ ਕੋਈ**

ਅੱਖਰ ਨਹੀਂ ਆਇਆ। ਰਜ਼ਾ ਦਾ ਰੂਪ ਬਣ, ਜਿਹੜਾ ਲੇਖਾ ਇਹਨਾਂ ਨੇ ਅਗਲੇ ਜਨਮ ਧਾਰ ਕੇ ਮੁਕਾਉਣਾ ਸੀ, ਉਹ ਸੰਤ ਜੀ ਮਹਾਰਾਜ ਦਾ ਬਚਨ ਮੰਨ ਸਰੀਰ ਤੋਂ ਉਪਰਾਮ ਹੋ ਦੁਖ ਵਿੱਚ ਸੁਖ ਮਨਾ ਥੋੜ੍ਹੇ ਮਹੀਨਿਆਂ ਵਿੱਚ ਹੀ ਅਸਹਿ ਕਸ਼ਟ ਭੋਗ ਕੇ ਪੂਰਾ ਕਰ ਦਿੱਤਾ ਅਤੇ ਧਰਮ ਰਾਏ ਦੀ ਕਾਨ ਮੁਕਾ ਦਿੱਤੀ।

ਸੱਚ ਹੈ:

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥ (੨੭੩)
ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥ (੬੫੦)

ਹੁਣ ਮਾਤਾ ਜੀ ਦੇ ਚਲਾਣੇ ਦਾ ਸਮਾਂ ਆ ਗਿਆ। ਨਿਮਾਣੀ (ਨਿਰਜਲਾ ਇਕਾਦਸ਼ੀ) ਦਾ ਜੋੜ-ਮੇਲਾ ਨੇੜੇ ਹੀ ਸੀ। ਚਲਾਣੇ ਤੋਂ ਕੁਝ ਦਿਨ ਪਹਿਲਾਂ ਦਾਸ ਨੇ ਮਾਤਾ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ, "ਮਾਤਾ ਜੀ! ਹੁਕਮ ਦਿਉ ਤਾਂ ਸੰਤ ਜੀ ਮਹਾਰਾਜ ਨੂੰ ਬੁਲਾ ਭੇਜੀਏ।" ਮਾਤਾ ਜੀ ਭਾਵੇਂ ਬੜੇ ਕਮਜ਼ੋਰ ਹੋ ਚੁੱਕੇ ਸਨ ਤੇ ਮੰਜੇ ਉੱਤੇ ਪਏ ਰਹਿੰਦੇ ਸਨ, ਪਰ ਬੜੇ ਸਾਵਧਾਨ ਹੋ ਕੇ ਬੋਲੇ, "ਪੁੱਤ! ਸੰਤਾਂ ਨੂੰ ਕੀ ਤਕਲੀਫ਼ ਦੇਣੀ ਹੈ। ਸੰਤ ਸਰਬ-ਵਿਆਪੀ ਹਨ, ਉਹ ਤਾਂ ਇਸ ਵੇਲੇ ਮੇਰੇ ਕੋਲ ਬੈਠੇ ਹਨ।"

ਇਹ ਬਚਨ ਸੁਣ ਕੇ ਦਾਸ ਦਾ ਹਿਰਦਾ ਗਦ-ਗਦ ਹੋ ਗਿਆ ਤੇ ਮਾਤਾ ਜੀ ਦਾ ਉਹ ਦਿਵਸ ਯਾਦ ਆ ਗਿਆ, ਜਦੋਂ ਪੁੱਤਰ-ਭਾਵਨਾ ਵਿੱਚ ਸੇਵੀਆਂ ਦਾ ਥਾਲ ਪਰੋਸ ਕੇ ਸੰਤ ਜੀ ਮਹਾਰਾਜ ਦੀ ਕੰਡ 'ਤੇ ਹੱਥ ਫੇਰਨ ਦਾ ਸੰਕਲਪ ਪੂਰਾ ਕੀਤਾ ਸੀ। ਜ਼ਬਾਨ ਤੋਂ ਆਪਣੇ-ਆਪ ਹੀ ਇਹ ਅੱਖਰ ਨਿਕਲੇ, "ਧੰਨ ਸੰਤ ਤੇ ਧੰਨ ਸੰਤ ਜੀ ਦੀ ਮਾਤਾ, ਜਿਸ ਨੇ ਪੁੱਤਰ-ਭਾਵਨਾ ਤੋੜ ਕੇ ਸੰਤ-ਭਾਵਨਾ ਪਰਪੱਕ ਕਰ ਕੇ ਆਪਣੇ ਸੰਤ-ਪੁੱਤਰ ਦਾ ਬਚਨ ਕਮਾ, ਦ੍ਰਿਸ਼ਟਮਾਨ ਦਾ ਮੋਹ ਤੋੜ, ਆਤਮ-ਪਦਵੀ ਦੀ ਪ੍ਰਾਪਤੀ ਕੀਤੀ ਹੈ!"

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ ॥੧੮੬॥ (੧੩੭੪)

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥ (੯੧੭)

ਨਿਮਾਣੀ ਤੋਂ ਦੋ-ਤਿੰਨ ਦਿਨ ਪਹਿਲਾਂ ਮਾਤਾ ਜੀ ਬਹੁਤ ਕਮਜ਼ੋਰ ਹੋ ਗਏ। ਦਾਲ, ਫੁਲਕਾ, ਖਿਚੜੀ ਆਦਿ ਛੁੱਟ ਗਏ ਤੇ ਨਿਰੇ ਦੁੱਧ ਅਤੇ ਦਾਲ ਦੇ ਪਾਣੀ 'ਤੇ ਆ ਗਏ। ਸਰੀਰ ਦਿਨੋ-ਦਿਨ ਕਮਜ਼ੋਰ ਹੁੰਦਾ ਗਿਆ, ਪਰ ਸੁਰਤ ਚੜ੍ਹਦੀ ਕਲਾ ਵਿੱਚ ਰਹੀ।

ਸੰਤ ਜੀ ਮਹਾਰਾਜ ਜੋੜ-ਮੇਲੇ ਦੇ ਪਹਿਲੇ ਦਿਨ ਹੀ ਚਾਰ ਵਜੇ ਦੇ ਕਰੀਬ ਗੁਰਸਾਗਰ ਸਾਹਿਬ ਆ ਗਏ ਤੇ ਸਿੱਧਾ ਦੀਵਾਨ ਅਸਥਾਨ ਵਿੱਚ ਪੁੱਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜ ਗਏ। ਦੀਵਾਨ ਭਰਪੂਰ ਹੋ ਗਿਆ ਤੇ ਸ਼ਬਦ ਦੀ ਘਨਘੋਰ ਬੱਝ ਗਈ। ਰਾਤ ਦੇ ੯ ਵਜੇ ਦੀਵਾਨ ਤੋਂ ਉੱਠ ਕੇ ਆਪਣੇ ਬੁੰਗੇ ਵਿੱਚ ਗਏ ਤੇ ਪ੍ਰਸ਼ਾਦ-ਪਾਣੀ ਛਕ ਕੇ ਕੋਠੇ 'ਤੇ ਬਿਰਾਜ ਗਏ। ਅੰਮ੍ਰਿਤ ਵੇਲੇ ਤਿੰਨ ਵਜੇ ਹੀ ਦੀਵਾਨ ਵਿੱਚ ਦਰਸ਼ਨ ਦੇ ਕੇ ਨਿਹਾਲ ਕੀਤਾ। ਇਧਰ ਸੰਤ ਜੀ ਮਹਾਰਾਜ ਸਾਧ-ਸੰਗਤ ਨੂੰ ਸ਼ਬਦ ਦੀ ਕਾਰੇ ਲਾ ਕੇ ਨਾਮ-ਬਾਣੀ ਦੀ ਗੂਹੜੀ ਰੰਗਣ ਚਾੜ੍ਹ ਰਹੇ ਹਨ, ਉਧਰ ਮਾਤਾ ਜੀ ਆਪਣੇ ਰੰਗ ਵਿੱਚ ਮਸਤ ਆਪਣੇ ਸੱਚਖੰਡ ਪਿਆਣੇ ਦੀ

ਤਿਆਰੀ ਕਰ ਰਹੇ ਸਨ। ੧੦ ਕੁ ਵਜੇ ਇੱਕ ਪ੍ਰੇਮੀ ਨੇ ਮਾਤਾ ਜੀ ਦੀ ਇਸ ਤਿਆਰੀ ਦੀ ਖ਼ਬਰ ਦਾਸ ਨੂੰ ਦਿੱਤੀ। ਝੱਟ ਦਾਸ ਮਾਤਾ ਜੀ ਦੇ ਬੁੰਗੇ ਵਿੱਚ ਪਹੁੰਚਿਆ। ਕੀ ਦੇਖਦਾ ਹੈ ਕਿ ਮਾਤਾ ਜੀ ਸਰੀਰ ਤੋਂ ਉਪਰਾਮ, ਆਪਣੇ-ਆਪ ਵਿੱਚ ਮਸਤ, ਆਪਣੀ ਚਾਰਪਾਈ 'ਤੇ ਅਡੋਲ ਪਏ ਹਨ। ਚਿਹਰਾ ਖੇੜੇ ਵਿੱਚ ਹੈ ਤੇ ਮਿੰਟ-ਮਿੰਟ ਮਗਰੋਂ ਹੋਠ ਪੰਜ-ਛੇ ਵਾਰੀ ਏਨੀ ਤੇਜ਼ੀ ਨਾਲ ਫਰਕਦੇ ਅਤੇ ਵਾਹਿਗੁਰੂ-ਮੰਤਰ ਉਚਾਰਦੇ ਹਨ ਕਿ ਜਿਸ ਤਰ੍ਹਾਂ ਕੋਈ ਇਹਨਾਂ ਨੂੰ ਬਿਜਲੀ ਦੀ ਸਵਿੱਚ ਦੁਆਰਾ ਚਲਾਉਂਦਾ ਹੈ।

ਥੋੜ੍ਹੇ ਚਿਰ ਮਗਰੋਂ ਮਾਤਾ ਜੀ ਦਾ ਸਰੀਰ ਸ਼ਾਂਤ ਹੋ ਗਿਆ। ਦੀਵਾਨ ਇਸ ਵੇਲੇ ਪੂਰੇ ਜੋਬਨ ਵਿੱਚ ਸੀ ਤੇ ਮਹਾਂ-ਅਕਾਸ਼ ਵਿੱਚ ਸ਼ਬਦ ਦੀ ਆਤਮਿਕ ਲਹਿਰ ਭਰਪੂਰ ਸੀ। ਸੰਗਤ ਨੇ ਇਧਰ ਮਾਤਾ ਜੀ ਨੂੰ ਇਸ਼ਨਾਨ-ਪਾਣੀ ਕਰਾਕੇ ਬਿਬਾਣ ਤਿਆਰ ਕੀਤਾ ਤੇ ਉਧਰ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕਰ ਭੇਜੀ। ਸ਼ਬਦ ਦਾ ਭੋਗ ਪਾ ਕੇ ਤੇ ਇੱਕ ਸਿੰਘ ਨੂੰ ਤਾਬਿਆ ਸਜਾ ਕੇ ਸੰਤ ਜੀ ਮਹਾਰਾਜ ਮਾਤਾ ਜੀ ਦੇ ਬੁੰਗੇ ਦੇ ਸਾਹਮਣੇ ਆ ਗਏ। ਪ੍ਰੇਮੀਆਂ ਨੇ ਮਾਤਾ ਜੀ ਦੀ ਅਰਥੀ ਨੂੰ ਚੁੱਕ ਲਿਆ ਤੇ ਇਸ ਦੇ ਅੱਗੇ ਅਤੇ ਪਿੱਛੇ ਹਜ਼ਾਰਾਂ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਟੁਰ ਪਈਆਂ। ਸੰਤ ਜੀ ਮਹਾਰਾਜ ਮਾਤਾ ਜੀ ਦੇ ਮਗਰ ਹੋ ਟੁਰੇ। ਦਾਸ ਵੀ ਸੰਤ ਜੀ ਮਹਾਰਾਜ ਦੇ ਨਾਲ ਸੀ। ਦਾਸ ਨੇ ਹੌਲੀ ਜਿਹੀ ਸੰਤ ਜੀ ਮਹਾਰਾਜ ਨੂੰ ਹੱਥ ਜੋੜ ਕੇ ਆਖਿਆ, "ਸੱਚੇ ਪਾਤਸ਼ਾਹ! ਦਾਸ ਨੂੰ ਪ੍ਰਤੀਤ ਹੁੰਦਾ ਹੈ ਕਿ ਮਾਤਾ ਜੀ ਨੇ ਜੀਵਨ ਮੁਕਤ ਹੋ ਕੇ ਸਰੀਰ ਛੱਡਿਆ ਹੈ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਹਾਂ ਭਾਈ, ਕਈ ਜਨਮ ਦੀ ਕਮਾਈ ਸੀ ਐਤਕੀਂ ਪੂਰੀ ਹੋ ਗਈ ਹੈ।" ਫੇਰ ਇੱਕ ਖਾਸ ਰੰਗ ਵਿੱਚ ਆਖਿਆ, "ਤੇਜਾ ਸਿੰਘ ਜੀ! ਅਸੀਂ ਦੀਵਾਨ ਛੱਡ ਕੇ ਕਦੇ ਵੀ ਨਾ ਆਉਂਦੇ, ਪਰ ਪ੍ਰੇਮੀ ਆਖਦੇ, "ਜੱਟ ਆਕੜ ਗਿਆ ਹੈ, ਮਾਂ ਮਰੀ 'ਤੇ ਵੀ ਨਹੀਂ ਆਇਆ।" ਥੋੜ੍ਹੇ ਚਿਰ ਵਿੱਚ ਹੀ ਅਕਾਲ ਬੁੰਗਾ ਆ ਗਿਆ। ਇਸ ਦੇ ਖੱਬੇ ਹੱਥ ਕੋਟ ਦੇ ਨਾਲ ਅੰਗੀਠੇ ਦੀ ਤਿਆਰੀ ਕੀਤੀ ਹੋਈ ਸੀ। ਸਾਰੀ ਸਾਮਗਰੀ ਅੱਗੇ ਹੀ ਆਈ ਹੋਈ ਸੀ। ਬੜੇ ਸਤਿਕਾਰ ਨਾਲ ਮਾਤਾ ਜੀ ਦਾ ਸਰੀਰ ਚਿਖਾ ਤੇ ਟਿਕਾ ਕੇ ਘੀ ਅਤੇ ਹੋਰ ਸਾਮਗਰੀ ਉੱਤੇ ਪਾ, ਅਰਦਾਸਾ ਸੋਧ ਕੇ ਸਾਧ-ਸੰਗਤ ਨੇ ਬੜੇ ਪ੍ਰੇਮ ਨਾਲ ਮਾਤਾ ਜੀ ਦਾ ਸਸਕਾਰ ਕੀਤਾ। ਥੋੜ੍ਹਾ ਚਿਰ ਇੱਥੇ ਕੀਰਤਨ ਕਰ ਕੇ ਸੋਹਲੇ ਦੇ ਪਾਠ ਤੇ ਅਰਦਾਸੇ ਮਗਰੋਂ ਸੰਤ ਜੀ ਮਹਾਰਾਜ ਅਤੇ ਸਾਰੀ ਸੰਗਤ ਦੀਵਾਨ ਅਸਥਾਨ ਵਿੱਚ ਸ਼ਬਦ ਪੜ੍ਹਦੇ ਆ ਗਏ ਤੇ ਦੀਵਾਨ ਦਾ ਠਾਠ ਪੂਰਾ ਬਣ ਗਿਆ। ਮਰਯਾਦਾ ਅਨੁਸਾਰ ਦੋ ਦਿਨ ਅਖੰਡ ਕੀਰਤਨ ਹੁੰਦਾ ਰਿਹਾ ਅਤੇ ਫੇਰ ਸਾਧ ਸੰਗਤ ਆਪਣੇ ਘਰੋਂ-ਘਰੀਂ ਚਲੀ ਗਈ। **ਤੀਜੇ ਦਿਨ ਜਦ ਮਾਤਾ ਜੀ ਦਾ ਅੰਗੀਠਾ ਠੰਡਾ ਹੋਇਆ, ਤਦ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ, "ਭਾਈ! ਅੰਗੀਠੇ ਨੂੰ ਫੋਲਣਾ ਨਹੀਂ, ਇੱਥੇ ਧਰਤੀ ਵਿੱਚ ਹੀ ਟੋਆ ਪੁੱਟ ਕੇ ਗੁਪਤ ਕਰ ਦੇਵੋ।" ਬਚਨ ਮੰਨ ਕੇ ਪ੍ਰੇਮੀਆਂ ਨੇ ਇਸ ਤਰ੍ਹਾਂ ਹੀ ਕਰ ਦਿੱਤਾ।**

ਮਾਤਾ ਜੀ ਦੇ ਇਸ ਅਦੁੱਤੀ ਚਲਾਣੇ ਨੇ ਦਾਸ ਅਤੇ ਸਾਰੀ ਸੰਗਤ ਵਿੱਚ ਇੱਕ ਬੜਾ ਉਚ-ਪ੍ਰਭਾਉ ਪੈਦਾ ਕਰ ਦਿੱਤਾ। ਦੁਸਹਿਰੇ ਵਾਲੇ ਦਿਨ ਸਮੇਂ ਸਿਰ ਭੋਗ ਪਾਇਆ ਗਿਆ ਤੇ ਬੜਾ ਭਾਰੀ ਜੱਗ (ਗੁਰੂ ਦਾ ਲੰਗਰ) ਕੀਤਾ ਗਿਆ।

ਕਾਲਜ, ਸਕੂਲ, ਲੰਗਰ, ਇਮਾਰਤ ਤੇ ਹੋਰ ਸੇਵਾ ਅਡੋਲ ਤੁਰ ਗਈ। ਬਹੁਤ ਸਾਰੇ ਰਾਜ-ਮਜ਼ਦੂਰ ਬੋਰਡਿੰਗ ਹਾਊਸ ਦੀ ਸੇਵਾ ਵਿੱਚ ਲੱਗੇ ਹੋਏ ਸਨ ਤੇ ਇਹਨਾਂ ਲਈ ਮਾਇਆ ਦੀ ਬੜੀ ਲੋੜ ਰਹਿੰਦੀ। ਕਰਤਾਰ ਨੇ ਆਪਣਾ ਕਾਰਜ ਆਪ ਸਵਾਰਨਾ ਸੀ। ਅਕਤੂਬਰ ਦੇ ਮਹੀਨੇ ਵਿੱਚ ਬਰ੍ਹਮਾ ਦੀਵਾਨ ਵੱਲੋਂ ਸਕੱਤਰ ਦੀ ਚਿੱਠੀ ਆ ਗਈ ਕਿ ਖ਼ਾਲਸਾ ਦੀਵਾਨ ਬਰ੍ਹਮਾ ਦਾ ਸਲਾਨਾ ਦੀਵਾਨ ਸਤੰਬਰ ਦੀਆਂ ਛੁੱਟੀਆਂ ਵਿਖੇ ਹੋਣਾ ਹੈ, ਤੁਸੀਂ ਜ਼ਰੂਰ ਦਰਸ਼ਨ ਦਿਓ। ਦਾਸ ਨੇ ਸਾਧ-ਸੰਗਤ ਦੀ ਹਾਜ਼ਰੀ ਭਰਨੀ ਪ੍ਰਵਾਨ ਕਰ ਲਈ ਤੇ ਤਿੰਨ ਕੁ ਹਫਤੇ ਮਗਰੋਂ,

ਬਰ੍ਹਮਾ ਦੀਵਾਨ ਦੇ ਸਕੱਤਰ ਨੇ ਦਾਸ ਨੂੰ ੫੦੦ ਦਮੜਾ ਸਫ਼ਰ ਖ਼ਰਚ ਲਈ ਭੇਜ ਦਿੱਤਾ।

ਕਲਜੁਗ ਵਿੱਚ ਆਤਮਿਕ ਸ਼ਾਂਤੀ ਦੀ ਲਹਿਰ

ਇੱਕ ਵਾਰੀ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ ਕਿ ਦਾਸ ਚਰਨ ਬੰਧਨਾਂ ਲਾਈ ਬੁੰਗੇ ਵਿੱਚ ਗਿਆ। ਭੁਝੰਗੀ ਮੁਕੰਦ ਸਿੰਘ, ਦਾਸ ਦੇ ਨਾਲ ਸੀ। ਸੰਤ ਜੀ ਮਹਾਰਾਜ ਨੇ ਪ੍ਰੇਮ ਨਾਲ ਫ਼ਰਮਾਇਆ ਕਿ ਭਾਈ! ਇਸ ਅਸਥਾਨ ਨੂੰ ਖੂਬ ਚਲਾਓ ਅਤੇ ਇਸ ਵਿੱਦਿਅਕ ਕੇਂਦਰ ਵਿੱਚੋਂ ਸਤੋਗੁਣੀ ਪ੍ਰੇਮੀ ਪੈਦਾ ਕਰਕੇ ਪੁਰਾਣੇ ਰਿਸ਼ੀਆਂ-ਮੁਨੀਆਂ ਦਾ ਸਮਾਂ ਫੇਰ ਮੁੜ ਕੇ ਭਾਰਤਵਰਸ਼ 'ਤੇ ਲੈ ਆਓ।

ਸੰਤ ਜੀ ਮਹਾਰਾਜ ਕਈ ਮਹੀਨੇ ਕਾਂਜਲੇ ਇੱਕ ਕੋਠੀ ਵਿਖੇ ਟਿਕੇ ਰਹੇ। ਨੇੜੇ ਹੋਣ ਕਰ ਕੇ ਦਾਸ ਕਈ ਵਾਰੀ ਦਰਸ਼ਨ ਕਰਨ ਜਾਂਦਾ ਅਤੇ ਬਚਨ-ਬਿਲਾਸ ਸੁਣ ਕੇ ਨਿਹਾਲ ਹੁੰਦਾ। ਇੱਕ ਦਿਨ ਦਾਸ ਨੇ ਪੁੱਛਿਆ, "ਸੱਚੇ ਪਾਤਸ਼ਾਹ! ਹਿੰਦੁਸਤਾਨ ਕਦੋਂ ਸੁਖੀ ਵੱਸੇਗਾ?" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਜਿਸ ਦਿਨ ਸਾਰੇ ਨਗਰਾਂ ਅਤੇ ਸ਼ਹਿਰਾਂ ਵਿੱਚ ਪ੍ਰੇਮੀ ਆਪਣੀ ਧਰਮ ਕਮਾਈ ਕਰਕੇ ਇੱਕ ਲੰਗਰ ਵਿੱਚ ਪਾ ਦੇਣਗੇ ਅਤੇ ਸਾਰੇ ਵਿਆਹ-ਸ਼ਾਦੀ ਅਤੇ ਹੋਰ ਦੁਨੀਆਂ ਵਿਹਾਰ ਲੰਗਰ ਦੁਆਰਾ ਹੀ ਕਰਨਗੇ, ਉਸ ਦਿਨ ਦੇਸ ਸੁਖੀ ਵੱਸੇਗਾ।" ਫੇਰ ਇੱਕ ਦਿਨ ਦਾਸ ਨੇ ਇਹੋ ਸਵਾਲ ਪੁੱਛਿਆ। ਸੰਤ ਜੀ ਮਹਾਰਾਜ ਨੇ ਇੱਕ ਖਾਸ ਰੰਗ ਵਿੱਚ ਜਵਾਬ ਦਿੱਤਾ, "ਭਾਈ! ਜਿਸ ਦਿਨ ਉਸਤਰੇ ਗੁੱਛਿਆਂ, ਗੱਡੀ ਵਿੱਚ ਲੱਦ ਕੇ ਕਰਾਚੀ ਸਮੁੰਦਰ ਵਿੱਚ ਸੁੱਟ ਆਉਣਗੇ, ਉਸੇ ਦਿਨ ਸੁਖੀ ਹੋ ਜਾਣਗੇ।' ਫੇਰ ਹੱਸ ਕੇ ਬੋਲੇ, "ਭਾਈ! ਆਦਿ ਬਰਮਾ ਜੁਗਾਦ ਨਾਈ, ਲੰਡੀ-ਬੁੱਚੀ ਪਿਛੋਂ ਆਈ। ਜੰਮਦਾ ਸਭ ਖ਼ਾਲਸਾ ਹੈ, ਫੇਰ ਨਾਈ ਕਿਸੇ ਦੀ ਸੁੰਨਤ ਕਰ ਕੇ ਮੁਸਲਮਾਨ ਬਣਾ ਦਿੰਦਾ ਹੈ ਅਤੇ ਕਿਸੇ ਦੀ ਬੋਦੀ ਰੱਖ ਕੇ ਹਿੰਦੂ। ਇਹ ਫੋਕਟ ਬਨਾਵਟ ਸਾਰੇ ਦੁੱਖ ਲੜਾਈ-ਝਗੜੇ ਦਾ ਕਾਰਣ ਬਣ ਜਾਂਦੀ ਹੈ।"

ਸੰਤ ਜੀ ਮਹਾਰਾਜ ਦੇ ਕਾਂਜਲੇ ਰਹਿਣ ਦੇ ਸਮੇਂ ਗੁਰੂ ਕੇ ਬਾਗ਼ ਦਾ ਸਾਕਾ ਵਰਤਿਆ। ਇਸ ਸਾਕੇ ਦੇ ਕੈਦੀ ਸਿੰਘਾਂ ਨੂੰ ਜਦੋਂ ਰੇਲ ਗੱਡੀ 'ਤੇ ਅੰਮ੍ਰਿਤਸਰ ਤੋਂ ਅਟਕ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਪੰਜਾ ਸਾਹਿਬ ਰੇਲਵੇ ਸਟੇਸ਼ਨ 'ਤੇ ਗੱਡੀ ਰੋਕ ਕੇ ਸਿੰਘਾਂ ਨੇ ਭੁੱਖੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਦਾ ਉਪਰਾਲਾ ਕੀਤਾ ਸੀ। ਡਰਾਈਵਰ ਨੂੰ ਪੰਜਾ ਸਾਹਿਬ ਸਟੇਸ਼ਨ 'ਤੇ ਗੱਡੀ ਰੋਕਣ ਦਾ ਹੁਕਮ ਨਹੀਂ ਸੀ, ਪਰ ਬਹਾਦਰ ਸਿੰਘਾਂ ਨੇ ਜਿਨ੍ਹਾਂ ਵਿੱਚ ਭਾਈ ਕਰਮ ਸਿੰਘ ਤੇ ਪ੍ਰਤਾਪ ਸਿੰਘ ਸ਼ਾਮਲ ਸਨ ਤੇ ਹੋਰ ਸਿੰਘਾਂ ਦੇ ਨਾਲ ਮਿਲ ਕੇ ਗੱਡੀ ਦੀ ਲਾਈਨ ਤੇ ਲੰਮੇ ਪੈ ਗਏ। ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਤਾਂ ਗੱਡੀ ਥੱਲੇ ਆ ਕੇ ਸ਼ਹੀਦੀ ਪਾ ਗਏ ਅਤੇ ਗੱਡੀ ਰੁੱਕ ਗਈ। ਇਸ ਤਰ੍ਹਾਂ ਗੁਰਸਿੱਖਾਂ ਦੀ ਸੇਵਾ ਸਫ਼ਲ ਹੋਈ। ਭਰੋਸੇਯੋਗ ਵਸੀਲੇ ਤੋਂ ਪਤਾ ਲੱਗਾ ਹੈ ਕਿ ਐਨ ਇਸ ਸਾਕੇ ਦੇ ਵਰਤਣ ਸਮੇਂ ਜਦੋਂ ਸਿੰਘ ਅਰਦਾਸਾ ਸੋਧ ਕੇ ਗੱਡੀ ਦੀ ਲਾਈਨ ਉੱਤੇ ਲੰਮੇ ਪੈ ਕੇ ਗੱਡੀ ਰੋਕਣ ਲੱਗੇ ਤਾਂ ਉਸ ਸਮੇਂ ਸੰਤ ਅਤਰ ਸਿੰਘ ਜੀ ਮਹਾਰਾਜ ਕਾਂਜਲੇ ਵਿਖੇ ਇੱਕ ਕਮਰੇ ਵਿੱਚ ਬੈਠੇ ਸਨ। ਆਪ ਇੱਕ ਖਾਸ ਰੰਗ ਵਿੱਚ ਆ ਗਏ ਅਤੇ ਬੜੀ ਕਾਹਲੀ ਨਾਲ ਉੱਠ ਕੇ ਆਪਣੇ ਸੱਜੇ ਹੱਥ ਦਾ ਪੰਜਾ ਜੋਸ਼ ਤੇ ਸਖ਼ਤੀ ਨਾਲ ਦੀਵਾਰ ਉੱਤੇ ਲਾ ਕੇ ਖੜ੍ਹੇ ਰਹੇ। ਸੇਵਕਾਂ ਦੇ ਪੁੱਛਣ 'ਤੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਇਸ ਦਾ ਕਾਰਨ ਕੱਲ੍ਹ ਤੱਕ ਪਤਾ ਲੱਗ ਜਾਵੇਗਾ। ਜਿਸ ਤੇਜ਼ੀ ਨਾਲ ਗੱਡੀ ਆ ਰਹੀ ਸੀ ਅਤੇ ਜਿਸ ਤਰੀਕੇ ਨਾਲ ਇਹ ਦੋ ਸਿੰਘਾਂ ਦੀ ਸ਼ਹੀਦੀ ਪਾਉਣ ਤੇ ਗੱਡੀ ਖੜ੍ਹੀ ਹੋ ਗਈ, ਇਹ ਸੰਤ ਜੀ ਮਹਾਰਾਜ ਨੇ ਆਪਣੀ ਆਤਮਕ-ਸਤਿਆ

ਨਾਲ ਹੀ ਸਿੰਘਾਂ ਦੀ ਸਹਾਇਤਾ ਕੀਤੀ, ਨਹੀਂ ਤਾਂ ਇਸ ਤੇਜ਼ ਆ ਰਹੀ ਗੱਡੀ ਥੱਲੇ ਆ ਕੇ ਸੈਂਕੜਿਆਂ ਦੀ ਗਿਣਤੀ ਵਿੱਚ, ਰੇਲ ਦੇ ਲਾਈਨ ਤੇ ਬੈਠੇ ਸਿੰਘ ਸ਼ਹੀਦੀਆਂ ਪਾ ਜਾਂਦੇ।

ਹੁਣ ਸੰਤ ਜੀ ਮਹਾਰਾਜ ਦੇ ਨੇਤਰਾਂ ਵਿੱਚ ਮੋਤੀਆ ਪੱਕ ਗਿਆ ਅਤੇ ਨਿਗਾਹ ਬਿਲਕੁਲ ਹੀ ਬੰਦ ਹੋ ਗਈ। ਇੱਕ ਸੇਵਕ, ਡਾਕਟਰ ਮਥਰਾ ਦਾਸ ਜੀ ਪਾਸ ਮੋਗੇ ਗਿਆ ਅਤੇ ਉਹਨਾਂ ਨੇ ਬੜੇ ਪ੍ਰੇਮ ਨਾਲ ਬਚਨ ਕੀਤਾ ਕਿ ਅਸੀਂ ਹਫਤੇ ਦੇ ਅੰਦਰ-ਅੰਦਰ ਸੰਗਰੂਰ ਪੁੱਜ ਕੇ ਸੰਤ ਜੀ ਮਹਾਰਾਜ ਦਾ ਅਪ੍ਰੇਸ਼ਨ ਆਪਣੀ ਹੱਥੀਂ ਕਰਾਂਗੇ। ਇਸ ਵਾਸਤੇ ਸੰਤ ਜੀ ਮਹਾਰਾਜ ਨੇ ਕਾਂਜਲੇ ਤੋਂ ਰਾਮ ਨਗਰ ਸਿਵੀਆ ਸਰਦਾਰ ਗੋਬਿੰਦ ਸਿੰਘ ਜੀ ਦੀ ਕੋਠੀ ਜਾਣ ਦਾ ਗੁਰਮਤਾ ਕਰ ਲਿਆ ਤਾਂ ਕਿ ਡਾਕਟਰ ਸਾਹਿਬ ਵੀ ਅਰਾਮ ਨਾਲ ਪੁੱਜ ਸਕਣ ਅਤੇ ਦਵਾਈ-ਦਰਮਲ ਵੀ ਜਿਸ ਦੀ ਲੋੜ ਪਵੇ, ਵੇਲੇ ਸਿਰ ਪੁੱਜ ਜਾਵੇ। ਐਨ ਬਚਨ ਅਨੁਸਾਰ ਡਾਕਟਰ ਮਥੁਰਾ ਦਾਸ ਜੀ ਇਸ ਕੋਠੀ ਪੁੱਜ ਗਏ ਅਤੇ ਪੂਰੇ ਪ੍ਰੇਮ ਅਤੇ ਜੁਗਤ ਨਾਲ ਸੰਤ ਜੀ ਮਹਾਰਾਜ ਦੀ ਇੱਕ ਅੱਖ ਦਾ ਅਪ੍ਰੇਸ਼ਨ ਕੀਤਾ। ਇੱਕ-ਦੋ ਦਿਨ ਕੋਲ ਰਹੇ ਅਤੇ ਫੇਰ ਸੇਵਕਾਂ ਨੂੰ ਸਮਝਾ ਗਏ ਕਿ ਸੱਤ ਦਿਨ ਅੰਦਰ ਹਨੇਰੇ ਵਿੱਚ ਹੀ ਬੈਠਣ। ਪੱਟੀ ਖੋਲ੍ਹਣ ਦੇ ਸਮੇਂ ਮੈਂ ਆਪ ਪੁੱਜ ਕੇ ਜਾਂ ਕਿਸੇ ਸਿਆਣੇ ਡਾਕਟਰ ਨੂੰ ਭੇਜ ਕੇ ਐਨਕਾਂ ਦੇ ਜਾਵਾਂਗਾ। ਐਨਕ ਦੇ ਮਗਰੋਂ ਵੀ ਸੰਤ ਜੀ ਮਹਾਰਾਜ ੫੦ ਦਿਨ ਉੱਚੀ ਨਾ ਬੋਲਣ ਅਤੇ ਕਿਸੇ ਨੂੰ ਦਰਸ਼ਨ-ਮੇਲੇ ਦੀ ਆਗਿਆ ਨਾ ਦੇਣ, ਪਰ ਕਰਤਾਰ ਦੀ ਨੇਤ, ਰਾਮ ਨਗਰ ਸਿਵੀਆਂ ਅਪ੍ਰੇਸ਼ਨ ਕਰਾਉਣ ਤੋਂ ਪਹਿਲਾਂ, ਸੰਤ ਜੀ ਮਹਾਰਾਜ ਗੁਰੂ ਤੇਗ ਬਹਾਦਰ ਅਤੇ ਸਤਿਗੁਰੂ ਕਲਗੀਆਂ ਵਾਲੇ ਦੇ, ਗੁਰੂ ਕਾਂਸ਼ੀ ਤਲਵੰਡੀ ਸਾਬੋ ਵਿਖੇ, ਬਚਨ ਪੂਰਾ ਕਰਨ ਹਿੱਤ ਕਮਰਕੱਸਾ ਕਰ ਚੁੱਕੇ ਸਨ। ਸਿੱਖ ਇਤਿਹਾਸ ਦੇ ਸਾਰੇ ਪਾਠਕਾਂ ਨੂੰ ਪਤਾ ਹੈ ਕਿ ਜਦੋਂ ਗੁਰੂ ਤੇਗ ਬਹਾਦਰ ਜੀ ਮਹਾਰਾਜ, ਔਰੰਗਜ਼ੇਬ ਦੇ ਬੁਲਾਏ ਹੋਏ ਦਿੱਲੀ ਜਾ ਰਹੇ ਸਨ, ਰਸਤੇ ਵਿੱਚ ਤਲਵੰਡੀ ਸਾਬੋ ਬਿਰਾਜੇ ਤੇ ਇੱਕ ਮਟੀਲ ਦੇ ਪਾਸ ਉਸ ਦੀਆਂ ਜੜ੍ਹਾਂ ਵਿੱਚ ਡੇਰਾ ਕੀਤਾ। ਸਾਧ-ਸੰਗਤ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਮਟੀਲ ਤੇ ਆਸਣ ਜਮਾਓ, ਓਥੇ ਸੋਹਣੀ ਹਵਾ ਲੱਗੇਗੀ।" ਜਾਣੀ-ਜਾਣ ਸਤਿਗੁਰੂ ਨੇ ਫ਼ਰਮਾਇਆ, "ਭਾਈ! ਸਾਨੂੰ ਹੇਠਾਂ ਹੀ ਠਹਿਰਣ ਦਾ ਹੁਕਮ ਹੈ, ਮਟੀਲ ਤੇ ਸਾਡੇ ਮਗਰੋਂ ਸਾਥੋਂ ਬਲੀ ਆ ਕੇ ਬੈਠਣਗੇ।" ਸੇਵਕਾਂ ਨੇ ਪੁੱਛਿਆ, "ਸੱਚੇ ਪਾਤਸ਼ਾਹ! ਹਜ਼ੂਰ ਤੋਂ ਕੌਣ ਬਲੀ ਹੋ ਸਕਦਾ ਹੈ?" ਸਤਿਗੁਰੂ ਨੇ ਫ਼ਰਮਾਇਆ, "ਭਾਈ! ਸਾਹਿਬਜ਼ਾਦਾ (ਗੁਰੂ ਗੋਬਿੰਦ ਸਿੰਘ ਜੀ ਮਹਾਰਾਜ)।"

ਇਸ ਸਮੇਂ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ, ਇੱਕ ਬੇਰੀ ਦੀ ਠੰਡੀ ਛਾਂ ਹੇਠਾਂ ਜਾ ਬਿਰਾਜੇ। ਇਹਦੇ ਕੋਲ ਇੱਕ ਕੱਚਾ ਟੋਭਾ ਸੀ। ਸੱਚੇ ਪਾਤਸ਼ਾਹ ਟੋਭੇ ਵਿੱਚ ਵੜ ਗਏ ਅਤੇ ਕੁਝ ਮਿੱਟੀ ਪੁੱਟ ਕੇ, ਆਪਣੇ ਦੋਸ਼ਾਲੇ ਵਿੱਚ ਪਾ ਬਾਹਰ ਆ ਕੇ ਕੰਢੇ ਤੇ ਸੁੱਟ ਦਿੱਤੀ ਅਤੇ ਫ਼ਰਮਾਇਆ, "ਇੱਕ ਦਿਨ ਇਹ ਗੁਰੂਸਰ ਤੀਰਥ ਹੋਵੇਗਾ।"

ਗੁਰੂ ਸੱਚੇ ਪਾਤਸ਼ਾਹ ਇਹ ਬਚਨ ਕਰ, ਰਸਤੇ ਵਿੱਚ ਕਈ ਜਗ੍ਹਾ ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰਦੇ ਹੋਏ ਦਿੱਲੀ ਪੁੱਜੇ ਤੇ ਉੱਥੇ ਔਰੰਗਜ਼ੇਬ ਦਾ ਰੋਅਬ ਅਤੇ ਹੰਕਾਰ ਮਿੱਟੀ ਵਿੱਚ ਮਿਲਾ ਕੇ ਆਪਣਾ ਸੀਸ ਸਾਰੀ ਸ੍ਰਿਸ਼ਟੀ ਵਿੱਚ ਧਰਮ ਦੀ ਨੀਂਹ ਪੱਕੀ ਕਰਨ ਹਿੱਤ, ਬਲੀਦਾਨ ਕਰ ਦਿੱਤਾ।

ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ, ਪਰ ਸਿਰਰੁ ਨ ਦੀਆ॥

(ਬਚਿਤ੍ਰ ਨਾਟਕ ਪਾਃ ੧੦)

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭੁ ਪੁਰ ਕੀਆ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥

(ਬਚਿਤ੍ਰ ਨਾਟਕ ਪਾਃ ੧੦)

ਇਸ ਦੇ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਹੱਥੀਂ ਬੜੇ ਸਤਿਕਾਰ ਤੇ ਪ੍ਰੇਮ ਨਾਲ ਗੁਰੂ ਸੱਚੇ ਪਾਤਸ਼ਾਹ ਦਾ ਸੀਸ ਕੀਰਤਪੁਰ ਸਾਹਿਬ ਤੋਂ ਅਨੰਦਪੁਰ ਸਾਹਿਬ ਲਿਆਂਦਾ ਤੇ ਆਪਣੇ ਹੱਥੀਂ ਸੀਸ ਦਾ ਸਸਕਾਰ ਕੀਤਾ। ਸਸਕਾਰ ਅਸਥਾਨ ਦੇ ਸਾਹਮਣੇ ਦਸਮੇਸ਼ ਪਿਤਾ ਜੀ ਦੀ ਮੰਜੀ ਸਾਹਿਬ ਹੈ, ਜਿੱਥੇ ਸਸਕਾਰ ਦੇ ਸਮੇਂ ਮਹਾਰਾਜ ਦੇ ਦਿਲ ਵਿੱਚ ਜ਼ਾਲਮ ਤੇ ਅਹੰਕਾਰੀ ਰਾਜ ਦੀ ਜੜ੍ਹ ਪੁੱਟਣ ਵਾਸਤੇ ਜੋ ਵਲਵਲੇ ਉੱਠੇ, ਉਹ ਸਤਿਗੁਰੂ ਆਪ ਹੀ ਜਾਣਦੇ ਹਨ।

ਇਸ ਦ੍ਰਿੜ੍ਹ ਸੰਕਲਪ ਦੇ ਪੂਰਾ ਕਰਨ ਹਿੱਤ ਸਤਿਗੁਰੂ ਸੱਚੇ ਪਾਤਸ਼ਾਹ ਨੇ ਪਾਉਂਟਾ ਸਾਹਿਬ ਨੂੰ ਭਾਗ ਲਾਏ ਤੇ ਆਪਣਾ ਪਹਿਲਾ ਧਰਮ ਯੁੱਧ ਭੰਗਾਣੀ ਸਾਹਿਬ ਕੀਤਾ। ਫੇਰ ਅਨੰਦਪੁਰ ਸਾਹਿਬ ਆ ਕੇ ਖ਼ਾਲਸਾ ਪ੍ਰਗਟ ਕੀਤਾ ਤੇ ਇਸ ਵਿੱਚ ਨਾਮ-ਰਸ, ਪ੍ਰੇਮ-ਰਸ ਅਤੇ ਬੀਰ-ਰਸ ਭਰ ਕੇ ਧਰਤੀ ਦਾ ਭਾਰ ਵੰਡਾਉਣ ਹਿੱਤ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ, ਚਰਨ ਕੰਵਲ ਸਾਹਿਬ, ਮਾਛੀਵਾੜਾ, ਦੀਨਾ ਕਾਂਗੜਾ ਤੇ ਹੋਰ ਅਨੇਕਾਂ ਸਾਕੇ ਵਰਤਾ ਕੇ ਮੁਕਤਸਰ ਸਾਹਿਬ ਵਿਖੇ ਜਰਵਾਣਿਆਂ ਦਾ ਹੰਕਾਰ ਉੱਕਾ ਹੀ ਤੋੜ ਦਿੱਤਾ।

ਜਦ ਇਨ੍ਹਾਂ ਦੀ ਕਮਰ ਇੱਥੇ ਟੁੱਟ ਗਈ ਤੇ ਪਿੱਛਾ ਕਰਨ ਜੋਗੇ ਨਾ ਰਹੇ; ਤਦ ਸਤਿਗੁਰੂ ਸੱਚੇ ਪਾਤਸ਼ਾਹ ਲੱਖੀ ਜੰਗਲ ਵਿਖੇ ਵਿੱਛੜੀਆਂ ਹੋਈਆਂ, ਕਾਬਲ, ਕੰਧਾਰ, ਪੋਠੋਹਾਰ, ਧੰਨ ਤੇ ਹੋਰ ਸਮੂੰਹ ਸੰਗਤਾਂ ਨੂੰ ਦਰਸ਼ਨ ਦੇ ਕੇ ਦਮਦਮਾ ਸਾਹਿਬ ਪੁੱਜੇ।

ਮਾਝ ਸ੍ਰੀ ਮੁਖਵਾਕ ਪਾਤਿਸਾਹੀ ੧੦

ਲੱਖੀ ਜੰਗਲ ਖਾਲਸਾ ਆਇ ਦੀਦਾਰ ਲਗੋ ਨੇ ।
ਸੁਣ ਕੈ ਸੱਦ ਮਾਹੀ ਦਾ ਮੇਂਹੀ ਪਾਣੀ ਘਾਹੁ ਮੁਤੋ ਨੇ ।
ਕਿਸੇ ਨਾਲ ਨ ਰਲੀਆ ਕਾਈ ਕੋਈ ਸਉਕ ਪਿਯੋ ਨੇ ।
ਗਿਆ ਫਿਰਾਕ, ਮਿਲਿਆ ਮਿਤ ਮਾਹੀ ਤਾਹੀ ਸੁਕਰ ਕਿਤੋਨੇ ।

(ਉਚਾਰ ਖਾਸੇ ਲੱਖੀ ਜੰਗਲ)

ਦਮਦਮੇ ਸਾਹਿਬ ਤਲਵੰਡੀ ਸਾਬੋ ਆਉਂਦਿਆਂ ਹੀ ਸਤਿਗੁਰੂ ਤੇਗ ਬਹਾਦਰ ਸਾਹਿਬ ਦੇ ਬੈਠਣ ਦੀ ਥਾਂ ਨਮਸਕਾਰ ਕਰਕੇ ਸਿੱਧਾ ਮਟੀਲ ਤੇ ਚੜ੍ਹ ਗਏ। ਇੱਥੇ ਬੈਠ ਕੇ ਕਮਰਕੱਸਾ ਖੋਲ੍ਹਿਆ ਤੇ ਹੱਸ ਕੇ ਫ਼ਰਮਾਇਆ, "ਵਾਹ ਵਾਹ, ਸਾਧ-ਸੰਗਤ ਜੀ! ਅਨੰਦਪੁਰ ਸਾਹਿਬ ਦੀ ਹਵਾ ਆਉਂਦੀ ਹੈ।" ਚੋਜੀ ਪਿਤਾ ਨੇ ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀ ਠਹਿਰ, ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੇ ਸਾਹਿਬ ਵਾਲੀ ਬੀੜ ਉਚਾਰੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦ ਅਤੇ ਸਲੋਕ ਆਪਣੀ ਥਾਂ ਦਰਜ ਕੀਤੇ। ਇੱਕ ਅੱਖਰ ਦਾ ਭੇਦ ਕਰਕੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਵਾਕ ਪੂਰਾ ਕੀਤਾ। 'ਸੁਣ ਕੇ ਤਾਹਿ ਕਿ ਬੈਠਨ ਕੋ', ਤੇ ਖ਼ਾਲਸਾ ਜੀ ਦੀ ਹਸਤੀ ਨੂੰ ਸ਼ਬਦ ਗੁਰੂ ਵਿੱਚ ਅਭੇਦ ਕਰ ਦਿੱਤਾ।

ਇੱਥੇ ਹੀ ਚੋਜੀ ਪਿਤਾ ਨੇ ਖ਼ਾਲਸਾ ਜੀ ਦਾ ਬੜਾ ਭਾਰੀ ਇਕੱਠ ਕੀਤਾ। ਇਸ ਸਜੇ ਹੋਏ ਦੀਵਾਨ ਵਿੱਚ ਮਾਤਾ ਸੁੰਦਰੀ ਜੀ ਦਿੱਲੀ ਤੋਂ ਪੁੱਜੇ। ਆਪਣੇ ਪਿਆਰੇ ਸਾਹਿਬਜ਼ਾਦੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਸੱਜੇ ਖੱਬੇ ਬੈਠੇ ਹੋਏ ਨਾ ਦੇਖ ਕੇ ਵੈਰਾਗ ਤੇ ਦਰਦ ਭਰੀ ਅਵਾਜ਼ ਵਿੱਚ ਪੁੱਛਿਆ, "ਮੇਰੇ ਸਾਹਿਬ ਜੀ! ਮਾਤਾ ਗੁਜਰੀ ਜੀ ਦੇ

ਗੁਰਦੁਆਰਾ ਬੁੰਗਾ ਮਸਤੂਆਣਾ ਦਮਦਮਾ ਸਾਹਿਬ

ਸਰੋਵਰ (ਗੁਰੂ ਕਾਂਸ਼ੀ) ਦਮਦਮਾ ਸਾਹਿਬ, ਜ਼ਿਲ੍ਹਾ ਬਠਿੰਡਾ

ਲਾਡਲੇ ਲਾਲ ਕਿੱਥੇ ਹਨ?'' ਸੱਚੇ ਪਾਤਸ਼ਾਹ ਨੇ ਖ਼ਾਲਸਾ ਜੀ ਵੱਲ ਇਸ਼ਾਰਾ ਕਰਕੇ ਫ਼ਰਮਾਇਆ:-

ਇਨ ਪੁਤਰਨ ਕੇ ਸੀਸ ਪਹਿ ਵਾਰ ਦੀਏ ਸੁਤ ਚਾਰ ॥
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ ॥ (ਪਾਃ ੧੦)

ਇਸੇ ਅਸਥਾਨ ਵਿਖੇ ਬੰਦੂਕ ਦੇ ਨਿਸ਼ਾਨੇ ਨਾਲ ਪ੍ਰੀਖਿਆ ਕਰਕੇ ਡੱਲੇ ਦਾ ਮਾਣ ਦਲਿਆ ਤੇ ਇੱਥੇ ਹੀ ਡੱਲੇ ਨੂੰ ਆਖਿਆ, ''ਵੇਖ ਡੱਲਿਆ! ਨਹਿਰਾਂ। ਵੇਖ ਡੱਲਿਆ! ਅੰਬ ਤੇ ਅਨਾਰ। ਵੇਖ ਡੱਲਿਆ! ਕਣਕ ਦੇ ਹਰੇ-ਭਰੇ ਖੇਤ।'' ਇਸ ਨਿਕਾਰੇ ਨੇ ਤਿੰਨੇ ਵਾਰੀ ਉੱਤਰ ਦਿੱਤਾ, ''ਸੱਚੇ ਪਾਤਸ਼ਾਹ! ਇਹ ਤਾਂ ਰੇਤ ਚਮਕਦੀ, ਪਾਣੀ ਨਜ਼ਰ ਆਉਂਦਾ ਹੈ। ਇਹ ਤਾਂ ਅੰਬ ਅਨਾਰ ਨਹੀਂ, ਅੱਕ ਅਤੇ ਝਾੜੀਆਂ ਹਨ।'' ਦਸਮੇਸ਼ ਪਿਤਾ ਜੀ ਨੇ ਫ਼ਰਮਾਇਆ, ''ਡੱਲਿਆ, ਜੇ ਬਚਨ ਮੰਨਦਾ ਤਾਂ ਹੁਣੇ ਹੀ ਸਭ ਕੁਝ ਹੋ ਜਾਂਦਾ, ਪਰ ਵਕਤ ਪਾ ਕੇ ਇਹ ਸਾਰੀਆਂ ਚੀਜ਼ਾਂ ਇਸ ਦੇਸ਼ ਵਿੱਚ ਹੋ ਜਾਣਗੀਆਂ।'' ਇੱਥੇ ਹੀ ਚੋਜੀ ਪਾਤਸ਼ਾਹ ਨੇ ਗੁਰੂਸਰ ਦੇ ਟੋਭੇ ਵਿੱਚ ਅੰਮ੍ਰਿਤ ਦੇ ਕੜਾਹੇ ਪਾ ਕੇ ਮਾਲਵੇ ਦੇ ਸਿੱਖਾਂ ਵਿੱਚ ਅੰਮ੍ਰਿਤ ਦਾ ਬੀਜ ਬੀਜਿਆ।

ਇਹ ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਸਾਰੇ ਬਚਨ ਮਹਾਂ-ਅਕਾਸ਼ ਵਿੱਚ ਜਮ੍ਹਾਂ ਸਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਮਗਰੋਂ ਖ਼ਾਲਸੇ ਦਾ ਰਾਜ ਵੀ ਹੋਇਆ। ਫੂਲਕੀਆਂ ਦੀਆਂ ਰਿਆਸਤਾਂ ਨੇ ਵੀ ਤਾਕਤ ਸੰਭਾਲੀ। ਬਾਬਾ ਕਰਮ ਸਿੰਘ, ਬਾਬਾ ਦੀਪ ਸਿੰਘ, ਬਾਬਾ ਸਾਹਿਬ ਸਿੰਘ, ਭਾਈ ਵੀਰ ਸਿੰਘ, ਬਾਬਾ ਰਾਮ ਸਿੰਘ, ਜਿਹੇ ਕਈ ਮਹਾਂਪੁਰਸ਼ ਵੀ ਹੋਏ, ਪਰ ਕਿਸੇ ਨੂੰ ਵੀ ਇਹ ਬਚਨ ਪੂਰੇ ਕਰਨ ਦਾ ਹੁਕਮ ਨਾ ਹੋਇਆ।

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥ (੪੫੭)

ਗੁਰੂ ਕਾਂਸ਼ੀ ਦਮਦਮੇ ਸਾਹਿਬ ਦੀ ਸੇਵਾ

ਇਹ ਉੱਚ-ਸੇਵਾ ਸਤਿਗੁਰੂ ਸੱਚੇ ਪਾਤਸ਼ਾਹ ਨੇ ਸੰਤ ਬਾਬਾ ਅਤਰ ਸਿੰਘ ਸੂਰੇ ਲਈ ਰੱਖੀ ਹੋਈ ਸੀ। ਜਦੋਂ ਪਹਿਲੀ ਵੇਰੀ ਸੰਤ ਦਮਦਮੇ ਸਾਹਿਬ ਗੁਰੂ ਕਾਂਸ਼ੀ ਗਏ, ਤਦ ਦਸਮੇਸ਼ ਪਿਤਾ ਦੇ ਦੀਵਾਨ ਅਸਥਾਨ ਦੇ ਕੱਚੇ ਥੜੇ 'ਤੇ ਬੜਾ ਭਾਰੀ ਇਕੱਠ ਹੋਇਆ। ਗੁਰੂਸਰ ਸਾਹਿਬ ਨੂੰ ਅਜੇ ਕੱਚਾ ਹੀ ਟੋਭਾ ਦੇਖ ਕੇ ਸੰਤ ਜੀ ਮਹਾਰਾਜ ਦੇ ਅੰਦਰ ਇੱਕ ਬੜੀ ਪ੍ਰੇਮ ਅਤੇ ਵੈਰਾਗ ਭਰੀ ਨਿਸ਼ਕਾਮ ਸੇਵਾ ਦੀ ਲਹਿਰ ਚੱਲੀ। ਸਾਧ-ਸੰਗਤ ਅੱਗੇ ਬੇਨਤੀ ਕੀਤੀ ਕਿ ਪ੍ਰੇਮੀਓਂ! ਦੀਨ-ਦੁਨੀਆਂ ਦੇ ਵਾਲੀ, ਸ਼ਹੀਦਾਂ ਦੇ ਸੂਰਬੀਰਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਚਨ ਅਜੇ ਤੀਕਰ ਸੁਫਲਾ ਨਹੀਂ ਹੋਇਆ। ਆਓ ਅਸੀਂ ਰਲ-ਮਿਲ ਕੇ ਆਪਣਾ ਤਨ, ਮਨ, ਧਨ, ਸਕਾਰਥਾ ਕਰੀਏ ਤੇ ਸੱਚੇ ਪਾਤਸ਼ਾਹ ਦੇ ਗੁਰੂਸਰ ਸਰੋਵਰ ਨੂੰ ਪੱਕਾ ਕਰਵਾਈਏ। ਕਈ ਹਜ਼ਾਰ ਦਮੜਾ ਉੱਥੇ ਹੀ ਜਮ੍ਹਾ ਹੋ ਗਿਆ। ਫੇਰ ਸੰਤ ਜੀ ਮਹਾਰਾਜ ਆਪ ਚੱਲ ਕੇ ਸਾਰੇ ਬਿਹੰਗਮੀਆਂ ਦੇ ਡੇਰਿਆਂ ਵਿੱਚ ਗਏ ਤੇ ਆਖਿਆ, ਭਾਈ! ਜੋ-ਜੋ ਕਿਸੇ ਪਾਸ ਜਮ੍ਹਾਂ ਹੈ, ਦੇ ਦਿਓ। ਜਿਹੜਾ ਲੁਕਾ ਕੇ ਰੱਖੇਗਾ, ਉਹ ਗਧੇ ਦੀ ਜੂਨ ਪਵੇਗਾ।'' ਜਿਨ੍ਹਾਂ ਦੇ ਭਾਗ ਸਨ ਉਹਨਾਂ ਨੇ ਪੱਲੇ ਝਾੜ ਦਿੱਤੇ। ਕੁੱਲ ੧੭ ਹਜ਼ਾਰ ਦਮੜਾ ਇਕੱਤ੍ਰ ਹੋ ਗਿਆ। ਇਹ ਸਾਰੀ ਦੀ ਸਾਰੀ ਮਾਇਆ ਸੰਤ ਜੀ ਮਹਾਰਾਜ ਨੇ ਦਮਦਮਾ ਸਾਹਿਬ ਖ਼ਾਲਸਾ ਹਾਈ ਸਕੂਲ ਦੀ ਕਮੇਟੀ ਦੇ ਹਵਾਲੇ ਕਰ ਦਿੱਤੀ ਤੇ ਫ਼ਰਮਾਇਆ, ''ਭਾਈ! ਇਸ ਨਾਲ ਸਰੋਵਰ ਦੀ ਕਾਰ ਅਰੰਭ ਕਰ ਦਿਓ ਅਤੇ ਇਸ ਨੂੰ ਪੱਕਾ ਕਰ ਦਿਓ।'' ਕਮੇਟੀ ਨੂੰ ਇਹ ਸੇਵਾ ਬਖ਼ਸ਼ ਕੇ ਸੰਤ ਜੀ ਮਹਾਰਾਜ ਤਾਂ ਸੰਗਤਾਂ ਦੇ ਪ੍ਰੇਮ ਦੇ ਖਿੱਚੇ ਹੋਏ ਅੰਮ੍ਰਿਤ ਪ੍ਰਚਾਰ ਦੇ ਦੌਰੇ ਲਈ ਚਲੇ ਗਏ ਤੇ ਕਮੇਟੀ ਨੇ ਅੱਧਾ ਰੁਪਈਆ ਤਾਂ ਸਕੂਲ ਤੇ ਖਰਚ ਕਰ ਦਿੱਤਾ ਅਤੇ ਅੱਧੇ ਨਾਲ ਛੋਟਾ ਜਿਹਾ ਪੱਕਾ ਸਰੋਵਰ ਬਣਵਾ ਦਿੱਤਾ।

ਮਾਘ ੧੯੮੦ (ਫਰਵਰੀ ੧੯੨੩) ਵਿਖੇ ਗੁਰਸਾਗਰ ਸਾਹਿਬ ਵਿੱਚ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇਹ ਹੁਕਮ ਪ੍ਰਗਟ ਹੋਇਆ ਕਿ ਸਰੀਰ ਦਾ ਕੋਈ ਭਰੋਸਾ ਨਹੀਂ। ਗੁਰਸਾਗਰ ਸਰੋਵਰ ਦੀ ਕਾਰ ਵੀ ਅਧੂਰੀ ਰਹਿ ਗਈ ਹੈ ਅਤੇ ਗੁਰੂ ਕਲਗੀਆਂ ਵਾਲੇ ਦੇ ਸਾਰੇ ਬਚਨ ਵੀ ਜਮ੍ਹਾਂ ਪਏ ਹਨ। ਦੀਵਾਨ ਅਸਥਾਨ ਅਤੇ ਸੰਗਤਾਂ ਦੇ ਅਰਾਮ ਲਈ ਬੁੰਗੇ ਵੀ ਬਣਵਾਉਣੇ ਹਨ। ਫੌਰਨ ਦਾਸ ਨੂੰ ਸੱਦ, ਹੁਕਮ ਦਿੱਤਾ ਕਿ ਤੁਸੀਂ ਇਸੇ ਵੇਲੇ ਸਰਦਾਰ ਜੀਵਨ ਸਿੰਘ ਨੂੰ ਸ਼ਹਿਜ਼ਾਦਪੁਰ ਚਿੱਠੀ ਲਿਖੋ ਅਤੇ ਇਹ ਬੇਨਤੀ ਕਰੋ ਕਿ ਸੰਤ ਗੁਰੂ ਕਾਂਸ਼ੀ ਤਲਵੰਡੀ ਸਾਬੋ ਵਿਖੇ, ਗੁਰੂਸਰ ਸਰੋਵਰ ਅਤੇ ਕਲਗੀਆਂ ਵਾਲੇ ਦੇ ਦੀਵਾਨ ਅਸਥਾਨ ਦੀ ਸੇਵਾ ਕਰਾਉਣੀ ਚਾਹੁੰਦੇ ਹਨ; ਤੁਸੀਂ ਸੰਤ ਜੀ ਮਹਾਰਾਜ ਨੂੰ, ਜਿੰਨੀ ਜ਼ਮੀਨ ਉਹਨਾਂ ਨੂੰ ਸਰੋਵਰ, ਦੀਵਾਨ ਅਸਥਾਨ, ਬੁੰਗਿਆਂ ਅਤੇ ਹੋਰ ਆਬਾਦੀ ਲਈ ਲੋੜ ਹੋਵੇ, ਕਬਜ਼ਾ ਕਰਨ ਦੀ ਆਗਿਆ ਦਿਓ। ਉਸੇ ਦਿਨ ਚਿੱਠੀ ਲਿਖ, ਰਜਿਸਟਰੀ ਕਰਵਾ ਡਾਕ ਵਿੱਚ ਪਾ ਦਿੱਤੀ। ਕੁਝ ਦਿਨਾਂ ਮਗਰੋਂ ਛੇਤੀ ਹੀ ਸਰਦਾਰ ਜੀਵਨ ਸਿੰਘ ਦਾ ਮੁਖਤਾਰ ਗੁਰਸਾਗਰ ਸਾਹਿਬ ਮਸਤੂਆਣੇ ਆ ਪੁੱਜਾ। ਉੱਥੇ ਸਾਰੇ ਗੁਰਮਤੇ ਦੇ ਮਗਰੋਂ, ਜਿਸ ਵਿੱਚ ਸੰਤ ਜੀ ਮਹਾਰਾਜ, ਦਾਸ ਅਤੇ ਸਰਦਾਰ ਸਾਹਿਬ ਦਾ ਮੁਖਤਾਰ ਆਮ ਹਾਜ਼ਰ ਸਨ। ਇਹ ਲਿਖਤ ਲਿਖੀ ਗਈ ਕਿ ਜਿੰਨੀ ਜ਼ਮੀਨ ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਸਰੋਵਰ, ਦੀਵਾਨ ਅਸਥਾਨ, ਬੁੰਗਿਆਂ ਅਤੇ ਆਪਣੇ ਸੇਵਕਾਂ ਦੀ ਅਬਾਦੀ ਲਈ ਲੋੜ ਹੋਵੇ, ਵਰਤ ਲੈਣ। ਕੋਈ ਖਾਸ ਹੱਦ ਜਾਂ ਤਖ਼ਮੀਨਾ ਮੁਕੱਰਰ ਨਹੀਂ ਹੋਇਆ। ਸੇਵਾ ਕਰਨ ਦੀ ਖੁੱਲ੍ਹੀ ਆਗਿਆ ਮਿਲ ਗਈ। ਇਹ ਪਟਾ ਮੁਖਤਾਰ ਆਮ ਸਹਿਜ਼ਾਦਪੁਰ ਲੈ ਗਿਆ ਅਤੇ ਕੁਝ ਦਿਨਾਂ ਮਗਰੋਂ ਹੀ ਸਰਦਾਰ ਜੀਵਨ ਸਿੰਘ ਦੇ ਦਸਖਤ ਹੋ ਕੇ ਗੁਰਸਾਗਰ ਸਾਹਿਬ ਮਸਤੂਆਣੇ ਪੁੱਜ ਗਿਆ। ਜਦ ਦਾਸ ਨੇ ਇਹ ਪਟਾ ਸੰਤ ਜੀ ਮਹਾਰਾਜ ਦੇ ਪੇਸ਼ ਕੀਤਾ, ਉਸੇ ਦਿਨ ਤੋਂ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇਸ ਕਾਰ ਦੀ ਐਸੀ ਧੁਨ ਬੱਝ ਗਈ ਕਿ ਇੱਕ ਨਿਮਖ ਵੀ ਇਸ ਦੀ ਵਿਚਾਰ ਤੋਂ ਨਾ ਵਿੱਛੜਦੇ। ਦਾਸ ਨੂੰ ਵੀ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਤਕੜੇ ਰਹਿਣਾ, ਹੁਣ ਦਮਦਮੇ ਸਾਹਿਬ ਦੀ ਸੇਵਾ ਸ਼ੁਰੂ ਹੈ।"

ਜਿੰਨਾ ਚਿਰ ਸੰਤ ਜੀ ਕਾਂਜਲੇ ਬਿਰਾਜੇ, ਜਿਹੜਾ ਕੋਈ ਪ੍ਰੇਮੀ ਦਰਸ਼ਨ ਲਈ ਆਉਂਦਾ, ਉਸ ਨੂੰ ਇਸ ਸੇਵਾ ਲਈ ਮਾਇਆ, ਬਸਤਰ, ਅੰਨ, ਗੁੜ ਅਤੇ ਹੋਰ ਲੰਗਰ ਦੀ ਸਮੱਗਰੀ ਲਈ ਹੁਕਮ ਦਿੰਦੇ। ਇੱਕ ਦਿਨ ਜਦ ਦਾਸ ਕਾਂਜਲੇ ਦਰਸ਼ਨ ਕਰਨ ਲਈ ਗਿਆ ਤਾਂ ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, "ਭਾਈ! ਜਿਸ ਦਿਨ ਦੀ ਦਮਦਮੇ ਸਾਹਿਬ ਦੀ ਸੇਵਾ ਸ਼ੁਰੂ ਕੀਤੀ ਹੈ, ਪ੍ਰੇਮੀ ਦਰਸ਼ਨ-ਮੇਲਾ ਕਰਨ ਲਈ ਵੀ ਨਹੀਂ ਆਉਂਦੇ, ਪਰ ਅਸਾਂ ਕਮਰਕੱਸਾ ਕਰ ਲਿਆ ਹੈ, ਇਹ ਸੇਵਾ ਜ਼ਰੂਰ ਪੂਰੀ ਕਰਾਉਣੀ ਹੈ।"

ਇੱਕ ਦਿਨ ਕਾਂਜਲੇ ਸੰਗਤ ਦੇ ਇਕੱਠ ਵਿੱਚ ਸੰਤ ਜੀ ਮਹਾਰਾਜ ਨੇ ਆਪਣੇ ਰੰਗ ਵਿੱਚ ਆ ਕੇ ਫ਼ਰਮਾਇਆ, "ਭਾਈ! ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਇਹ ਤਾਕਤ ਹੈ ਕਿ ਇੱਥੋਂ ਲੈ ਕੇ ਦਮਦਮੇ ਸਾਹਿਬ ਤੀਕਰ ਸੋਨੇ ਦੀ ਨਹਿਰ ਚੱਲ ਜਾਵੇ, ਪਰ ਸਤਿਗੁਰੂ ਨੇ ਤੁਹਾਡੇ ਤਨ, ਮਨ, ਧਨ ਆਪ ਦੀ ਸੇਵਾ ਵਿੱਚ ਲਾ ਕੇ ਤੁਹਾਡਾ ਜਨਮ ਸਫ਼ਲਾ ਕਰਨਾ ਹੈ। ਸੇਵਾ ਤੋਂ ਸੰਕੋਚ ਨਾ ਕਰੋ। ਵਿਤ ਅਨੁਸਾਰ ਜੋ ਕੁਝ ਹੋਵੇ, ਕਲਗੀਆਂ ਵਾਲੇ ਸਾਹਿਬ ਤੋਂ ਵਾਰ ਦਿਓ। ਦਸਮੇਸ਼ ਪਿਤਾ ਨੇ ਤੁਹਾਡੇ ਤੋਂ ਕੁਝ ਲੁਕਾ ਕੇ ਨਹੀਂ ਰੱਖਿਆ।"

ਮੋ ਗ੍ਰਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥ (ਪਾ ਃ ੧੦)

ਇਹ ਸਾਰੀ ਉਮਰ ਵਿੱਚ ਪਹਿਲੀ ਹੀ ਵਾਰ ਸੀ ਕਿ ਸੰਤ ਜੀ ਮਹਾਰਾਜ ਨੇ ਸੇਵਾ ਲਈ ਸੰਗਤ ਵਿੱਚ ਅਪੀਲ ਕੀਤੀ। ਆਪ੍ਰੇਸ਼ਨ ਦੇ ਮਗਰੋਂ ਸੇਵਾ ਦੀ ਖਿੱਚ ਇੰਨੀ ਤੀਬਰ ਸੀ ਕਿ ਸਤਿਗੁਰੂ ਦੇ ਇਸ਼ਕ ਵਿੱਚ ਸੰਤ ਜੀ ਮਹਾਰਾਜ ਨੇ ਆਪਣੇ ਸਰੀਰ ਅਤੇ ਨੇਤਰਾਂ ਦਾ ਖਿਆਲ ਵੀ ਛੱਡ ਦਿੱਤਾ। ਡਾਕਟਰ ਨੇ ਵੀ ਜਣਾ ਦਿੱਤਾ ਕਿ ਪੱਟੀ

ਖੋਲ੍ਹਣ ਮਗਰੋਂ ੪੦ ਦਿਨ ਸੰਤ ਜੀ ਮਹਾਰਾਜ ਇਕਾਂਤ ਰਹਿਣ ਅਤੇ ਕਿਸੇ ਨਾਲ ਕੋਈ ਗੱਲਬਾਤ ਨਾ ਕਰਨ, ਪਰ ਪ੍ਰੇਮ ਵਿੱਚ ਨੇਮ ਕਿੱਥੇ ਰਹਿੰਦਾ ਹੈ? ਸੰਤ ਜੀ ਮਹਾਰਾਜ ਨੇ ਆਪਣੇ ਸੇਵਕਾਂ ਨੂੰ ਹੁਕਮ ਦੇ ਦਿੱਤਾ ਕਿ ਦਮਦਮੇ ਸਾਹਿਬ ਦੀ ਸੇਵਾ ਲਈ ਕੋਈ ਮਾਈ-ਭਾਈ ਆਵੇ, ਉਸ ਲਈ ਛੇਤੀ ਹੀ ਸਾਡਾ ਬੂਹਾ ਖੋਲ੍ਹ ਦਿਓ। ਦਿਨ-ਰਾਤ ਸੇਵਾ ਦੀ ਧੁਨ ਲੱਗੀ ਰਹਿੰਦੀ। ਜਿਹੜਾ ਪ੍ਰੇਮੀ ਦਰਸ਼ਨ ਲਈ ਆਉਂਦਾ, ਓਸ ਨੂੰ ਦਮਦਮੇ ਸਾਹਿਬ ਹਿੱਤ ਸੰਤ ਜੀ ਮਹਾਰਾਜ ਕੋਈ ਨਾ ਕੋਈ ਸੇਵਾ ਲਾ ਦਿੰਦੇ। ਦਾਸ ਜਦ ਇੱਕ ਦਿਨ ਰਾਮ ਨਗਰ ਸਿਵੀਆਂ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਗਿਆ, ਤਦ ਮਹਾਰਾਜ ਜੀ ਨੇ ਹੁਕਮ ਦਿੱਤਾ ਕਿ ਤਿੰਨ ੫੦ ਫੁੱਟੇ, ੪ ਪੱਚੀ ਫੁੱਟੇ ਅਤੇ ੫੦-੬੦ ਛੋਟੇ, ਗਾਰਡਰ ਜਿਹੜੇ ਅਜੇ ਤੀਕਰ ਗੁਰਸਾਗਰ ਸਾਹਿਬ ਦੀ ਇਮਾਰਤ ਵਿੱਚ ਨਹੀਂ ਲੱਗੇ, ਛੇਤੀ ਹੀ ਦਮਦਮੇ ਸਾਹਿਬ ਭੇਜ ਦਿਓ। ਬਿਨਾਂ ਕੋਈ ਫੁਰਨਾ ਉਠਾਉਣ ਦੇ ਇਸ ਹੁਕਮ ਦੀ ਤਾਮੀਲ ਕੀਤੀ ਗਈ। ਦਾਸ ਨੂੰ ਭਾਸ ਗਿਆ ਕਿ ਇਹ ਮਨ ਨੂੰ ਤਕੜਾ ਕਰਕੇ ਪਕੜ ਛੁਡਾਉਣ ਦੀ ਪਹਿਲੀ ਪ੍ਰੀਖਿਆ ਹੈ।

ਦਮਦਮਾ ਸਾਹਿਬ ਦੀ ਸੇਵਾ ਦੀ ਸੋਅ ਮਹਾਰਾਜਾ ਭੁਪਿੰਦਰ ਸਿੰਘ ਪਾਸ ਪਟਿਆਲੇ ਵੀ ਪੁੱਜ ਗਈ। ਉਹ ਇੱਕ ਦਿਨ ਸੰਤ ਜੀ ਮਹਾਰਾਜ ਪਾਸ ਰਾਮ ਨਗਰ ਸਿਵੀਆਂ ਆਇਆ ਤੇ ਬੇਨਤੀ ਕੀਤੀ ਕਿ ਹੁਕਮ ਦਿਓ, ਦਾਸ ਇਕੱਲਾ ਹੀ ਸਾਰੇ ਦਮਦਮੇ ਸਾਹਿਬ ਦੀ ਸੇਵਾ ਪੂਰੀ ਕਰ ਦੇਵੇਗਾ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਅਸੀਂ ਸਭ ਦਾ ਭਲਾ ਕਰਨਾ ਹੈ। ਤੂੰ ਭੀ ਆਪਣੀ ਤਾਕਤ ਅਤੇ ਸ਼ਰਧਾ ਅਨੁਸਾਰ ਹਿੱਸਾ ਪਾ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਖੁਸ਼ੀ ਲੈ ਲੈ। ਇਹ ਸੁਣ ਕੇ ਰਾਜਾ ਇਸ ਪਾਸਿਓ ਤਾਂ ਚੁੱਪ ਹੋ ਗਿਆ, ਪਰ ਨਾਲ ਹੀ ਆਖਿਓ ਸੂ ਕਿ ਕਿਧਰੇ ਦਮਦਮੇ ਸਾਹਿਬ ਦੀ ਸੇਵਾ ਪੂਰੀ ਕਰ ਕੇ ਅਸਥਾਨ ਸੰਤ ਤੇਜਾ ਸਿੰਘ ਨੂੰ ਨਾ ਸੰਭਾਲ ਦੇਣਾ, ਉਹ ਮਹਾਰਾਜਾ ਨਾਭਾ ਦਾ ਪੱਖ ਕਰਦਾ ਹੈ। ਸੰਤ ਜੀ ਮਹਾਰਾਜ ਹੱਸ ਕੇ ਬੋਲੇ, ਭਾਈ! ਇਹ ਤੁਹਾਨੂੰ ਵਹਿਮ ਹੈ, "ਭਾਈ ਤੇਜਾ ਸਿੰਘ ਸਭ ਦਾ ਸਾਂਝਾ ਹੈ, ਕਿਸੇ ਨਾਲ ਦਵੈਤ ਨਹੀਂ ਰੱਖਦਾ।"

ਦਾਸ ਦੇ ਗੁਜਰਾਂਵਾਲੇ ਆਉਣ ਦੇ ਮਗਰੋਂ ਕੁਝ ਦਿਨ ਸੰਤ ਜੀ ਮਹਾਰਾਜ ਰਾਮ ਨਗਰ ਸਿਵੀਆਂ ਰਹੇ। ਫੇਰ ਸ: ਜਗਤ ਸਿੰਘ ਪੀਰੋਵਾਲ ਨੇ ਮਹਾਰਾਜ ਪਾਸ ਆਪਣੀ ਮੋਟਰ ਭੇਜ ਕੇ ਸ਼ਿਮਲੇ ਲੈ ਆਂਦਾ। ਉਨ੍ਹਾਂ ਦਾ ਪ੍ਰੇਮ ਸੀ ਕਿ ਅੱਖ ਦੇ ਆਪ੍ਰੇਸ਼ਨ ਕਰਕੇ ਸੰਤ ਜੀ ਮਹਾਰਾਜ ਗਰਮੀਆਂ ਪਹਾੜ ਦੀ ਠੰਡ ਵਿੱਚ ਕੱਟਣ।

ਇੱਥੇ ਮਹਾਰਾਜ ਦਾ ਡੇਰਾ ਨਾਭਾ ਹਾਊਸ ਵਿੱਚ ਕਰਾਇਆ ਗਿਆ। ਸਤਿਸੰਗ ਦਾ ਅਤੁੱਟ ਪ੍ਰਵਾਹ ਚੱਲ ਪਿਆ ਅਤੇ ਸੈਂਕੜੇ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ।

ਦਮਦਮੇ ਸਾਹਿਬ ਗੁਰੂ ਕਾਸ਼ੀ ਦੀ ਸੇਵਾ ਦੀ ਧੁਨ ਸੰਤ ਜੀ ਮਹਾਰਾਜ ਨੂੰ ਇੰਨੀ ਤੀਬਰ ਸੀ ਕਿ ਪਹਿਲੀ ਵਾਰੀ ਸਾਰੀ ਉਮਰ ਵਿੱਚ ਆਪ ਰਿਕਸ਼ਾ ਚੜ੍ਹ ਕੇ ਇਹ ਪ੍ਰੇਮੀਆਂ ਦੀ ਕੋਠੀ ਆਪ ਉਗਰਾਹੀ ਕਰਨ ਗਏ ਤੇ ਆਖਿਆ, "ਭਾਈ ਇਹੋ ਜਿਹਾ ਮੰਗਤਾ ਤੁਹਾਨੂੰ ਫੇਰ ਨਹੀਂ ਮਿਲਣਾ।" ਹੋਰ ਜਿਹੜਾ ਪ੍ਰੇਮੀ ਦਰਸ਼ਨ-ਮੇਲੇ ਲਈ ਆਉਂਦਾ, ਉਸ ਪਾਸੋਂ ਵੀ ਸੇਵਾ ਲੈਂਦੇ।

ਸ਼ਿਮਲੇ ਦੀਆਂ ਖਾਸ-ਖਾਸ ਸਾਖੀਆਂ ਹੇਠਾਂ ਦਰਜ ਹਨ :

ਤਿਚਰੁ ਮੂਲਿ ਨ ਥੁੜੰਦੀਦੋ ਜਿਚਰੁ ਆਪਿ ਕ੍ਰਿਪਾਲੁ ॥

(੧) ਇੱਕ ਦਿਨ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ ਸ: ਸੁੰਦਰ ਸਿੰਘ ਛਾਬੜਾ ਦੇ ਘਰ ਸੀ, ਜੋ ਨਾਭੇ ਹਾਊਸ ਦੇ ਇੱਕ ਕੁਆਟਰ ਵਿੱਚ ਰਹਿੰਦੇ ਸੀ। ਇੱਥੋਂ ਗੁਰਦੁਆਰੇ ਵਿੱਚ ਨਿੱਤਨੇਮ ਦੀਵਾਨ ਸਜਦਾ ਸੀ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਸਾਧ-ਸੰਗਤ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਕੋਈ ਪ੍ਰੇਮੀ ਪ੍ਰਸ਼ਾਦ ਛਕੇ ਬਗੈਰ ਨਾ ਜਾਏ। ਸੰਗਤ ੧੦੦੦ (ਹਜ਼ਾਰ) ਤੋਂ ਵਧੀਕ ਸੀ । ਲੰਗਰ ਪ੍ਰੇਮੀ ਨੇ ਦੋ ਸੌ ਦਾ

ਤਿਆਰ ਕੀਤਾ ਹੋਇਆ ਸੀ। ਜਦ ਬੀਬੀਆਂ ਨੂੰ ਪਤਾ ਲੱਗਾ ਕਿ ਇੰਨੀ ਸੰਗਤ ਪ੍ਰਸ਼ਾਦ ਛਕੇਗੀ, ਤਦ ਉਹ ਬਹੁਤ ਘਬਰਾ ਗਈਆਂ। ਉਹਨਾਂ ਦੀ ਇਹ ਦਸ਼ਾ ਦੇਖ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਬੀਬੀਓ! ਡਰੋ ਨਹੀਂ, ਆਟੇ ਲੰਗਰ ਉੱਤੇ ਚਾਦਰ ਪਾ ਦੇਵੋ ਤੇ ਪ੍ਰਸ਼ਾਦ ਛਕਾਈ ਜਾਵੋ ਅਤੇ ਇਸ ਸ਼ਬਦ ਦਾ ਪਾਠ ਕਰੀ ਜਾਵੋ':

ਤਿਚਰੁ ਮੂਲਿ ਨ ਥੁੜੑੀਦੋ ਜਿਚਰੁ ਆਪਿ ਕ੍ਰਿਪਾਲੁ ॥
ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥੨੦॥ (੧੪੨੬)

ਹੁਕਮ ਮੰਨ ਕੇ ਪ੍ਰਸ਼ਾਦਾ ਛਕਾਉਣਾ ਸ਼ੁਰੂ ਕਰ ਦਿੱਤਾ। ਜਦੋਂ ਸਾਰੀ ਸੰਗਤ ਪ੍ਰਸ਼ਾਦ ਛਕ ਚੁੱਕੀ, ਤਦ ਬਹੁਤ ਸਾਰਾ ਲੰਗਰ ਵਧਿਆ ਰਿਹਾ।

(੨) ਇੱਕ ਦਿਨ ਨਾਭੇ ਹਾਊਸ ਵਿੱਚ ਗੁਰਦੁਆਰੇ ਸਾਹਿਬ ਦੀਵਾਨ ਸਜਿਆ ਹੋਇਆ ਸੀ। ਸੰਤ ਜੀ ਮਹਾਰਾਜ ਨੇ ਸਾਰਿਆਂ ਬੱਚਿਆਂ ਨੂੰ ਇਕੱਠਾ ਕਰ ਕੇ ਫ਼ਰਮਾਇਆ, "ਤੁਸੀਂ ਸਾਰੇ ਇੱਕ ਸ਼ਬਦ ਸੁਣਾਓ, ਤੁਹਾਨੂੰ ਇਨਾਮ ਦਿੱਤੇ ਜਾਣਗੇ।" ਕੁਝ ਬੱਚੇ ਤਾਂ ਸੰਗ ਗਏ, ਪਰ ਕਈਆਂ ਨੇ ਸ਼ਬਦ ਸੁਣਾਏ। ਉਹਨਾਂ ਪਾਸੋਂ ਸੰਤ ਜੀ ਮਹਾਰਾਜ ਨੇ, ਹੌਸਲਾ ਦੇ ਕੇ ਤੇ ਸ਼ਬਦ ਦੀ ਕੋਈ ਤੁਕ ਦਸ-ਦਸ ਕੇ, ਸ਼ਬਦ ਸੁਣੇ ਤੇ ਹਰ ਇੱਕ ਨੂੰ ਕੁਝ ਨਾ ਕੁਝ ਇਨਾਮ ਦਿੱਤਾ ।

(੩) ਨਾਭੇ ਹਾਊਸ ਵਿੱਚ ਪ੍ਰੇਮੀ ਆਪਣੇ-ਆਪਣੇ ਘਰੋਂ ਰਸਦ ਲਿਆ ਕੇ ਲੰਗਰ ਤਿਆਰ ਕਰਦੇ ਤੇ ਬੜੇ ਪ੍ਰੇਮ ਉਤਸ਼ਾਹ ਨਾਲ ਖੱਟੇ, ਮਿੱਠੇ ਸਾਰਿਆਂ ਰਸਾਂ ਦੇ ਪਕਵਾਨ ਤਿਆਰ ਕਰ ਕੇ ਸਾਧ-ਸੰਗਤ ਨੂੰ ਛਕਾਉਂਦੇ। ਜਦ ਕੁਝ ਸਮਾਂ ਇਸ ਤਰ੍ਹਾਂ ਬੀਤ ਗਿਆ ਤਾਂ ਇੱਕ ਦਿਨ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਸ ਤਰ੍ਹਾਂ ਸਾਡਾ ਸੁਭਾਓ ਵਿਗੜ ਜਾਵੇਗਾ **"ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥"** (੧੩੦੬) ਹੁਣ ਜਿਸ ਪ੍ਰੇਮੀ ਨੇ ਪ੍ਰਸ਼ਾਦ ਛਕਾਣਾ ਹੋਵੇ, ਉਹ ਰੁੱਖੀ ਮਿਸੀ ਹੀ ਤਿਆਰ ਕਰੇ ਤੇ ਨਾਲ ਰੁੱਖਾ ਪ੍ਰਸ਼ਾਦ ਲਿਆਵੇ। ਹੁਕਮ ਮੰਨ ਕੇ ਸਾਰੇ ਇਸ ਤਰ੍ਹਾਂ ਕਰਨ ਲੱਗ ਪਏ। ਸੰਤ ਜੀ ਮਹਾਰਾਜ ਤਾਂ ਆਪਣੇ ਰੰਗ ਬੜੇ ਅਨੰਦ ਰਹੇ ਤੇ ਇਹ ਪ੍ਰਸ਼ਾਦ ਛਕ ਕੇ ਬੜੇ ਪ੍ਰਸੰਨ ਹੁੰਦੇ, ਪਰ ਜਥੇ ਦੇ ਕਈ ਸਰੀਰ ਤਕਲੀਫ਼ ਮੰਨਣ ਲੱਗ ਪਏ ਅਤੇ ਪ੍ਰਸ਼ਾਦ ਛਕਾਉਣ ਵਾਲੇ ਪ੍ਰੇਮੀ ਦਾ ਵੀ ਪ੍ਰੇਮ ਪੂਰਾ ਨਾ ਹੋਵੇ। ਜਥੇ ਦੀ ਤਕਲੀਫ਼ ਤੇ ਸਾਧ-ਸੰਗਤ ਦੇ ਪ੍ਰੇਮ ਨੂੰ ਮੁੱਖ ਰੱਖ ਕੇ ਸੰਗਤ ਨੇ ਇੱਕ ਦਿਨ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਲੰਗਰ ਸੰਗਤਾਂ ਦੇ ਪ੍ਰੇਮ ਤੇ ਹੀ ਰਹਿਣ ਦਿਓ। ਸੰਤ ਜੀ ਨੇ ਫਰਮਾਇਆ, "ਚੰਗਾ ਭਾਈ! ਤੁਹਾਡੀ ਮਰਜ਼ੀ।"

ਸਚਖੰਡ ਅਤੇ ਦਸਮ ਦੁਆਰ ਦਾ ਵਖਿਆਨ

(੪) ਪ੍ਰੋਫੈਸਰ ਗੰਗਾ ਸਿੰਘ ਇਹਨਾਂ ਦਿਨਾਂ ਵਿਚ ਸਾਧ-ਸੰਗਤ ਦੇ ਬੁਲਾਏ ਸ਼ਿਮਲੇ ਗਏ । ਆਸਾ ਜੀ ਦੀ ਵਾਰ ਦੇ ਕੀਰਤਨ ਮਗਰੋਂ ਇਹ ਨਿੱਤ ਕਥਾ ਕਰਦੇ। ਇੱਕ ਦਿਨ ਸੱਚਖੰਡ ਦਾ ਜ਼ਿਕਰ ਕਰਦਿਆਂ-ਕਰਦਿਆਂ ਇਹਨਾਂ ਨੇ ਬੜੇ ਅਲੰਕਾਰ ਬੱਧੇ। ਦੋ ਕੁ ਦਿਨ ਮਗਰੋਂ ਜਦ ਇਹ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਗਏ, ਤਦ ਸੰਤ ਜੀ ਇਕਾਂਤ ਵਿੱਚ ਬੈਠੇ ਸਨ। ਜਦ ਪ੍ਰੋਫੈਸਰ ਜੀ ਸਜ ਗਏ, ਤਦ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਪੁੱਛਿਆ, "ਭਾਈ ਗੰਗਾ ਸਿੰਘ ਜੀ! ਉਸ ਦਿਨ ਤੁਸਾਂ ਸੱਚਖੰਡ ਦਾ ਬੜਾ ਸੋਹਣਾ ਨਕਸ਼ਾ ਖਿੱਚਿਆ ਸੀ। ਦੱਸੋ ਖਾਂ, ਭਾਈ ਇਹ ਦੇਖਿਆ ਵੀ ਹੈ, ਤਾਂ ਸਾਨੂੰ ਵੀ ਦਰਸ਼ਨ ਕਰਾਓ।" ਪ੍ਰੋਫੈਸਰ ਗੰਗਾ ਸਿੰਘ ਜੀ ਨੇ ਬੇਨਤੀ ਕੀਤੀ, "ਮਹਾਰਾਜ ਜੀ! ਮੈਂ ਤਾਂ ਆਪਣੇ ਕਿਤਾਬੀ ਵਿੱਦਿਆ ਦੁਆਰਾ ਜੋ ਅਲੰਕਾਰ ਪੜ੍ਹੇ ਸੁਣੇ ਹਨ, ਉਹਨਾਂ ਸਾਰਿਆਂ ਨੂੰ ਗੁੰਧ ਕੇ ਸਾਧ-ਸੰਗਤ ਦੇ ਪੇਸ਼ ਕਰ ਦਿੱਤਾ ਸੀ। ਸੱਚ-ਖੰਡ ਦੇ ਦਰਸ਼ਨ ਤਾਂ ਆਪ ਨੇ ਕੀਤੇ ਹਨ, ਮਿਹਰ ਕਰ ਕੇ ਮੈਨੂੰ ਵੀ ਕਰਾਓ।" ਇਹ ਗੱਲ ਸੁਣ ਕੇ ਸੰਤ ਜੀ ਸਮਾਧੀ ਅਸਥਿਤ ਹੋ ਗਏ। ਚਿਹਰੇ ਤੋਂ ਐਸਾ



ਸੰਤ ਅਤਰ ਸਿੰਘ ਜੀ ਮਹਾਰਾਜ ਆਪਣੇ ਸੇਵਕਾਂ ਨਾਲ

ਨੂਰ ਪ੍ਰਕਾਸ਼ ਹੋਇਆ ਕਿ ਸਾਰਾ ਕਮਰਾ ਇਸ ਨਾਲ ਭਰਪੂਰ ਹੋ ਗਿਆ। ਭਾਈ ਗੰਗਾ ਸਿੰਘ ਆਪਣੀ ਜ਼ਬਾਨੀ ਦੱਸਦੇ ਹਨ ਕਿ ਜੈਸਾ ਅਨੰਦ ਮੈਨੂੰ ਉਸ ਦਿਨ ਆਇਆ, ਸਾਰੀ ਉਮਰ ਕਦੀ ਨਹੀਂ ਸੀ ਆਇਆ। ਇਹ ਰਸ ਮੇਰੇ ਰੋਮ-ਰੋਮ ਵਿੱਚ ਭਾਸਿਆ, ਪਰ ਇਹਦਾ ਅੱਖਰਾਂ ਵਿੱਚ ਵਰਣਨ ਕਰਨਾ ਕਠਿਨ ਹੈ।

(੫) ਇੱਕ ਦਿਨ ਸ਼ਿਮਲਾ ਸਤਿਸੰਗ ਦੇ ਮੋਢੀ ਭਾਈ ਅਮਰ ਸਿੰਘ ਜਿਨ੍ਹਾਂ ਨੂੰ ਸਾਰੀ ਸੰਗਤ ਕਈ ਸਾਲ ਤੋਂ ਸੰਤ ਅਮਰ ਸਿੰਘ ਜੀ ਆਖਦੀ ਤੇ ਸਮਝਦੀ, ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਏ। ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਹੁਕਮ ਕੀਤਾ ਕਿ ਭਾਈ ਤੁਸੀਂ ਵੀ ਦਮਦਮੇ ਸਾਹਿਬ ਦੀ ਸੇਵਾ ਵਿੱਚ ਹਿੱਸਾ ਪਾ ਕੇ, ਸਤਿਗੁਰੂ ਕਲਗੀਆਂ ਵਾਲੇ ਦੀ ਖੁਸ਼ੀ ਲਵੋ। ਭਾਈ ਅਮਰ ਸਿੰਘ ਜੀ ਨੇ ਹੱਥ ਜੋੜ ਕੇ ਆਖਿਆ, ''ਸੱਚੇ ਪਾਤਸ਼ਾਹ! ਕਲ੍ਹ ਬੇਨਤੀ ਕਰਾਂਗਾ।' ਦੂਜੇ ਦਿਨ ਸ਼ਾਮ ਦੇ ਵੇਲੇ ਦਫ਼ਤਰ ਦਾ ਕੰਮ ਕਰ ਕੇ ਜਦ ਇਹਨਾਂ ਨੂੰ ਛੁੱਟੀ ਮਿਲੀ ਤਦ ਆਪਣੇ ਘਰੋਂ ਹੋ ਕੇ ਸਿੱਧੇ ਸੰਤ ਜੀ ਮਹਾਰਾਜ ਪਾਸ ਆਏ। ਸਾਰੀ ਉਮਰ ਦੀ ਕਮਾਈ ਜਿਹੜੀ ਪੂੰਜੀ ਇਕੱਤਰ ਸੀ, ਚਰਨਾਂ ਵਿੱਚ ਹਾਜ਼ਰ ਕਰ ਦਿੱਤੀ। ਇਸ ਸਿਦਕੀ ਸਿੰਘ ਦਾ ਇਹ ਪ੍ਰੇਮ ਦੇਖ ਕੇ, **ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥** (੯੧੮) ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ ਸਿੱਖਾ ਤੂੰ ਧੰਨ ਹੈ, ਤੈਨੂੰ ਹੁਣ ਫੇਰ ਜਨਮ ਨਹੀਂ।''

ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ ਤਾ ਮਨੁ ਖੀਵਾ ਭਾਈ ॥ (੧੧੨੩)

(੬) ਇੱਕ ਦਿਨ ਭਾਈ ਸ਼ੰਕਰ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਨਾਭੇ ਹਾਊਸ ਵਿਖੇ ਪ੍ਰਸ਼ਨ ਕੀਤਾ, ''ਸੱਚੇ ਪਾਤਸ਼ਾਹ! ਦਸਵਾਂ ਦੁਆਰ ਕੀ ਹੁੰਦਾ ਹੈ ਤੇ ਦ੍ਰਿਸ਼ਟੀ ਦਾ ਖੁੱਲ੍ਹਣਾ ਕੀ ਹੈ?'' ਮਹਾਰਾਜ ਜੀ ਨੇ ਫ਼ਰਮਾਇਆ, **''ਤੁਮੋ, ਰਜੋ, ਸਤੋ ਇਹਨਾਂ ਤਿੰਨਾਂ ਗੁਣਾਂ ਤੋਂ ਪਰੇ ਹੋ ਜਾਣ ਦਾ ਨਾਉਂ ਤ੍ਰਿਕਟੀ ਹੈ ਤੇ ਨਿਰਾਕਾਰ ਵਿਚ ਬਿਰਤੀ ਦੇ ਪਹੁੰਚਣ ਦਾ ਨਾਮ ਦਸਵੇਂ ਦੁਆਰ ਦਾ ਖੁਲ੍ਹਣਾ ਹੈ।''**

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ (੭੦੦)

ਕਾਂਡ ੪੫

ਸੂਹੀ ਮਹਲਾ ੫ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥
ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥
ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥
ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥
ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥
ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥
ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥
ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥
ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥
ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥
ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥
ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥
ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥
ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥
ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥
ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥
ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥
ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥ (੭੮੩)

ਸੰਤ ਜੀਵਾ ਸਿੰਘ ਜੀ ਨਨਕਾਣੇ ਸਾਹਿਬ ਵਾਲੇ ਸੰਮਤ ੧੯੭੯ ਬਿਕ੍ਰਮੀ (ਸੰਨ ੧੯੨੨ ਈਸਵੀ) ਵਿੱਚ ਦਮਦਮੇ ਸਾਹਿਬ ਗਏ ਤੇ ਲਿਖਨਸਰ ਸਾਹਿਬ ਵਿਖੇ, ਜਿੱਥੇ ਕਿ ਗੁਰੂ ਕਲਗੀਧਰ ਸਾਹਿਬ ਜੀ ਨੇ ਲਿਖਣਾ ਘੜ-ਘੜ ਪਾਈਆਂ ਸਨ, ਡੇਰਾ ਕੀਤਾ। ਰੁੱਤ ਗਰਮੀ ਦੀ ਸੀ। ਗੁਰੂਸਰ ਸਰੋਵਰ ਦੇ ਕੰਢੇ ਬੇਰੀ ਹੇਠਾਂ, ਜਿੱਥੇ

ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਆ ਕੇ ਬੈਠੇ ਸਨ, ਇੱਕ ਬਾਰਾਂਦਰੀ ਬਣੀ ਹੋਈ ਸੀ। ਦੁਪਹਿਰ ਦੇ ਵੇਲੇ ਸੰਤ ਜੀਵਾ ਸਿੰਘ ਇੱਥੇ ਅਰਾਮ ਕਰਨ ਲਈ ਆ ਬਿਰਾਜੇ। ਬਾਰਾਂਦਰੀ ਦੇ ਤਖ਼ਤੇ ਲੱਗੇ ਹੋਏ ਸਨ। ਲੋ ਡਾਢੀ ਵਗ ਰਹੀ ਸੀ। ਗਰਮੀ ਨਾਲ ਇਹਨਾਂ ਦਾ ਸਰੀਰ ਬੜਾ ਦੁਖੀ ਹੋਇਆ। ਹਿਰਦੇ ਵਿੱਚ ਇਹ ਅਰਦਾਸ ਉੱਠੀ ਕਿ ਕਦੇ ਮੇਰਾ ਸਤਿਗੁਰੂ ਇਸ ਬਾਰਾਂਦਰੀ ਵਿੱਚ ਪ੍ਰਕਾਸ਼ ਹੋਵੇ ਤਾਂ ਪ੍ਰਗਟ ਗੁਰਾਂ ਦੀ ਦੇਹ ਨੂੰ ਗਰਮੀ ਨਾਲ ਕਿੰਨੀ ਕੁ ਤਕਲੀਫ਼ ਪੁੱਜੇ।

ਇਸ ਅਰਦਾਸ ਦੇ ਕੁਝ ਚਿਰ ਮਗਰੋਂ ਇੱਕ ਹੋਰ ਖੇਲ ਸਤਿਗੁਰੂ ਨੇ ਵਰਤਾਈ। ਗੁਰੂਸਰ ਸਰੋਵਰ ਵਿੱਚੋਂ ਮਾਈਆਂ-ਬੀਬੀਆਂ ਜਲ ਭਰ ਕੇ ਲੈ ਜਾਂਦੀਆਂ, ਵਿੱਚੋਂ ਹੀ ਘੜੇ ਭਰਦੀਆਂ ਤੇ ਵਿੱਚੋਂ ਹੀ ਹੱਥ-ਪਾਣੀ ਕਰ ਲੈਂਦੀਆਂ। ਕਈ ਪ੍ਰੇਮੀ ਤਾਂ ਦਾਤਨ-ਕੁਰਲਾ ਵੀ ਸਰੋਵਰ ਸਾਹਿਬ ਦੇ ਜਲ ਨਾਲ ਹੀ ਕਰਦੇ। ਮੁਕਦੀ ਗੱਲ ਇਹ ਕਿ ਸਾਰੀਆਂ ਜਾਤੀਆਂ ਦੇ ਲੋਕ ਇਸ ਜਲ ਨੂੰ ਬੇ-ਮਰਯਾਦਾ ਵਰਤਦੇ ਤੇ ਬੜੀ ਬੇ-ਅਦਬੀ ਹੁੰਦੀ। ਇੱਕ ਦਿਨ ਪੰਜ ਬਿਹੰਗਮ ਸਿੰਘ, ਜਿਹੜੇ ਤੁਰਦੇ-ਫਿਰਦੇ ਕਈ ਦਿਨਾਂ ਤੋਂ ਸ੍ਰੀ ਦਮਦਮੇ ਸਾਹਿਬ ਆਏ ਹੋਏ ਸਨ, ਇਸ ਬੇ-ਅਦਬੀ ਨੂੰ ਨਾ ਸਹਾਰ ਸਕੇ। ਇਕੱਠੇ ਹੋ ਕੇ ਗੁਰਮਤਾ ਕਰ ਲਿਆ ਕਿ ਅੱਜ ਸ੍ਰੀ ਸਾਹਿਬ ਚਲਾ ਦੇਈਏ ਤੇ ਜਿਹੜਾ ਬੇ-ਅਦਬੀ ਕਰੇ ਉਸ ਨੂੰ ਝਟਕਾ ਦੇਈਏ। ਅਜੇ ਇਹ ਸਲਾਹ ਕਰ ਹੀ ਰਹੇ ਸੀ ਕਿ ਸੰਤ ਜੀਵਾ ਸਿੰਘ ਲੌਢੇ ਪਹਿਰ ਜੰਗਲ ਪਾਣੀ ਹੋ ਕੇ ਸਰੋਵਰ 'ਤੇ ਪੰਜ ਇਸ਼ਨਾਨਾਂ ਕਰਨ ਲਈ ਆ ਪੁੱਜੇ। ਉਸ ਵੇਲੇ ਇਹ ਬਿਹੰਗਮ ਸਿੰਘ ਤਿਆਰ-ਬਰ-ਤਿਆਰ ਕਮਰਕੱਸੇ ਕੱਸੀ ਖੜੇ ਸਨ ਤੇ ਅਰਦਾਸਾ ਕਰਨ ਲੱਗੇ ਸਨ। ਕੁਦਰਤੀ ਉਹਨਾਂ ਦੀ ਨਜ਼ਰ ਸੰਤ ਜੀਵਾ ਸਿੰਘ 'ਤੇ ਪੈ ਗਈ। ਉਹਨਾਂ ਵਿੱਚੋਂ ਇੱਕ ਨੇ ਆਖਿਆ ਕਿ ਲੈ ਸੰਤ ਵੀ ਆ ਗਏ ਹਨ, ਉਹਨਾਂ ਦੀ ਵੀ ਸਲਾਹ ਪੁੱਛ ਲਈਏ। ਦੂਜਿਆਂ ਨੇ ਵੀ ਕਿਹਾ ਕਿ ਠੀਕ! ਠੀਕ!! ਜਦ ਸੰਤ ਜੀਵਾ ਸਿੰਘ ਜੀ ਪੰਜ ਇਸ਼ਨਾਨਾ ਕਰ ਚੁੱਕੇ, ਤਦ ਇਹ ਪੰਜੇ ਪ੍ਰੇਮੀ ਉਹਨਾਂ ਦੇ ਪਾਸ ਚਲੇ ਗਏ ਤੇ ਸਾਰੇ ਸਰੋਵਰ ਦੀ ਪ੍ਰਕਰਮਾ ਵਿੱਚ ਸਜ ਗਏ। ਬਿਹੰਗਮ ਸਿੰਘਾਂ ਨੇ ਆਪਣਾ ਗੁਰਮਤਾ ਸੰਤ ਜੀ ਨੂੰ ਸੁਣਾਇਆ। ਤਦ ਸੰਤ ਜੀਵਾ ਸਿੰਘ ਜੀ ਨੇ ਆਖਿਆ, "ਭਾਈ! ਅੱਜ ਤੁਸੀਂ ਗੁਰੂ ਦੀ ਕਾਂਸ਼ੀ ਵਿੱਚ ਇੱਕ ਮਹਾਂ ਉਪੱਦਰ ਕਰਨ ਲੱਗੇ ਸੀ। ਇਸ ਮਹਾਂ ਪਵਿੱਤਰ ਧਰਤੀ ਵਿੱਚ ਤੁਸੀਂ ਕਤਲਗੜ੍ਹ ਇੱਕ ਅੱਖ ਦੇ ਫੋਰ ਵਿੱਚ ਬਣਾ ਦਿੰਦੇ। ਇੱਧਰ ਤੁਸੀਂ ਤਿਆਰ-ਬਰ-ਤਿਆਰ ਕਮਰਕੱਸਾ ਕੱਸੀ ਖੜੇ ਹੋ ਕੇ ਓਧਰ ਨਗਰ ਦੇ ਮਲਵਈ ਸ਼ੇਰ, ਸਲੰਗਾਂ ਕੁਹਾੜੀਆਂ ਫੜੀ ਫਿਰ ਰਹੇ ਹਨ ਤੇ ਆਖ ਰਹੇ ਹਨ ਕਿ ਕੌਣ ਹਨ, ਉਹ ਬਿਹੰਗਮ? ਅਸੀਂ ਉਹਨਾਂ ਦਾ ਖੁਰਾ-ਖੋਜ ਮਿਟਾ ਦਿਆਂਗੇ। ਹੁਣ ਤੁਸੀਂ ਦੱਸੋ ਕਿ ਅਸੀਂ ਸਿੰਘ, ਸਿੰਘ ਨੂੰ ਕੱਟਦੇ ਵੱਢਦੇ ਤਨਖਾਈਏ ਨਾ ਹੋ ਜਾਵਾਂਗੇ? ਗੁਰੂ ਕਲਗੀਧਰ ਸੱਚੇ ਪਾਤਸ਼ਾਹ ਦੇ ਰਹਿਤਨਾਮੇ ਵਿੱਚ ਹੁਕਮ ਹੈ ਸਿੰਘ, ਸਿੰਘ 'ਤੇ ਕਦੀ ਸ਼ਸ਼ਤਰ ਨ ਚੁੱਕੇ ਦੂਜੀ ਗੱਲ ਇਹ ਹੈ ਕਿ 'ਮਾਈਆਂ ਰੱਬ ਰਜਾਈਆਂ' ਨਿਸ਼ਕਪਟ ਭੋਲੀਆਂ ਦੇਵੀਆਂ ਹਨ। ਇਹਨਾਂ ਨੂੰ ਪ੍ਰੇਮ ਨਾਲ ਸਮਝਾਓ। ਭਲਾ, ਸਿੰਘ ਜੀ! ਇਹ ਤਾਂ ਦੱਸੋ ਕਿ ਮਾਈਆਂ ਤਾਂ ਘੜੇ ਆਦਿ ਬਰਤਨ ਹੀ ਧੋਂਦੀਆਂ ਹਨ, ਪਰ ਅਸੀਂ ਜਦ ਸਣੇ ਕਛਹਿਰੇ ਇਸ਼ਨਾਨ ਕਰਦੇ ਹਾਂ, ਤਦ ਸਾਡੇ ਵਿੱਚੋਂ ਕਈ ਬਿਹੰਗਮ ਪ੍ਰੇਮੀ ਤਰ੍ਹਾਂ-ਤਰ੍ਹਾਂ ਦੇ ਅਉਗਣ ਕਰਕੇ ਕਛਹਿਰਿਆਂ ਦੀ ਅਪਵਿੱਤ੍ਰਤਾ ਅਤੇ ਮਲੀਨਤਾ ਨਾਲ ਇਸ ਸਰੋਵਰ ਦੇ ਜਲ ਦੀ ਕੀ ਘੱਟ ਬੇ-ਅਦਬੀ ਕਰਦੇ ਹਨ? ਆਓ ਮੁੜ ਜਾਓ, ਵਾਸਤਾ ਜੇ ਗੁਰੂ ਦਾ, ਇਹ ਪਾਪ ਨਾ ਕਰੋ। ਜਦ ਸੰਤ ਜੀਵਾ ਸਿੰਘ ਨੇ ਬੜੀ ਧੀਰਜ ਨਾਲ ਇਹ ਬੇਨਤੀ ਕਰਕੇ ਗੁਰੂ ਦੀ ਦੁਹਾਈ ਦਿੱਤੀ, ਤਦ ਪੰਜੇ ਸਿੰਘ ਇੱਕ ਦਮ ਸੁੰਨ ਹੋ ਗਏ। ਇੱਕ ਨੇ ਹੌਲੀ ਜਿਹੀ ਕਿਹਾ, "ਫੇਰ ਇਸ ਗੁਰੂ ਅਸਥਾਨ ਦੀ ਬੇਅਦਬੀ ਹੋਈ ਜਾਵੇ? ਜੇ ਇਹ ਬੇ-ਅਦਬੀ ਚੰਗੀ ਨਹੀਂ ਤਾਂ ਕਿਵੇਂ ਇਸ ਵਿੱਚ ਰੋਕ ਪਾਈ ਜਾਵੇ। ਸੰਤ ਜੀ ਤੁਸੀਂ ਆਪ ਹੀ ਕਿਰਪਾ ਕਰ ਕੇ ਸਾਨੂੰ ਦੱਸੋ।"

ਇਹ ਸੁਣ ਕੇ ਸੰਤ ਜੀਵਾ ਸਿੰਘ ਕੁਝ ਚਿਰ ਧਿਆਨ ਵਿੱਚ ਬੈਠ ਗਏ ਅਤੇ ਵਿਚਾਰ ਦੀ ਨਿਗਾਹ ਨਾਲ ਦੇਖਿਆ ਕਿ ਕੌਣ ਸਮਰੱਥ ਪੁਰਸ਼ ਹੈ ਜੋ ਇਸ ਕਾਰਜ ਨੂੰ ਹੱਥ ਪਾ ਕੇ ਸਿਰੇ ਚੜ੍ਹਾਵੇ। ਤਦ ਬਿਜਲੀ ਵੱਤ ਪ੍ਰਕਾਸ਼ ਹੋਇਆ ਤੇ ਮਹਾਂ ਪਵਿੱਤਰ ਪਾਵਨ ਹਸਤੀ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਸਰੂਪ ਸਾਹਮਣੇ ਆ ਗਿਆ। ਕੁਝ ਚਿਰ ਤਾਂ ਸੰਤ ਜੀਵਾ ਸਿੰਘ ਇਸ ਦਰਸ਼ਨ ਦੇ ਅਨੰਦ ਵਿੱਚ ਮਗਨ ਰਹੇ। ਫੇਰ ਨੇਤਰ ਖੋਲ੍ਹੇ ਤੇ ਬਿਹੰਗਮ ਸਿੰਘਾਂ ਨੂੰ ਆਖਿਆ ਕਿ ਭਾਈ! ਦਸਮੇਸ਼ ਪਿਤਾ ਨੇ ਤੁਹਾਡੀ ਬੇਨਤੀ ਦਾ ਜਵਾਬ ਦੇ ਦਿੱਤਾ ਹੈ। ਤੁਹਾਡੇ ਵਿੱਚੋਂ ਕੋਈ ਕਮਰਕੱਸਾ ਕਰਕੇ ਸੰਤ ਅਤਰ ਸਿੰਘ ਜੀ ਪਾਸ ਚਲਾ ਜਾਵੇ ਤੇ ਉਹਨਾਂ ਦੀ ਚਰਨ-ਧੂੜ ਲੈ ਕੇ ਅੱਜ ਦੀ ਸਾਰੀ ਵਿੱਥਿਆ ਸੁਣਾ ਕੇ ਤੇ ਗੱਲ ਵਿੱਚ ਪੱਲਾ ਪਾ, ਹੱਥ ਜੋੜ ਕੇ ਸਾਡੀ ਤਰਫ਼ੋਂ ਬੇਨਤੀ ਕਰੇ, ਮਹਾਰਾਜ ਜੀ ਇਸ ਤਰ੍ਹਾਂ ਗੁਰੂ ਦਵਾਰਿਆਂ ਤੇ ਸਰੋਵਰਾਂ ਦੀ ਬੇਅਦਬੀ ਹੋ ਰਹੀ ਹੈ। ਇਸ ਕਲਯੁਗੀ ਚੱਕਰ ਦਾ ਟਾਕਰਾ ਕਰਨ ਲਈ ਆਪ ਸਮਰੱਥ ਹੋ, ਇਸ ਪਾਸੇ ਧਿਆਨ ਦੇ ਕੇ ਅਕਾਲੀ ਖੇਡ ਵਰਤਾਓ ਅਤੇ ਗੁਰੂਸਰ ਤੇ ਗੁਰੂ ਕੀ ਕਾਂਸ਼ੀ ਦੀ ਮਹਿਮਾ ਵਧਾਓ। ਸਤਿਗੁਰੂ ਸੱਚੇ ਪਾਤਸ਼ਾਹ ਨੇ ਆਪ ਨੂੰ ਬਖਸ਼ਿਸ਼ ਦੇ ਕੇ ਭੇਜਿਆ ਹੈ। ਸਾਰੇ ਰਾਜੇ-ਮਹਾਰਾਜੇ, ਗੁਰੂ ਦੀਆਂ ਸੰਗਤਾਂ ਤੁਹਾਡੇ ਪ੍ਰੇਮ ਵਿੱਚ ਬੱਧੇ ਹੋਏ ਹਨ।

ਸੇਵਾ ਰੂਪ ਹੋ ਕੇ ਗੁਰੂ ਕਾਂਸ਼ੀ ਦੀ ਸੇਵਾ ਦਾ ਅਰੰਭ

ਸੰਤ ਜੀਵਾ ਸਿੰਘ ਦੀ ਇਹ ਗੱਲ ਸੁਣ ਕੇ ਇੱਕ ਸਿੰਘ ਨੇ ਉਸੇ ਵੇਲੇ ਕਮਰਕੱਸਾ ਕਰ ਲਿਆ ਤੇ ਸੰਤ ਜੀ ਮਹਾਰਾਜ ਦੀ ਦੌਰੇ ਵਿੱਚ ਢੂੰਡ-ਭਾਲ ਕਰ ਕੇ ਸੰਤ ਜੀਵਾ ਸਿੰਘ ਦੀ ਬੇਨਤੀ ਉਹਨਾਂ ਦੇ ਚਰਨਾਂ ਵਿੱਚ ਪਹੁੰਚਾ ਦਿੱਤੀ। ਸੰਤ ਜੀ ਮਹਾਰਾਜ ਨੇ ਸਾਰੀ ਗੱਲ ਬੜੇ ਗੌਰ ਨਾਲ ਸੁਣੀ ਤੇ ਇਸ ਨੂੰ ਆਪਣੇ ਹਿਰਦੇ ਵਿੱਚ ਵਸਾਈ ਰੱਖਿਆ। ਅੱਠਾਂ ਮਹੀਨਿਆਂ ਪਿਛੋਂ ਗੁਰੂ ਕਾਂਸ਼ੀ ਦੀ ਕਾਰ ਅਰੰਭ ਕਰ ਦਿੱਤੀ ਤੇ ਆਪਣੇ-ਆਪ ਨੂੰ ਇਹਦੇ ਵਿੱਚ ਹੀ ਭੁੱਲਾ ਦਿੱਤਾ, ਮਾਨੋ ਕਿ ਇਸ ਸੇਵਾ ਦਾ ਰੂਪ ਹੀ ਹੋ ਗਏ।

ਜਦ ਗੁਰਸਾਗਰ ਸਾਹਿਬ ਮਸਤੂਆਣੇ ਵਿਖੇ ਸ: ਜੀਵਨ ਸਿੰਘ ਸ਼ਾਜ਼ਾਦ ਪੁਰੀਏ ਪਾਸੋਂ ਦਮਦਮੇ ਸਾਹਿਬ ਤਲਵੰਡੀ ਸਾਬੋ, ਗੁਰੂਸਰ ਸਰੋਵਰ ਤੇ ਗੁਰੂ ਕਾਂਸੀ ਦੀ ਸੇਵਾ ਲਈ ਜ਼ਮੀਨ ਦਾ ਪਟਾ ਲਿਖਵਾ ਕੇ ਸੰਤ ਜੀ ਮਹਾਰਾਜ ਨੇ ਸੇਵਾ ਅਰੰਭ ਕਰ ਦਿੱਤੀ, ਤਦ ਕੁਝ ਦਿਨਾਂ ਮਗਰੋਂ ਹੀ ਇੱਕ ਲੋਹਟਬਦੀ ਨਗਰ ਦਾ ਜਥਾ ਦਰਸ਼ਨ ਕਰਨ ਲਈ ਇੱਥੇ ਆ ਪੁੱਜਾ। ਭਾਈ ਸੁੱਚਾ ਸਿੰਘ ਇਹਨਾਂ ਦੇ ਨਾਲ ਸਨ। ਅਕਾਲ ਕਾਲਜ ਦੀ ਸੇਵਾ ਹੋ ਰਹੀ ਸੀ। ਇਸ ਜਥੇ ਨੇ ਇੱਥੇ ਕਈ ਦਿਨ ਠਹਿਰ ਕੇ ਇਸ ਇਮਾਰਤ ਦੀ ਕਾਰ ਕੀਤੀ। ਫੇਰ ਜਦ ਨਗਰ ਜਾਣ ਵਾਸਤੇ ਬੇਨਤੀ ਕੀਤੀ, ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਸੇਵਾ ਕਰਦੇ ਰਹੋ, ਮਾਨਸ ਜਨਮ ਦਾ ਇਹੋ ਹੀ ਲਾਹਾ ਹੈ, ਘਰ ਜਾ ਕੇ ਕੀ ਲੈਣਾ ਹੈ?" ਹੁਕਮ ਮੰਨ ਸੰਗਤ ਕਈ ਦਿਨ ਟਿਕ ਕੇ ਸੇਵਾ ਕਰਦੀ ਰਹੀ, ਪਰ ਵਿੱਚੋਂ ਕਈ ਪ੍ਰੇਮੀ ਕਾਹਲੇ ਪੈ ਗਏ ਤੇ ਨਿੱਤ ਸਾਥੀਆਂ ਨੂੰ ਪ੍ਰੇਰਨਾ ਕਰਨ ਲੱਗ ਪਏ। ਇੱਕ ਦਿਨ ਸਾਰਾ ਜਥਾ ਤਿਆਰ ਹੋ ਕੇ ਅਰਦਾਸਾ ਸੋਧਨ ਲੱਗਾ। ਸੰਤ ਜੀ ਮਹਾਰਾਜ ਨੂੰ ਉਸੇ ਵੇਲੇ ਪਤਾ ਲੱਗ ਗਿਆ। ਸਾਰਿਆਂ ਨੂੰ ਸੱਦ ਭੇਜਿਆ ਤੇ ਆਖਿਆ ਅੱਵਲ ਤਾਂ ਨਾ ਜਾਓ, ਪਰ ਜੇ ਜ਼ਰੂਰ ਜਾਣਾ ਹੀ ਹੈ, ਤਦ ਸਾਨੂੰ ਬਚਨ ਦੇ ਕੇ ਜਾਓ ਕਿ ਕਦੋਂ ਮੁੜ ਕੇ ਸੇਵਾ ਵਿੱਚ ਹਾਜ਼ਰ ਹੋਵੋਗੇ। ਸਭ ਨੇ ਆਖਿਆ, "ਸੱਚੇ ਪਾਤਿਸਾਹ! ਜਦ ਮੀਂਹ ਪੈ ਗਿਆ, ਉਸ ਦੇ ਮਗਰੋਂ ਅਸੀਂ ਸਾਰੇ ਆ ਜਾਵਾਂਗੇ।' ਛੇਕੜ ਹਾੜ ਵਿੱਚ ਬਾਰਸ਼ ਹੋਈ ਤੇ ਸਾਰਾ ਜਥਾ ਭਾਈ ਸੁੱਚਾ ਸਿੰਘ ਸਮੇਤ ਹਾਜ਼ਰ ਹੋ ਗਿਆ। ਕੁਝ ਦਿਨ ਜਥੇ ਨੇ ਸੇਵਾ ਕੀਤੀ ਤੇ ਫੇਰ ਲੋਹਟਬਦੀ ਮੁੜ ਗਏ।

ਗੁਰੂ ਕਾਸ਼ੀ ਦੀ ਸੇਵਾ ਦੇ ਮੁਕਾਮੀ ਪ੍ਰਬੰਧ ਲਈ ਸੰਤ ਜੀ ਮਹਾਰਾਜ ਨੇ ਪਹਿਲਾਂ ਸੰਤ ਬਿਸ਼ਨ ਸਿੰਘ ਕਾਂਜਲੇ ਵਾਲਿਆਂ ਨੂੰ ਆਖਿਆ, ਪਰ ਜਦ ਉਹਨਾਂ ਨੇ ਕਾਂਜਲੇ ਦੀ ਸੇਵਾ ਕਰਕੇ ਆਪਣੀ ਮਜਬੂਰੀ ਜਣਾਈ, ਤਦ

ਮਹੇਰਨੇ ਤੋਂ ਸੱਦ ਕੇ ਸੰਤ ਜੀ ਮਹਾਰਾਜ ਨੇ ਸੰਤ ਭਾਈ ਗੁਲਾਬ ਸਿੰਘ ਨੂੰ ਇਹ ਪਹਿਰਾ ਬਖਸ਼ਿਆ। ਹੁਕਮ ਮੰਨ ਕੇ ਸੰਤਪੁਰੇ ਦਾ ਪ੍ਰਬੰਧ ਆਪਣੇ ਸੇਵਕਾਂ ਦੇ ਸਪੁਰਦ ਕਰਕੇ ਉਹ ਗੁਰੂ ਕਾਂਸ਼ੀ ਤਲਵੰਡੀ ਸਾਬੋ ਪੁੱਜ ਗਏ। ਉਹਨਾਂ ਦੇ ਨਾਲ ਪੁਰਾਣੇ ਜੰਗੀ ਜਥੇ ਦੇ ਬਿਹੰਗਮ, ਜਿਨ੍ਹਾਂ ਨੇ ਕਿ ਗੁਰਸਾਗਰ ਸਾਹਿਬ ਮਸਤੂਆਣੇ ਵਿਖੇ ਵੀ ਘਾਲ-ਘਾਲੀ ਸੀ, ਚਲੇ ਗਏ ਅਤੇ ਕੋਈ ੫੦, ੬੦ ਸਿੰਘਾਂ ਦਾ ਸੇਵਕ ਜਥਾ ਬਣ ਗਿਆ। ਲੱਗੇ ਕਹੀ ਟੋਕਰੀ ਦਾ ਕੰਮ ਚਲਾਉਣ। ਇਸ ਧਰਤੀ ਵਿਖੇ ਕਈ ਥਾਂ ਡੂੰਘੇ ਟੋਏ ਸਨ, ਜਿਨ੍ਹਾਂ ਵਿੱਚ ਹਾਥੀ ਵੀ ਨਜ਼ਰ ਨਾ ਆਵੇ ਤੇ ਕਈ ਉੱਚੇ-ਉੱਚੇ ਮਟੀਲ। ਸਾਧ ਸੰਗਤ ਤਨ, ਮਨ ਕਰਕੇ ਜੁੱਟ ਪਈ ਤੇ ਉੱਚੀ-ਨੀਵੀਂ ਥਾਂ ਨੂੰ ਪੱਧਰਾ ਕਰਕੇ ਦੀਵਾਨ ਅਸਥਾਨ 'ਤੇ ਬੁੰਗਿਆਂ ਲਈ ਤਿਆਰ ਕਰਨਾ ਅਰੰਭ ਕਰ ਦਿੱਤਾ। ਥੋੜ੍ਹੇ ਦਿਨਾਂ ਮਗਰੋਂ ਹੀ ਪਿੰਡਾਂ ਦੀਆਂ ਸੰਗਤਾਂ ਵੀ ਆਉਣ ਲੱਗ ਪਈਆਂ ਤੇ ਗੁਰੂ ਕਾਂਸ਼ੀ ਦੀ ਕਾਰ ਪੂਰੇ ਪ੍ਰੇਮ ਅਤੇ ਉਤਸ਼ਾਹ ਨਾਲ ਸ਼ੁਰੂ ਹੋ ਗਈ। ਗਰਮੀਆਂ ਦੇ ਖ਼ਤਮ ਹੋਣ ਮਗਰੋਂ ਸੰਤ ਜੀ ਮਹਾਰਾਜ ਵੀ ਸਿੱਧੇ ਸ਼ਿਮਲੇ ਤੋਂ ਦਮਦਮੇ ਸਾਹਿਬ ਪੁੱਜ ਗਏ। ਹੁਣ ਤਾਂ ਅਸਚਰਜ ਕੰਮ ਬਣ ਗਿਆ। ਮਹਾਂਪੁਰਖਾਂ ਦੀ ਖਿੱਚ ਤੇ ਸੇਵਾ ਚਾਉ ਕਰਕੇ ਹਜ਼ਾਰਾਂ ਸੰਗਤਾਂ ਅੰਮ੍ਰਿਤ ਵੇਲੇ ਦੀਵਾਨ ਵਿੱਚ ਆਉਣ ਲੱਗ ਪਈਆਂ। ਆਸਾ ਦੀ ਵਾਰ ਦੇ ਭੋਗ ਮਗਰੋਂ ਜਲ-ਪਾਣੀ ਛਕ ਕੇ ਸਾਰੇ ਬਿਹੰਗਮ ਸੱਜਣ ਅਤੇ ਨਗਰਾਂ ਦੇ ਪ੍ਰੇਮੀ ਸੇਵਾ ਵਿੱਚ ਜੁੱਟ ਜਾਂਦੇ।

ਸੰਤ ਜੀ ਮਹਾਰਾਜ ਮੰਜੀ 'ਤੇ ਚੌਂਕੜਾ ਸਜਾ, ਆਪਣੀ ਕ੍ਰਿਪਾ ਦ੍ਰਿਸ਼ਟੀ, ਪ੍ਰੇਮ ਅਤੇ ਹੌਂਸਲੇ ਦੇ ਬਚਨਾਂ ਨਾਲ ਆਪਣੀ ਸਤਿਆ ਸਭ ਵਿੱਚ ਵਰਤਾਉਂਦੇ। ਉਤਸ਼ਾਹ ਵਧਾਉਣ ਵਾਸਤੇ ਢੋਲ ਵੀ ਖੂਬ ਇੱਕ-ਰਸ ਵੱਜਦਾ ਰਹਿੰਦਾ। ਇਸ ਦੀ ਅਵਾਜ਼ ਵਿੱਚ ਮਸਤ ਇੱਕ ਦੂਜੇ ਤੋਂ ਵੱਧ ਚੜ੍ਹ ਕੇ ਅਤੇ ਦੌੜ-ਦੌੜ ਕੇ ਪ੍ਰੇਮੀ ਸਰੋਵਰ ਦੀ ਕਾਰ ਦੇ ਟੋਕਰੇ ਬਾਹਰ ਟੋਇਆਂ ਵਿੱਚ ਸੁੱਟਦੇ। ਸੈਂਕੜੇ ਕਹੀਆਂ ਦੀ ਲਿਸ਼ਕਾਰ, ਢੋਲ ਦੀ ਜੋਸ਼ੀਲੀ ਅਵਾਜ਼, ਉਤਸ਼ਾਹ ਭਰੀ ਸੰਗਤਾਂ ਦੀ ਦੌੜ, ਕਲਜੁਗ ਨਾਲ ਸਾਧ-ਸੰਗਤ ਦਾ ਇੱਕ ਸੱਚੇ ਧਰਮ ਯੁੱਧ ਦਾ ਦ੍ਰਿਸ਼ ਨਜ਼ਰ ਆਉਂਦਾ। ਨਿਤਾਪ੍ਰਤ ਇਸ ਪ੍ਰੇਮ, ਸੁਧ, ਜੋਸ਼ ਅਤੇ ਨਿਰਬਾਨ ਸੇਵਾ ਦੀ ਬੇ-ਤਾਰ ਬਿਜਲੀ, ਮਹਾਂ-ਅਕਾਸ਼ ਵਿੱਚ ਫੈਲ ਕੇ ਸਾਰੀ ਸ੍ਰਿਸ਼ਟੀ ਦੇ ਉੱਚਾ ਕਰਨ ਹਿੱਤ ਇੱਕ ਨਿਸ਼ਕਾਮ ਸਤਿਜੁਗੀ ਲਹਿਰ ਚਲਾਉਂਦੀ।

ਹੁਣ ਗੁਰਸਾਗਰ ਸਾਹਿਬ ਮਸਤੂਆਣੇ ਦੀ ਮਾਘੀ ਦਾ ਜੋੜ ਮੇਲਾ ਨੇੜੇ ਆ ਗਿਆ ਤੇ ਸੰਤ ਜੀ ਮਹਾਰਾਜ ਜਥੇ ਨੂੰ ਨਾਲ ਲੈ ਕੇ ਲੋਹਟਬਦੀ ਦੇ ਰਸਤੇ ਗੁਰਸਾਗਰ ਸਾਹਿਬ ਮਸਤੂਆਣਾ ਵੱਲ ਟੁਰ ਪਏ। ਭਾਈ ਸੁੱਚਾ ਸਿੰਘ ਇਸ ਦੌਰੇ ਵਿੱਚ ਸੰਤ ਜੀ ਮਹਾਰਾਜ ਦੇ ਨਾਲ ਸਨ। ਕਈ ਦਿਨ ਲੋਹਟਬਦੀ ਸਤਿਸੰਗ ਹੋਇਆ ਅਤੇ ਬੜੇ ਭਾਰੀ ਦੀਵਾਨ ਸਜੇ। ਦੀਵਾਨ ਦੇ ਮਗਰੋਂ, ਰਸਤੇ ਵਿੱਚ ਜਾਂ ਡੇਰੇ 'ਤੇ ਜਿਹੜਾ ਕੋਈ ਪ੍ਰੇਮੀ ਨਮਸਕਾਰ ਕਰਨ ਆਉਂਦਾ, ਸੰਤ ਜੀ ਮਹਾਰਾਜ ਉਸ ਨੂੰ ਹੁਕਮ ਕਰਦੇ, "ਭਾਈ! ਦਮਦਮੇ ਸਾਹਿਬ ਜਾ ਕੇ ਸਰੋਵਰ ਦੀ ਕਾਰ ਕਰੋ।"

ਭਾਈ ਸੁੱਚਾ ਸਿੰਘ ਜੀ ਨੂੰ ਦਮਦਮੇ ਸਾਹਿਬ ਸੇਵਾ ਬਾਰੇ ਇਸ਼ਾਰਾ

ਇੱਕ ਦਿਨ ਜਦ ਭਾਈ ਸੁੱਚਾ ਸਿੰਘ ਨੇ ਆਪਣੇ ਨੇਮ ਅਨੁਸਾਰ ਸੰਤ ਜੀ ਮਹਾਰਾਜ ਨੂੰ ਨਮਸਕਾਰ ਕੀਤੀ ਤਾਂ ਇਹਨਾਂ ਨੂੰ ਵੀ ਹੁਕਮ ਹੋਇਆ ਕਿ ਭਾਈ! ਜਾਓ ਦਮਦਮੇ ਸਾਹਿਬ। ਪਿਛਲੇ ਪਹਿਰ ਦਾ ਵੇਲਾ ਸੀ। ਭਾਈ ਸੁੱਚਾ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਿਸਾਹ! ਹੁਣੇ ਹੀ ਚਲਾ ਜਾਵਾਂ?" ਤਾਂ ਆਪ ਨੇ ਫ਼ਰਮਾਇਆ, "ਹੱਛਾ ਸਵੇਰੇ ਆਸਾ ਦੀ ਵਾਰ ਦੇ ਭੋਗ ਮਗਰੋਂ ਜਾਣਾ।" ਦੂਜੇ ਦਿਨ ਆਸਾ ਦੀ ਵਾਰ ਦੇ ਭੋਗ ਮਗਰੋਂ ਭਾਈ ਰਤਨ ਸਿੰਘ ਦੇ ਘਰ ਸਾਧ-ਸੰਗਤ ਦਾ ਪ੍ਰਸ਼ਾਦ ਸੀ। ਜਦ ਪ੍ਰਸ਼ਾਦ ਛਕ ਕੇ ਸੰਤ ਜੀ ਮਹਾਰਾਜ ਉਪਰ ਕੋਠੇ 'ਤੇ ਅਰਾਮ ਕਰਨ ਲਈ ਚੜ੍ਹਨ ਲੱਗੇ, ਤਾਂ ਕਈ ਗੁਰੂ ਦੇ ਸਿੱਖ ਅਜੇ ਪੰਗਤਾਂ ਸਜਾਈ ਪ੍ਰਸ਼ਾਦ ਛਕ

ਰਹੇ ਸਨ। ਭਾਈ ਸੁੱਚਾ ਸਿੰਘ ਨੇ ਸਮਾਂ ਦੇਖ ਕੇ ਨਮਸਕਾਰ ਕੀਤੀ। ਸੰਤ ਜੀ ਮਹਾਰਾਜ ਨੇ ਪੁੱਛਿਆ, "ਭਾਈ! ਹੁਣ ਜਾ ਰਹੇ ਹੋ?" ਫੇਰ ਆਪ ਜੀ ਫ਼ਰਮਾਇਆ, "ਭਾਈ ਕਰਤਾਰ ਸਿੰਘ ਤੇ ਲਾਭ ਸਿੰਘ ਨੂੰ ਵੀ ਨਾਲ ਲੈ ਜਾਓ।" ਇਹ ਚਾਰੇ ਇੱਕੋ ਪਿੰਡ ਤੇ ਇੱਕੋ ਅਵਸਥਾ ਦੇ ਸੀ। ਭਾਈ ਸੁੱਚਾ ਸਿੰਘ ਨੇ ਹੱਥ ਜੋੜ ਕੇ ਆਖਿਆ, "ਸੱਚੇ ਪਾਤਸ਼ਾਹ! ਇਹਨਾਂ ਦੇ ਮਾਪੇ ਮੇਰੇ ਨਾਲ ਲੜਨਗੇ ਅਤੇ ਕਹਿਣਗੇ ਕਿ ਸਾਡੇ ਮੁੰਡੇ ਵੀ ਵਿਗਾੜ ਕੇ ਨਾਲ ਲੈ ਗਿਆ ਹੈ।" ਸੰਤ ਜੀ ਮਹਾਰਾਜ ਨੇ ਆਖਿਆ, 'ਭਾਈ! ਅਸੀਂ ਇੱਥੇ ਹੀ ਹਾਂ, ਉਹਨਾਂ ਦੇ ਮਾਪਿਆਂ ਨੂੰ ਸਾਂਭ ਲਵਾਂਗੇ।' ਏਹ ਬਚਨ ਆਖਦੇ ਹੀ, ਭਾਈ ਸੁੱਚਾ ਸਿੰਘ ਦੇ ਖੱਬੇ ਮੋਹਢੇ 'ਤੇ ਸੰਤ ਜੀ ਮਹਾਰਾਜ ਨੇ ਹੱਥ ਰੱਖ ਕੇ ਖਾਸ ਜਲਾਲ ਵਿੱਚ ਆ ਕੇ ਕਿਹਾ, "ਭਾਈ ਦਮਦਮੇ ਸਾਹਿਬ ਦੀ ਸੇਵਾ ਇਹਨਾਂ ਸਰੀਰਾਂ ਦੇ ਭਲੇ ਵਾਸਤੇ, ਕਲਗੀਧਰ ਪਿਤਾ ਜੀ ਨੇ ਆਪਣੇ ਸਰੀਰ ਹੁੰਦਿਆਂ ਹੀ ਰੱਖੀ ਸੀ। ਉਸ ਸਮੇਂ ਇਹ ਹਾਜ਼ਰ ਨਹੀਂ ਹੋਏ, ਨਹੀਂ ਤੇ ਉਦੋਂ ਹੀ ਇਹਨਾਂ ਦੀ ਘਾਲ ਥਾਂ ਪੈ ਜਾਂਦੀ। ਇਹ ਹੁਕਮ ਸੁਣ ਸਾਰੇ ਦੇ ਸਾਰੇ ਦਮਦਮੇ ਸਾਹਿਬ ਵੱਲ ਟੁਰ ਪਏ ਅਤੇ ਦੋ ਹੋਰ ਪ੍ਰੇਮੀ, ਭਾਈ ਦਲੀਪ ਸਿੰਘ, ਗੱਜਨ ਸਿੰਘ ਵੀ ਇਹਨਾਂ ਨਾਲ ਚੱਲ ਪਏ।

ਇਸੇ ਤਰ੍ਹਾਂ ਹੋਰ ਪਿੰਡਾਂ ਵਿੱਚ ਦੀਵਾਨ ਲਾਉਂਦੇ ਅਤੇ ਗੁਰੂ ਘਰ ਦਿਆਂ ਪ੍ਰੇਮੀਆਂ ਨੂੰ ਦਮਦਮੇ ਸਾਹਿਬ ਦੀ ਕਾਰ ਵਿੱਚ ਭੇਜਦੇ, ਸੰਤ ਜੀ ਮਹਾਰਾਜ ਗੁਰਦੁਆਰਾ ਸੰਤ ਪੁਰੇ ਵਿਖੇ ਪੁੱਜੇ। ਨਗਰ ਮਹੇਰਨੇ ਵਿੱਚ ਬਹੁਤ ਸਾਰੇ ਦੀਵਾਨ ਲਾਏ ਅਤੇ ਕਈ ਪ੍ਰੇਮੀਆਂ ਨੂੰ ਗੁਰੂ ਦਸ਼ਮੇਸ਼ ਪਿਤਾ ਦੀ ਸੇਵਾ ਵਿੱਚ ਦਮਦਮੇ ਸਾਹਿਬ ਪੇਸ਼ ਕੀਤਾ! ਇੱਥੇ ਗੁਰਸਾਗਰ ਸਾਹਿਬ ਤੋਂ ਖ਼ਬਰ ਪੁੱਜੀ ਕਿ ਗੁਰੂ ਦੇ ਲੰਗਰ ਦੀ ਇਮਾਰਤ, ਜਿਸ ਦਾ ਸਾਰਾ ਖ਼ਰਚ ਮਹਾਰਾਜਾ ਰਿਪੁਦਮਨ ਸਿੰਘ ਐਸੀਟੀਮੇਟ ਅਨੁਸਾਰ ਗੁਰਸਾਗਰ ਸਾਹਿਬ ਦੇ ਖਜ਼ਾਨੇ ਵਿੱਚ, ਸੰਨ ੧੯੨੩ ਈਸਵੀ ਵਿੱਚ ਭੇਜ ਚੁੱਕੇ ਸਨ, ਮੁਕੰਮਲ ਨਹੀਂ ਹੋਈ ਅਤੇ ਨਾਭੇ ਦੀ ਕੌਂਸਲ ਚਾਹੁੰਦੀ ਹੈ ਕਿ ਇਹ ਸੇਵਾ ਛੇਤੀ ਹੀ ਸੰਪੂਰਨ ਹੋ ਜਾਵੇ। ਮਹਾਰਾਜਾ ਸਾਹਿਬ ਦੀ ਭੇਜੀ ਹੋਈ ਮਾਇਆ ਨਾਲ ਲੰਗਰ ਦੇ ਸਾਰੇ ਗਾਰਡਰ, ਚੁਗਾਠਾਂ, ਦਰਵਾਜ਼ੇ, ਕਲੀ ਇੱਟ ਤੇ ਹੋਰ ਮਸਾਲਾ ਦਾਸ ਦੇ ਪਹਿਰੇ ਵਿੱਚ ਤਿਆਰ ਕੀਤਾ ਗਿਆ, ਪਰ ਅਚਨਚੇਤ ਭਾਣਾ ਵਰਤਣ ਕਰ ਕੇ ਇਮਾਰਤ ਦੀ ਕਾਰ ਅਟਕ ਗਈ ਸੀ। ਖ਼ਬਰ ਆਉਣ 'ਤੇ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਪੁੱਜ ਗਏ ਅਤੇ ਆਪ ਆਸਣ ਜਮਾ ਇਸ ਸੇਵਾ ਦੇ ਵਿੱਚ ਡਟ ਗਏ। ਥੋੜ੍ਹੇ ਦਿਨਾਂ ਵਿੱਚ ਹੀ ਲੰਗਰ ਦੀ ਇਮਾਰਤ ਤਿਆਰ ਹੋ ਗਈ।

ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਮਿਲਾਪ

ਸੰਮਤ ੧੯੮੩ ਬਿਕ੍ਰਮੀ (ਸੰਨ ੧੯੧੩ ਈਸਵੀ) ਦੇ ਅਰੰਭ ਹੁੰਦਿਆਂ ਹੀ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਵਿਚਾਰ ਕੀਤੀ ਕਿ ਇਸ ਸਾਲ ਮਾਘ ਮਹੀਨੇ ਵਿੱਚ ਆਪਣੇ ਪਰਮ ਧਾਮ ਨੂੰ ਚਲੇ ਜਾਣਾ ਹੈ, ਜਿਸ ਕਰਕੇ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਅਤਰ ਸਿੰਘ ਜੀ ਮਹਾਰਾਜ (ਮਸਤੂਆਣੇ ਵਾਲਿਆਂ) ਅਤੇ ਹਜ਼ੂਰ ਦੇ ਪੰਜਵੇਂ ਤਖ਼ਤ ਦਮਦਮਾ ਸਾਹਿਬ ਦੇ ਦਰਸ਼ਨ ਕਰ ਆਈਏ।

ਇਉਂ ਵੈਸਾਖੀ ਤੋਂ ਅੱਠ ਦਿਨ ਪਹਿਲਾਂ ਦਮਦਮੇ ਸਾਹਿਬ ਜਾਣ ਲਈ ਤਿਆਰੀ ਕੀਤੀ। ਆਪ ਜੀ ਦੇ ਨਾਲ ਰਾਮਪੁਰ ਨਗਰ ਦੇ ਡੇਰੇ ਦੇ ਕਈ ਅਨਿੰਨ ਸੇਵਕਾਂ ਤੋਂ ਇਲਾਵਾ ਆਪ ਜੀ ਦੇ ਗੜਵਈ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਭਗਵਾਨ ਸਿੰਘ ਜੀ ਵੀ ਸਨ। ਰਸਤੇ ਵਿੱਚ ਗੁਰਸਾਗਰ ਸਾਹਿਬ ਮਸਤੂਆਣੇ ਦੇ ਦਰਸ਼ਨ ਕਰਦੇ ਹੋਏ ਤੀਸਰੇ ਦਿਨ ਦਮਦਮੇ ਸਾਹਿਬ ਪਹੁੰਚੇ। ਉਸ ਸਮੇਂ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਮਹਾਂਪੁਰਸ਼ ਸੰਗਤਾਂ ਪਾਸੋਂ ਸਰੋਵਰ ਦੀ ਸੇਵਾ ਕਰਵਾ ਰਹੇ ਸਨ। ਇਹਨਾਂ ਨੂੰ ਆਉਂਦਿਆਂ ਵੇਖ ਕੇ ਬੜੇ ਪਿਆਰ ਨਾਲ ਉੱਠ ਕੇ ਖੜੋ ਗਏ। ਆਪ ਜੀ ਨੇ ਅੱਗੇ ਵੱਧਕੇ ਨਮਸਕਾਰ ਕਰਨੀ ਚਾਹੀ ਪਰ ਆਪਣਾ ਰੂਪ ਜਾਣ ਕੇ ਦੋਵੇਂ

ਹੱਥ ਅੱਗੇ ਵਧਾਏ ਅਤੇ ਇਹਨਾਂ (ਸੰਤ ਰੇਰੂ ਸਾਹਿਬ ਵਾਲਿਆਂ) ਨੂੰ ਖਿੱਚ ਕੇ ਛਾਤੀ ਨਾਲ ਲਾ ਲਿਆ ਅਤੇ ਬੜੇ ਪਿਆਰ ਵਿੱਚ ਆ ਕੇ ਆਖਿਆ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ (੧੭)

ਫੇਰ ਮਸਤੂਆਣੇ ਵਾਲੇ ਸੰਤਾਂ ਨੇ ਆਖਿਆ ਆਪ ਸਾਡੇ ਨਾਲ ਹੀ ਪਲੰਘ 'ਤੇ ਬੈਠ ਜਾਵੋ। ਆਪ ਜੀ ਨੇ ਉੱਤਰ ਦਿੱਤਾ:

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ (੧੦੯੮)

ਮਹਾਰਾਜ! ਆਪ ਜੀ ਹੀ ਪਲੰਘੇ 'ਤੇ ਸ਼ੋਭਦੇ ਹੋ। ਮਹਾਂਪੁਰਸ਼ਾਂ (ਮਸਤੂਆਣੇ ਵਾਲਿਆਂ) ਨੇ ਫੇਰ ਬਚਨ ਕੀਤਾ, ਤੁਸੀਂ ਜੋ ਕੁਝ ਕਰਨਾ ਸੀ ਕਰ ਚੁੱਕੇ ਹੋ, ਇਤਨੀ ਕਠਨ ਤਪੱਸਿਆ ਤੇ ਸਖ਼ਤ ਮਿਹਨਤ ਨਾ ਕਰਿਆ ਕਰੋ। ਸਹਿਜ ਅਵਸਥਾ ਵਿੱਚ ਹੀ ਰਹੋ। ਤਾਂ ਆਪ ਜੀ (ਰੇਰੂ ਸਾਹਿਬ ਵਾਲੇ ਸੰਤਾਂ) ਨੇ ਉੱਤਰ ਦਿੱਤਾ, ''ਗੁਰੂ ਤੋਂ ਇਹ ਸੇਵਾ ਹੀ ਮਿਲੀ ਹੈ, ਆਪ ਜੈਸੇ ਮਹਾਂਪੁਰਸ਼ਾਂ ਦੀ ਅਸੀਸ ਨਾਲ ਇਹ ਸੇਵਾ ਨਿਭ ਜਾਵੇ। ਇਸ ਉਪਰੰਤ ਆਪ ਜੀ ਨੇ ਸੰਗੀ ਸਾਥੀਆਂ ਸਮੇਤ ਸਰੋਵਰ ਦੀ ਚੱਲ ਰਹੀ ਸੇਵਾ ਵਿੱਚ ਹਿੱਸਾ ਪਾਇਆ।

ਇਉਂ ਤਖ਼ਤ ਸਾਹਿਬ ਦੀ ਯਾਤਰਾ ਕਰਕੇ ਫੇਰ ਵੈਸਾਖੀ ਤੋਂ ਦੋ ਦਿਨ ਬਾਅਦ ਵਾਪਸ ਆਉਣ ਲਈ ਤਿਆਰੀ ਕੀਤੀ। ਉਸ ਸਮੇਂ ਸੰਤ ਮਹਾਰਾਜ (ਮਸਤੂਆਣੇ ਵਾਲੇ) ਬੜੇ ਪਿਆਰ ਨਾਲ ਮਿਲੇ ਤਾਂ ਬਾਬਾ ਜੀ (ਸੰਤ ਰੇਰੂ ਸਾਹਿਬ ਵਾਲਿਆਂ) ਨੇ ਨਿਮਰਤਾ ਨਾਲ ਅਰਜ਼ ਕੀਤੀ ਮਹਾਰਾਜ! ਹੁਣ ਆਗਿਆ, ਬਖ਼ਸ਼ੋ ਤਾਂ ਕਿ ਵਾਪਿਸ ਚੱਲੀਏ। ਸੰਤਾਂ (ਮਸਤੂਆਣੇ ਵਾਲਿਆਂ) ਨੇ ਉੱਤਰ ਦਿੱਤਾ, ਚੰਗਾ ਗੁਰੂ ਪਿਆਰਿਓ! ਚੱਲੋ, ਮਾਣੋ ਗੁਰੂ ਨਾਨਕ ਦੀ ਗੋਦ ਦਾ ਅਨੰਦ, ਅਸੀਂ ਵੀ ਤੁਹਾਡੇ ਮਗਰ ਹੀ ਆ ਰਹੇ ਹਾਂ। ਇਸ ਅਗੰਮੀ ਰਮਜ਼ ਤੇ ਭਵਿੱਖਤ ਵਾਕ ਨੂੰ ਦੋਹਾਂ ਵਿਅਕਤੀਆਂ ਤੋਂ ਬਗੈਰ ਕੌਣ ਸਮਝ ਸਕਦਾ ਸੀ ਕਿ ਇਹਨਾਂ ਇਕੱਠਿਆਂ ਨੇ ਸੱਚਖੰਡ ਜਾਣ ਦਾ ਸਮਾਂ ਨੀਯਤ ਕੀਤਾ ਹੈ। ਰੇਰੂ ਸਾਹਿਬ ਵਾਲੇ ਸੰਤਾਂ ਦੇ ਪਰਮਧਾਮ ਨੂੰ ਪਿਆਨੇ (ਚਲਾਣੇ) ਕਰਨ ਦੇ ਨੌਂ ਦਿਨ ਪਿੱਛੋਂ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਜੋਤੀ-ਜੋਤ ਸਮਾਏ।

ਇਸ ਯਾਤਰਾ ਦੌਰਾਨ ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨਾਲ ਉਹਨਾਂ ਦੇ ਗੜਵਈ ਭਾਈ ਈਸ਼ਰ ਸਿੰਘ ਜੀ ਸਨ। ਜਦੋਂ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਨਜ਼ਰ ਗੜਵਈ ਈਸ਼ਰ ਸਿੰਘ 'ਤੇ ਪਈ ਤਾਂ ਇਹਨਾਂ ਦੇ ਮਸਤਕ ਦੀ ਰੇਖਾ ਪੜ੍ਹ ਕੇ ਬਚਨ ਕੀਤਾ, ਕਿ ਇਹ ਪ੍ਰੇਮੀ ਕੀਰਤਨ ਦੁਆਰਾ ਦੇਸ਼-ਪ੍ਰਦੇਸ਼ ਵਿੱਚ ਰੌਣਕਾਂ ਲਾਊ ਅਤੇ ਖੂਬ ਲੰਗਰ ਚਲਾਊ। ਇਹ ਬਚਨ ਕਰ ਕੇ ਸੰਤ ਜੀ ਨੇ ਈਸ਼ਰ ਸਿੰਘ ਹੋਰਾਂ ਨੂੰ ਬੁੱਕਲ ਵਿੱਚ ਲਿਆ ਤੇ ਥਾਪੜਾ ਦਿੱਤਾ। ਪਿੱਛੋਂ ਸੰਤ ਜੀ ਦਾ ਇਹ ਬਚਨ ਸੱਚ ਹੋਇਆ। ਇਹ ਪ੍ਰੇਮੀ ਪਿੱਛੋਂ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੋਏ।

ਕਾਂਡ ੪੬

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥ (੨੯੪)

ਅੰਮ੍ਰਿਤ ਨਾਮ-ਰਸ, ਪ੍ਰੇਮ-ਰਸ ਅਤੇ ਬੀਰ-ਰਸ ਦਾ ਬੀਜ ਹੈ

ਗੁਰਸਾਗਰ ਸਾਹਿਬ ਸੰਗਤਾਂ ਵਿੱਚ ਨਾਮ ਦੀ ਵਰਖਾ ਕਰ ਕੇ ਸੰਤ ਜੀ ਨੇ ਹੌਲੀ-ਹੌਲੀ ਇਲਾਕੇ ਵਿੱਚ ਦੌਰਾ ਕਰਦਿਆਂ, ਕਈ ਨਗਰਾਂ ਨੂੰ ਨਿਹਾਲ ਕੀਤਾ। ਹਰ ਪਿੰਡ ਤੋਂ ਅਧਿਕਾਰੀ ਪ੍ਰੇਮੀਆਂ ਨੂੰ ਦਮਦਮੇ ਸਾਹਿਬ ਦੀ ਸੇਵਾ ਲਈ ਭੇਜਿਆ ਅਤੇ ਅੰਨ, ਬਸਤਰ, ਗੁੜ, ਮਾਇਆ ਆਦਿ ਦੀ ਸੇਵਾ ਗੁਰੂ ਕਾਂਸ਼ੀ ਲਈ ਕਰਾਈ।

ਸਭ ਤੋਂ ਪਹਿਲਾਂ ਪਿੰਡ ਹਰੀਗੜ੍ਹ ਗਏ ਅਤੇ ਸੰਗਤਾਂ ਨੂੰ ਨਾਮ-ਬਾਣੀ ਦੀ ਵਰਖਾ ਦੁਆਰਾ ਨਿਹਾਲ ਕੀਤਾ। ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋ ਗਈਆਂ ਅਤੇ ਕਈ ਪੰਚਾਇਤਾਂ ਨੇ ਸੰਤ ਜੀ ਮਹਾਰਾਜ ਅੱਗੇ ਪਿੰਡ ਵਿੱਚ ਚਰਨ ਪਾਉਣ ਲਈ ਬੇਨਤੀ ਕੀਤੀ। ਨਗਰ ਬਾਜੂਏ ਦੀ ਬੇਨਤੀ ਮਨਜ਼ੂਰ ਹੋਈ। ਪ੍ਰੇਮੀਆਂ ਨੇ ਬੜੇ ਉਤਸ਼ਾਹ ਨਾਲ ਸੰਤ ਜੀ ਮਹਾਰਾਜ ਵਾਸਤੇ ਰੱਥ ਤਿਆਰ ਕਰ ਕੇ ਲਿਆਂਦਾ। ਇਸ 'ਤੇ ਸਵਾਰ ਹੋ, ਪਿੰਡ ਜਲੂਰ ਵਿੱਚੋਂ ਲੰਘ ਕੇ ਸੰਤ ਜੀ ਬਾਜੂਆ ਵੱਲ ਟੁਰੇ ਗਏ। ਜਦ ਪਿੰਡ ਇੱਕ ਕੁ ਮੀਲ ਰਹਿ ਗਿਆ ਤਦ ਸੰਤ ਜੀ ਰੱਥ ਤੋਂ ਉਤਰ ਪਏ। ਅੱਗੋਂ ਲੈਣ ਵਾਸਤੇ ਸੰਗਤ ਢੋਲਕੀ ਛੈਣੇ ਲੈ, ਬੜੇ ਉਤਸ਼ਾਹ ਨਾਲ ਇੱਥੇ ਪਹੁੰਚੀ ਹੋਈ ਸੀ। ਉਹਨਾਂ ਦਾ ਪ੍ਰੇਮ ਦੇਖ ਅਤੇ ਇਹ ਖਿਆਲ ਕਰ ਕੇ ਕਿ ਰੱਥ ਵਿੱਚ ਬੈਠਿਆਂ ਸ਼ਬਦ ਦੀ ਬੇਅਦਬੀ ਹੋਵੇਗੀ, ਮਰਯਾਦਾ ਪ੍ਰਸ਼ੋਤਮ ਸੰਤ ਜੀ, ਸੰਗਤ ਦੇ ਨਾਲ-ਨਾਲ ਟੁਰ ਪਏ। ਸ਼ਬਦ ਕੀਰਤਨ ਸ਼ੁਰੂ ਹੋ ਗਿਆ। ਕਈ ਪ੍ਰੇਮੀਆਂ ਨੇ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ ਅਤੇ ਕਈਆਂ ਨੇ ਨਮਸਕਾਰ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਸ਼ਬਦ ਕੀਰਤਨ ਹੁੰਦਿਆਂ ਵਾਹਿਗੁਰੂ ਦੀ ਫ਼ਤਹਿ ਬੁਲਾਉਣੀ ਹੀ ਠੀਕ ਹੈ।" ਸੰਤ ਜੀ ਮਹਾਰਾਜ ਨੇ ਵੀ ਸਾਧ ਸੰਗਤ ਨੂੰ ਇਹ ਤਿੰਨ ਸ਼ਬਦ ਪੜ੍ਹਾਏ:

ਵਡਹੰਸੁ ਮਹਲਾ ੫॥ ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥
ਹਉ ਬਲਿਹਾਰੀ ਸਤਿਗੁਰ ਚਰਣਾ ॥੧॥ (੫੬੨)

ਬਿਲਾਵਲੁ ਮਹਲਾ ੫ ॥ ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥
ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ (੮੨੦)

ਸੂਹੀ ਮਹਲਾ ੫ ॥ "ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥ (੭੪੯)

ਸ਼ਬਦ ਪੜ੍ਹਦੀ-ਪੜ੍ਹਦੀ ਸੰਗਤ ਸਰਦਾਰ ਬਖਤਾਵਰ ਸਿੰਘ ਦੇ ਘਰ ਪੁੱਜੀ। ਇੱਥੇ ਸੰਤ ਜੀ ਮਹਾਰਾਜ ਦੇ

ਡੇਰੇ ਦਾ ਪ੍ਰਬੰਧ ਕੀਤਾ ਹੋਇਆ ਸੀ। ਹੁਣ ਸ਼ਬਦ ਕੀਰਤਨ ਦਾ ਭੋਗ ਪੈ ਗਿਆ ਅਤੇ ਅਰਦਾਸਾ ਸੋਧਿਆ ਗਿਆ।

ਸਾਰੀ ਸੰਗਤ ਸੰਤ ਜੀ ਮਹਾਰਾਜ ਦੀ ਆਗਿਆ ਮੰਨ, ਬੈਠ ਗਈ। ਸੰਤ ਜੀ ਨੇ ਬੜੀ ਉੱਚੀ ਅਤੇ ਅੰਮ੍ਰਿਤ ਭਿੰਨੀ ਅਵਾਜ਼ ਵਿੱਚ ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਦੀ ਬੱਧੀ ਹੋਈ ਪੁਰਾਤਨ ਮਰਯਾਦਾ ਅਨੁਸਾਰ ਰਹਿਰਾਸ ਦਾ ਪਾਠ ਕੀਤਾ ਅਤੇ ਆਪ ਹੀ ਅਰਦਾਸਾ ਸੋਧਿਆ। ਅਰਦਾਸੇ ਦੇ ਮਗਰੋਂ ਫ਼ਰਮਾਇਆ, "ਭਾਈ! ਅਰਦਾਸੇ ਦੇ ਸਮੇਂ ਦਸੇ ਪਾਤਸ਼ਾਹੀਆਂ ਅੰਗੂਠੇ ਦੇ ਭਾਰ ਖੜ੍ਹੀਆਂ ਹੁੰਦੀਆਂ ਹਨ, ਇਸ ਲਈ ਅਰਦਾਸਾ ਲੰਮਾ ਨਹੀਂ ਕਰਨਾ ਚਾਹੀਦਾ। ਕੇਵਲ ਦਸਾਂ ਪਾਤਸ਼ਾਹੀਆਂ ਦੇ ਨਾਮ ਲੈ ਕੇ ਸੰਖੇਪ ਬੇਨਤੀ ਕਰਨੀ ਚਾਹੀਦੀ ਹੈ।

ਹੁਣ ਸਰਦਾਰ ਸਾਹਿਬ ਨੇ ਸਾਰੀ ਸੰਗਤ ਵਾਸਤੇ ਲੰਗਰ ਤਿਆਰ ਕੀਤਾ ਹੋਇਆ ਸੀ। ਪੰਗਤ ਲੱਗ ਗਈ ਅਤੇ ਸੰਤ ਜੀ ਮਹਾਰਾਜ ਦਾ ਹੁਕਮ ਮੰਨ, ਸਭ ਮਾਈ-ਭਾਈ ਨੇ ਪ੍ਰਸ਼ਾਦਾ ਛਕਿਆ। ਜਦ ਸੰਗਤ ਰਾਤ ਲਈ ਵਿਦਾ ਹੋਣ ਲੱਗੀ ਤਾਂ ਸੰਤ ਜੀ ਮਹਾਰਾਜ ਨੇ ਬੇਨਤੀ ਕੀਤੀ, "ਭਾਈ! ਅੰਮ੍ਰਿਤ ਵੇਲੇ ਸਾਰੇ ਮਾਈ-ਭਾਈ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।"

ਸਵੇਰੇ ਸਮਾਧਾਂ ਵਿੱਚ ਦੀਵਾਨ ਸਜਿਆ। ਤਿੰਨ ਵਜੇ ਹੀ ਨਗਰ ਦੇ ਪ੍ਰੇਮੀ ਆ ਹਾਜ਼ਰ ਹੋਏ। ਛੋਟੀ ਖੇੜੀ, ਵੱਡੀ ਖੇੜੀ, ਸ਼ੇਰਪੁਰ ਅਤੇ ਹੋਰ ਕਈ ਪਿੰਡਾਂ ਦੀਆਂ ਸੰਗਤਾਂ ਨੇ ਵੀ ਦਰਸ਼ਨ ਦਿੱਤੇ। ਸੰਤ ਜੀ ਮਹਾਰਾਜ ਆਪਣੇ ਨਿੱਤਨੇਮ ਤੋਂ ਫਾਰਗ ਹੋ, ਚਾਰ ਵਜੇ ਦੀਵਾਨ ਵਿੱਚ ਪੁੱਜ ਗਏ। ਕੀਰਤਨ ਦਾ ਬੜਾ ਰਸ ਬਣਿਆ। ਸਭ ਮਾਈ-ਭਾਈ ਨਿਹਾਲ ਹੋਏ। ਭੋਗ ਦੇ ਛੱਕੇ ਨਾਲ ਸੰਤ ਜੀ ਮਹਾਰਾਜ ਨੇ ਬੜੇ ਵੈਰਾਗ ਅਤੇ ਪ੍ਰੇਮ ਭਰੀ ਅਵਾਜ਼ ਵਿੱਚ ਇਹ ਸ਼ਬਦ ਪੜ੍ਹਿਆ:

"ਕਦੇ ਹੋਣਗੇ ਸੰਜੋਗੀ ਮੇਲੇ ਤੇਰੀਆਂ ਸੰਗਤਾਂ ਦੇ"

ਕੋਈ ਐਸਾ ਕਰੁਣਾ ਰਸ ਬਣਿਆ ਕਿ ਸਾਰਿਆਂ ਦੇ ਨੇਤਰਾਂ ਵਿੱਚੋਂ ਨੀਰ ਵਹਿ ਟੁਰਿਆ। ਸ਼ਬਦ ਦੇ ਸੰਪੂਰਨ ਹੋਣ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਸੰਗਤੇ! ਏਹ ਸਰੀਰ ਮਿਥਿਆ ਹੈ, **"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥"** (੧੨੩੧) ਸੋ ਤੁਸੀਂ ਸਾਰੇ ਅੰਮ੍ਰਿਤਪਾਨ ਕਰ ਲਓ, ਫੇਰ ਤੁਹਾਨੂੰ ਭਾਗਾਂ ਨਾਲ ਹੀ ਕੋਈ ਅੰਮ੍ਰਿਤ ਛਕਾਉਣ ਵਾਲਾ ਮਿਲੇਗਾ, ਏਹ ਸਮਾਂ ਐਵੇਂ ਨਾ ਗਵਾਓ।" ਬਚਨ ਮੰਨ, ਉਸੇ ਵੇਲੇ ਦਸ ਕੁ ਪ੍ਰੇਮੀ ਅੰਮ੍ਰਿਤ ਛਕਣ ਲਈ ਖੜੇ ਹੋ ਗਏ। ਇਸ ਦੇ ਮਗਰੋਂ ਸ਼ਬਦ ਕੀਰਤਨ ਹੁੰਦਾ ਰਿਹਾ। ਇੱਕ ਪ੍ਰੇਮੀ, ਫੁਮਨ ਜੀ, ਨੇ ਸ਼ਬਦ ਦੀ ਏਹ ਧਾਰਨਾ ਲਾਈ:

"ਜਨਨੀ ਚੀਤ ਨ ਰਖਦੀ ਅਉਗਨ ਪੁਤਰਾਂ ਦੇ"

ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਜਨਨੀ ਦੀ ਥਾਂ ਮਾਤਾ ਦਾ ਸ਼ਬਦ ਵਰਤੋ ਤਾਂ ਕਿ ਸਾਰੇ ਸਮਝ ਸਕਣ।" ਇਸ ਨਗਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਟੀਕੇ ਦੀ ਕਥਾ ਸ਼ੁਰੂ ਸੀ। ਉਸ ਦਾ ਆਸਾ ਦੀ ਵਾਰ ਦੇ ਮਗਰੋਂ ਭੋਗ ਪਿਆ। ਮਾਈ-ਭਾਈ ਨੇ ਬਹੁਤ ਮਾਇਆ ਬਸਤਰ ਅਰਦਾਸ ਕਰਾਏ। ਭੋਗ ਦੇ ਮਗਰੋਂ ਖੇੜੀ ਦੀ ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਸਾਡੇ ਪਿੰਡ ਵੀ ਚਰਨ ਪਾਉ ਪਰ ਸੰਤ ਜੀ ਨੇ ਠੁਲੀਵਾਲ ਦੀ ਸੰਗਤ ਨੂੰ ਯਾਦ ਕੀਤਾ ਅਤੇ ਆਖਿਆ ਕਿ ਆਪਾਂ ਅੱਗੇ ਉੱਥੇ ਕਦੀ ਨਹੀਂ ਗਏ, ਇਸ ਲਈ ਦਰਸ਼ਨ ਮੇਲੇ ਨੂੰ ਚਿੱਤ ਕਰਦਾ ਹੈ, ਪਰ ਕਰਤਾਰ ਦੀ ਨੇਤ ਇਸ ਨਗਰ ਦਾ ਕੋਈ ਪ੍ਰੇਮੀ ਦੀਵਾਨ ਵਿੱਚ ਹਾਜ਼ਰ ਨਹੀਂ ਸੀ। ਇਸ ਦੇ ਮਗਰੋਂ ਸਾਰੀ ਸੰਗਤ ਭਾਈ ਰਾਮ ਸਿੰਘ ਦੇ ਘਰ ਪ੍ਰਸ਼ਾਦ ਛਕਣ ਗਈ। ਸੰਤ ਜੀ ਮਹਾਰਾਜ

ਦਾ ਪ੍ਰਸ਼ਾਦਾ ਸਮਾਧਾਂ ਵਿੱਚ ਹੀ ਆ ਗਿਆ, ਦੁਪਹਿਰ ਦੇ ਅਰਾਮ ਮਗਰੋਂ ਅੰਮ੍ਰਿਤ ਪ੍ਰਚਾਰ ਹੋਇਆ ਅਤੇ ਸੰਤ ਜੀ ਖੇੜੀ ਦੀ ਸੰਗਤ ਦੀ ਅਰਜ਼ ਮੰਨ, ਰੱਥ 'ਤੇ ਚੜ੍ਹ ਉਸ ਨਗਰ ਵੱਲ ਟੁਰ ਪਏ। ਥੋੜ੍ਹੇ ਚਿਰ ਵਿੱਚ ਹੀ ਉੱਥੇ ਜਾ ਪੁੱਜੇ ਅਤੇ ਸੰਤ ਸੋਭਾ ਸਿੰਘ ਜੀ ਦੇ ਗੁਰਦੁਆਰੇ ਜਾ ਕੇ ਜਲ-ਪਾਣੀ ਛਕਿਆ। ਉਸੇ ਵੇਲੇ ਸਾਰੇ ਪਿੰਡ ਵਿੱਚ ਖ਼ਬਰ ਹੋ ਗਈ। ਸਾਰੇ ਮਾਈ-ਭਾਈ ਇਕੱਤਰ ਹੋ ਗਏ ਅਤੇ ਦੀਵਾਨ ਸਜ ਗਿਆ। ਸਾਰੀ ਸੰਗਤ ਨੇ ਸ਼ਬਦ ਕੀਰਤਨ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਅੰਮ੍ਰਿਤ ਵੇਲੇ ਦੀਵਾਨ ਸਜਾਉਣ ਦਾ ਗੁਰਮਤਾ ਪਾਸ ਹੋ ਗਿਆ।

ਪਹਿਰ ਰਾਤ ਰਹਿੰਦੀਆਂ ਹੀ ਸੰਗਤਾਂ ਇਕੱਠੀਆਂ ਹੋ ਗਈਆਂ ਅਤੇ ਕੀਰਤਨ ਦਾ ਅਸਚਰਜ ਰੰਗ ਬਣਿਆ। ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਅੰਮ੍ਰਿਤ ਛਕਣ ਦੀ ਪ੍ਰੇਰਨਾ ਕੀਤੀ ਅਤੇ ਸਾਰਾ ਨਗਰ ਹੀ ਮਾਈ-ਭਾਈ, ਬਾਲ-ਬੱਚੇ ਸਾਰੇ ਦੇ ਸਾਰੇ, ਇਸ ਅਕਾਲੀ ਦਾਤ ਦੇ ਪ੍ਰਾਪਤ ਕਰਨ ਲਈ ਤਿਆਰ ਹੋ ਗਏ। ਇੱਕ ਤੇਲੀਆਂ ਅਤੇ ਭਰਾਈਆਂ ਦੇ ਘਰ ਅੰਮ੍ਰਿਤ ਦੀ ਦਾਤ ਤੋਂ ਵਾਂਝੇ ਰਹਿ ਗਏ। ਇਸ ਸਮੇਂ ਇੱਕ ਤੇਲੂ ਬਾਣੀਆਂ ਸੰਤ ਜੀ ਮਹਾਰਾਜ ਦੇ ਸਾਹਮਣੇ ਹੱਥ ਜੋੜ ਕੇ ਆ ਖਲੋਤਾ ਅਤੇ ਆਖਣ ਲੱਗਾ, "ਮਹਾਰਾਜ ਜੀ! ਤੁਸੀਂ ਤਾਂ ਮੈਨੂੰ ਐਨ ਗੁਰੂ ਨਾਨਕ ਸਾਹਿਬ ਮਾਲੂਮ ਹੁੰਦੇ ਹੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਜੇ ਏਹ ਗੱਲ ਤੈਨੂੰ ਠੀਕ ਪ੍ਰਤੀਤ ਹੁੰਦੀ ਹੈ, ਤਾਂ ਅੰਮ੍ਰਿਤ ਛਕ ਲੈ।" ਉਸ ਨੇ ਬੇਨਤੀ ਕੀਤੀ, "ਮਹਾਰਾਜ ਜੀ! ਬਰਾਦਰੀ ਮੈਨੂੰ ਛੇਕ ਦੇਵੇਗੀ।" ਤਾਂ ਸੰਤ ਜੀ ਮਹਾਰਾਜ ਨੇ ਆਖਿਆ, 'ਹੱਛਾ ਭਾਈ! ਕੇਸ ਦਾਹੜਾ ਹੀ ਰੱਖ ਲੈ ਅਤੇ ਨਿੱਤਨੇਮ, ਜਪੁ ਸਾਹਿਬ ਦੀ ਪਹਿਲੀ ਪਉੜੀ ਦਾ ੫੦੦ ਪਾਠ ਕਰਿਆ ਕਰ, ਤੇਰਾ ਭਲਾ ਹੋਵੇਗਾ।" ਉਸ ਨੇ ਆਖਿਆ, 'ਸਤਿ ਬਚਨ।' ਬਹੁਤ ਚਿਰ ਤਾਂ ਉਹ ਇਹ ਹੁਕਮ ਮੰਨਦਾ ਰਿਹਾ। ਫੇਰ ਬਰਾਦਰੀ ਅਤੇ ਕੁਸੰਗ ਨੇ ਜ਼ੋਰ ਪਾ ਲਿਆ। ਦਾਹੜੀ ਮੂੰਹ ਮੁਨਾ ਲਿਆ ਅਤੇ ਪਾਠ ਵੀ ਛੁੱਟ ਗਿਆ।

ਸੰਗਤ ਅੰਮ੍ਰਿਤ ਛਕਣ ਵਾਸਤੇ ਬਹੁਤ ਤਿਆਰ ਹੋ ਗਈ। ਕਛਹਿਰੇ, ਕੜੇ, ਕੰਘੇ, ਕਿਰਪਾਨਾਂ ਦੀ ਔਕੜ ਆ ਗਈ। ਭਾਈ ਬਹਾਦਰ ਸਿੰਘ ਜੀ ਨੇ, ਜੋ ਸੰਤ ਜੀ ਮਹਾਰਾਜ ਦੇ ਜਥੇ ਵਿੱਚ ਸਨ, ਰਾਤ ਦੇ ੧੦ ਵਜੇ ਸੰਤ ਜੀ ਮਹਾਰਾਜ ਪਾਸ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਸਾਰੇ ਪਿੰਡਾਂ ਦੇ ਦਰਜ਼ੀ ਸੱਦ ਲਉ ਅਤੇ ਕਛਹਿਰੇ ਸਿਵਾ ਲਉ। ਨਗਰ ਸ਼ੇਰਪੁਰ ਤੋਂ ਕੰਘੇ ਅਤੇ ਕਿਰਪਾਨਾਂ ਮੰਗਵਾ ਲਓ।" ਸਾਰੀ ਰਾਤ ੧੦-੧੫ ਦਰਜ਼ੀ ਲੱਗੇ ਰਹੇ ਅਤੇ ਮਸਾਂ ਹੀ ਹਰ ਇੱਕ ਅੰਮ੍ਰਿਤਧਾਰੀ ਨੂੰ ਇੱਕ-ਇੱਕ ਕਛਹਿਰਾ ਪੂਰਾ ਹੋਇਆ। ਹੋਰ ਰਹਿਤ ਦਾ ਸਮਾਨ ਵੀ ਮਿਲ ਗਿਆ, ਪਰ ਕੜੇ ਅਜੇ ਘੱਟ ਸਨ। ਬੇਨਤੀ ਹੋਣ ਪਰ ਸੰਤ ਜੀ ਮਹਾਰਾਜ ਨੇ ਆਖਿਆ, ਭਾਈ! ਲੁਹਾਰ ਨੂੰ ਸੱਦ ਕੇ ਤਾਰ ਦੇ ਕੜੇ ਬਣਵਾ ਲਉ।" ਆਸਾ ਦੀ ਵਾਰ ਦੇ ਦੀਵਾਨ ਦੇ ਮਗਰੋਂ ਅੰਮ੍ਰਿਤ ਦਾ ਬਾਟਾ ਤਿਆਰ ਹੋਇਆ। ਸਮੂੰਹ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਸਤਿਗੁਰੂ ਕਲਗੀਧਰ ਦੀ ਇਸ ਖਿੜੀ ਹੋਈ ਫੁਲਵਾੜੀ ਨੂੰ ਦੇਖ ਸੰਤ ਜੀ ਬੜੇ ਪ੍ਰਸੰਨ ਹੋਏ ਅਤੇ ਆਖਿਆ, "ਭਾਈ! ਅੱਜ ਤੋਂ ਇਸ ਖੇੜੀ ਨੂੰ ਛੋਟੀ ਖੇੜੀ ਨਾ ਆਖਿਆ ਕਰੋ, ਇਸ ਨੂੰ ਵੱਡੀ ਖੇੜੀ ਕਰ ਕੇ ਬੁਲਾਇਆ ਕਰੋ।" ਦੀਵਾਨ ਦੀ ਸਮਾਪਤੀ ਦੇ ਮਗਰੋਂ ਸੰਤ ਜੀ ਨੇ ਫੇਰ ਠੁਲੀਵਾਲ ਦੀਆਂ ਸੰਗਤਾਂ ਨੂੰ ਯਾਦ ਕੀਤਾ ਪਰ ਕੋਈ ਪ੍ਰੇਮੀ ਹਾਜ਼ਰ ਨਹੀਂ ਸੀ। ਪ੍ਰਸ਼ਾਦ ਛਕ, ਸੰਤ ਜੀ ਦੁਪਹਿਰ ਲਈ ਅਰਾਮ ਕਰਨ ਹਿੱਤ ਆਪਣੇ ਕਮਰੇ ਵਿੱਚ ਬਿਰਾਜਮਾਨ ਹੋ ਗਏ ਅਤੇ ਸੰਗਤ ਆਪ ਇੱਕ ਥਾਂ ਚਲੀ ਗਈ। ਤੀਸਰੇ ਪਹਿਰ ਜਲ-ਪਾਣੀ ਛਕ, ਵੱਡੀ ਖੇੜੀ ਵੱਲ ਸੰਤ ਜੀ ਪੈਦਲ ਹੀ ਟੁਰ ਪਏ। ਰੱਥ ਤਿਆਰ ਹੋ ਖੜ੍ਹੇ ਰਹੇ। ਰਸਤੇ ਵਿੱਚ ਸੂਆ ਟੱਪ ਕੇ ਇੱਕ ਗੁਆਰੇ ਦਾ ਖੇਤ ਆਇਆ। ਓਥੇ ਸੰਤ ਜੀ ਠਹਿਰ ਗਏ ਅਤੇ ਜੰਗਲ ਪਾਣੀ ਹੋ, ਇੱਕ ਥਾਂ ਸਜ ਗਏ ਤੇ ਆਖਿਆ, "ਭਾਈ! ਏਹ ਥਾਂ ਬੜਾ ਭਾਗਾਂ ਵਾਲਾ ਹੈ, ਇੱਥੇ ਵਕਤ ਪਾ ਕੇ ਬਹੁਤ ਰੌਣਕ ਹੋਵੇਗੀ।"

ਜਦ ਸੰਤ ਜੀ ਵੱਡੀ ਖੇੜੀ ਪੁੱਜੇ ਤਾਂ ਅੱਗੇ ਹੀ ਦੀਵਾਨ ਲੱਗਾ ਹੋਇਆ ਸੀ। ਸੰਤ ਜੀ ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜ ਗਏ ਅਤੇ ਸੰਗਤਾਂ ਨੂੰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ। ਦੀਵਾਨ ਦੀ ਸਮਾਪਤੀ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਗੁਰਸਾਗਰ ਸਾਹਿਬ ਮੁੜ ਜਾਣ ਦਾ ਸੰਕਲਪ ਕੀਤਾ ਪਰ ਜਦ ਕੁਝ ਪ੍ਰੇਮੀ ਅੰਮ੍ਰਿਤ ਛਕਣ ਵਾਸਤੇ ਤਿਆਰ ਹੋ ਗਏ, ਤਦ ਸੰਤ ਜੀ ਠਹਿਰ ਗਏ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਬੜਾ ਭਾਰੀ ਦੀਵਾਨ ਸਜਿਆ। ਦੀਵਾਨ ਵਿੱਚ ਸੰਤ ਜੀ ਮਹਾਰਾਜ ਨੇ ਅੰਮ੍ਰਿਤ ਦੀ ਵਿਸ਼ੇਸ਼ਤਾ ਦੱਸਦੇ ਹੋਏ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਾਖੀ ਸੁਣਾਈ। ਇਸ ਦਾ ਬੜਾ ਅਸਰ ਹੋਇਆ ਅਤੇ ਦੀਵਾਨ ਦੇ ਮਗਰੋਂ ੫੦ ਕੁ ਮਾਈ-ਭਾਈ ਨੇ ਅੰਮ੍ਰਿਤ ਪਾਨ ਕੀਤਾ।

ਜਦ ਅੰਮ੍ਰਿਤ ਦਾ ਬਾਟਾ ਫਿਰ ਰਿਹਾ ਸੀ ਤਦ ਇੱਕ ਪ੍ਰੇਮੀ ਬੁੱਧੂ, ਜੋ ਸਿਰੋਂ ਰੋਡਾ ਤੇ ਮਸਤ ਸੀ, ਅਛੋਪ ਹੀ ਸੰਗਤ ਵਿੱਚ ਆ ਖਲੋਤਾ ਅਤੇ ਦਬਾਦਬ ਅੰਮ੍ਰਿਤ ਦੇ ਬਾਟੇ ਵਿਚੋਂ ਪੰਜ ਛੇ ਘੁੱਟ ਭਰ ਲਏ। ਰੌਲਾ ਪੈਣ 'ਤੇ ਝੱਟ ਬਾਹਰ ਨਿਕਲ ਗਿਆ। ਜਦ ਇਸ ਗੱਲ ਦਾ ਸੰਤ ਜੀ ਮਹਾਰਾਜ ਨੂੰ ਪਤਾ ਲੱਗਾ ਤਾਂ ਫ਼ਰਮਾਇਆ, "ਭਾਈ! ਇਹ ਬੜਾ ਕਰਮਾਂ ਵਾਲਾ ਪ੍ਰੇਮੀ ਸੀ। ਸਮਾਂ ਆਉਣ 'ਤੇ ਇਹ ਗੁਰੂ ਕਾ ਸਿੱਖ ਸਜੇਗਾ।" ਦੀਵਾਨ ਦੀ ਸਮਾਪਤੀ ਦੇ ਪਿੱਛੋਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਇਸ ਨਗਰ ਨੂੰ ਹੁਣ ਤੋਂ ਛੋਟੀ ਖੇੜੀ ਆਖਿਆ ਕਰੋ।"

ਇੱਥੋਂ ਸੰਤ ਜੀ ਪਿੰਡ ਸ਼ੇਰਪੁਰ ਆਏ। ਰਸਤੇ ਵਿੱਚ ਇੱਕ ਪ੍ਰੇਮੀ ਸੂਬੇਦਾਰ ਕਾਕਾ ਸਿੰਘ, ਜਿਹੜਾ ਕਿ ਸੰਤ ਜੀ ਮਹਾਰਾਜ ਦੀ ਪਲਟਨ ਦਾ ਸੀ, ਗੱਡਾ ਲੱਦੀ ਜਾਂਦਾ ਮਿਲਿਆ। ਇਸ ਨੂੰ ਦੇਖ ਕੇ ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਆਖਿਆ, "ਭਾਈ! ਹੁਣ ਤਾਂ ਬਹੁਤ ਮਾਇਆ ਇਕੱਠੀ ਕਰ ਲਈ ਹੈ, ਭੁਝੰਗੀ ਵੀ ਜਵਾਨ ਹਨ। ਸਾਰੇ ਵਿਹਾਰ ਉਨ੍ਹਾਂ ਨੂੰ ਸੌਂਪ ਦੇ ਤੇ ਭਜਨ ਕਰ।" ਹੁਕਮ ਮੰਨ ਕੇ ਇਹ ਪ੍ਰੇਮੀ ਗੁਰਬਾਣੀ ਦਾ ਰਸੀਆ ਬਣ ਗਿਆ ਤੇ ਬਾਕੀ ਦੀ ਸਾਰੀ ਉਮਰ ਸਿਮਰਨ ਵਿੱਚ ਬਿਤਾਈ। ਸ਼ੇਰਪੁਰ ਦੀਵਾਨ ਦੇ ਭੋਗ ਮਗਰੋਂ ਪ੍ਰੇਮੀਆਂ ਨੇ ਅੰਮ੍ਰਿਤ ਛਕਣ ਲਈ ਨਾਉਂ ਲਿਖਾਏ। ਇਹਨਾਂ ਵਿੱਚੋਂ ਦੋ ਸਿੰਘਣੀਆਂ ਤੇ ਦੋ ਸਿੰਘ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਸਨ। ਸਕੱਤਰ ਅਰਜਨ ਸਿੰਘ ਨੇ ਸੰਤ ਜੀ ਮਹਾਰਾਜ ਅੱਗੇ ਇਹਨਾਂ ਬਾਬਤ ਬੇਨਤੀ ਕੀਤੀ ਕਿ ਇਹਨਾਂ ਇਕੱਲਿਆਂ ਨੂੰ ਅੰਮ੍ਰਿਤ ਛਕਾਉਣਾ ਠੀਕ ਨਹੀਂ ਹੋਵੇਗਾ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, 'ਭਾਈ! ਇਹ ਤਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜਹਾਜ਼ ਹੈ, ਜੋ ਚੜ੍ਹੇਗਾ ਉਹ ਪਾਰ ਹੋਵੇਗਾ। **ਅੰਮ੍ਰਿਤ ਤਾਂ ਨਾਮ-ਰਸ, ਪ੍ਰੇਮ ਰਸ ਅਤੇ ਬੀਰ-ਰਸ ਦਾ ਬੀਜ ਹੈ। ਇਸ ਦਾ ਸਰੀਰ ਨਾਲ ਕੋਈ ਸੰਬੰਧ ਨਹੀਂ।** ਜਿਹੜਾ ਛਕਣਾ ਚਾਹੁੰਦਾ ਹੈ, ਉਸ ਨੂੰ ਆਉਣ ਦਿਓ, ਜਿਹੜਾ ਨਹੀਂ ਛਕਦਾ, ਨਾ ਸਹੀ।' ਸਕੱਤਰ ਨੇ ਕਿਹਾ, 'ਮਹਾਰਾਜ, ਇਹ ਗੁਰੂ-ਮਰਯਾਦਾ ਨਹੀਂ।' ਦੋ ਤਿੰਨ ਵਾਰੀ ਇਸ ਨੇ ਸੰਤਾਂ ਦਾ ਬਚਨ ਉਲਟਾਇਆ ਤਾਂ ਸੰਤ ਜੀ ਨੇ ਕਿਹਾ, 'ਪ੍ਰੇਮੀਆਂ! ਜੇ ਤੂੰ ਸਤਿਗੁਰੂ ਦੀ ਦਰਗਾਹ ਵਿੱਚ ਇਸ ਪਾਪ ਦਾ ਭਾਗੀ ਬਣਨ ਲਈ ਤਿਆਰ ਹੈਂ ਤਾਂ ਬੇਸ਼ੱਕ ਆਪਣੀ ਮਰਜ਼ੀ ਕਰ ਲੈ।' ਪ੍ਰੇਮੀ ਥਰ-ਥਰ ਕੰਬ ਗਿਆ ਅਤੇ ਸਭ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਸਾਧ ਸੰਗਤ ਜੀ ਦੀ ਬੇਨਤੀ ਕਰਨ 'ਤੇ ਸੰਤ ਜੀ ਮਹਾਰਾਜ ਨੇ ਪ੍ਰੇਮੀਆਂ ਨੂੰ ਇਸ ਜਗ੍ਹਾ ਗੁਰਦੁਆਰਾ ਪਾਉਣ ਦੀ ਆਗਿਆ ਕੀਤੀ। ਬਹੁਤ ਸਾਰੀ ਮਾਇਆ ਇਕੱਠੀ ਹੋ ਗਈ ਤੇ ਹੁਣ ਉੱਥੇ ਆਲੀਸ਼ਾਨ ਗੁਰਦੁਆਰਾ ਹੈ।

ਹੁਣ ਕਾਲੇ ਬੂਲੇ ਦੀ ਸੰਗਤ ਨੇ ਪਿੰਡ ਲੈ ਜਾਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਇਹ ਤਾਂ ਗੁਰੂ ਕਾ ਸਰਾਪਿਆ ਹੋਇਆ ਨਗਰ ਹੈ, ਅਸੀਂ ਨਹੀਂ ਜਾ ਸਕਦੇ।" ਪ੍ਰੇਮੀਆਂ ਨੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਤੁਸੀਂ ਵੀ ਗੁਰੂ ਰੂਪ ਹੋ, ਬਖਸ਼ੋ। ਸੰਤ ਜੀ ਮਹਾਰਾਜ ਨੇ ਆਖਿਆ, "ਚੰਗਾ

ਭਾਈ! ਗੁਰੂ ਨਾਨਕ ਸਾਹਿਬ ਬਖਸ਼ਣਗੇ।'' ਫੇਰ ਉਹਨਾਂ ਦੀ ਬੇਨਤੀ ਮੰਨ ਕੇ ਕਾਲੇ ਬੂਲੇ ਵੱਲ ਟੁਰ ਪਏ। ਰਸਤੇ ਵਿੱਚ ਰੱਥ ਦਾ ਸਾਹਮਣਾ ਪਰਦਾ ਹਵਾ ਨਾਲ ਛਤਰੀ ਉੱਤੇ ਜਾ ਪਿਆ। ਬਲਦਾਂ ਵੱਲ ਦੇਖ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਇਹ ਪ੍ਰੇਮੀ ਸੰਗਤਾਂ ਤੋਂ ਵਿਛੜੇ ਹੋਏ ਹਨ, ਸਾਧ-ਸੰਗਤ ਦੀ ਚਰਨ-ਧੂੜ ਦਾ ਸਦਕਾ ਇਹਨਾਂ ਦਾ ਛੁਟਕਾਰਾ ਹੋ ਜਾਵੇਗਾ।'' ਪਿੰਡ ਪੁੱਜਦਿਆਂ ਹੀ ਛੱਪੜ ਦੇ ਕਿਨਾਰੇ ਉਦਾਸੀ ਸਾਧੂਆਂ ਦਾ ਡੇਰਾ ਸੀ, ਉੱਥੇ ਦੀਵਾਨ ਸਜ ਗਿਆ। ਖੂਬ ਰਸ ਭਰਿਆ ਸ਼ਬਦ ਕੀਰਤਨ ਹੋਇਆ। ਭੋਗ ਦੇ ਮਗਰੋਂ ਇੱਕ ਸਾਧੂ ਨੇ ਹਰਿਦੁਆਰ ਜਾਣ ਦੀ ਬੇਨਤੀ ਕੀਤੀ। ਉਸ ਨੂੰ ਸੰਤ ਜੀ ਮਹਾਰਾਜ ਨੇ ੨੫ ਦਮੜੇ ਦੇ ਦਿੱਤੇ ਤੇ ਇੱਕ ਪ੍ਰੇਮੀ ਨਾਲ ਭੇਜ ਕੇ ਹਰਿਦੁਆਰ ਦਾ ਟਿਕਟ ਲੈ ਦਿੱਤਾ। ਕਾਲੇ ਬੂਲੇ ਤੋਂ ਸੰਤ ਜੀ ਮਹਾਰਾਜ ਛੋਟੀ ਘਨੌਰੀ, ਸਲੇਮਪੁਰ ਤੇ ਗੁਰਸਾਗਰ ਸਾਹਿਬ ਹੁੰਦਿਆਂ, ਮੂਲੋਵਾਲ ਪੁੱਜੇ। ਪਿੰਡ ਵਿੱਚ ਬੜਾ ਭਾਰੀ ਦੀਵਾਨ ਸਜਿਆ। ਦੁਪਹਿਰ ਦੇ ਵੇਲੇ ਸੰਤ ਜੀ ਮਹਾਰਾਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਗੁਰਦੁਆਰੇ ਵਿਖੇ ਅਰਾਮ ਕਰਨ ਲਈ ਗਏ। ਚਰਨ ਧੂੜ ਲੈਣ ਦੇ ਮਗਰੋਂ ਇੱਕ ਕੁਟੀਆ ਵਿੱਚ ਬਿਰਾਜੇ। ਗੁਰਦੁਆਰੇ ਸਾਹਿਬ ਦੀ ਖ਼ਸਤਾ ਹਾਲਤ ਦਾ ਸੰਤ ਜੀ ਮਹਾਰਾਜ ਦੇ ਚਿਹਰੇ ਉੱਤੇ ਬਹੁਤਾ ਅਸਰ ਹੋਇਆ। ਸ਼ਾਮ ਦੇ ਦੀਵਾਨ ਵਿੱਚ ਪਿੰਡ ਦੇ ਪ੍ਰੇਮੀਆਂ ਦੀ ਇੱਕ ਕਮੇਟੀ ਬਣਾ ਦਿੱਤੀ। ਸੰਤ ਜੀ ਦੇ ਬਚਨ ਨਾਲ ਬਹੁਤ ਸਾਰੀ ਮਾਇਆ ਇਕੱਠੀ ਹੋ ਗਈ, ਜਿਹੜੀ ਇਸ ਕਮੇਟੀ ਦੇ ਹਵਾਲੇ ਕੀਤੀ ਗਈ। ਸੰਤ ਜੀ ਮਹਾਰਾਜ ਦੀ ਇਸ ਪ੍ਰੇਰਨਾ ਦਾ ਸਦਕਾ ਹੁਣ ਗੁਰਦੁਆਰੇ ਸਾਹਿਬ ਦਾ ਪ੍ਰਬੰਧ ਚੜ੍ਹਦੀਆਂ ਕਲਾਂ ਵਿੱਚ ਹੈ।

ਮੂਲੋਵਾਲ ਤੋਂ ਸੰਤ ਜੀ ਅਲਾਲ ਆਏ। ਇੱਥੋਂ ਦੋ ਸ਼ਾਮ ਦੇ ਅਤੇ ਦੋ ਅੰਮ੍ਰਿਤ ਵੇਲੇ ਦੇ ਦੀਵਾਨ ਸਜੇ। ਪਿੱਛਲੇ ਪਹਿਰ ਦੇ ਦੂਜੇ ਦੀਵਾਨ ਵਿੱਚ ਇੱਕ ਸਟੇਸ਼ਨ ਮਾਸਟਰ ਭਾਈ ਟੇਕ ਚੰਦ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਕੋਈ ਸੇਵਾ ਦੱਸੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਅਸੀਂ ਦਮਦਮੇ ਸਾਹਿਬ ਵਾਸਤੇ ਗੁੜ ਦੀ ਗੱਡੀ ਭੇਜਣੀ ਹੈ, ਤੁਸੀਂ ਪ੍ਰੇਮ ਨਾਲ ਦੇਵੋ। ਉਸ ਪ੍ਰੇਮੀ ਨੇ ਤਨ, ਮਨ, ਧਨ, ਨਾਲ ਸੇਵਾ ਕੀਤੀ। ਅਲਾਲ ਨਗਰ ਵਿੱਚ ਕੋਈ ੫੫ ਕੁ ਪ੍ਰੇਮੀਆਂ ਨੇ ਅੰਮ੍ਰਿਤ ਛਕਿਆ।

ਅਲਾਲ ਤੋਂ ਸੰਤ ਜੀ ਭੀੜੀ ਕੇ ਤੋਂ ਹੁੰਦਿਆਂ ਹੋਇਆਂ ਨਗਰ ਧੁੰਢੀਵਾਲ ਗਏ। ਇੱਥੋਂ ਭਾਈ ਬਹਾਦਰ ਸਿੰਘ ਨੂੰ ਦਮਦਮੇ ਸਾਹਿਬ ਭੇਜ ਦਿੱਤਾ।

ਪਿੰਡ ਮੂਲੋਵਾਲ ਅੰਮ੍ਰਿਤ ਪ੍ਰਚਾਰ ਲਈ ਚਾਰ ਪਿਆਰੇ ਹਾਜ਼ਰ ਸਨ, ਪੰਜਵਾਂ ਸਿੰਘ ਜਥੇ ਵਿੱਚੋਂ ਨਾਲ ਰਲਾਉਣਾ ਸੀ। ਭਾਈ ਬਹਾਦਰ ਸਿੰਘ ਨੇ ਆਪਣੇ ਮਨ ਵਿੱਚ ਚਿਤਵਿਆ ਕਿ ਜੇ ਸੰਤ ਜੀ ਮਹਾਰਾਜ ਮੈਨੂੰ ਆਪਣੇ ਆਪ ਹੀ ਪੰਜਾਂ ਪਿਆਰਿਆਂ ਵਿੱਚ ਹੋਣ ਦਾ ਹੁਕਮ ਦੇਣ ਤਾਂ ਮੈਂ ਸਮਝਾਂਗਾ ਕਿ ਇਹ ਗੁਰੂ ਨਾਨਕ ਦੀ ਜੋਤ ਹਨ। ਜਦ ਪ੍ਰਚਾਰ ਦਾ ਵੇਲਾ ਨੇੜੇ ਆਇਆ; ਤਦ ਇਹਨਾਂ ਨੂੰ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋਣ ਦਾ ਹੁਕਮ ਦਿੱਤਾ। ਅੱਗੇ ਤਾਂ ਭਾਈ ਬਹਾਦਰ ਸਿੰਘ ਸੰਤ ਜੀ ਮਹਾਰਾਜ ਨੂੰ ਇੱਕ ਮਹਾਂਪੁਰਖ ਸਮਝਦੇ ਸਨ, ਪਰ ਇਸ ਦਿਨ ਤੋਂ ਪ੍ਰਤੀਤ ਹੋ ਗਿਆ ਕਿ ਇਹਨਾਂ ਵਿੱਚ ਗੁਰੂ ਨਾਨਕ ਦੀ ਜੋਤ ਬਿਰਾਜਮਾਨ ਹੈ।

ਠੁਲੀਵਾਲ ਤੋਂ ਹੋਰ ਕਈ ਨਗਰਾਂ ਨੂੰ ਤਾਰਦੇ, ਅੰਮ੍ਰਿਤ ਛਕਾਉਂਦੇ ਤੇ ਦਮਦਮੇ ਸਾਹਿਬ ਦੀ ਸੇਵਾ ਲਈ ਪ੍ਰੇਰਨਾ ਕਰਦੇ ਸੰਤ ਜੀ ਨਗਰ ਰਸ਼ੀਨ ਪੁੱਜੇ।

ਰਸ਼ੀਨ ਨਗਰ ਵਿਖੇ ਪਿੰਡ ਦੇ ਪਹਾੜ ਦੀ ਬਾਹੀ, ਇੱਕ ਸਿੰਘ ਦੇ ਚੁਬਾਰੇ ਵਿੱਚ ਸੰਤ ਜੀ ਮਹਾਰਾਜ ਦਾ ਡੇਰਾ ਸੀ। ਉੱਥੋਂ ਅੰਮ੍ਰਿਤ ਵੇਲੇ ਹੀ ਆਸਾ ਜੀ ਦੀ ਵਾਰ ਦੇ ਦੀਵਾਨ ਵਿੱਚ ਆਏ। ਸ਼ਬਦ ਕੀਰਤਨ ਦਾ ਬਹੁਤ ਹੀ ਅਨੰਦ ਬਣਿਆ। ਜਦ ਆਸਾ ਜੀ ਦੀ ਵਾਰ ਦਾ ਭੋਗ ਪਿਆ, ਤਦ ਦੀਵਾਨ ਤੋਂ ਉੱਠ ਕੇ ਸੰਤ ਜੀ ਬਾਹਰ ਜੰਗਲ

ਪਾਣੀ ਲਈ ਤਿਆਰ ਹੋਏ। ਭਾਈ ਸੁੱਚਾ ਸਿੰਘ ਤੇ ਜਥੇ ਦੇ ਹੋਰ ਦੋ ਸਿੰਘ ਨਾਲ ਸਨ। ਭਾਈ ਸੁੱਚਾ ਸਿੰਘ ਨੂੰ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਭਾਈ ਕਿਹੜੇ ਪਾਸੇ ਚੱਲੀਏ? ਭਾਈ ਸੁੱਚਾ ਸਿੰਘ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਪਹਾੜ ਵੱਲ ਖੁੱਲ੍ਹੀ ਰੋਹੀ ਹੈ ਤੇ ਮੈਦਾਨ ਹੀ ਮੈਦਾਨ ਪਿਆ ਹੈ। ਇਹ ਸੁਣ ਕੇ ਸੰਤ ਜੀ ਮਹਾਰਾਜ ਏਧਰ ਟੁਰ ਪਏ। ਅਜੇ ਕੁਝ ਕੁ ਕਦਮ ਹੀ ਅੱਗੇ ਨਿਕਲੇ ਸਨ ਕਿ ਇੱਕ ਕੁਟੀਆ ਸਾਹਮਣੇ ਨਜ਼ਰ ਆਈ। ਇਸ ਦੇ ਅੱਗੇ ਸੰਤ ਜੀ ਖਲੋ ਗਏ ਤੇ ਬਚਨ ਕੀਤਾ, "ਭਾਈ! ਸਾਡੇ ਰਹਿਣ ਵਾਲੀ ਤਾਂ ਇਹ ਜਗ੍ਹਾ ਹੈ।" ਇਸ ਕੁਟੀਆ ਦੇ ਆਲੇ-ਦੁਆਲੇ ਅਰੂੜੀਆਂ ਸਨ ਤੇ ਬਹੁਤ ਕਚਰਾ ਖਿੱਲਰਿਆ ਹੋਇਆ ਸੀ। ਜਥੇ ਦੇ ਸਰੀਰਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਆਸਣ ਚੁਬਾਰੇ ਵਿੱਚ ਸੋਹਣੇ ਥਾਂ ਲੱਗੇ ਹੋਏ ਹਨ, ਉੱਥੇ ਹੀ ਠੀਕ ਹੈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਅਸੀਂ ਇਸ ਥਾਂ ਹੀ ਬਿਰਾਜਾਂਗੇ।" ਏਨਾਂ ਕਹਿ ਕੇ ਬਾਹਰ ਜੰਗਲ ਵੱਲ ਟੁਰ ਪਏ। ਮੈਦਾਨ ਹੋ ਕੇ ਰੋਹੀ ਵਿੱਚ ਇੱਕ ਥਾਂ ਛਾਂਵੇਂ ਧਰਤੀ 'ਤੇ ਬੈਠ ਗਏ। ਥੋੜ੍ਹੇ ਹੀ ਚਿਰ ਵਿੱਚ ਆਲੇ-ਦੁਆਲੇ ਪਿੰਡਾਂ ਦੇ ਕਈ ਜਥੇ, ਜਿਹੜੇ ਦਰਸ਼ਨ ਕਰਨ ਲਈ ਆ ਰਹੇ ਸਨ, ਇਕੱਠੇ ਹੋ ਗਏ। ਗੁਰਬਾਣੀ ਸੰਬੰਧੀ ਬਹੁਤ ਵਿਚਾਰ ਹੁੰਦੀ ਰਹੀ ਅਤੇ ਸੰਤ ਜੀ ਮਹਾਰਾਜ ਨੇ ਸਾਰਿਆਂ ਦੇ ਪ੍ਰਸ਼ਨਾਂ ਦਾ ਉੱਤਰ ਦੇ ਕੇ ਉਹਨਾਂ ਦੀ ਨਿਸ਼ਾ ਕੀਤੀ।

ਇੱਥੋਂ ਉੱਠ, ਸੰਤ ਜੀ ਮਹਾਰਾਜ ਉਸ ਕੁਟੀਆ ਵੱਲ ਟੁਰ ਪਏ। ਸੰਗਤਾਂ ਨੇ ਅੱਗੇ ਹੀ ਇਸ ਦੀ ਆਲੇ-ਦੁਆਲੇ ਸਫ਼ਾਈ ਕਰ, ਵਿੱਚ ਝਾੜੂ ਦੇ, ਦਰੀ ਵਿਛਾ, ਪਲੰਘ ਸਜਾ ਰੱਖਿਆ ਸੀ। ਬਾਕੀ ਜਥਾ ਤਾਂ ਇੱਕ ਪ੍ਰੇਮੀ ਦੇ ਘਰ ਪ੍ਰਸ਼ਾਦ ਛਕਣ ਗਿਆ ਸੀ, ਸੰਤ ਜੀ ਮਹਾਰਾਜ ਦਾ ਥਾਲ ਉੱਥੇ ਹੀ ਆ ਗਿਆ। ਜਦ ਸੰਤ ਜੀ ਮਹਾਰਾਜ ਪ੍ਰਸ਼ਾਦ ਛਕਣ ਲੱਗੇ ਤਾਂ ਰਸ਼ੀਨ ਨਗਰ ਦਾ ਇੱਕ ਸਿੰਘ ਆਇਆ। ਇਸ ਦਾ ਗੋਡਾ ਬਹੁਤ ਸੁੱਜਿਆ ਹੋਇਆ ਸੀ। ਉਸ ਨੇ ਬੇਨਤੀ ਕੀਤੀ, "ਮਹਾਰਾਜ ਜੀ! ਮੇਰਾ ਗੋਡਾ ਰਾਜ਼ੀ ਨਹੀਂ ਹੁੰਦਾ, ਕੋਈ ਇਲਾਜ ਦੱਸੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਅਸੀਂ ਤੇ ਸਾਧ ਸੰਗਤ ਦੇ ਢਾਡੀ ਹਾਂ, ਭਜਨ ਕੀਰਤਨ ਹੀ ਜਾਣਦੇ ਹਾਂ, ਕਿਸੇ ਦਵਾ ਬੂਟੀ ਤੋਂ ਜਾਣੂੰ ਨਹੀਂ।" ਉਸ ਨੇ ਫੇਰ ਹੱਥ ਜੋੜ ਕੇ ਕਿਹਾ ਕਿ ਮਹਾਰਾਜ, ਆਪ ਸਭ ਕੁਝ ਆਪਣੀ ਨਿਗਾਹ ਨਾਲ ਕਰ ਸਕਦੇ ਹੋ। ਫੇਰ ਸੰਤ ਜੀ ਮਹਾਰਾਜ ਨੇ ਆਖਿਆ, "ਪ੍ਰੇਮੀਆਂ! ਭਾਈ ਮੇਹਰ ਸਿੰਘ ਜੀ ਪਾਸ, ਵੱਡੀ ਮਹਲੋਂ ਜਾਹ; ਉੱਥੇ ਜਾ ਕੇ ਇਲਾਜ ਕਰਾ ਲੈ।" ਪ੍ਰੇਮੀ ਨੇ ਆਖਿਆ, "ਮਹਾਰਾਜ! ਇਲਾਜ ਤਾਂ ਮੈਂ ਬਹੁਤ ਕਰਾ ਚੁੱਕਾ ਹਾਂ। ਉਹਦੀ ਦਵਾ ਵੀ ਵੇਖ ਲਈ ਹੈ। ਆਪ ਦੀ ਮਿਹਰ ਚਾਹੁੰਦਾ ਹਾਂ, ਤੁਸੀਂ ਆਪਣੀ ਰਸਨਾ ਤੋਂ ਬਚਨ ਕਰ ਕੇ ਇਸ ਦੁੱਖ ਨੂੰ ਹਟਾ ਦਿਓ, ਮੇਹਰ ਕਰੋ।" ਇਹ ਸੁਣ ਬੜੀ ਨਿਮਰਤਾ ਸਹਿਤ ਸੰਤ ਜੀ ਮਹਾਰਾਜ ਨੇ ਏਹ ਬਚਨ ਕੀਤਾ, "ਭਾਈ ਇਸ ਰਸਨਾ ਨਾਲ ਕਿਸੇ ਨੂੰ ਬੁਰਾ ਭਲਾ ਕਹਿਣ ਦਾ ਅਕਾਲ-ਪੁਰਖ ਵੱਲੋਂ ਹੁਕਮ ਨਹੀਂ ਹੈ। ਜੋ ਉਹ ਕਰ ਰਿਹਾ ਹੈ, ਉਹ ਠੀਕ ਹੈ। ਉਸ ਦੀ ਰਜ਼ਾ ਮੰਨਣ ਵਿੱਚ ਹੀ ਸੁੱਖ ਹੈ।" ਇਹ ਉੱਤਰ ਸੁਣ, ਪ੍ਰੇਮੀ ਚਲਾ ਗਿਆ ਅਤੇ ਸੰਤ ਜੀ ਮਹਾਰਾਜ ਬਿਰਾਜਮਾਨ ਹੋ ਗਏ। ਸ਼ਾਮ ਦੇ ਵੇਲੇ ਡੇਰੇ ਨਗਰ ਵਿੱਚ ਬੜਾ ਭਾਰੀ ਦੀਵਾਨ ਸਜਿਆ। ਦੀਵਾਨ ਦੇ ਮਗਰੋਂ ਜਦ ਸੰਤ ਜੀ ਆਪਣੇ ਰਾਤ ਦੇ ਆਸਣ 'ਤੇ ਚੋਬਾਰੇ ਵਿੱਚ ਆਏ, ਤਦ ਦਰਸ਼ਨ ਮੇਲੇ ਲਈ ਕਈ ਸਿੰਘ ਇਕੱਠੇ ਹੋ ਗਏ।

ਤਿਆਰ-ਬਰ-ਤਿਆਰ ਖ਼ਾਲਸਾ ਹੋਣਾ ਬਿਖਰੀ ਘਾਟੀ ਹੈ

ਜਦ ਤੀਕਰ ਜਗਿਆਸੂ ਜੋਤ ਦੀ ਲਖਤਾ ਕਰਕੇ ਅਭੇਦ ਨਹੀਂ ਹੁੰਦਾ,
ਤਿਆਰ-ਬਰ-ਤਿਆਰ ਨਹੀਂ, ਉਮੀਦਵਾਰ ਹੈ।

ਇਸ ਸਮੇਂ ਹਰ ਰੋਜ਼ ਦੀ ਮਰਯਾਦਾ ਅਨੁਸਾਰ ਪ੍ਰਸਪਰ ਵਿਚਾਰ ਸ਼ੁਰੂ ਹੋ ਗਈ। ਭਾਈ ਗਿਆਨ ਸਿੰਘ

ਨੇ ਜੋ ਭਸੌੜ ਦੇ ਜਥੇ ਵਿੱਚੋਂ ਸਨ, ਸੰਤ ਜੀ ਮਹਾਰਾਜ ਨੂੰ ਆਖਿਆ ਕਿ ਆਪ ਜੀ ਪਾਸ ਕੋਈ ਮਾਈ ਆ ਜਾਵੇ ਜਾਂ ਕੋਈ ਭਾਈ ਆ ਜਾਵੇ ਉਸ ਨੂੰ ਅੰਮ੍ਰਿਤ ਛਕਾ ਦੇਂਦੇ ਹੋ; ਤੁਸੀਂ ਸਿੰਘ-ਸਿੰਘਣੀਆਂ ਨੂੰ ਇਕੱਠੇ ਅੰਮ੍ਰਿਤ ਕਿਉਂ ਨਹੀਂ ਛਕਾਉਂਦੇ? ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਜਹਾਜ਼ ਵਾਲੇ ਦਾ ਕੰਮ ਟਿਕਟ ਦੇਣਾ ਹੈ, ਕੋਈ ਮਾਈ ਆ ਕੇ ਲੈ ਲਵੇ ਜਾਂ ਕੋਈ ਭਾਈ, ਭਾਵੇਂ ਦੋਵੇਂ ਇਕੱਠੇ ਲੈ ਲੈਣ। ਪ੍ਰੇਮੀ ਆਪ ਹੀ ਇਕੱਠੇ ਨਹੀਂ ਆਉਂਦੇ, ਅਸੀਂ ਕਲਗੀਧਰ ਜੀ ਦੀ ਟਿਕਟ ਲੈਣ ਆਇਆਂ, ਕਿਸੇ ਨੂੰ ਧੱਕਾ ਨਹੀਂ ਦੇ ਸਕਦੇ।'' ਫੇਰ ਭਾਈ ਗਿਆਨ ਸਿੰਘ ਨੇ ਆਖਿਆ ਕਿ ਜਦੋਂ ਤੀਕਰ ਆਪ ਇਹਨਾਂ ਪ੍ਰੇਮੀਆਂ ਵਿੱਚ ਰਹਿੰਦੇ ਹੋ ਏਹ ਰਹਿਤ ਮਰਯਾਦਾ ਰੱਖਦੇ ਹਨ, ਫੇਰ ਕਛਹਿਰਾ ਲਾਹ ਦੇਂਦੇ ਹਨ; ਆਪ ਤਾੜ ਕੇ ਅੰਮ੍ਰਿਤ ਨਹੀਂ ਛਕਾਉਂਦੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਅਸੀਂ ਗੁਰ ਮਰਯਾਦਾ ਅਨੁਸਾਰ, ਪੂਰੀ ਰਹਿਤ ਦੱਸ ਕੇ ਅੰਮ੍ਰਿਤ ਛਕਾਉਂਦੇ ਹਾਂ। ਜਿਹੜਾ ਦੱਸੀ ਹੋਈ ਰਹਿਤ ਨੂੰ ਨਾ ਰੱਖੇ ਉਸ ਦਾ ਜ਼ੁੰਮੇਵਾਰ ਉਹ ਆਪ ਹੈ।'' ਫੇਰ ਭਾਈ ਗਿਆਨ ਸਿੰਘ ਨੇ ਆਖਿਆ, 'ਜਿਹੜਾ ਗੁਰਮਤਿ ਵਿੱਚ ਪੱਕਾ ਹੋਵੇ, ਉਹੋ ਹੀ ਗੁਰੂ ਦੀ ਮਤ ਪਾ ਸਕਦਾ ਹੈ ਅਤੇ ਤਿਆਰ-ਬਰ-ਤਿਆਰ ਹੋ ਸਕਦਾ ਹੈ।' ਸੰਤ ਜੀ ਮਹਾਰਾਜ ਨੇ ਫ਼ਰਮਾਇਆ ''ਭਾਈ ਗਿਆਨ ਸਿੰਘ ਜੀ! ਤੁਸੀਂ ਆਪੇ ਹੀ ਦੱਸੋ ਤੁਹਾਡਾ ਸਾਰਾ ਟੱਬਰ ਗੁਰਬਾਣੀ ਦਾ ਨਿੱਤਨੇਮੀ ਹੈ? ਰਹਿਤ ਦਾ ਧਾਰਨੀ ਹੈ? ਸ਼ਾਦੀ-ਗਮੀ ਦੇ ਕਾਰਜ ਵੀ ਤੁਸੀਂ ਗੁਰਮਤਿ ਅਨੁਸਾਰ ਕਰਦੇ ਹੋ? ਪਰ ਜਿਹੜੀ ਅਕਾਲ ਪੁਰਖ ਦੀ ਜੋਤ ਹੈ, ਉਸ ਦੀ ਥੋੜ੍ਹ ਹੈ। ਅੰਦਰੋਂ ਸਭ ਤਿਆਰ-ਬਰ-ਤਿਆਰ ਹੋਵੇ। ਸਤਿਗੁਰੂ ਸੱਚੇ ਪਾਤਸ਼ਾਹ ਦਾ ਤਾਂ ਏਹ ਹੁਕਮ ਹੈ:

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲਿ ਨਾ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥ (ਸਰਬ ਲੋਹ ਗ੍ਰੰਥ 'ਚੋਂ)

ਭਾਈ ਗਿਆਨ ਸਿੰਘ ਜੀ! ਤਿਆਰ-ਬਰ-ਤਿਆਰ ਖ਼ਾਲਸਾ ਹੋਣਾ ਬੜੀ ਬਿਖੜੀ ਘਾਟੀ ਹੈ। ਜਦ ਤੀਕਰ ਜੋਤ ਦੀ ਲਖਤਾ ਕਰ ਕੇ ਅਭੇਦ ਨਹੀਂ ਹੁੰਦਾ, ਤਿਆਰ-ਬਰ-ਤਿਆਰ ਨਹੀਂ, ਉਹ ਤਾਂ ਉਮੀਦਵਾਰ ਹੈ। ਤੁਸੀਂ ਹੁਣ ਦੱਸੋ ਕਿ ਤੁਸਾਂ ਖੋਜ ਕਰ ਲਈ ਹੈ? ਆਪਣੇ ਆਪ ਦਾ ਪਤਾ ਲੱਗ ਗਿਆ ਹੈ? ਅਤੇ ਪੂਰਨ ਜੋਤ ਘਟ ਵਿੱਚ ਜਗ ਪਈ ਹੈ? ਇਹ ਸੁਣ ਕੇ ਭਾਈ ਗਿਆਨ ਸਿੰਘ ਦਾ ਸਿਰ ਨੀਵਾਂ ਹੋ ਗਿਆ ਅਤੇ ਆਖਿਆ, ''ਨਹੀਂ ਮਹਾਰਾਜ!'' ਫੇਰ ਬੜੇ ਪ੍ਰੇਮ ਵਿੱਚ ਸੰਤ ਜੀ ਨੇ ਆਖਿਆ, ''ਭਾਈ! ਜਿਸ ਚੀਜ਼ ਦੀ ਅਸਾਂ ਖੋਜ ਕਰਨੀ ਹੈ, ਉਸ ਦੀ ਤਾਂ ਵਿਚਾਰ ਨਹੀਂ ਕਰਦੇ; ਰਾਹ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਪਿੱਛੇ ਪਏ ਰਹਿੰਦੇ ਹਾਂ। ਇਹ ਨੁਕਤਾ-ਚੀਨੀਆਂ ਸਾਡੇ ਪੰਧ ਵਿੱਚ ਅਟਕ ਪਾਉਂਦੀਆਂ ਹਨ ਅਤੇ ਅਸਲੀ ਰਸਤੇ (ਪੰਥ) 'ਤੇ ਟੁਰਨ ਨਹੀਂ ਦੇਂਦੀਆਂ।'' ਇਸ ਦੇ ਮਗਰੋਂ ਸੰਤ ਜੀ ਬਿਰਾਜ ਗਏ ਅਤੇ ਭਾਈ ਗਿਆਨ ਸਿੰਘ ਜੀ ਆਪਣੇ ਘਰ ਚਲੇ ਗਏ।

ਰਸ਼ੀਨ ਤੋਂ ਕਈ ਹੋਰ ਨਗਰਾਂ ਨੂੰ ਤਾਰਦੇ ਹੋਏ, ਸੰਤ ਜੀ ਤਲਵੰਡੀ ਸਾਬੋ ਪੁੱਜੇ ਅਤੇ ਗੁਰੂ ਕਾਂਸ਼ੀ ਦੀ ਕਾਰ ਵਿੱਚ ਜੁੱਟ ਪਏ। ਜਿਉਂ-ਜਿਉਂ ਨਗਰਾਂ ਦੀਆਂ ਸੰਗਤਾਂ ਨੂੰ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਪੁੱਜਦੀ ਗਈ, ਤਿਉਂ-ਤਿਉਂ ਦਿਨੋ-ਦਿਨ ਉਤਸ਼ਾਹ ਵੱਧਦਾ ਗਿਆ। ਦੂਰ-ਨੇੜੇ ਦੇ ਗੁਰੂ ਕੀਆਂ ਸੰਗਤਾਂ, ਅਤੁੱਟ ਗੁੜ, ਚਾਹ, ਦੁੱਧ ਲੈ ਢੋਲ ਵਜਾਉਂਦੀਆਂ, ਸਰੋਵਰ ਦੀ ਕਾਰ ਲਈ ਆਉਣ ਲੱਗ ਪਈਆਂ ਅਤੇ ਕਲਯੁੱਗ ਨਾਲ ਧਰਮ ਸੰਗਰਾਮ ਦਾ ਪੂਰਾ ਥਾਟ ਬਣ ਗਿਆ।

ਟੋਏ-ਟਿੱਬੇ ਪੱਧਰੇ ਹੋਵਣ ਦੇ ਮਗਰੋਂ ਸ੍ਰੀ ਕਲਗੀਧਰ ਦੇ ਦੀਵਾਨ ਅਸਥਾਨ ਦੀ ਸੇਵਾ ਤਾਂ ਕਈ

ਮਹੀਨਿਆਂ ਤੋਂ ਸ਼ੁਰੂ ਸੀ, ਹੁਣ ਸਰੋਵਰ ਦੀ ਪੁਟਾਈ ਦੇ ਮਗਰੋਂ ਗੁਰੂਸਰ ਸਾਹਿਬ ਦੀਆਂ ਪਉੜੀਆਂ ਦੀ ਚਿਣਾਈ ਵੀ ਸ਼ੁਰੂ ਹੋ ਗਈ। ਸੰਤ ਜੀ ਮਹਾਰਾਜ ਦਾ ਇਹ ਸੰਕਲਪ ਸੀ ਕਿ ਗੁਰੂਸਰ ਸਰੋਵਰ ਕਟੂ ਬੁੰਗਾ ਦੇ ਨਾਲ ਹੁੰਦਾ ਹੋਇਆ ਦਸਮੇਸ਼ ਪਿਤਾ ਦੇ ਦਰਬਾਰ ਸਾਹਿਬ (ਜਿੱਥੇ ਕਮਰਕੱਸਾ ਖੋਲ੍ਹਿਆ ਸੀ) ਤੀਕਰ ਪਹੁੰਚ ਜਾਵੇ, ਪਰ ਇਸ ਪਾਸੇ ਡੱਲਾ ਖਾਨਦਾਨ ਦੀਆਂ ਕੁਝ ਸਮਾਧਾਂ ਸਨ। ਉਹਨਾਂ ਦੇ ਢਾਹੇ ਬਿਨਾਂ ਸਰੋਵਰ ਵੱਧ ਨਹੀਂ ਸੀ ਸਕਦਾ। ਸੰਤ ਜੀ ਮਹਾਰਾਜ ਨੇ ਪੂਰੇ ਪ੍ਰੇਮ ਨਾਲ ਤਲਵੰਡੀ ਸਾਬੋ ਦੇ ਸਰਦਾਰਾਂ ਨੂੰ ਪੁੱਛ ਕੇ ਸਮਾਧਾਂ ਨੂੰ ਢਾਹੁਣ ਦਾ ਯਤਨ ਕੀਤਾ, ਪਰ ਉਨ੍ਹਾਂ ਇਹ ਗੱਲ ਨਾ ਮੰਨੀ। ਕਈ ਪ੍ਰੇਮੀ ਰਾਤੋ-ਰਾਤ ਸਮਾਧਾਂ ਨੂੰ ਢਾਹ ਦੇਣ ਲਈ ਤਿਆਰ ਹੋ ਗਏ ਪਰ ਸੰਤ ਜੀ ਮਹਾਰਾਜ ਨੇ ਰੋਕ ਦਿੱਤਾ ਅਤੇ ਫ਼ਰਮਾਇਆ, "ਭਾਈ! ਸਤਿਗੁਰੂ ਕਲਗੀਆਂ ਵਾਲੇ ਦੀ ਰਜ਼ਾ ਵਿੱਚ ਸਮਾਂ ਆਉਣ 'ਤੇ ਇਹ ਕਾਰਜ ਸਹਿਜ-ਸੁਭਾਅ ਪੂਰਾ ਹੋ ਜਾਵੇਗਾ; ਹੁਣ ਦੁਬਿਧਾ ਨਹੀਂ ਪਾਉਣੀ। ਜਿੱਥੋਂ ਤੀਕਰ ਸਰੋਵਰ ਵੱਧ ਸਕਦਾ ਹੈ, ਉੱਥੋਂ ਤੀਕਰ ਹੀ ਠੀਕ ਹੈ।"

੧੯੨੫ ਈ: (੧੯੮੨ ਬਿਕ੍ਰਮੀ) ਵਿੱਚ ਸਰੋਵਰ ਦੀਆਂ ਪਉੜੀਆਂ ਬਣ ਗਈਆਂ ਅਤੇ ਦੀਵਾਨ ਅਸਥਾਨ 'ਤੇ ਸਾਰੇ ਕਮਰੇ, ਬੁੰਗੇ ਵੀ ਤਿਆਰ ਹੋ ਗਏ। ਦੂਰ-ਦੂਰ ਤੋਂ ਸੰਗਤਾਂ ਨਵੀਂ ਕਾਰ ਲੱਗੀ ਨੂੰ ਸੁਣ, ਹੁੰਮ-ਹੁੰਮਾ ਕੇ ਆਈਆਂ ਅਤੇ ਵੈਸਾਖੀ ਦਾ ਜੋੜ ਮੇਲਾ ਏਨਾਂ ਭਰਿਆ ਕਿ ਅੱਗੇ ਕਦੀ ਵੀ ਵੇਖਣ ਵਿੱਚ ਨਹੀਂ ਸੀ ਆਇਆ। ਇਸ ਜੋੜ ਮੇਲੇ ਦੇ ਸਮੇਂ ਸੰਤ ਜੀਵਾ ਸਿੰਘ ਜੀ ਵੀ ਨਨਕਾਣੇ ਸਾਹਿਬ ਤੋਂ ਦਮਦਮੇ ਸਾਹਿਬ ਗੁਰੂ ਕਾਂਸ਼ੀ ਦੀ ਯਾਤਰਾ ਲਈ ਪੁੱਜੇ, ਭਾਈ ਜੈ ਸਿੰਘ ਇਹਨਾਂ ਦੀ ਸੇਵਾ ਵਿੱਚ ਸਨ ਜਦ ਇਹਨਾਂ ਨੇ ਗੁਰੂਸਰ ਸਰੋਵਰ ਦੇ ਦਰਸ਼ਨ ਕੀਤੇ, ਤਦ ਇਹਨਾਂ ਦਾ ਚਿੱਤ ਗਦ-ਗਦ ਹੋ ਗਿਆ। ਹੁਣ ਉਹ ਪੁਰਾਣੀ ਗੱਲ ਨਹੀਂ ਸੀ ਅਤੇ ਨਾ ਕੋਈ ਬੇਅਦਬੀ ਸੀ। ਹਰ ਪਾਸੇ ਅਨੰਦ ਵਰਤ ਰਿਹਾ ਸੀ। ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਇੱਕ ਮਹਾਂ ਜਰਨੈਲ ਦੇ ਰੂਪ ਵਿੱਚ ਸਤਿਗੁਰੂ ਦੀ ਸੇਵਾ ਵਿੱਚ ਸਜ ਰਹੇ ਸਨ ਤੇ ਹਜ਼ਾਰਾਂ ਸੰਗਤਾਂ ਉਹਨਾਂ ਦੀ ਆਗਿਆ ਵਿੱਚ ਸਰੋਵਰ ਦੀ ਪ੍ਰਕਰਮਾ ਦੀ ਭਰਤੀ ਭਰ ਰਹੀਆਂ ਸਨ। ਸੰਗਤਾਂ ਦਾ ਇਕੱਠ ਏਨਾਂ ਭਰਪੂਰ ਸੀ ਕਿ ਇਸ ਤੋਂ ਵੱਡੀ ਇਕੱਤ੍ਰਤਾ ਸ਼ਾਇਦ ਦਮਦਮੇ ਸਾਹਿਬ ਵਿੱਚ ਅੱਗੇ ਕਦੀ ਨਹੀਂ ਸੀ ਹੋਈ ਤੇ ਫੇਰ ਕੁਦਰਤ ਨਾਲ ਹੀ ਜੁੜੀ ਹੋਵੇਗੀ। ਸਰੋਵਰ ਸਾਹਿਬ ਦੀ ਚਾਰ-ਚੁਫੇਰੇ ਸੰਗਤਾਂ ਦੀ ਹਦਾਇਤ ਲਈ ਫੱਟੇ ਲੱਗੇ ਹੋਏ ਸਨ ਤੇ ਥਾਂ-ਥਾਂ ਪਹਿਰੇ ਖਲੋਤੇ ਹੋਏ ਸਨ।

ਸੰਤ ਜੀਵਾ ਸਿੰਘ ਵਿਸਾਖੀ ਦੀ ਰਾਤ ਨੂੰ ਪਿੱਛਲੀ ਰਾਤ ਹੁੰਦਿਆਂ ਹੀ ਗੁਰੂਸਰ ਸਰੋਵਰ ਵਿੱਚ ਇਸ਼ਨਾਨ ਕਰਨ ਲਈ ਆਏ। ਬੇਅੰਤ ਸੰਗਤਾਂ ਇਸ਼ਨਾਨ ਕਰ ਰਹੀਆਂ ਸਨ। ਇਹਨਾਂ ਨੇ ਆਪਣੇ ਗਰੀਬੀ ਸੁਭਾਉ ਅਨੁਸਾਰ ਸਰਬਤ ਸੰਗਤ ਅੱਗੇ ਬੜੀ ਉੱਚੀ ਅਵਾਜ਼ ਵਿੱਚ ਬੇਨਤੀ ਕੀਤੀ ਕਿ ਤੁਸੀਂ ਗੁਰੂ ਸੰਗਤ ਦੇ ਰੂਪ ਵਿੱਚ ਦਾਸ ਦੇ ਔਗੁਣ ਬਖਸ਼ ਦੇਵੋ ਤੇ ਕਲਗੀਆਂ ਵਾਲੇ ਦੇ ਇਸ ਮਹਾਂ ਤੀਰਥ ਦੀ ਯਾਤਰਾ ਦੇ ਇੱਕ-ਇੱਕ ਕਦਮ ਦਾ ਫਲ ਦੇਵੋ। ਜੇ ਸਾਧ-ਸੰਗਤ ਨੂੰ ਦਾਸ ਦੀ ਬੇਨਤੀ ਪ੍ਰਵਾਨ ਹੋਵੇ ਤਾਂ ਸਾਰੇ ਗੱਜ ਕੇ ਜੈਕਾਰਾ ਬੁਲਾ ਦੇਵੋ। ਸਾਧ-ਸੰਗਤ ਨੇ ਪ੍ਰਸੰਨ ਹੋ ਕੇ ਜੈਕਾਰਾ ਛੱਡ ਦਿੱਤਾ ਤੇ ਸੰਤ ਜੀਵਾ ਸਿੰਘ ਇਸ਼ਨਾਨ ਕਰ ਕੇ ਆਪਣੇ ਅਸਥਾਨ ਵਿੱਚ ਪੁੱਜ ਗਏ। ਨਿੱਤਨੇਮ ਦੇ ਮਗਰੋਂ ਇਹ ਗੁਰੂ ਕਲਗੀਧਰ ਦੇ ਦੀਵਾਨ ਅਸਥਾਨ ਵਿੱਚ ਪੁੱਜ ਗਏ। ਇੱਥੇ ਸੰਤ ਅਤਰ ਸਿੰਘ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਵਿੱਚ ਸਜੇ ਹੋਏ ਸਨ ਤੇ ਹਜ਼ਾਰਾਂ ਸੰਗਤਾਂ ਨਾਮ-ਬਾਣੀ ਦੇ ਅੰਮ੍ਰਿਤ ਪ੍ਰਵਾਹ ਵਿੱਚ ਆਪਣੀ-ਆਪਣੀ ਮਨ-ਭਾਵਨੀ ਅਨੁਸਾਰ ਲਾਹਾ ਲੈ ਰਹੀਆਂ ਸਨ।

ਪਹਿਲਾਂ ਸੰਤ ਜੀ ਮਹਾਰਾਜ ਨੇ ਵਾਰੀ-ਵਾਰੀ ਕਈ ਜਥਿਆਂ ਪਾਸੋਂ ਕੀਰਤਨ ਕਰਵਾਇਆ, ਫੇਰ ਬੀਬੀਆਂ ਨੂੰ ਸਮਾਂ ਬਖਸ਼ਿਆ। ਜਦ ਆਸਾ ਦੀ ਵਾਰ ਦੇ ਛੇ ਕੁ ਛੱਕੇ ਰਹਿ ਗਏ, ਤਦ ਸੰਤ ਜੀ ਮਹਾਰਾਜ ਨੇ

ਆਪਣੀ ਮਰਜ਼ੀ ਅਨੁਸਾਰ ਗੁਰਬਾਣੀ ਦਾ ਹੜ੍ਹ ਚਲਾ ਦਿੱਤਾ। ਪਹਿਲਾਂ ਸ਼ੇਰ ਦੀ ਗਰਜ ਵਿੱਚ ਸੰਤ ਜੀ ਮਹਾਰਾਜ ਬੋਲਦੇ, ਫੇਰ ਸਾਰੀ ਸੰਗਤ ਤੇ ਇਹਨਾਂ ਦੇ ਪਿੱਛੋਂ ਸਾਰੀਆਂ ਮਾਈਆਂ-ਬੀਬੀਆਂ। ਇਸ ਤਰ੍ਹਾਂ ਸਭ ਦੀ ਰਸਨਾ ਪਵਿੱਤਰ ਕਰ, ਗੁਰਬਾਣੀ ਦੇ ਅੰਮ੍ਰਿਤ ਦੁਆਰਾ ਸਾਰਿਆਂ ਦੇ ਹਿਰਦੇ ਦਾ ਇਸ਼ਨਾਨ ਕਰਾ ਕੇ ਸੰਤ ਜੀ ਮਹਾਰਾਜ ਨੇ ਦਸ ਵਜੇ ਦੇ ਨੇੜੇ ਆਸਾ ਜੀ ਦੀ ਵਾਰ ਦਾ ਭੋਗ ਪਾਇਆ। ਅਰਦਾਸ ਮਗਰੋਂ ਸ਼ਬਦ ਕੀਰਤਨ ਤਾਂ ਸਾਰੇ ਦਿਨ ਸ਼ੁਰੂ ਰਿਹਾ ਪਰ ਸੰਗਤ ਦੀ ਆਵਾਜਾਈ ਹੋਣ ਲੱਗ ਪਈ।

ਸੰਤ ਜੀਵਾ ਸਿੰਘ ਦੀਵਾਨ ਤੋਂ ਉੱਠ ਕੇ ਕੁਝ ਚਿਰ ਲਈ ਬਾਹਰ ਚਲੇ ਗਏ। ਫੇਰ ਸੰਤ ਜੀ ਮਹਾਰਾਜ ਦੇ ਚਲਾਏ ਹੋਏ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕਿਆ। ਇਹ ਆਪਣੀ ਰਸਨਾ ਤੋਂ ਇਉਂ ਦੱਸਦੇ ਹਨ; ਦਾਸ ਕਈ ਵਾਰ ਸ੍ਰੀ ਦਮਦਮੇ ਸਾਹਿਬ ਹਾਜ਼ਰ ਹੋਇਆ ਤੇ ਸਦਾ ਗੁਰੂ ਕੇ ਲੰਗਰ ਵਿਚ ਹੀ ਪ੍ਰਸ਼ਾਦ ਛਕਦਾ ਰਿਹਾ, ਪਰ ਇਸ ਵੇਰ ਲੰਗਰ ਦੇ ਪ੍ਰਸ਼ਾਦ ਵਿੱਚ ਉਹ ਅੰਮ੍ਰਿਤ-ਰਸ ਭਰਿਆ ਹੋਇਆ ਸੀ ਕਿ ਦਾਸ ਨੂੰ ਸਾਰੀ ਉਮਰ ਨਹੀਂ ਭੁੱਲੇਗਾ। ਸਾਗ ਤੇ ਪ੍ਰਸ਼ਾਦੇ ਛਕਦਿਆਂ ਰੱਜ ਨਹੀਂ ਸੀ ਆਉਂਦਾ। ਘਿਉ ਲੰਗਰ ਵਿੱਚ ਉੱਕਾ ਹੀ ਨਹੀਂ ਸੀ ਵਰਤਿਆ ਜਾਂਦਾ। ਹੁਣ ਪਾਠਕ ਜੀ ਤੁਸੀਂ ਸੋਚੋ ਕਿ ਬਗੈਰ ਪੰਜਵੇਂ ਦੇ ਭੋਜਨ ਵਿੱਚ ਛੱਤੀ ਰਸ ਅੰਮ੍ਰਿਤ ਸਵਾਦ ਕਿਸ ਤਰ੍ਹਾਂ ਭਰ ਗਿਆ? ਦਾਸ ਨੂੰ ਤਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਵਾਲਾ ਕੌਤਕ ਪ੍ਰਤੱਖ ਨਜ਼ਰ ਆਇਆ, ਨਿਸ਼ਚੇ ਨਾਲ ਮੰਨਣ ਵਾਲੀ ਗੱਲ ਹੈ। ਇਹ ਸਾਰੀ ਬਰਕਤ ਸ੍ਰੀ ਗੁਰੂ ਕਲਗੀਧਰ ਜੀ ਦੇ ਪੂਰਨ ਗੁਰਸਿੱਖ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਨਾਮ-ਰਸੀਆ ਹੋਣ ਦੀ ਸੀ। ਸੰਤ ਜੀ ਮਹਾਰਾਜ ਦੀ ਉਪਰੋਕਤ ਸ਼ਕਤੀ ਦੇਖ ਕੇ ਦਾਸ ਦੇ ਮੁਖਾਰਬਿੰਦ ਵਿੱਚੋਂ 'ਧੰਨ-ਧੰਨ' ਦਾ ਸ਼ਬਦ ਬੇਵਸਾ ਚੱਲ ਪਿਆ।

ਹੁਣ ਸੰਤ ਬਾਬਾ ਜੀਵਾ ਸਿੰਘ, ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਸੰਬੰਧੀ ਆਪਣਾ ਸਿਦਕ ਪ੍ਰਗਟ ਕਰਦੇ ਹਨ: ਜਿਸ ਤਰ੍ਹਾਂ ਧੁਰੋਂ ਆਏ ਗੁਰੂ ਅਵਤਾਰ ਸਰਬ ਸ਼ਕਤੀਵਾਨ ਸਨ, ਇਸੇ ਪ੍ਰਕਾਰ ਸਿੱਖ ਅਵਤਾਰ ਪ੍ਰਗਟ ਹੋਏ ਤੇ ਸਿੱਖ ਪੰਥ ਵਿੱਚ ਗੁਰ-ਸਿੱਖਿਆ ਨੂੰ ਸੁਰਜੀਤ ਕਰਕੇ ਮੁਰਦਾ ਰੂਹਾਂ ਵਿੱਚ ਗੁਰੂ ਜਸ ਜੀਵਨ ਭਰ ਦਿੱਤਾ। ਜਿਸ ਨਗਰ, ਸ਼ਹਿਰ ਵਿੱਚ ਆਪ ਇੱਕ ਵੇਰ ਭੀ ਚਲੇ ਗਏ, ਉੱਥੋਂ ਦੇ ਜੀਵਾਂ ਦੀ ਬੁੱਧ ਪਲਟਾ ਦਿੱਤੀ। ਕਈ ਰਾਖਸ਼ ਕਰਮਾ ਵਾਲੇ ਸੱਜਣ, ਦੇਵਤਾ ਸਰੂਪ ਬਣਾ ਦਿੱਤੇ। ਮਾਲਵਾ ਧਰਤੀ ਵਿੱਚ ਤਾਂ ਉਹ ਰੰਗ ਲਾਇਆ ਕਿ ਜਿਨ੍ਹਾਂ ਮੋਟੀ ਮੱਤ ਵਾਲੇ ਲੋਕਾਂ ਦੇ ਬੋਲ ਪੱਥਰ ਨਾਲੋਂ ਵੀ ਕਰੜੇ ਸਨ, ਕੜਾਹ-ਪ੍ਰਸ਼ਾਦ ਵਾਂਗੂੰ ਮਿੱਠੇ ਤੇ ਨਰਮ ਹੋ ਗਏ। ਹੁਣ ਪ੍ਰਤੱਖ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਨਗਰ ਚਲੇ ਜਾਉ, ਬਹੁਤੇ ਨਹੀਂ ਤਾਂ ਦਸ ਪੰਦਰਾਂ ਸੱਜਣ ਆਪ ਨੂੰ ਮਿਲਣਗੇ ਜੋ ਧੰਨ-ਭਾਗ ਸਮਝ ਕੇ, ਆਏ ਸਿੱਖ ਸਾਧ ਦਾ ਆਦਰ ਕਰਨਗੇ ਤੇ ਪ੍ਰਸ਼ਾਦ ਛਕਾ ਕੇ ਅਰਾਮ ਕਰਾਉਣਗੇ, ਰਾਤ ਕੱਟ ਕੇ ਟੁਰਨ ਲੱਗੇ ਤਾਂ ਪ੍ਰਸ਼ਾਦ ਛਕਣ ਬਿਨਾਂ ਟੁਰਨ ਨਹੀਂ ਦੇਣਗੇ। ਮਾਲਵੇ ਨੂੰ ਖਾਸ ਕਰਕੇ ਇਹ ਰੰਗਤ ਕਿਉਂ ਚੜ੍ਹੀ? ਇਸ ਵਿੱਚ ਵੀ ਰਾਜ਼ ਤੇ ਭੇਦ ਹੈ। ਅਰਾਮ ਦੀਆਂ ਗੱਲਾਂ ਤਾਂ ਵਾਹਿਗੁਰੂ ਜਾਣੇ ਪਰ ਹੁਣ ਬਾਤ ਚੱਲ ਪਈ ਕਰਕੇ ਬਚਨ ਯਾਦ ਆ ਗਏ ਹਨ। ਗੁਰਮੁਖ ਜੰਮਦੇ, ਮਰਦੇ ਜਾਂ ਬੁੱਢੇ ਕਦੇ ਨਹੀਂ ਹੁੰਦੇ। ਉਨ੍ਹਾਂ ਦੇ ਆਪਣੇ ਵੱਸ ਦੀ ਖੇਡ ਹੁੰਦੀ ਹੈ, ਜਦੋਂ ਚਾਹੁਣ ਦੇਹ ਧਾਰ ਕੇ ਦੁਨੀਆਂ ਦਾ ਭਲਾ ਕਰਨ ਲਈ ਅਕਾਲੀ ਹੁਕਮ ਵਿੱਚ ਆਉਂਦੇ ਹਨ। ਉਨ੍ਹਾਂ ਦੀ ਇੱਛਾ ਸਦਾ ਹੀ **"ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥"** (੨੭੩) ਵਾਲੀ ਹੁੰਦੀ ਹੈ। ਪ੍ਰਮਾਤਮਾ ਨੂੰ ਵੀ ਆਪਣੇ ਭਗਤਾਂ ਦੀ ਬੇਨਤੀ ਸਦਾ ਹੀ ਮੰਨਣੀ ਪੈਂਦੀ ਹੈ ਤੇ ਆਪਣੇ ਭਗਤਾਂ ਦੀ ਪੈਜ ਰੱਖਣੀ ਹੁੰਦੀ ਹੈ। **ਸੋ, ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਕਦੀ ਲੈਕਚਰ ਨਹੀਂ ਸੀ ਦੇਂਦੇ, ਵਖਿਆਨ ਨਹੀਂ ਸੀ ਕਰਦੇ, ਕੇਵਲ ਅਕਾਲੀ ਰੰਗ ਵਿੱਚ ਰੰਗੇ ਹੋਣ ਕਰਕੇ ਜਿਸ ਵੱਲ ਕ੍ਰਿਪਾ ਦ੍ਰਿਸ਼ਟੀ ਕਰਦੇ, ਨਿਗਾਹ ਨਾਲ ਹੀ ਉਸ ਦੇ ਚੋਲੇ ਨੂੰ ਇਸ ਇਲਾਹੀ ਰੰਗ ਵਿੱਚ ਰੰਗ ਦੇ ਦੇਂਦੇ:**

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥ (੨੭੩)

ਸੰਤ ਜੀਵਾ ਸਿੰਘ ਜੀ ਦਮਦਮੇ ਸਾਹਿਬ ਜੀ ਦੀ ਯਾਤਰਾ ਕਰਕੇ ਨਨਕਾਣੇ ਸਾਹਿਬ ਆਪਣੇ ਆਸਣ 'ਤੇ ਮੁੜ ਆਏ। ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਵਿਸਾਖੀ ਦੇ ਪਿੱਛੋਂ ਫੇਰ ਆਪਣੇ ਸੇਵਾ ਦੇ ਪਹਿਰੇ ਵਿੱਚ ਡਟ ਗਏ। ਦਿਨ ਰਾਤ ਇਹ ਲਗਨ ਲੱਗੀ ਰਹਿੰਦੀ ਕਿ ਸਰੀਰ ਦਾ ਕੋਈ ਭਰੋਸਾ ਨਹੀਂ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਕਲਗੀਆਂ ਵਾਲੇ ਦੇ ਹੁਕਮ ਦੀ ਤਾਮੀਲ ਚੋਲਾ ਛੱਡਣ ਤੋਂ ਪਹਿਲਾਂ ਸੰਪੂਰਨ ਹੋ ਜਾਵੇ। ਇਸ ਧੁਨ ਵਿੱਚ ਮਸਤ, ਸੰਤ ਜੀ ਸਾਰੇ ਵਿਸਾਖ ਅਤੇ ਜੇਠ ਦੀ ਕੜਕਦੀ ਗਰਮੀ ਵਿੱਚ ਸਾਰਾ ਦਿਨ ਇੱਕ-ਟਕ ਇੱਕ ਥਾਂ ਆਸਣ 'ਤੇ ਬੈਠੇ ਰਹਿੰਦੇ ਅਤੇ ਸੰਗਤਾਂ ਇਹਨਾਂ ਦੀ ਨਿਗਾਹ ਹੇਠ ਪੂਰੇ ਉਤਸ਼ਾਹ ਤੇ ਪ੍ਰੇਮ ਨਾਲ ਸੇਵਾ ਕਰਦੀਆਂ। ਸਿਰਫ਼ ਦੁਪਹਿਰਾਂ ਵੇਲੇ ਪ੍ਰਸ਼ਾਦ ਛਕਣ ਦੀ ਛੁੱਟੀ ਹੁੰਦੀ। ਬਹੁਤ ਵੇਰੀ ਤਾਂ ਲੰਗਰ ਤੋਂ ਪ੍ਰਸ਼ਾਦ ਇੱਥੇ ਹੀ ਆ ਜਾਂਦਾ ਅਤੇ ਸੰਤ ਜੀ ਸੰਗਤ ਸਮੇਤ ਇੱਥੇ ਹੀ ਛਕ, ਫੇਰ ਸਤਿਗੁਰੂ ਦੀ ਟਹਿਲ ਵਿੱਚ ਲੱਗ ਜਾਂਦੇ।

ਹੁਣ ਨਿਰਜਲਾ ਇਕਾਦਸ਼ੀ ਦਾ ਜੋੜ ਮੇਲਾ ਆ ਗਿਆ। ਗੁਰਸਾਗਰ ਸਾਹਿਬ ਮਸਤੂਆਣੇ ਦੇ ਪ੍ਰੇਮੀ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਦਮਦਮੇ ਸਾਹਿਬ ਪੁੱਜੇ। ਏਹਨਾਂ ਨੂੰ ਵੀ ਸੰਤ ਜੀ ਮਹਾਰਾਜ ਨੇ ਗੁਰੂ ਕਾਂਸ਼ੀ ਦੀ ਕਾਰ ਵਿੱਚ ਲਾ ਲਿਆ ਅਤੇ ਆਖਿਆ ਭਾਈ! ਏਹ ਸੇਵਾ ਫੇਰ ਨਹੀਂ ਮਿਲਣੀ। ਪ੍ਰੇਮੀਆਂ ਨੇ ਹੁਕਮ ਮੰਨ, ਇੱਕ ਦੋ ਦਿਨ ਕਾਰ ਕੀਤੀ ਅਤੇ ਸਮਾਂ ਪਾ ਕੇ ਸੰਤ ਜੀ ਮਹਾਰਾਜ ਪਾਸ ਗੁਰਸਾਗਰ ਸਾਹਿਬ ਜਾਣ ਲਈ ਬੇਨਤੀ ਕੀਤੀ। ਪਹਿਲਾਂ ਤਾਂ ਸੰਤ ਜੀ ਮਹਾਰਾਜ ਨੇ ਸੇਵਾ ਛੱਡ ਕੇ ਜਾਣ ਤੋਂ ਨਾਂਹ ਕਰ ਦਿੱਤੀ ਪਰ ਪ੍ਰੇਮੀਆਂ ਦੀ ਅਤੀ ਅਧੀਨਗੀ ਨਾਲ ਬਾਰ-ਬਾਰ ਬੇਨਤੀ ਕਰਨ ਤੇ ਜੋੜ ਮੇਲੇ ਤੋਂ ਦੋ-ਚਾਰ ਦਿਨ ਪਹਿਲਾਂ ਦਮਦਮੇ ਸਾਹਿਬ ਤੋਂ ਟੁਰ ਪਏ ਅਤੇ ਐਨ ਸਮੇਂ ਸਿਰ ਗੁਰਸਾਗਰ ਸਾਹਿਬ ਪੁੱਜੇ।

ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਬਿਜਲੀ ਵੱਤ ਇਲਾਕੇ ਵਿੱਚ ਫੈਲ ਗਈ। ਬਹੁਤ ਉਤਸ਼ਾਹ ਹੋਇਆ ਅਤੇ ਦੂਰ-ਨੇੜੇ ਤੋਂ ਸੰਗਤਾਂ ਮਾਈ-ਭਾਈ ਹੁੰਮ-ਹੁੰਮਾ ਕੇ ਨਿਮਾਣੀ ਦੇ ਜੋੜ ਮੇਲੇ 'ਤੇ ਪੁੱਜ ਗਈਆਂ।

"ਆਪ ਨੇ ਬਹੁਤ ਚਿਰ ਤਪ ਪੋਠੋਹਾਰ ਵਿੱਚ ਕੀਤਾ ਪਰ ਫਲ ਮਾਲਵੇ ਨੇ ਖਾਧਾ। ਦਾਸ ਨੂੰ ਤਾਂ ਏਹ ਅਨੁਭਵ ਹੁੰਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕਰਕੇ, ਸੁਹਾਵਾ ਸਾਹਿਬ ਬੀਕਾਨੇਰ ਤੀਕਰ, ਸ੍ਰੀ ਗੁਰੂ ਕਲਗੀਧਰ ਨੇ ਧਰਤੀ ਦੀ ਇੱਕ ਸ਼ਹੀਦੀ ਲੱਸ ਕਾਇਮ ਕੀਤੀ ਹੈ। ਇਹ ਫਤਹਿਗੜ੍ਹ ਸਾਹਿਬ ਤੋਂ ਹੁੰਦੀ ਹੋਈ, ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਵਿੱਚੋਂ ਲੰਘਦੀ ਹੋਈ ਬੀਕਾਨੇਰ ਦੀ ਧਰਤੀ ਨਾਲ ਜਾ ਮਿਲੀ। ਇਸ ਵਿੱਚ ਚਮਕੌਰ ਸਾਹਿਬ, ਚਰਨ ਕੰਵਲ ਸਾਹਿਬ, ਗੁਰਸਾਗਰ ਸਾਹਿਬ ਮਸਤੂਆਣਾ, ਮੁਕਤਸਰ ਸਾਹਿਬ, ਦਮਦਮਾ ਸਾਹਿਬ ਆਦਿ ਪਵਿੱਤਰ ਅਸਥਾਨਾਂ ਵਿਖੇ ਖ਼ਾਲਸਾ ਜੀ ਦੀਆਂ ਸ਼ਹੀਦੀ ਫੌਜਾਂ ਦਾ ਸਦਾ ਪਹਿਰਾ ਰਹਿੰਦਾ ਸੀ। ਸੰਤ ਜੀ ਮਹਾਰਾਜ ਸਾਥੋਂ ਕੋਈ ਵਿਛੜੇ ਨਹੀਂ ਸਨ, ਉਹ ਅਮਰ ਤੇ ਅਟੱਲ ਹਨ, ਸਤਿਗੁਰੂ ਦੀ ਹਜ਼ੂਰੀ ਵਿੱਚ ਹਨ। ਜਦੋਂ ਚਾਹੁੰਣ ਸਮਾਂ ਆਉਣ 'ਤੇ ਸਾਡੀ ਸਹਾਇਤਾ ਕਰ ਸਕਦੇ ਹਨ। ਸਰੀਰ ਵਿੱਚ ਰਹਿ ਕੇ ਉਹਨਾਂ ਨੇ ਸਾਨੂੰ ਭੁੱਲਿਆਂ ਹੋਇਆਂ ਨਰਕੀ ਜੀਵਾਂ ਨੂੰ ਗੁਰਮੁਖ ਗਾਡੀ ਰਾਹ 'ਤੇ ਚਲਾਇਆ ਅਤੇ ਆਪ ਇਸ ਰਾਹ 'ਤੇ ਚੱਲ ਕੇ ਸਾਨੂੰ ਨਮੂਨਾ ਬਣਕੇ ਦਿਖਾਇਆ।"

(ਏਹ ਸਾਰਾ ਖਿਆਲ ਸੰਤ ਜੀਵਾ ਸਿੰਘ ਜੀ ਨਨਕਾਣੇ ਸਾਹਿਬ ਵਾਲਿਆਂ ਦੇ ਹਿਰਦੇ ਦਾ ਹੈ)

ਕਾਂਡ ੪੭

ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥
ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥
ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧਸੰਗਿ ਬਿਛੁਰਤ ਹਰਿ ਮੇਲਾ ॥
ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥
ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥੬॥ (੨੭੨)

ਸੰਤ ਜੀ ਮਹਾਰਾਜ ਸੰਬੰਧੀ ਸਾਖੀਆਂ

ਸ੍ਰੀਮਾਨ ੧੧੧ ਬ੍ਰਹਮ ਗਿਆਨੀ ਪੂਰਨ ਪੁਰਖ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜੀਵਨ ਸਮਾਚਾਰ ਸੰਮਤ ੧੯੭੦ ਬਿਕ੍ਰਮੀ (ਸੰਨ ੧੯੧੩ ਈਸਵੀ) (ਦੌਰਾ ਮਲੌਦ ਤੋਂ ਧਮੋਟ ਖੰਨਾ ਤਕ)। ਗਿਆਨੀ ਰਾਮ ਸਿੰਘ ਧਮੋਟ (ਹੈੱਡਮਾਸਟਰ ਵਿਦਯਾ ਭੰਡਾਰ ਪੰਚਖੰਡ, ਧਾਰਮਿਕ ਮਾਸਟਰ ਖ਼ਾਲਸਾ ਹਾਈ ਸਕੂਲ ਦਮਦਮਾ ਤੇ ਅਕਾਲ ਕਾਲਜ ਮਸਤੂਆਣਾ; ਪ੍ਰਚਾਰਕ ਖ਼ਾਲਸਾ ਦੀਵਾਨ ਬਰ੍ਹਮਾ; ਮੈਨੇਜਰ ਗੁਰਦੁਆਰਾ ਦੂਖਨਿਵਾਰਨ ਪਟਿਆਲਾ) ਦੀ ਜ਼ਬਾਨੀ।

ਦਾਸ ਆਪਣੇ ਨਗਰ ਧਮੋਟ ਤੋਂ ਪ੍ਰਾਇਮਰੀ ਅਤੇ ਪਾਇਲ ਤੋਂ ਮਿਡਲ ਪਾਸ ਕਰ ਕੇ ਸਿਟੀ ਹਾਈ ਸਕੂਲ ਪਟਿਆਲਾ ਵਿਖੇ ਹਾਈ ਕਲਾਸ ਵਿੱਚ ਪੜ੍ਹਾਈ ਕਰ ਰਿਹਾ ਸੀ ਕਿਉਂਕਿ ਦਾਸ ਦੇ ਮਾਸਟਰ ਸਾਹਿਬਾਨ ਆਰੀਆ ਸਮਾਜੀ ਸਨ, ਦਾਸ ਭੀ ਸੰਧਯਾ ਗਾਇਤ੍ਰੀ ਪੜ੍ਹਨ ਵਾਲਾ ਇੱਕ ਮਹਾਸ਼ਾ ਸੀ। ਦਾਸ ਦਾ ਨਾਮ ਅਰਜਨ ਸਿੰਘ ਸੀ। ਸ੍ਰੀਮਾਨ ਸੰਤ ਜੀ ਪਟਿਆਲੇ ਸਿੰਘ ਸਭਾ ਵਿੱਚ ਕੀਰਤਨ ਕਰਿਆ ਕਰਦੇ ਸਨ। ਦਾਸ ਨੂੰ ਭਾਈ ਪੂਰਨ ਸਿੰਘ ਬੀ.ਏ.,ਬੀ.ਟੀ. (ਜੋ ਪਿੱਛੋਂ ਦਮਦਮਾ ਸਾਹਿਬ, ਮੋਗਾ, ਮਾਹਲਪੁਰ, ਫਿਲੌਰ, ਸ਼ਾਹਬਾਦ, ਕੈਥਲ ਆਦਿ ਥਾਈਂ ਹੈੱਡਮਾਸਟਰ ਰਹੇ) ਨੇ ਕਿਹਾ ਕਿ ਆਓ ਭਾਈ ਰਾਮ ਸਿੰਘ, ਆਪ ਨੂੰ ਸੰਤਾਂ ਦੇ ਦਰਸ਼ਨ ਕਰਾਈਏ। ਦਾਸ ਕੱਟਰ ਆਰੀਆ ਸਮਾਜੀ, ਰਾਮਾਇਣ, ਮਹਾਂਭਾਰਤ ਆਦਿ ਦੀ ਜ਼ਬਾਨੀ ਕਥਾ ਕਰਨ ਵਾਲਾ ਆਲਿਮ ਸੀ। ਆਰੀਆ ਸੰਗਤ ਦੇ ਕਾਰਣ ਕਿਹਾ ਕਿ ਅਸੀਂ ਬਹੁਤੇਰੇ ਸੰਤ ਦੇਖੇ ਹਨ। ਪੂਰਨ ਸਿੰਘ ਬੀ.ਏ., ਬੀ.ਟੀ. ਨੇ ਉੱਤਰ ਦਿੱਤਾ ਕਿ ਆਪ ਨੇ ਇਨ੍ਹਾਂ ਜਿਹਾ ਕੋਈ ਭੀ ਨਹੀਂ ਵੇਖਿਆ ਹੋਵੇਗਾ। ਖੈਰ, ਦਾਸ ਰਸਾਲਾ ਨੰਬਰ ੧, ਤੁਰੁਪ ਨੰਬਰ ੪ ਤੋਂ ਰਾਮਾਇਣ, ਮਹਾਂਭਾਰਤ ਦੀਆਂ ਕਹਾਣੀਆਂ ਠੱਪ ਕੇ ਸਿੰਘ ਸਭਾ ਨੂੰ ਤੁਰ ਪਿਆ। ਸ਼ਾਮ ਦੇ ਚਾਰ ਵਜੇ ਦਾ ਦੀਵਾਨ ਸੀ। ਦਾਸ ਦਰਸ਼ਨ ਕਰਨ ਸਾਰ ਹੀ ਅਸਚਰਜ ਹੋ ਗਿਆ। ਘੜੀ ਜਿਤਨਾ ਗੋਲ, ਲਾਲ ਨਿਸ਼ਾਨ ਮਸਤਕ ਪਰ ਚਮਕ ਰਿਹਾ ਸੀ, ਪਰ ਦਾਸ ਸ਼ਬਦ ਕੀਰਤਨ ਸੁਣ ਕੇ ਮਹਾਂ ਅਨੰਦ ਤੇ ਵਿਸਮਾਦ ਵਿੱਚ ਹੋ ਗਿਆ। ਇੱਕ-ਟਕ ਲਾ ਕੇ ਸੰਤ ਜੀ ਮਹਾਰਾਜ ਦੇ ਸੇਵਕ ਜਥੇ ਅਤੇ ਪ੍ਰੇਮੀ ਜਥੇ ਨਵੇਂ ਪਟਿਆਲੇ ਕੀਰਤਨ ਕਰਦੇ ਰਹੇ। ਦਾਸ ਹਰ ਰੋਜ਼ ਸਕੂਲ ਤੋਂ ਛੁੱਟੀ ਹੋਣਸਾਰ ਬਸਤਾ ਛੌਣੀ ਵਿਖੇ ਰੱਖ ਕੇ ਸੰਤ ਜੀ ਦੇ ਦੀਵਾਨ ਤੇ ਦਰਸ਼ਨਾਂ ਦੇ ਲਾਭ ਲਈ ਪੁੱਜਿਆ ਕਰਦਾ ਸੀ, ਪਰ ਦਾਸ ੧੯੧੦ ਈਸਵੀ ਵਿਖੇ ਸੰਤ ਜੀ ਦੇ ਪ੍ਰੇਮ ਅਤੇ ਸੰਤ ਜੀ ਦੀ ਕ੍ਰਿਪਾ ਕਰ ਕੇ ਹੀ ਗੁਰਬਾਣੀ ਦਾ ਆਸ਼ਕ ਬਣ ਚੁੱਕਿਆ ਸੀ। ਉਹ ੧੯੦੪ ਈ: ਦੇ

ਲਿਖੇ ਹੋਏ ਗੰਜੀਨਾਂ ਭਜਨ (ਜਿਨ੍ਹਾਂ ਦਾ ਦਾਸ ਸਮਾਜ ਵਿੱਚ ਪ੍ਰੇਮੀ ਸੀ) ਫਿੱਕੇ, ਸੋਨੇ ਸਾਹਮਣੇ ਤਾਂਬਾ, ਦਿਖਾਈ ਦਿੰਦੇ ਸਨ ਜੋ ਮੁੜਕੇ ਨਹੀਂ ਦੇਖੇ ਗਏ।

ਦਾਸ ਨੇ ੧੯੧੧ ਈ: ਨੂੰ ਦਰਬਾਰ ਦਿੱਲੀ ਵਾਲੇ ਸਾਲ ਦਸਵੀਂ ਪਾਸ ਕੀਤੀ। ਪਿੰਡ ਧਮੋਟ ਪੁੱਜ ਕੇ ਦੋ ਹਜ਼ਾਰ ਪੁਸਤਕਾਂ ਇਕੱਠੀਆਂ ਕਰ ਕੇ ਲਾਇਬਰੇਰੀ ਖੋਲ੍ਹੀ ਗਈ। (ਜੋ ਗੁਰਦੁਆਰਾ ਸਾਹਿਬ ਹਰਗੋਬਿੰਦਸਰ ਵਿਖੇ ਹੁਣ ਤਕ ਜਾਰੀ ਹੈ) ਦਾਸ ਨੇ ਪਿੰਡ ਵਿੱਚ ਕਮੇਟੀ ਬਣਾ ਕੇ ਨਿਸ਼ਕਾਮ ਪਾਠਾਂ ਦਾ ਪ੍ਰਵਾਹ ਜਾਰੀ ਕਰ ਦਿੱਤਾ। ਜਿਸ ਫੰਡ ਦੀ ਬਰਕਤ ਨਾਲ ਅੱਜ ੩੦ ਹਜ਼ਾਰ ਦੀ ਇਮਾਰਤ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦਸਰ ਬਣੀ ਹੋਈ ਹੈ। ਇਹ ਸਭ ਸੇਵਾ ਸੰਤ ਜੀ ਮਹਾਰਾਜ ਦੀ ਸੰਗਤ ਦਾ ਫਲ ਹੈ।

ਸ੍ਰੀਮਾਨ ਸੰਤ ਜੀ ਮਹਾਰਾਜ ਸੰਮਤ ੧੯੭੦ ਬਿਕ੍ਰਮੀ (ਸੰਨ ੧੯੧੩ ਈਸਵੀ) ਨੂੰ ਮਲੌਦ ਪੁੱਜੇ। ਦਾਸ ਨੇ ਚਾਰ ਸਿੰਘ, ਭਾਈ ਪ੍ਰੇਮ ਸਿੰਘ, ਰਲਾ ਸਿੰਘ, ਸੁੰਦਰ ਸਿੰਘ, ਦੰਗਲ ਸਿੰਘ ਨਾਲ ਲਏ ਤੇ ਸੰਤ ਜੀ ਨੂੰ ਨਗਰ ਧਮੋਟ ਵਿਖੇ ਚਰਨ ਪਾਉਣ ਲਈ ਬਿਨੈ ਕੀਤੀ ਗਈ। ਸੰਤ ਜੀ ਇੱਕ ਹਿੰਦੂ ਮੰਦਰ ਵਿੱਚ ਦੀਵਾਨ ਸਜਾ ਕੇ ਕੀਰਤਨ ਕਰ ਰਹੇ ਸਨ। ਸ: ਬੁੱਢਾ ਸਿੰਘ ਜੀ ਰਾਜਾ ਸਾਹਿਬ ਮਲੌਦ ਇੱਕ ਪ੍ਰੇਮੀ ਗੁਰਮੁਖ ਪੁਰਾਤਨ ਗੁਰਸਿੱਖ ਸਨ। ਉਹਨਾਂ ਦੀ ਪੂਰਨ ਇੱਛਾ ਸੀ ਕਿ ਸੰਤ ਜੀ ਮਹਾਰਾਜ ਦਾ ਦੀਵਾਨ ਮਹਿਲਾਂ ਅੰਦਰ ਲਗਾਇਆ ਜਾਵੇ, ਪਰੰਤੂ ਸ: ਦਲ ਸਿੰਘ ਜੀ ਦੇ ਖਿਆਲ ਕੁਝ ਵੱਖਰੇ ਸਨ। ਉਕਤ ਦੀਵਾਨ ਨਿਰਮਲੇ ਸੰਤਾਂ ਦੇ ਡੇਰੇ ਵਿੱਚ ਸਜਿਆ। ਰਾਜਾ ਬਦਨ ਸਿੰਘ ਦੀਵਾਨ ਵਿੱਚ ਆਏ। ਸੰਤ ਜੀ ਨੇ "**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥**" (੬੫੪) ਕਬੀਰ ਸਾਹਿਬ ਜੀ ਦਾ ਸ਼ਬਦ ਗਾਵਿਆ। "**ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥**" (੬੫੪) ਤੁੱਕ ਸੁਣਦੇ ਸਾਰ ਹੀ ਪ੍ਰੇਮੀ ਰਾਜਾ ਸਾਹਿਬ ਰੋਣ ਲੱਗ ਪਏ। ਅੱਖਾਂ ਵਿੱਚੋਂ ਪਾਣੀ ਜਾਰੀ ਸੀ। ਦਾਸ ਕੋਲ ਬੈਠਾ ਵੇਖ ਰਿਹਾ ਸੀ। ਸੰਤ ਜੀ ਨੇ ਫ਼ਰਮਾਇਆ, "ਸ. ਬਦਨ ਸਿੰਘ, ਰੋਣਾ ਮਹਾਰਾਜ ਦਾ ਹੁਕਮ ਨਹੀਂ ਹੈ।" ਰਾਜਾ ਸਾਹਿਬ ਨੂੰ ਮਹਾਰਾਜ ਨੇ ਪਿੱਠ ਪਰ ਥਾਪੀ ਦੇ ਕੇ ਭਾਣੇ ਦੀ ਸਿੱਖਿਆ ਦਿੱਤੀ ਤੇ ਕਿਹਾ ਆਪ ਤੋ ਗੁਰਮੁਖ ਹੋ।

ਰਾਤ ਨੂੰ ਸੰਤ ਜੀ ਮਹਾਰਾਜ ਮਲੌਦ, ਨਿਰਮਲਿਆਂ ਦੇ ਡੇਰੇ ਹੀ ਠਹਿਰੇ ਸਨ। ਬਾਬਾ ਕਲਿਆਣ ਸਿੰਘ, ਗਿਆਨੀ ਹਰੀ ਸਿੰਘ, ਭਾਈ ਜਿਉਣ ਸਿੰਘ ਆਦਿ ਪਾਸ ਸਨ। ਸੰਤ ਜੀ ਮਹਾਰਾਜ ਨੇ ਡੇਰੇ ਦੀ ਨਿੰਮ ਦੀਆਂ ਨਿੰਮੋਲੀਆਂ ਸੰਗਤ ਨੂੰ ਇਹ ਕਹਿ ਕੇ ਮੰਗੀਆਂ ਕਿ ਭਾਈ, "ਇਹ ਦੇਸੀ ਅੰਗੂਰ ਹਨ ਸਾਨੂੰ ਛਕਾਓ।" ਪ੍ਰੇਮੀ ਨਿੰਮੋਲੀਆਂ ਚੁਗ-ਚੁਗ ਕੇ ਦੇਣ ਲੱਗ ਪਏ। ਬਾਬਾ ਕਲਿਆਣ ਸਿੰਘ ਨੇ ਉੱਤਰ ਵਿੱਚ ਕਿਹਾ, ਮਹਾਰਾਜ ਜੀ! ਸਤਿ ਹੈ, ਇਹ ਦੇਸੀ ਅੰਗੂਰ ਹਨ ਅਤੇ ਗਿਆਨੀ ਹਰੀ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਜੀ, ਇਹ ਤਾਂ ਕੌੜੀਆਂ ਨਿੰਮੋਲੀਆਂ ਹਨ। ਸੰਤ ਜੀ ਮਹਾਰਾਜ ਨਾਲੇ ਖਾਈ ਜਾਂਦੇ ਸਨ, ਨਾਲੇ ਸਾਨੂੰ ਵਰਤਾਈ ਜਾਂਦੇ ਸਨ, ਪਰੰਤੂ ਇੱਕ ਬਾਤ ਅਨੋਖੀ ਦੇਖੀ ਗਈ ਕਿ ਬਾਬਾ ਕਲਿਆਣ ਸਿੰਘ ਵਾਲੀਆਂ ਅੰਗੂਰਾਂ ਵਾਂਗੂੰ ਮਿੱਠੀਆਂ ਤੇ ਹਰੀ ਸਿੰਘ ਵਾਲੀਆਂ ਕੌੜੀਆਂ ਨਿੰਮੋਲੀਆਂ ਸਨ। ਸਾਰੀ ਸੰਗਤ ਅਸਚਰਜ ਵਿੱਚ ਸੀ।

ਰਾਤ ਨੂੰ ਦਸ ਵਜੇ ਦੇ ਕਰੀਬ ਇੱਕ ਪ੍ਰੇਮੀ ਨੇ (ਜੋ ਕਿ ਧਲੇਰ ਝਨੇਰ ਤੋਂ ਸੰਤ ਜੀ ਮਹਾਰਾਜ ਨੂੰ ਪਿੰਡ ਲੈ ਜਾਣ ਲਈ ਪੁੱਜਿਆ ਹੋਇਆ ਸੀ) ਕਿਹਾ ਕਿ ਮਹਾਰਾਜ ਜੀ! ਦਾਸ ਭੀ ਭੁੱਖਾ ਹੈ ਤੇ ਮੇਰੇ ਰੱਥ ਦੇ ਬੈਲ ਭੀ ਭੁੱਖੇ ਹਨ। ਨਾ ਜੀ ਮੇਰੇ ਰਹਿਣ ਅਤੇ ਬੈਲਾਂ ਦੇ ਬੰਨ੍ਹਣ ਦਾ ਕੋਈ ਪ੍ਰਬੰਧ ਹੈ। ਸੰਤ ਜੀ ਮਹਾਰਾਜ ਨੇ ਝੱਟ ਚਾਦਰ ਉਠਾਈ ਅਤੇ ਪਲੰਘ ਤੋਂ ਉੱਠ ਕੇ ਕਿਹਾ, "ਚੱਲੋ ਪ੍ਰੇਮੀਓ, ਝਨੇਰ ਨੂੰ ਚੱਲੀਏ।' ਜਦੋਂ ਸਾਡੇ ਪ੍ਰੇਮੀਆਂ ਨੂੰ ਥਾਂ 'ਤੇ ਰੋਟੀ ਨਹੀਂ ਮਿਲੀ ਅਤੇ ਨਾ ਹੀ ਰੱਥ ਦੇ ਬੈਲਾਂ ਨੂੰ ਚਾਰਾ ਮਿਲਿਆ ਹੈ, ਸਾਡਾ ਖਾ ਪੀ ਕੇ ਪਲੰਘਾਂ ਉੱਪਰ ਪੈਣਾ

ਯੋਗ ਨਹੀਂ ਹੈ।'' ਪਰ ਗਿਆਨੀ ਹਰੀ ਸਿੰਘ ਨੇ ਕਿਹਾ ਕਿ ਮਹਾਰਾਜ ਜੀ, ਪੁੱਛ ਲੈਣ ਦੇਵੋ। ਨਿਰਮਲੇ ਸੰਤ ਜੀ ਪਾਸ ਆਏ ਤੇ ਖਿਮਾਂ ਮੰਗੀ ਅਤੇ ਪ੍ਰੇਮੀ ਨੂੰ ਪ੍ਰਸ਼ਾਦਾ ਛਕਾਇਆ ਬੈਲ ਬੰਨ੍ਹਾਏ ਤੇ ਬੈਲਾਂ ਨੂੰ ਦਾਣਾ ਚਾਰਾ ਆਦਿ ਦਿੱਤਾ।

ਦਾਸ ਸਾਥੀਆਂ (ਰਲਾ ਸਿੰਘ, ਪ੍ਰੇਮ ਸਿੰਘ) ਸਮੇਤ ਕੰਗਣਵਾਲ ਭਾਈ ਪਸ਼ੌਰਾ ਸਿੰਘ ਦੇ ਘਰ ਪ੍ਰਸ਼ਾਦਾ ਛਕ ਕੇ ਸੰਤ ਜੀ ਨੂੰ ਧਮੋਟ ਲਿਆਉਣ ਲਈ ਕਲੇਰ ਪੁੱਜਿਆ ਤੇ ਧਲੇਰ, ਝਨੇਰ, ਕਲਧਾਨ, ਮਹੋਲੀ, ਮਹੇਰਨੇ ਆਦਿ ਥਾਈਂ ਨਾਲ ਰਿਹਾ। ਪਿੰਡ ਝਲੇਰ ਕਨੇਰ ਵਿਖੇ **ਗਲਤੀ ਨਾਲ ਖੀਰ ਵਿੱਚ ਖੰਡ ਦੀ ਥਾਂ ਲੂਣ ਪਾਇਆ ਗਿਆ। ਪੰਗਤ ਲੱਗੀ ਹੋਈ ਸੀ, ਸੰਤ ਜੀ ਪੰਗਤ ਦੇ ਪਹਿਲੇ ਨੰਬਰ ਪਰ ਸਜੇ ਹੋਏ ਸਨ। ਮਹਾਰਾਜ ਜੀ ਲੂਣ ਮਿਲਾ ਕੇ ਖੀਰ ਛਕ ਗਏ।** ਸੰਗਤ ਨੇ ਲੂਣ ਦੀਆਂ ਢੇਲੀਆ ਥਾਲੀਆਂ ਵਿੱਚ ਛੱਡ ਕੇ ਫੋਕੀ ਖੀਰ ਛਕੀ। ਪੰਗਤ ਦੀ ਵਿਦਾਇਗੀ ਪਰ ਚਰਚਾ ਹੋਈ। ਗਲਤੀ ਦੀ ਖਿਮਾ ਲਈ ਪੇਂਡੂ ਸਿੱਧੇ-ਸਾਧੇ ਪ੍ਰੇਮੀ ਸੰਤ ਜੀ ਪਾਸ ਆਏ ਤੇ ਗਲ ਵਿੱਚ ਪੱਲਾ ਪਾ ਕੇ ਸਿਰ ਨਿਵਾਏ। ਸੰਤ ਜੀ ਮੁਸਕਰਾਏ ਤੇ ਫ਼ਰਮਾਇਆ, "ਪ੍ਰੇਮੀਓ, ਲੂਣ ਨਹੀਂ, ਉਹ ਤਾਂ ਸਰਬ ਰਸ ਸੀ, ਸਭ ਠੀਕ ਹੈ। ਸਾਧ ਲਈ ਕੋਈ ਭੀ ਰਸ-ਕਸ ਨਹੀਂ ਚਾਹੀਦਾ। ਮਹਾਂ ਰਸ ਵਿੱਚ ਕੋਈ ਭੀ ਰਸ-ਕਸ ਨਹੀਂ ਸਮਾ ਸਕਦਾ।''

ਕਲਿਆਣ ਦੇ ਗੁਰਦੁਆਰੇ ਕੀਰਤਨ ਹੋਇਆ। ਕਈ ਨਗਰਾਂ, ਲੋਹਟਵਦੀ ਆਦਿ ਦੇ ਪ੍ਰੇਮੀ ਸੰਤ ਜੀ ਨੂੰ ਆਪੋ-ਆਪਣੇ ਨਗਰਾਂ ਵਿਖੇ ਲੈ ਜਾਣ ਲਈ ਤਾਂਘ ਰਹੇ ਸਨ, ਸਵਾਰੀ ਲੈ ਕੇ ਆ ਗਏ। ਭਾਈ ਅਛਰਾ ਸਿੰਘ ਜੀ ਲੋਹਟਵਦੀ ਵਾਲਿਆਂ ਨੇ ਕਿਹਾ ਕਿ ਅਸੀਂ ਸੰਤਾਂ ਨੂੰ ਚੁੱਕ ਕੇ ਲੋਹਟਵਦੀ ਲੈ ਜਾਵਾਂਗੇ। ਪੰਦਰਾਂ ਪਿੰਡਾਂ ਦੇ ਪ੍ਰੇਮੀਆਂ ਦੇ ਪ੍ਰੇਮ ਦੀ ਖਿੱਚੋਤਾਣ ਵੱਧ ਗਈ। ਸੰਤ ਜੀ ਨੇ ਰਾਤ ਨੂੰ ਦੋ ਵਜੇ ਹੀ ਬਿਹੰਗਮ ਆਸਾ ਜੀ ਦੀ ਵਾਰ ਦੇ ਕੀਰਤਨ ਲਈ ਭੇਜ ਦਿੱਤੇ ਅਤੇ ਆਪ ਪੈਦਲ ਹੀ ਛੇ ਕੋਸ, ਉਲੇਹੇ, ਝਾੜਾਂ ਵਿੱਚ ਦੀ ਕੁਰਸਤੇ ਪੈ ਕੇ ਜੰਡਾਲੀ ਰੇਲਵੇ ਪੁੱਲ ਉੱਪਰੋਂ ਦੀ ਲੰਘ ਕੇ ਛਪਾਰੋਂ ਟਿਕਟ ਲੈ ਕੇ ਬਾਬਾ ਕਲਿਆਣ ਸਿੰਘ ਨੂੰ ਨਾਲ ਲੈ ਕੇ ਲੁਧਿਆਣੇ ਨੂੰ ਚਲੇ ਗਏ। ਸੰਗਤਾਂ ਆਸਾ ਜੀ ਦੀ ਵਾਰ ਵਿੱਚ ਸੰਤਾਂ ਦੇ ਦਰਸ਼ਨ ਲਈ ਤਾਂਘ ਰਹੀਆਂ ਸਨ। ਦਿਨ ਚੜ੍ਹ ਗਿਆ, ਪਰ ਸੰਗਤ ਜੀ ਨਹੀਂ ਆਏ। ਸਾਰੇ ਉਦਾਸ ਸਨ। ਦੇਖੇ ਭਾਲੇ, ਕੁਝ ਪਤਾ ਨਾ ਲੱਗੇ। ਬਿਹੰਗਮਾਂ ਨੂੰ ਭੀ ਕੋਈ ਪਤਾ ਨਹੀਂ ਸੀ। ਬਾਬਾ ਕਲਿਆਣ ਸਿੰਘ ਜੀ ਨੂੰ ਹੀ ਪਤਾ ਸੀ, ਸੋ ਮਹਾਰਾਜ ਆਪ ਨੂੰ ਨਾਲ ਲੈ ਗਏ ਸਨ। ਲੋਕਾਂ ਨੇ ਰੌਲਾ ਪਾਇਆ ਕਿ ਧਮੋਟ ਵਾਲੇ ਗਿਆਨੀ ਜੀ ਚਿਰ ਤੋਂ ਪਿੱਛੇ-ਪਿੱਛੇ ਫਿਰਦੇ ਸਨ, ਉਹ ਸੰਤਾਂ ਨੂੰ ਨਾਲ ਲੈ ਗਏ ਹਨ। ਦਾਸ ਅਤੇ ਸਾਥੀ ਆਪ ਹੈਰਾਨ ਸਨ ਕਿ ਸੰਤ ਜੀ ਕਿੱਥੇ ਗਾਇਬ ਹੋ ਗਏ। ਅਸੀਂ ਖਾਲੀ ਰਹਿ ਗਏ; ਸਾਡੀ ਘਾਲ ਥਾਂ ਨਾ ਪਈ। ਸੰਗਤ ਨੇ ਇੱਕ ਘੋੜੀ ਤੇ ਊਠ ਦੇ ਕੇ ਕੁਪ ਤੇ ਛਪਾਰ ਦੇ ਸਟੇਸ਼ਨਾਂ ਪਰ ਆਦਮੀ ਭੇਜੇ। ਪਤਾ ਲੱਗਾ ਕਿ ਸੰਤ ਜੀ ਲੁਧਿਆਣੇ ਪੁੱਜ ਕੇ ਕਾਠਗੜ੍ਹ ਦੁਆਬੇ ਨੂੰ ਚਲੇ ਗਏ ਹਨ। ਛਪਾਰ ਦੇ ਮੇਲੇ ਸਮੇਂ ਸੰਤ ਜੀ ਫੇਰ ਆਏ। ਅਸੀਂ ਸੰਤਾਂ ਨੂੰ ਧਮੋਟ ਲੈ ਜਾਣ ਲਈ ਛਪਾਰ ਪੁੱਜੇ। ਮਹਾਰਾਜ ਨੇ ਫ਼ਰਮਾਇਆ ਕਿ ਜਿੱਥੋਂ ਅਸੀ ਰਾਤ ਦੇ ਇੱਕ ਵਜੇ ਨੱਠੇ ਸਾਂ, ਉੱਥੋਂ ਹੀ ਵਾਰੀ ਆਵੇਗੀ। ਬਾਬਾ ਕਲਿਆਣ ਸਿੰਘ ਨੇ ਕਿਹਾ ਕਿ ਜੰਡਾਲੀ ਰੇਲ ਦਾ ਪੁੱਲ ਲੰਘਣ ਸਮੇਂ ਮੈਂ ਕਿਹਾ, "ਮਹਾਰਾਜ ਜੀ ਪਾਸ ਹੀ ਦੂਜਾ ਪੁੱਲ ਹੈ, ਇਸ ਰੇਲ ਦੇ ਪੁੱਲ ਉੱਪਰੋਂ ਲੰਘਣਾ ਠੀਕ ਨਹੀਂ ਹੈ।'' ਸੰਤ ਜੀ ਨੇ ਕਿਹਾ ਕਿ ਕਲਿਆਣ ਸਿੰਘ 'ਵਾਹਿਗੁਰੂ-ਵਾਹਿਗੁਰੂ' ਕਹਿੰਦਾ ਹੋਇਆ ਚੱਲਿਆ ਆ। ਕੋਈ ਡਰ ਨਹੀਂ, ਆਪਾਂ ਨੂੰ ਕਿਸੇ ਦੂਜੇ ਪੁੱਲ ਤੋਂ ਲੰਘਣ ਦੀ ਲੋੜ ਨਹੀਂ ਹੈ।

ਕਲਯਾਨ ਤੋਂ ਦੌਰਾ ਸ਼ੁਰੂ ਹੋਇਆ। ਅਸੀਂ ਵੀ (ਦਾਸ, ਪ੍ਰੇਮ ਸਿੰਘ, ਰਲਾ ਸਿੰਘ) ਨਾਲ ਰਲ ਗਏ। ਮੂੰਹ ਹਨ੍ਹੇਰੇ ਹੀ ਆਸਾ ਜੀ ਦੀ ਵਾਰ ਦਾ ਭੋਗ ਪਾ ਕੇ ਧਮੋਟ ਲਈ ਤਿਆਰੀ ਕੀਤੀ। ਤੜਕੇ ਹੀ ਲੰਘ ਰਹੇ ਸਾਂ ਤੇ

ਛਪਾਰ ਗੱਡੀ ਚੜ੍ਹਨਾ ਸੀ। ਮਹੇਰਨੇ ਦੀ ਸੰਗਤ ਨੇ ਪਿੰਡੋਂ ਬਾਹਰ ਟਿੱਬਿਆਂ ਪਰ ਪ੍ਰੇਮ ਨਾਲ ਘੇਰ ਲੀਤੇ। ਪ੍ਰੇਮ ਵੱਸ ਉੱਥੇ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਦੀਵਾਨ ਦੇ ਲੰਗਰ ਸਜੇ, ਟਿੱਬਿਆਂ ਵਿੱਚ ਹੀ ਰੰਗ ਮੰਗਲ ਗੁਲਜ਼ਾਰ ਖਿਲਿਆ। ਉਸ ਪਿੱਛੋਂ ਛਪਾਰ ਤੋਂ ਗੱਡੀ ਚੜ੍ਹ ਕੇ ਲੁਧਿਆਣੇ ਰਾਹੀ ਚਾਵੇ ਉੱਤਰੇ, ਉੱਥੋਂ ਪੈਲ ਪੁੱਜੇ। ਤਹਿਸੀਲਦਾਰ ਸਰਦਾਰ ਬਿਸ਼ਨ ਸਿੰਘ ਜੀ ਰੁਮਾਨਾ ਵੱਡੇ ਪ੍ਰੇਮੀ ਗੁਰਸਿੱਖ ਸਨ। ਉਹਨਾਂ ਨੇ ਕਿਹਾ ਕਿ ਕੀ ਸੰਤ ਜੀ ਅਸਾਡੇ ਨਹੀਂ ਹਨ? ਬਸ ਉਹਨਾਂ ਨੇ ਤਹਿਸੀਲ ਵਿੱਚ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਵਾਇਆ, ਜਿੱਥੇ ਹੁਣ ਥਾਣਾ ਪੈਲ ਹੈ। ਇੱਥੋਂ ਦੂਜੇ ਦਿਨ ਧਮੋਟ ਪੁੱਜੇ। ਅਸੀਂ ਰੱਥ ਵਾਸਤੇ ਪੈਲ ਤੋਂ ਧਮੋਟ ਗਏ ਸਾਂ। ਸਾਨੂੰ ਸੰਤ ਜੀ ਧਮੋਟ ਪੈਲ ਦੇ ਵਿਚਕਾਰ ਗੋਦੜੀਏ ਪੀਰ ਰੱਖ ਪਰ ਮਿਲੇ। ਫ਼ਰਮਾਇਆ, "ਆਪ ਆਸਾ ਦੀ ਵਾਰ ਵਿੱਚ ਕਿਉਂ ਨਹੀਂ ਆਏ?" ਦਾਸ ਨੇ ਕਿਹਾ ਮਹਾਰਾਜ ਅਸੀਂ ਧਮੋਟ ਰੱਥ ਲਈ ਪੁੱਜੇ ਸਾਂ। ਸੰਤਾਂ ਫ਼ਰਮਾਇਆ ਕਿ ਖ਼ਾਲਸਾ ਜੀ ਪੰਜ-ਪੰਜ ਮਣ ਲੋਹੇ ਨਾਲ ਮੜ੍ਹਿਆ ਹੋਇਆ ਪੰਜਾਹ-ਪੰਜਾਹ ਕੋਹ, ਵਾਟ ਕਰਿਆ ਕਰਦਾ ਸੀ, ਕੀ ਅਸੀਂ ਦੋ ਕੋਹ ਭੀ ਰੱਥ ਬਿਨਾਂ ਨਹੀਂ ਚੱਲ ਸਕਦੇ। ਆਸਾ ਦੀ ਵਾਰ ਵਿੱਚ ਪੁੱਜਣਾ ਚਾਹੀਦਾ ਹੈ। ਧਮੋਟ ਬਾਬਾ ਖਜ਼ਾਨ ਸਿੰਘ ਨੇ ਮਲਕ ਦੀ ਖੂਹੀ ਪਰ ਆ ਕੇ ਪੰਜ ਇਸ਼ਨਾਨਾ ਕੀਤਾ ਤੇ ਦਸਤਾਰਾ ਸਜਾ ਕੇ ਬਾਬਾ ਸੁੱਖੇ ਦੇ ਪੱਕੇ ਚਬੂਤਰੇ ਪਰ ਦੀਵਾਨ ਸਜਾਇਆ। ਰਾਤ ਨੂੰ ਟਿਬਿਆਂ ਵਿੱਚ ਨਿਵਾਸ ਕਰਦੇ ਸਨ। ਪੰਜ ਦਿਨ ਧਮੋਟ ਵਿੱਚ ਚੰਗੇ ਭਾਰੀ ਦੀਵਾਨ ਸਜੇ।

(੧) ਪਹਿਲੇ ਦਿਨ ਅੰਮ੍ਰਿਤ ਵੇਲੇ ਪੰਡਤ ਜੈ ਰਾਮ ਬਜ਼ਾਜ਼ ਹੱਥ ਜੋੜ ਕੇ ਖੜ੍ਹੇ ਹੋ ਗਏ। ਸੰਤ ਜੀ ਨੇ ਪੁੱਛਿਆ 'ਪ੍ਰੇਮੀ ਨੂੰ ਪੁੱਛੋ ਕਿਉਂ ਖੜ੍ਹੇ ਹਨ?' ਉੱਤਰ ਮਿਲਿਆ ਕਿ ਮਹਾਰਾਜ ਮੈਂ ਬ੍ਰਾਹਮਣ ਹਾਂ, ਮੈਨੂੰ ਸਾਰੇ ਸੰਸਾਰ ਵਿੱਚ ਅੱਜ ਤੀਕੂੰ ਆਪ ਵਰਗਾ ਸੰਤ ਨਜ਼ਰ ਨਹੀਂ ਆਇਆ, ਆਪ ਮੈਨੂੰ ਪੂਰਨ ਜੋਤ ਨਜ਼ਰ ਆਉਂਦੇ ਹੋ। ਮੇਰੀ ਇੱਛਾ ਹੈ ਕਿ ਆਪ ਜੀ ਲਈ ਭੋਜਨ ਕਰਾਂ। ਸੰਤ ਜੀ ਨੇ ਕਿਹਾ ਕਿ ਸਾਡੀ ਇੱਕ ਬੇਨਤੀ ਹੈ ਕਿ ਸਾਨੂੰ ਮਿੱਸੀ ਰੋਟੀ ਗੱਠਿਆਂ ਨਾਲ ਦੇਣੀ, ਹੋਰ ਸੰਗਤਾਂ ਨੂੰ ਆਪ ਜੀ ਦੀ ਮਰਜ਼ੀ ਹੈ। ਪੰਡਤ ਜੈ ਰਾਮ ਬਜ਼ਾਜ਼ ਨੇ ਕਿਹਾ ਕਿ ਮੇਰੀ ਇੱਕ ਬੇਨਤੀ ਹੈ ਕਿ ਮਹਾਰਾਜ ਜੀ! ਮੈਂ ਹੁੱਕਾ ਪੀਂਦਾ ਹਾਂ। ਸੰਤ ਜੀ ਨੇ ਕਿਹਾ ਕਿ ਪ੍ਰੇਮੀਆਂ ਨਹਾ ਧੋ ਕੇ ਸਾਫ਼ ਕਰ, ਜਗ੍ਹਾ ਨੂੰ ਭੀ ਸਾਫ਼ ਕਰ ਲੈਣਾ।

(੨) ਦੂਜੇ ਦਿਨ ਇੱਕ ਕਮਜ਼ੋਰ ਜਿਹਾ ਕੋਈ ਰਮਤਾ ਉਦਾਸੀ ਸਾਧ, ਗਰੀਬ ਦਾਸ ਨਾਮ ਕਰਕੇ, ਸੰਤ ਜੀ ਦੇ ਪਾਸ ਲਾਲਾ ਨੌਬਤ ਰਾਇ ਦੇ ਬਾਗ਼ ਦੇ ਮਕਾਨ ਵਿੱਚ ਪੁੱਜਿਆ। ਜਾ ਕੇ ਤਮਕ ਨਾਲ ਕਿਹਾ ਕਿ ਸੰਤ ਕਿਉਂ ਸਦਾਉਂਦੇ ਹੋ? ਤਾਂ ਸੰਤ ਜੀ ਨੇ ਕਿਹਾ ਕਿ ਪ੍ਰੇਮੀਆਂ! ਸਾਨੂੰ ਲੋਕੀ ਐਵੇਂ 'ਸੰਤ-ਸੰਤ' ਕਹੀ ਜਾਂਦੇ ਹਨ, ਅਸੀਂ ਤਾਂ 'ਸੰਤ' ਨਹੀਂ ਕਹਾਉਂਦੇ। ਆਪ ਲੋਕਾਂ ਨੂੰ ਹਟਾ ਦਿਓ। ਪ੍ਰੇਮੀਆਂ! ਸੰਤ ਕਿਹੋ ਜਿਹੇ ਹੁੰਦੇ ਹਨ? ਉਦਾਸੀ ਸਾਧ ਜੋ ਕਿ ਤਾਜ਼ਾ ਹੀ ਦਾਹੜੀ ਸਿਰ ਮੁੰਨਾ ਕੇ ਆਇਆ ਸੀ, ਬੋਲਿਆ ਕਿ ਸੰਤ ਜਟਾਧਾਰੀ, ਗੇਰੂ ਬਸਤਰਾਂ ਵਾਲੇ, ਮੂੰਡ ਮੁੰਡਾਏ ਕੁਪੀਨ ਵਾਲੇ ਹੁੰਦੇ ਹਨ। ਸੰਤ ਜੀ ਨੇ ਕਿਹਾ, "ਅੱਛਾ ਭਾਈ! ਸੰਤ ਇਹੋ-ਜਿਹੇ ਹੁੰਦੇ ਹਨ!" ਉਦਾਸੀ ਨੇ ਕਿਹਾ ਕਿ ਹਾਂ ਸੰਤ ਇਹੋ ਜੇਹੇ ਹੀ ਹੁੰਦੇ ਹਨ। ਸੰਤ ਜੀ ਨੇ ਪੁੱਛਿਆ ਕਿ ਆਪ ਕੌਣ ਸੰਤ ਹੋ? ਉੱਤਰ ਮਿਲਿਆ ਕਿ ਮੈਂ ਉਦਾਸੀ ਸੰਤ ਹਾਂ। ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਪ੍ਰੇਮੀਆਂ! ਆਪ ਦਾ ਨਾਮ ਕੀ ਹੈ? ਭੇਖੀ ਸਾਧ ਨੇ ਉੱਤਰ ਦਿੱਤਾ ਕਿ ਮੇਰਾ ਨਾਮ "ਗਰੀਬ ਦਾਸ" ਹੈ।

ਸੰਤ ਜੀ ਮਹਾਰਾਜ ਨੇ ਕਿਹਾ, "ਪ੍ਰੇਮੀਆਂ! ਇੱਕ ਤਾਂ ਬਾਬਾ ਸ੍ਰੀ ਚੰਦ ਜੀ ਦਾ ਸੇਵਕ ਉਦਾਸੀ ਸੰਤ ਹੋਵੇ, ਦੂਜੇ ਨਾਉਂ ਗਰੀਬ ਦਾਸ ਹੋਵੇ, ਉਸ ਨੂੰ ਤਾਂ ਉੱਕਾ ਈ ਕੁਝ ਨਹੀਂ ਬੋਲਣਾ ਚਾਹੀਦਾ।" ਉਦਾਸੀ ਸਾਧ ਨੇ ਗੁੱਸੇ ਨਾਲ ਕਿਹਾ ਕਿ ਸੰਤ ਗੁੰਗੇ ਹੁੰਦੇ ਹਨ? ਸੰਤ ਜੀ ਨੇ ਫ਼ਰਮਾਇਆ ਕਿ ਪ੍ਰੇਮੀਆਂ! ਸਾਨੂੰ ਇਹ ਪਤਾ ਨਹੀਂ ਕਿ ਸੰਤ ਗੁੰਗੇ ਹੁੰਦੇ ਹਨ, ਪ੍ਰੰਤੂ ਇਤਨਾ ਜ਼ਰੂਰ ਹੈ ਕਿ ਕਬੀਰ ਜੀ ਨੇ ਕਿਹਾ ਹੈ ਕਿ "**ਕਹੁ ਕਬੀਰ ਛੂਛਾ ਘਟੁ ਬੋਲੈ ॥**

ਭਰਿਆ ਹੋਇ ਸੁ ਕਬਹੁ ਨਾ ਡੋਲੈ ॥ (੮੭੦) ਗਰੀਬ ਦਾਸ ਭੇਖੀ ਸਾਧ ਨੇ ਕਿਹਾ ਕਿ ਊਣਿਆਂ ਨੂੰ ਊਣੇ ਤੇ ਭਰਿਆਂ ਹੋਇਆਂ ਨੂੰ ਭਰੇ ਹੋਏ ਨਜ਼ਰ ਆਉਂਦੇ ਹਨ। ਸੰਤ ਜੀ ਨੇ ਕਿਹਾ ਕਿ ਪ੍ਰੇਮੀਆਂ ਸਾਨੂੰ ਬਹਿਸ ਨਹੀਂ ਆਉਂਦੀ, ਅਸੀਂ ਪੜ੍ਹੇ ਲਿਖੇ ਨਹੀਂ। ਜੇਕਰ ਬਹਿਸ ਕਰਨੀ ਹੈ ਤਾਂ ਇਸ (ਭਾਈ ਹਰਦਿੱਤ ਸਿੰਘ ਧਮੋਟ ਜੋ ਕੱਟਰ ਸਿੰਘ ਸਭੀਆ ਭੇੜੂ ਸੀ ਅਤੇ ਬ੍ਰਾਹਮਣਾਂ ਸਾਧਾਂ ਨੂੰ ਚਾਹ ਕੇ ਲੈਂਦਾ ਸੀ) ਪ੍ਰੇਮੀ ਨਾਲ ਕਰ ਲੈ। ਇਹ ਮਹਾਤਮਾ ਜੀ ਦੀ ਅੰਤ੍ਰਯਾਤਮਾ ਸੀ। ਬਸ ਗਰੀਬ ਦਾਸ ਬਾਗ਼ ਵਿੱਚੋਂ ਬਾਹਰ ਆਇਆ, ਹਰਦਿੱਤ ਸਿੰਘ ਨਾਲ ਬਹਿਸ ਸ਼ੁਰੂ ਕੀਤੀ, ਪਰ ਪੰਜ ਮਿੰਟ ਵਿੱਚ ਹੀ ਸਾਧ ਦੇ ਤਾਜ਼ਹੇ ਮੁੰਡਾਏ ਸਿਰ ਪਰ ਜੁੱਤੀਆਂ ਦੀ ਵਰਖਾ ਸ਼ੁਰੂ ਹੋ ਗਈ। ਸੰਤ ਜੀ ਮਹਾਰਾਜ ਨੇ ਬਾਗ਼ ਦੇ ਚੁਬਾਰੇ ਵਿੱਚੋਂ ਉੱਠ ਕੇ ਕਿਹਾ ਕਿ ਪ੍ਰੇਮੀਓ! ਇਸ ਤਰ੍ਹਾਂ ਨਾ ਕਰੋ। ਮਾਰੋ ਨਹੀਂ, ਜਾਣ ਦੇਵੋ। ਸੰਤ ਜੀ ਮਹਾਰਾਜ ਨੇ ਕਿਹਾ ਇਹ ਪ੍ਰੇਮੀ ਅੱਗ ਲੈਣ ਆਇਆ ਸੀ, ਅੱਗ ਇੱਥੇ ਹੈ ਨਹੀਂ। ਸ਼ਾਂਤੀ ਤੇ ਨਿਮਰਤਾ ਦੀ ਹੱਦ ਹੋ ਗਈ। ਭੇਖੀ ਸਾਧ ਨੇ ਆਪਣਾ ਕੀਤਾ ਪਾਇਆ ਹੈ।

(੩) ਤੀਜੇ ਦਿਨ ਜੈਲਦਾਰ ਬਖਤਾਵਰ ਸਿੰਘ ਦੇ ਘਰ ਸੰਗਤ ਦਾ ਪ੍ਰਸ਼ਾਦਾ ਸੀ। ਸੰਤ ਜੀ ਨੇ ਕਿਹਾ ਕਿ ਪ੍ਰੇਮੀਓ! ਸਾਨੂੰ ਇਹੋ ਜਿਹੀਆਂ ਪੰਦਰਾਂ-ਵੀਹ ਕੌਲੀਆਂ ਨਹੀਂ ਚਾਹੀਦੀਆਂ ਸਨ; ਸਾਨੂੰ ਤਾਂ ਰੁੱਖਾ-ਮਿੱਸਾ ਪ੍ਰਸ਼ਾਦਾ ਚਾਹੀਦਾ ਸੀ। ਸਵਾਯਾ ਛੱਕ ਕੇ ਸੰਤਾਂ ਨੇ ਛੱਡ ਦਿੱਤਾ। ਜੈਲਦਾਰ ਪਾਸੋਂ ਦਾਸ ਨੇ ਭਾਈ ਰਲਾ ਸਿੰਘ ਨੇ ਲੈ ਕੇ ਛੱਕ ਲੀਤਾ। ਸਾਨੂੰ ਮਹਾਂ ਅਨੰਦ ਪ੍ਰਾਪਤ ਹੋਇਆ। ਜੈਲਦਾਰ ਸਾਹਿਬ ਦੀ ਬਿਰਧ ਮਾਈ ਨੇ ਸੰਤਾਂ ਨੂੰ ਅੰਦਰ ਬੁਲਾਇਆ। ਮਹਾਰਾਜ ਦੇ ਨਾਲ ਦਾਸ, ਭਾਈ ਰਲਾ ਸਿੰਘ ਤੇ ਬਾਬਾ ਕਲਿਆਣ ਸਿੰਘ ਅੰਦਰ ਗਏ। ਬਿਰਧ ਮਾਈ ਨੇ ਕਿਹਾ ਕਿ ਮਹਾਰਾਜ ਜੀ ਇਹ ਮਹਿਲ ਖਾਲੀ ਪਏ ਹਨ। ਸੰਤ ਜੀ ਨੇ ਮਾਈ ਦੇ ਮੋਢੇ ਪਰ ਹੱਥ ਧਰ ਕੇ ਕਿਹਾ ਕਿ ਮਾਈ, 'ਵਾਹਿਗੁਰੂ, ਵਾਹਿਗੁਰੂ' ਜਪੀ ਚੱਲੋ, ਵਾਹਿਗੁਰੂ ਦੀ ਕ੍ਰਿਪਾ ਨਾਲ ਸਭ ਕੁਝ ਹੋ ਜਾਵੇਗਾ। ਦੋ ਸਾਲ ਪਿੱਛੋਂ ਦੋ ਲੜਕੇ ਜੈਲਦਾਰ ਦੇ ਘਰ ਸੱਠ ਸਾਲ ਦੀ ਉਮਰ ਵਿੱਚ ਹੋਏ। ਵੱਡਾ ਜੰਗ ਬਰਮਾ ਵਿੱਚ ਸ਼ਹੀਦ ਹੋਇਆ, ਛੋਟਾ ਗੁਰਦਿਆਲ ਸਿੰਘ ਸਫ਼ੈਦਪੋਸ਼ ਹੈ।

(੪) ਦੂਜੇ ਦਿਨ ਭਾਈ ਰਲਾ ਸਿੰਘ ਦੇ ਘਰ ਪ੍ਰਸ਼ਾਦਾ ਸੀ। ਭਾਈ ਰਲਾ ਸਿੰਘ ਨੇ ਲੂਣ ਵਾਲੇ ਮਿੱਸੇ ਪ੍ਰਸ਼ਾਦੇ ਦਹੀਂ, ਲੱਸੀ ਤੇ ਗੱਠਿਆਂ ਨਾਲ ਸਾਰੀ ਸੰਗਤ ਨੂੰ ਛਕਾਏ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਭਾਈ ਰਲਾ ਸਿੰਘ ਨੇ ਸਾਡੇ ਦਿਲ ਦੀ ਬੁੱਝ ਲਈ ਹੈ। ਜੇਕਰ ਅਜੇਹੇ ਪ੍ਰਸ਼ਾਦੇ ਸਾਨੂੰ ਕੋਈ ਰੋਜ਼ ਛਕਾਵੇ ਤਾਂ ਅਸੀਂ ਛੇ ਮਹੀਨੇ ਭੀ ਨਹੀਂ ਜਾਂਦੇ।

(੫) ਪ੍ਰੇਮ ਸਿੰਘ ਨੰਬਰਦਾਰ ਢੋਲਕੀ ਨਾਲ ਸ਼ਬਦ ਕੀਰਤਨ ਕਰਿਆ ਕਰਦਾ ਸੀ। ਉਸ ਨੂੰ ਫ਼ਰਮਾਇਆ, "ਆਓ ਰਾਗੀ ਜੀ! ਕੀਰਤਨ ਕਰੋ।" ਬਸ ਪਿੱਛੋਂ ਭਾਈ ਪ੍ਰੇਮ ਸਿੰਘ ਨੰਬਰਦਾਰ ਰਾਗੀ ਹੋ ਗਿਆ ਅਤੇ ਨਗਰ ਵਿੱਚ ਨਿਸ਼ਕਾਮ ਸੇਵਾ ਕਰਦਾ ਰਿਹਾ।

(੬) ਅਖ਼ੀਰੀ ਦੀਵਾਨ ਬਾਬਾ ਸੁੱਖੇ ਦੀ ਬਜਾਏ ਜੈਲਦਾਰ ਬਖਤਾਵਰ ਸਿੰਘ ਦੇ ਘਰ ਹੋਇਆ। ਗੋਂਦੇ ਜ਼ਿਮੀਂਦਾਰ ਨੂੰ ਨੰਬਰਦਾਰ ਰਾਮ ਸਿੰਘ ਤੇ ਨੰਦ ਸਿੰਘ (ਰੱਬੀ) ਨੇ ਮੁਆਫ਼ੀ ਮੰਗਣ ਲਈ ਖੜੇ ਕਰ ਦਿੱਤਾ। ਗੋਂਦਾ ਨਾਮੀ ਜੱਟ (ਪੱਤੀ ਦੀਪਾ) ਨੇ ਹਰਨਾਮ ਆਦਿ ਬ੍ਰਾਹਮਣਾ ਦੇ ਕਹੇ ਕਹਾਏ ਉਲਟੀ ਪੱਟੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀਹੀਂ ਵਿੱਚੀਂ ਜਾ ਰਹੀ ਸਵਾਰੀ ਨੂੰ ਡਾਂਗ ਚੁੱਕ ਕੇ ਮਹਾਰਾਜ ਦੇ ਮਾਰਨ ਲਈ ਉਭਾਰੀ ਸੀ। ਉਸ ਦੇ ਬਰਖ਼ਿਲਾਫ਼ ਜ਼ਿਲ੍ਹਾ ਬਸੀ ਵਿੱਚ ਤੋਹੀਨ ਮਜ਼ਹਬ ਦਾ ਮੁਕੱਦਮਾ ਜੈਲਦਾਰ ਬਖ਼ਤਾਵਰ ਸਿੰਘ, ਤਾਰਾ ਸਿੰਘ, ਸੁੰਦਰ ਸਿੰਘ ਆਦਿ ਸੰਗਤ ਵੱਲੋਂ ਜਾਰੀ ਸੀ, ਜਿਸ ਵਿੱਚ ਗੋਂਦੇ ਨੂੰ ਦੋ ਸਾਲ ਦੀ ਕੈਦ ਸ਼ਰਤੀਆ ਹੋ ਜਾਣੀ ਸੀ। ਨੰਬਰਦਾਰ ਰਾਮ ਸਿੰਘ ਤੇ ਰੱਬੀ (ਨੰਦ ਸਿੰਘ) ਗੋਂਦੇ ਜ਼ਿਮੀਂਦਾਰ ਦੇ ਹਿਮੈਤੀ ਵਕੀਲ ਸਨ। ਸ੍ਰੀ ਆਸਾ ਦੀ ਵਾਰ

ਦੇ ਪਿੱਛੋਂ ਇਹਨਾਂ ਨੇ ਗੋਂਦੇ ਨੂੰ ਸਤਬਚਨੀਆ ਬਣ ਕੇ ਖੜ੍ਹਾ ਕਰ ਦਿੱਤਾ। ਸੰਤ ਜੀ ਮਹਾਰਾਜ ਨੇ ਖੜੇ ਹੋਣ ਦਾ ਕਾਰਣ ਪੁੱਛਿਆ। ਪੂਰਨ ਬ੍ਰਿਤਾਂਤ ਸੁਣਾ ਦਿੱਤਾ ਗਿਆ। ਸੰਤ ਜੀ ਨੇ ਸੰਗਤਾਂ ਨੂੰ ਪੁੱਛਿਆ ਕਿ ਭਾਈ ਪ੍ਰੇਮੀਓ! ਵੱਡੇ-ਵੱਡੇ ਖੂਨੀ, ਅਪਰਾਧੀ, ਠੱਗ, ਚੋਰ, ਜਦ ਗੁਰੂ ਦੇ ਦੁਆਰੇ ਬਖਸ਼ੇ ਗਏ ਹਨ, ਇਸ ਨੂੰ ਵੀ ਬਖਸ਼ੋ ਤੇ ਦੰਡ ਲਾਓ। ਸੰਗਤਾਂ ਨੇ ਸੰਤ ਜੀ ਮਹਾਰਾਜ ਨੂੰ ਕਿਹਾ ਕਿ ਮਹਾਰਾਜ, ਆਪ ਹੀ ਕ੍ਰਿਪਾ ਕਰੋ। ਬਸ ਸੰਗਤਾਂ ਦੀ ਪ੍ਰਵਾਨਗੀ ਲੈ ਕੇ ਸੰਤਾਂ ਨੇ ਗੋਂਦੇ ਨੂੰ ਕਿਹਾ ਕਿ ਕੁਟੰਬ ਸਮੇਤ ਸਾਰੇ ਅੰਮ੍ਰਿਤ ਛਕੋ, ਅਖੰਡ ਪਾਠ ਕਰਾਓ ਤੇ ਸੁਣੋ ਅਤੇ ਗੁਰਮੁਖੀ ਪੜ੍ਹ ਕੇ ਨਿੱਤਨੇਮ ਕੰਠ ਕਰੋ। ਗੋਂਦਾ 'ਸਤਿ ਬਚਨ' ਕਹੀ ਗਿਆ। ਸੰਤ ਜੀ ਨੇ ਕਿਹਾ ਕਿ, "ਇਹ ਸੱਚੀ ਦਰਗਾਹ ਹੈ। ਇੱਥੇ ਉਹੀ ਬਾਤ ਮੰਨਣੀ ਜੋ ਕਰ ਸਕੋ, ਨਹੀਂ ਤਾਂ ਦੋਨੋਂ ਥਾਈਂ ਮੂੰਹ ਕਾਲਾ ਹੋਏਗਾ।" ਗੋਂਦੇ ਨੇ ਕਿਹਾ ਕਿ ਮਹਾਰਾਜ ਜੀ, ਸਭ ਕੁਝ ਕਰਾਂਗਾ। ਬਸ ਅਗਲੇ ਦਿਨ ਪੱਕੇ ਚੌੜੇ ਬਾਬੇ ਸੁੱਖੇ ਸੰਤਾਂ ਦੇ ਜਥੇ ਨੇ ਗੋਂਦੇ, ਰਾਮ ਸਿੰਘ, ਕੇਹਰ ਸਿੰਘ ਰੱਬੀ ਨੰਬਰਦਾਰ ਆਦਿ ਨੂੰ ਅੰਮ੍ਰਿਤ ਛਕਾਇਆ ਤੇ ਗੋਂਦੇ ਦਾ ਨਾਮ ਨੰਦ ਸਿੰਘ ਰੱਖਿਆ; ਰੱਬੀ ਨੰਦ ਸਿੰਘ ਬਣਿਆ। ਮਾਨ ਸਿੰਘ ਨੇ ਅਖੰਡ ਪਾਠ ਵੀ ਕਰਾਇਆ।

(੭) ਸੰਤ ਜੀ ਨੂੰ ਲਿਜਾਣ ਲਈ ਕਈ ਪਿੰਡਾਂ ਦੇ ਪ੍ਰੇਮੀ ਪੁੱਜੇ ਹੋਏ ਸਨ। ਮਹਾਰਾਜ ਨੇ ਦਾਸ ਨੂੰ ਕਿਹਾ ਕਿ ਤੁਸੀਂ ਆਪਣੇ ਇਲਾਕੇ ਵਿੱਚ ਸਾਡੇ ਨਾਲ ਰਹੋ। ਬਸ ਦਾਸ ਨੂੰ ਖੰਨੇ ਤਕ ਨਾਲ ਰੱਖਿਆ। ਇੱਥੋਂ ਚੱਲ ਕੇ ਮਹਾਰਾਜ ਜੰਡਾਲੀ ਪਿੰਡ ਛੇਵੇਂ ਪਾਤਸ਼ਾਹ ਦੇ ਗੁਰਦੁਆਰੇ ਪੁੱਜੇ। ਦੀਵਾਨ ਸਜਾਇਆ। ਪਿੰਡ ਦੇ ਪ੍ਰੇਮੀਆਂ ਨੇ ਕਿਹਾ ਕਿ ਮਹਾਰਾਜ, ਸਿੱਖ ਇਕਾਦਸ਼ੀ ਨਹੀਂ ਛੱਡਦੇ। ਸਿੱਖਾਂ ਨੇ ਕਿਹਾ ਕਿ ਮਹਾਰਾਜ ਇਹ ਹੁੱਕਾ ਛੱਡ ਦੇਣ, ਅਸੀਂ ਇਕਾਦਸ਼ੀ ਛੱਡ ਦਿਆ ਕਰਾਂਗੇ। ਦੋਨੋਂ ਧੜੇ ਡਟ ਗਏ। ਸੰਤ ਜੀ ਨੇ ਕਿਹਾ ਕਿ ਆਪ ਦਾ ਤਾਂ ਇਹੀ ਹਾਲ ਰਹਿਣਾ ਹੈ। ਲੋਕਾਂ ਨੇ ਕਿਹਾ ਕਿ ਮਹਾਰਾਜ ਜੀ, ਸਾਡੇ ਪਿੰਡ ਨੂੰ ਛੇਵੇਂ ਗੁਰੂ ਜੀ ਵੀ ਸਰਾਪ ਦੇ ਗਏ ਸਨ, ਹੁਣ ਆਪ ਜੀ ਨੇ ਵੀ ਸਰਾਪ ਦੇ ਦਿੱਤਾ ਹੈ। ਮਹਾਰਾਜ ਨੇ ਕਿਹਾ ਕਿ ਆਪ ਹੁਣ ਸਰਾਪ ਦੂਰ ਕਰਾ ਸਕਦੇ ਹੋ। ਉਹ ਇਸ ਤਰ੍ਹਾਂ ਕਿ ਆਪ ਗੁਰਦੁਆਰਾ ਬਣਾ ਕੇ ਲੰਗਰ ਚਲਾਓ, ਸੇਵਾ ਕਰੋ ਤੇ ਪਿੰਡ ਦਾ ਭਲਾ ਹੋ ਜਾਵੇਗਾ। ਜੇਕਰ ਐਸਾ ਨਹੀਂ ਕਰੋਗੇ ਤਾਂ ਸਰਾਪ ਕਾਇਮ ਰਹੇਗਾ। ਬਸ ਨਗਰ ਨਿਵਾਸੀਆਂ ਦੀ ਪ੍ਰਬੰਧਕ ਕਮੇਟੀ ਬਣਾਈ ਗਈ। ਕੁਝ ਰੁਪਏ ਨਕਦ ਜਮ੍ਹਾਂ ਹੋਏ, ਤਿੰਨ ਸੌ ਇਕਰਾਰੀ ਲਿਖਵਾਇਆ ਗਿਆ। ਫੇਰ ਵੀ ਕੋਈ ਸੇਵਾ ਨਾ ਹੋਈ। ਨਗਰ ਸਿੰਘ ਖੂਨ ਖ਼ਰਾਬੇ ਦੇ ਕਾਰਨ ਮੁਕੱਦਮੇਬਾਜ਼ੀ ਸ਼ੁਰੂ ਹੋ ਗਈ ਨਗਰ ਵਿੱਚ ਹੁਣ ਤੀਕ ਟੰਟੇ ਰਹਿੰਦੇ ਹਨ ਤੇ ਬਹੁਤ ਸਾਰੀ ਜ਼ਮੀਨ ਨਗਰ ਦੇ ਹੱਥੋਂ ਨਿਕਲ ਗਈ ਹੈ।

(੮) ਜੰਡਾਲੀ ਤੋਂ ਜਰਗੜੀ ਪੁੱਜੇ, ਦੀਵਾਨ ਸਜਿਆ। ਇੱਕ ਬਿਰਧ ਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ! ਸਿੰਘ ਸਭਾ ਵਾਲੇ ਚੂਹੜੇ-ਚਮਾਰਾਂ ਆਦਿ ਨੂੰ ਅੰਮ੍ਰਿਤ ਛਕਾ ਕੇ ਆਪ ਨਾਲ ਮਿਲਾ ਲੈਂਦੇ ਹਨ, ਇਸ ਸੰਬੰਧੀ ਮੈਨੂੰ ਸ਼ੰਕਾ ਹੈ। ਆਪ ਜੀ ਕ੍ਰਿਪਾ ਕਰ ਕੇ ਇਹ ਦੱਸੋ ਕਿ ਕੀ ਮਿਲਾਉਣਾ ਠੀਕ ਹੈ? ਸੰਤ ਜੀ ਨੇ ਕਿਹਾ ਕਿ ਪ੍ਰੇਮੀਆਂ, ਸੱਚ ਦੱਸੀਏ ਕਿ ਝੂਠ? ਸਿੱਖ ਨੇ ਕਿਹਾ ਕਿ ਮਹਾਰਾਜ, ਸੱਚ ਦੱਸੋ, ਝੂਠ ਕਿਉਂ ਕਹਿਣਾ? ਸੰਤ ਜੀ ਨੇ ਫ਼ਰਮਾਇਆ ਕਿ ਪ੍ਰੇਮੀਆਂ! ਸੱਚ ਕਮਾਉਣਾ ਬਹੁਤ ਔਖਾ ਹੈ। ਸਿੱਖ ਨੇ ਕਿਹਾ ਕਿ ਮਹਾਰਾਜ ਜੀ, ਸੱਚ ਹੀ ਦੱਸੋ। ਸੰਤ ਜੀ ਮਹਾਰਾਜ ਨੇ ਆਦਿ ਅਤੇ ਦਸਮ ਮਹਾਰਾਜ ਦੀ ਬਾਣੀ ਦੇ ਪ੍ਰਮਾਣ ਦੇ ਕੇ ਕਿਹਾ ਕਿ ਭਾਈ ਜਾਤ-ਪਾਤ ਕੋਈ ਨਹੀਂ ਹੈ, "**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।**" (ਅਕਾਲ ਉਸਤਤਿ ਪਾ: ੧੦) ਨਾ ਗੁਰੂ ਸਾਹਿਬ ਨੇ ਜਾਤ-ਪਾਤ ਮੰਨੀ ਹੈ ਅਤੇ ਨਾ ਹੀ ਅਸੀਂ ਮੰਨਦੇ ਹਾਂ, ਪਰੰਤੂ ਅਸੀਂ ਆਪ ਦੇ ਨਾਲ ਹੀ ਹਾਂ।

(੯) ਜਰਗ ਪੁੱਜ ਕੇ ਚੌਂਕ ਵਿੱਚ ਦੀਵਾਨ ਲਗਾਇਆ। ਦੂਜੇ ਦਿਨ ਸ. ਗੁਰਬਖਸ਼ ਸਿੰਘ ਦੀ ਮਾਈ ਨੇ ਘਰ ਦੀਵਾਨ ਲਗਵਾਇਆ। ਨੱਥਾ ਸਿੰਘ (ਦੁਰਗਾ ਦਾਸ) ਨੇ ਰਾਤ ਨੂੰ ਸ਼ਰਾਬ ਪੀਤੀ ਅਤੇ ਜ਼ਿੱਦ ਦੇ ਕਾਰਨ

ਸ. ਗੁਰਬਖਸ਼ ਸਿੰਘ ਦੇ ਘਰ ਦੀਵਾਨ ਨਹੀਂ ਗਿਆ। ਸੰਤ ਜੀ ਨੇ ਪੁੱਛਿਆ ਕਿ ਆਪ ਦੀਵਾਨ ਵਿੱਚ ਕਿਉਂ ਨਹੀਂ ਆਏ? ਉੱਤਰ ਦਿੱਤਾ ਕਿ ਮਹਾਰਾਜ ਜੀ, ਮੈਨੂੰ ਨਜ਼ਲਾ ਹੈ। ਸੰਤ ਜੀ ਨੇ ਕਿਹਾ ਕਿ ਨਹੀਂ ਭਾਈ! ਕੁਝ ਹੋਰ ਹੀ ਹੋਵੇਗਾ। ਬਸ ਸੰਤ ਜੀ ਇਸ ਦੇ ਡੇਰੇ ਤੋਂ ਉੱਠ ਕੇ ਭਾਈ ਨਰੈਣ ਸਿੰਘ, ਭਾਈ ਮਨਾ ਸਿੰਘ ਦੇ ਗੁਰਦੁਆਰੇ ਚਲੇ ਗਏ। ਇੱਥੋਂ ਦੂਜੇ ਦਿਨ ਸਿਧਸਰ ਪੁੱਜੇ।*

(੧੦) ਸਿਧਸਰ (ਝਲਿਆਣੇ) ਦੇ ਹਾਈ ਸਕੂਲ, ਸਰੋਵਰ ਸ਼ਹੀਦ ਗੰਜ ਦੀ ਨੀਂਹ ਸ: ਬਿਸ਼ਨ ਸਿੰਘ ਜੀ ਰੁਮਾਣੇ (ਤਹਿਸੀਲਦਾਰ ਪੈਲ ਦੇ) ਹੱਥੋਂ ਰੱਖਣ ਸੰਬੰਧੀ ਇਸ਼ਤਿਹਾਰ ਨਿਕਲ ਚੁੱਕੇ ਸਨ। ਸੰਤ ਜੀ ਮਹਾਰਾਜ ਨੇ ਤਿੰਨ ਦਿਨ ਭਾਦਰੋਂ ਦੀ ਅਮਾਵਸ ਸੰਮਤ ੧੯੭੦ ਬਿਕ੍ਰਮੀ (ਸੰਨ ੧੯੧੩ ਈਸਵੀ) ਨੂੰ ਦੀਵਾਨ ਸਜਾਏ। ੨੫ ਵਿਘੇ ਜ਼ਮੀਨ 'ਤੇ ਦੋ ਹਜ਼ਾਰ ਰੁਪਏ ਅਰਦਾਸ ਹੋਏ। ਸ: ਬਿਸ਼ਨ ਸਿੰਘ ਰੁਮਾਣਾ ਤਹਿਸੀਲਦਾਰ ਪੈਲ ਨੇ ਸੰਤ ਜੀ ਮਹਾਰਾਜ ਦੇ ਹੱਥੀ ਸਰੋਵਰ ਹਾਈ ਸਕੂਲ ਦੀ ਨੀਂਹ ਰਖਾਈ। ਤਿੰਨ ਵਾਰੀ ਸ੍ਰੀ ਸੰਤ ਜੀ ਮਹਾਰਾਜ ਇੱਥੇ ਪੁੱਜੇ। ਇੱਕ ਪ੍ਰੇਮੀ ਨੇ ਕਿਹਾ ਕਿ ਸੰਤ ਜੀ ਜਗ੍ਹਾ ਨੂੰ ਜੱਫਾ ਮਾਰਣ ਲਈ ਆਉਂਦੇ ਹਨ। ਬਸ ਸੰਤ ਜੀ ਨੇ ਕਿਹਾ ਕਿ ਪ੍ਰੇਮੀਆਂ! ਅਸੀਂ ਬਿਹੰਗਮ ਹਾਂ। ਸਾਡੀ ਕੋਈ ਮੇਰ-ਤੇਰ ਨਹੀਂ। ਅਸੀਂ ਘਰ ਬਾਰ ਛੱਡ ਕੇ ਹੋਰ ਥਾਂਈਂ ਜੱਫਾ ਮਾਰਨਾ ਨਹੀਂ ਚਾਹੁੰਦੇ, ਹਾਂ ਇੱਕ ਬਾਤ ਜ਼ਰੂਰੀ ਹੈ ਕਿ ਇਹ ਥਾਂ ਸਿੱਧਾਂ ਪੁਰਸ਼ਾਂ ਸ਼ਹੀਦਾਂ ਦੀ ਹੈ ਤੇ ਇਕਾਂਤ ਥਾਂ ਹੈ। ਸਾਨੂੰ ਮਸਤੂਆਣੇ ਨਾਲੋਂ ਵੀ ਜ਼ਿਆਦਾ ਇਹ ਜਗ੍ਹਾ ਮਨ ਪੁੜੀ ਹੈ। ਇਸ ਸਰੋਵਰ ਸ਼ਹੀਦ ਗੰਜ ਦੀ ਸੇਵਾ ਕਰਕੇ ਇਲਾਕੇ ਦੇ ਅਨੇਕਾਂ ਪਿੰਡਾਂ ਦਾ ਭਲਾ ਹੋਣਾ ਸੀ। ਅੱਛਾ! ਸਮਾਂ ਪਾ ਕੇ ਇਹ ਥਾਂ ਅਬਾਦ ਹੋਵੇਗਾ, ਪਰੰਤੂ ਅਬਾਦ ਸਿਧ ਪੁਰਸ਼ ਹੀ ਕਰਨਗੇ, ਜਿੰਨ-ਭੂਤ ਇਸ ਨੂੰ ਅਬਾਦ ਨਹੀਂ ਕਰ ਸਕਦੇ। ੨੫ ਸਾਲ ਪਿੱਛੋਂ ਦਾਸ ਨੇ ਹੁਣ ਕਮੇਟੀ ਬਣਾ ਕੇ ਕੰਮ ਅਰੰਭਿਆ ਹੈ ਹਾਈ ਸਕੂਲ ਦੀ ਥਾਂ ਗੁਰਦੁਆਰਾ ਬਣ ਗਿਆ, ਸ਼ਹੀਦ ਗੰਜ ਤੇ ਸਰੋਵਰ ਬਾਕੀ ਹੈ। ਸਮਾਂ ਆਵੇਗਾ ਅਤੇ ਬਾਰਾਂ ਅਮਾਵਸਾਂ ਦੇ ਮੇਲੇ ਸਜਿਆ ਕਰਨਗੇ।

(੧੧) ਸਿਧਸਰ (ਝਲਿਆਣੇ) ਤੋਂ ਸਿਹੌੜੇ ਪਿੰਡ ਪੁੱਜੇ, ਦੀਵਾਨ ਸਜਿਆ। ਇੱਕ ਚਾਦਰਪੋਸ਼ ਪ੍ਰੇਮੀ ਨੇ ਚਾਦਰ ਦਾ ਪੱਲਾ ਫੈਲਾ ਕੇ ਪੰਜ ਛੀ ਰੁਪਏ ਮਹਾਰਾਜ ਦੇ ਸਾਹਮਣਿਓਂ ਚੁੱਕ ਕੇ ਜੇਬ ਵਿੱਚ ਪਾ ਲਿਤੇ। ਗਿਆਨੀ ਹਰੀ ਸਿੰਘ ਨੇ ਸੰਤ ਜੀ ਨੂੰ ਡੇਰੇ ਜਾਣ ਸਾਰ ਕਿਹਾ ਕਿ ਫਲਾਣੇ ਪ੍ਰੇਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੋਂ ਕੁਝ ਦਮੜੇ ਚੁੱਕ ਕੇ ਚੁਰਾ ਲਿਤੇ ਹਨ। ਸੰਤ ਜੀ ਨੇ ਕਿਹਾ ਕਿ ਚਰਚਾ ਨਾ ਕਰੋ, ਅਸੀਂ ਆਪੇ ਹੀ ਸਮਝਾ ਲਵਾਂਗੇ। ਉਕਤ ਭੇਖੀ ਪ੍ਰੇਮੀ ਨੂੰ ਵੱਖ-ਵੱਖ ਬੁਲਾ ਕੇ ਪੁੱਛਿਆ ਕਿ 'ਪ੍ਰੇਮੀਆ! ਕੀ ਆਪ ਨੂੰ ਮਾਇਆ ਦੀ ਲੋੜ ਹੈ?' ਉਸਨੇ ਸੱਚੋ-ਸੱਚ ਕਹਿ ਦਿੱਤਾ ਕਿ ਮਹਾਰਾਜ ਜੀ, ਮੇਰਾ ਬਿਸਤਰਾ ਅਤੇ ਰੁਪਏ ਖੋਏ ਗਏ ਹਨ, ਮੈਨੂੰ ਰੋਪੜ ਪੁੱਜਣ ਲਈ ਮਾਇਆ ਦੀ ਲੋੜ ਸੀ। ਮੈਂ ਛੇ ਰੁਪਏ ਜ਼ਰੂਰ ਚੁੱਕੇ ਹਨ। ਸੰਤ ਜੀ ਨੇ ਕਿਹਾ ਕਿ ਸ਼ਾਮ ਦੇ ਦੀਵਾਨ ਦੀ ਚੜ੍ਹਤ ਸਾਰੀ ਦੀ ਸਾਰੀ ਆਪ ਦੀ ਰਹੀ। ਸ਼ਾਮ ਨੂੰ ੬੦ ਰੁਪਏ ਚੜ੍ਹਾਵੇ ਦੇ ਹੋਏ, ਸਾਰੇ ਉਸ ਪ੍ਰੇਮੀ ਨੂੰ ਦੇ ਦਿੱਤੇ।

(੧੨) ਸ੍ਰੀਮਾਨ ਪ੍ਰੋਫੈਸਰ ਹਰਬੰਸ ਸਿੰਘ ਐਮ.ਏ. ਨੇ ਪੁੱਛਿਆ ਕਿ ਮਹਾਰਾਜ ਜੀ, ਆਪ ਵਰਗੇ ਕਿਵੇਂ ਬਣੀਏ? ਕਿਹਾ ਕਿ ਭਾਈ ਆਪ ਸਾਰੇ ਹੀ ਸਾਡੇ ਵਰਗੇ ਹੋ। ਉਹੀ ਇੱਕੋ ਹੀ ਚੱਕ੍ਰ-ਚਿੰਨ੍ਹ ਹਨ। ਪ੍ਰੋਫੈਸਰ ਨੇ ਪੁੱਛਿਆ ਕਿ ਨਹੀਂ, ਮਹਾਰਾਜ ਜੀ। **ਸੰਤ ਜੀ ਨੇ ਕਿਹਾ ਕਿ ਪ੍ਰੇਮੀਓ! ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਬਾਣੀ ਪੜਿਆ ਕਰੋ। 'ਮਹਾਰਾਜ ਜੀ ਨੀਂਦ ਆਉਂਦੀ ਹੈ?' 'ਭਾਈ! ਪਾਣੀ ਨਾਲ ਫੇਰ ਮੂੰਹ ਧੋ ਲਿਆ ਕਰੋ।' ਮਹਾਰਾਜ ਜੀ, ਜੇਕਰ ਫੇਰ ਵੀ ਨੀਂਦ ਸਤਾਵੇ?' ਉੱਚੀ-ਉੱਚੀ ਜ਼ੋਰ ਲਾ ਕੇ ਬਾਣੀ ਪੜ੍ਹਿਆ ਕਰੋ। ਪ੍ਰੋਫੈਸਰ**

---

* ਸਿਧਸਰ, ਦਾਦੇ ਸਿਧ ਸੋਢਲ, ਅਰਥਾਤ ਸ਼ੀਹੋਂ ਗਿੱਲ ਦੀ ਥਾਂ ਹੈ, ਜੋ ਕਿ ਗਿੱਲ ਦਾ ਪੋਤਾ ਸੀ। ਇਸ ਦਾ ਸਿਰ ਪਿੰਡ ਦੇ ਪਾਸ ਜੰਗ ਵਿੱਚ ਕਲਮ ਹੋਇਆ। ਸਿਰ ਚੁੱਕ ਕੇ ਲੜਦੇ ਪੰਚ ਮੀਲ ਚਲੇ ਗਏ ਤੇ ਸਿਹੌੜੇ ਪਿੰਡ ਦੇ ਪਾਸ ਰੱਖ ਦਿੱਤਾ। ਫਿਰ ਡੇਢ ਮੀਲ ਜਾ ਕੇ ਘੋੜਾ ਸ਼ਹੀਦ ਹੋ ਗਿਆ ਤੇ ਧੜ ਸ਼ਾਂਤ ਹੋ ਗਿਆ। ਇੱਥੇ ਸ਼ਹੀਦ ਗੰਜ ਹੈ, ਲੋਕੀਂ ਮੰਨਦੇ ਪੂਜਦੇ ਹਨ। ਝਲਿਆਣਾ ਉੱਘਾ ਹੈ।

ਹਰਬੰਸ ਸਿੰਘ ਨੇ ਪੁੱਛਿਆ ਕਿ ਮਹਾਰਾਜ ਜੀ ਫੇਰ ਕੀ ਹੋਵੇਗਾ? ਤਾਂ ਕਿਹਾ ਕਿ ਫੇਰ ਜੋ ਕੁਝ ਹੋਵੇਗਾ, ਆਪੇ ਹੀ ਪਤਾ ਲੱਗ ਜਾਵੇਗਾ। ਪਹਿਲੇ ਇਤਨਾ ਕੁ ਕਰਕੇ ਵੇਖੋ।

(੧੩) ਭਾਈ ਦੁਲੇਲ ਸਿੰਘ ਮਾਂਗੇਵਾਲ ਦੇ ਘਰ ਇੱਕ ਜਨਮ ਦੀ ਮੁਸਲਮਾਨਣੀ ਭਸੌੜ ਅੰਮ੍ਰਿਤ ਛਕਾ ਕੇ ਸਿੰਘਣੀ ਸਜਾਈ ਹੋਈ ਸੀ, ਉਸ ਨੇ ਸੰਤਾਂ ਨੂੰ ਆਪਣੇ ਘਰ ਲਿਜਾ ਕੇ ਦੀਵਾਨ ਸਜਾਣ ਤੇ ਪ੍ਰਸ਼ਾਦਾ ਛਕਾਣ ਲਈ ਅਰਜ਼ ਕੀਤੀ। ਸੰਤ ਜੀ ਨੇ ਫ਼ਰਮਾਇਆ ਕਿ ਪ੍ਰੇਮੀਆਂ ਸਾਡੇ ਲਈ ਸਭ ਇੱਕੋ ਹੀ ਹੈ। ਉਸ ਪ੍ਰੇਮਣ ਦੀਆਂ ਰੋਟੀਆਂ ਐਥੇ ਲਿਆ ਕੇ ਛਕਾ ਦੇ, ਸਾਡਾ ਕੁਝ ਨਹੀਂ ਵਿਗੜਦਾ, ਪਰੰਤੂ ਇਹ ਕੋਈ ਸਿਆਣਪ ਨਹੀਂ ਕਿ ਹਜ਼ਾਰਾਂ ਨੂੰ ਦੁੱਖੀ ਕੀਤਾ ਜਾਵੇ। ਆਪ ਦੇ ਘਰ ਜਾਣ ਨਾਲ ਆਪ ਦੋ ਜੀ ਖੁਸ਼ ਹੋਵੋਗੇ; ਇਸ ਲਈ ਸੰਗਤਾਂ ਨੂੰ ਨਰਾਜ਼ ਕਰਨਾ ਯੋਗ ਨਹੀਂ ਹੈ।

(੧੪) ਸਿਹੌੜੇ ਤੋਂ ਅਲੂਣੇ ਪਲੇ ਹੁੰਦੇ ਹੋਏ ਸੰਤ ਜੀ ਨਸਰਾਲੀ ਦੀਵਾਨ ਸਜਾ ਕੇ ਈਸੜੂ ਪੁੱਜੇ। ਈਸੜੂ ਵਿੱਚ ਭਾਈ ਜਵਾਹਰ ਸਿੰਘ ਆਦਿ ਪ੍ਰੇਮੀ ਸਿੱਖ ਸਨ। ਹਿੰਦੂ, ਬ੍ਰਾਹਮਣ ਸਿੱਖਾਂ ਦੇ ਇਸ ਕਰਕੇ ਉਲਟ ਸਨ ਕਿ ਸਿੱਖਾਂ ਨੇ ਉਸ ਖੂਹ ਦਾ ਪਾਣੀ ਵਰਤਣਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਗਊ ਗਿਰ ਪਈ ਸੀ ਅਤੇ ਅਜੇ ਤੀਕ ਗੰਗਾ ਜਲ ਪਾ ਕੇ ਸ਼ੁੱਧ ਨਹੀਂ ਕੀਤਾ ਸੀ। ਬਸ ਸੰਤ ਜੀ ਹਿੰਦੂ ਬ੍ਰਾਹਮਣਾਂ ਦੇ ਪਾਸ ਗਏ ਅਤੇ ਦੀਵਾਨ ਸਜਾ ਕੇ ਬ੍ਰਾਹਮਣਾਂ ਸਿੱਖਾਂ ਦਾ ਫੈਸਲਾ ਕਰਕੇ ਮਿਲਾਪ ਕਰਾਇਆ।

(੧੫) ਈਸੜੂ ਤੋਂ ਇਕੋਲਾਹੇ ਵਿੱਚ ਦੀ ਹੁੰਦੇ ਹੋਏ ਖੰਨੇ ਰੇਲ ਦੀ ਲਾਈਨ ਟੱਪ ਕੇ ਭਾਈ ਸੁੰਦਰ ਸਿੰਘ ਦੇ ਖੂਹ ਪਰ ਜਾ ਠਹਿਰੇ। ਇੱਥੋਂ ਪੰਜ ਇਸ਼ਨਾਨਾ ਕਰਕੇ ਆਪ ਬਾਰਾਂ ਬਿਹੰਗਮਾਂ ਸਮੇਤ ਕਾਠਗੜ੍ਹ ਦੁਆਬੇ ਜਾਣ ਲਈ ਰੇਲ ਗੱਡੀ ਚੜ੍ਹ ਗਏ ਅਤੇ ਦਾਸ ਨੇ ਕਿਹਾ ਕਿ ਆਪ ਦਾ ਇਲਾਕਾ ਹੁਣ ਮੁੱਕ ਗਿਆ ਹੈ। ਮੈਂ ਵੈਰਾਗ ਵਿੱਚ ਰੋਂਦਾ ਹੋਇਆ ਤੇ ਚੇਤੇ ਕਰਦਾ ਹੋਇਆ ਮੁੜ ਧਮੋਟ ਆ ਗਿਆ।

(੧੬) ਦਮਦਮੇ ਸਾਹਿਬ ਫ਼ਰਮਾਇਆ ਕਿ ਪ੍ਰੇਮੀਓ! ਗੁਰੂਸਰ ਦੀ ਸੇਵਾ ਨੌਵੀਂ ਪਾਤਸ਼ਾਹੀ ਨੇ ਦੁਸ਼ਾਲੇ ਨਾਲ ਅਤੇ ਦਸਮੀਂ ਨੇ ਢਾਲ ਨਾਲ ਅਰਥਾਤ ਪੰਜ-ਪੰਜ ਢਾਲੇ ਭਰ-ਭਰ ਕੱਢੇ ਸਨ।

(ੳ) ਪ੍ਰੇਮੀਓ! ਭਾਈ ਤੇਜਾ ਸਿੰਘ ਨੂੰ ਅਸੀਂ ਆਪਣੀ ਥਾਂ ਕੁਝ ਦੇਖ ਕੇ ਖੜਾ ਕੀਤਾ ਹੈ, ਜੋ ਤੇਜਾ ਸਿੰਘ ਦਾ ਬਚਨ ਨਹੀਂ ਮੰਨ ਸਕਦਾ, ਉਹ ਸਾਡਾ ਬਚਨ ਨਹੀਂ ਮੰਨ ਸਕਦਾ ਅਤੇ ਬਚਨ ਮੰਨਣ ਦਾ ਦਰਜਾ ਦਰਸ਼ਨ ਨਾਲੋਂ ਵੱਡਾ ਹੈ। ਜੋ ਬਚਨ ਨਹੀਂ ਮੰਨ ਸਕਦਾ, ਉਸ ਨੂੰ ਦਰਸ਼ਨਾਂ ਦਾ ਕੋਈ ਲਾਭ ਨਹੀਂ ਹੈ। ਉਕਤ ਹੁਕਮਨਾਮਾ ਭਾਈ ਗੁਰਬਖਸ਼ ਸਿੰਘ ਰਾਹੀਂ ਮਹੇਰਨੇ ਤੋਂ ਮਸਤੂਆਣੇ ਸੰਤ ਜੀ ਨੇ ਸਿੰਘਾਂ ਨੂੰ ਪਹੁੰਚਾਇਆ।

(ਅ) ਦਾਸ ਖ਼ਾਲਸਾ ਹਾਈ ਸਕੂਲ ਦਮਦਮਾ ਸਾਹਿਬ ਦਾ ਧਾਰਮਿਕ ਮਾਸਟਰ ਤੇ ਸੁਪ੍ਰਿੰਟੈਂਡੰਟ ਬੋਰਡਿੰਗ ਹਾਊਸ ਸੀ। ੪੦ ਦੇ ਕਰੀਬ ਬੋਰਡਰ ਭੁਝੰਗੀਆਂ ਨੂੰ ਨਾਲ ਲੈ ਕੇ ਦਾਸ ਸ਼ਾਮ ਨੂੰ ਕੱਸੀ ਤੇ ਟੋਕਰੀ ਦੀ ਸੇਵਾ ਲਈ ਪੁੱਜਿਆ ਕਰਦਾ ਸੀ। ਦੋ-ਚਾਰ ਦਿਨ ਸੇਵਾ ਕਰਕੇ ਪੰਜ ਭੁਝੰਗੀ ਹੀ ਬਾਕੀ ਸੇਵਾ ਲਈ ਰਹਿ ਗਏ। ਸੰਤ ਜੀ ਨੇ ਪੁੱਛਿਆ ਕਿ ਭਾਈ ਰਾਮ ਸਿੰਘ ਭੁਝੰਗੀ ਕਿਉਂ ਨਹੀਂ ਆਉਂਦੇ? ਦਾਸ ਨੇ ਕਿਹਾ ਕਿ ਮਹਾਰਾਜ ਜੀ, ਹਾਕੀ, ਫੁੱਟਬਾਲ ਖੇਲਣ ਲਈ ਚਲੇ ਜਾਂਦੇ ਹਨ। ਸੰਤ ਜੀ ਨੇ ਫ਼ਰਮਾਇਆ ਕਿ ਇਹ ਖੇਲ (ਸੇਵਾ ਦੀ ਖੇਲ) ਖੇਲਣੀ ਕਠਿਨ ਹੈ, ਉਹ ਖੇਲ ਸੌਖੀ ਹੈ, ਪਰੰਤੂ ਇਹ ਖੇਲ ਲੋਕ ਪ੍ਰਲੋਕ ਸੰਵਾਰਦੀ ਹੈ। ਦੋਨੋਂ ਹੱਥ ਲੱਡੂ ਹਨ, ਤਨ, ਮਨ ਨੂੰ ਤਕੜਾ ਕਰਦੀ ਹੈ। ਹੁਣ ਕੱਚਾ ਦੁੱਧ ਜੰਮਦਾ ਹੈ, ਫੇਰ ਕੁਝ ਨਾ ਬਣੇਗਾ। ਆਪੋ-ਆਪਣਾ ਹਿੱਸਾ ਮਿਲਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

(ਏ) ਵਿਸਾਖੀ ਦੇ ਮੌਕੇ ਇੱਕ ਨਾਗਾ ਉਦਾਸੀ ਤਪੀਆ ਆਪਣੇ ਧੂੰਣੇ ਵਿੱਚੋਂ ਜਲਦੀ-ਬਲਦੀ ਲੱਕੜ ਕੰਧੇ ਪਰ ਚੁੱਕ ਕੇ ਖੜੋ ਕੇ ਕ੍ਰੋਧ ਭਰੀ ਬਾਣੀ ਕਹਿ ਕੇ ਥੁੱਕ ਗਿਆ, ਤਾਂ ਸੰਤ ਜੀ ਅੱਗੇ ਨੂੰ ਚੱਲ ਪਏ ਅਤੇ ਕਿਹਾ ਕਿ ਇਹ ਸੰਤ ਸਾਡੇ ਪਾਸੋਂ ਅੱਗ ਚਾਹੁੰਦਾ ਸੀ ਪਰੰਤੂ ਇੱਥੇ ਅੱਗ ਨਹੀਂ ਹੈ।

(ਸ) ਪੋਹ ਸੁਦੀ ਸਪਤਮੀ ਨੂੰ ਸ੍ਰੀ ਗੁਰੂ ਸਿੰਘ ਸਭਾ ਵਿੱਚ ਅਖੰਡ ਪਾਠ ਹੋ ਰਿਹਾ ਸੀ। ਸੰਤ ਜੀ ਪਾਸੋਂ ਆਸਾ ਜੀ ਦੀ ਵਾਰ ਦਾ ਕੀਰਤਨ ਕਰਾਉਣਾ ਸੀ। ਮਾਸਟਰ ਕੇਸਰ ਸਿੰਘ ਨੇ ਸੰਤ ਜੀ ਦੇ ਬੈਠਣ ਦੀ ਥਾਂ ਇੱਕ ਗਦੇਲਾ ਚਾਦਰ ਦੇ ਥੱਲੇ ਵਿਛਾ ਦਿੱਤਾ। ਸੰਤ ਜੀ ਨੇ ਪੁੱਜਣ ਸਾਰ ਆਪ ਪੈਰਾਂ ਨਾਲ ਟੋਹਕੇ ਇਹ ਕਹਿ ਕੇ ਬਾਹਰ ਕੱਢਵਾ ਦਿੱਤਾ ਕਿ ਭਾਈ ਅਸੀਂ ਸੰਗਤ ਤੋਂ ਬਾਹਰ ਨਹੀਂ ਹਾਂ, ਸੰਗਤ ਦੇ ਵਿੱਚ ਹੀ ਹਾਂ।

(ਹ) ਪ੍ਰੇਮੀਓ! ਅਸੀਂ ਚਾਦਰ ਲੀਤੀ ਹੈ, ਇਹ ਕੋਈ ਭੇਖ ਨਹੀਂ ਹੈ। ਇਹ ਸਾਡਾ ਨਿਵਿਰਤੀ ਪਖਸ਼ ਹੈ। ਇਹ ਚਾਦਰ ਸਾਨੂੰ ਵੇਲੇ-ਕੁਵੇਲੇ ਦਸਤਾਰੇ, ਕੁੜਤੇ, ਕੋਟ, ਪਜਾਮੇ, ਤੌਲੀਏ, ਦਰੀ, ਰਜ਼ਾਈ ਅਤੇ ਸਿਰਹਾਨੇ ਆਦਿ ਦਾ ਕੰਮ ਦਿੰਦੀ ਹੈ ਅਤੇ ਅੰਤ ਨੂੰ ਕਫ਼ਨ ਹੀ ਮਿਲਦਾ ਹੈ। ਬਸ ਅਸੀਂ ਸੰਸਾਰ ਵੱਲੋਂ ਮਰੇ ਹੋਏ ਹਾਂ, ਇਸ ਲਈ ਕਫ਼ਨ ਚੁੱਕੀ ਫਿਰਦੇ ਹਾਂ, ਜਿਸ ਨੇ ਚਾਦਰ ਪਹਿਨਣੀ ਹੈ, ਉਸ ਨੂੰ ਮਾਇਆ, ਮਾਨ-ਮੋਹ ਦਾ ਤਿਆਗ ਕਰ ਦੇਣਾ ਚਾਹੀਦਾ ਹੈ।

(ਕ) ਦਮਦਮੇ ਸਾਹਿਬ ਇੱਕ ਪ੍ਰੇਮੀ ਬਾਜਰੇ ਦਾ ਗੱਡਾ ਲੱਦ ਕੇ ਲੰਗਰ ਲਈ ਲਿਆਇਆ। ਉਸ ਨੂੰ ਲੰਗਰ ਵਿੱਚੋਂ ਪ੍ਰਸ਼ਾਦਾ ਛਕਣ ਲਈ ਸੰਤ ਜੀ ਨੇ ਕਿਹਾ। ਉਸ ਪ੍ਰੇਮੀ ਨੇ ਕਿਹਾ ਕਿ ਮਹਾਰਾਜ ਜੀ, ਰੋਟੀ ਘਰ ਜਾ ਕੇ ਖਾਵਾਂਗੇ, ਇੱਥੇ ਤਾਂ ਸੁੱਕੇ ਟੁੱਕੜੇ ਹਨ। ਸੰਤ ਜੀ ਨੇ ਇਹ ਵਿਚਾਰ ਕੇ ਕਿ ਇਹ ਗੁਰੂ ਕੇ ਲੰਗਰ ਦੀ ਨਿੰਦਾ ਕਰਦਾ ਹੈ, ਉਸ ਪ੍ਰੇਮੀ ਨੂੰ ਵਾਪਸ ਬੁਲਾਇਆ ਤੇ ਦੋ ਰੋਟੀਆਂ ਲੰਗਰੋਂ ਮੰਗਵਾ ਕੇ ਉਸ ਦੇ ਹੱਥਾਂ ਵਿੱਚ ਘੀ ਚੋ ਕੇ ਦਿਖਾਇਆ ਤੇ ਕਿਹਾ ਕਿ ਫੇਰ ਗੁਰੂ ਕੇ ਲੰਗਰ ਦੀ ਨਿੰਦਾ ਨਾ ਕਰੀ। ਸਵਾ ਮਣ ਘੀ ਚੋ ਕੇ ਲੰਗਰ ਵਿੱਚ ਗੁਪਤ ਰੋਜ਼ ਪੈਂਦਾ ਹੈ।

(ਖ) ਸ੍ਰੀਮਾਨ ਸੰਤ ਜੀ ਦੀ ਮਾਤਾ ਦੇ ਚਲਾਣੇ ਸਮੇਂ ਸਰਦਾਰ ਨਿਹਾਲ ਸਿੰਘ ਛੰਨਾ ਵਾਲੇ ਨੇ ਕਿਹਾ ਕਿ ਮਹਾਰਾਜ ਜੀ, ਮਾਈ ਵੱਡੇ ਭਾਗਾਂ ਵਾਲੀ ਸੀ ਜੋ ਨਿਮਾਣੀ ਨੂੰ ਚਾਰ ਦਿਨ ਕੀਰਤਨ ਹੋਇਆ ਹੈ। ਸੰਤ ਜੀ ਨੇ ਸਰਦਾਰ ਨਿਹਾਲ ਸਿੰਘ ਨੂੰ ਕਿਹਾ ਕਿ ਇਹ ਤਾਂ ਸਾਨੂੰ ਪਤਾ ਨਹੀਂ ਪਰੰਤੂ ਆਪਾਂ ਨੂੰ ਮੌਤ ਦਾ ਦਿਨ ਚੇਤੇ ਰੱਖਣਾ ਚਾਹੀਦਾ ਹੈ, ਆਪਾਂ ਵੀ ਇੱਕ ਦਿਨ ਚੱਲਣਾ ਹੈ। ਭਜਨ ਕਰ ਲਵੋ।

(ਗ) ਦਾਸ ਨੇ ਦਮਦਮੇ ਸਾਹਿਬ ਬੇਨਤੀ ਕੀਤੀ ਕਿ ਮਹਾਰਾਜ ਨਾਭਾ ਦੇ ਕਰਮਚਾਰੀ ਮਸਤੂਆਣੇ ਦੇ ਮਕਾਨ, ਜ਼ਮੀਨ ਆਦਿ ਆਪਣੇ ਕਬਜ਼ੇ ਕਰਨਾ ਚਾਹੁੰਦੇ ਹਨ। **ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਮਸਤੂਆਣਾ ਹੈ ਹੀ ਨਹੀਂ। ਜਿੱਥੇ ਅੱਖ ਫਰਕ ਅੰਦਰ ਬੇਅੰਤ ਖੰਡ-ਬ੍ਰਹਮੰਡ ਉੱਤਪਤ ਤੇ ਪਰਲੋਂ ਹੁੰਦੇ ਹਨ, ਉੱਥੇ ਮਸਤੂਆਣਾ ਦੀ ਕੀ ਹਸਤੀ ਹੈ?** ਦਾਸ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਹ ਪੰਥ ਦੀ ਸੇਵਾ ਹੈ। ਆਪ ਨੇ ਕਿਹਾ ਕਿ ਜੇਕਰ ਪੰਥ ਦੀ ਸੇਵਾ ਹੈ, ਤਾਂ ਆਪ ਹੀ ਜਾਓ ਤੇ ਕਰੋ। ਦਾਸ ਨੇ ਮਾਸਟਰੀ ਨਾਲ ਬੋਰਡਿੰਗ ਦੀ ਸੇਵਾ ਕਰਨ ਦੀ ਮਜ਼ਬੂਰੀ ਦੱਸੀ। ਸੰਤ ਜੀ ਨੇ ਦਾਸ ਨੂੰ ਸਾਖੀ ਸੁਣਾਈ ਕਿ ਕਿਸੇ ਨੇ ਥੰਮ੍ਹ ਨੂੰ ਜੱਫੀ ਪਾ ਕੇ ਦੁਹਾਈ ਦਿੱਤੀ ਕਿ ਮੈਨੂੰ ਥੰਮ੍ਹ ਨੇ ਪਕੜ ਲੀਤਾ ਹੈ। ਇੱਕ ਸਿਆਣੇ ਨੇ ਜੱਫੀ ਛੁਡਾ ਦਿੱਤੀ ਤੇ ਕਿਹਾ ਕਿ ਤੈਂ ਆਪ ਹੀ ਜੱਫੀ ਪਾਈ ਹੋਈ ਹੈ। ਬਸ ਦਾਸ ਨੂੰ ਕਿਹਾ ਕਿ ਛੱਡ ਦੇ ਮਸਤੂਆਣੇ ਚਲੇ ਜਾਓ। ਬਸ ਦਾਸ ਛੱਡ ਕੇ ਮਸਤੂਆਣੇ ਪੁੱਜ ਗਿਆ ਤੇ ਦੁਬਾਰਾ ਸਕੂਲ ਤੇ ਧਾਰਮਿਕ ਮਿਸ਼ਨਰੀ ਕਾਲਜ ਜਾਰੀ ਹੋਇਆ।

ਵਧੀਕ ਸਾਖੀਆਂ

ਉਪਰੋਕਤ ਦਿੱਤੀਆਂ ਸਾਖੀਆਂ ਤੋਂ ਛੁੱਟ ਕੁਝ ਹੋਰ ਸਾਖੀਆਂ; ਜਿਹੜੀਆਂ ਭਰੋਸੇ-ਯੋਗ ਵਸੀਲੇ ਤੋਂ ਪ੍ਰਾਪਤ ਹੋਈਆਂ ਹਨ, ਹੇਠਾਂ ਦਿੱਤੀਆਂ ਜਾਂਦੀਆਂ ਹਨ:

ਅਜਾਮਲ ਦੇ ਨਿਸਤਾਰੇ ਦੇ ਭੇਦ

ਇੱਕ ਦਿਨ ਸੰਤ ਅਤਰ ਸਿੰਘ ਜੀ ਮਹਾਰਾਜ ਸੇਖੇ ਨਗਰ ਵਿਖੇ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਤਾਂ ਆਪਣੇ ਸੇਵਕਾਂ ਨੂੰ ਬਚਨ ਕੀਤਾ ਕਿ ਭਾਈ ਜੇ ਕਿਸੇ ਕੁਝ ਪੁੱਛਣਾ ਹੈ ਤਾਂ ਪੁੱਛ ਲਵੋ, ਪਿੱਛੋਂ ਨਹੀਂ ਕਹਿਣਾ ਕਿ ਕੁਝ ਪੁੱਛਿਆ ਨਹੀਂ। ਕੁਝ ਸਮੇਂ ਪਿੱਛੋਂ ਭਾਈ ਈਸ਼ਰ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਅਜਾਮਲ ਨੇ ਸਾਰੇ ਜੀਵਨ ਵਿੱਚ ਪਾਪ ਤੇ ਬੁਰੇ ਕੰਮ ਹੀ ਕੀਤੇ ਤੇ ਅਕਾਲ ਪੁਰਖ ਨੇ ਕਿਸ ਤਰ੍ਹਾਂ ਉਸ ਦੀ ਇੱਕ ਛਿਨ ਵਿੱਚ ਹੀ ਮੁਕਤੀ ਕਰ ਦਿੱਤੀ, ਦਾਸ ਦਾ ਇਹ ਸ਼ੰਕਾ ਦੂਰ ਕਰੋ। **ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਭਾਈ! ਅਜਾਮਲ ਨੇ ਪਿੱਛਲੇ ਜਨਮ ਵਿੱਚ ਕਰਤਾਰ ਦੀ ਬਹੁਤ ਕਮਾਈ ਕੀਤੀ ਸੀ ਪਰ ਇਸ ਜਨਮ ਵਿੱਚ ਕੁਸੰਗਤ ਅਤੇ ਦ੍ਰਿਸ਼ਟਮਾਨ ਦੀ ਖਿੱਚ ਕਰ ਕੇ ਮਨ ਗਿਰ ਗਿਆ ਅਤੇ ਪਾਪਾਂ ਵਿੱਚ ਫਸ ਗਿਆ। ਜਦੋਂ ਸੰਗਤ ਕੀਤੀ ਤਾਂ ਮਹਾਂਪੁਰਸ਼ਾਂ ਦੀ ਆਤਮਿਕ ਉਪਦੇਸ਼ ਦੀ ਸ਼ੇਰ ਵਾਲੀ ਭੱਬਕ ਨੇ ਇਸ ਦਾ ਅੰਦਰ ਦਾ ਸ਼ੇਰ ਜਗਾ ਦਿੱਤਾ ਅਤੇ ਇਸ ਨੇ ਆਪਣੇ ਲੜਕੇ ਦਾ ਨਾਮ ਮਹਾਂਪੁਰਸ਼ਾਂ ਦੇ ਪ੍ਰੇਮ ਨਾਲ, ਨਾਰਾਇਣ ਰਖਵਾ ਕੇ ਪੁੱਤਰ ਭਾਵਨਾ ਤੋਂ ਉੱਠ ਨਾਰਾਇਣ ਭਾਵਨਾ ਵਿੱਚ ਜਾਪ ਕਰਨ ਲੱਗ ਪਿਆ। ਜਦੋਂ ਨਾਰਾਇਣ ਦਾ ਨਾਮ ਲੈਂਦਾ ਸੀ ਬਾਹਰ ਦਾ ਮਿੱਟੀ ਦਾ ਪੁਤਲਾ ਨਾਰਾਇਣ ਤਾਂ ਵਿਸਰ ਜਾਂਦਾ ਸੀ ਅਤੇ ਅੰਦਰ ਦੇ ਸਰਬ-ਵਿਆਪੀ ਨਾਰਾਇਣ ਨਾਲ ਪੂਰੇ ਸਤਿਕਾਰ, ਸ਼ਰਧਾ ਅਤੇ ਪ੍ਰੇਮ ਨਾਲ ਸੁਰਤ ਜੁੜ ਜਾਂਦੀ ਸੀ। ਇਸ ਤਰ੍ਹਾਂ ਇਹਨੇ ਸੰਸਾਰ ਭਵ-ਸਾਗਰ ਨੂੰ ਪਾਰ ਕਰ ਲਿਆ।**

ਸਾਚੁ ਕਹੋਂ ਸੁਣ ਲੇਹੁ ਸਭੈ ਜਿਨ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਨਿੱਤਨੇਮ ਸਿੱਖੀ ਦੀ ਪੂੰਜੀ ਹੈ

ਇੱਕ ਭੁਝੰਗੀ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਕੋਲੋਂ ਅੰਮ੍ਰਿਤ ਛਕਿਆ। ਸੰਤ ਜੀ ਮਹਾਰਾਜ ਨੇ ਪੂਰੀ ਰਹਿਤ ਮਰਯਾਦਾ ਦੱਸੀ ਅਤੇ ਪੰਜਾਂ ਬਾਣੀਆਂ ਦਾ ਨਿੱਤਨੇਮ ਕਰਨ ਲਈ ਦੱਸਿਆ। ਇਹ ਭੁਝੰਗੀ ਫੇਰ ਇੱਕ ਵਾਰੀ ਦਰਸ਼ਨ ਕਰਨ ਲਈ ਆਇਆ ਤਾਂ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਕਾਕਾ ਨਿੱਤਨੇਮ ਕਰਦਾ ਹੈਂ ਤਾਂ ਉਸ ਨੇ ਕਿਹਾ ਕਿ ਹਾਂ ਜੀ ਆਪ ਦੀ ਬਖਸ਼ਸ਼ ਕਰ ਕੇ ਨਿੱਤਨੇਮ ਹੋ ਜਾਂਦਾ ਹੈ। ਫੇਰ ਸੰਤ ਜੀ ਮਹਾਰਾਜ ਨੇ ਬਚਨ ਕੀਤਾ ਕਿ ਭਾਈ! ਨਿੱਤਨੇਮ ਹਰ ਰੋਜ਼ ਕਰਨਾ, ਇਸ ਨੂੰ ਨਹੀਂ ਛੱਡਣਾ, ਇਹ ਸਿੱਖ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ।

ਆਪ ਬ੍ਰਹਮ ਰੂਪ ਹੈ

ਸਕੰਦਰ ਸਿੰਘ Ex-MLA ਮਛਰਾਏ (Siri Har Gobindpur) ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਬਹੁਤ ਬਿਰਧ ਸਾਧੂ ਪਿੱਛਲੇ ਸਾਲਾਂ ਵਿੱਚ ਮਿਲਿਆ ਅਤੇ ਉਸ ਨੇ ਦੱਸਿਆਂ ਕਿ ਉਹ ਰਿਸ਼ੀਕੇਸ ਸਾਹਮਣੇ ਗੁਫਾ ਵਿੱਚ ਤਪ ਕਰਦਾ ਸੀ। ਜਦੋਂ ਸੰਤ ਅਤਰ ਸਿੰਘ ਜੀ ਮਹਾਰਾਜ ਇੱਕ ਬਹੁਤ ਵੱਡੀ ਸਿਲਾ 'ਤੇ ਬੈਠ ਕੇ ਨਾਮ-ਸਿਮਰਨ ਕਰਨ ਲੱਗੇ ਤਾਂ ਇੱਕ ਫਨੀਅਰ ਸੱਪ ਫੁੰਕਾਰੇ ਮਾਰਨ ਲੱਗ ਪਿਆ। ਸੰਤ ਜੀ ਮਹਾਰਾਜ ਇਹ ਕਹਿ ਕੇ ਸਿਲਾ ਛੱਡ ਕੇ ਆ ਗਏ ਕਿ ਲੈ ਭਾਈ ਤੂੰ ਆਪਣੀ ਮੇਰ ਸੰਭਾਲ ਲੈ ਅਤੇ ਉਹ ਦੂਸਰੀ ਜਗ੍ਹਾ

ਪੱਥਰ 'ਤੇ ਜਾ ਬਿਰਾਜੇ ਅਤੇ ਸਿਮਰਨ ਵਿੱਚ ਜੁਟ ਗਏ। ਇਸ ਸਮੇਂ ਇੱਕ ਭਿਆਨਕ ਖੂੰਖਾਰ ਸ਼ੇਰ ਸੰਤ ਜੀ ਮਹਾਰਾਜ ਵੱਲ ਜਦ ਦੌੜਦਾ ਗਿਆ ਤਾਂ ਉਸ ਸਾਧੂ ਨੇ ਸਮਝਿਆ ਕਿ ਸੰਤਾਂ ਨੂੰ ਇਹ ਸ਼ੇਰ ਹੜੱਪ ਕਰ ਜਾਏਗਾ ਪਰ ਸ਼ੇਰ ਸੰਤ ਜੀ ਮਹਾਰਾਜ ਦੇ ਅੱਗੇ ਜਾ ਕੇ ਸਿਰ ਨੀਵਾਂ ਕਰ ਪੂਛ ਹਿਲਾਂਦਾ ਹੋਇਆ ਚਲਾ ਗਿਆ ਤਾਂ ਉਹ ਸਾਧੂ ਗੁਫਾ ਵਿੱਚੋਂ ਨਿਕਲ ਕੇ ਸੰਤਾਂ ਪਾਸ ਆ ਨਮਸਕਾਰ ਕੀਤੀ ਕਿ ਆਪ ਬ੍ਰਹਮ-ਰੂਪ ਹੋ ਕਿ ਜਿਨ੍ਹਾਂ ਅੱਗੇ ਖੂੰਖਾਰ ਦਰਿੰਦੇ ਵੀ ਸਿਰ ਝੁਕਾ ਬਿੱਲੀ ਵੱਤ ਬਣ ਕੇ ਚਲੇ ਜਾਂਦੇ ਹਨ।

ਗੁਪਤ ਬਲੀਦਾਨ ਦਾ ਬਚਨ

ਇੱਕ ਦਿਨ ਸੰਤ ਅਤਰ ਸਿੰਘ ਜੀ ਮਹਾਰਾਜ ਤੇ ਭਾਈ ਗੁਲਾਬ ਸਿੰਘ ਜੀ ਕੁਟੀਆ ਵਿੱਚ ਮਸਤੂਆਣੇ ਬੈਠੇ ਸਨ ਤਾਂ ਸੰਤ ਜੀ ਨੇ ਅਚਨਚੇਤ ਹੀ ਭਾਈ ਗੁਲਾਬ ਸਿੰਘ ਹੋਰਾਂ ਨੂੰ ਭਵਿੱਖ ਬਾਰੇ ਬਚਨ ਸੁਣਾਉਣੇ ਸ਼ੁਰੂ ਕਰ ਦਿੱਤੇ ਅਤੇ ਕਿਹਾ ਕਿ ਭਾਈ! ਇਸ ਸਮੇਂ ਪਾਪਾਂ ਦਾ ਬਹੁਤ ਪਸਾਰਾ ਹੋ ਗਿਆ ਹੈ, ਕੁਰਬਾਨੀ ਦਿੱਤਿਆਂ ਬਗੈਰ ਧਰਮ ਦਾ ਬਚਾਅ ਬਹੁਤ ਮੁਸ਼ਕਿਲ ਹੈ, ਹੁਣ ਅਸੀਂ ਧਰਮ ਬਚਾਉਣ ਹਿੱਤ ਆਪਣੇ ਸਰੀਰ ਦੀ ਗੁਪਤ ਕੁਰਬਾਨੀ ਦੇਣੀ ਹੈ। ਇਹ ਸੁਣ ਕੇ ਭਾਈ ਗੁਲਾਬ ਸਿੰਘ ਜੀ ਚਿੰਤਾਤੁਰ ਹੋ ਗਏ ਪਰ ਦੂਸਰੇ ਪਲ ਹੀ ਇਹਨਾਂ ਦੀ ਦਿਲ ਦੀ ਬੁਝ ਕੇ ਬਚਨ ਕੀਤਾ ਕਿ ਤੁਸੀਂ ਚਿੰਤਾ ਨਾ ਕਰੋ, ਤੁਸੀਂ ਦਮਦਮੇ ਸਾਹਿਬ ਅਤੇ ਗੁਰਸਾਗਰ ਸਾਹਿਬ ਮਸਤੂਆਣੇ ਦੀ ਸੇਵਾ ਕਰੀ ਜਾਣੀ, ਅਸੀਂ ਸਦਾ ਹੀ ਤੁਹਾਡੇ ਅੰਗ-ਸੰਗ ਹੋਵਾਂਗੇ। ਸਾਨੂੰ ਦਰਗਾਹੋਂ ਹੀ ਹੁਕਮ ਆ ਗਿਆ ਹੈ ਕਿ ਧਰਮ ਬਚਾਉਣ ਖ਼ਾਤਰ ਗੁਪਤ ਸ਼ਹੀਦੀ ਦੇਣੀ ਹੈ, ਜਦੋਂ ਤਕ ਸਾਡੀ ਦੇਹੀ ਕਾਇਮ ਹੈ, ਇਹ ਬਚਨ ਗੁਪਤ ਰੱਖਣਾ।

ਕਾਂਡ ੪੮

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ (੪੫੦)

ਗੁਰਦੁਆਰਾ ਸਾਹਿਬ ਯਤੀਮਖਾਨਾ ਗੁਜਰਾਂਵਾਲਾ ਦੀ ਸੇਵਾ

ਉਪਦੇਸ਼ਕ ਕਾਲਜ ਯਤੀਮਖਾਨੇ ਵਿੱਚ ਸੰਤ ਜੀ ਮਹਾਰਾਜ ਨੇ ਇੱਕ ਹਰਿਮੰਦਰ ਦੀ ਬੁਨਿਆਦ ਆਪਣੇ ਹੱਥੀਂ ਰੱਖੀ ਸੀ। ਇਸ ਦਾ ਪਿੱਛਲਾ ਹਾਲ ਅਸੀਂ ਦੱਸ ਚੁੱਕੇ ਸਾਂ। ਜਦ ਦਾਸ (ਸੰਤ ਤੇਜਾ ਸਿੰਘ) ਸੰਤ ਜੀ ਮਹਾਰਾਜ ਨੂੰ ੧੯੨੪ ਮਾਘੀ (ਜਨਵਰੀ) ਦੇ ਸਮੇਂ ਗੁਰਸਾਗਰ ਸਾਹਿਬ ਮਸਤੂਆਣੇ ਮਿਲਿਆ, ਤਦ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਭਾਈ ਉਹ ਹਰਿਮੰਦਰ ਸੰਗਤਾਂ ਨੇ ਬਣਾਇਆ ਹੈ ਕਿ ਨਹੀਂ। ਦਾਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਨੀਹਾਂ ਭਰੀਆਂ ਹੋਈਆਂ ਹਨ, ਪਰ ਅਸਥਾਨ ਉੱਥੇ ਦਾ ਉੱਥੇ ਹੀ ਖੜਾ ਹੈ। ਜਦ ਪ੍ਰੇਮੀਆਂ ਨੂੰ ਸੇਵਾ ਲਈ ਬੇਨਤੀ ਕਰੀ ਦੀ ਹੈ, ਤਦ ਉਹ ਆਖਦੇ ਹਨ ਕਿ ਅੱਜ-ਕੱਲ੍ਹ ਦੇ ਸਮੇਂ ਇਸ ਹਰਿਮੰਦਰ ਨੂੰ ਪੂਰਾ ਕਰਨ ਦੀ ਕਿਸ ਵਿੱਚ ਤਾਕਤ ਹੈ? ਫੇਰ ਹੁਣ ਦੂਜੀ ਵਾਰ ਜਦ ਦਾਸ ਨਿਮਾਣੀ ਦੇ ਮੌਕੇ 'ਤੇ ਗਿਆ, ਤਦ ਸੰਤ ਜੀ ਮਹਾਰਾਜ ਨੇ ਪੁੱਛਿਆ, "ਭਾਈ, ਗੁਰਦੁਆਰਾ ਬਣਿਆ ਹੈ ਕਿ ਨਹੀਂ?" ਦਾਸ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਉੱਥੇ ਹੀ ਪਿਆ ਹੈ। ਜੋੜ ਮੇਲੇ ਦੇ ਮਗਰੋਂ ਦਾਸ ਗੁਜਰਾਂਵਾਲੇ ਆ ਗਿਆ ਤੇ ਫਿਰ ਪ੍ਰੇਮੀਆਂ ਨੂੰ ਸੰਤ ਜੀ ਮਹਾਰਾਜ ਦਾ ਸੁਨੇਹਾ ਦਿੱਤਾ, ਪਰ ਕਿਸੇ ਨੇ ਗੌਹ ਨਾ ਕੀਤਾ। ਦੋ ਕੁ ਮਹਿਨੀਆਂ ਮਗਰੋਂ ਫਿਰ ਦਾਸ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਇਆ। ਟੁਰਨ ਲੱਗਿਆਂ ਸੰਤ ਜੀ ਮਹਾਰਾਜ ਨੇ ਆਖਿਆ, "ਭਾਈ, ਦੋ-ਛੱਤਾਂ ਗੁਰਦੁਆਰਾ ਨਹੀਂ ਬਣਦਾ ਤਾਂ ਇੱਕ-ਛੱਤਾ ਹੀ ਬਣਾ ਦਿਓ।"

ਇਸ ਤਰ੍ਹਾਂ ਤੀਜੀ ਵਾਰ ਸੰਤ ਜੀ ਮਹਾਰਾਜ ਦੇ ਕਹਿਣ ਤੋਂ ਦਾਸ ਨੂੰ ਪ੍ਰਤੀਤ ਹੋਇਆ ਕਿ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇਸ ਹਰਿਮੰਦਰ ਦੇ ਸੰਪੂਰਨ ਹੋਣ ਦੀ ਤੀਬਰ ਖਿੱਚ ਹੈ। ਇਹ ਸਤਿਗੁਰੂ ਦਾ ਕੋਈ ਅਸਥਾਨ ਹੈ, ਜਿਸ ਦੀ ਖੁਸ਼ਬੋ ਸੰਤ ਜੀ ਮਹਾਰਾਜ ਨੇ ਲੈ ਕੇ ਇਸ ਗੁਰਧਾਮ ਦੀ ਨੀਂਹ ਰੱਖੀ ਸੀ। ਚਿੱਤ ਵਿੱਚ ਪੱਕਾ ਸੰਕਲਪ ਧਾਰ ਲਿਆ ਕਿ ਜੇਕਰ ਕੋਈ ਹੋਰ ਇਸ ਸੇਵਾ ਵਿੱਚ ਨਾ ਲੱਗਿਆ, ਤਾਂ ਖੁਦ ਕਮਰਕੱਸਾ ਕਰ ਕੇ ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ਇਸ ਨੂੰ ਸੰਪੂਰਨ ਕੀਤਾ ਜਾਵੇਗਾ। ਗੁਜਰਾਂਵਾਲੇ ਪੁੱਜਦਿਆਂ ਹੀ ਦਾਸ ਨੇ ਪਹਿਲਾਂ ਤਾਂ ਬਾਬੂ ਸ਼ਾਮ ਸਿੰਘ ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਫੰਡ ਵਾਸਤੇ ਖਜ਼ਾਨਚੀ ਬਣਨ ਲਈ ਪ੍ਰੇਰਿਆ। ਫਿਰ ਆਪਣੀ ਘਰ ਵਾਲੀ, ਸ੍ਰੀਮਤੀ ਬਿਸ਼ਨ ਕੌਰ ਨਾਲ ਗੁਰਮਤਾ ਕਰਕੇ ਉਗਰਾਹੀ ਸ਼ੁਰੂ ਕਰ ਦਿੱਤੀ। ਕੁਝ ਪੰਜ ਕੁ ਹਜ਼ਾਰ ਇੱਟ, ਦਾਸ ਦੀ ਸੁਪਤਨੀ ਨੇ ਬੀਬੀਆਂ ਪਾਸੋਂ ਲਿਖਵਾਈ ਤੇ ਪੰਜ ਕੁ ਹਜ਼ਾਰ, ਦਾਸ ਨੇ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਪਾਸੋਂ ਮਨਜ਼ੂਰ ਕਰਵਾਈ। ਕੁਦਰਤੀ ਸ: ਤੀਰਥ ਸਿੰਘ ਘਰਜਾਖੀਆਂ ਰਿਆਸਤ ਕਸ਼ਮੀਰ ਤੋਂ ਛੁੱਟੀ ਲੈ ਕੇ ਇਹਨਾਂ ਦਿਨਾਂ ਵਿੱਚ ਗੁਜਰਾਂਵਾਲੇ ਆ ਗਏ। ਇੱਕ ਦਿਨ ਯਤੀਮਖਾਨੇ ਦੇ ਗੁਰਦੁਆਰੇ ਵਿੱਚ ਇਹਨਾਂ ਦਾ ਦਾਸ ਨਾਲ ਮੇਲ ਹੋ ਗਿਆ। ਉਸੇ ਵੇਲੇ ਮਾਸਟਰ ਛੈਹਬਰ

ਸਿੰਘ ਤੇ ਇਹਨਾਂ ਨੂੰ, ਦਾਸ ਆਪਣੀ ਕੁਟੀਆ ਵਿੱਚ ਲੈ ਆਇਆ। ਇੱਥੇ ਅਸਾਂ ਸਾਰਿਆਂ ਨੇ ਬੈਠ ਕੇ ਗੁਰਮਤਾ ਕੀਤਾ ਕਿ ਹਰਿਮੰਦਰ ਦੀ ਸੇਵਾ ਛੇਤੀ ਸ਼ੁਰੂ ਕਰਨੀ ਚਾਹੀਦੀ ਹੈ। ਸੰਤ ਜੀ ਮਹਾਰਾਜ ਦਾ ਪ੍ਰੇਮ ਹੈ ਕਿ ਇਹ ਅਸਥਾਨ ਥੋੜ੍ਹੇ ਚਿਰ ਵਿੱਚ ਹੀ ਪ੍ਰਗਟ ਹੋ ਜਾਵੇ। ਸ: ਤੀਰਥ ਸਿੰਘ ਘਰਜਾਖੀਏ ਨੇ ਕਿਹਾ ਕਿ ਕੱਲ੍ਹ ਸ੍ਰੀ ਗੁਰੂ ਰਾਮ ਦਾਸ ਸਾਹਿਬ ਦਾ ਜਨਮ ਦਿਨ ਹੈ। ਇਸ ਸ਼ੁਭ ਦਿਹਾੜੇ ਅੰਮ੍ਰਿਤ ਵੇਲੇ ਸੇਵਾ ਅਰੰਭ ਕਰ ਦਿੱਤੀ ਜਾਵੇ; ਪਹਿਲੇ ਦਿਨ ਦੀ ਮਜ਼ੂਰੀ ਮੈਂ ਹਾਜ਼ਰ ਕਰਾਂਗਾ। ਗੁਰਮਤਾ ਹੋ ਗਿਆ ਤੇ ਅਰਦਾਸਾ ਸੋਧਿਆ ਗਿਆ। ਉਸੇ ਵੇਲੇ ਦਾਸ ਡਾਕਟਰ ਗੁਲਾਮ ਹੈਦਰ ਦੇ ਭੱਠੇ 'ਤੇ, ਜਿਹੜਾ ਕਿ ਸੂਏ ਤੋਂ ਪਾਰ ਯਤੀਮਖਾਨੇ ਦੇ ਨਾਲ ਹੀ ਸੀ, ਚਲਾ ਗਿਆ। ਰੱਬ ਵੱਲੋਂ ਡਾਕਟਰ ਸਾਹਿਬ ਓਥੇ ਹੀ ਮੌਜੂਦ ਸਨ। ਉਸੇ ਵੇਲੇ ਇਹਨਾਂ ਪਾਸੋਂ ਸਵਾ ਲੱਖ ਇੱਟ ਲੈਣੀ ਕਰ ਲੀਤੀ ਤੇ ਬੇਨਤੀ ਕੀਤੀ ਕਿ ਜਿਉਂ-ਜਿਉਂ ਉਗਰਾਹੀ ਹੋਵੇਗੇ, ਤਿਉਂ-ਤਿਉਂ ਕੀਮਤ ਦਿੱਤੀ ਜਾਏਗੀ। ਇਸ ਖੁਦਾ ਦੇ ਬੰਦੇ ਨੇ ਉਸੇ ਵੇਲੇ ਆਖਿਆ ਕਿ ਭੱਠਾ ਤੁਹਾਡਾ ਹੀ ਹੈ, ਲੈ ਲਵੋ। ਗੁਰਦੁਆਰਾ, ਮਸੀਤ ਦੋਵੇਂ ਇਕੋ ਅੱਲ੍ਹਾ ਦੇ ਗਰ ਹਨ। ਇੱਕ ਪ੍ਰੇਮੀ ਪਾਸੋਂ ਉਸੇ ਵੇਲੇ ਚੂਨਾ ਲੈਣਾ ਵੀ ਕਰ ਲਿਆ।

ਹੁਣ ਸੋਢੀ ਸੁਲਤਾਨ ਸ੍ਰੀ ਗੁਰੂ ਰਾਮ ਦਾਸ ਸਾਹਿਬ ਦਾ ਭਾਗਾਂ ਭਰਿਆਂ ਜਨਮ ਦਿਹਾੜਾ ਚੜ੍ਹਿਆ। ਸੂਰਜ ਨਿਕਲਣ ਤੋਂ ਪਹਿਲਾਂ ਹੀ ਕਈ ਹਜ਼ਾਰ ਇੱਟ ਢੋਈ ਗਈ। ਚੂਨਾ ਤੇ ਹੋਰ ਮਸਾਲਾ ਵੀ ਵੇਲੇ ਸਿਰ ਪੁੱਜ ਗਿਆ। ਰਾਜ ਮਜ਼ਦੂਰ ਵੀ ਆ ਗਏ। ਆਸਾ ਦੀ ਵਾਰ ਦੇ ਭੋਗ ਦੇ ਮਗਰੋਂ ਅਰਦਾਸਾ ਸੋਧ ਕੇ ਸਤਿਗੁਰੂ ਦੀ ਆਸ ਤੇ ਹਰਿਮੰਦਰ ਦੀ ਇਮਾਰਤ ਸ਼ੁਰੂ ਕਰ ਦਿੱਤੀ। ਨਕਸ਼ਾ ਸੰਤ ਜੀ ਮਹਾਰਾਜ ਦੀ ਪ੍ਰਿਥਮ ਆਗਿਆ ਅਨੁਸਾਰ ਦੋ-ਛੱਤਾ ਗੁੰਬਦ ਵਾਲਾ ਹੀ ਰੱਖਿਆ ਗਿਆ।

ਏਧਰ ਤਾਂ ਇਮਾਰਤ ਸ਼ੁਰੂ ਹੋ ਗਈ, ਉੱਧਰ ਮਿਲ ਕੇ ਗੁਰਮਤਾ ਕੀਤਾ ਕਿ ਹੁਣ ਹਰ ਰੋਜ਼ ਪਿੱਛਲੇ ਪਹਿਰ ਸ਼ਹਿਰ ਵਿੱਚ ਫਿਰ ਕੇ ਉਗਰਾਹੀ ਕੀਤੀ ਜਾਵੇ। ਦਾਸ, ਮਾਸਟਰ ਛੈਹਬਰ ਸਿੰਘ, ਸਰਦਾਰ ਤੀਰਥ ਸਿੰਘ ਨੇ ਕਮਰਕੱਸਾ ਕਰ ਲਿਆ। ਹਰ ਰੋਜ਼ ਸ਼ਾਮ ਵੇਲੇ ਹੱਟੀ-ਹੱਟੀ ਉਗਰਾਹੀ ਕਰਨ ਜਾਂਦੇ। ਸਾਰੇ ਪ੍ਰੇਮੀ ਬੜੇ ਉਤਸ਼ਾਹ ਤੇ ਪ੍ਰੇਮ ਨਾਲ ਆਪਣਾ-ਆਪਣਾ ਹਿੱਸਾ ਪਾਉਣ ਲੱਗ ਪਏ। ਕੁਝ ਕੁ ਪਿੱਛੇ ਜਿਹੜਾ ਕੋਲਾ ਬਚਿਆ ਸੀ, ਉਸ ਦੀ ਰਕਮ ਵੀ ਨਾਲ ਰਲ ਗਈ।

ਇਸ ਤਰ੍ਹਾਂ ਮਹੀਨਾ ਕੁ ਕੰਮ ਟੁਰਿਆ ਰਿਹਾ। ਇੱਕ ਦਿਨ ਦਾਸ ਨੂੰ ਖਿਆਲ ਆਇਆ ਕਿ ਸਰਦਾਰ ਬਹਾਦਰ ਧਰਮ ਸਿੰਘ ਨੇ ਇੱਕ ਐਸਾ ਫੰਡ ਖੋਲ੍ਹਿਆ ਹੋਇਆ ਹੈ ਜਿਸ ਵਿੱਚੋਂ ਜਿੱਥੇ-ਕਿੱਥੇ ਕੋਈ ਗੁਰਦੁਆਰਾ ਬਣਾਏ, ਇਸ ਨੇਮ ਅਨੁਸਾਰ ਸਹਾਇਤਾ ਦਿੱਤੀ ਜਾਂਦੀ ਹੈ।

ਸਾਰਾ ਮਸਾਲਾ ਸੰਗਤ ਇਕੱਤਰ ਕਰੇ, ਮਜ਼ਦੂਰੀ ਉਹ ਫੰਡ ਵਿੱਚੋਂ ਦੇ ਦੇਣਗੇ। ਉਸੇ ਵੇਲੇ ਗੁਰਦੁਆਰੇ ਸਾਹਿਬ ਦੀ ਸਾਰੀ ਮਜ਼ਦੂਰੀ ਦਾ ਐਸਟੀਮੇਟ ਬਣਾਕੇ ਸ: ਧਰਮ ਸਿੰਘ ਦੀ ਸੇਵਾ ਵਿੱਚ ਦਿੱਲੀ ਭੇਜ ਦਿੱਤਾ। ਦੋ ਕੁ ਹਫ਼ਤੇ ਮਗਰੋਂ ਉਹਨਾਂ ਵੱਲੋਂ ਪੰਜ ਹਜ਼ਾਰ ਦੀ ਮਨਜ਼ੂਰੀ ਆ ਗਈ। ਜਦ ਇਹ ਰਕਮ ਪੂਰੀ ਹੋ ਗਈ, ਗੁਰਦੁਆਰਾ ਸਾਹਿਬ ਦੀ ਇਮਾਰਤ ਕੁਝ ਬਣਨੀ ਰਹਿੰਦੀ ਸੀ। ਸਰਦਾਰ ਸਾਹਿਬ ਵੱਲੋਂ ਖ਼ਤ ਪਾਉਣ ਤੇ ਪ੍ਰਵਾਨਗੀ ਆ ਗਈ ਕਿ ਇਹ ਸਾਰੀ ਮਨਜ਼ੂਰੀ ਪੂਰੀ ਕਰ ਦੇਣਗੇ। ਸੋ, ਕੁੱਲ ਅੱਠ ਹਜ਼ਾਰ ਤਿੰਨ ਸੌ ਤੇਤੀ ਰੁਪਏ (੮੩੩੩) ਇਸ ਧਰਮ ਖਾਤੇ ਵਿੱਚੋਂ ਆਏ।

ਜਿਉਂ-ਜਿਉਂ ਗੁਰਦੁਆਰਾ ਸਾਹਿਬ ਸੰਗਤਾਂ ਦੀ ਦ੍ਰਿਸ਼ਟੀ ਵਿੱਚ ਬਾਹਰ ਆਉਂਦਾ ਗਿਆ, ਤਿਉਂ-ਤਿਉਂ ਉਤਸ਼ਾਹ ਵੱਧਦਾ ਗਿਆ। ਸਹਿਜ-ਸੁਭਾਏ ਸੇਵਾ ਟੁਰਨ ਲੱਗ ਪਈ। ਕਿਸੇ ਨੇ ਚੂਨੇ ਦੀ ਗੱਡੀ ਅਰਦਾਸ ਕਰਵਾ ਦਿੱਤੀ, ਕਿਸੇ ਨੇ ਸੰਗਮਰਮਰ, ਕਿਸੇ ਨੇ ਇੱਟਾਂ। ਪਰ ਸੇਵਾ ਦੀ ਪੰਡ ਭਾਰੀ ਸੀ, ਇਸ ਲਈ ਏਨੇ ਉਤਸ਼ਾਹ ਦੇ ਹੁੰਦਿਆਂ ਵੀ ਡਾਕਟਰ ਗੁਲਾਮ ਹੈਦਰ ਦੇ ਦਮੜੇ ਪੂਰੇ ਨਾ ਹੋਏ। ਇਹਨਾਂ ਦੀ ਰਕਮ ਗੁਰਦੁਆਰਾ ਸਾਹਿਬ ਦੇ

ਬਣਨ ਦੇ ਮਗਰੋਂ ਦਿੱਤੀ ਗਈ, ਪਰ ਇਸ ਮਰਦੇ ਖੁਦਾ ਨੇ ਕਦੀ ਵੀ ਖਿੱਚ ਨਹੀਂ ਕੀਤੀ ਅਤੇ ਮੱਥੇ 'ਤੇ ਤਿਊੜੀ ਨਹੀਂ ਚੜ੍ਹਾਈ। ਜਦ ਕਦੀ ਦਾਸ ਦੇ ਸਾਹਮਣੇ ਆ ਜਾਵੇ, ਤਦ ਦਾਸ ਆਖਦਾ ਕਿ ਆਪ ਨੂੰ ਬੜੀ ਖੇਚਲ ਹੋਈ ਹੈ। ਹੱਸ ਕੇ ਬੋਲੇ, "ਵਾਹ-ਵਾਹ, ਖੇਚਲ ਕਾਹਦੀ? ਏਹ ਤਾਂ ਮੇਰੀ ਚੰਗੀ ਕਿਸਮਤ ਹੈ ਕਿ ਮੇਰੇ ਭੱਠੇ ਦੀ ਇੱਟ ਗੁਰਦੁਆਰੇ ਦੀ ਸੇਵਾ ਵਿੱਚ ਲੱਗੀ ਹੈ।"

ਇਸ ਤਰ੍ਹਾਂ ਚਾਰ ਮਹੀਨੇ ਖੂਬ ਸੇਵਾ ਹੋਈ ਅਤੇ ਗੁਰਦੁਆਰੇ ਸਾਹਿਬ ਦੀ ਪਹਿਲੀ ਮੰਜ਼ਿਲ ਸੰਪੂਰਨ ਹੋ ਕੇ ਦੂਜੀ ਛੱਤ ਦੇ ਕੌਲਿਆਂ ਅਤੇ ਡਾਟਾਂ ਦਾ ਕੰਮ ਸ਼ੁਰੂ ਹੋ ਗਿਆ। ਹੁਣ ਮਾਘੀ ਦਾ ਜੋੜ ਮੇਲਾ ਨੇੜੇ ਆ ਗਿਆ। ਦਾਸ ਦੇ ਹਿਰਦੇ ਵਿੱਚ ਸੰਤ ਜੀ ਮਹਾਰਾਜ ਦੇ ਦਰਸ਼ਨ ਦੀ ਖਿੱਚ ਹੋਈ। ਕਾਲਜ ਤੋਂ ਛੁੱਟੀ ਲੈ, ਜੋੜ ਮੇਲੇ ਤੋਂ ਤਿੰਨ-ਚਾਰ ਦਿਨ ਪਹਿਲਾਂ ਸੰਗਰੂਰ ਪੁੱਜਾ ਅਤੇ ਉੱਥੋਂ ਗੁਰਸਾਗਰ ਸਾਹਿਬ ਦੇ ਰਾਹ ਪੈ ਗਿਆ। ਜਦ ਰਸਤੇ ਵਿੱਚ ਬਡਰੁੱਖੇ ਅੱਪੜਿਆ, ਤਦ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਕਈ ਦਿਨ ਦੇ ਇਸ ਨਗਰ ਵਿੱਚ ਬਿਰਾਜਮਾਨ ਹਨ ਅਤੇ ਨਿੱਤ ਸਵੇਰੇ-ਸ਼ਾਮ ਦੇ ਦੀਵਾਨ ਇੱਥੇ ਲੱਗਦੇ ਹਨ। ਉਸ ਵੇਲੇ ਪਿੱਛਲੇ ਪਹਿਰ ਦੇ ਦੀਵਾਨ ਦਾ ਵਕਤ ਸੀ। ਦੂਰੋਂ ਹੀ ਢੋਲਕੀ ਅਤੇ ਸ਼ਬਦ-ਕੀਰਤਨ ਦੀ ਅਵਾਜ਼ ਆਈ। ਇੱਕ ਪ੍ਰੇਮੀ ਦੇ ਘਰ ਬਸਤਰ ਟਿਕਾ, ਦਾਸ ਸਿੱਧਾ ਦੀਵਾਨ ਵੱਲ ਟੁਰ ਪਿਆ। ਅੱਗੇ ਕਈ ਹਜ਼ਾਰ ਸੰਗਤ ਸਜੀ ਹੋਈ ਸੀ ਅਤੇ ਸੰਤ ਜੀ ਮਹਾਰਾਜ ਮਾਈ-ਭਾਈ ਨੂੰ ਸ਼ਬਦ ਪੜ੍ਹਾ ਰਹੇ ਸਨ। ਦਾਸ ਨਮਸਕਾਰ ਕਰ ਕੇ ਸੰਤ ਜੀ ਮਹਾਰਾਜ ਦੇ ਜਥੇ ਨਾਲ ਬੈਠ ਗਿਆ। ਇੱਕ-ਦੋ ਦਿਨ ਇੱਥੇ ਹੀ ਸਤਿਸੰਗਤ ਦਾ ਰੰਗ ਮਾਣਿਆ। ਸੰਤ ਜੀ ਮਹਾਰਾਜ ਨੇ ਨਗਰ ਬਡਰੁੱਖੇ 'ਤੇ ਬੜੀ ਹੀ ਕ੍ਰਿਪਾ ਕੀਤੀ ਅਤੇ ਉਹਨਾਂ ਨੂੰ ਇੱਕ ਅਦੁੱਤੀ ਸੇਵਾ ਬਖਸ਼ੀ। ਸੋ ਦਰੁ ਦੇ ਭਰੇ ਦੀਵਾਨ ਵਿੱਚ ਹੁਕਮ ਕੀਤਾ ਕਿ ਭਾਈ! ਇਹ ਨਗਰ ਬੜਾ ਪ੍ਰੇਮੀ ਹੈ, ਇਸ ਦੇ ਭਾਗ ਬੜੇ ਉੱਚੇ ਹਨ। ਕੁਝ ਚਿਰ ਤੋਂ ਇਹ ਮਾਘੀ, ਨਿਮਾਣੀ ਦੇ ਜੋੜ ਮੇਲਿਆਂ 'ਤੇ ਗੁਰੂ ਕਾ ਲੰਗਰ ਚਲਾਉਂਦਾ ਰਿਹਾ ਹੈ, ਪਰ ਪਿੱਛੇ ਕਈ ਕਾਰਨਾਂ ਕਰਕੇ ਇੱਕ-ਦੋ ਵਾਰੀ ਸੇਵਾ ਵਿੱਚ ਤੋਟ ਆ ਗਈ ਹੈ। ਹੁਣ ਤੁਹਾਡੇ ਭਾਗ ਜਾਗੇ ਹਨ। ਤੁਸਾਂ ਜਦ ਤੀਕਰ ਸ਼੍ਰਿਸ਼ਟੀ ਹੈ, ਸਦਾ ਲਈ ਏਹ ਲੰਗਰ ਜਾਰੀ ਰੱਖਣਾ ਹੈ। ਤੁਹਾਡੀ ਕਮਾਈ ਸਫਲੀ ਅਤੇ ਜੜ ਹਰੀ ਰਹੇਗੀ। ਏਹ ਬਚਨ ਸੁਣ, ਨਗਰ ਦੀ ਸਾਰੀ ਪੰਚਾਇਤ ਹੱਥ ਜੋੜ ਕੇ ਖੜ੍ਹੀ ਹੋ ਗਈ ਅਤੇ ਆਖਿਆ, "ਸੱਚੇ ਪਾਤਸ਼ਾਹ! ਹਜ਼ੂਰ ਦਾ ਹੁਕਮ ਸਿਰ ਮੱਥੇ 'ਤੇ।" ਉਸੇ ਵੇਲੇ ਦੀਵਾਨ ਵਿੱਚ ਮਾਘੀ ਦੇ ਲੰਗਰ ਦੀ ਉਗਰਾਹੀ ਸ਼ੁਰੂ ਹੋ ਗਈ।

ਗੁਰੂ ਸੰਗਤਾਂ ਦੇ ਬਾਰ-ਬਾਰ ਜ਼ੋਰ ਦੇਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਜੈਤੋ ਉਹ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕਰਨ। ਸੰਤ ਜੀ ਮਹਾਰਾਜ ਦੀ ਸਿਹਤ ਅੱਛੀ ਨਹੀਂ ਸੀ, ਸਰੀਰ ਢਿੱਲਾ ਰਹਿੰਦਾ ਸੀ, ਪਰ ਸੰਗਤਾਂ ਦੀ ਤੀਬਰ ਇੱਛਾ ਪੂਰੀ ਕਰਨ ਲਈ ਸੰਤ ਜੀ ਮਹਾਰਾਜ ਨੇ ਜੈਤੋਂ ਆ ਕੇ ਦਰਸ਼ਨ ਦੇਣਾ ਪ੍ਰਵਾਨ ਕਰ ਲਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦ ਸੰਤ ਜੀ ਮਹਾਰਾਜ ਦੇ ਦਰਸ਼ਨ ਦੇਣ ਦੀ ਖ਼ਬਰ ਸਾਧ-ਸੰਗਤ ਨੂੰ ਦੀਵਾਨ ਵਿੱਚ ਸੁਣਾਈ ਗਈ, ਤਦ ਸੰਗਤਾਂ ਵਿੱਚ ਪ੍ਰੇਮ ਅਤੇ ਉਤਸ਼ਾਹ ਦਾ ਪ੍ਰਵਾਹ ਵੱਗ ਟੁਰਿਆ, ਉਸੇ ਵੇਲੇ ਬਾਜੇ-ਗਾਜੇ ਲੈ ਕੇ ਅਕਾਲੀ ਜਥੇ ਤੇ ਬੇਅੰਤ ਸੰਗਤਾਂ ਜਲੂਸ ਦੀ ਸ਼ਕਲ ਵਿੱਚ ਸੰਤ ਜੀ ਮਹਾਰਾਜ ਦੇ ਸਵਾਗਤ ਕਰਨ ਲਈ ਸਟੇਸ਼ਨ ਵੱਲ ਚੱਲ ਪਈਆਂ। ਜਦ ਸੰਤਾਂ ਦੀ ਗੱਡੀ ਪਲੇਟਫਾਰਮ 'ਤੇ ਅੱਪੜੀ, ਤਦ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉੱਠਿਆ। ਆਤਸ਼ਬਾਜ਼ੀ ਅਤੇ ਗੋਲੇ ਵੀ ਖੂਬ ਚਲਾਏ। ਸੰਤ ਜੀ ਮਹਾਰਾਜ ਨੂੰ ਜਲੂਸ ਦੀ ਸ਼ਕਲ ਵਿੱਚ ਲੈ ਕੇ ਸੰਗਤ ਸ੍ਰੀ ਗੰਗਸਰ ਵੱਲ ਟੁਰ ਪਈ। ਅੱਗੇ-ਅੱਗੇ ਗੋਲੇ ਚੱਲਦੇ ਸਨ, ਫੇਰ ਦੋ ਬੈਂਡ ਵਾਜੇ ਵੱਜਦੇ ਸਨ। ਜਲੂਸ ਦੇ ਮਗਰ ਸੰਤ ਜੀ ਮਹਾਰਾਜ ਅਤੇ ਉਹਨਾਂ ਦੇ ਪਿੱਛੇ ਸ਼ਹੀਦੀ ਜਥੇ ਤੇ ਬੇਅੰਤ ਸੰਗਤਾਂ, ਸ਼ਬਦ ਪੜ੍ਹਦੀਆਂ-ਪੜ੍ਹਦੀਆਂ ਚੱਲ ਰਹੀਆਂ ਸਨ। ਸੰਤ ਜੀ ਮਹਾਰਾਜ ਦਾ ਸਰੀਰ ਕੁਝ ਕਮਜ਼ੋਰ ਸੀ ਤੇ ਨੇਤਰਾਂ ਤੋਂ ਵੀ

ਘੱਟ ਹੀ ਨਜ਼ਰ ਆਉਂਦਾ ਸੀ। ਇਸ ਲਈ ਸੰਗਤ ਨੇ ਬੇਨਤੀ ਕੀਤੀ ਕਿ ਆਪ ਘੋੜੇ 'ਤੇ ਚੜ੍ਹ ਜਾਓ, ਪਰ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਪੈਦਲ ਚੱਲ ਕੇ ਹੀ ਦਰਸ਼ਨ ਕਰਾਂਗੇ।"

ਅਖੰਡ ਪਾਠ ਤਾਂ ਸ੍ਰੀ ਗੰਗਸਰ ਸਾਹਿਬ ਵਿੱਚ ਹੋ ਰਹੇ ਸਨ, ਪਰ ਦੀਵਾਨ ਟਿੱਬੀ ਸਾਹਿਬ ਤੇ ਲੱਗਾ ਸੀ। ਸੰਤ ਜੀ ਮਹਾਰਾਜ ਦੇ ਨਿਵਾਸ ਲਈ ਸ੍ਰੀ ਟਿੱਬੀ ਸਾਹਿਬ ਤੋਂ ਵੀ ਦੂਰ ਤੰਬੂ ਲਵਾਏ ਗਏ ਸਨ। ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਸੁਣਦੇ ਸਾਰ ਹੀ ਪੰਜਾਬ ਵਿੱਚੋਂ ਬੇਅੰਤ ਸੰਗਤਾਂ ਜੈਤੋਂ ਪੁੱਜੀਆਂ ਅਤੇ ਸੰਗਤਾਂ ਦੀ ਭੀੜ-ਭਾੜ ਬਹੁਤ ਹੀ ਜ਼ਿਆਦਾ ਹੋ ਗਈ। ਸੰਤ ਜੀ ਮਹਾਰਾਜ ਹਰ ਰੋਜ਼ ਅੰਮ੍ਰਿਤ ਵੇਲੇ ਦੀਵਾਨ ਸ਼ੁਰੂ ਕਰਦੇ ਹੁੰਦੇ ਸਨ। ਸੰਗਤਾਂ ਵਿੱਚ ਪ੍ਰੇਮ ਤੇ ਕੀਰਤਨ ਸੁਨਨ ਦਾ ਏਨਾਂ ਉਤਸ਼ਾਹ ਸੀ ਕਿ ਦੀਵਾਨ ਸ਼ੁਰੂ ਹੋਣ ਤੋਂ ਦੋ-ਦੋ ਘੰਟੇ ਅੱਗੋਂ ਹੀ ਦੀਵਾਨ ਅਸਥਾਨ ਵਿੱਚ ਸੰਗਤਾਂ ਆ ਜੁੜਦੀਆਂ। ਸੰਤ ਜੀ ਮਹਾਰਾਜ ਦੇ ਕੀਰਤਨ ਦਾ ਰਸ ਉਹ ਸੱਜਣ ਹੀ ਅਨੁਭਵ ਕਰ ਸਕਦੇ ਹਨ, ਜਿਨ੍ਹਾਂ ਨੇ ਕਦੇ ਸੰਤ ਜੀ ਮਹਾਰਾਜ ਦੇ ਦੀਵਾਨ ਦਾ ਰਸ ਮਾਣਿਆ ਹੈ। ਇਨ੍ਹਾਂ ਦਿਨਾਂ ਵਿੱਚ ਵਕਤ ਕੱਢ ਕੇ ਸੰਤ ਜੀ ਮਹਾਰਾਜ ਦੇ ਨਿਵਾਸ ਅਸਥਾਨ 'ਤੇ ਜਾ ਕੇ ਦਰਸ਼ਨ ਕੀਤੇ ਅਤੇ ਕਈ ਧਾਰਮਿਕ ਮਸਲਿਆਂ 'ਤੇ ਬਚਨ-ਬਿਲਾਸ ਹੁੰਦੇ ਰਹੇ। ਸੰਤ ਜੀ ਮਹਾਰਾਜ ਦੇ ਬਚਨ ਸੰਖੇਪ ਅਤੇ ਦਿਲ ਵਿੱਚ ਖੁੱਭਣ ਵਾਲੇ ਹੁੰਦੇ ਸਨ। ਉਹ ਮੰਤਵ ਤੇ ਫਿਲਾਸਫ਼ੀ ਨਾਲ ਨਹੀਂ, ਬਲਕਿ ਅਨੁਭਵੀ ਆਤਮਿਕ ਸ਼ਕਤੀ ਨਾਲ, ਭਰਮ ਅਤੇ ਸ਼ੱਕ ਨਵਿਰਤ ਕਰਦੇ ਸਨ। ਉਹਨਾਂ ਨਾਲ ਗੱਲਬਾਤ ਕੀਤਿਆਂ ਮਨ ਨੂੰ ਸ਼ਾਂਤੀ ਤੇ ਦਿਲ ਨੂੰ ਕੁਦਰਤੀ ਤਸੱਲੀ ਹੁੰਦੀ ਸੀ। ਮੈਂ ਕਈ ਸੰਤਾਂ ਤੇ ਮਹਾਂਪੁਰਸ਼ਾਂ ਦੇ ਦਰਸ਼ਨ ਕੀਤੇ ਹਨ, ਪਰ ਜੋ ਸ਼ਾਂਤੀ ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਮਿਲ ਕੇ ਹੁੰਦੀ ਸੀ, ਉਹ ਕਦੀ ਕਿਸੇ ਹੋਰ ਨਾਲ ਗੱਲਬਾਤ ਕੀਤਿਆਂ ਨਹੀਂ ਸੀ ਹੋਈ।

ਧਾਰਮਿਕ ਉਹ ਕੰਮ ਹੈ, ਜਿਸ ਨਾਲ ਆਤਮ ਪਦ ਦੀ ਪ੍ਰਾਪਤੀ ਹੋਵੇ

ਵਿਚਾਰ ਕਰਦਿਆਂ ਹੋਇਆਂ, ਇੱਕ ਪ੍ਰਸ਼ਨ ਦੇ ਉੱਤਰ ਵਿੱਚ ਸੰਤ ਜੀ ਮਹਾਰਾਜ ਨੇ ਇਹ ਭੀ ਫ਼ਰਮਾਇਆ ਕਿ ਕੇਵਲ ਕੈਦ ਹੋਣਾ ਅਤੇ **ਪੰਥਕ ਸਿਆਸੀ ਸੇਵਾ ਕਰਨੀ ਧਾਰਮਿਕ ਨਹੀਂ ਹੈ। ਧਾਰਮਿਕ ਉਹ ਕੰਮ ਹੈ ਜਿਸ ਨਾਲ ਆਤਮ ਪਦ ਦੀ ਪ੍ਰਾਪਤੀ ਹੋਵੇ। ਨਾਮ-ਬਾਣੀ ਅਤੇ ਹਰੀ-ਕੀਰਤਨ ਨੂੰ ਇਸ ਪਦ ਦੀ ਪ੍ਰਾਪਤੀ ਦਾ ਜ਼ਰੂਰੀ ਸਾਧਨ ਦੱਸਦੇ ਸਨ।**

ਜਦ ਅਖੰਡ ਪਾਠ ਦੇ ਭੋਗ ਪੈ ਗਏ ਅਤੇ ਜੈਤੋਂ ਦੇ ਸਮਾਗਮ ਦੀ ਸਮਾਪਤੀ ਹੋਈ ਤਦ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੇ ਸੰਤ ਜੀ ਮਹਾਰਾਜ ਨੂੰ ਸਿਰੋਪਾ ਦੇ ਕੇ ਬੜੇ ਸਨਮਾਨ ਨਾਲ ਵਿਦਾ ਕੀਤਾ।

ਸਰਦਾਰ ਮੰਗਲ ਸਿੰਘ ਦੇ ਇਸ ਪ੍ਰੇਮ ਭਰੇ ਬਿਆਨ ਤੋਂ ਛੁੱਟ ਜੈਤੋਂ ਵਿਖੇ ਕਈ ਹੋਰ ਕੁਦਰਤੀ ਕੌਤਕ ਵਰਤੇ। ਜਿਸ ਵਕਤ ਸੰਤ ਜੀ ਮਹਾਰਾਜ ਪੁੱਜੇ, ਤਾਂ ਗਰਮੀ ਬੜੀ ਸਖ਼ਤ ਸੀ। ਸੰਗਤਾਂ ਦੀ ਬੇਅੰਤ ਭੀੜ ਕਰਕੇ ਜਲ ਵੱਲੋਂ ਵੀ ਬੜੀ ਤਕਲੀਫ਼ ਸੀ। ਸੰਗਤ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਕਰਤਾਰ ਦੀ ਦਰਗਾਹ ਵਿੱਚ ਮੀਂਹ ਵੱਸਣ ਦੀ ਮੰਗ ਕਰੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! **"ਵਿਚਿ ਸੰਗਤਿ ਹਰਿ ਪ੍ਰਭੁ ਵਸੇ ਜੀਉ ॥"** ਸਾਰੇ ਮਿਲ ਕੇ ਅਰਦਾਸ ਕਰੀਏ, ਕਰਤਾਰ ਜ਼ਰੂਰ ਬੇਨਤੀ ਸੁਣੇਗਾ।" ਉਸੇ ਵੇਲੇ ਅਰਦਾਸਾ ਕੀਤਾ ਗਿਆ ਅਤੇ ਸਾਧ-ਸੰਗਤ ਫੇਰ ਦੀਵਾਨ ਵਿੱਚ ਸਜ ਗਈ। ਸੰਤ ਜੀ ਮਹਾਰਾਜ ਨੇ ਬੜੀ ਉੱਚੀ ਪ੍ਰੇਮ ਅਤੇ ਬੇਨਤੀ ਭਰੀ ਆਵਾਜ਼ ਵਿੱਚ ਇਹ ਸ਼ਬਦ ਪੜ੍ਹਿਆ ਅਤੇ ਇਸ ਧਾਰਨਾ ਵਿੱਚ ਪੜ੍ਹਾਇਆ:

ਤੁਸੀ ਬਰਸੋ ਕਿਰਪਾ ਧਾਰ, ਜੀ ਤੁਸੀਂ ਬਰਸੋ ਜੀ ॥
ਸਲੋਕ ਮਃ੩॥ ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥

ਗੁਰਦੁਆਰਾ ਸਾਹਿਬ ਯਤੀਮ ਖਾਨਾ – ਗੁਜਰਾਂਵਾਲਾ (ਪਾਕਿਸਤਾਨ)



ਗੁਰਦੁਆਰਾ ਤਪਿਆਣਾ ਸਾਹਿਬ

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥ (੧੨੮੫)

ਅੱਗੇ-ਅੱਗੇ ਸੰਤ ਜੀ ਮਹਾਰਾਜ ਪੜ੍ਹਦੇ ਅਤੇ ਪਿੱਛੇ-ਪਿੱਛੇ ਸਾਰੀ ਸੰਗਤ। ਅਕਾਸ਼ ਵਿੱਚ ਇਹ ਬੇਨਤੀ ਅਤੇ ਪ੍ਰੇਮ ਭਰੀ ਘਨਘੋਰ ਭਰਪੂਰ ਹੋ ਗਈ ਅਤੇ ਸਿੱਧੀ ਕਰਤਾਰ ਦੀ ਦਰਗਾਹ ਵਿੱਚ ਪੁੱਜੀ। ਥੋੜ੍ਹੇ ਹੀ ਚਿਰ ਮਗਰੋਂ ਏਨੇ ਜ਼ੋਰ ਦਾ ਮੀਂਹ ਲੱਥਾ ਕਿ ਟੋਏ-ਟਿੱਬੇ ਇੱਕ ਹੋ ਗਏ, ਖ਼ੂਬ ਠੰਡ ਪੈ ਗਈ ਅਤੇ ਸੰਗਤਾਂ ਨੂੰ ਚਾਰ-ਚੁਫੇਰੇ ਇਸ਼ਨਾਨ ਪਾਨ ਵਾਸਤੇ ਜਲ ਮਿਲ ਗਿਆ।

ਇੱਕ ਦਿਨ ਜਦ ਦੀਵਾਨ ਦਾ ਅਰਦਾਸਾ ਹੋਣ ਲੱਗਾ, ਤਦ ਇੱਕ ਅਕਾਲੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ, ਮਿਆਨ ਵਿੱਚੋਂ ਸ੍ਰੀ ਸਾਹਿਬ ਕੱਢਣ ਲੱਗਾ। ਸੰਤ ਜੀ ਮਹਾਰਾਜ ਨੇ ਫਰਮਾਇਆ, **"ਭਾਈ, ਦੀਨ-ਦੁਨੀਆਂ ਦੇ ਵਾਲੀ ਅੱਗੇ ਤਾਂ ਹੱਥ ਜੋੜ ਕੇ ਬੇਨਤੀ ਹੀ ਠੀਕ ਹੈ, ਤਲਵਾਰ ਨੰਗੀ ਕਰ ਕੇ ਸਾਹਮਣੇ ਕਰਨਾ ਸੱਚੇ ਪਾਤਸ਼ਾਹ ਦੀ ਬੇਅਦਬੀ ਹੈ।"** ਪਰ ਪ੍ਰੇਮੀ ਨਾ ਮੁੜਿਆ ਅਤੇ ਤਲਵਾਰ ਖਿੱਚਣ ਲੱਗ ਪਿਆ। ਕਰਤਾਰ ਦੀ ਨੇਤ ਕੋਈ ਐਸਾ ਕਾਰਨ ਬਣਿਆ ਕਿ ਤਲਵਾਰ ਮਿਆਨ ਵਿੱਚ ਫਸ ਗਈ ਅਤੇ ਇਸ ਵਿੱਚੋਂ ਬਾਹਰ ਨਾ ਨਿਕਲੀ। ਅਰਦਾਸਾ ਹੱਥ ਜੋੜ ਕੇ ਹੀ ਹੋਇਆ।

ਜਦ ਜੈਤੋਂ ਤੋਂ ਸੰਗਤਾਂ ਚਾਲੇ ਪਾਉਣ ਲੱਗੀਆਂ, ਤਾਂ ਇਹ ਗੁਰਮਤਾ ਹੋਇਆ ਕਿ ਪਹਿਲਾਂ ਅਕਾਲੀ ਜਥੇ ਤਰਨਤਾਰਨ ਸਾਹਿਬ ਪੁੱਜਣ ਅਤੇ ਉੱਥੋਂ ਪੈਦਲ ਜਲੂਸ ਦੀ ਸ਼ਕਲ ਵਿੱਚ ਅੰਮ੍ਰਿਤਸਰ ਸਾਹਿਬ ਜਾ ਕੇ ਅਕਾਲ ਤਖ਼ਤ ਸਾਹਿਬ ਦੀ ਹਾਜ਼ਰੀ ਭਰਨ, ਫੇਰ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਅੰਮ੍ਰਿਤ ਸਰੋਵਰ ਵਿੱਚ ਅਸ਼ਨਾਨ ਕਰ, ਹਰਿਮੰਦਰ ਸਾਹਿਬ ਵਿੱਚ ਕੀਰਤਨ ਦਾ ਰੰਗ ਮਾਣ, ਘਰੋ-ਘਰੀ ਜਾਵਣ। ਬਹੁਤ ਸਾਰੀ ਸੰਗਤ ਵੀ ਨਾਲ ਜਾਣ ਵਾਸਤੇ ਤਿਆਰ ਹੋ ਗਈ ਅਤੇ ਕਈ ਗੁਰਮੁਖਾਂ ਦੀ ਪ੍ਰੇਰਨਾ ਕਰਨ ਤੇ ਸੰਤ ਜੀ ਮਹਾਰਾਜ ਵੀ ਸਪੈਸ਼ਲ ਗੱਡੀ 'ਤੇ ਕਈ ਜੱਥਿਆਂ ਅਤੇ ਸੰਗਤ ਸਮੇਤ ਤਰਨਤਾਰਨ ਸਾਹਿਬ ਪੁੱਜੇ। ਪਿੱਛੋਂ ਹੋਰ ਕਈ ਗੱਡੀਆਂ ਆਈਆਂ ਅਤੇ ਤਰਨਤਾਰਨ ਦੇ ਸਰੋਵਰ ਦੀ ਪਰਕਰਮਾਂ ਵਿੱਚ ਤਿਲ ਧਰਨ ਦੀ ਥਾਂ ਨਾ ਰਹੀ। ਹਰਿਮੰਦਰ ਸਾਹਿਬ ਤੋਂ ਖੱਬੇ ਪਾਸੇ ਦੀ ਬਾਹੀ ਵੱਲ ਇੱਕ ਵੱਡੇ ਬੋੜ੍ਹ ਹੇਠ ਸੰਤ ਜੀ ਮਹਾਰਾਜ ਦੇ ਦੀਵਾਨ ਸਵੇਰ ਸ਼ਾਮ ਸਜੇ। ਸਵੇਰ ਦੇ ਦੀਵਾਨ ਦੇ ਮਗਰੋਂ ਸੰਤ ਹਰਿਮੰਦਰ ਸਾਹਿਬ ਵੱਲ ਦਰਸ਼ਨ ਕਰਨ ਲਈ ਆ ਰਹੇ ਸਨ। ਇੱਕ ਪ੍ਰੇਮੀ ਨੇ ਧੁੱਪ ਦੇਖ, ਸੰਤ ਜੀ ਮਹਾਰਾਜ ਦੇ ਸਾਹਮਣੇ ਛੱਤਰੀ ਤਾਣ ਲਈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਓਹਲਾ ਨਾ ਕਰੋ, ਦਰਸ਼ਨ ਮੇਲਾ ਹੋਣ ਦਿਉ। ਫੇਰ ਪਤਾ ਨਹੀਂ ਕਿ ਇਹ ਦਰਸ਼ਨ ਹੋਣੇ ਭੀ ਹਨ ਕਿ ਨਹੀਂ।"

ਤਰਨਤਾਰਨ ਸਾਹਿਬ ਤੋਂ ਸੰਤ ਜੀ ਸਾਧ-ਸੰਗਤ ਨਾਲ ਅੰਮ੍ਰਿਤਸਰ ਪੁੱਜੇ। ਦਾਸ ਵੀ ਨਾਲ ਆਇਆ। ਸੰਤ ਜੀ ਮਹਾਰਾਜ ਦਾ ਡੇਰਾ ਖ਼ਾਲਸਾ ਕਾਲਜ ਵਿੱਚ ਹੋਇਆ। ਦੀਵਾਨ ਦੇ ਮਗਰੋਂ ਸੰਤ ਪ੍ਰੋਫੈਸਰ ਰਾਮ ਸਿੰਘ ਦੇ ਕੁਆਰਟਰ ਅੱਗੇ ਪਲੰਘ 'ਤੇ ਸਜ ਜਾਂਦੇ ਅਤੇ ਕਾਲਜ ਦੇ ਸ਼ਰਧਾਲੂ ਪ੍ਰੋਫੈਸਰ ਤੇ ਹੋਰ ਪ੍ਰੇਮੀ ਦੀਨ-ਦੁਨੀਆਂ ਦੇ ਕਈ ਉੱਚ ਨੁਕਤੇ ਹੱਲ ਕਰਾਉਂਦੇ।

ਅੰਮ੍ਰਿਤਸਰ ਤੋਂ ਸੰਤ ਜੀ ਮਹਾਰਾਜ ਦਮਦਮੇ ਸਾਹਿਬ ਵੱਲ ਚਲੇ ਗਏ ਅਤੇ ਦਾਸ ਗੁਜਰਾਂਵਾਲੇ ਕਾਲਜ ਦੀ ਸੇਵਾ ਵਿੱਚ ਹਾਜ਼ਰ ਹੋਇਆ।

ਸੰਤ ਗਿਆਨੀ ਸੁੰਦਰ ਸਿੰਘ ਜੀ ਦਾ ਮਿਲਾਪ

ਗੰਗਸਰ ਜੈਤੋਂ ਅਖੰਡ ਪਾਠਾਂ ਦੇ ਭੋਗ 'ਤੇ ਸੰਤ ਗਿਆਨੀ ਸੁੰਦਰ ਸਿੰਘ ਜੀ ਨਾਲ ਜਦੋਂ ਮੇਲ ਹੋਇਆ

ਤਾਂ ਸੰਤ ਜੀ ਮਹਾਰਾਜ ਨੇ ਬਚਨ ਕੀਤੇ, "ਗਿਆਨੀ ਸਿੰਘ ਜੀ! ਸਾਰੇ ਹੁਣ ਜ਼ੋਰ ਦਿੰਦੇ ਹਨ ਕਿ ਪੰਥ ਜਥੇਬੰਦ ਹੋਵੇ। ਜੇ ਪਹਿਲਾਂ ਸਾਰੀ ਜਥੇਬੰਦੀ ਸਿਮਰਨ ਭਜਨ ਦੇ ਆਸਰੇ ਪੱਕੀ ਹੁੰਦੀ ਤਾਂ ਕੋਈ ਤਾਕਤ ਇਸ ਨੂੰ ਪਾੜ ਨਹੀਂ ਸੀ ਸਕਦੀ ਅਤੇ ਇਹਨਾਂ ਦੇ ਕਾਰਜ ਵਿੱਚ ਵਿਘਨ ਨਹੀਂ ਸੀ ਪਾ ਸਕਦੀ।" ਫੇਰ ਸੰਤ ਜੀ ਨੇ ਕਿਹਾ, "ਗਿਆਨੀ ਸਿੰਘ ਜੀ ਜੇ ਆਪ ਸਾਬੋ ਦੀ ਤਲਵੰਡੀ, ਦਮਦਮੇ ਸਾਹਿਬ ਆ ਕੇ ਸੰਗਤਾਂ ਨੂੰ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੁਣਾਵੋ ਤਾਂ ਪਰਉਪਕਾਰ ਹੋਵੇਗਾ।" ਇਸ ਵਿਚਾਰ ਮੁਤਾਬਿਕ ਪੰਜ ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਅਰੰਭ ਹੋਈ ਜੋ ੨੬ ਮਾਰਚ ਸੰਨ ੧੯੨੬ ਈਸਵੀ ਨੂੰ ਸੰਪੂਰਨ ਹੋਈ।

ਇੱਕ ਦਿਨ ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਪੁੱਛਿਆ, "ਸੱਚੇ ਪਾਤਸ਼ਾਹ! ਸ਼ਾਸ਼ਤਰਾਂ ਵਿੱਚ ਲਿਖਿਆ ਹੈ ਕਿ ਜੀਵ ਚੰਦਰਮਾ ਦੀ ਕਿਰਨ ਦੁਆਰਾ ਧਰਤੀ 'ਤੇ ਆ ਕੇ ਜਾਂ ਬੱਦਲ ਦੀ ਧਾਰ ਦੁਆਰਾ ਧਰਤੀ 'ਤੇ ਆ ਕੇ ਅਨਾਜ ਰੂਪ ਹੋ ਜਾਂਦਾ ਹੈ। ਫੇਰ ਇਸ 'ਤੇ ਇਸਤਰੀ-ਪੁਰਖਾਂ ਦੇ ਖਾਣੇ 'ਤੇ ਰੱਤ ਜਾਂ ਧਾਤ ਰੂਪ ਹੋ ਕੇ ਦੇਹਾਕਾਰ ਹੁੰਦਾ ਹੈ। ਇਸ ਬਾਰੇ ਵਿਚਾਰ ਦੱਸੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਗਿਆਨੀ ਸੁੰਦਰ ਸਿੰਘ ਜੀ! **ਜਿਵੇਂ ਅਕਾਸ਼ ਸਾਰੇ ਸਥਾਨਾਂ ਵਿੱਚ ਹੈ, ਪਰ ਜਿੱਥੇ ਕੰਧਾਂ ਕੱਢ ਕੇ ਛੱਤ ਦੇਈਏ ਉੱਥੇ ਉਸ ਦਾ ਨਾਮ ਮਟਾਕਾਸ਼ ਪੈ ਜਾਂਦਾ ਹੈ। ਐਸੇ ਹੀ ਅਬਿਨਾਸੀ ਅਕਾਲ-ਪੁਰਖ ਸਾਰੇ ਵਿਆਪਕ ਹੈ। ਰਕਤ ਬਿੰਦ ਵੀ ਉਸੇ ਦੇ ਆਸਰੇ ਕਾਇਮ ਹੈ। ਜਦੋਂ ਦੇਹ ਬਣ ਜਾਂਦੀ ਹੈ। ਇਸ ਤੋਂ ਪਹਿਲਾਂ ਮਾਤਾ ਦੇ ਗਰਭ ਵਿੱਚ ਵੀ ਖ਼ਾਲਕ ਅਕਾਲ-ਪੁਰਖ ਹੈ। ਸਾਰੇ ਵਿਆਪਕ ਹੋਣ ਕਰਕੇ ਕਿਤੋਂ ਆਉਂਦਾ ਨਹੀਂ। ਕੇਵਲ ਦੇਹੀ ਬਣਨ ਕਰਕੇ ਜੀਵ ਨਾਮ ਪੈ ਜਾਂਦਾ ਹੈ।"**

ਫੇਰ ਇੱਕ ਦਿਨ ਸੰਤ ਗਿਆਨੀ ਸੁੰਦਰ ਸਿੰਘ ਜੀ ਨੇ ਅਭਿਆਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਮਿਹਰ ਹੋਵੇ ਤਾਂ ਇੱਕ-ਰਸ ਸਿਮਰਨ ਕਰਕੇ ਹੀ ਆਪਣੇ-ਆਪ ਅਗਲੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਮਨੁੱਖ ਨੂੰ ਕੇਵਲ ਇੱਕ-ਰਸ ਹੋ ਕੇ ਸਿਮਰਨ ਦਾ ਅਭਿਆਸ ਹੀ ਕਰਨਾ ਚਾਹੀਦਾ ਹੈ। ਸੰਤ ਜੀ ਨੇ ਫ਼ਰਮਾਇਆ, "ਇਹ ਠੀਕ ਹੈ। ਪਹਿਲੋਂ ਆਦਮੀ ਉੱਚੀ-ਉੱਚੀ ਸਿਮਰਨ ਕਰਦਾ, ਗੁਰਬਾਣੀ ਪੜ੍ਹਦਾ ਹੈ। ਇਸ ਤਰ੍ਹਾਂ ਉਸ ਦੀ ਬਿਰਤੀ ਇਕਾਗਰ ਹੁੰਦੀ ਹੈ। ਉਸ ਪਿੱਛੋਂ ਹੌਲੀ-ਹੌਲੀ ਸਿਮਰਨ ਨਾਲ ਵੀ ਇਕਾਗਰ ਅਵਸਥਾ ਰਹਿੰਦੀ ਹੈ। ਫਿਰ ਬੁੱਲ ਨਹੀਂ ਹਿਲਦੇ, ਇਕੱਲੀ ਜੀਭ ਹੀ ਨਾਮ ਅਭਿਆਸ ਕਰਦੀ ਰਹਿੰਦੀ ਹੈ। ਕੁਝ ਸਮਾਂ ਪਾ ਕੇ ਜੀਭ ਵੀ ਹਿੱਲਣੋਂ ਹੱਟ ਜਾਂਦੀ ਹੈ। ਫੇਰ ਕੰਠ ਵੀ ਹੱਟ ਜਾਂਦਾ ਹੈ ਅਤੇ ਸਦਾ ਤਾਰ ਲਿਵ ਅਕਾਲ-ਪੁਰਖ ਨਾਲ ਜੁੜੀ ਰਹਿੰਦੀ ਹੈ। ਹਰ ਇੱਕ ਰੋਮ ਵਿੱਚੋਂ "ਵਾਹਿਗੁਰੂ" ਦੀ ਧੁਨੀ ਸੁਣਦੀ ਹੈ। ਇੱਥੋਂ ਤਕ ਕਿ ਸਾਰਾ ਸੰਸਾਰ ਹੀ ਤੇ ਹਰ ਸ਼ੈ ਵਾਹਿਗੁਰੂ ਅਲਾਪਦੀ ਸੁਣਦੀ ਹੈ (**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀਂ ਹੋਰ ॥੩॥ (੧੨੬੫)** ਦੁਨੀਆਂ ਦੇ ਵਿਚਾਰਾਂ ਵਿੱਚ ਉਹ ਪੁਰਸ਼ ਉਪਰਾਮ ਬਿਰਤੀ ਨਾਲ ਵਿਚਰਦਾ ਹੈ।"

ਇੱਕ ਵੇਰਾਂ ਸੰਤ ਗਿਆਨੀ ਸੁੰਦਰ ਸਿੰਘ ਜੀ ਜਦੋਂ ਮਸਤੂਆਣੇ ਆਏ ਤਾਂ ਪ੍ਰਸਪਰ ਬ੍ਰਹਮ-ਵਿਚਾਰ ਕਰਦਿਆਂ ਹੋਇਆਂ ਸੰਤ ਜੀ ਮਹਾਰਾਜ ਨੇ ਬਚਨ ਕੀਤੇ, "ਗਿਆਨੀ ਸੁੰਦਰ ਸਿੰਘ ਜੀ, ਅਸੀਂ ਤਾਂ ਗੁਰਮੰਤਰ ਦੇ ਆਸਰੇ ਚਿੰਤਨ ਤੋਂ ਅਚਿੰਤ ਹੁੰਦੇ ਹੋਏ ਆਪਣੇ ਨਿੱਜੀ ਸਰੂਪ ਵਿੱਚ ਬਿਰਤੀ ਲੀਨ ਦਾ ਤਰੀਕਾ ਕਰਦੇ ਹਾਂ ਔਰ ਹੋਰ ਤੁਸੀਂ ਬਲੀ ਪੁਰਖ ਗਿਆਨ ਆਸਰੇ ਮਨ ਨੂੰ ਚਿੰਤ ਕਰਕੇ ਸਵੈ-ਅਨੁਭਵ ਪ੍ਰਕਾਸ਼ ਸਰੂਪ ਵਿੱਚ ਲੀਨ ਹੋ ਜਾਂਦੇ ਹੋ।" ਸੰਤ ਗਿਆਨੀ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਆਪ ਜੀ ਦਾ ਜੋ ਗੁਰਮੰਤਰ ਕਰਕੇ ਨਿਰਾਧਾਰ ਹੋਣ ਦਾ ਤਰੀਕਾ ਹੈ। ਇਹੋ ਸੋਹਣਾ ਤੇ ਉੱਤਮ ਹੈ।

ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ

ਕਾਂਡ ੪੯

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥ (੨੭੨)

ਸਿਆਲਕੋਟ ਸ਼ਹਿਰ ਦੀ ਸੰਗਤ ਸੰਤ ਜੀ ਮਹਾਰਾਜ ਦੇ ਆਉਣ ਦੀ ਸੋਅ ਸੁਣ ਕੇ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਸਤਿਸੰਗ ਵਿੱਚ ਖਿੱਚੀ ਹੋਈ ਚਲੀ ਆਈ। ਕਈ ਦਿਨ ਬਾਬਾ ਜੀ ਦੀ ਬੇਰ ਬੜੀ ਰੌਣਕ ਹੁੰਦੀ ਰਹੀ। ਕੀਰਤਨ ਦੇ ਮਗਰੋਂ ਦਾਸ ਨੂੰ ਕਥਾ ਦਾ ਹੁਕਮ ਹੁੰਦਾ। ਇੱਕ ਦਿਨ ਕਥਾ ਵਿੱਚ ਇੱਕ ਸ਼ਬਦ ਦਾ ਅਰਥ ਦਾਸ ਨੂੰ ਨਾ ਫੁਰਿਆ। ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ਕਥਾ ਦਾ ਰੰਗ ਚੰਗਾ ਬਣਿਆ ਤਦ ਕਿਸੇ ਨੂੰ ਇਹ ਗੱਲ ਨਾ ਭਾਸੀ। ਦੀਵਾਨ ਦੇ ਭੋਗ ਦੇ ਮਗਰੋਂ ਜਦੋਂ ਡੇਰੇ 'ਤੇ ਪੁੱਜੇ ਤਾਂ ਸੰਤ ਜੀ ਮਹਾਰਾਜ ਨੇ ਹੌਲੀ ਜਿਹੀ ਦਾਸ ਨੂੰ ਆਖਿਆ ਕਿ ਭਾਈ ਤੇਜਾ ਸਿੰਘ! ਫਲਾਣੇ ਅੱਖਰ ਦਾ ਅਰਥ ਇਹ ਹੈ। ਅਸੀਂ ਦੀਵਾਨ ਵਿੱਚ ਟੋਕਣਾ ਵਾਜਬ ਨਹੀਂ ਸਮਝਿਆ, ਹੁਣ ਸਮਝਾ ਦੇਂਦੇ ਹਾਂ। ਮਹਾਂਪੁਰਖਾਂ ਦਾ ਸਦਾ ਹੀ ਇਹ ਸੁਭਾਓ ਸੀ ਕਿ ਜੇ ਕੋਈ ਜਥਾ ਕੀਰਤਨ ਕਰਦਿਆਂ ਭੁੱਲ ਵੀ ਜਾਂਦਾ ਤਾਂ ਉਸ ਨੂੰ ਗੁਪਤ ਹੀ ਸ਼ੁੱਧ ਕਰ ਦੇਂਦੇ! ਹਾਂ, ਕਿਸੇ ਸ਼ਬਦ ਦਾ ਅਨਰਥ ਹੁੰਦਾ ਦਿਸਦਾ ਤਾਂ ਉਸ ਵੇਲੇ ਟੋਕ ਵੀ ਦੇਂਦੇ।

ਸਿਆਲਕੋਟ ਦੁਪਹਿਰ ਦੇ ਅਰਾਮ ਤੇ ਸ਼ਾਮ ਦੇ ਪ੍ਰਸ਼ਾਦ ਛਕਣ ਦੇ ਮਗਰੋਂ, ਕਈ ਪ੍ਰੇਮੀ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨ ਲਈ ਆਉਂਦੇ। ਸਹਿਜ-ਸੁਭਾਏ ਸੰਤ ਜੀ ਕਈ ਬਚਨ ਕਰਦੇ ਤੇ ਪ੍ਰੇਮੀਆਂ ਦੇ ਸ਼ੰਕੇ ਵੀ ਬੜੀ ਸੁੰਦਰ ਜੁਗਤ ਅਤੇ ਸਿੱਧੇ ਤਰੀਕੇ ਨਾਲ ਦੂਰ ਕਰਦੇ।

ਗੁਰਮਤਿ 'ਤੇ ਕੁਝ ਸਾਖੀਆਂ

ਇੱਕ ਦਿਨ ਸ਼ਾਮ ਦੇ ਵੇਲੇ ਜਦ ਦਾਸ ਨੇ ਨਮਸਕਾਰ ਕੀਤੀ ਤਾਂ ਸੰਤ ਜੀ ਮਹਾਰਾਜ ਨੇ ਹੱਸ ਕੇ ਫ਼ਰਮਾਇਆ, "ਭਾਈ! ਅਸਾਂ ਤੁਹਾਨੂੰ ਜ਼ਰੂਰ ਬਣਾਉਣਾ ਹੈ।" ਇਸ ਗੱਲ ਦੇ ਪੂਰੇ ਅਰਥ ਤਾਂ ਦਾਸ ਨੂੰ ਉਸ ਵੇਲੇ ਸਮਝ ਨਾ ਆਏ, ਪਰ ਹੱਥ ਜੋੜ ਕੇ ਆਖਿਆ, 'ਸਤਿ ਬਚਨ।' ਇੱਕ ਰਾਤ ਭਾਈ ਨਰੈਣ ਸਿੰਘ ਐੱਸ.ਏ.ਵੀ. ਜਿਹੜੇ ਕਿ ਦਾਸ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਕਲਰਕ ਰਹਿ ਚੁੱਕੇ ਸਨ ਅਤੇ ਉਸ ਸਮੇਂ ਦੇ ਹੀ ਗੁਰਬਾਣੀ ਦੇ ਰਸੀਏ ਤੇ ਸਤਿਸੰਗ ਦੇ ਖੋਜੀ ਸਨ, ਸੰਤ ਜੀ ਮਹਾਰਾਜ ਪਾਸ ਆਏ। ਰੋਜ਼ ਵਾਂਗੂੰ ਪ੍ਰਸ਼ਾਦ ਛਕਣ ਦੇ ਮਗਰੋਂ ਸੰਤ ਜੀ ਸਤਿਸੰਗੀਆਂ ਨਾਲ ਵਿਚਾਰ ਕਰਨ ਲਈ ਤਿਆਰ, ਆਪਣੇ ਕਮਰੇ ਵਿੱਚ ਪਲੰਘ 'ਤੇ ਸਜੇ ਹੋਏ ਸਨ। ਇਹ ਪ੍ਰੇਮੀ ਆਇਆ ਤੇ ਸੰਤ ਜੀ ਮਹਾਰਾਜ ਅੱਗੇ ਦੋ ਪ੍ਰਸ਼ਨ ਕੀਤੇ:

(1) ਮਹਾਰਾਜ ਜੀ! ਗੁਰੂ, ਸਿੱਖ ਦੀ ਕਿੰਨੀ ਕੁ ਅਤੇ ਕਿਸ ਤਰ੍ਹਾਂ ਸਹਾਇਤਾ ਕਰਦਾ ਹੈ?

(2) ਗੁਰਸਿੱਖ ਦੀ ਕੀ ਧਾਰਨਾ ਹੋਣੀ ਚਾਹੀਦੀ ਹੈ ?

ਪਹਿਲੇ ਪ੍ਰਸ਼ਨ ਦਾ ਉੱਤਰ ਸੰਤ ਜੀ ਮਹਾਰਾਜ ਨੇ ਇੱਕ ਬੜੀ ਸਾਦਾ ਅਤੇ ਸੁੰਦਰ ਮਿਸਾਲ ਦੇ ਕੇ, ਭਾਈ ਨਰੈਣ ਸਿੰਘ ਦੀ ਨਿਸ਼ਾ ਕੀਤੀ, 'ਭਾਈ ਨਰਾਇਣ ਸਿੰਘ! ਪਿੱਛਲੇ ਸਮੇਂ ਮਾਈਆਂ-ਬੀਬੀਆਂ ਸਿਰ 'ਤੇ ਕਈ-ਕਈ ਘੜੇ, ਹੇਠ ਉੱਤੇ ਰੱਖ, ਖੂਹ 'ਤੇ ਪਾਣੀ ਭਰਨ ਜਾਂਦੀਆਂ। ਢਾਕੇ ਮੁੰਡਾ ਯਾ ਕੁੜੀ ਹੁੰਦਾ। ਹੁਣ ਵੀ ਕਈ ਜਗ੍ਹਾ ਇਹ ਰਿਵਾਜ ਕਾਇਮ ਹੈ। ਕਦੀ-ਕਦੀ ਮੁੰਡਾ ਜਾਂ ਕੁੜੀ ਛਿੜ ਪੈਂਦੇ। ਮਾਂ ਬਹੁਤੇਰਾ ਵਰਾਂਦੀ, ਪਰ ਚੁੱਪ ਨਾ ਕਰਦੇ। ਛਿੱਥੀ ਹੋ ਕੇ ਮਾਂ ਇਸ ਨੂੰ ਢਾਕੋਂ ਲਾਹ, ਜ਼ਮੀਨ 'ਤੇ ਸਿੱਟ ਦੇਂਦੀ, ਅਤੇ ਆਖਦੀ, 'ਰੋਈ ਜਾਹ।'' ਪਰ ਇਸ ਦੇ ਚਿੱਤ ਵਿੱਚ ਏਹ ਪ੍ਰੇਮ ਹੁੰਦਾ ਕਿ ਆਉਂਦੀ ਵਾਰੀ ਏਹਨੂੰ ਉਂਗਲੀ ਦੇ ਸਹਾਰੇ ਕੁੱਛੜ ਚੁੱਕ ਲਵਾਂਗੀ। ਹੁਣ ਜਦ ਮੁੜ ਕੇ ਆਉਂਦੀ ਤਾਂ ਆਪਣੀ ਉਂਗਲ ਬਾਲਕ ਵੱਲ ਕਰਦੀ। ਜੇ ਬਾਲਕ ਆਪਣੀ ਜ਼ਿੱਦ ਨੂੰ ਛੱਡ, ਉਂਗਲ ਫੜ ਲੈਂਦਾ, ਤਾਂ ਉਂਗਲ ਦੇ ਸਹਾਰੇ ਮਾਂ ਇਸ ਨੂੰ ਕੁੱਛੜ ਚੁੱਕ ਲੈਂਦੀ, ਪਰ ਜੇ ਨਾ ਫੜਦਾ ਤਾਂ ਮਾਂ ਗੁੱਸੇ ਹੋ ਕੇ ਨਿੱਕਾ ਜਿਹਾ ਪ੍ਰੇਮ ਭਰਿਆ ਠੁੱਡ ਮਾਰਦੀ ਤੇ ਕਹਿੰਦੀ, 'ਜਾਹ ਰੋਈ ਜਾਹ।' ਇਸੇ ਤਰ੍ਹਾਂ ਗੁਰੂ ਸਿੱਖ ਦੀ ਮਦਦ ਕਰਦਾ ਹੈ। ਜੇ ਸਿੱਖ ਗੁਰੂ ਦੀ ਉਂਗਲ ਫੜ ਲਵੇ ਤਾਂ ਗੁਰੂ ਸਿੱਖ ਨੂੰ ਗੋਦੀ ਚੁੱਕ ਲੈਂਦਾ ਹੈ, ਨਹੀਂ ਤਾਂ ਸਿੱਖ ਆਪਣੇ ਹਠ ਵਿੱਚ ਪਿਆ ਰੋਈ ਜਾਂਦਾ ਹੈ:

ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥
ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥
ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥
ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥ (੬੪੦)

ਦੂਜੇ ਸਵਾਲ ਦਾ ਸੰਤ ਜੀ ਮਹਾਰਾਜ ਨੇ ਏਹ ਉੱਤਰ ਦਿੱਤਾ ਕਿ ਗੁਰਸਿੱਖ ਵਾਸਤੇ ਇਸ ਰਹਿਤ ਦੀ ਲੋੜ ਹੈ: **'ਮੁੱਖ ਭਗਤੀ, ਵਰਤਨ ਵੈਰਾਗ, ਦ੍ਰਿੜ ਗਿਆਨ, ਮਨੋਂ ਨਾਸ, ਵਾਸ਼ਨਾ ਖੈ।'** ਸਿੱਖ ਭਾਵੇਂ ਗੁਰੂ ਨਾਲ ਇੱਕ-ਮਿਕ ਹੋ ਜਾਵੇ, ਏਹਦੇ ਮੁੱਖੋਂ 'ਧੰਨ ਗੁਰੂ ਨਾਨਕ' ਨਿਕਲੇ ਅਤੇ ਹਿਰਦੇ ਵਿੱਚ ਸਦਾ ਸਤਿਗੁਰੂ ਦੇ ਚਰਨ ਕੰਵਲਾਂ ਦਾ ਨਿਵਾਸ ਹੋਵੇ।

ਸਿਆਲਕੋਟ ਅੰਮ੍ਰਿਤ ਪ੍ਰਚਾਰ ਵੀ ਬਹੁਤ ਹੋਇਆ। ਸੈਂਕੜੇ ਮਾਈ-ਭਾਈ ਗੁਰੂ ਕੇ ਜਹਾਜ਼ ਚੜ੍ਹੇ। ਗੁਰਮੁਖੀ ਅੱਖਰਾਂ ਦਾ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇੰਨਾ ਅਕਥ ਪ੍ਰੇਮ ਸੀ ਕਿ ਜਦੋ ਆਉਂਦਿਆਂ-ਜਾਂਦਿਆਂ ਬਾਬੇ ਜੀ ਦੀ ਬੇਰ ਦੇ ਦੀਵਾਨ ਅਸਥਾਨ ਵਿੱਚ ਫਰਸ਼ 'ਤੇ ਟੁਰਦੇ, ਉੱਥੇ ਜਿਸ-ਜਿਸ ਪਟੜੀ 'ਤੇ ਕੋਈ ਗੁਰਮੁਖੀ ਨਾਵਾਂ ਲਿਖਿਆ ਹੁੰਦਾ, ਆਪਣਾ ਚਰਨ ਬੜਾ ਹੀ ਬਚਾ ਕੇ ਦੂਰ ਰੱਖਦੇ ਅਤੇ ਆਖਦੇ, ''ਭਾਈ! ਏਹ ਗੁਰੂ ਨਾਨਕ ਸਾਹਿਬ ਦੇ ਰੋਮ ਹਨ, ਫਰਸ਼ 'ਤੇ ਗੁਰਮੁਖੀ ਅੱਖਰ ਲਿਖਣੇ ਨਹੀਂ ਚਾਹੀਦੇ।''

ਸਿਆਲਕੋਟ ਤੋਂ ਟੁਰ, ਸੰਤ ਜੀ ਜੰਮੂ ਪੁੱਜੇ। ਇੱਥੇ ਰਾਏ ਸਾਹਿਬ ਮੱਖਨ ਲਾਲ ਸਟੇਟ ਇੰਜੀਨੀਅਰ ਦੀ ਕੋਠੀ ਡੇਰਾ ਲੱਗਾ। ਬਰਹਮ ਬੂਟੇ ਵਿੱਚ ਸਵੇਰ ਸ਼ਾਮ ਦੀਵਾਨ ਸੱਜਦਾ, ਨਿੱਤ ਬਹੁਤ ਸਾਰੇ ਮਾਈ-ਭਾਈ ਅੰਮ੍ਰਿਤ ਛਕਦੇ। ਇੱਥੇ ਖੰਡੇ ਦੀ ਸੇਵਾ ਸੰਤ ਜੀ ਮਹਾਰਾਜ ਨੇ ਦਾਸ ਨੂੰ ਬਖਸ਼ੀ ਅਤੇ ਅੰਤ ਸਮੇਂ ਤੀਕਰ ਇਹ ਬਖਸ਼ਿਸ਼ ਕਾਇਮ ਰੱਖ ਕੇ ਅੰਮ੍ਰਿਤ ਪ੍ਰਚਾਰ ਦਾ ਪਹਿਰਾ ਦਾਸ ਨੂੰ ਸੌਂਪਿਆ।

ਰਾਏ ਸਾਹਿਬ ਮੱਖਣ ਲਾਲ ਦੀ ਕੋਠੀ ਤਾਂ ਪ੍ਰਸ਼ਾਦ ਨਿੱਤ ਸਹਿਜ-ਸੁਭਾਅ ਤਿਆਰ ਹੋ ਜਾਂਦਾ। ਇੱਕ ਦਿਨ ਕਿਰਤੀ ਸਿੰਘ ਨੇ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਰਾਏ ਸਾਹਿਬ ਨੂੰ ਖ਼ਬਰ ਦੇਣਾ ਕਿ ਕੱਲ੍ਹ ਸਵੇਰ ਦਾ ਪ੍ਰਸ਼ਾਦ ਤੁਹਾਡੇ ਘਰ ਹੈ।'' ਪ੍ਰੇਮੀ ਕਿਸੇ ਕਾਰਨ ਕਰਕੇ ਖ਼ਬਰ

ਕਰਨਾ ਭੁੱਲ ਗਿਆ। ਪ੍ਰਸ਼ਾਦ ਦੋਹਾਂ ਘਰਾਂ ਵਿੱਚ ਤਿਆਰ ਹੋ ਗਿਆ। ਸੰਤ ਜੀ ਮਹਾਰਾਜ ਦੀਵਾਨ ਤੋਂ ਉੱਠਦੇ ਹੀ ਪ੍ਰਸ਼ਾਦ ਛਕ ਲੈਂਦੇ ਅਤੇ ਫੇਰ ਅਰਾਮ ਲਈ ਆਪਣੇ ਅਸਥਾਨ 'ਤੇ ਆ ਜਾਂਦੇ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ ਪਤਾ ਲੱਗਾ ਕਿ ਪ੍ਰਸ਼ਾਦ ਦੋਹੀਂ ਥਾਈਂ ਤਿਆਰ ਹੋ ਗਿਆ ਹੈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਚੰਗਾ ਭਾਈ! ਪਹਿਲਾਂ ਕਿਰਤੀ ਸਿੰਘ ਦਾ ਪ੍ਰੇਮ ਲਵਾਂਗੇ ਅਤੇ ਫੇਰ ਰਾਇ ਸਾਹਿਬ ਦਾ ਪ੍ਰੇਮ ਪੂਰਾ ਕਰ ਦੇਵਾਂਗੇ।" ਸੋ **ਜਥੇ** ਸਮੇਤ ਸੰਤ ਪਹਿਲਾਂ ਸ਼ਹਿਰ ਵਿੱਚ ਪ੍ਰਸ਼ਾਦ ਛਕਣ ਗਏ ਅਤੇ ਜਦ ਪੰਗਤ ਲੱਗੀ, ਤਦ **ਜਥੇ** ਨੂੰ ਪ੍ਰੇਮ ਭਰੀ ਅਵਾਜ਼ ਵਿੱਚ ਆਖਿਆ, "ਭਾਈ! ਕੁਝ ਭੁੱਖ ਰੱਖ ਕੇ ਛਕਣਾ, ਰਾਇ ਸਾਹਿਬ ਦਾ ਪ੍ਰੇਮ ਲੈਣਾ ਹੈ।" ਏਥੋਂ ਪ੍ਰਸ਼ਾਦ ਛਕ, ਸ਼ਹਿਰ ਤੋਂ ਬਾਹਰ ਦੋ ਕੁ ਮੀਲ ਦੇ ਫਾਸਲੇ 'ਤੇ ਰਾਇ ਸਾਹਿਬ ਮੱਖਣ ਲਾਲ ਦੀ ਕੋਠੀ ਪੁੱਜੇ ਅਤੇ ਉੱਥੇ ਦੂਜੀ ਵਾਰੀ ਪੰਗਤਾਂ ਲਾ ਪ੍ਰਸ਼ਾਦ ਛਕਦਿਆਂ-ਛਕਾਉਂਦਿਆਂ ਦੋ ਵੱਜ ਗਏ। ਸੰਤ ਜੀ ਮਹਾਰਾਜ ਨੇ ਆਪਣੇ ਅਰਾਮ ਦਾ ਕੋਈ ਖਿਆਲ ਨਾ ਕੀਤਾ। ਚਿੱਤ ਵਿੱਚ ਏਹੋ ਗੱਲ ਪਰਪੱਕ ਸੀ ਕਿ ਕਿਸੇ ਦੇ ਹਿਰਦੇ ਨੂੰ ਠੋਕਰ ਨਾ ਲੱਗ ਜਾਏ (**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥ (੧੩੯੪)**

ਜਦ ਜੰਮੂ ਤੋਂ ਸ੍ਰੀਨਗਰ ਟੂਰਨ ਦੀ ਵਿਚਾਰ ਹੋਈ ਤਾਂ ਸਭ ਨੇ ਗੁਰਮਤਾ ਕੀਤਾ ਕਿ ਦਿੱਲੀ ਤੋਂ ਆਈ ਮੋਟਰ ਦਾ ਪਹਾੜੀ ਰਸਤੇ ਵਿੱਚ ਕੋਈ ਭਰੋਸਾ ਨਹੀਂ, ਇਹ ਨੂੰ ਵਾਪਸ ਕਰ ਦਿੱਤਾ ਜਾਵੇ ਤੇ ਅੱਗੇ ਜਾਣ ਲਈ ਇੱਕ ਸਾਲਮ ਲਾਰੀ ਦਾ ਪ੍ਰਬੰਧ ਕੀਤਾ ਜਾਵੇ। ਇਸ ਲਈ ਇੱਕ ਪ੍ਰੇਮੀ ਸਿੱਖ ਦੀ ਲਾਰੀ ਕਿਰਾਏ 'ਤੇ ਕਰ ਲਈ। ਭਾਈ ਸੁੰਦਰ ਸਿੰਘ ਭਰਾਤਾ ਡਾਕਟਰ ਮੂਲ ਸਿੰਘ ਦਿੱਲੀ ਤੋਂ ਸਰਦਾਰ ਧਰਮ ਸਿੰਘ ਨੇ ਖ਼ਰਚ ਦੇ ਕੇ ਸਾਰੇ ਸਫ਼ਰ ਅਤੇ ਸ੍ਰੀਨਗਰ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਲਈ ਨਾਲ ਭੇਜੇ ਹੋਏ ਸਨ।

ਨੀਯਤ ਦਿਨ ਤੇ ਲਾਰੀ ਵਾਲਾ ਪੁੱਜ ਗਿਆ ਅਤੇ ਇਸ ਨੂੰ ਪੈਟਰੋਲ ਆਦਿਕ ਲਈ ਭਾਈ ਸੁੰਦਰ ਸਿੰਘ ਨੇ ਕਿਰਾਏ ਦਾ ਕੁਝ ਹਿੱਸਾ ਦੇ ਦਿੱਤਾ। ਅਗਲੀ ਸੀਟ 'ਤੇ ਸੰਤ ਜੀ ਸਜ ਗਏ, ਸਾਰਾ ਜਥਾ ਵਿੱਚ ਬੈਠ ਗਿਆ ਅਤੇ ਸ੍ਰੀਨਗਰ ਵੱਲ ਟੂਰ ਪਏ। ਉਧਮਪੁਰ ਬਟੌਤੀ ਤੋਂ ਹੁੰਦਿਆਂ ਹੋਇਆਂ ਲਾਰੀ ਸ਼ਾਮ ਦੇ ਚਾਰ ਕੁ ਵਜੇ ਰਾਜ ਬਨ ਪੁੱਜੀ। ਇੱਥੇ ਰਾਤ ਲਈ ਡਾਕ ਬੰਗਲੇ ਵਿੱਚ ਡੇਰੇ ਦਾ ਪ੍ਰਬੰਧ ਕੀਤਾ ਗਿਆ। ਇਹ ਡਾਕ ਬੰਗਲਾ ਇੱਕ ਬੜੇ ਸੁੰਦਰ ਅਸਥਾਨ 'ਤੇ ਸੀ। ਦੂਰ-ਦੂਰ ਤੀਕਰ ਘਾਹ ਦਾ ਕੁਦਰਤੀ ਸਬਜ਼ ਮਖਮਲੀ ਫਰਸ਼ ਵਿਛਿਆ ਹੋਇਆ ਸੀ। ਸਾਹਮਣੇ ਚੰਦਰ ਭਾਗਾ ਆਪਣੇ ਪੂਰੇ ਜੋਬਨ ਵਿੱਚ ਪਹਾੜਾਂ ਅਤੇ ਅਬਾਦੀਆਂ ਨੂੰ ਚੀਰਦਾ ਹੋਇਆ ਆਪਣੇ ਪਿਆਰੇ ਦੇ ਮਿਲਣ ਦੀ ਤਾਂਘ ਵਿੱਚ ਵਾਹੋਦਾਹੀ ਜਾ ਰਿਹਾ ਸੀ। ਦਰਿਆਉਂ ਪਾਰ ਜਾਣ ਲਈ ਇੱਕ ਸੁੰਦਰ ਸਸਪੈਂਨਸ਼ਨ ਬ੍ਰਿਜ (ਲਟਕਦਾ ਪੁੱਲ) ਸੀ। ਇਸ ਅਦੁੱਤੀ ਸੁੰਦਰ ਨਜ਼ਾਰੇ ਵਿੱਚ ਸੰਤ ਜੀ ਮਹਾਰਾਜ ਨੇ ਡਾਕ ਬੰਗਲੇ ਦੇ ਬਾਹਰ ਸ਼ਾਮ ਦਾ ਦੀਵਾਨ ਸਜਾਇਆ। ਜਦ ਭੋਗ ਪਿਆ ਤਾਂ ਫ਼ਰਮਾਇਆ, "ਭਾਈ! ਅੱਜ ਦੇਵਤਿਆਂ ਦਾ ਦੀਵਾਨ ਸੀ। ਤੇਤੀ ਕਰੋੜ ਦੇਵਤੇ, ਸ਼ਹੀਦ, ਮੁਰੀਦ ਸਭ ਹਾਜ਼ਰ ਸਨ।" ਕਰਤਾਰ ਦੀ ਨੇਤ, ਲੱਗੇ ਦੀਵਾਨ ਵਿੱਚ ਇੱਕ ਅਕਾਲੀ ਸਿੰਘ ਆ ਗਿਆ। ਇਸ ਨੂੰ ਦੇਖ ਕੇ ਕੁਝ ਸਿੰਘ ਨੱਕ ਮੂੰਹ ਵੱਟਣ ਲੱਗ ਪਏ। ਭੋਗ ਪੈਣ 'ਤੇ ਥੋੜ੍ਹਾ ਦਿਨ ਬਾਕੀ ਸੀ। ਸਾਰੇ ਦੇ ਸਾਰੇ ਤੁਰਨ-ਫਿਰਨ ਵਾਸਤੇ ਖਿੰਡ ਗਏ, ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠਾ ਰਿਹਾ। ਜਦ ਸਾਰੇ ਨਗਰ ਤੋਂ ਦੂਰ ਹੋ ਗਏ ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ, ਪੰਡ ਭਾਰੀ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਵੀ ਬਾਬਾ ਬਕਾਲੇ ਇਹੋ ਫ਼ਰਮਾਇਆ ਸੀ ਕਿ ਪੰਡ ਭਾਰੀ ਹੈ, ਕੌਣ ਚੁੱਕੇ?" ਉਸੇ ਵੇਲੇ ਦਾਸ ਦੇ ਹਿਰਦੇ ਵਿੱਚ ਸੰਤ ਜੀ ਮਹਾਰਾਜ ਨੇ ਆਪਣਾ ਆਸ਼ਾ ਆਪ ਹੀ ਆਪਣੀ ਕ੍ਰਿਪਾ ਦੁਆਰਾ ਪ੍ਰਗਟ ਕਰ ਦਿੱਤਾ ਕਿ ਪੰਥ ਦੇ ਸਾਰਿਆਂ ਅੰਗਾਂ ਨਾਲ ਇੱਕ-ਰਸ ਵਰਤਣਾ ਅਤੇ ਸਭ ਦਾ ਪ੍ਰੇਮ ਲੈਣਾ ਬੜਾ ਹੀ ਕਠਿਨ ਹੈ। ਸਤਿਗੁਰੂ ਕ੍ਰਿਪਾ ਕਰੇ ਅਤੇ ਆਪਣੀ ਤਾਕਤ ਬਖਸ਼ੇ ਤਾਂ ਹੀ ਕੰਮ ਸਿਰੇ

ਚੜ੍ਹ ਸਕਦਾ ਹੈ। ਵੱਖਰਾ ਜਥਾ ਬਣਾ ਕੇ ਬਹਿ ਜਾਣਾ ਅਤੇ ਕੁਝ ਸੇਵਕ ਮਗਰ ਲਾ ਲੈਣਾ ਕੋਈ ਔਖੀ ਗੱਲ ਨਹੀਂ।

ਏਥੋਂ ਟੁਰ ਪੀਰ ਪੰਜਾਲ ਪਹਾੜ ਦੇ ਪੈਰਾਂ ਵਿੱਚ ਇੱਕ ਡਾਕ ਬੰਗਲੇ ਵਿਖੇ ਰਾਤ ਲਈ ਨਿਵਾਸ ਕੀਤਾ। ਇੱਥੇ ਬੜੀ ਠੰਡ ਸੀ। ਪਹਾੜ ਦੀ ਚੋਟੀ ਉੱਤੇ ਬਾਰ੍ਹਾਂ ਮਹੀਨੇ ਬਰਫ਼ ਜੰਮੀ ਰਹਿੰਦੀ ਹੈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਡਾਕ ਬੰਗਲੇ ਵਿੱਚ ਹੀ ਲੱਗੀ। ਜਲ-ਪਾਣੀ ਦੇ ਮਗਰੋਂ ਲਾਰੀ ਸਵਾਰੀਆਂ ਨੂੰ ਲੈ ਪਹਾੜ ਦੀ ਚੋਟੀ ਵੱਲ ਟੁਰੀ। ਸੜਕ ਨੇ ਸੱਪ ਵਾਂਗੂੰ ਕਈ ਚੱਕਰ ਖਾਧੇ। ਆਖ਼ਰ ਚੋਟੀ 'ਤੇ ਪੁੱਜੀ। ਇੱਥੇ ਸੜਕ ਦੇ ਦੋਵੇਂ ਪਾਸੇ ਪਹਾੜ ਦੀ ਟੀਸੀ ਉੱਤੇ ਬਰਫ਼ ਦੇ ਢੇਰਾਂ ਦੇ ਢੇਰ ਜੰਮੇ ਹੋਏ ਸਨ। ਉੱਚਾਈ ਏਨੀ ਸੀ ਕਿ ਗਰਮੀਆਂ ਦੀ ਗਰਮੀ ਵੀ ਏਹਨੂੰ ਪੋਹ ਨਹੀਂ ਸੀ ਸਕਦੀ। ਜਥੇ ਦੇ ਪ੍ਰੇਮੀ ਹੱਥ ਨਾਲ ਬਰਫ਼ ਦੇ ਟੁੱਕੜੇ ਤੋੜਦੇ ਰਹੇ ਅਤੇ ਇਸ ਨਜ਼ਾਰੇ ਨੂੰ ਦੇਖ ਕੇ ਬੜੇ ਅਨੰਦ ਤੇ ਅਸਚਰਜ ਹੋਏ। ਥੋੜ੍ਹੇ ਚਿਰ ਪਿੱਛੋਂ ਉਤਰਾਈ ਸ਼ੁਰੂ ਹੋ ਗਈ ਅਤੇ ਕੁਝ ਦੇਰ ਟੁਰਨ ਦੇ ਮਗਰੋਂ ਲਾਰੀ ਕਸ਼ਮੀਰ ਦੇ ਪੱਧਰੇ ਮੈਦਾਨ ਵਿੱਚ ਪੁੱਜ ਗਈ। ਸ਼ਾਮ ਦੇ ਵਕਤ ਪਹਿਲਗਾਮ ਪੁੱਜੇ। ਇੱਥੇ ਰਾਤ ਲਈ ਬਿਸਰਾਮ ਕੀਤਾ ਅਤੇ ਸਵੇਰੇ ਇੱਕ ਧਰਮਸ਼ਾਲ ਵਿੱਚ ਦੀਵਾਨ ਸਜਿਆ। ਦਿਨ ਚੜ੍ਹੇ ਲਾਰੀ ਸ੍ਰੀਨਗਰ ਵੱਲ ਟੁਰ ਪਈ। ਏਥੋਂ ਸੜਕ ਦੇ ਦੋਹੀਂ ਪਾਸੇ ਚਨਾਰ ਦੇ ਦਰੱਖਤ ਸ਼ੁਰੂ ਹੋ ਗਏ। ਜਿੱਥੇ ਤੀਕਰ ਨਿਗਾਹ ਜਾਂਦੀ, ਇਹ ਸੁੰਦਰ ਸੁਜੀਲੇ ਅਤੇ ਉੱਚੇ ਲੰਮੇ ਪਹਿਰੇਦਾਰ ਨਜ਼ਰ ਆਉਂਦੇ। ਸ੍ਰੀਨਗਰ ਤੀਕਰ ਇਹ ਨਜ਼ਾਰਾ ਨੇਤਰਾਂ ਦੇ ਸਾਹਮਣੇ ਰਿਹਾ। ਇਸ ਦੀ ਅਸਚਰਜ ਸ਼ਾਨ ਸੁੰਦਰਤਾ ਉਹੋ ਹੀ ਅਨੁਭਵ ਕਰ ਸਕਦਾ ਹੈ ਜਿਸ ਨੇ ਇਸ ਨੂੰ ਵੇਖਿਆ ਹੋਵੇ। ਸ੍ਰੀਨਗਰ ਪੁੱਜ ਪਹਿਲੀ ਰਾਤ ਗੁਰਦੁਆਰਾ ਮੀਰਾਂ ਕਦਲ ਵਿੱਚ ਨਿਵਾਸ ਕੀਤਾ। ਦੂਜੇ ਦਿਨ ਚਸ਼ਮੇ ਸ਼ਾਹੀ ਦੇ ਪਾਸ ਸਰਦਾਰ ਧਰਮ ਸਿੰਘ ਜੀ ਦੀ ਕੁਟੀਆ ਵਿੱਚ ਚੱਲੇ ਗਏ। ਮੀਰਾਂ ਕਦਲ ਦੇ ਕੋਲੋਂ ਦਰਿਆਏ ਜਿਹਲਮ ਲੰਘਦਾ ਹੈ ਅਤੇ ਸ਼ਹਿਰ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੰਦਾ ਹੈ। ਗਰਮੀ ਵਿੱਚ ਬਹੁਤ ਸਾਰੇ ਸੈਲਾਨੀ ਲੋਕ ਬੇੜੀਆਂ ਦੇ ਘਰਾਂ ਵਿੱਚ ਦਰਿਆ ਉੱਤੇ ਹੀ ਨਿਵਾਸ ਕਰਦੇ ਹਨ ਅਤੇ ਜਿੱਥੇ ਚਾਹੁੰਦੇ ਹਨ, ਆਪਣੀ ਬੇੜੀ ਨੂੰ ਕਿਸੇ ਸੁੰਦਰ ਨਜ਼ਾਰੇ ਦੀ ਥਾਂ ਖੜ੍ਹਾ ਕਰ ਦੇਂਦੇ ਹਨ। ਇਹਨਾਂ ਟੁਰਦਿਆਂ ਘਰਾਂ ਵਿੱਚ ਲੰਗਰ ਆਦਿ ਹਰ ਇੱਕ ਚੀਜ਼ ਦਾ ਪ੍ਰਬੰਧ ਹੁੰਦਾ ਹੈ। ਰਿਹਾਇਸ਼ ਦੇ ਸੁੱਖ ਦੇ ਨਾਲ ਖੁੱਲ੍ਹੀ ਹਵਾ ਅਤੇ ਅਦੁੱਤੀ ਕੁਦਰਤੀ ਨਜ਼ਾਰਿਆਂ ਦੀ ਮੌਜ ਇਹਨਾਂ ਵਿੱਚ ਨਿਵਾਸ ਕਰਨ ਵਾਲਿਆਂ ਨੂੰ ਸ੍ਰਿਸ਼ਟੀ ਤੇ ਬਹਿਸ਼ਤ ਦਾ ਅਨੰਦ ਵਿਖਾਉਂਦੀ ਹੈ।

ਡੇਰਾ ਭਾਵੇਂ ਸ਼ਹਿਰ ਤੋਂ ਕਈ ਮੀਲ ਦੂਰ ਸੀ, ਪਰ ਸਾਧ ਸੰਗਤ ਦਾ ਪ੍ਰੇਮ ਏਨਾ ਸੀ ਕਿ ਹਰ ਰੋਜ਼ ਮੀਰਾਂ ਕਦਲ ਤੋਂ ਦੋ ਵੇਲੇ ਸੰਤ ਜੀ ਮਹਾਰਾਜ ਵਾਸਤੇ ਸਵਾਰੀ ਆਉਂਦੀ ਅਤੇ ਗੁਰਦੁਆਰਾ ਸਾਹਿਬ ਵਿੱਚ ਸਵੇਰ-ਸ਼ਾਮ ਦੀਵਾਨ ਸਜਦੇ। ਹਰ ਐਤਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਦੁਆਰੇ ਵਿਖੇ ਜਿੱਥੇ ਕਿ ਉਹਨਾਂ ਨੇ ਅਕਾਲ ਤਖ਼ਤ ਸਾਹਿਬ ਤੋਂ ਆ ਕੇ ਮਾਈ ਭਾਗਭਰੀ ਜੀ ਦਾ ਆਪਣੀ ਹੱਥੀ ਕੱਤੇ ਹੋਏ ਸੂਤ ਦਾ ਬਣਾਇਆ ਹੋਇਆ ਚੋਲਾ ਪ੍ਰਵਾਨ ਕੀਤਾ ਸੀ, ਸਾਧ ਸੰਗਤ ਦੀ ਇਕੱਤਰਤਾ ਹੁੰਦੀ। ਸੰਤ ਜੀ ਮਹਾਰਾਜ ਸੰਗਤ ਦੇ ਪ੍ਰੇਮ ਦੇ ਖਿੱਚੇ ਹੋਏ ਇੱਥੇ ਵੀ ਦਰਸ਼ਨ ਦਿੰਦੇ।

ਨਿੱਤਨੇਮ ਕਈ ਪ੍ਰੇਮੀ ਦਰਸ਼ਨ ਮੇਲਾ ਕਰਨ ਲਈ ਕੋਠੀ ਵੀ ਪੁੱਜਦੇ ਅਤੇ ਇੱਥੇ ਆ ਕੇ ਵਿਚਾਰ ਦੁਆਰਾ ਸਤਿਸੰਗ ਦਾ ਲਾਭ ਉਠਾਉਂਦੇ। ਇੱਕ ਦਿਨ ਸ਼ਹਿਰ ਤੋਂ ਆਏ ਪ੍ਰੇਮੀਆਂ ਨੇ ਆਖਿਆ, "ਮਹਾਰਾਜ ਜੀ, ਚਸ਼ਮੇ ਸ਼ਾਹੀ ਦਾ ਪਾਣੀ ਸਿਹਤ ਵਾਸਤੇ ਬੜਾ ਹੀ ਚੰਗਾ ਹੈ, ਕੋਠੀ ਤੋਂ ਬਹੁਤਾ ਦੂਰ ਵੀ ਨਹੀਂ। ਆਪ ਇਸ ਦਾ ਜਲ ਛਕਿਆ ਕਰੋ।" ਕੁਦਰਤ ਨੇ ਇਹ ਸੇਵਾ ਦਾਸ ਨੂੰ ਬਖਸ਼ੀ ਅਤੇ ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ਝੱਖੜ ਮੀਂਹ ਦੇ ਦਿਨਾਂ ਵਿੱਚ ਨਿਭ ਗਈ।

ਬਹੁਤੀ ਬੈਠਕ ਕਰਕੇ ਸੰਤ ਜੀ ਮਹਾਰਾਜ ਦੀਆਂ ਲੱਤਾਂ ਕਮਜ਼ੋਰ ਹੋ ਗਈਆਂ ਸਨ। ਦਾਸ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਹਜ਼ੂਰ ਨਿੱਤਨੇਮ ਥੋੜ੍ਹਾ ਸੈਰ ਕਰਿਆ ਕਰੋ।" ਇਸ ਬੇਨਤੀ ਨੂੰ ਮੰਨ, ਸੰਤ ਜੀ ਹਰ ਰੋਜ਼ ਸ਼ਾਮ ਵੇਲੇ ਬਾਹਰ ਜਾਣ ਲੱਗ ਪਏ। ਸੈਰ ਕਰਦਿਆਂ-ਕਰਦਿਆਂ ਸਹਿਜ-ਸੁਭਾਏ ਸੰਤ ਜੀ ਆਪਣੇ ਰੰਗ ਵਿੱਚ ਆ ਜਾਂਦੇ ਅਤੇ ਕਈ ਅਦੁੱਤੀ ਅਮੋਲਕ ਬਚਨ ਕਰਦੇ। ਇੱਕ ਦਿਨ ਟੁਰੇ ਜਾਂਦਿਆਂ ਹੱਸ ਕੇ ਕਹਿਣ ਲੱਗੇ ਕਿ ਭਾਈ! **ਕਪਾਟ ਖੁੱਲ੍ਹਣਾ, ਕੋਈ ਖੋਪਰੀ ਪਾਟ ਜਾਣ ਦਾ ਨਾਮ ਨਹੀਂ। ਜਿਸ ਵੇਲੇ ਭਰਮ ਦਾ ਪੜਦਾ ਦੂਰ ਹੋ ਗਿਆ, ਕਪਾਟ ਖੁੱਲ੍ਹ ਗਏ।**

ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ (੭੦੦)

ਇੱਕ ਹੋਰ ਸ਼ਾਮ ਨੂੰ ਪੁੱਛਣ ਲੱਗੇ, "ਭਾਈ ਤੇਜਾ ਸਿੰਘ! ਵਲਾਇਤ ਦੇ ਲੋਕਾਂ ਦਾ ਕੀ ਹਾਲ ਹੈ?" ਦਾਸ ਨੇ ਅਰਜ਼ ਕੀਤੀ ਕਿ ਭਾਵੇਂ ਇਹਨਾਂ ਦੀ ਮੁਲਕੀ ਚਾਲ ਕੁਝ ਹੀ ਹੈ, ਵਿਹਾਰ ਵਿੱਚ ਇਹ ਇੱਕ ਬੋਲ ਹੀ ਰੱਖਦੇ ਹਨ। ਇਹ ਸੁਣ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਚੰਗਾ ਭਾਈ! ਉੱਥੇ ਚਲੇ ਚੱਲੀਏ।" ਪਲ ਕੁ ਪਿੱਛੋਂ ਅੰਦਰੋਂ ਕੋਈ ਐਸੀ ਲਹਿਰ ਉੱਠੀ ਕਿ ਸੰਤ ਜੀ ਨੇ ਆਖਿਆ, "ਹੁਣ ਜਾ ਕੇ ਕੀ ਕਰਨਾ ਹੈ? ਹਿੰਦੁਸਤਾਨ ਵਿੱਚ ਝੂਠ, ਠੱਗੀ, ਫਰੇਬ ਬਹੁਤ ਹੋ ਗਿਆ ਹੈ। ਏਹ ਮੁਲਕ ਨਸ਼ਟ ਹੋ ਜਾਵੇ।" ਪਰ ਨਾਲ ਹੀ ਜਿਸ ਤਰ੍ਹਾਂ ਘੁਮਿਆਰ ਟਿੰਡ ਘੜਨ ਲੱਗਿਆਂ ਬਾਹਰੋਂ ਥਾਪੀ ਮਾਰਦਾ ਹੈ ਪਰ ਅੰਦਰੋਂ ਠੁੰਮਣਾ ਰੱਖਦਾ ਹੈ, ਇਕ ਅਸੀਸ ਵੀ ਦੇ ਦਿੱਤੀ, ਜਿਸਦਾ ਭਾਵ ਇਹ ਸੀ ਕਿ ਅਧਰਮ ਖੈ ਹੋਵੇ ਅਤੇ ਧਰਮ ਦਾ ਪ੍ਰਕਾਸ਼ ਹੋਵੇ।

ਸ਼ਾਮ ਦੇ ਵੇਲੇ ਪ੍ਰਸ਼ਾਦ ਛਕਣ ਦੇ ਮਗਰੋਂ ਸੰਤ ਜੀ ਮਹਾਰਾਜ ਆਪਣੀ ਮਰਯਾਦਾ ਅਨੁਸਾਰ ਸੇਵਕਾਂ ਅਤੇ ਪ੍ਰੇਮੀਆਂ ਨੂੰ ਪ੍ਰਸ਼ਨ ਉੱਤਰ ਦਾ ਸਮਾਂ ਦੇਂਦੇ। ਇੱਕ ਦਿਨ ਦਾਸ ਨੇ ਪੁੱਛਿਆ, "ਮਹਾਰਾਜ ਜੀ! ਕਈ ਪ੍ਰੇਮੀ ਆਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਬਾਦਸ਼ਾਹ ਔਰੰਗਜ਼ੇਬ ਦਾ ਦੂਜਾ ਜਨਮ ਸੀ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਮਹਾਰਾਜਾ ਰਣਜੀਤ ਸਿੰਘ ਤਾਂ ਪੰਡਤ ਕੇਸ਼ੋ ਦਾਸ ਦਾ, ਗੁਰੂ ਕਲਗੀਆਂ ਵਾਲੇ ਦੇ ਘਰ ਪਹਿਲਾ ਜਨਮ ਸੀ।"

ਜਿਸ ਵੇਲੇ ਅਨੰਦਪੁਰ ਸਾਹਿਬ ਵਿਖੇ ਨੈਨਾ ਦੇਵੀ ਦੇ ਹਵਨ ਦੇ ਮਗਰੋਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਜੱਗ ਕੀਤਾ ਅਤੇ ਬ੍ਰਾਹਮਣਾਂ ਦੇ ਰੁੱਸ ਜਾਣ 'ਤੇ, ਸਿੰਘਾਂ ਦੀ ਸੇਵਾ ਦਾ ਦਰਜਾ ਉੱਚਾ ਰੱਖਿਆ, ਉਸ ਵੇਲੇ ਪੰਡਤ ਕੇਸ਼ੋ ਦਾਸ ਇਹਨਾਂ ਰੁੱਸੇ ਹੋਏ ਬਿਪਰਾਂ ਦਾ ਸ਼੍ਰੋਮਣੀ ਸੀ। ਜੱਗ ਸੰਪੂਰਨ ਹੋਣ ਦੇ ਮਗਰੋਂ, ਵਿਦਵਾਨ ਅਤੇ ਤਪੀ ਹੋਣ ਕਰ ਕੇ ਇਸ ਨੂੰ ਆਪਣੀ ਭੁੱਲ ਪ੍ਰਤੀਤ ਹੋਈ। ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਇਕਾਂਤ ਸਮੇਂ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਜਾਤ ਅਤੇ ਵਿੱਦਿਆ ਦਾ ਅਭਿਮਾਨ ਮੈਨੂੰ ਪ੍ਰਗਟ ਤੌਰ 'ਤੇ ਹਜ਼ੂਰ ਦੀ ਸ਼ਰਨ ਆਉਣ ਵਿੱਚ ਅਟਕ ਪਾਉਂਦਾ ਹੈ, ਪਰ ਹੁਣ ਪੂਰਨ ਸਤਿਗੁਰੂ ਜਾਣ ਕੇ ਬਖਸ਼ਿਸ਼ ਦਾ ਜਾਚਕ ਹੋ ਕੇ ਆਇਆ ਹਾਂ। ਕ੍ਰਿਪਾ ਕਰੋ ਅਤੇ ਮੇਰੇ ਔਗੁਣ ਬਖਸ਼ ਕੇ ਆਪਣੇ ਲੜ ਲਾ ਲਵੋ।" ਦਿਆਲੂ ਸਤਿਗੁਰੂ ਇਸ ਦੀ ਨਿਮਰ ਬੇਨਤੀ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਫ਼ਰਮਾਇਆ, "ਤੂੰ ਤਿੰਨ ਜਨਮ ਸਾਡਾ ਸਿੱਖ ਹੋਵੇਗਾ, ਫੇਰ ਤੇਰੀ ਘਾਲ ਥਾਏ ਪਾਈ ਜਾਏਗੀ।" ਜੇ ਇਤਿਹਾਸ ਨਾਲ ਇਸ ਗੱਲ ਦਾ ਟਾਕਰਾ ਕਰੋ ਤਾਂ ਸੰਤ ਜੀ ਮਹਾਰਾਜ ਦਾ ਇਹ ਬਚਨ ਸੋਲ੍ਹਾਂ ਆਨੇ ਪੂਰਾ ਨਿਕਲਦਾ ਹੈ। ਮਹਾਰਾਜਾ ਰਣਜੀਤ ਸਿੰਘ ਜੀ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹੋਰ ਇਮਾਰਤ ਦੀ ਸੇਵਾ ਤੋਂ ਛੁੱਟ, ਸਵਾ ਮਣ ਸੋਨੇ ਦੀ ਟਹਿਲ ਕੀਤੀ। ਏਨ੍ਹਾ ਹੀ ਸੋਨਾ ਉਹਨਾਂ ਨੇ ਬਨਾਰਸ ਸਿਵ ਜੀ ਦੇ ਮੰਦਰ 'ਤੇ ਲਗਾਇਆ, ਨਾਲ ਹੀ ਆਪਣੇ ਰਾਜ ਪ੍ਰਬੰਧ ਵਿੱਚ ਉਨ੍ਹਾਂ ਨੇ ਪੰਡਤਾਂ ਅਤੇ ਡੋਗਰਿਆਂ ਨੂੰ ਆਪਣੇ ਨਿਕਟਵਰਤੀ ਬਣਾ ਕੇ ਭਰੋਸੇ ਦੀ ਸੇਵਾ ਵਿੱਚ ਲਾਇਆ ਹੈ। ਏਹ ਵੀ

ਪਿੱਛਲੇ ਜਨਮ ਦੇ ਸੰਸਕਾਰਾਂ ਦਾ ਅਵੱਸ਼ ਨਤੀਜਾ ਸੀ। ਇਸ ਟੁਰੀ ਗੱਲ ਵਿੱਚ ਸੰਤ ਜੀ ਮਹਾਰਾਜ ਨੇ ਇਹ ਵੀ ਫ਼ਰਮਾਇਆ ਕਿ ਔਰੰਗਜ਼ੇਬ ਪਹਿਲਾ ਨਿੱਤ ਗੀਤਾ ਦੀ ਪੋਥੀ ਸੁਣਦਾ ਸੀ। ਜਿਹੜਾ ਬ੍ਰਾਹਮਣ ਕਥਾ ਕਰਦਾ, ਉਹ ਗੀਤਾ ਦੇ ਉਸ ਸਲੋਕ ਨੂੰ ਛੱਡ ਜਾਂਦਾ, ਜਿਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਆਪਣੇ ਇਸ਼ਟ ਦੀ ਬ੍ਰਿਧੀ ਕਰਨਾ ਪਰਮ-ਧਰਮ ਹੈ। ਇੱਕ ਦਿਨ ਪੰਡਤ ਜੀ ਨੂੰ ਕਿਸੇ ਪਦਾਰਥ ਵਾਲੇ ਦੀ ਕੰਨਿਆਂ ਦੇ ਵਿਆਹ ਤੇ ਜਾਣਾ ਪਿਆ। ਕਥਾ ਦਾ ਪਹਿਰ ਆਪਣੇ ਲੜਕੇ ਦੇ ਸਪੁਰਦ ਕਰ ਗਿਆ, ਪਰ ਉਸ ਨੂੰ ਇਹ ਦੱਸਣਾ ਭੁੱਲ ਗਿਆ ਕਿ ਫਲਾਣੇ ਸਲੋਕ ਤੋਂ ਲੰਘ ਜਾਣਾ ਹੈ। ਕਰਤਾਰ ਦੀ ਨੇਤ ਉਸ ਦਿਨ ਕਥਾ ਵਿੱਚ ਇਹ ਸਲੋਕ ਆ ਗਿਆ। ਇਸ ਦੀ ਸਿੱਖਿਆ ਨੇ ਔਰੰਗਜ਼ੇਬ ਦੇ ਦਿਲ 'ਤੇ ਡਾਹਡਾ ਅਸਰ ਕੀਤਾ ਅਤੇ ਉਸ ਨੇ ਪ੍ਰਣ ਕਰ ਲਿਆ ਕਿ ਮੈਂ ਆਪਣੇ ਦੀਨ-ਇਸਲਾਮ ਨੂੰ ਸਾਰਾ ਜ਼ੋਰ ਲਾ ਕੇ ਵਧਾਉਣਾ ਹੈ।

ਪ੍ਰਿਥਵੀ ਰਾਜ ਚੌਹਾਨ ਦੀ ਸੂਰਬੀਰਤਾ ਦੀ ਸਾਖੀ

ਇੱਕ ਦਿਨ ਸੂਰਬੀਰਤਾ ਦੀ ਗੱਲ ਤੁਰ ਪਈ ਤੇ ਰਾਏ ਪਥੋਰਾ ਪ੍ਰਿਥਵੀ ਰਾਜ ਦਾ ਜ਼ਿਕਰ ਆਇਆ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਰਾਏ ਪਥੋਰਾ ਵਿੱਚ ਏਨੀ ਸੂਰਬੀਰਤਾ ਸੀ ਕਿ ਉਸ ਨੂੰ ਸ਼ਹਾਬੁੱਦੀਨ ਮੁਹੰਮਦ ਗੌਰੀ ਕਦੀ ਵੀ ਜਿੱਤ ਨਾ ਸਕਦਾ ਪਰ ਉਸ ਸਮੇਂ ਦੇ ਧਰਮ ਦੇ ਆਗੂਆਂ ਨੇ, ਜਿਨ੍ਹਾਂ ਦਾ ਭਰਮ ਦਾ ਪਰਦਾ ਨਹੀਂ ਉੱਠਿਆ, ਉਸ ਨੂੰ ਕੁਰਾਹੇ ਪਾਇਆ। ਪਹਿਲੇ ਯੁੱਧ ਵਿੱਚ ਪ੍ਰਿਥਵੀ ਰਾਜ ਨੇ ਸ਼ਹਾਬੁੱਦੀਨ ਮੁਹੰਮਦ ਗੌਰੀ ਨੂੰ ਬੜੀ ਸਖ਼ਤ ਹਾਰ ਦਿੱਤੀ ਸੀ, ਏਥੋਂ ਤੀਕਰ ਕਿ ਨੇਜ਼ਾ ਮਾਰ ਕੇ ਉਸ ਦੇ ਦੰਦ ਤੋੜ ਦਿੱਤੇ ਸਨ। ਜਦ ਜੈ ਚੰਦ ਨੇ ਈਰਖਾ ਦੀ ਅਗਨ ਵਿੱਚ ਦਾਹ ਹੋ ਕੇ ਭਾਰਤਵਰਸ਼ ਦੇ ਵੈਰੀ ਨਾਲ ਮਿਲਾਪ ਕਰ ਲਿਆ ਤਾਂ ਉਸ ਨੇ ਸ਼ਹਾਬੁੱਦੀਨ ਨੂੰ ਇਹ ਜੁਗਤ ਦੱਸੀ ਕਿ ਆਪਣੀ ਫੌਜ ਦੇ ਸਾਹਮਣੇ ਗਊਆਂ ਦੀ ਕਤਾਰ ਖੜ੍ਹੀ ਕਰ ਦੇਵੀਂ। ਫਿਰ ਰਾਏ ਪਿਥੋਰਾ ਅਤੇ ਉਨ੍ਹਾਂ ਦੇ ਤੀਰਅੰਦਾਜ਼ ਸੂਰਮੇ ਉਹਨਾਂ 'ਤੇ ਵਾਰ ਨਹੀਂ ਕਰਨਗੇ। ਜਦ ਦੂਜੀ ਲੜਾਈ ਦਾ ਮੈਦਾਨ ਗਰਮ ਹੋਇਆ ਅਤੇ ਰਾਏ ਪਥੋਰਾ ਨੂੰ ਇਸ ਗੱਲ ਦੀ ਸੂਹ ਪਈ ਤਦ ਉਸ ਨੇ ਆਪਣੇ ਪੰਡਤਾਂ ਅਤੇ ਧਰਮ ਦੇ ਆਗੂਆਂ ਪਾਸੋਂ ਪੁੱਛਿਆ। ਇਹਨਾਂ ਗਿਆਨ-ਹੀਨ, ਅੱਖਰੀ ਵਿੱਦਿਆ ਨਾਲ ਲੱਦੇ ਹੋਏ ਪ੍ਰੇਮੀਆਂ ਨੇ ਉਹ ਨੂੰ ਆਖ ਸੁਣਾਇਆ ਕਿ ਗਊ ਹੱਤਿਆ ਨਹੀਂ ਕਰਨੀ। ਸੰਤ ਜੀ ਨੇ ਫ਼ਰਮਾਇਆ ਕਿ ਇਹ ਗੱਲ ਵਿਚਾਰ ਤੋਂ ਰਹਿਤ ਸੀ। ਧਰਮ ਤੇ ਦੇਸ਼ ਦੀ ਰਾਖੀ ਦੇ ਯੁੱਧ ਵਿੱਚ ਜਿਹੜਾ ਪਾਸਾ ਯੁੱਧ ਦੀ ਨੀਤੀ ਦੇ ਵਿਰੁੱਧ ਹੋ ਕੇ ਮਰਦਾ ਹੈ, ਉਸ ਦਾ ਪਾਪ ਉਸੇ ਦੇ ਸਿਰ ਹੁੰਦਾ ਹੈ। ਧਰਮ ਦੇ ਕੱਚੇ ਠੇਕੇਦਾਰਾਂ ਨੇ ਹਜ਼ਾਰ ਕੁ ਗਊ ਤਾਂ ਬਚਾ ਲਈ, ਪਰ ਕਰੋੜਾਂ ਗਊਆਂ ਦੇ ਗਲੇ ਉੱਤੇ ਛੁਰੀ ਫਿਰਨ ਦਾ ਮੁੱਢ ਬੰਨ੍ਹ ਦਿੱਤਾ। ਜੇ ਇਹ ਪ੍ਰੇਮੀ ਰਾਏ ਪਥੋਰਾ ਨੂੰ ਸਿੱਧੇ ਪੂਰਨ ਵਿਚਾਰ ਦੇ ਰਸਤੇ ਪਾਉਂਦੇ ਤਾਂ ਸੂਰਬੀਰ ਪ੍ਰਿਥਵੀ ਰਾਜ ਇਹਨਾਂ ਅਫਗਾਨਾਂ ਦੀ ਐਸੀ ਗੱਤ ਬਣਾਉਂਦਾ ਕਿ ਫੇਰ ਉਹ ਹਿੰਦੁਸਤਾਨ ਵੱਲ ਮੂੰਹ ਵੀ ਨਾ ਕਰਦੇ, ਸਦਾ ਲਈ ਹਿੰਦੁਸਤਾਨ ਦਾ ਰਾਜ ਹਿੰਦੁਸਤਾਨੀਆਂ ਦੇ ਪਾਸ ਹੀ ਰਹਿੰਦਾ। ਇਸ ਦੇ ਨਾਲ ਹੀ ਸੰਤ ਜੀ ਮਹਾਰਾਜ ਨੇ ਇਹ ਗੱਲ ਵੀ ਸੁਣਾਈ ਕਿ ਭਾਰਤਵਰਸ਼ ਵਿੱਚ ਹਿੰਦੂਆਂ ਉੱਤੇ ਜ਼ੁਲਮ ਢਾਹੁਣ ਦਾ ਕਾਰਨ ਵਿਚਾਰ ਤੋਂ ਰਹਿਤ ਚਤੁਰ ਹਿੰਦੂ ਹੀ ਹੋਏ ਹਨ। ਅਕਬਰ ਸਤਸੰਗੀ ਪਾਤਸ਼ਾਹ ਸੀ। ਇਹ ਸਾਰੇ ਮਜ਼ਹਬਾਂ ਦੀ ਵਿਚਾਰ ਬੜੇ ਪ੍ਰੇਮ ਨਾਲ ਖੁੱਲ੍ਹਮ-ਖੁੱਲ੍ਹਾ ਸੁਣਦਾ। ਇੱਕ ਵਾਰੀ ਇਸ ਨੇ ਪੱਕਾ ਇਰਾਦਾ ਕਰ ਲਿਆ ਕਿ ਮੈਂ ਹਿੰਦੂ ਮੱਤ ਵਿੱਚ ਪ੍ਰਵੇਸ਼ ਕਰ ਲਵਾਂ। ਇਸ ਨੇ ਇਸ ਗੱਲ ਦੀ ਸਲਾਹ ਬੀਰਬਲ ਪਾਸੋਂ ਪੁੱਛੀ। ਬੀਰਬਲ ਨੇ ਆਖਿਆ ਕਿ ਪਾਤਸ਼ਾਹ ਸਲਾਮਤ ਅੱਜ ਸ਼ਾਮ ਦੇ ਵੇਲੇ ਜਮਨਾ ਦੇ ਘਾਟ 'ਤੇ ਆਉਣਾ, ਉੱਥੇ ਮੈਂ ਆਪ ਨੂੰ ਇਸ ਗੱਲ ਦਾ ਉੱਤਰ ਦੇਵਾਂਗਾ। ਨੀਯਤ ਸਮੇਂ ਤੋਂ ਕੁਝ ਪਹਿਲਾਂ ਹੀ ਬੀਰਬਲ ਇੱਕ ਗਧਾ ਲੈ ਕੇ ਜਮਨਾ 'ਤੇ ਚਲਾ ਗਿਆ ਤੇ ਲੱਗਾ ਇਹਨੂੰ ਸਾਬਣ ਨਾਲ ਧੋਣ। ਜਿਸ ਵੇਲੇ ਅਕਬਰ

ਬਾਦਸ਼ਾਹ ਉੱਥੇ ਪੁੱਜਿਆ, ਤਦ ਇਹ ਕੌਤਕ ਦੇਖ ਕੇ ਅਸਚਰਜ ਹੋਇਆ ਤੇ ਪੁੱਛਿਆ, "ਬੀਰਬਲ! ਇਹ ਕੀ ਕਰਦਾ ਹੈਂ?" ਬੀਰਬਲ ਨੇ ਆਖਿਆ, "ਪਾਤਸ਼ਾਹ ਸਲਾਮਤ! ਖੋਤੇ ਨੂੰ ਸਾਬਣ ਨਾਲ ਧੋ ਕੇ ਗਾਂ ਬਣਾ ਰਿਹਾ ਹਾਂ।" ਪਾਤਸ਼ਾਹ ਨੇ ਆਖਿਆ ਕਿ ਭਾਈ ਖੋਤੇ ਤੋਂ ਗਾਂ ਕਦੀ ਬਣ ਸਕਦੀ ਹੈ? ਤਾਂ ਬੀਰਬਲ ਨੇ ਤੁਰੰਤ ਹੀ ਇਹ ਬਚਨ ਕੀਤਾ ਕਿ ਜੇ ਖੋਤੇ ਤੋਂ ਗਾਂ ਨਹੀਂ ਬਣ ਸਕਦੀ ਹੈ ਤਾਂ ਤੁਰਕ ਤੋਂ ਹਿੰਦੂ ਕਿਸ ਤਰ੍ਹਾਂ ਬਣ ਸਕਦਾ ਹੈ? ਬਸ ਅਕਬਰ ਬਾਦਸ਼ਾਹ ਨੇ ਹਿੰਦੂ ਬਣਨ ਦੇ ਇਰਾਦੇ 'ਤੇ ਇੱਥੇ ਹੀ ਪਾਣੀ ਫਿਰ ਗਿਆ। ਚਤੁਰ; ਵਿਚਾਰ ਤੋਂ ਹੀਨ ਬੀਰਬਲ ਨੇ ਜਹਾਂਗੀਰ, ਸ਼ਾਹਜਹਾਨ, ਔਰੰਗਜ਼ੇਬ ਤੇ ਹੋਰ ਮੁਸਲਮਾਨ ਬਾਦਸ਼ਾਹਾਂ ਦੇ ਜ਼ੁਲਮ ਦੀ ਉਖੜਨ ਲਗੀ ਜੜ੍ਹ ਨੂੰ ਪਕਾ ਕੀਤਾ। ਜੇਕਰ ਅਕਬਰ ਹਿੰਦੁਸਤਾਨ ਦੇ ਸ਼ਾਸਤਰ ਮਤ ਵਿੱਚ ਆ ਜਾਂਦਾ ਤਾਂ ਉਸ ਦੀ ਸਾਰੀ ਕੁਲ ਹੀ ਹਿੰਦੁਸਤਾਨੀ ਬਣ ਜਾਂਦੀ ਅਤੇ ਹਿੰਦੂ ਮੁਸਲਮ ਝਗੜੇ ਦੀ ਜੜ੍ਹ ਸਦਾ ਲਈ ਪੁੱਟੀ ਜਾਂਦੀ।

ਗਿਆਨ ਦੀ ਠੋਕਰ ਮਾਰਨਾ

ਇੱਕ ਦਿਨ ਇੱਕ ਗੁਰਮੁਖ ਸਿੱਖ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਅੱਜ ਸ਼ਾਮ ਵੇਲੇ ਮੈਂ ਮਛਵੇ ਲਿਆਵਾਂਗਾ ਤੇ ਹਜ਼ੂਰ ਨੂੰ ਸਾਰੀ ਸੰਗਤ ਸਮੇਤ, ਡੱਲ ਅਤੇ ਨਿਸ਼ਾਤ ਬਾਗ਼ ਦੀ ਸੈਰ ਕਰਾਵਾਂਗਾ। ਸੰਤ ਜੀ ਮਹਾਰਾਜ ਨੇ ਉਸ ਦੀ ਬੇਨਤੀ ਮੰਨ ਲਈ। ਤਿੰਨ ਵਜੇ ਜਲ ਪਾਣੀ ਛਕ ਕੇ ਤਿਆਰ ਹੋ ਗਏ ਅਤੇ ਪ੍ਰੇਮੀ ਦੇ ਆਉਣ ਪਰ ਉਹਦੇ ਨਾਲ ਤੁਰ ਪਏ। ਚਾਰ ਕੁ ਵਜੇ ਡੱਲ ਦੇ ਕੰਢੇ ਅੱਪੜ ਗਏ। ਹੁਣ ਮਛਵੇ ਵਿੱਚ ਮਲਾਹਾਂ ਤੋਂ ਛੁੱਟ ਸਿਰਫ਼ ਦੋ ਸਵਾਰੀਆਂ ਬੈਠ ਸਕਦੀਆਂ ਹਨ। ਗੜਵਾ ਫੜ ਕੇ ਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠ ਗਿਆ ਤੇ ਬਾਕੀ ਸੰਗਤ ਅਤੇ ਪ੍ਰੇਮੀ ਦੂਸਰੇ ਮਛਵਿਆਂ ਵਿੱਚ ਸਜ ਗਏ। ਹੁਣ ਮਛਵੇ ਹੌਲੀ-ਹੌਲੀ ਬੜੀ ਮੌਜ ਵਿੱਚ ਟੁਰ ਪਏ ਤੇ ਡਲ ਦੇ ਵਿਚਕਾਰ ਜਾ ਅੱਪੜੇ। ਡੱਲ ਨਿਰਮਲ ਜਲ ਦੀ ਸੁੰਦਰ ਝੀਲ ਹੈ। ਇਹ ਕਈਆਂ ਮੀਲਾਂ ਵਿੱਚ ਫੈਲੀ ਹੋਈ ਹੈ। ਇਸ ਦੇ ਆਲੇ-ਦੁਆਲੇ ਸੁੰਦਰ ਪਹਾੜ ਹਨ। ਜਦ ਕਿਸ਼ਤੀਆਂ ਡੱਲ ਦੇ ਵਿਚਕਾਰ ਪੁੱਜੀਆਂ, ਤਦ ਪੌਣ ਉੱਕਾ ਹੀ ਅਡੋਲ ਹੋ ਗਈ। **ਡੱਲ ਦੇ ਸ਼ੀਸ਼ੇ ਵੱਤ ਜਲ ਵਿੱਚ ਆਲੇ-ਦੁਆਲੇ ਦੇ ਪਹਾੜਾਂ ਦਾ ਨਕਸ਼ਾ ਖਿੱਚਿਆ ਗਿਆ। ਜਿਸ ਤਰ੍ਹਾਂ ਉੱਤੇ ਪਹਾੜ ਖੜੇ ਸਨ, ਉਸੇ ਤਰ੍ਹਾਂ ਹੂ-ਬੂ-ਹੂ ਜਲ ਦੇ ਵਿੱਚ ਪਹਾੜ ਭਾਸਣ ਲੱਗ ਪਏ। ਇਸ ਸਮੇਂ ਇੱਕ ਬੜੀ ਇਲਾਹੀ ਅਤੇ ਵਿਚਾਰ ਭਰੀ ਠੋਕਰ ਸੰਤ ਜੀ ਮਹਾਰਾਜ ਨੇ ਦਾਸ ਦੇ ਹਿਰਦੇ 'ਤੇ ਮਾਰੀ, 'ਤੇਜਾ ਸਿੰਘ ਜੀ! ਜਿਸ ਤਰ੍ਹਾਂ ਇਹ ਹੇਠਲੇ ਪਹਾੜ ਭਾਸਦੇ ਹਨ ਪਰ ਹੈਂ ਨਹੀਂ, ਇਸੇ ਤਰ੍ਹਾਂ ਹੀ ਮਹਾਂ ਅਕਾਸ਼ ਦੇ ਅਡੋਲ ਅਤੇ ਅਥਾਹ ਸਮੁੰਦਰ ਵਿੱਚ ਦੁਨੀਆਂ ਇੱਕ ਅਭਾਸ ਹੀ ਹੈ, ਵਾਸਤਵ ਵਿੱਚ ਇਹ ਹੈ ਨਹੀਂ।** ਸਮੇਂ ਦੀ ਅਡੋਲਤਾ, ਦ੍ਰਿਸ਼ਟਾਂਤ ਦੇ ਪ੍ਰਤੱਖ ਨਜ਼ਾਰੇ ਅਤੇ ਸੰਤ ਜੀ ਮਹਾਰਾਜ ਦੇ ਵਿਚਾਰ ਅਤੇ ਆਤਮ-ਰਸ ਦੇ ਭਰੇ ਹੋਏ ਬਚਨ ਨੇ, ਦਾਸ ਦੇ ਹਿਰਦੇ 'ਤੇ ਜਾਦੂ ਵੱਤ ਅਸਰ ਕੀਤਾ। ਚਿੱਤ ਵਿੱਚ ਇਹ ਗੱਲ ਖੁਬ ਗਈ ਕਿ ਦੁਨੀਆਂ ਸੱਚ-ਮੁੱਚ ਇੱਕ ਅਭਾਸ ਹੀ ਹੈ।

ਹੁਣ ਕਿਸ਼ਤੀਆਂ ਡੱਲ ਦੇ ਵਿੱਚੋਂ ਹੁੰਦੀਆਂ ਹੋਈਆਂ ਨਿਸ਼ਾਤ ਬਾਗ਼ ਵੱਲ ਟੁਰ ਪਈਆਂ। ਜਿਹੜਾ ਓਥੋਂ ਡੱਲ ਦੇ ਕਿਨਾਰੇ ਮੀਲ ਕੁ ਦੇ ਫਾਸਲੇ 'ਤੇ ਸੀ। ਜਦ ਕਿਸ਼ਤੀਆਂ ਨਿਸ਼ਾਤ ਬਾਗ਼ ਦੀ ਸੜਕ ਨਾਲ ਡੱਲ ਦੇ ਕੰਢੇ 'ਤੇ ਲੱਗ ਗਈਆਂ, ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਅਸੀਂ ਪਿੱਛੇ ਡੇਰੇ ਨੂੰ ਹੁਣੇ ਹੀ ਮੁੜਨਾ ਹੈ, ਕੋਈ ਸਵਾਰੀ ਦਾ ਪ੍ਰਬੰਧ ਕਰ ਦਿਓ।" ਕੁਦਰਤੀ, ਉਸ ਵੇਲੇ ਸੜਕ ਦੇ ਦੂਜੇ ਕਿਨਾਰੇ ਥੋੜ੍ਹੇ ਕਦਮਾਂ 'ਤੇ ਇੱਕ ਮੁਸਲਮਾਨ ਪ੍ਰੇਮੀ ਦੀ ਮੋਟਰ ਖੜੀ ਸੀ। ਦਾਸ ਛੇਤੀ-ਛੇਤੀ ਉਸ ਦੇ ਪਾਸ ਪੁੱਜਾ ਅਤੇ ਬੇਨਤੀ ਕੀਤੀ ਕਿ ਇੱਕ ਵਲੀ ਅੱਲ੍ਹਾ ਸੰਤ ਆਪਣੇ ਡੇਰੇ 'ਤੇ ਹੁਣੇ ਹੀ ਪੁੱਜਣਾ ਚਾਹੁੰਦੇ ਹਨ, ਡੇਰਾ ਸੜਕ ਦੇ ਖੱਬੇ ਪਾਸੇ ਨਾਲ ਹੀ ਹੈ। ਤੁਹਾਡੀ ਬੜੀ ਮਿਹਰਬਾਨੀ ਹੋਵੇਗੀ ਜੇ ਤੁਸੀਂ ਸੰਤ ਜੀ ਮਹਾਰਾਜ ਨੂੰ ਉੱਥੇ ਪਹੁੰਚਾ ਦਿਓ। ਪ੍ਰੇਮੀ ਵੀ ਉਸੇ ਵੇਲੇ

ਉੱਥੇ ਜਾਣ ਨੂੰ ਤਿਆਰ ਸੀ ਉਸ ਨੇ ਆਖਿਆ, "ਮੇਰੀ ਅਜਿਹੀ ਕਿਸਮਤ ਕਿੱਥੋਂ? ਮੇਰੇ ਵੱਡੇ ਭਾਗ ਹਨ ਕਿ ਮੇਰੇ ਪਾਸੋਂ ਇੱਕ ਰੱਬ ਦੇ ਫ਼ਕੀਰ ਦੀ ਟਹਿਲ ਹੋ ਜਾਵੇਗੀ।" ਸੰਤ ਜੀ ਮਹਾਰਾਜ ਤਾਂ ਮੋਟਰ ਚੜ੍ਹ ਡੇਰੇ ਚਲੇ ਗਏ ਅਤੇ ਬਾਕੀ ਦੀ ਸੰਗਤ ਨਿਸ਼ਾਤ ਬਾਗ਼ ਦੀ ਸੈਰ ਲਈ ਪੌੜੀਆਂ ਚੜ੍ਹ, ਬਾਗ਼ ਅੰਦਰ ਪੁੱਜੀ। ਇਹ ਬਾਗ਼ ਜ਼ਹਾਂਗੀਰ ਅਤੇ ਸ਼ਾਹਜਹਾਨ ਪਾਤਸ਼ਾਹ ਨੇ ਆਪਣੀ ਸੈਰਗਾਹ ਲਈ ਬਣਾਇਆ ਸੀ। ਜਦ ਇਹ ਕਸ਼ਮੀਰ ਆਉਂਦੇ, ਇੱਥੇ ਫੁੱਲਾਂ ਦੀ ਮੌਜ ਬਹਾਰ ਨਾਲ ਮਿਲ ਕੇ ਆਪਣੀਆਂ ਮਨ ਮੰਨੀਆਂ ਰੰਗਰਲੀਆਂ ਵਿੱਚ ਮਸਤ ਹੋ ਜਾਂਦੇ।

ਇਸ ਦੇ ਕਈ ਤਖ਼ਤੇ ਹਨ, ਹਰ ਤਖ਼ਤੇ ਵਿੱਚ ਇੱਕ ਰੰਗ ਦੇ ਫੁੱਲ ਹਨ। ਕਿਧਰੇ ਅਸਮਾਨੀ, ਕਿਧਰੇ ਨੀਲੇ, ਕਿਧਰੇ ਪੀਲੇ, ਕਿਧਰੇ ਚਿੱਟੇ ਅਤੇ ਕਿਧਰੇ ਰੰਗ-ਬਿਰੰਗੇ। ਚੱਲਦੀ ਪੌਣ ਵਿੱਚ ਇਹਨਾਂ ਹੱਸਦਿਆਂ, ਖਿੜਿਆਂ ਹੋਇਆਂ ਫੁੱਲਾਂ ਦਾ ਇਹ ਅਜਬ ਨਜ਼ਾਰਾ, ਕਰਤਾਰ ਦੀ ਕੁਦਰਤ ਅਤੇ ਬੰਦੇ ਦੀ ਜੁਗਤ ਦੇ ਮੇਲ ਦਾ ਇੱਕ ਅਦਭੁੱਤ ਜੌਹਰ ਹੈ। ਜ਼ਿਹਬਾ ਅਤੇ ਕਲਮ ਵਿੱਚ ਤਾਕਤ ਨਹੀਂ ਕਿ ਇਸ ਦੀ ਸੁੰਦਰਤਾ ਅਤੇ ਅਸਚਰਜਤਾ ਨੂੰ ਵਰਣਨ ਕਰ ਸਕੇ, **"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ (੧੩੭੦)** ਬਾਗ਼ ਦੇ ਦਰਸ਼ਨ ਕਰ, ਸੰਗਤ ਅਤੇ ਪ੍ਰੇਮੀ ਡੇਰੇ 'ਤੇ ਪੁੱਜੇ। ਕੀ ਦੇਖਦੇ ਹਨ ਕਿ ਅੱਗੇ ਕੁਝ ਪ੍ਰੇਮੀ ਬੈਠੇ ਹਨ ਅਤੇ ਸੰਤ ਜੀ ਮਹਾਰਾਜ ਇਹਨਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕਰ ਰਹੇ ਹਨ। ਦੀਵਾਨ ਦੇ ਭੋਗ ਪੈਣ ਦੇ ਮਗਰੋਂ ਪਤਾ ਲੱਗਾ ਕਿ ਇਹ ਪ੍ਰੇਮੀ ਬੜੇ ਸਿਦਕ ਅਤੇ ਤਾਂਘ ਨਾਲ ਸ੍ਰੀਨਗਰ ਤੋਂ ਟੁਰ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਏ ਹਨ। ਜਦੋਂ ਉਹ ਡੇਰੇ 'ਤੇ ਅੱਪੜੇ, ਤਦ ਸੰਤ ਜੀ ਮਹਾਰਾਜ ਨੂੰ ਉਹਨਾਂ ਦੇ ਪ੍ਰੇਮ ਦੀ ਤਾਰ ਪੁੱਜ ਗਈ ਅਤੇ ਸੰਤ ਜੀ ਉਸੇ ਵੇਲੇ ਪ੍ਰੇਮ ਦੇ ਖਿੱਚੇ ਹੋਏ ਆਪਣੇ ਨਿਵਾਸ ਸਥਾਨ ਵੱਲ ਮੁੜ ਪਏ।

ਪਹਿਲਾਂ ਸਵੇਰ-ਸ਼ਾਮ ਦੇ ਦੀਵਾਨ ਮੀਰਾਂ ਕਦਲ ਦੇ ਗੁਰਦੁਆਰੇ ਸਾਹਿਬ ਵਿੱਚ ਸਜਦੇ ਰਹੇ, ਪਰ ਕੁਝ ਦਿਨਾਂ ਮਗਰੋਂ ਸੰਤ ਜੀ ਮਹਾਰਾਜ ਨੇ ਸ਼ਾਮ ਦਾ ਸਤਿਸੰਗ ਆਪਣੇ ਨਿਵਾਸ ਅਸਥਾਨ 'ਤੇ ਸ਼ੁਰੂ ਕਰ ਦਿੱਤਾ। ਭਾਈ ਗੁਰਦਾਸ ਦੀਆਂ ਵਾਰਾਂ ਦੀ ਵਿਚਾਰ ਹੁੰਦੀ, ਜਿਹੜੀ ਕਿ ਪੂਰਨ ਕ੍ਰਿਪਾ ਦ੍ਰਿਸ਼ਟੀ ਨਾਲ ਸੰਤ ਜੀ ਖੁਦ ਸੁਣਾਉਂਦੇ ਸਨ। ਇੱਕ ਪ੍ਰੇਮੀ ਪਾਠ ਕਰਦਾ ਜਾਂਦਾ ਅਤੇ ਸੰਤ ਜੀ ਮਹਾਰਾਜ ਅਰਥ ਦੱਸਦੇ। ਕਿਸੇ ਦਿਨ ਮੀਂਹ ਕਣੀ ਵਾਲੇ ਦਿਹਾੜੇ ਦੀਵਾਨ ਤੋਂ ਪਿੱਛੋਂ ਸੰਤ ਜੀ ਸੈਰ ਕਰਨ ਲਈ ਬਾਹਰ ਜਾਂਦੇ।

ਬੰਦਗੀ ਅਤੇ ਨਾਮ ਅਭਿਆਸ ਦੀ ਥੁੜ੍ਹ

ਇੱਕ ਦਿਨ ਬਾਰਸ਼ ਪੈ ਚੁੱਕੀ ਸੀ। ਕਿਧਰੇ-ਕਿਧਰੇ ਪਾਣੀ ਅਤੇ ਚਿੱਕੜ ਵੀ ਸੀ। ਸੰਤ ਜੀ ਸੈਰ ਲਈ ਬਾਹਰ ਨਿਕਲੇ। ਅਜੇ ਕੋਠੀ ਤੋਂ ਦੋ ਕੁ ਫਰਲਾਂਗ ਹੀ ਟੁਰੇ ਸਨ ਕਿ ਰਸਤੇ ਵਿੱਚ ਪਾਣੀ ਦੀ ਨਾਲੀ ਆ ਗਈ। ਜਿਸ ਦੇ ਅਗਲੇ ਪਾਸੇ ਥੋੜ੍ਹੀ ਤਿਲਕਣ ਵੀ ਸੀ। ਦਾਸ ਨੇ ਸੰਤ ਜੀ ਮਹਾਰਾਜ ਦਾ ਹੱਥ ਫੜ, ਸੰਤ ਜੀ ਨੂੰ ਨਾਲੀ ਤੋਂ ਪਾਰ ਕੀਤਾ। ਬਿਰਤੀ ਇੱਕ ਪਾਸੇ ਸੰਤ ਜੀ ਮਹਾਰਾਜ ਦੇ ਧਿਆਨ ਵਿੱਚ ਲੱਗੀ ਹੋਈ ਸੀ। ਪਾਰ ਹੁੰਦਿਆਂ ਹੀ ਸੰਤ ਜੀ ਮਹਾਰਾਜ ਦੇ ਚਰਨ ਤਾਂ ਸੁੱਕੇ ਥਾਂ ਟਿਕ ਗਏ, ਦਾਸ ਦਾ ਪੈਰ ਤਿਲਕਣੇ ਥਾਂ ਪੈ ਗਿਆ ਅਤੇ ਚੁਫਾਲ ਡਿੱਗ ਪਿਆ। ਇਹ ਦੇਖ, ਸੰਗਤ ਵਿੱਚੋਂ ਇੱਕ ਪ੍ਰੇਮੀ ਬੜਾ ਖਿੜਖਿੜਾ ਕੇ ਹੱਸਿਆ। ਸੰਤ ਜੀ ਮਹਾਰਾਜ ਨੇ ਸਹਿਜ-ਸੁਭਾਅ ਫ਼ਰਮਾਇਆ, "ਭਾਈ! ਡਿੱਗ-ਡਿੱਗ ਕੇ ਹੀ ਸਵਾਰ ਹੁੰਦਾ ਹੈ।" ਸੜਕ ਤੋਂ ਪਾਰ ਹੋ ਕੇ ਡੱਲ ਦਾ ਪੈਹਾ ਆ ਗਿਆ। ਏਥੋਂ ਇਸ ਰਾਹ ਪੈ ਗਏ ਅਤੇ ਪੰਦਰਾਂ ਕੁ ਮਿੰਟਾਂ ਵਿੱਚ ਡੱਲ ਦੀ ਝੀਲ ਸਾਹਮਣੇ ਆ ਗਈ। ਖੱਬੇ ਪਾਸੇ ਵੱਲ ਤਾਂ ਪਾਣੀ ਦਾ ਲੰਮਾ ਮੋੜ ਹੋਣ ਕਰਕੇ ਕੋਈ ਸੈਰ ਦੀ ਥਾਂ ਨਹੀਂ ਸੀ। ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਸੱਜੇ ਪਾਸੇ ਡੱਲ ਦੇ ਕੰਢੇ-ਕੰਢੇ ਕੁਝ ਹੋਰ ਟੁਰ ਫਿਰ ਚੱਲੀਏ।" ਜਦ ਏਧਰ ਮੁੜੇ, ਤਾਂ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਭਾਈ! ਔਹ ਸਾਹਮਣੇ ਕੌਣ ਤੁਰਦਾ-ਫਿਰਦਾ ਨਜ਼ਰ ਆਉਂਦਾ ਹੈ? ਦਾਸ ਨੇ

ਗੌਹ ਨਾਲ ਦੇਖਿਆ ਤਾਂ ਇੱਕ ਮੇਮ ਨਜ਼ਰ ਆਈ। ਜਦ ਇਹ ਗੱਲ ਦੱਸੀ ਗਈ, ਤਦ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇੱਕ ਰੱਬੀ ਲਹਿਰ ਚੱਲ ਪਈ। ਫ਼ਰਮਾਇਆ, "ਭਾਈ! ਇਹ ਪ੍ਰੇਤ ਹਨ। ਜਦ ਦਾ ਭਾਰਤਵਰਸ਼ ਬਣਿਆ ਹੈ, ਇਹੋ ਜਿਹਾ ਪਾਪ-ਚੱਕਰ ਇਸ ਦੇਸ਼ ਵਿੱਚ ਕਦੀ ਵੀ ਨਹੀਂ ਸੀ ਚੱਲਿਆ। ਔਰੰਗਜ਼ੇਬ ਵੀ ਇਹਨਾਂ ਤੋਂ ਚੰਗਾ ਸੀ, ਉਹ ਕੁਰਾਨ ਦੀ ਲਿਖਾਈ ਕਰਕੇ ਇੱਕ ਡੱਗ ਦੀ ਰੋਟੀ ਦਾ ਗੁਜ਼ਾਰਾ ਕਰਦਾ ਸੀ। ਉਸ ਦੀ ਇਸ ਗੱਲ ਵਿੱਚ ਫ਼ਕੀਰੀ ਦੀ ਰਮਜ਼ ਸੀ, ਪਰ ਅੱਜ ਕੱਲ੍ਹ ਫ਼ਕੀਰੀ ਨੂੰ ਟਿੱਚਰ ਹੈ। ਇਹ ਪ੍ਰੇਤ-ਚੱਕਰ ਨਿਕਲ ਜਾਵੇਗਾ।" ਉੱਥੋਂ ਹੀ ਸੰਤ ਜੀ ਪਿੱਛਲੀ ਪੈਰੀਂ ਮੁੜ, ਡੇਰੇ 'ਤੇ ਆ ਗਏ। ਸ਼ਾਮ ਦਾ ਪ੍ਰਸ਼ਾਦ ਛੱਕ, ਸਾਧ-ਸੰਗਤ ਨਾਲ ਬਚਨ-ਬਿਲਾਸ ਕਰ, ਪੂਰੇ ਨੌਂ ਵਜੇ ਆਪਣੇ ਪਲੰਘ 'ਤੇ ਬਿਰਾਜਮਾਨ ਹੋ ਗਏ।

ਇਸ ਤਰ੍ਹਾਂ ਨਾਮ ਬਾਣੀ ਦਾ ਵਿਚਾਰ ਅਤੇ ਅੰਮ੍ਰਿਤ ਦੇ ਪ੍ਰਵਾਹ ਨਾਲ ਅਨੇਕਾਂ ਜੀਵਾਂ ਨੂੰ ਨਿਹਾਲ ਕਰਦਿਆਂ ਹੋਇਆਂ, ਸੰਤ ਜੀ ਮਹਾਰਾਜ ਨੇ ਕੁਝ ਸਮਾਂ ਕਸ਼ਮੀਰ ਬਿਤਾਇਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਭੋਗ ਨੇੜੇ ਆ ਗਿਆ। ਸੰਤ ਜੀ ਮਹਾਰਾਜ ਨੂੰ ਕਿਸੇ ਪ੍ਰੇਮੀ ਦੀ ਬੇਤਾਰ ਤਾਰ ਪੁੱਜਣ ਲੱਗ ਪਈ ਅਤੇ ਦਾਸ ਦੇ ਹਿਰਦੇ ਵਿੱਚ ਭੀ ਮਾਤਾ ਜੀ ਅਤੇ ਪਰਿਵਾਰ ਦੀ ਖਿੱਚ ਨੇ ਆਪਣਾ ਅਸਰ ਕਰਨਾ ਸ਼ੁਰੂ ਕਰ ਦਿੱਤਾ। ਸੰਤ ਜੀ ਮਹਾਰਾਜ ਦਾ ਕਸ਼ਮੀਰ ਤੋਂ ਟੁਰਨ ਦਾ ਸੂਖਮ ਸੰਕਲਪ ਹੋਇਆ ਹੀ ਸੀ ਕਿ ਇੱਕ ਪ੍ਰੇਮੀ ਭਾਈ ਠਾਕੁਰ ਸਿੰਘ ਅੰਮ੍ਰਿਤਸਰ ਤੋਂ ਸ੍ਰੀਨਗਰ ਪੁੱਜ ਗਏ ਅਤੇ ਗੁਰਦੁਆਰੇ ਸਾਹਿਬ ਤੋਂ ਪਤਾ ਲੈ, ਸੰਤ ਜੀ ਮਹਾਰਾਜ ਦੇ ਡੇਰੇ ਆ ਗਏ। ਇਸ ਸਮੇਂ ਸ਼ਾਮ ਦਾ ਦੀਵਾਨ ਸੱਜਿਆ ਹੋਇਆ ਸੀ ਭਾਈ ਗੁਰਦਾਸ ਜੀ ਦੀ ਵਾਰ ਦੇ ਭੋਗ ਮਗਰੋਂ ਸ਼ਬਦ ਕੀਰਤਨ ਅਤੇ ਰਹਿਰਾਸ ਸਾਹਿਬ ਦਾ ਪਾਠ ਹੋਇਆ। ਜਦ ਅਰਦਾਸਾ ਹੋ ਗਿਆ ਅਤੇ ਸਾਰੀ ਸੰਗਤ ਫ਼ਤਹਿ ਬੁਲਾ ਸਜ ਗਈ, ਤਦ ਭਾਈ ਠਾਕੁਰ ਸਿੰਘ ਨੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਮਹਾਰਾਜ ਅੰਮ੍ਰਿਤਸਰ ਸਾਹਿਬ ਸਾਰੀਆਂ ਪਾਰਟੀਆਂ ਦੀ ਕਾਨਫਰੰਸ ਰੱਖੀ ਗਈ ਹੈ, ਹਜ਼ੂਰ ਉੱਥੇ ਚੱਲ ਕੇ ਜ਼ਰੂਰ ਦਰਸ਼ਨ ਦਿਓ। ਦਾਸ ਸ੍ਰੀਨਗਰ ਆਪ ਜੀ ਨੂੰ ਲੈਣ ਵਾਸਤੇ ਹੀ ਆਇਆ ਹੈ।" ਸੰਤ ਜੀ ਮਹਾਰਾਜ ਨੇ ਉਸ ਦੀ ਬੇਨਤੀ ਮੰਨ ਲਈ ਅਤੇ ਕਸ਼ਮੀਰ ਤੋਂ ਟੁਰਨ ਦਾ ਗੁਰਮਤਾ ਹੋ ਗਿਆ।

ਕਸ਼ਮੀਰ ਦੇ ਦੌਰੇ ਵਿੱਚ ਗਿਆਨੀ ਦੂਲਾ ਸਿੰਘ ਨਾਲ ਸਨ। ਇਹ ਦਾਸ ਦੇ ਗੁਰਸਾਗਰ ਮਸਤੂਆਣੇ ਦੀ ਗਿਆਨੀ ਜਮਾਤ ਦੇ ਸ਼ਾਗਿਰਦ ਸਨ। ਜਦ ਸੰਤ ਜੀ ਮਹਾਰਾਜ ਕਸ਼ਮੀਰ ਵੱਲ ਟੁਰਨ ਲੱਗੇ, ਤਦ ਇਹਨਾਂ ਨੂੰ ਵੀ ਦਾਸ ਦੇ ਅਰਜ਼ ਕਰਨ 'ਤੇ ਨਾਲ ਲੈ ਲਿਆ। ਇਸ ਦੌਰੇ ਦੀਆਂ ਕੁਝ ਸਾਖੀਆਂ ਇਹਨਾਂ ਦੀ ਜ਼ਬਾਨੀ ਲਿਖੀਆਂ ਜਾਂਦੀਆਂ ਸਨ:

(੧) ਇੱਕ ਦਿਨ ਅੰਮ੍ਰਿਤ ਵੇਲੇ ਦਾ ਦੀਵਾਨ ਬਾਬੇ ਦੀ ਬੇਰ ਸਜਿਆ। ਆਸਾ ਦੀ ਵਾਰ ਦੇ ਭੋਗ ਮਗਰੋਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੇ ਸਾਧ ਸੰਗਤ ਨੂੰ ਅਰਜ਼ ਕੀਤੀ ਕਿ ਪੰਜ ਮਿੰਟ ਅੰਤਰ ਧਿਆਨ ਹੋ ਕੇ ਗੁਰਮੰਤਰ ਦਾ ਧਿਆਨ ਕਰੋ ਅਤੇ ਅਰਦਾਸ ਕਰੋ ਕਿ ਜਿਹੜੇ ਪ੍ਰੇਮੀ ਜੇਲ੍ਹਾਂ ਵਿੱਚ ਕੈਦ ਹਨ, ਉਨ੍ਹਾਂ ਦੀ ਬੰਦ ਖ਼ਲਾਸੀ ਹੋਵੇ। ਪਰ ਕਿਸੇ ਦਾ ਵੀ ਧਿਆਨ ਨਾ ਜੁੜਿਆ। ਇੱਕ ਦੋ ਮਿੰਟ ਮਗਰੋਂ ਸਾਰੇ ਇੱਕ ਦੂਜੇ ਵੱਲ ਬਿਟ-ਬਿਟ ਤੱਕਣ ਲੱਗ ਪਏ। ਇਹ ਦੇਖ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਹ ਗੱਲ ਠੀਕ ਹੈ। ਅਸੀਂ ਇੱਕ ਪਾਸੇ ਤਾਂ ਬੰਦਗੀ ਕਰਨ ਵਾਲਿਆਂ ਨੂੰ ਬੁਰਾ ਭਲਾ ਆਖਦੇ ਸੀ ਅਤੇ ਉੱਚੀ-ਉੱਚੀ ਇਹ ਲੈਕਚਰ ਦੇਂਦੇ ਸੀ ਕਿ ਹੁਣ ਅੱਖੀਂ ਮੀਟਣ ਦਾ ਵੇਲੇ ਨਹੀਂ ਹੈ ਤੇ ਜਿਹੜਾ ਕੈਦ ਨਹੀਂ ਹੁੰਦਾ, ਉਹ ਸਿੱਖ ਨਹੀਂ। ਹੁਣ ਤੁਸੀਂ ਆਖਦੇ ਹੋ ਕਿ ਬੰਦਗੀ ਕਰਕੇ ਅਰਦਾਸ ਕਰੋ ਕਿ ਜਿਹੜੇ ਕੈਦ ਵਿੱਚ ਹਨ, ਉਹ ਛੁੱਟ ਜਾਣ। ਪ੍ਰੇਮੀਓ ਰਜ਼ਾ ਵਿੱਚ ਰਹਿਣਾ ਹੀ ਠੀਕ ਹੈ। ਜਿਸ ਰੰਗ ਸਤਿਗੁਰੂ ਰੱਖੇ ਉਹ ਚੰਗਾ ਹੈ।

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ (੭੨੬)

ਦੋ ਪਾਸੇ ਖਿੱਚ ਪਾੜ ਕਰਨੀ ਚੰਗੀ ਨਹੀਂ ਹੈ। ਇਸ ਤਰ੍ਹਾਂ ਸਤਿਗੁਰੂ ਨੂੰ ਤਕਲੀਫ਼ ਹੁੰਦੀ ਹੈ ਅਤੇ ਉਸ ਨੂੰ ਸਾਡਾ ਭਾਰ ਚੁੱਕਣਾ ਪੈਂਦਾ ਹੈ। ਹੁਣ ਤੁਸੀਂ ਦੱਸੋ ਕਿ ਸਤਿਗੁਰੂ ਕਿਹੜੇ-ਕਿਹੜੇ ਪਾਸੇ ਹੋਵੇ ਅਤੇ ਤੁਹਾਡੀ ਕਿਹੜੀ ਅਰਦਾਸ ਮੰਨੇ?'' ਇਹ ਸੁਣ ਕੇ ਮੈਨੇਜਰ ਸਾਹਿਬ ਨੇ ਆਪਣੀ ਭੁੱਲ ਮੰਨੀ।

(੨) ਇੱਕ ਦਿਨ ਸੰਤ ਜੀ ਸਰਦਾਰ ਖੜਕ ਸਿੰਘ ਦੇ ਬਾਗ਼ ਵਿੱਚ ਬੈਠੇ ਸਨ। ਸੰਤ ਤੇਜਾ ਸਿੰਘ ਨੇ ਆ ਕੇ ਮੱਥਾ ਟੇਕਿਆ ਅਤੇ ਬੈਠ ਗਏ। ਇਹਨਾਂ ਵੱਲ ਧਿਆਨ ਕਰਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ ਤੇਜਾ ਸਿੰਘ! ਤੁਸੀਂ ਇਸੇ ਤਰ੍ਹਾਂ ਤਕੜੇ ਹੋ ਕੇ ਸਤਿਗੁਰੂ ਦੀ ਸੇਵਾ ਵਿੱਚ ਲੱਗੇ ਰਹੋ, ਅਸੀਂ ਤੁਹਾਨੂੰ ਆਪਣਾ ਸਰੂਪ ਬਣਾਉਣਾ ਹੈ।''

(੩) ਇੱਕ ਦਿਨ ਜੰਮੂ ਬ੍ਰਹਮ ਬੂਟੇ ਵਿੱਚ ਸ਼ਾਮ ਦਾ ਦੀਵਾਨ ਲੱਗਾ ਹੋਇਆ ਸੀ। ਇੱਕ ਸਾਧੂ ਆਪਣਾ ਇੱਕ ਤਾਰਾ ਵਜਾਉਂਦਾ ਹੋਇਆ ਭਜਨ ਪੜ੍ਹਦਾ ਦੀਵਾਨ ਵਿੱਚ ਆਇਆ। ਸੰਤ ਜੀ ਮਹਾਰਾਜ ਆਪਣੇ ਰੰਗ ਵਿੱਚ ਮਸਤ ਸ਼ਬਦ ਕੀਰਤਨ ਕਰੀ ਗਏ। ਇਹ ਦੇਖ ਕੇ ਸਾਧੂ ਬੜੇ ਕ੍ਰੋਧ ਵਿੱਚ ਆ ਗਿਆ ਤੇ ਬੜੇ ਜੋਸ਼ ਵਿੱਚ ਬੋਲਿਆ, ''ਤੁਸਾਂ ਮੇਰੇ ਆਉਣ ਪਰ ਕੀਰਤਨ ਬੰਦ ਕਿਉਂ ਨਹੀਂ ਕੀਤਾ?'' ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ! ਅਸੀਂ ਗੁਰੂ ਨਾਨਕ ਦੇਵ ਜੀ ਦੀ ਰੱਬੀ ਬਾਣੀ ਪੜ੍ਹ ਰਹੇ ਸੀ, ਤੁਹਾਡੇ ਭਜਨ ਮਨਘੜ ਤੇ ਕੱਚੇ ਹਨ। ਅਸੀਂ ਗੁਰਬਾਣੀ ਦੀ ਨਿਰਾਦਰੀ ਕਿਸ ਤਰ੍ਹਾਂ ਕਰਦੇ?'' ਸਾਧੂ ਸ਼ਾਂਤ ਹੋ ਕੇ ਦੀਵਾਨ ਵਿੱਚ ਬੈਠ ਗਿਆ ਅਤੇ ਸ਼ਬਦ ਦੇ ਰੰਗ ਵਿੱਚ ਮਸਤ ਹੋ ਗਿਆ।

(੪) ਇੱਕ ਦਿਨ ਸ਼ਾਮ ਦੇ ਦੀਵਾਨ ਦੇ ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਪ੍ਰਸ਼ਾਦ ਛਕ ਕੇ ਪਲੰਘ 'ਤੇ ਸਜੇ ਸਨ। ਸਾਰੀ ਸੰਗਤ ਚਰਨਾਂ ਵਿੱਚ ਸਜੀ ਹੋਈ ਸੀ। ਸੰਤ ਜੀ ਮਹਾਰਾਜ ਨੇ ਸੰਤ ਤੇਜਾ ਸਿੰਘ ਜੀ ਵੱਲ ਧਿਆਨ ਕਰਕੇ ਪੁੱਛਿਆ ਕਿ ਅੱਜ-ਕੱਲ੍ਹ ਅਖ਼ਬਾਰਾਂ ਵਿੱਚ ਨਵੀਂ ਮਰਦੁਮਸ਼ੁਮਾਰੀ ਦਾ ਜ਼ਿਕਰ ਚੱਲਿਆ ਹੋਇਆ ਹੈ, ਸਿੱਖਾਂ ਦੀ ਕਿੰਨੀ ਗਿਣਤੀ ਹੋਈ ਹੈ? ਭਾਈ ਤੇਜਾ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਚਾਲੀ ਲੱਖ।'

ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ''ਭਾਈ, ਸਾਨੂੰ ਤਾਂ ਮਸਾਂ ਚਾਰ ਖ਼ਾਲਸੇ ਨਜ਼ਰ ਆਉਂਦੇ ਹਨ।''

ਪੂਰਨ ਜੋਤ ਜਗੈ ਘਟਿ ਮੈ ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ ॥ (ਪਾ: ੧੦)

(੪) ਇੱਕ ਦਿਨ ਗੁਜਰਾਂਵਾਲੇ ਮਲਕ ਹਰਦਿੱਤ ਸਿੰਘ ਜੀ ਡਿਪਟੀ ਕਮਿਸ਼ਨਰ ਦੀ ਕੋਠੀ ਦੀਵਾਨ ਸਜਿਆ। ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਮਲਕ ਸਾਹਿਬ ਨੂੰ ਅਰਦਾਸਾ ਕਰਨ ਦਾ ਹੁਕਮ ਦਿੱਤਾ। ਮਲਕ ਜੀ ਨੇ ਬੇਨਤੀ ਕੀਤੀ ਕਿ ਦਾਸ ਛੋਟਾ ਜਿਹਾ ਅਰਦਾਸਾ ਹੀ ਜਾਣਦਾ ਹੈ। ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਭਾਈ ਛੋਟਾ ਹੀ ਠੀਕ ਹੈ। ਹੁਕਮ ਮੰਨ ਕੇ ਮਲਕ ਸਾਹਿਬ ਨੇ ਦਸਾਂ ਪਾਤਸ਼ਾਹੀਆਂ; ਚਵ੍ਹਾਂ ਤਖ਼ਤਾਂ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜਾਂ ਪਿਆਰਿਆਂ ਤੇ ਸਾਹਿਬਜ਼ਾਦਿਆਂ ਦਾ ਧਿਆਨ ਧਰ ਕੇ ਅਰਦਾਸਾ ਸੰਪੂਰਨ ਕਰ ਦਿੱਤਾ। ਸੰਤ ਜੀ ਮਹਾਰਾਜ ਬੜੇ ਹੀ ਪ੍ਰਸੰਨ ਹੋਏ ਤੇ ਫ਼ਰਮਾਇਆ, ''ਭਾਈ, ਅਰਦਾਸਾ ਛੋਟਾ ਹੀ ਚਾਹੀਦਾ ਹੈ। ਅਰਦਾਸੇ ਵੇਲੇ ਦਸੇ ਪਾਤਸ਼ਾਹੀਆਂ ਪੱਬਾਂ ਦੇ ਭਾਰ ਖੜੀਆਂ ਹੁੰਦੀਆਂ ਹਨ, ਲੰਮੇ ਅਰਦਾਸੇ ਵਿੱਚ ਉਨ੍ਹਾਂ ਨੂੰ ਖੇਚਲ ਹੁੰਦੀ ਹੈ।''

ਕਾਂਡ ੫੦

ਸਲੋਕ ਫਰੀਦ

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ (੧੩੭੯)

ਗੁਰਮਤੇ ਹੁੰਦਿਆਂ ਸਾਰ ਹੀ ਪ੍ਰੇਮੀ ਮੋਟਰ ਦਾ ਪ੍ਰਬੰਧ ਕਰਨ ਲਈ ਸ੍ਰੀਨਗਰ ਚਲਾ ਗਿਆ ਅਤੇ ਰਾਵਲਪਿੰਡੀ ਤੀਕਰ ਇੱਕ ਪ੍ਰੇਮੀ ਦੀ ਲਾਰੀ ਕਿਰਾਏ 'ਤੇ ਕਰ ਲਈ। ਦੂਜੇ ਦਿਨ ਸਵੇਰੇ ਹੀ ਆਸਾ ਦੀ ਵਾਰ ਦਾ ਭੋਗ ਆਪਣੇ ਡੇਰੇ 'ਤੇ ਪਾ, ਜਲ ਪਾਣੀ ਛਕ, ਸੰਤ ਜੀ ਆਪਣੇ ਜਥੇ ਸਮੇਤ ਲਾਰੀ ਵਿੱਚ ਸਵਾਰ ਹੋ ਗਏ ਅਤੇ ਸਿੱਧਾ ਦੁਮੇਲ ਆ ਕੇ ਦਮ ਲਿਆ। ਇੱਥੇ ਥੋੜ੍ਹਾ ਪ੍ਰਸ਼ਾਦ ਛਕ ਫੇਰ ਟੁਰ ਪਏ ਅਤੇ ਸ਼ਾਮ ਦੇ ਵੇਲੇ ਦਰਿਆਏ ਜਿਹਲਮ ਤੋਂ ਪਾਰ, ਹੱਟੀਆਂ ਉੱਤੇ ਇੱਕ ਚੁਬਾਰੇ ਵਿੱਚ ਬਿਸ੍ਰਾਮ ਕੀਤਾ। ਇੱਥੋਂ ਸਿੱਧਾ ਰਾਵਲਪਿੰਡੀ ਦੇ ਸਟੇਸ਼ਨ 'ਤੇ ਗਿਆਰ੍ਹਾਂ ਕੁ ਵਜੇ ਪੁੱਜ ਗਏ ਅਤੇ ਵੇਟਿੰਗ ਰੂਮ ਵਿੱਚ ਸਜ ਗਏ। ਕਿਸੇ ਗੁਰੂ ਦੇ ਸਿੱਖ ਨੇ ਸ਼ਹਿਰ ਵਿੱਚ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਜਾ ਦਿੱਤੀ ਅਤੇ ਇਹ ਸੰਗਤਾਂ ਵਿੱਚ ਤਾਰ ਵਾਂਗੂੰ ਫਿਰ ਗਈ। ਮਲਕ ਮੋਹਨ ਸਿੰਘ ਬਹੁਤ ਸਾਰੇ ਪ੍ਰੇਮੀਆਂ ਸਹਿਤ ਦਰਸ਼ਨ ਕਰਨ ਲਈ ਸੰਤ ਜੀ ਮਹਾਰਾਜ ਪਾਸ ਸਟੇਸ਼ਨ 'ਤੇ ਆ ਪੁੱਜੇ ਅਤੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ, 'ਸੱਚੇ ਪਾਤਸ਼ਾਹ! ਕੁਝ ਦਿਨ ਠਹਿਰ ਕੇ ਰਾਵਲਪਿੰਡੀ ਦੀ ਸੰਗਤ ਨੂੰ ਨਿਹਾਲ ਕਰੋ।' ਸੰਤ ਜੀ ਮਹਾਰਾਜ ਨੇ ਨਾਂਹ ਕਰ ਦਿੱਤੀ। ਅੱਗੇ ਕਿਸੇ ਪ੍ਰੇਮੀ ਦੀ ਐਸੀ ਧੂਹ ਪੈ ਰਹੀ ਸੀ ਕਿ ਉਹ ਸੰਤ ਜੀ ਮਹਾਰਾਜ ਨੂੰ ਅਟਕਣ ਨਹੀਂ ਸੀ ਦੇਂਦੀ, ਪਰ ਨਿਸ਼ਾਤ ਬਾਗ਼ ਦੀ ਖੇਡ ਵਾਂਗੂੰ ਇਸ ਦੀ ਗਤੀ ਸੰਤ ਜੀ ਮਹਾਰਾਜ ਹੀ ਜਾਣਦੇ ਸਨ। ਗੁਰਮਤਾ ਇਹ ਹੋਇਆ ਕਿ ਭਾਈ ਅਸੀਂ ਦੁਪਹਿਰ ਦੀ ਗੱਡੀ ਨਹੀਂ ਚੜ੍ਹਦੇ; ਤੁਹਾਡਾ ਪ੍ਰੇਮ ਲੈਣ ਲਈ ਪ੍ਰਸ਼ਾਦ ਛਕ, ਸਟੇਸ਼ਨ ਦੇ ਨਾਲ ਸਰਾਂ ਵਿੱਚ ਅਰਾਮ ਕਰਦੇ ਹਾਂ। ਸ਼ਾਮ ਦੀ ਗੱਡੀ ਇੱਥੋਂ ਟੁਰ ਪਵਾਂਗੇ। ਜਿਨ੍ਹਾਂ ਮਾਈਆਂ ਭਾਈਆਂ ਨੂੰ ਦਰਸ਼ਨ ਦਾ ਪ੍ਰੇਮ ਹੈ, ਉਹਨਾਂ ਨੂੰ ਕੁਝ ਸਮਾਂ ਮਿਲ ਜਾਵੇਗਾ। ਅਰਾਮ ਕਰ, ਸੰਗਤਾਂ ਨੂੰ ਦਰਸ਼ਨ ਦੇ, ਸ਼ਾਮ ਦੇ ਵੇਲੇ ਸੰਤ ਜੀ ਜਥੇ ਸਮੇਤ ਗੱਡੀ 'ਤੇ ਸਵਾਰ ਹੋ ਗਏ ਅਤੇ ਗੁਰਮਤਾ ਇਹ ਹੋਇਆ ਕਿ ਇੱਕ ਦਿਨ ਗੁਜਰਾਂਵਾਲੇ ਮਲਕ ਹਰਦਿੱਤ ਸਿੰਘ ਪਾਸ ਠਹਿਰ ਕੇ ਅੱਗੇ ਚੱਲਾਂਗੇ। ਮਲਕ ਮੋਹਨ ਸਿੰਘ ਨੇ ਆਪਣੇ ਲੜਕੇ ਨੂੰ ਤਾਰ ਦੇ ਦਿੱਤੀ ਅਤੇ ਉਹ ਸਟੇਸ਼ਨ 'ਤੇ ਮੋਟਰ ਲੈ ਕੇ ਆਇਆ ਤੇ ਸੰਤ ਜੀ ਮਹਾਰਾਜ ਨੂੰ ਆਪਣੀ ਕੋਠੀ ਬੜੇ ਪ੍ਰੇਮ ਨਾਲ ਲੈ ਗਿਆ। ਸ਼ਾਮ ਅਤੇ ਦੂਜੀ ਸਵੇਰ ਦਾ ਉੱਥੇ ਹੀ ਦੀਵਾਨ ਸਜਿਆ। ਦਾਸ ਦੇ ਚਿੱਤ ਵਿੱਚ ਆਪਣੀ ਮਾਤਾ ਅਤੇ ਪਰਿਵਾਰ ਨੂੰ ਮਿਲਣ ਦੀ ਖਿੱਚ ਸ੍ਰੀਨਗਰ ਹੀ ਪੈਦਾ ਹੋ ਚੁੱਕੀ ਸੀ। ਖਿਆਲ ਸੀ ਕਿ ਸੰਤ ਜੀ ਦਾਸ ਦੀ ਕੁਟੀਆ ਡੇਰਾ ਕਰਨਗੇ ਅਤੇ ਸਹਿਜ-ਸੁਭਾਏ ਦਰਸ਼ਨ ਮੇਲਾ ਹੋ ਜਾਏਗਾ, ਪਰ ਸੰਤ ਜੀ ਮਹਾਰਾਜ ਦਾ ਆਸ਼ਾ ਦਾਸ ਨੂੰ ਇਸ ਪਉੜੀ 'ਤੇ ਚਾੜ੍ਹਨ ਦਾ ਸੀ:

ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥ (੯੧੭)

ਗੁਜਰਾਂਵਾਲੇ ਉਤਰਨ ਦਾ ਤਾਂ ਦਾਸ ਦਾ ਸੰਕਲਪ ਪੂਰਾ ਕਰ ਦਿੱਤਾ, ਪਰ ਮਲਕ ਹਰਦਿੱਤ ਸਿੰਘ ਦੀ

ਕੋਠੀ ਡੇਰਾ ਕਰ ਕੇ ਦਾਸ ਨੂੰ ਇਸ਼ਾਰਾ ਕਰ ਦਿੱਤਾ ਕਿ ਭਾਈ! ਮੋਹ ਤੋੜਿਆ ਹੀ ਲੋੜੀਏ। ਇਹ ਗੁੱਝੀ ਰਮਜ਼ ਸਮਝ, ਬੜੀ ਡਾਢੀ ਖਿੱਚ ਹੁੰਦਿਆਂ-ਸੁੰਦਿਆਂ ਵੀ ਦਾਸ ਗੁਜਰਾਂਵਾਲੇ ਵਿੱਚ ਨਾ ਵੜਿਆ।

ਦੂਜੇ ਦਿਨ ਗੱਡੀ ਚੜ੍ਹ, ਸੰਤ ਅੰਮ੍ਰਿਤਸਰ ਸਾਹਿਬ ਪੁੱਜ ਗਏ ਅਤੇ ਸਿੱਧਾ ਦਰਬਾਰ ਸਾਹਿਬ ਗਏ। ਸ਼ਾਮ ਦੇ ਦੀਵਾਨ ਮਗਰੋਂ, ਸੰਤ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਰਾਮਸਰ ਸਰੋਵਰ ਦੇ ਪਾਸੇ, ਸ਼ਹਿਰ ਤੋਂ ਦੋ ਕੁ ਮੀਲ ਨਹਿਰ ਤੋਂ ਪਾਰ ਇੱਕ ਕੁਟੀਆ ਵਿੱਚ ਮਹਾਰਾਜ ਜੀ ਦਾ ਆਸਣ ਕਰਾਇਆ ਗਿਆ। ਇਹ ਕੁਟੀਆ ਸ਼ਹਿਰ ਦੇ ਇੱਕ ਸਹਿਜਧਾਰੀ ਪ੍ਰੇਮੀ ਨੇ ਸਾਧੂਆਂ ਦੇ ਅਰਾਮ ਲਈ ਬਣਾਈ ਹੋਈ ਸੀ। ਜਦ ਡੇਰੇ 'ਤੇ ਪੁੱਜੇ, ਤਦ ਭਾਈ ਰਾਮ ਸਿੰਘ ਗੜਵਈ ਨੇ ਆਖਿਆ, "ਸੱਚੇ ਪਾਤਸ਼ਾਹ! ਹਜ਼ੂਰ ਦੀਆਂ ਚਾਦਰਾਂ ਦਾ ਜੋੜਾ ਅਤੇ ਹੋਰ ਗਰਮ ਕੱਪੜਿਆਂ ਦੀ ਗੱਠੜੀ ਗੱਡੀ ਵਿੱਚ ਰਹਿ ਗਈ ਹੈ।" ਇੱਕ ਪ੍ਰੇਮੀ ਵਿੱਚੋਂ ਬੋਲ ਉੱਠਿਆ ਕਿ ਲਾਹੌਰ ਤਾਰ ਦੇ ਦਿੱਤੀ ਜਾਵੇ, ਸ਼ਾਇਦ ਸਮਾਨ ਲੱਭ ਹੀ ਜਾਵੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਤਾਰ ਕੀ ਦੇਣੀ ਹੈ, ਕੋਈ ਲੋੜਵੰਦ ਪ੍ਰੇਮੀ ਵਰਤ ਲਵੇਗਾ।"

ਆਤਮਿਕ ਤਾਰ ਦੀ ਖਿੱਚ

ਦੂਜੇ ਦਿਨ ਸੰਤ ਜੀ ਮਹਾਰਾਜ ਦੇ ਆਉਣ ਦਾ ਪ੍ਰੇਮੀਆਂ ਨੂੰ ਪਤਾ ਲੱਗ ਗਿਆ। ਸ਼ਾਮ ਦੇ ਵੇਲੇ ਜਦ ਸੰਤ ਜੀ ਮਹਾਰਾਜ ਅਰਾਮ ਕਰਕੇ ਬਾਹਰ ਨਿਕਲੇ, ਤਦ ਮਾਸਟਰ ਸ਼ੰਕਰ ਸਿੰਘ ਖ਼ਾਲਸਾ ਕਾਲਜ ਤੋਂ ਕੁਝ ਹੋਰ ਪ੍ਰੇਮੀਆਂ ਸਮੇਤ ਦਰਸ਼ਨ ਲਈ ਆਏ। ਬੜੇ ਪ੍ਰੇਮ ਅਤੇ ਵਿਚਾਰ ਦੇ ਬਚਨ ਹੁੰਦੇ ਰਹੇ। ਫੇਰ ਮਾਸਟਰ ਸ਼ੰਕਰ ਸਿੰਘ ਨੇ ਬੜੇ ਪ੍ਰੇਮ ਅਤੇ ਵੈਰਾਗ ਵਿੱਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਜਿਸ ਤਰ੍ਹਾਂ ਸੰਤ ਤੇਜਾ ਸਿੰਘ ਤੋਂ ਨੌਕਰੀ ਛੁਡਾਈ ਹੈ, ਮੇਰੀ ਵੀ ਛੁਡਾ ਦਿਓ।" ਸੰਤ ਜੀ ਮਹਾਰਾਜ ਨੇ ਹੱਸ ਕੇ ਫ਼ਰਮਾਇਆ, ਭਾਈ ਉਜਾੜਿਆ ਇੱਕ ਹੀ ਬਹੁਤੇਰਾ ਹੈ, ਵਕਤ ਆਏ ਤੇ ਤੁਹਾਡੀ ਨੌਕਰੀ ਆਪ ਹੀ ਛੁੱਟ ਜਾਏਗੀ। ਇਸ ਦੇ ਮਗਰੋਂ, ਸੱਤ ਕੁ ਵਜੇ ਭਗਤ ਜਸਵੰਤ ਸਿੰਘ ਅਤੇ ਹੋਰ ਪ੍ਰੇਮੀ ਦਰਸ਼ਨ ਕਰਨ ਲਈ ਆਏ ਅਤੇ ਘੰਟਾ ਕੁ ਗੱਲਬਾਤ ਕਰ ਕੇ ਚਲੇ ਗਏ। ਫੇਰ ਸੰਤ ਜੀ ਮਹਾਰਾਜ ਨੇ ਪ੍ਰਸ਼ਾਦ ਛਕਿਆ ਅਤੇ ਆਪਣੇ ਨੇਮ ਅਨੁਸਾਰ ਸਾਧ-ਸੰਗਤ ਨੂੰ ਦਰਸ਼ਨ ਦੇਣ ਅਤੇ ਗੱਲਬਾਤ ਕਰਨ ਲਈ ਆਪਣੇ ਆਸਣ 'ਤੇ ਸਜ ਗਏ। ਨੌਂ ਕੁ ਵਜੇ ਇੱਕ ਅਸਚਰਜ ਕੌਤਕ ਵਰਤਿਆ। ਕੁਝ ਸਿੰਧੀ ਮਾਈ-ਭਾਈ, ਇੱਕ ਬਿਰਧ ਨੇਤਰਾਂ ਤੋਂ ਹੀਨ ਪ੍ਰੇਮੀ ਭਾਈ ਆਤਮਾ ਸਿੰਘ ਨੂੰ ਬਾਂਹ ਫੜੀ ਪੌੜੀਆਂ ਚੜ੍ਹਾ, ਸੰਤ ਜੀ ਮਹਾਰਾਜ ਦੇ ਚੁਬਾਰੇ ਵਿੱਚ ਲੈ ਆਏ ਅਤੇ ਇਸ ਦਾ ਮਸਤਕ ਮਹਾਰਾਜ ਦੇ ਚਰਨਾਂ 'ਤੇ ਧਰ ਦਿੱਤਾ।

ਚਰਨ ਕੰਵਲਾਂ ਦੀ ਛੋਹ ਨਾਲ ਹਿਰਦੇ ਵਿੱਚ ਕੋਈ ਐਸੀ ਵੈਰਾਗ ਅਤੇ ਪ੍ਰੇਮ ਦੀ ਲਹਿਰ ਚੱਲੀ ਕਿ ਇਸ ਨੇ ਚਰਨ ਛੱਡੇ ਹੀ ਨਹੀਂ। ਹੰਝੂ ਵਹਾ ਕੇ ਨੇਤਰਾਂ ਦੀ ਜਲਧਾਰਾ ਨਾਲ ਚਰਨਾਂ ਨੂੰ ਧੋ ਦਿੱਤਾ। ਸੰਤ ਜੀ ਮਹਾਰਾਜ ਨੇ ਬੜਾ ਹੌਂਸਲਾ ਦਿੱਤਾ ਤੇ ਪ੍ਰੇਮ ਨਾਲ ਇਸ ਨੂੰ ਸਾਵਧਾਨ ਹੋਣ ਲਈ ਆਖਿਆ, ਪਰ ਵੈਰਾਗ ਠੱਲੀਏ ਨਾਹੀਂ। ਸਾਰੀ ਸੰਗਤ ਵਿੱਚ ਅਦੁੱਤੀ ਇਸ਼ਕ ਤੇ ਵੈਰਾਗ ਦਾ ਸਨਾਟਾ ਛਾ ਗਿਆ। ਸਭ ਦੇ ਹਿਰਦੇ ਦ੍ਰਵ ਗਏ ਤੇ ਆਪਣੇ-ਆਪਣੇ ਦਿਲਾਂ ਵਿੱਚ ਪੁੱਛਣ ਲੱਗੇ ਕਿ ਵਾਹਿਗੁਰੂ, ਅਜਿਹੇ ਕਲਿਜੁਗ 'ਤੇ ਮਗਰਬੀ ਤਹਿਜ਼ੀਬ ਦੇ ਦੱਬੇ ਹੋਏ ਸਮੇਂ ਵਿੱਚ ਅਜਿਹੇ ਪ੍ਰੇਮ ਦਾ ਪਾਤਰ ਕਿੱਥੋਂ ਆ ਗਿਆ? ਕੁਝ ਚਿਰ ਮਗਰੋਂ ਭਾਈ ਆਤਮਾ ਸਿੰਘ ਸੰਭਲ ਗਏ ਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਹਜ਼ੂਰ ਦੇ ਦਰਸ਼ਨ ਦੀ, ਕੂਕਰ ਦੇ ਦਿਲ ਵਿੱਚ ਬਹੁਤ ਚਿਰ ਦੀ ਤਾਂਘ ਸੀ। ਸਤਿਗੁਰੂ ਅੱਗੇ ਅਰਦਾਸ ਸੀ ਕਿ ਇਸ ਛਿਨ ਭੰਗੁਰ ਸਰੀਰ ਦੇ ਛੁੱਟਣ ਤੋਂ ਪਹਿਲਾਂ ਸੰਤ ਜੀ ਮਹਾਰਾਜ ਦੇ ਦੀਦਾਰ ਹੋ ਜਾਵਣ। ਇਸ ਖਿੱਚ ਦਾ ਬੱਧਾ ਮੈਂ ਕੁਝ ਦਿਨ ਹੋਏ ਅੰਮ੍ਰਿਤਸਰ ਸਾਹਿਬ ਪੁੱਜਾ। ਦਿਨ-ਰਾਤ ਏਹੋ ਤਾਂਘ ਲੱਗੀ ਰਹਿੰਦੀ ਸੀ ਕਿ ਕਦ ਉਹ ਸਮਾਂ ਆਵੇ, ਜਦ ਮੈਂ ਆਪਣਾ ਸੀਸ ਚਰਨਾਂ 'ਤੇ ਧਰਾਂ। ਧੰਨ ਹੋ ਆਪ

ਜਿਹਨਾਂ ਨੇ ਮੇਰੇ ਅਨਾਥ ਦੇ ਹਿਰਦੇ ਦੀ ਤਾਰ ਨੂੰ ਬੁੱਝ ਕੇ ਅਛੋਪ ਹੀ ਇੱਥੇ ਪਹੁੰਚੇ, ਦਰਸ਼ਨ ਦਾ ਸਮਾਂ ਬਖਸ਼ਿਆ ਹੈ। ਹੁਣ ਮੇਰੇ ਚਿੱਤ ਦੀ ਮੁਰਾਦ ਪੂਰੀ ਹੋ ਗਈ ਹੈ, ਮੈਂ ਆਪਣਾ ਅੰਤਲਾ ਸਮਾਂ ਹਜ਼ੂਰ ਦੇ ਉਪਦੇਸ਼ ਅਨੁਸਾਰ ਸ਼ਬਦ-ਸੁਰਤ ਨੂੰ ਇੱਕ ਕਰਨ ਵਿੱਚ ਬਤੀਤ ਕਰਾਂਗਾ। ਸੰਤ ਜੀ ਮਹਾਰਾਜ ਨੇ ਇਸ ਨੂੰ ਪੂਰੀ ਧੀਰਜ ਬੰਧਾਈ ਤੇ ਇਸ ਦੀ ਪਿੱਛਲੀ ਅਤੁੱਟ ਸੇਵਾ ਦਾ ਬ੍ਰਿਤਾਂਤ ਸੰਗਤ ਨੂੰ ਆਪਣੇ ਮੁਖਾਰਬਿੰਦ ਤੋਂ ਸੁਣਾਇਆ ਤੇ ਆਖਿਆ ਕਿ ਭਾਈ ਆਤਮਾ ਸਿੰਘ ਸਾਡੇ ਪੁਰਾਣੇ ਪ੍ਰੇਮੀ ਹਨ। ਸਤਿਗੁਰੂ ਦੀ ਕ੍ਰਿਪਾ ਨਾਲ ਇਹਨਾਂ ਦਾ ਇਸ਼ਕ ਅਖੀਰਲੀ ਉਮਰ ਤੀਕਰ ਨਿਭ ਗਿਆ ਹੈ।

ਜਦ ਭਾਈ ਆਤਮਾ ਸਿੰਘ ਤੇ ਉਹਨਾਂ ਦੇ ਸਾਥੀ ਟੁਰ ਗਏ, ਤਦ ਭਾਈ ਸ਼ੰਕਰ ਸਿੰਘ ਨੂੰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਸਾਡੇ ਵਾਸਤੇ ਟਾਂਗੇ ਮੰਗਵਾ ਲਵੋ; ਅਸੀਂ ਹੁਣੇ ਹੀ ਪਹਿਲੀ ਗੱਡੀ ਅੰਮ੍ਰਿਤਸਰ ਸਾਹਿਬ ਤੋਂ ਟੁਰ ਪੈਣਾ ਹੈ। ਕਾਨਫਰੰਸ ਸੰਬੰਧੀ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਪ੍ਰੇਮੀਆਂ ਵਿੱਚ ਕੁਝ ਦ੍ਵੈਤ ਦੀ ਅੱਗ ਪਰਜ੍ਵਲਤ ਹੈ। ਸਾਡਾ ਇਸ ਵਿੱਚ ਸ਼ਾਮਿਲ ਹੋਣਾ ਠੀਕ ਨਹੀਂ। ਜਿਸ ਕਾਰਜ ਲਈ ਸਤਿਗੁਰੂ ਨੇ ਲਿਆਂਦਾ ਸੀ, ਉਹ ਪੂਰਾ ਹੋ ਗਿਆ ਹੈ।

ਇਹ ਸੁਣ ਕੇ ਦਾਸ ਨੂੰ ਸਮਝ ਆਈ ਕਿ ਸੰਤ ਜੀ ਮਹਾਰਾਜ ਨੂੰ ਵਾਹੋ-ਦਾਹੀ ਅੰਮ੍ਰਿਤਸਰ ਲਿਆਉਣ ਦਾ ਅਸਲ ਕਾਰਣ ਭਾਈ ਆਤਮਾ ਸਿੰਘ ਜੀ ਦੇ ਪ੍ਰੇਮ ਦੀ ਖਿੱਚ ਸੀ।

ਟਾਂਗੇ ਆਉਂਦਿਆਂ ਤੀਕਰ ਜਥੇ ਦੇ ਸਰੀਰਾਂ ਨੇ ਆਪਣਾ-ਆਪਣਾ ਸਮਾਨ ਲੈ ਲਿਆ। ਫੇਰ ਟਾਂਗਿਆਂ 'ਤੇ ਸਵਾਰ ਹੋ ਕੇ ਸਟੇਸ਼ਨ 'ਤੇ ਪੁੱਜ ਗਏ। ਇੱਥੇ ਮਾਸਟਰ ਸ਼ੰਕਰ ਸਿੰਘ ਜੀ ਨੇ ਸੰਤ ਜੀ ਮਹਾਰਾਜ ਅਤੇ ਜਥੇ ਲਈ ਕੁੱਪ ਸਟੇਸ਼ਨ ਦੇ ਟਿਕਟ ਲੈ ਆਂਦੇ। ਗੱਡੀ ਇੱਕ ਕੁ ਵਜੇ ਲੁਧਿਆਣੇ ਪਹੁੰਚੀ। ਧੂਰੀ ਦੀ ਗੱਡੀ ਛੇ ਕੁ ਵਜੇ ਟੁਰਦੀ ਸੀ। ਗੱਡੀਓਂ ਉੱਤਰ ਕੇ ਇੱਕ ਪਾਸੇ ਰੋੜਾਂ 'ਤੇ ਆਸਣ ਵਿਛਾ, ਸੰਤ ਜੀ ਮਹਾਰਾਜ ਭੁੰਝੇ ਹੀ ਲੇਟ ਗਏ। ਜਥੇ ਵਾਲੇ ਵੀ ਕੁਝ ਚਿਰ ਲਈ ਬਿਰਾਜ ਗਏ। ਦੋ ਪ੍ਰੇਮੀਆਂ ਨੇ ਵਾਰੀ-ਵਾਰੀ ਪਹਿਰਾ ਦਿੱਤਾ। ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰ ਕੇ ਗੱਡੀ ਚੜ੍ਹ ਗਏ ਤੇ ਅੱਠ ਵਜੇ ਦੇ ਕਰੀਬ ਕੁਪ ਜਾ ਉਤਰੇ। ਏਥੋਂ ਟਾਂਗੇ ਲੈ ਬਾਲੇਵਾਲ ਪੁੱਜੇ।

ਕੁਝ ਦਿਨ ਸੰਤ ਜੀ ਮਹਾਰਾਜ ਨੇ ਅਰਾਮ ਕੀਤਾ ਸਵੇਰ ਸ਼ਾਮ ਪਿੰਡ ਦੇ ਗੁਰਦੁਆਰੇ ਵਿੱਚ ਕੀਰਤਨ ਹੁੰਦਾ। ਪਿੰਡ ਦੇ ਮਾਈ-ਭਾਈ ਬੜੇ ਉਤਸ਼ਾਹ ਨਾਲ ਸ਼ਬਦ ਕੀਰਤਨ ਵਿੱਚ ਹਿੱਸਾ ਲੈਂਦੇ ਤੇ ਸੰਤ ਜੀ ਮਹਾਰਾਜ ਦੀ ਟਹਿਲ ਕਰਦੇ।

ਇੱਕ ਦਿਨ ਗੁਰਸਾਗਰ ਸਾਹਿਬ ਮਸਤੂਆਣੇ ਤੋਂ ਪ੍ਰੇਮੀ ਨੇ ਆਖ ਸੁਣਾਇਆ ਕਿ ਮਹਾਰਾਜ ਜੀ! ਅਕਾਲ ਕਾਲਜ ਦਾ ਕੰਮ ਕੁਝ ਨਰਮ ਹੈ, ਆਪ ਕੁਝ ਉਪਾਅ ਕਰੋ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਭਾਈ! ਅਸਥਾਨ ਪੰਥ ਦੇ ਸਪੁਰਦ ਕਰ ਚੁੱਕੇ ਹਾਂ, ਹੁਣ ਖ਼ਾਲਸੇ ਜੀ ਦਾ ਕੰਮ ਹੈ ਕਿ ਇਹਦੀ ਸੰਭਾਲ ਕਰੇ। ਇਸ ਉੱਤਰ ਮਗਰੋਂ ਪ੍ਰੇਮੀ ਨੇ ਬਹੁਤ ਜ਼ੋਰ ਦਿੱਤਾ, ਪਰ ਸੰਤ ਜੀ ਮਹਾਰਾਜ ਕੁਝ ਨਾ ਬੋਲੇ, ਚੁੱਪ ਕੀਤੇ ਹੀ ਸੁਣੀ ਗਏ। ਦੂਜੇ ਦਿਨ ਪ੍ਰੇਮੀ ਤਾਂ ਆਪਣੀ ਬੇਨਤੀ ਕਰਕੇ ਚਲਾ ਗਿਆ, ਪਰ ਉਸ ਦੀ ਬੇਨਤੀ ਸੰਤ ਜੀ ਮਹਾਰਾਜ ਦੇ ਹਿਰਦੇ 'ਤੇ ਅਸਰ ਕਰ ਗਈ। ਦੋ ਕੁ ਦਿਨ ਇਸ ਗੱਲ ਤੇ ਆਪਣੇ ਅੰਦਰ ਹੀ ਵਿਚਾਰ ਕਰੀ ਗਏ। ਤੀਜੇ ਦਿਨ ਦਾਸ ਨੂੰ ਆਪਣੇ ਪਾਸ ਸੱਦ ਕੇ ਆਖਿਆ ਕਿ ਭਾਈ ਤੇਜਾ ਸਿੰਘ! ਇਸ ਵੇਲੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਸਾਰੇ ਪੰਥ ਵਿੱਚ ਉੱਘੀ ਹੈ। ਤੁਸੀਂ ਜਾ ਕੇ ਮਾਸਟਰ ਤਾਰਾ ਸਿੰਘ ਜੀ ਅਤੇ ਹੋਰ ਪ੍ਰੇਮੀਆਂ ਨੂੰ ਮਿਲੋ ਤੇ ਸਾਡੀ ਤਰਫੋਂ ਪ੍ਰੇਰਨਾ ਕਰੋ ਕਿ ਅਕਾਲ ਕਾਲਜ ਦਾ ਕੋਈ ਯੋਗ ਪ੍ਰਬੰਧ ਕਰਨ। ਹੁਕਮ ਮੰਨ ਕੇ ਉੱਥੋਂ ਰਾਤ ਦੀ ਗੱਡੀ ਚੜ੍ਹ ਕੇ ਦਾਸ ਦੂਜੀ ਸਵੇਰ ਅੰਮ੍ਰਿਤਸਰ ਸਾਹਿਬ ਪੁੱਜ ਗਿਆ।

ਕੁਝ ਦਿਨ ਮਗਰੋਂ ਬਾਲੇਵਾਲ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਅਕਾਲ ਕਾਲਜ ਦੇ ਸੇਵਕ ਪੁੱਜੇ ਉਹਨਾਂ ਨੇ ਬੇਨਤੀ ਕੀਤੀ, "ਮਹਾਰਾਜ ਜੀ, ਸਕੂਲ ਦੇ ਭੁਝੰਗੀਆਂ ਨੂੰ ਇਨਾਮ ਦੇਣਾ ਹੈ, ਹਜ਼ੂਰ ਇਸ ਸਮੇਂ ਜ਼ਰੂਰ ਹੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ।" ਇਹਨਾਂ ਦੀ ਅਰਜ਼ ਮੰਨ, ਸੰਤ ਜੀ ਗੁਰਸਾਗਰ ਸਾਹਿਬ ਮਸਤੂਆਣਾ ਪੁੱਜੇ ਅਤੇ ਏੱਥੇ ਕੁਝ ਦਿਨ ਸਾਧ-ਸੰਗਤ ਨੂੰ ਨਿਹਾਲ ਕੀਤਾ। ਇਨਾਮ ਵੰਡਣ ਵਾਲੇ ਦਿਨ ਭਾਈ ਨਿਰੰਜਨ ਸਿੰਘ ਸਕੱਤਰ ਨੇ ਬਾਬਾ ਅਜੀਤ ਸਿੰਘ ਹਾਲ ਵਿੱਚ ਇਕੱਠ ਦੀ ਤਿਆਰੀ ਕੀਤੀ। ਸਾਰੇ ਫਰਸ਼ 'ਤੇ ਦਰੀਆਂ ਵਿਛ ਗਈਆਂ ਅਤੇ ਹਾਲ ਦੇ ਥੱੜ੍ਹੇ ਉੱਤੇ ਪਹਿਲਾਂ ਦਰੀ ਵਿਛਾਈ ਗਈ ਅਤੇ ਫੇਰ ਇੱਕ ਅਰਾਮ ਕੁਰਸੀ ਨੂੰ ਬੜਾ ਹੀ ਸਜਾ ਕੇ ਰੱਖਿਆ ਗਿਆ। ਨੀਯਤ ਸਮੇਂ ਸਾਰਾ ਹਾਲ ਸੰਗਤਾਂ, ਭੁਝੰਗੀਆਂ ਅਤੇ ਪਿੰਡਾਂ ਦੇ ਪ੍ਰੇਮੀਆਂ ਨਾਲ ਭਰ ਗਿਆ। ਜਦ ਸੰਤ ਜੀ ਮਹਾਰਾਜ ਆਏ ਤਾਂ ਸਾਰੀ ਸੰਗਤ ਖੜੀ ਹੋ ਗਈ ਅਤੇ ਇੱਕ-ਰਸ ਜੈਕਾਰਾ ਬੁਲਾਇਆ। ਭਾਈ ਨਿਰੰਜਣ ਸਿੰਘ ਨੇ ਸੰਤ ਜੀ ਮਹਾਰਾਜ ਨੂੰ ਇਸ ਸ਼ਾਨਦਾਰ ਕੁਰਸੀ ਉੱਤੇ ਸਜਣ ਦੀ ਬੇਨਤੀ ਕੀਤੀ, ਪਰ ਸੰਤ ਜੀ ਮਹਾਰਾਜ ਨੇ ਨਾਂਹ ਕਰ ਦਿੱਤੀ ਅਤੇ ਕੁਰਸੀ ਨੂੰ ਉਠਵਾ, ਸਾਧ-ਸੰਗਤ ਨਾਲ ਦਰੀ 'ਤੇ ਹੀ ਬੈਠ ਗਏ। ਹੁਣ ਇਨਾਮ ਵੰਡਣ ਦੀ ਕਾਰਵਾਈ ਸ਼ੁਰੂ ਹੋ ਗਈ। ਦਰਜਾ-ਬਦਰਜਾ ਸਾਰੇ ਇਨਾਮ ਸੰਤ ਜੀ ਮਹਾਰਾਜ ਦੀ ਹੱਥੀਂ ਦਿਵਾਏ ਗਏ। ਇਸ ਦੇ ਮਗਰੋਂ ਭਾਈ ਨਿਰੰਜਣ ਸਿੰਘ ਨੇ ਅਕਾਲ ਹਾਈ ਸਕੂਲ ਦੀ ਸਾਲਾਨਾ ਰਿਪੋਰਟ ਸੁਣਾਈ। ਇਸ ਵਿੱਚ ਅਸਥਾਨ ਦੀ ਦਰਦ ਭਰੀ ਹਾਲਤ ਦਾ ਜ਼ਿਕਰ ਕੀਤਾ ਅਤੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਮਦਦ ਕਰਨ ਦੀ ਬੜੀ ਖਿੱਚਵੀਂ ਅਪੀਲ ਕੀਤੀ। ਸੰਤ ਜੀ ਮਹਾਰਾਜ ਦਾ ਹਿਰਦਾ ਬਹੁਤ ਹੀ ਦ੍ਰਵ ਗਿਆ, ਪਰ ਮਹਾਰਾਜ ਜੀ ਨੇ ਆਪਣੇ ਮਨ ਦੀ ਗੱਲ ਮਨ ਵਿੱਚ ਹੀ ਰੱਖੀ।

ਦੂਜੇ ਦਿਨ ਸ਼ਾਮ ਦੇ ਵੇਲੇ ਸੰਤ ਜੀ ਮਹਾਰਾਜ ਪ੍ਰੇਮੀਆਂ ਦੀ ਬੇਨਤੀ ਮੰਨ, ਲੋ ਸ਼ਿਮਲੀ ਜਾਣ ਲਈ ਤਿਆਰ ਹੋ ਗਏ। ਸਰਦਾਰ ਬਲਦੇਵ ਸਿੰਘ ਅਤੇ ਸਰਦਾਰ ਅਜੈਬ ਸਿੰਘ ਸਪੁੱਤਰ ਵਜ਼ੀਰ ਸ਼ਮਸ਼ੇਰ ਸਿੰਘ ਦਾ ਪ੍ਰੇਮ ਲੈਣ ਹਿੱਤ, ਸੰਤ ਜੀ ਰਾਤ ਸੰਗਰੂਰ ਏਹਨਾਂ ਦੀ ਕੋਠੀ ਠਹਿਰੇ। ਗੁਰਮਤਾ ਇਹ ਹੋਇਆ ਕਿ ਸਵੇਰੇ ਜਥਾ ਤਾਂ ਗੱਡੀ ਚੜ੍ਹ ਕੇ ਸਿੱਧਾ ਲੋ ਸ਼ਿਮਲੀ ਪੁੱਜ ਜਾਏ ਅਤੇ ਸੰਤ ਜੀ ਮਹਾਰਾਜ, ਭਾਈ ਰਾਮ ਸਿੰਘ ਜੀ ਗੜਵਈ ਅਤੇ ਦਾਸ ਸਮੇਤ, ਮੋਟਰ ਚੜ੍ਹ ਪਟਿਆਲੇ ਦੇ ਰਸਤੇ ਲੋ ਸ਼ਿਮਲੀ ਜਾਣ।

ਦੂਜੇ ਦਿਨ ਆਸਾ ਦੀ ਵਾਰ ਦਾ ਦੀਵਾਨ ਕੋਠੀ ਹੀ ਸਜਿਆ। ਸੂਰਜ ਚੜ੍ਹਦੇ ਨਾਲ ਹੀ ਭੋਗ ਪੈ ਗਿਆ ਅਤੇ ਟੁਰਨ ਦੀ ਤਿਆਰੀ ਹੋ ਗਈ।

ਸੇਵਾ ਸ਼ਾਨ ਤੋਂ ਉੱਚੀ ਹੈ

ਮੋਟਰ ਚੜ੍ਹ ਸੰਤ ਜੀ ਮਹਾਰਾਜ ਪਟਿਆਲੇ ਦੇ ਰਾਹ ਪੈ ਗਏ। ਥੋੜ੍ਹੇ ਚਿਰ ਵਿੱਚ ਹੀ ਭਵਾਨੀਗੜ੍ਹ ਪੁੱਜੇ। ਇਸ ਤੋਂ ਕੁਝ ਮੀਲ ਅੱਗੇ ਇੱਕ ਸੜਕ ਪਟਿਆਲੇ ਵੱਲ ਜਾਂਦੀ ਹੈ ਅਤੇ ਦੂਜੀ ਨਾਭੇ ਵੱਲ। ਜਦ ਇਹ ਮੋੜ ਆਇਆ ਤਾਂ ਸੰਤ ਜੀ ਮਹਾਰਾਜ ਨੇ ਡਰਾਈਵਰ ਨੂੰ ਨਾਭੇ ਦੀ ਸੜਕ ਪੈਣ ਦਾ ਹੁਕਮ ਦਿੱਤਾ। ਅਜੇ ਦੋ ਕੁ ਫਰਲਾਂਗ ਹੀ ਗਏ ਸੀ ਕਿ ਮਹਾਰਾਜ ਜੀ ਨੇ ਦਾਸ ਨੂੰ ਆਖਿਆ, "ਭਾਈ! ਅਸੀਂ ਨਾਭੇ ਸਰਦਾਰ ਗੁਰਦਿਆਲ ਸਿੰਘ ਨੂੰ ਮਿਲਣ ਵਾਸਤੇ ਜਾ ਰਹੇ ਹਾਂ, ਤਾਂਕਿ ਜਿਹੜੀ ਸਕੂਲ ਦੀ ਗਰਾਂਟ ਅਤੇ ਲੰਗਰ ਦੀ ਸੇਵਾ ਬੰਦ ਹੋ ਚੁੱਕੀ ਹੈ, ਉਸ ਨੂੰ ਫੇਰ ਜਾਰੀ ਕਰਵਾਇਆ ਜਾਵੇ। ਅਕਾਲ ਕਾਲਜ ਦੀ ਹਾਲਤ ਇਸ ਵੇਲੇ ਡਾਢੀ ਦਰਦਨਾਕ ਹੈ। ਸਾਡੇ ਚਿੱਤ ਨੇ ਇਹ ਰਾਤ ਹੀ ਫੈਸਲਾ ਕਰ ਲਿਆ ਸੀ, ਪਰ ਅਸੀਂ ਤੁਹਾਨੂੰ ਜਾਣ ਕੇ ਨਹੀਂ ਦੱਸਿਆ ਕਿ ਕਿਧਰੇ ਤੁਸੀਂ ਸਾਨੂੰ ਏਧਰ ਆਉਣ ਤੋਂ ਨਾਂਹ ਨਾ ਕਰੋ।" ਇਹ ਗੱਲ ਸੁਣ, ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਹ ਹਜ਼ੂਰ ਦੀ ਸ਼ਾਨ ਦੇ ਲਾਇਕ ਨਹੀਂ।" **ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਸਾਡੀ ਸ਼ਾਨ!**

ਸਤਿਗੁਰੂ ਦੀ ਸੇਵਾ ਵਿੱਚ ਸ਼ਾਨ ਕੋਈ ਚੀਜ਼ ਨਹੀਂ।" ਏਹ ਸੁਣ ਦਾਸ ਤਾਂ ਚੁੱਪ ਕਰ ਗਿਆ ਅਤੇ ਮੋਟਰ ਸਿੱਧੀ ਸਰਦਾਰ ਗੁਰਦਿਆਲ ਸਿੰਘ ਦੀ ਕੋਠੀ ਦੇ ਸਾਹਮਣੇ ਜਾ ਖਲੋਤੀ। ਇੱਥੇ ਡਿਉੜੀ 'ਤੇ ਇੱਕ ਪਹਿਰੇਦਾਰ ਖੜ੍ਹਾ ਸੀ, ਉਸ ਦੀ ਰਾਹੀਂ ਸੰਤ ਜੀ ਮਹਾਰਾਜ ਦੇ ਆਉਣ ਦੀ ਖ਼ਬਰ ਕੀਤੀ ਗਈ। ਸਰਦਾਰ ਗੁਰਦਿਆਲ ਸਿੰਘ ਨੇ ਬੇਨਤੀ ਕਰ ਭੇਜੀ, "ਦਾਸ ਇਸ਼ਨਾਨ ਕਰ ਰਿਹਾ ਹੈ, ਥੋੜ੍ਹੇ ਚਿਰ ਵਿੱਚ ਹੀ ਹਾਜ਼ਰ ਹੋ ਜਾਵੇਗਾ।" ਕੋਈ ਪੰਦਰਾਂ ਕੁ ਮਿੰਟ ਸੰਤ ਜੀ ਬਾਹਰ ਮੋਟਰ ਵਿੱਚ ਹੀ ਬੈਠੇ ਰਹੇ। ਫੇਰ ਸਰਦਾਰ ਗੁਰਦਿਆਲ ਸਿੰਘ ਬਾਹਰ ਆਏ ਤੇ ਸੰਤ ਜੀ ਮਹਾਰਾਜ ਨੂੰ ਕੋਠੀ ਦੇ ਅੰਦਰ ਲੈ ਗਏ। ਅੱਗੇ ਵੇਹੜੇ ਵਿੱਚ ਤਿੰਨ ਕੁਰਸੀਆਂ ਡਾਹੀਆਂ ਹੋਈਆਂ ਸਨ। ਇੱਕ 'ਤੇ ਸੰਤ ਜੀ ਮਹਾਰਾਜ ਸਜ ਗਏ ਅਤੇ ਦੂਜੀ ਤੇ ਸਰਦਾਰ ਗੁਰਦਿਆਲ ਸਿੰਘ। ਦਾਸ ਸੰਤ ਜੀ ਦੇ ਚਰਨਾਂ ਵਿੱਚ ਬੈਠ ਗਿਆ। ਸਰਦਾਰ ਗੁਰਦਿਆਲ ਸਿੰਘ ਨੇ ਬੜੇ ਪ੍ਰੇਮ ਨਾਲ ਪੁੱਛਿਆ, "ਮਹਾਰਾਜ ਜੀ! ਕਿਸ ਤਰ੍ਹਾਂ ਦਾਸ ਨੂੰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ?" ਇਹ ਸੁਣ, ਸੰਤ ਜੀ ਮਹਾਰਾਜ ਨੇ ਅਕਾਲ ਕਾਲਜ ਦੀ ਸਾਰੀ ਵਿੱਥਿਆ ਸੁਣਾਈ ਅਤੇ ਆਖਿਆ ਕਿ ਅਸੀਂ ਤੁਹਾਡੇ ਪਾਸ ਕਾਲਜ ਦੀ ਬੰਦ ਹੋਈ ਗਰਾਂਟ ਨੂੰ ਫੇਰ ਜਾਰੀ ਕਰਾਉਣ ਲਈ ਆਏ ਹਾਂ। ਜਿਸ ਤਰ੍ਹਾਂ ਹੋ ਸਕੇ ਇਹ ਕਾਰਜ ਸਿਰੇ ਚਾੜ੍ਹ ਦਿਓ। ਸਰਦਾਰ ਗੁਰਦਿਆਲ ਸਿੰਘ ਨੇ ਬੇਨਤੀ ਕੀਤੀ ਕਿ ਜੇ ਪੰਜਾਬ ਅਤੇ ਸਾਰੀਆਂ ਰਿਆਸਤਾਂ ਦੇ ਕੁਝ ਪਤਵੰਤੇ ਸਿੱਖਾਂ ਦੀ ਕਮੇਟੀ ਬਣ ਜਾਵੇ ਅਤੇ ਇਹ ਅਕਾਲ ਕਾਲਜ ਨੂੰ ਨਰੋਲ ਵਿੱਦਿਆ ਦਾ ਕੇਂਦਰ ਬਣਾਵੇ, ਤਦ ਦਾਸ ਕੌਂਸਲ ਵਿੱਚ ਸਾਰਾ ਜ਼ੋਰ ਦੇ ਕੇ ਗਰਾਂਟ ਜਾਰੀ ਕਰਾਉਣ ਦਾ ਯਤਨ ਕਰ ਸਕਦਾ ਹੈ। ਇਹ ਗੁਰਮਤਾ ਕਰਦੇ ਸਾਰ ਹੀ ਸੰਤ ਜੀ ਫੇਰ ਮੋਟਰ ਵਿੱਚ ਚੜ੍ਹ ਗੁਰਸਾਗਰ ਸਾਹਿਬ ਮਸਤੂਆਣੇ ਆ ਗਏ ਅਤੇ ਉੱਥੋਂ ਆਪਣੀ ਕੋਠੀ ਵਿੱਚ ਭਾਈ ਨਿਰੰਜਣ ਸਿੰਘ ਸਕੱਤਰ ਅਤੇ ਸੋਢੀ ਚਰਨ ਸਿੰਘ ਜੀ ਪ੍ਰਿੰਸੀਪਲ ਨਾਲ ਸਲਾਹ ਕਰ ਕੇ ਸਤਾਰਾਂ ਸੱਜਣਾਂ ਦੀ ਕਮੇਟੀ ਬਣਾਈ। ਇਸ ਵਿੱਚ ਤਿੰਨਾਂ ਰਿਆਸਤਾਂ ਨਾਭਾ, ਪਟਿਆਲਾ, ਜੀਂਦ ਅਤੇ ਪੰਜਾਬ ਦੇ ਪਤਵੰਤਿਆਂ ਦੇ ਨਾਮ ਦਰਜ ਸਨ। ਮਿਸਾਲ ਦੇ ਤੌਰ 'ਤੇ ਇਨ੍ਹਾਂ ਵਿੱਚ ਸਰਦਾਰ ਫ਼ਤਹਿ ਸਿੰਘ ਬਡਰੁੱਖਾ ਅਤੇ ਸਰਦਾਰ ਜੋਗਿੰਦਰ ਸਿੰਘ ਕੌਂਸਲ ਆਫ ਸਟੇਟ ਦੇ ਮੈਂਬਰ ਸਨ। ਫਰਿਸਤ ਉਸ ਵੇਲੇ ਸਾਰਿਆਂ ਨੇ ਪ੍ਰਵਾਨ ਕਰ ਲਈ ਅਤੇ ਸੰਤ ਜੀ ਮਹਾਰਾਜ ਨੇ ਭਾਈ ਨਿਰੰਜਣ ਸਿੰਘ ਤੇ ਸੋਢੀ ਚਰਨ ਸਿੰਘ ਨੂੰ ਹੁਕਮ ਦਿੱਤਾ ਕਿ ਤੁਸੀਂ ਦੋਵੇਂ ਸਾਡੀ ਤਰਫੋਂ ਇਹ ਫਰਿਸਤ ਸਰਦਾਰ ਗੁਰਦਿਆਲ ਸਿੰਘ ਪਾਸ ਪਹੁੰਚਾ ਦੇਵੋ। ਪਰ ਕਰਤਾਰ ਦੀ ਨੇਤ, ਪਿੱਛੋਂ ਸੰਤ ਜੀ ਮਹਾਰਾਜ ਦੇ ਹੁਕਮ ਦੀ ਤਾਮੀਲ ਨਾ ਕੀਤੀ ਗਈ। ਪ੍ਰੇਮੀ ਆਪਣੀ ਮਾਨ ਵਡਿਆਈ ਅਤੇ ਈਰਖਾ ਦੇ ਵੱਸ ਹੋ ਗਏ ਅਤੇ ਆਸ਼ਰਮ ਦੀ ਉੱਨਤੀ ਦਾ ਖਿਆਲ ਪਿੱਛੇ ਪੈ ਗਿਆ।

ਸੰਤ ਜੀ ਮਹਾਰਾਜ ਤਾਂ ਆਪਣਾ ਯਤਨ ਪੂਰਾ ਕਰ ਕੇ ਫੇਰ ਉਸ ਵੇਲੇ ਲੋ ਸ਼ਿਮਲੀ ਜਾਣ ਲਈ ਮੋਟਰ 'ਤੇ ਸਵਾਰ ਹੋ ਗਏ। ਦਾਸ ਨੂੰ ਡਰਾਈਵਰ ਦੇ ਨਾਲ ਬਹਿਣ ਦਾ ਹੁਕਮ ਹੋਇਆ ਅਤੇ ਭਾਈ ਰਾਮ ਸਿੰਘ ਗੜਵਈ ਦੇ ਨਾਲ ਸੰਤ ਜੀ ਮੋਟਰ ਦੇ ਅੰਦਰ ਬੈਠ ਗਏ। ਸੰਗਰੂਰ ਨਹਿਰ 'ਤੇ ਪੁੱਜ ਕੇ ਇਹ ਗੁਰਮਤਾ ਹੋਇਆ ਕਿ ਹੁਣ ਮੋਟਰ ਨੂੰ ਸਿੱਧਾ ਲੋ ਸ਼ਿਮਲੀ ਲੈ ਜਾਣ ਦਾ ਵਕਤ ਨਹੀਂ, ਧੂਰੀ ਜਾ ਕੇ ਗੱਡੀ ਪਕੜ ਲਈ ਜਾਵੇ। ਓਸੇ ਵੇਲੇ ਸੂਏ ਦੀ ਪਟੜੀ 'ਤੇ, ਮੋਟਰ ਲਡੇ ਵੱਲ ਮੋੜ ਲਈ। ਉਹਨਾਂ ਦਿਨਾਂ ਵਿੱਚ ਜਿੱਥੇ ਅੱਜ-ਕੱਲ੍ਹ ਮਹਾਰਾਜਾ ਪਟਿਆਲਾ ਦੀ ਕੋਠੀ ਹੈ, S D O ਦਾ ਬੰਗਲਾ ਹੁੰਦਾ ਸੀ। ਜਦ ਇੱਥੇ ਪੁੱਜੇ ਤਾਂ ਡਰਾਈਵਰ ਨੂੰ ਸੰਤ ਜੀ ਮਹਾਰਾਜ ਨੇ ਖੜ੍ਹਾ ਹੋਣ ਦਾ ਹੁਕਮ ਦਿੱਤਾ ਅਤੇ ਫੇਰ ਇੱਕ ਕੋਠੀ ਦੇ ਪ੍ਰੇਮੀ ਨੂੰ ਸੰਤ ਜੀ ਨੇ ਪੁੱਛਿਆ, "ਭਾਈ! ਸਰਦਾਰ ਆਤਮਾ ਸਿੰਘ ਇੰਜੀਨੀਅਰ ਇੱਥੇ ਹੀ ਹਨ?" ਉਸ ਨੇ ਆਖਿਆ, "ਨਹੀਂ ਮਹਾਰਾਜ! ਦੌਰੇ 'ਤੇ ਗਏ ਹਨ।" ਇਹ ਸੁਣ ਸੰਤ ਜੀ ਨੇ ਡਰਾਈਵਰ ਨੂੰ ਅੱਗੇ ਟੁਰਨ ਲਈ ਆਗਿਆ ਕੀਤੀ। ਅਜੇ ਕੋਈ ਦੋ-ਚਾਰ ਫਰਲਾਂਗ ਹੀ ਲੰਘੇ ਸਨ ਕਿ ਸਾਹਮਣੇ ਅਚਾਨਕ ਇੱਕ ਜਗ੍ਹਾ ਨਹਿਰ ਦੀ ਪਟੜੀ ਨਾਲ ਰੁੱਖ ਲਗਾਉਣ ਲਈ

ਇੱਕ ਸਿਰੇ ਤੋਂ ਦੂਜੇ ਸਿਰੇ ਤੀਕਰ ਪੁੱਟੀ ਹੋਈ ਨਜ਼ਰ ਆਈ। ਡਰਾਈਵਰ ਨੇ ਮੋਟਰ ਨੂੰ ਖੜ੍ਹਾ ਕਰਨ ਦਾ ਯਤਨ ਕੀਤਾ, ਪਰ ਇਸ ਦੇ ਬਰੇਕ ਵਿਗੜੇ ਹੋਏ ਸਨ। ਉਹਦੀ ਕੋਈ ਵਾਹ ਨਾ ਚੱਲੀ; ਫੱਟ ਮੋਟਰ ਖਾਲ ਵਿੱਚ ਡਿੱਗ ਪਈ ਤੇ ਇੱਕ ਡਾਹਡਾ ਹੁਚਕਾ ਮਾਰ ਕੇ ਫਿਰ ਦੂਜੇ ਪਾਸੇ ਆ ਕੇ ਖਲੋ ਗਈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਤੇਜਾ ਸਿੰਘ! ਭਾਈ ਰਾਮ ਸਿੰਘ ਨੂੰ ਡਾਹਡੀ ਸੱਟ ਲੱਗੀ ਹੈ, ਇਹਨਾਂ ਦਾ ਲੱਕ ਚੰਗੀ ਤਰ੍ਹਾਂ ਘੁੱਟੋ।" ਹੁਕਮ ਮੰਨ ਕੇ ਦਾਸ ਨੇ ਇਹ ਸੇਵਾ ਕੀਤੀ ਤੇ ਕੁਝ ਮਿੰਟਾਂ ਪਿੱਛੋਂ ਮੋਟਰ ਧੂਰੀ ਵੱਲ ਟੁਰ ਪਈ। ਜਦ ਇੱਥੇ ਪੁੱਜੇ ਤੇ ਮੋਟਰ ਤੋਂ ਉੱਤਰ ਕੇ ਸੰਤ ਜੀ ਵੇਟਿੰਗ ਰੂਮ ਵੱਲ ਜਾਣ ਲੱਗੇ, ਤਦ ਤੋਰ ਤੋਂ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਨੂੰ ਵੀ ਡਾਹਡੀ ਜ਼ਰਬ ਆਈ ਹੈ। ਪਰ ਧੰਨ ਹਨ ਸਾਧ ਜਨ! ਆਪਣੀ ਬਾਬਤ ਕੁਝ ਨਹੀਂ ਆਖਿਆ, ਭਾਈ ਰਾਮ ਸਿੰਘ ਦੀ ਬੜੇ ਪ੍ਰੇਮ ਨਾਲ ਟਹਿਲ ਕਰਾਈ। ਜਦ ਵੇਟਿੰਗ ਰੂਮ ਵਿੱਚ ਆਏ ਤਾਂ ਇੱਕ ਸੋਫੇ 'ਤੇ ਬਸਤਰ ਵਿਛਾ, ਸੰਤ ਜੀ ਨੂੰ ਲਿਟਾ ਦਿੱਤਾ ਤੇ ਦਾਸ ਨੇ ਕਮਰ ਅਤੇ ਮੋਢਿਆਂ ਨੂੰ ਚੰਗੀ ਤਰ੍ਹਾਂ ਘੁਟਿਆ। ਗੱਡੀ ਆਉਣ 'ਤੇ ਇਸ ਵਿੱਚ ਸਵਾਰ ਹੋ ਗਏ ਤੇ ਰਾਜਪੁਰੇ ਆ ਪਹੁੰਚੇ। ਏਥੋਂ ਅੰਬਾਲੇ ਵੱਲੋਂ ਦੂਜੀ ਗੱਡੀ ਪਕੜਨੀ ਸੀ। ਕੁਝ ਚਿਰ ਪਲੇਟ ਫਾਰਮ 'ਤੇ ਬੈਠਣਾ ਪਿਆ। ਗੱਡੀ ਆਉਣ ਵਿੱਚ ਦੇਰ ਦੇ ਕਾਰਨ, ਸੰਤ ਜੀ ਦਾਸ ਦੇ ਨਾਲ ਇੱਕ ਪਾਸੇ ਜੰਗਲ ਪਾਣੀ ਲਈ ਗਏ। ਰਾਹ ਜਾਂਦਿਆਂ ਇਕਾਂਤ ਸਮਾਂ ਦੇਖ ਕੇ ਦਾਸ ਨੇ ਪੁੱਛਿਆ, "ਸੱਚੇ ਪਾਤਸ਼ਾਹ! ਕਿਧਰੇ ਪਰਉਪਕਾਰ ਹਿੱਤ ਹਜ਼ੂਰ ਨੇ ਕਿਸੇ ਦਾ ਭਾਰ ਤਾਂ ਆਪਣੇ ਸਰੀਰ 'ਤੇ ਨਹੀਂ ਲੈ ਲਿਆ?" ਸੰਤ ਜੀ ਮਹਾਰਾਜ ਮੁਸਕਰਾਏ ਤੇ ਆਖਿਆ, "ਹਾਂ ਭਾਈ! ਕਰਨਾ ਹੀ ਲੱਗਦਾ ਹੈ।" ਏਥੋਂ ਗੱਡੀ ਚੜ੍ਹ ਕੇ ਅੰਬਾਲੇ ਪੁੱਜੇ ਤੇ ਸਟੇਸ਼ਨ ਤੋਂ ਟਾਂਗਾ ਕਰ, ਲੋ ਸ਼ਿਮਲੀ ਆ ਗਏ। ਅੱਗੇ ਸੰਗਤ ਅਤੇ ਸਰਦਾਰ ਬਹੁਤ ਉਡੀਕ ਕਰ ਰਹੇ ਸਨ। ਦਰਸ਼ਨ ਕਰਦਿਆਂ ਹੀ ਉਹਨਾਂ ਨੂੰ ਚਾਓ ਚੜ੍ਹ ਗਿਆ ਤੇ ਪ੍ਰੇਮ ਉਤਸ਼ਾਹ ਨਾਲ ਸੇਵਾ ਕੀਤੀ। ਲੋ ਸ਼ਿਮਲੀ ਰੋਜ਼ ਸਵੇਰ ਸ਼ਾਮ ਦੀਵਾਨ ਸਜਦੇ। ਸੰਤ ਜੀ ਮਹਾਰਾਜ ਵੀ ਦਰਸ਼ਨ ਦੇਂਦੇ, ਪਰ ਜਦ ਕਦੀ ਸਰੀਰ ਨੂੰ ਜ਼ਿਆਦਾ ਤਕਲੀਫ਼ ਹੁੰਦੀ ਤਾਂ ਆਪਣਾ ਪਹਿਰਾ ਦਾਸ ਨੂੰ ਬਖਸ਼ਦੇ।

ਇੱਕ ਦਿਨ ਸਵੇਰ ਦੇ ਦੀਵਾਨ ਮਗਰੋਂ ਸੰਤ ਜੀ ਮਹਾਰਾਜ ਤਾਂ ਆਪਣੇ ਆਸਣ 'ਤੇ ਗਏ ਅਤੇ ਜਥੇ ਦੇ ਸਰੀਰ ਜਲ ਪਾਣੀ ਛਕ ਕੇ ਬਾਹਰ ਫਿਰਨ ਤੇ ਮੈਦਾਨ ਖੇਡਣ ਲਈ ਚਲੇ ਗਏ। ਦਾਸ ਵੀ ਇਹਨਾਂ ਨਾਲ ਬਾਹਰ ਗਿਆ। ਥੋੜ੍ਹੇ ਚਿਰ ਪਿੱਛੋਂ ਜਦ ਦਾਸ ਮੁੜ ਕੇ ਆਇਆ ਤਾਂ ਚਿੱਤ ਵਿੱਚ ਸੰਤ ਜੀ ਦੇ ਦਰਸ਼ਨ ਤੇ ਬਚਨ ਬਿਲਾਸ ਦੀ ਖਿੱਚ ਹੋਈ। ਜਦ ਬੂਹੇ ਅੱਗੇ ਗਿਆ ਤਾਂ ਦਰਵਾਜ਼ਾ ਭੀੜਿਆ ਹੋਇਆ ਸੀ। ਦਾਸ ਝਿਜਕ ਕੇ ਬਾਹਰ ਹੀ ਖਲੋ ਗਿਆ, ਅੰਦਰੋਂ ਸੰਤ ਜੀ ਮਹਾਰਾਜ ਨੇ ਅਵਾਜ਼ ਦਿੱਤੀ ਭਾਈ ਆ ਜਾਓ। ਜਦ ਦਾਸ ਅੰਦਰ ਗਿਆ ਤਦ ਸੰਤ ਬਾਲੂ ਰੇਤੇ ਤੇ ਲੇਟੇ ਹੋਏ ਇੱਕ ਪ੍ਰੇਮੀ ਪਾਸੋਂ ਲੱਕ ਦੀ ਮਾਲਸ਼ ਕਰਵਾ ਰਹੇ ਸਨ। ਦਾਸ ਵੀ ਚਰਨਾਂ ਵਿੱਚ ਇੱਕ ਪਾਸੇ ਰੇਤ 'ਤੇ ਬੈਠ ਗਿਆ। ਸਹਿਜ-ਸੁਭਾਏ ਸੰਤ ਜੀ ਬੋਲੇ, **"ਭਾਈ ਤੇਜਾ ਸਿੰਘ! ਦੁਨੀਆਂ ਦੇ ਲੋਕ ਚਾਹੁੰਦੇ ਹਨ ਕਿ ਸੰਤ ਸਾਡੇ ਬਲਦ ਬਣ ਜਾਣ। ਭਾਈ! ਜੇ ਕਿਸੇ ਸਮੁੰਦਰ ਦੇ ਕਿਨਾਰੇ ਦੇ ਸ਼ਹਿਰ ਵਿੱਚ ਜਾਓ, ਤਾਂ ਓਥੇ ਜਹਾਜ਼ ਲੱਗਣ ਦੇ ਘਾਟ ਦੇ ਰਾਹ ਵਾਲੇ ਪਾਣੀ ਵਿੱਚ ਲੋਹੇ ਦੇ ਢੋਲ ਖੜੇ ਨਜ਼ਰ ਆਉਂਦੇ ਹਨ ਇਹ ਢੋਲ ਪਹਿਲਾਂ ਜਹਾਜ਼ ਚਲਾਉਣ ਵਾਲਿਆਂ ਨੇ ਬੜੇ ਗਹੁ ਤੇ ਯਤਨ ਨਾਲ ਜਹਾਜ਼ ਚਲਾ-ਚਲਾ ਕੇ ਅਤੇ ਦੇਖ-ਦੇਖ ਕੇ, ਕਿ ਕਿੱਥੇ ਲੁਕੀ ਹੋਈ ਚਟਾਨ ਹੈ ਤੇ ਕਿੱਥੇ ਰੇਤ ਦੀ ਜਿਲ੍ਹਣ ਹੈ, ਗੱਡੇ ਹਨ। ਹੁਣ ਜਿਹੜਾ ਜਹਾਜ਼ ਇਹਨਾਂ ਢੋਲਾਂ ਦੇ ਵਿਚਕਾਰਲੇ ਰਸਤੇ ਵਿੱਚੋਂ ਲੰਘ ਜਾਵੇ, ਉਹ ਸਹੀ ਸਲਾਮਤ ਘਾਟ ਤੇ ਲੱਗ ਜਾਂਦਾ ਹੈ ਤੇ ਆਪਣੀ ਮੰਜ਼ਿਲ 'ਤੇ ਅੱਪੜ ਜਾਂਦਾ ਹੈ। ਇਸੇ ਤਰ੍ਹਾਂ ਸੰਤ ਭਵ-ਸਾਗਰ ਤੋਂ ਪਾਰ ਲੰਘੇ ਹੋਏ ਹੁੰਦੇ ਹਨ, ਉਹ ਜਗਿਆਸੂ ਲਈ ਕਾਨੇ ਗੱਡ ਦੇਂਦੇ ਹਨ ਅਤੇ ਦੱਸਦੇ ਹਨ ਕਿ ਭਾਈ, ਇੱਥੇ ਹੰਕਾਰ ਚਟਾਨ ਹੈ ਤੇ ਇੱਥੇ ਕਾਮ, ਕ੍ਰੋਧ, ਲੋਭ ਦੀ ਘੁੰਮਣ-ਘੇਰੀ। ਜਿਹੜਾ ਪ੍ਰਾਣੀ ਇਹਨਾਂ ਨਿਸ਼ਾਨਾਂ ਵਿੱਚੋਂ, ਦੱਸੀ ਹੋਈ ਜੁਗਤ ਅਨੁਸਾਰ ਲੰਘ ਨਿਕਲੇ, ਉਹ ਭਵ-ਸਾਗਰ ਤੋਂ ਪਾਰ ਹੋ ਜਾਂਦਾ**

ਹੈ। ਸੰਤ ਰਸਤਾ ਹੀ ਦੱਸ ਸਕਦੇ ਹਨ, ਬਾਕੀ ਬਚਨ ਮੰਨ ਕੇ ਕਮਾਈ ਕਰਨਾ ਜਗਿਆਸੂ ਦਾ ਕੰਮ ਹੈ":

ਦੁਹੁ ਮਿਲਿ ਕਾਰਜੁ ਉਪਜੈ ਰਾਮ ਨਾਮ ਸੰਜੋਗੁ ॥ (੩੩੫)

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (੭੪੭)

ਲੋ ਸ਼ਿਮਲੀ ਜ਼ਿਲ੍ਹਾ ਅੰਬਾਲਾ ਤੋਂ ਸੰਤ ਜੀ ਮਹਾਰਾਜ ਪ੍ਰੇਮੀਆਂ ਦੀ ਬੇਨਤੀ ਪੂਰੀ ਕਰਨ ਹਿੱਤ, ਸ: ਗੁਰਬਖਸ਼ ਸਿੰਘ ਮਾਨਸਾਈਆਂ ਦੀ ਕੋਠੀ ਪਟਿਆਲੇ ਆਏ। ਇੱਥੇ ਦੋ ਕੁ ਮਹੀਨੇ ਟਿਕੇ। ਸਵੇਰ ਸ਼ਾਮ ਦੋਵੇਂ ਵੇਲੇ ਕੋਠੀ ਦੇ ਖੁੱਲ੍ਹੇ ਚੋਗਾਨ ਵਿੱਚ ਹੀ ਦੀਵਾਨ ਸਜਦਾ। ਸੰਗਤਾਂ ਹੁੰਮ-ਹੁੰਮਾ ਕੇ ਆਉਂਦੀਆਂ। ਅੰਮ੍ਰਿਤ ਵੇਲੇ ਦੀਵਾਨ ਦੇ ਭੋਗ ਮਗਰੋਂ ਦਾਸ ਜਲ ਪਾਣੀ ਛੱਕ ਕੇ ਨਿੱਤ ਦੋ ਕੁ ਮੀਲ ਦੇ ਫਾਸਲੇ 'ਤੇ ਇਕਾਂਤ ਜੰਗਲ ਵਿੱਚ ਜਾਂਦਾ ਅਤੇ ਜਿਹੜੀ ਸਿੱਖਿਆ ਸੰਤ ਜੀ ਮਹਾਰਾਜ ਦੇਂਦੇ, ਉਸ ਦਾ ਬਰਾਬਰ ਅਭਿਆਸ ਕਰਦਾ। ਲੰਗਰ ਦੇ ਵਕਤ, ਕਦੀ ਪੰਗਤ ਲੱਗਣ ਦੇ ਵੇਲੇ ਕਦੀ ਪਿੱਛੋਂ, ਹਾਜ਼ਰ ਹੋ ਜਾਂਦਾ। ਇੱਕ ਦੋ ਵਾਰੀ ਪ੍ਰੇਮੀਆਂ ਨੇ ਟੋਕਿਆ, "ਤੇਜਾ ਸਿੰਘ ਪੰਗਤ ਵਿੱਚ ਨਹੀਂ ਅੱਪੜਦਾ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਇਹ ਆਪਣੀ ਕਾਰੇ ਲੱਗੇ ਹੋਏ ਹਨ। ਸਹਿਜ-ਸੁਭਾਏ ਜਦੋਂ ਆ ਜਾਣ, ਉਦੋਂ ਹੀ ਠੀਕ ਹੈ।"

ਕੀਰਤਨ ਵਿੱਚ ਅੰਤਰ-ਆਤਮੇ ਜੁੜਨਾ

ਇੱਕ ਦਿਨ ਸ਼ਾਮ ਨੂੰ ਦੀਵਾਨ ਲੱਗਿਆ ਹੋਇਆ ਸੀ, ਹਜ਼ਾਰ ਤੋਂ ਵੱਧ ਸੰਗਤ ਜੁੜੀ ਹੋਈ ਸੀ। ਕੋਠੀ ਦੇ ਨਾਲ ਹੀ ੪੦ ਕੁ ਗਜ਼ ਦੇ ਫਾਸਲੇ 'ਤੇ ਰੇਲ ਦੀ ਲਾਈਨ ਸੀ। ਐਨ ਭਰੇ ਦੀਵਾਨ ਦੇ ਸਮੇਂ ਇੱਕ ਮਾਲ ਗੱਡੀ ਲੰਘੀ। ਸਾਰੇ ਮਾਈ-ਭਾਈ ਦਾ ਧਿਆਨ ਗੱਡੀ ਵੱਲ ਚਲਾ ਗਿਆ, ਕੋਈ ਵਿਰਲਾ ਵਿੱਚ ਹੀ ਸ਼ਬਦ ਦੇ ਰੰਗ ਵਿੱਚ ਮਸਤ ਰਿਹਾ। ਜਦੋਂ ਗੱਡੀ ਲੰਘ ਗਈ, ਤਦ ਸੰਤ ਜੀ ਮਹਾਰਾਜ ਨੇ ਸ਼ਬਦ ਨੂੰ ਵਿੱਚੋਂ ਹੀ ਛੱਡ ਕੇ ਫ਼ਰਮਾਇਆ, "ਸ਼ਬਦ ਕੀਰਤਨ ਦਾ ਅਸਲੀ ਮੰਤਵ ਇਹ ਹੈ ਕਿ ਦ੍ਰਿਸ਼ਟਮਾਨ ਤੋਂ ਬਿਰਤੀ ਦੂਰ ਹੋ ਕੇ ਅੰਤਰ-ਆਤਮੇ ਜੁੜ ਜਾਵੇ। ਪ੍ਰੇਮੀਓ! ਇੱਕ ਮਾਮੂਲੀ ਜਿਹੀ ਗੱਲ ਦੇ ਹੋਣ ਤੇ ਜਿਹੜੀ ਤੁਸੀਂ ਰੋਜ਼ ਦੇਖਦੇ ਹੋ, ਤੁਹਾਡੇ ਧਿਆਨ ਉਖੜ ਗਏ ਹਨ। ਇਹ ਠੀਕ ਨਹੀਂ, ਤਕੜੇ ਰਿਹਾ ਕਰੋ। ਭਾਵੇ ਕੋਈ ਬਾਹਰਮੁਖੀ ਖੇਡ ਵਰਤੇ, ਸ਼ਬਦ ਦਾ ਧਿਆਨ ਨਾ ਛੱਡਿਆ ਕਰੋ।" ਇੱਕ ਵਾਰੀ ਸਤਿਗੁਰੂ ਕਲਗੀਆਂ ਵਾਲੇ ਦਾ ਦੀਵਾਨ ਅਨੰਦਪੁਰ ਸਾਹਿਬ ਸਜਿਆ ਹੋਇਆ ਸੀ ਤੇ ਦੋਵੇਂ ਪਾਸਿਓਂ ਦੁਸ਼ਮਨ ਵੱਲੋਂ ਗੋਲੀ ਚੱਲ ਰਹੀ ਸੀ। ਦੀਵਾਨ ਵਿੱਚ ਇੱਕ ਗੋਲੀ ਸਿੰਘ ਦੇ ਕੋਲੋਂ ਲੰਘੀ, ਉਸ ਨੇ ਆਪਣਾ ਗੋਡਾ ਚੁੱਕ ਲਿਆ। ਦਸਮੇਸ਼ ਪਿਤਾ ਨੇ ਫ਼ਰਮਾਇਆ, "ਭਾਈ! ਸਿੱਖ ਦਾ ਧਰਮ ਹੈ ਕਿ ਭਾਵੇਂ ਗੋਲੀ ਸਰੀਰ ਵਿੱਚੋਂ ਪਾਰ ਲੰਘ ਜਾਵੇ, ਸ਼ਬਦ ਕੀਰਤਨ ਤੋਂ ਬਿਰਤੀ ਨਾ ਉੱਖੜੇ। ਇਹ ਸਰੀਰ ਅਨਿੱਤ ਹੈ। ਜੇ ਕੀਰਤਨ ਕਰਦਿਆਂ ਹੋਇਆਂ ਸਰੀਰ ਛੁੱਟ ਜਾਵੇ ਤਾਂ ਪੂਰਨ ਭਾਗ। ਧ੍ਰਿਗ ਹੈ ਉਹ ਸਿੱਖ ਜਿਹੜਾ ਆਪਣੇ ਕਿਸੇ ਅੰਗ ਨੂੰ ਫਰਕਣ ਦੇਵੇ।" ਸਾਰੀ ਸੰਗਤ ਨੇ ਸੰਤ ਜੀ ਮਹਾਰਾਜ ਦੀ ਗੱਲ ਬੜੇ ਪ੍ਰੇਮ ਨਾਲ ਸੁਣੀ ਅਤੇ ਇਸ ਪ੍ਰੇਮ ਭਰੀ ਤਾੜਨਾ ਮਗਰੋਂ ਕਈ ਵਾਰੀ ਗੱਡੀਆਂ ਲੰਘੀਆਂ ਪਰ ਸੰਗਤ ਨੇ ਉੱਧਰ ਧਿਆਨ ਨਾ ਕੀਤਾ।

ਇਸ ਤੋਂ ਦੋ ਕੁ ਦਿਨ ਮਗਰੋਂ ਸੋ ਦਰੁ ਦਾ ਦੀਵਾਨ ਸਜਿਆ ਹੋਇਆ ਸੀ, ਸਾਧ ਸੰਗਤ ਸ਼ਬਦ ਦਾ ਰੰਗ ਮਾਣ ਰਹੀ ਸੀ। ਸ਼ਬਦ ਕੀਰਤਨ ਦਾ ਭੋਗ ਸੰਤ ਜੀ ਮਹਾਰਾਜ ਨੇ ਰਹਿਰਾਸ ਸਾਹਿਬ ਦੇ ਸਮੇਂ ਤੋਂ ਅੱਧਾ ਘੰਟਾ ਪਹਿਲਾਂ ਹੀ ਪਾ ਦਿੱਤਾ ਅਤੇ ਦਾਸ ਨੂੰ ਫ਼ਰਮਾਇਆ, "ਭਾਈ! ਦੂਜੀ ਬੋਲੀ ਵਿੱਚ ਕੁਝ ਸੁਣਾਓ।" ਇਹ ਇਸ਼ਾਰਾ ਸਮਝ ਕੇ ਦਾਸ ਨੇ ਅੰਗਰੇਜ਼ੀ ਵਿੱਚ, ਜੋ ਸਤਿਗੁਰੂ ਨੇ ਅਖਵਾਇਆ, ਸਾਧ ਸੰਗਤ ਦੀ ਭੇਟਾ ਕਰ ਦਿੱਤਾ। ਜਦ ਲੈਕਚਰ ਸੰਪੂਰਨ ਹੋਇਆ ਤਾਂ ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਭਾਈ! ਬੋਲੀ ਤਾਂ ਸਮਝ ਨਹੀਂ ਆਈ, ਪਰ ਲਹਿਰ ਖੂਬ ਚੱਲੀ, ਬੜਾ ਅਨੰਦ ਆਇਆ।"

ਹੁਣ ਸਰਦਾਰ ਧਰਮ ਸਿੰਘ ਵੱਲੋਂ ਚਿੱਠੀ ਪੱਤਰ ਸ਼ੁਰੂ ਹੋ ਗਿਆ ਕਿ ਮਹਾਰਾਜ ਜੀ, ਦਿੱਲੀ ਜ਼ਰੂਰ ਦਰਸ਼ਨ ਦਿਓ। ਥੋੜ੍ਹੇ ਦਿਨਾਂ ਮਗਰੋਂ ਇੱਕ ਪ੍ਰੇਮੀ ਵੀ ਸੇਵਾ ਵਿੱਚ ਹਾਜ਼ਰ ਹੋ ਗਿਆ। ਏਧਰ ਪਟਿਆਲੇ ਦੀ ਸਾਧ ਸੰਗਤ ਖਿੱਚ ਪਾਏ ਕਿ ਸੱਚੇ ਪਾਤਸ਼ਾਹ ਕੁਝ ਚਿਰ ਹੋਰ ਬਿਰਾਜੋ, ਉੱਧਰੋਂ ਦਿੱਲੀ ਦੇ ਪ੍ਰੇਮੀਆਂ ਦੀ ਖਿੱਚ। ਪਰ ਸਭ ਤੋਂ ਵੱਡੀ ਖਿੱਚ ਜਿਹੜੀ ਦਿੱਲੀ ਜਾ ਕੇ ਸਮਝ ਆਈ, ਭਾਈ ਹੀਰਾ ਸਿੰਘ ਰਾਗੀ ਦੇ ਗੁਪਤ ਅਰਦਾਸੇ ਦੀ ਸੀ। ਇਹ ਦਿੱਲੀ ਬੜੇ ਹੀ ਬਿਮਾਰ ਪਏ ਸਨ ਅਤੇ ਚਿੱਤ ਵਿੱਚ ਇਹ ਲਾਲਸਾ ਸੀ ਕਿ ਸੰਤ ਜੀ ਮਹਾਰਾਜ ਦੇ ਦਰਸ਼ਨ ਹੋ ਜਾਣ। ਨਿੱਤ ਅੰਤਰ-ਆਤਮੇ ਸਤਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਜੋਈ ਕਰਦੇ ਕਿ ਆਪਣੇ ਪੂਰਨ ਗੁਰਸਿੱਖ (ਖ਼ਾਲਸਾ ਮੇਰਾ ਰੂਪ ਹੈ ਖਾਸ) ਦੇ ਦਰਸ਼ਨ ਕਰਾਓ। ਦਿੱਲੀ ਦੀ ਸੰਗਤ ਦੀ ਪ੍ਰੇਰਨਾ ਅਤੇ ਭਾਈ ਹੀਰਾ ਸਿੰਘ ਦੇ ਹਿਰਦੇ ਦੀ ਬੇਤਾਰ ਤਾਰ ਪ੍ਰਬਲ ਹੋ ਗਈ ਅਤੇ ਸੰਤ ਜੀ ਮਹਾਰਾਜ ਨੇ ਦਿੱਲੀ ਟੂਰਨ ਦੀ ਤਾਰੀਖ ਨੀਯਤ ਕਰ ਦਿੱਤੀ।

ਪਟਿਆਲੇ ਦੇ ਫੌਜੀ ਸਿੱਖਾਂ ਨੂੰ ਸੰਤ ਜੀ ਮਹਾਰਾਜ ਨਾਲ ਬੜਾ ਪ੍ਰੇਮ ਸੀ। ਇਹਨਾਂ ਨੇ ਐਤਵਾਰ ਵਾਲੇ ਦਿਨ ਛੁੱਟੀ ਹੋਣ ਕਰਕੇ, ਛਾਉਣੀ ਵਿੱਚ ਇੱਕ ਬੜਾ ਭਾਰੀ ਦੀਵਾਨ ਅਤੇ ਲੰਗਰ ਦਾ ਗੁਰਮਤਾ ਕੀਤਾ। ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਦਰਸ਼ਨ ਦੇਣ ਲਈ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਦਿੱਲੀ ਜਾਣ ਤੋਂ ਪਹਿਲਾਂ ਛਾਉਣੀ ਦੀ ਸੰਗਤ ਨੂੰ ਨਿਹਾਲ ਕਰ ਜਾਓ।" ਬੇਨਤੀ ਪ੍ਰਵਾਨ ਹੋਈ ਅਤੇ ਨੀਯਤ ਦਿਨ, ਛਾਉਣੀ ਵਿੱਚ ਇੱਕ ਖੁੱਲ੍ਹੇ ਘਾਹ ਵਾਲੇ ਮੈਦਾਨ ਵਿੱਚ, ਇੱਕ ਸੁੰਦਰ ਸ਼ਾਮਯਾਨੇ ਹੇਠ, ਬੜਾ ਭਾਰੀ ਦੀਵਾਨ ਸਜਿਆ। ਸ਼ਹਿਰ ਦੇ ਸਾਰੇ ਮਾਈ-ਭਾਈ ਵੀ ਹਾਜ਼ਰ ਹੋਏ। ਆਸਾ ਜੀ ਦੀ ਵਾਰ ਮਗਰੋਂ ਕਥਾ ਹੋਈ, ਫੇਰ ਅਰਦਾਸਾ ਹੋ ਕੇ ਕੜਾਹ ਪ੍ਰਸ਼ਾਦ ਵਰਤਿਆ। ਫੌਜੀਆਂ ਵੱਲੋਂ ਬੇਨਤੀ ਹੋਈ ਕਿ ਗੁਰੂ ਕਾ ਲੰਗਰ ਤਿਆਰ ਹੈ, ਸਰਬਤ ਮਾਈ-ਭਾਈ ਏਥੋਂ ਹੀ ਪ੍ਰਸ਼ਾਦ ਛਕਣ। ਲੰਗਰ ਵਰਤਣ ਦੇ ਮਗਰੋਂ ਸੰਗਤ ਨੇ ਕੁਝ ਚਿਰ ਅਰਾਮ ਕੀਤਾ। ਚਾਰ ਵਜੇ ਸ਼ਾਮ ਦਾ ਦੀਵਾਨ ਸਜ ਗਿਆ। ਕਈ ਹਜ਼ਾਰ ਪ੍ਰੇਮੀ ਇੱਕ-ਰਸ ਸ਼ਬਦ ਕੀਰਤਨ ਵਿੱਚ ਮਸਤ ਹੋ ਗਏ। ਪਹਿਲਾਂ ਫੌਜੀ ਜਥੇ ਨੇ ਬੜੇ ਪ੍ਰੇਮ ਨਾਲ ਕੀਰਤਨ ਕੀਤਾ ਅਤੇ ਫੇਰ ਸੰਤ ਜੀ ਮਹਾਰਾਜ ਨੇ ਸ਼ਬਦ ਦੀ ਘਨਘੋਰ ਬੰਨ੍ਹ ਦਿੱਤੀ। ਪਹਿਲਾਂ ਸੰਤ ਜੀ ਪੜ੍ਹਦੇ, ਉਹਨਾਂ ਦੇ ਮਗਰੋਂ ਸਾਰੇ ਪੁਰਸ਼ ਅਤੇ ਫੇਰ ਬੀਬੀਆਂ। ਇਸ ਤਰ੍ਹਾਂ ਡੇਢ ਕੁ ਘੰਟਾ ਖੂਬ ਹੀ ਰੰਗ ਬਣਿਆ, ਸਭ ਦੇ ਰੋਮ-ਰੋਮ ਵਿੱਚ ਗੁਰਬਾਣੀ ਘਰ ਕਰ ਗਈ। ਇਸ ਆਤਮ ਲਹਿਰ ਦੇ ਵਿਕੇ ਹੋਏ ਸਮੁੰਦਰ ਵਿੱਚ, ਸੰਤ ਜੀ ਸ਼ਬਦ ਦੇ ਭੋਗ ਦੇ ਮਗਰੋਂ ਇੱਕ ਦਮ ਖੜੋ ਗਏ ਅਤੇ ਦਾਸ ਵੱਲ ਧਿਆਨ ਕਰਕੇ ਹੁਕਮ ਦਿੱਤਾ, "ਉਸੇ ਬੋਲੀ ਵਿੱਚ ਸੁਣਾਓ।" ਦਾਸ ਨੇ ਹੁਕਮ ਮੰਨ ਅੰਗਰੇਜ਼ੀ ਵਿੱਚ ਵਖਿਆਨ ਸ਼ੁਰੂ ਕਰ ਦਿੱਤਾ। ਸਾਧ ਸੰਗਤ ਵਿੱਚ ਇੱਕ ਅਸਚਰਜ ਰੰਗ ਬਣਿਆ ਕਈ ਪ੍ਰੇਮੀ ਤਾਂ ਚਿੱਤ ਵਿੱਚ ਬੜੇ ਹੈਰਾਨ ਹੋਏ, ਕਿ ਇਹ ਫਕਰ ਜਿਹਾ, ਕਿੱਥੋਂ ਏਨੀ ਅੰਗਰੇਜ਼ੀ ਸਿੱਖ ਗਿਆ ਹੈ। ਦੀਵਾਨ ਦੇ ਮਗਰੋਂ ਇੱਕ ਦੂਜੇ ਨੂੰ ਪੁੱਛ ਕੇ ਸਭ ਨੂੰ ਪਤਾ ਲੱਗਾ ਕਿ ਇਹ ਤਾਂ ਬਖਸ਼ਿਸ਼ ਸਤਿਗੁਰੂ ਅਤੇ ਸੰਤ ਜੀ ਮਹਾਰਾਜ ਨੇ ਕੀਤੀ ਹੈ। ਆਪਣੀ ਮਿਹਰ ਕਰਕੇ, ਨਾਮ ਬਾਣੀ ਦੀ ਕਣੀ ਬਖ਼ਸ਼, ਇਸ ਮਗਰਬੀ ਵਿੱਦਿਆ ਦੇ ਕੱਚੇ ਸੰਖੀਏ ਨੂੰ ਭੀ ਆਪਣੇ ਘਰ ਵਿੱਚ "**ਵਿੱਦਿਆ ਵਿਚਾਰੀ ਤਾਂ ਪਰਉਪਕਾਰੀ**" ਦੀ ਮਿਸਾਲ ਤਿਆਰ ਕੀਤੀ ਹੈ।

ਹੁਣ ਦਿੱਲੀ ਵੱਲ ਟੂਰਨ ਦਾ ਦਿਨ ਆ ਗਿਆ। ਜਾਣ ਤੋਂ ਪਹਿਲਾਂ ਅਖ਼ੀਰਲੇ ਦੀਵਾਨ ਵਿੱਚ ਸੰਤ ਜੀ ਮਹਾਰਾਜ ਨੇ ਇਸ ਧਾਰਨਾ ਨਾਲ ਹੇਠ ਦਿੱਤਾ ਸ਼ਬਦ ਪੜ੍ਹਿਆ:

ਕਦੀ ਹੋਣਗੇ ਸੰਜੋਗੀ ਮੇਲੇ ਪਿਆਰੀਆਂ ਸੰਗਤਾਂ ਦੇ ਪਿਆਰਿਆ, ਕਦੀ ਹੋਣਗੇ.....॥
ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥

ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥
ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥ (੪੩੯)

ਸੰਗਤ ਵਿੱਚ ਵੈਰਾਗ ਅਤੇ ਕਰੁਣਾ-ਰਸ ਛਾ ਗਿਆ ਅਤੇ ਸਾਰਿਆਂ ਦੇ ਨੇਤਰਾਂ ਵਿੱਚੋਂ ਮੋਤੀ-ਵਤ ਨੀਰ ਦੇ ਟੇਪੇ ਡਿੱਗਣ ਲੱਗ ਪਏ।

ਪਟਿਆਲੇ ਤੋਂ ਗੱਡੀ ਚੜ੍ਹ ਸੰਤ ਜੀ ਮਹਾਰਾਜ ਦਿੱਲੀ ਪੁੱਜੇ ਅਤੇ ਸਰਦਾਰ ਧਰਮ ਸਿੰਘ ਦੀ ਕੋਠੀ ਵਿੱਚ ਨਿਵਾਸ ਕੀਤਾ। ਸਵੇਰ ਸ਼ਾਮ ਦਾ ਦੀਵਾਨ ਨਿੱਤ ਬੰਗਲੇ ਸਾਹਿਬ ਵਿੱਚ ਸਜਦਾ, ਐਤਵਾਰ ਵਾਲੇ ਦਿਨ ਸੀਸ ਗੰਜ ਸਾਹਿਬ ਸ਼ਬਦ ਕੀਰਤਨ ਹੁੰਦਾ। ਹਜ਼ਾਰਾਂ ਮਾਈ-ਭਾਈ ਲਾਹਾ ਲੈਂਦੇ।

ਅੰਦਰਲਾ ਹੀਰਾ ਸੱਚਾ, ਬਾਹਰਲਾ ਝੂਠਾ

ਦਿੱਲੀ ਪੁੱਜਿਆਂ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਭਾਈ ਹੀਰਾ ਸਿੰਘ ਜੀ ਰਾਗੀ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਅੰਮ੍ਰਿਤ ਵੇਲੇ ਬੇਨਤੀ ਕਰ ਭੇਜੀ ਸੱਚੇ ਪਾਤਸ਼ਾਹ! ਨਿਮਾਣੇ ਦਾਸ ਨੂੰ ਜ਼ਰੂਰ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ। ਆਸਾ ਜੀ ਦੀ ਵਾਰ ਦੇ ਭੋਗ ਦੇ ਮਗਰੋਂ ਸੰਤ ਜੀ ਭਾਈ ਰਾਮ ਸਿੰਘ ਗੜਵਈ ਅਤੇ ਦਾਸ ਨੂੰ ਲੈ, ਮੋਟਰ ਚੜ੍ਹ ਸਿੱਧਾ ਮਲਕ ਤੇਜਾ ਸਿੰਘ ਜੀ ਇੰਜੀਨੀਅਰ ਦੀ ਕੋਠੀ ਆਏ ਅਤੇ ਉਤਰਦਿਆਂ ਹੀ ਭਾਈ ਹੀਰਾ ਸਿੰਘ ਜੀ ਦੇ ਕਮਰੇ ਵਿੱਚ ਚਲੇ ਗਏ। ਇੱਥੇ ਭਾਈ ਹੀਰਾ ਸਿੰਘ ਜੀ ਪਹਿਲਾਂ ਹੀ ਤਿਆਰੀ ਕਰੀ ਬੈਠੇ ਸਨ। ਮਰਯਾਦਾ ਪੂਰਬਕ ਇੱਕ ਸੁੰਦਰ ਦਰੀ 'ਤੇ ਆਸਣ ਵਿਛਾਇਆ ਹੋਇਆ ਸੀ। ਸੰਤ ਜੀ ਮਹਾਰਾਜ ਨੂੰ ਦੇਖਦੇ ਸਾਰ ਹੀ ਭਾਈ ਹੀਰਾ ਸਿੰਘ ਜੀ ਦਾ ਚਿਹਰਾ ਖਿੜ ਗਿਆ। ਇਹ ਹੱਥ ਜੋੜ ਕੇ ਖੜੇ ਹੋ ਗਏ ਤੇ ਚਰਨਾਂ 'ਤੇ ਨਮਸਕਾਰ ਕੀਤੀ। ਫਿਰ ਸੰਤ ਜੀ ਆਸਨ 'ਤੇ ਸਜ ਗਏ। ਭਾਈ ਹੀਰਾ ਸਿੰਘ ਜੀ, ਉਹਨਾਂ ਦੇ ਸੰਬੰਧੀ ਅਤੇ ਸੰਤ ਜੀ ਮਹਾਰਾਜ ਦੇ ਸੇਵਕ ਦਰੀ 'ਤੇ ਬੈਠ ਗਏ। ਇੱਕ-ਦੋ ਮਿੰਟ ਸਾਰੇ ਪ੍ਰੇਮ ਦੇ ਰੰਗ ਵਿੱਚ ਮਸਤ ਰਹੇ। ਫੇਰ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਹੀਰਾ ਸਿੰਘ ਜੀ, ਜਦ ਤੁਸੀਂ ਸਾਡੇ ਪਾਸ ਗੁਰਸਾਗਰ ਸਾਹਿਬ ਮਸਤੂਆਣੇ ਤਿੰਨ ਕੁ ਸਾਲ ਸੇਵਾ ਵਿੱਚ ਹਾਜ਼ਰ ਰਹੇ ਸੀ, ਤਦ ਅਸਾਂ ਤੁਹਾਨੂੰ ਆਤਮ-ਰਸ ਦਾ ਉਪਦੇਸ਼ ਦ੍ਰਿੜ ਕਰਾਇਆ ਸੀ (ਦੇਹ ਹੈ ਨਹੀਂ, ਆਤਮਾ ਹੈ); ਤੁਸਾਂ ਇਸ ਨੂੰ ਕਿਉਂ ਨਹੀਂ ਪਕਾਇਆ?" ਭਾਈ ਹੀਰਾ ਸਿੰਘ ਜੀ ਨੇ ਹੱਥ ਜੋੜ ਕੇ ਆਪਣਾ ਦਿਲ ਖੋਲ੍ਹ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਰੱਖ ਦਿੱਤਾ ਅਤੇ ਆਖਿਆ, "ਮਹਾਰਾਜ ਜੀ! ਸੰਗਤਾਂ ਵਿੱਚ ਉਪਦੇਸ਼ ਤਾਂ ਮੈਂ ਇਸ ਗੱਲ ਦਾ ਹੀ ਕਰਦਾ ਰਿਹਾ ਹਾਂ, ਆਪਣੀ ਬ੍ਰਿਤੀ ਇੱਥੇ ਨਹੀਂ ਚੜ੍ਹੀ। ਜਦੋਂ ਕੋਈ ਜੁੰ ਵੀ ਖੁਰਕਦਾ ਸੀ, ਤਾਂ ਚਿੱਤ ਵਿੱਚ ਖਿਆਲ ਆ ਜਾਂਦਾ ਸੀ ਕਿ ਦਮੜਾ ਅਰਦਾਸ ਕਰਾਉਣ ਲੱਗਾ ਹੈ। ਨਾਲ ਹੀ ਸਾਧ ਸੰਗਤ ਵੀ ਸਾਰੀ ਉਮਰ ਮੇਰੇ ਪਾਸੋਂ ਮਾਇਆ ਦੀ ਅਪੀਲ ਦੀ ਸੇਵਾ ਲੈਂਦੀ ਰਹੀ ਹੈ। ਇਹਨਾਂ ਕਾਰਨਾਂ ਕਰਕੇ ਹਜ਼ੂਰ ਦਾ ਆਤਮ-ਰਸ ਦਾ ਉਪਦੇਸ਼ ਨਹੀਂ ਪਕਾ ਸਕਿਆ। ਭਾਈ ਹੀਰਾ ਸਿੰਘ ਜੀ ਦੇ ਇਸ ਅੰਦਰੋਂ ਬਾਹਰੋਂ ਇੱਕ ਹੋਣ ਨੇ ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇੱਕ ਅਦੁੱਤੀ ਮਿਹਰ ਤੇ ਉਦਾਰਤਾ ਦੀ ਲਹਿਰ ਚਲਾ ਦਿੱਤੀ। ਚਿਹਰੇ 'ਤੇ ਰੱਬੀ ਨੂਰ ਚਮਕਣ ਲੱਗ ਪਿਆ, ਪੂਰਨ ਰੰਗ ਵਿੱਚ ਆ ਗਏ ਅਤੇ ਫ਼ਰਮਾਇਆ, "ਭਾਈ ਹੀਰਾ ਸਿੰਘ ਜੀ! ਹੁਣ ਵੀ ਕੁਝ ਨਹੀਂ ਵਿਗੜਿਆ, ਤਕੜੇ ਹੋਵੋ ਅਤੇ ਇਹ ਦ੍ਰਿੜ ਕਰ ਲਵੋ ਬਾਹਰਲਾ ਹੀਰਾ ਸਿੰਘ ਝੂਠਾ, ਅੰਦਰਲਾ ਹੀਰਾ ਸੱਚਾ।" ਸੰਤ ਜੀ ਇਹ ਬਚਨ ਕਰ ਹੀ ਰਹੇ ਸਨ ਕਿ ਭਾਈ ਹੀਰਾ ਸਿੰਘ ਦੀ ਸਿੰਘਣੀ ਬੜੀ ਮੋਹ ਭਰੀ ਆਵਾਜ਼ ਵਿੱਚ ਬੋਲ ਉੱਠੀ, "ਮਹਾਰਾਜ ਜੀ! ਕ੍ਰਿਪਾ ਕਰੋ।'

ਇਹ ਗੱਲ ਸੁਣਦੇ ਸਾਰ ਹੀ ਪੂਰਨ ਜਲਾਲ ਵਿੱਚ ਬੋਲੇ, "ਬੀਬੀ, ਕ੍ਰਿਪਾ ਕਰ ਰਹੇ ਹਾਂ।" ਭਾਈ ਹੀਰਾ ਸਿੰਘ ਇਸ ਰਮਜ਼ ਨੂੰ ਸਮਝ ਗਏ। ਆਪਣੀ ਮੋਹ ਅਧੀਨ ਸਿੰਘਣੀ ਨੂੰ ਚੁੱਪ ਕਰਾ ਕੇ ਬਾਹਰ ਭੇਜ ਦਿੱਤਾ। ਫੇਰ ਦੂਜੀ ਵਾਰੀ ਸੰਤ ਜੀ ਮਹਾਰਾਜ ਨੇ ਪੂਰੀ ਤਾਕਤ ਨਾਲ ਆਖ ਸੁਣਾਇਆ, "ਭਾਈ ਹੀਰਾ ਸਿੰਘ ਜੀ! ਅੰਦਰਲਾ ਹੀਰਾ ਸੱਚਾ, ਬਾਹਰਲਾ ਝੂਠਾ।" ਕੁਝ ਅਸਰ ਦਾ ਘਾਟਾ ਅਨੁਭਵ ਕਰ ਕੇ, ਤੀਜੀ ਵਾਰੀ ਸੰਤ ਜੀ ਮਹਾਰਾਜ ਨੇ ਠੋਕਰ ਮਾਰੀ। "ਹੀਰਾ ਸਿੰਘ ਜੀ! ਅੰਦਰਲਾ ਹੀਰਾ ਸੱਚਾ, ਬਾਹਰਲਾ ਝੂਠਾ।" ਇਸ ਦੇ ਮਗਰੋਂ ਸੰਤ ਜੀ ਮਹਾਰਾਜ ਚੁੱਪ ਕਰ ਗਏ ਅਤੇ ਆਪਣੇ ਆਪ ਵਿੱਚ ਮਸਤ ਹੋ ਕੇ ਬੈਠ ਗਏ। ਭਾਈ ਹੀਰਾ ਸਿੰਘ ਜੀ ਨੇ ਦੋ ਕੁ ਮਿੰਟ ਮਗਰੋਂ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਬ੍ਰਿਤੀ ਇੱਥੇ ਨਹੀਂ ਚੜ੍ਹਦੀ।"

ਇਹ ਗੱਲ ਸੁਣ, ਸੰਤ ਜੀ ਮਹਾਰਾਜ ਦੀ ਲਹਿਰ ਇੱਕ ਹੋਰ ਪਾਸੇ ਬਦਲ ਗਈ। ਆਖਣ ਲੱਗੇ, "ਭਾਈ ਹੀਰਾ ਸਿੰਘ ਜੀ, ਜਦੋਂ ਭਾਈ ਭਗਤੂ ਜੀ ਦਾ ਅੰਤ ਸਮਾਂ ਆਇਆ, ਤਾਂ ਉਹਨਾਂ ਨੂੰ ਅਤੀਸਰ (ਦਸਤ) ਲੱਗ ਗਏ। ਸੇਵਕਾਂ ਨੇ ਹੱਥ ਜੋੜ ਕੇ ਬਿਨੈ ਕੀਤੀ, "ਮਹਾਰਾਜ ਜੀ! ਤੁਸੀਂ ਸਾਡੇ ਨਾਲ ਬਚਨ ਕਰਦੇ ਸੀ ਕਿ ਤੁਹਾਨੂੰ ਛੁੜਾਵਾਂਗੇ; ਤੁਸੀਂ ਤਾਂ ਹੁਣ ਆਪ ਫਸੇ ਹੋਏ ਹੋ।" ਇਹ ਬਚਨ ਸੁਣ, ਭਾਈ ਭਗਤੂ ਜੀ ਮੁਸਕਰਾਏ ਤੇ ਆਖਿਆ, "ਪ੍ਰੇਮੀਓ! ਅਸੀਂ ਜੰਗਲ ਦੇਸ ਦੇ ਜਿਸ ਇਲਾਕੇ ਵਿੱਚ ਪ੍ਰਚਾਰ ਕਰਦੇ ਰਹੇ ਹਾਂ, ਉਸ ਦੇ ਪ੍ਰੇਮੀ ਚੋਰੀ ਪੇਸ਼ਾ ਕਰਦੇ ਸਨ। ਉਹ ਊਠਣੀਆਂ ਚੁਰਾ ਕੇ ਲਿਆਉਂਦੇ ਸਨ ਅਤੇ ਜਦ ਅਸੀਂ ਦੌਰੇ ਜਾਂਦੇ, ਉਹਨਾਂ ਊਠਣੀਆਂ ਦਾ ਦੁੱਧ ਸਾਨੂੰ ਪਿਆਉਂਦੇ। ਉਸ ਚੋਰੀ ਦੀ ਕਮਾਈ ਛਕਣ ਦਾ ਲੇਖਾ ਅਸਾਂ ਸਰੀਰ ਵਿੱਚ ਹੀ ਮੁਕਾ ਕੇ ਜਾਣਾ ਹੈ।" ਇਸ ਤਰ੍ਹਾਂ, ਭਾਈ ਹੀਰਾ ਸਿੰਘ ਜੀ, ਅਸੀਂ ਜਿਹੜੇ ਸੰਗਤਾਂ ਵਿੱਚ ਪ੍ਰਚਾਰ ਕਰਦੇ ਹਾਂ, ਹਰ ਤਰ੍ਹਾਂ ਦੀ ਮਾੜੀ-ਮੋਟੀ ਕਮਾਈ ਦਾ ਪ੍ਰਸ਼ਾਦ ਅੰਗੀਕਾਰ ਕਰਦੇ ਹਾਂ। ਉਸ ਦਾ ਹਿਸਾਬ ਸਰੀਰ ਵਿੱਚ ਹੀ ਮੁਕਾਉਣਾ ਹੈ।

ਭਾਈ ਹੀਰਾ ਸਿੰਘ ਜੀ ਨੂੰ ਏਹ ਧੀਰਜ ਦੇ ਅਤੇ ਮਲਕ ਤੇਜਾ ਸਿੰਘ ਜੀ ਦੇ ਘਰ ਜਲ ਪਾਣੀ ਛਕ, ਸੰਤ ਜੀ ਆਪਣੇ ਆਸਣ 'ਤੇ ਆ ਗਏ। ਭਾਈ ਹੀਰਾ ਸਿੰਘ ਜੀ ਨੇ ਆਪਣੇ ਦਰਸ਼ਨ ਮੇਲੇ ਦਾ ਸੰਕਲਪ ਪੂਰਾ ਹੋਣ 'ਤੇ ਕਰਤਾਰ ਦਾ ਸ਼ੁਕਰ ਕੀਤਾ। ਮਹਾਂਪੁਰਸ਼ਾਂ ਨੇ ਤਾਂ ਪੂਰਾ ਯਤਨ ਕੀਤਾ ਕਿ ਉਹਨਾਂ ਨੂੰ ਉਹ ਸ਼ਬਦ ਦ੍ਰਿੜ੍ਹ ਹੋ ਜਾਵੇ; 'ਅੰਦਰਲਾ ਹੀਰਾ ਸੱਚਾ, ਬਾਹਰਲਾ ਹੀਰਾ ਝੂਠਾ' ਪਰ ਸਾਰੀ ਉਮਰ ਮਾਇਆ ਦੀ ਖਿੱਚ ਅਤੇ ਮਾਇਆ ਦੀ ਪ੍ਰੇਰਨਾ ਕਰਨ ਦੀ ਕਾਰ ਨੇ ਇਸ ਆਤਮ ਘਾਟੀ 'ਤੇ ਨਾ ਚੜ੍ਹਨ ਦਿੱਤਾ।

ਅਨਭਉ ਪ੍ਰਕਾਸ਼ ਦਾ ਉਪਦੇਸ਼

ਇੱਕ ਦਿਨ ਬਾਹਰ ਤੋਂ ਇੱਕ ਗੁਰੂ ਘਰ ਦਾ ਪ੍ਰੇਮੀ ਬੜੀ ਸ਼ਰਧਾ ਨਾਲ ਸ਼ਾਮ ਦੇ ਦੀਵਾਨ ਸਮੇਂ ਕੀਰਤਨ ਅਰੰਭ ਹੋਣ ਤੋਂ ਪਹਿਲਾਂ ਦਰਸ਼ਨ ਕਰਨ ਲਈ ਆਇਆ। **ਉਸ ਨੇ ਅਨਭਉ ਦੇ ਦੇਸ਼ ਦੀ ਗੱਲ ਚਲਾਈ। ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਅਤੇ ਇਸ ਨੂੰ ਅਸਤੀ, ਭਾਂਤੀ, ਪਰੀਯ ਤਿੰਨੇ ਦਸ਼ਾ ਦਾ ਖੋਲ੍ਹ ਕੇ ਉਪਦੇਸ਼ ਸੁਣਾਇਆ ਤੇ ਆਖਿਆ, "ਭਾਈ! ਪਹਿਲਾਂ ਵਾਹਿਗੁਰੂ-ਗੁਰਮੰਤਰ ਦਾ ਅਭਿਆਸ ਕਰਦਿਆਂ-ਕਰਦਿਆਂ ਇਹ ਦਸ਼ਾ ਆਉਂਦੀ ਹੈ ਕਿ ਦੇਹ ਹੈ ਨਹੀਂ, ਆਤਮਾ ਹੈ। ਫੇਰ ਜੇ ਹੋਰ ਅਭਿਆਸ ਵਧਾਇਆ ਜਾਵੇ, ਤਦ ਭਾਂਤੀ ਦਸ਼ਾ ਆਉਂਦੀ ਹੈ: ਰੋਮ-ਰੋਮ ਵਿੱਚ ਖੁਸ਼ੀ-ਗਮੀ, ਸਰਦੀ-ਗਰਮੀ ਵੱਤ ਪਿਆਰਾ ਹਰ ਰੰਗ ਵਿੱਚ ਭਾਸਦਾ ਹੈ। ਪੱਤੇ-ਪੱਤੇ ਅਤੇ ਜ਼ਰੇ-ਜ਼ਰੇ ਵਿੱਚ ਉਹ ਹੀ ਨਜ਼ਰ ਆਉਂਦਾ ਹੈ। ਇਸ ਦੇ ਮਗਰੋਂ ਹੋਰ ਪ੍ਰਪੱਕ ਕਰਨ ਤੇ ਜਗਿਆਸੂ ਆਪ ਦੇ ਅੰਦਰ ਹੀ ਆਪਣੇ ਆਪ ਵਿੱਚ ਮਸਤ (ਖੁਦ ਮਸਤ) ਹੋ ਜਾਂਦਾ ਹੈ। ਸਾਰੇ ਦ੍ਰਿਸ਼ਟਮਾਨ ਪਦਾਰਥਾਂ ਤੋਂ ਉਪਰਾਮ ਹੋ ਕੇ ਆਪਣੇ ਅੰਦਰ ਦੇ ਆਤਮਿਕ ਸਮੁੰਦਰ ਵਿੱਚ ਲੀਨ ਹੋ ਜਾਂਦਾ ਹੈ। ਕਦੇ ਅਨੰਦ ਵਿੱਚ ਖਿੜ-ਖਿੜ ਹੱਸਣ ਲੱਗ ਪੈਂਦਾ ਹੈ ਅਤੇ ਕਦੀ ਵੈਰਾਗ ਵਿੱਚ ਹੈਰਾਨ ਅਤੇ ਕਦੀ ਇੱਕ-ਰਸ ਚੁੱਪ ਹੋ ਕੇ**

ਸਮਾਧੀ ਅਸਥਿਤ ਹੋ ਜਾਂਦਾ ਹੈ।" ਰੰਗ ਹਸਹਿ ਰੰਗ ਰੋਵਹਿ ਚੁਪ ਭੀ ਕਰ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹਿ ॥ (੪੭੩) ਪਿੱਛਲੇ ਜੁਗਾਂ ਵਿੱਚ ਉਮਰਾਂ ਬਹੁਤ ਵੱਡੀਆਂ ਸਨ। ਰਿਸ਼ੀ-ਮੁਨੀ ਸਤਸੰਗ ਵਿੱਚ ਕਈ ਵਾਰੀ ਹਜ਼ਾਰ-ਹਜ਼ਾਰ ਸਾਲ ਹੱਸੀ ਜਾਂਦੇ; ਅਤੇ ਕਈ ਵਾਰੀ ਚੁੱਪ, ਸਤਿ-ਚਿੱਤ-ਅਨੰਦ ਵਿੱਚ ਹਜ਼ਾਰ-ਹਜ਼ਾਰ ਸਾਲ ਲਈ ਮਗਨ ਹੋ ਰਹਿੰਦੇ।

ਥੋੜ੍ਹੇ ਦਿਨਾਂ ਵਿੱਚ ਹੀ ਦਮਦਮੇ ਸਾਹਿਬ ਦੇ ਲੰਗਰ ਦਾ ਗੁਰਮਤਾ ਪੱਕਾ ਹੋ ਗਿਆ। ਸੰਤ ਜੀ ਮਹਾਰਾਜ ਵੱਲੋਂ ਪੰਜਾਹ ਹਜ਼ਾਰ ਦਮੜਾ, ਨੌਂ ਰੁਪਈਏ ਸੈਂਕੜਾ ਸਾਲਾਨਾ ਸੂਦ ਤੇ ਸਰਦਾਰ ਬਹਾਦਰ ਧਰਮ ਸਿੰਘ ਦੇ ਵਿੱਦਿਆ ਭੰਡਾਰ ਫੰਡ ਵਿੱਚ ਜਮ੍ਹਾਂ ਹੋ ਗਿਆ। ਨਾਲ ਹੀ ਇਹ ਗੱਲ ਤੈਅ ਪਾਈ ਕਿ ਜਦੋਂ ਕੋਈ ਯੋਗ ਜ਼ਮੀਨ ਦਮਦਮੇ ਸਾਹਿਬ ਦੇ ਨੇੜੇ ਬਰਸੇ ਨਾਲੀ 'ਤੇ ਜਾਂ ਕਿਸੇ ਹੋਰ ਪਿੰਡ ਵਿੱਚ ਲੱਭ ਜਾਏ, ਉਦੋਂ ਲੰਗਰ ਵਾਸਤੇ ਜ਼ਮੀਨ ਖਰੀਦੀ ਜਾਏ। ਤਦ ਤੀਕਰ ਸੂਦ ਨੌਂ ਰੁਪਏ ਸੈਂਕੜਾ ਸਾਲਾਨਾ ਹੀ ਰਹੇ ਅਤੇ ਕਦੀ ਵੀ ਘਟਾਇਆ ਨਾ ਜਾਏ।

ਬਰੋਲੀ ਤੋਂ ਚਿੱਤ ਉਪਰਾਮ ਹੋਣ ਤੇ ਸੰਤ ਜੀ ਮਹਾਰਾਜ ਨੇ ਧੌਲਪੁਰ ਆਉਣ ਦੀ ਤਿਆਰੀ ਕਰ ਲਈ। ਸਲਾਹ ਇਹ ਠਹਿਰੀ ਕਿ ਇੱਕ ਦੋ ਦਿਨ ਧੌਲਪੁਰ ਵਿੱਚ ਰਹਿ ਕੇ ਦਿੱਲੀ ਪੁੱਜਿਆ ਜਾਏ ਅਤੇ ਓਥੋਂ ਮਾਲਵੇ ਦੇਸ਼ ਵੱਲ ਕੂਚ ਕੀਤਾ ਜਾਏ। ਬਰੋਲੀ ਦਾਸ ਦੇ ਸੱਜੇ ਹੱਥ ਤੇ ਲਾਹੌਰੀ ਸੋਰ ਨਿਕਲ ਪਿਆ। ਭਾਈ ਪ੍ਰੇਮ ਸਿੰਘ ਅਤੇ ਭਾਈ ਕਰਮ ਸਿੰਘ ਜੀ ਜਿਹੜੇ ਕਿ ਸੰਤ ਜੀ ਮਹਾਰਾਜ ਦੇ ਜਥੇ ਵਿੱਚ ਕੁਝ ਹਿਕਮਤ ਜਾਣਦੇ ਸਨ, ਦਾਸ ਨੂੰ ਰੋਜ਼ ਆਖਣ ਲੱਗੇ ਕਿ ਭਾਈ! ਜੇ ਇਸ ਦਾ ਇਲਾਜ ਨਾ ਕਰਾਇਆ, ਤਾਂ ਹੱਥ ਕੱਟਣਾ ਪਏਗਾ। ਏਥੋਂ ਤੀਕਰ ਕਿ ਇੱਕ ਦਿਨ ਭਾਈ ਪ੍ਰੇਮ ਸਿੰਘ ਨੇ ਸੰਤ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਆਖ ਦਿੱਤਾ ਕਿ ਜੇ ਤੇਜਾ ਸਿੰਘ ਨੇ ਇਲਾਜ ਨਾ ਕਰਾਇਆ ਤਾਂ ਅਰਕ ਤੀਕਰ ਬਾਂਹ ਨੂੰ ਖਤਰਾ ਹੋ ਜਾਵੇਗਾ। ਭਾਵੇ ਦਾਸ ਨੂੰ ਭਾਸ ਚੁੱਕਾ ਸੀ ਕਿ ਆਤਮਾ ਹੈ, ਦੇਹ ਹੈ ਨਹੀਂ, ਪਰ ਇਹ ਅਜੇ ਪ੍ਰਪੱਕ ਨਹੀਂ ਸੀ ਹੋਈ। ਸਰੀਰ ਦਾ ਮੋਹ ਜਾਗ ਪਿਆ ਅਤੇ ਕੁਝ ਫਿਕਰ-ਮੰਦ ਹੋ, ਸਰਦਾਰ ਧਰਮ ਸਿੰਘ ਅਤੇ ਹੋਰ ਪ੍ਰੇਮੀਆਂ ਨੂੰ ਪੁੱਛਿਆ। ਪਤਾ ਲੱਗਾ ਕਿ ਲਾਹੌਰ ਡਾਕਟਰ ਰਘਬੀਰ ਸਿੰਘ ਇਸ ਫੋੜੇ ਦਾ ਸ਼ਰਤੀਆ ਇਲਾਜ ਕਰਦੇ ਹਨ ਅਤੇ ਇੱਕ ਹਫ਼ਤੇ ਵਿੱਚ ਹੀ ਜੜ੍ਹ ਪੁੱਟ ਕੇ ਰੱਖ ਦੇਂਦੇ ਹਨ ਪਰ ਉਹ ਦਵਾਈ ਪੱਟੀ ਆਪਣੇ ਹੱਥੀਂ ਹੀ ਕਰਦੇ ਹਨ, ਮਰਹਮ ਬਾਹਰ ਕਿਸੇ ਨੂੰ ਵੀ ਨਹੀਂ ਭੇਜਦੇ। ਚਿੱਤ ਵਿੱਚ ਖਿਆਲ ਦ੍ਰਿੜ੍ਹ ਹੋ ਗਿਆ ਕਿ ਜਦੋਂ ਸੰਤ ਜੀ ਮਹਾਰਾਜ ਬਰੋਲੀ ਤੋਂ ਟੁਰਨ, ਆਗਿਆ ਲੈ ਲਾਹੌਰ ਇਲਾਜ ਲਈ ਪੁੱਜਿਆ ਜਾਵੇ।

ਜਦ ਬਰੋਲੀ ਤੋਂ ਸੰਤ ਜੀ ਧੌਲਪੁਰ ਆਉਣ ਲਈ ਛੋਟੀ ਰੇਲ ਗੱਡੀ 'ਤੇ ਚੜ੍ਹੇ, ਤਦ ਦਾਸ ਨੇ ਰਸਤੇ ਵਿੱਚ ਇਲਾਜ ਲਈ ਲਾਹੌਰ ਜਾਣ ਦੀ ਆਗਿਆ ਮੰਗੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਹ ਤਾਂ ਕਵਾਰ ਗੰਦਲ ਬੰਨ੍ਹਣ ਨਾਲ ਹੀ ਵੱਲ ਹੋ ਜਾਵੇਗਾ।" ਸਾਨੂੰ ਇੱਕ ਵਾਰੀ ਏਥੋਂ ਕੱਢ ਲਵੋ, ਫੇਰ ਲੋੜ ਪਈ ਤਾਂ ਇਲਾਜ ਦੇਖਿਆ ਜਾਏਗਾ ਪਰ ਦਾਸ ਦੇ ਹਿਰਦੇ ਵਿੱਚ ਨਿਕੰਮੇ ਸਰੀਰ ਦਾ ਮੋਹ ਜਾਗ ਚੁੱਕਾ ਸੀ। ਮਹਾਂ ਪੁਰਖਾਂ ਦੀ ਇਸ ਗੁੱਝੀ ਰਮਜ਼ ਦੀ ਉਸ ਵੇਲੇ ਸਮਝ ਨਾ ਪਈ, ਫੇਰ ਛੁੱਟੀ ਲਈ ਬੇਨਤੀ ਕੀਤੀ। ਮਹਾਰਾਜ ਨੇ ਕਿਹਾ, "ਚੰਗਾ ਹੋ ਆਓ, ਪਰ ਸਾਨੂੰ ਹੁਣ ਬਾਲੇਵਾਲ ਆ ਕੇ ਮਿਲਣਾ। ਅਸੀਂ ਦਿੱਲੀ ਤੋਂ ਸਿੱਧਾ ਉੱਥੇ ਆ ਕੇ ਮਿਲਾਂਗੇ।"

ਅੱਠ ਦਸ ਦਿਨ ਮਗਰੋਂ ਡਾਕਟਰ ਰਘਬੀਰ ਸਿੰਘ ਦੇ ਇਲਾਜ ਨਾਲ ਫੋੜੇ ਦੀ ਜੜ੍ਹ ਪੁੱਟੀ ਗਈ; ਅਤੇ ਉਹਨਾਂ ਨੇ ਇੱਕ ਦਵਾਈ ਨਾਲ ਦੇ ਦਿੱਤੀ ਕਿ ਕੁਝ ਦਿਨ ਇਸ ਦੀ ਪੱਟੀ ਕਰੀ ਜਾਣ, ਇਸ ਦੇ ਨਾਲ ਹੌਲੀ-ਹੌਲੀ ਸਾਰਾ ਜਖ਼ਮ ਭਰ ਜਾਏਗਾ। ਦਵਾਈ ਲੈ, ਦਾਸ ਸਿੱਧਾ ਬਾਲੇਵਾਲ ਪੁੱਜਾ ਅਤੇ ਇੱਥੇ ਸੋਅ ਪਈ ਕਿ ਸੰਤ

ਜੀ ਮਹਾਰਾਜ ਨਾਲ ਕੀੜੇ ਦੀ ਖੇਲ ਵਰਤ ਗਈ ਹੈ, ਇਸ ਲਈ ਇੱਥੇ ਨਹੀਂ ਆ ਸਕੇ। ਇਹ ਗੱਲ ਸੰਗਰੂਰ ਦੇ ਇੱਕ ਪ੍ਰੇਮੀ ਦੀ ਜ਼ਬਾਨੀ ਸੰਗਤਾਂ ਵਿੱਚ ਫੈਲ ਗਈ ਹੈ। ਬਾਲੇਵਾਲ ਤੋਂ ਸਿੱਧਾ ਸੰਗਰੂਰ ਆਇਆ ਤੇ ਉਸ ਦਾ ਨਾਉਂ ਪਤਾ ਸ੍ਰੀ ਗੁਰੂ ਸਿੰਘ ਸਭਾ ਤੋਂ ਪੁੱਛ ਕੇ ਉਸ ਦੇ ਘਰ ਆਇਆ ਉਸ ਨੇ ਆਪਣਾ ਸਾਰਾ ਅੱਖੀਂ ਵੇਖਿਆ ਬਿਰਤਾਂਤ ਸੁਣਾ ਦਿੱਤਾ। ਇਹ ਸੁਣ ਦਾਸ ਨੂੰ ਅੰਨ ਪਾਣੀ ਹਰਾਮ ਹੋ ਗਿਆ। ਦਿੱਲੀ ਸ਼ਾਮ ਦੀ ਗੱਡੀ ਟੁਰਨ ਦਾ ਵਕਤ ਥੋੜ੍ਹਾ ਹੀ ਰਹਿ ਗਿਆ। ਟਾਂਗੇ ਚੜ੍ਹ, ਸਟੇਸ਼ਨ 'ਤੇ ਪੁੱਜਾ। ਗੱਡੀ ਅੱਗੇ ਹੀ ਪਲੇਟਫਾਰਮ 'ਤੇ ਖੜ੍ਹੀ ਸੀ। ਛੇਤੀ-ਛੇਤੀ ਟਿਕਟ ਲੈ ਵਾਹੋਦਾਹੀ ਗੱਡੀ ਵੱਲ ਭੱਜਿਆ, ਰਸਤੇ ਵਿੱਚ ਇੱਕ ਲੋਹੇ ਦੇ ਸਰੀਏ ਦੇ ਬੰਡਲ ਨਾਲ ਪੈਰ ਅਟਕਿਆ, ਸਰੀਰ ਨੇ ਸਖ਼ਤ ਠੋਕਰ ਖਾਧੀ, ਮਸਾਂ ਹੀ ਸਿਰ ਪਲੇਟਫਾਰਮ ਦੇ ਪੱਥਰ ਨਾਲ ਵੱਜ ਕੇ ਪਾਟਣ ਤੋਂ ਬਚਿਆ। ਪਤਾ ਨਹੀਂ ਕਰਤਾਰ ਨੇ ਕਿਉਂ ਰੱਖ ਲਿਆ, ਨਹੀਂ ਤਾਂ ਇਸ ਨਕਾਰੇ ਸਰੀਰ ਨੂੰ ਮਹਾਂਪੁਰਖਾਂ ਦੀ ਹੁਕਮ ਅਦੂਲੀ ਅਤੇ ਇਸ਼ਾਰਾ ਨਾ ਸਮਝਣ ਦਾ ਫਲ ਉੱਥੇ ਹੀ ਮਿਲ ਜਾਣਾ ਚਾਹੀਦਾ ਸੀ। ਪਰ ਸਰੀਰ ਸੰਭਲ ਗਿਆ ਅਤੇ ਬੂਹਾ ਖੋਲ੍ਹ ਗੱਡੀ ਵਿੱਚ ਚੜ੍ਹ ਬੈਠਾ। ਗੱਡੀ ਚੀਕ ਮਾਰ ਚੁੱਕੀ ਸੀ ਅਤੇ ਗਾਰਡ ਨੇ ਸੀਟੀ ਵਜਾ, ਝੰਡੀ ਦੇ ਦਿੱਤੀ ਸੀ। ਗੱਡੀ ਉਸੇ ਵੇਲੇ ਟੁਰ ਪਈ ਅਤੇ ਦੂਜੇ ਦਿਨ ਅੰਮ੍ਰਿਤ ਵੇਲੇ ਜਾਖਲ ਬਦਲ ਕੇ ਅੱਠ ਵਜੇ ਸਵੇਰੇ ਦਿੱਲੀ ਪੁੱਜ ਗਈ। ਏਥੋਂ ਗੱਡੀ ਉੱਤਰ, ਟਾਂਗੇ ਚੜ੍ਹ, ਸਿੱਧਾ ਸਰਦਾਰ ਬਹਾਦਰ ਧਰਮ ਸਿੰਘ ਦੀ ਕੋਠੀ ਆਇਆ। ਪਉੜੀਆਂ ਚੜ੍ਹ ਦੇਖਿਆ ਕਿ ਸੰਤ ਜੀ ਮਹਾਰਾਜ ਦੇ ਸੱਜੇ ਪੈਰ 'ਤੇ ਪੱਟੀ ਬੰਨ੍ਹੀ ਹੋਈ ਹੈ, ਚਿਹਰਾ ਕੁਝ ਪੀਲਾ ਸਫ਼ੈਦੀ ਮਾਇਲ ਹੋ ਗਿਆ ਹੈ ਅਤੇ ਹੋਠਾਂ 'ਤੇ ਥੋੜ੍ਹੀ-ਥੋੜ੍ਹੀ ਸਿਕਰੀ ਆਈ ਹੋਈ ਹੈ। ਚਿੱਤ ਨੇ ਆਪਣੇ ਆਪ ਨੂੰ ਧਿਰਕਾਰ ਕੀਤਾ ਕਿ ਤੂੰ ਕਿਉਂ ਇਸ਼ਾਰਾ ਨਾ ਮੰਨਿਆ। ਝੱਟ ਨਿਮਾਣਾ ਹੋ ਕੇ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ। ਜਦ ਦਾਸ ਨਮਸਕਾਰ ਕਰ ਕੇ ਉੱਠਿਆ, ਤਦ ਸੰਤ ਜੀ ਨੇ ਬੜੇ ਪ੍ਰੇਮ ਅਤੇ ਦਰਦ ਨਾਲ ਪੁੱਛਿਆ, "ਭਾਈ ਤੇਜਾ ਸਿੰਘ! ਹੱਥ ਚੰਗਾ ਹੋ ਗਿਆ ਹੈ?" ਮਹਾਂਪੁਰਖਾਂ ਦੇ ਉਦਾਰਤਾ ਅਤੇ ਪ੍ਰੇਮ ਦੇ ਬਚਨ ਸੁਣ, ਦਾਸ ਉੱਥੇ ਹੀ ਮਰ ਗਿਆ ਅਤੇ ਫੇਰ ਉੱਠਣ ਜੋਗਾ ਨਾ ਰਿਹਾ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥ (੧੩੭੪)

ਸੱਪ ਦੀ ਖੇਲ

ਰਾਤ ਦੇ ਸਮੇਂ ਜਿਸ ਵੇਲੇ ਸੰਤ ਜੀ ਮਹਾਰਾਜ ਕੋਠੇ 'ਤੇ ਬਿਰਾਜਣ ਲਈ ਗਏ, ਤਦ ਦਾਸ ਵੀ ਚਰਨਾਂ ਵਿੱਚ ਹਾਜ਼ਰ ਹੋਇਆ। ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਹਜ਼ੂਰ ਨੇ ਇਹ ਖੇਲ ਕਿਸ ਤਰ੍ਹਾਂ ਵਰਤਾਈ?" ਸੰਤ ਜੀ ਮਹਾਰਾਜ ਨੇ ਸਾਰੀ ਵਿਥਿਆ ਖੋਲ੍ਹ ਸੁਣਾਈ:

"ਭਾਈ! ਸ਼ਾਮ ਦੇ ਵਕਤ ਬੰਗਲੇ ਸਾਹਿਬ ਦੀਵਾਨ ਸਜਿਆ। ਭਾਦਰੋਂ ਦੀ ਰੁੱਤ ਦੇ ਹੁੱਸੜ ਕਰਕੇ ਵਿਹੜੇ ਵਿੱਚ ਦਰੀਆਂ ਵਿਛਾਈਆਂ ਗਈਆਂ ਸਨ। ਇੱਕ ਥੜ੍ਹੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੋਇਆ (ਏਹ ਥੜ੍ਹਾ ਕਈ ਜਗ੍ਹਾਂ ਤੋਂ ਟੁੱਟਾ ਹੋਇਆ ਸੀ) ਜਿਸ ਵੇਲੇ ਦੀਵਾਨ ਦੇ ਭੋਗ ਦੇ ਮਗਰੋਂ ਅਰਦਾਸਾ ਹੋਇਆ, ਅਸੀਂ ਸੱਚੇ ਪਾਤਸ਼ਾਹ ਦੀ ਅਰਦਲ ਵਿੱਚ ਖੜੇ ਹੋ ਗਏ। ਅਰਦਾਸੇ ਮਗਰੋਂ ਜਦ ਦੂਜੀ ਵਾਰੀ ਤਾਬੇ ਬੈਠੇ, ਤਦ ਸਾਨੂੰ ਕੁਝ ਕੰਡਾ ਜਿਹਾ ਚੁੱਭਿਆ ਭਾਸਿਆ। ਅਸੀਂ ਹੱਥ ਨਾਲ ਟੋਹਿਆ ਨਾ ਕੋਈ ਕੰਡਾ ਸੀ ਅਤੇ ਨਾ ਕੋਈ ਪੱਥਰ। ਫੇਰ ਮੋਟਰ ਚੜ੍ਹ ਅਸੀਂ ਡੇਰੇ ਆਏ। ਜਿਸ ਵੇਲੇ ਪੌੜੀਆਂ ਚੜ੍ਹ ਰਹੇ ਸੀ; ਸਿਰ ਵਿੱਚ ਚੱਕਰ ਆਉਣ ਲੱਗ ਪਏ। ਪ੍ਰਸ਼ਾਦ ਛਕਣ ਨੂੰ ਚਿੱਤ ਨਾ ਕਰੇ। ਅਸੀਂ ਸੰਗਤ ਨੂੰ ਆਖਿਆ ਕਿ ਤੁਸੀਂ ਪ੍ਰਸ਼ਾਦ ਛਕੋ, ਸਾਨੂੰ ਲੋੜ ਨਹੀਂ। ਕੋਠੇ 'ਤੇ ਆ ਕੇ ਬਿਸਤਰੇ 'ਤੇ ਲੇਟ ਗਏ। ਦਸ ਕੁ ਵਜੇ ਜਦ ਅਸੀਂ ਪੇਸ਼ਾਬ ਕਰਨ

ਲਈ ਉੱਠੇ, ਤਦ ਨੰਗੀ ਪੈਰੀਂ ਕੋਠੇ ਦੇ ਫਰਸ਼ 'ਤੇ ਬੈਠੇ ਇੱਕ ਛਾਲਾ ਜਿਹਾ ਫੁੱਟ ਗਿਆ ਤੇ ਸੱਜੇ ਪੈਰ ਦਾ ਸਾਰਾ ਪੱਬ ਗਿੱਲਾ ਹੋ ਗਿਆ। ਉਸੇ ਵੇਲੇ ਅਸੀਂ ਇੱਕ ਅਵਾਜ਼ ਭਾਈ ਕਰਮ ਸਿੰਘ ਨੂੰ ਦਿੱਤੀ ਅਤੇ ਉਸ ਨੂੰ ਸਭ ਕੁਝ ਦਿਖਾਇਆ। ਇਸ ਤੋਂ ਪਹਿਲਾਂ ਅਸਾਂ ਕਿਸੇ ਨੂੰ ਕੁਝ ਵੀ ਨਹੀਂ ਸੀ ਆਖਿਆ ਤਾਂ ਕਿ ਸੰਗਤ ਘਾਬਰ ਨਾ ਜਾਵੇ। ਜਦ ਕਰਮ ਸਿੰਘ ਨੇ ਪੱਬ 'ਤੇ ਇੱਕ ਫੁੱਟਿਆ ਹੋਇਆ ਛਾਲਾ ਅਤੇ ਗਿੱਲ ਦੇਖੀ, ਤਦ ਉਸ ਨੇ ਆਖਿਆ, "ਮਹਾਰਾਜ ਜੀ! ਏਹ ਤੇ ਆਪ ਨੂੰ ਸੱਪ ਛੋਹ ਗਿਆ ਹੈ।" ਉਸੇ ਵੇਲੇ ਖ਼ਬਰ ਕਰਨ ਤੋਂ ਪਤਾ ਲੱਗਾ ਕਿ ਸਰਦਾਰ ਧਰਮ ਸਿੰਘ ਦਾ ਇੱਕ ਸੇਵਾਦਾਰ ਸੱਪ ਦਾ ਇਲਾਜ ਜਾਣਦਾ ਹੈ, ਉਸ ਨੂੰ ਸੱਦ ਭੇਜਿਆ। ਉਸ ਨੇ ਸਾਨੂੰ ਰੀਠਿਆਂ ਦੇ ਫੋਲਕ ਛਕਾਏ ਅਤੇ ਆਪਣਾ ਹੋਰ ਉਪਾਉ ਵੀ ਕੀਤਾ। ਚੱਕਰ ਵੀ ਦੂਰ ਹੋ ਗਿਆ ਅਤੇ ਸਰੀਰ ਵਿੱਚ ਵੀ ਸੁੱਖ ਆ ਗਿਆ। ਦਿਨ ਚੜ੍ਹੇ ਜਦ ਸਰਦਾਰ ਧਰਮ ਸਿੰਘ ਅਤੇ ਹੋਰ ਪ੍ਰੇਮੀਆਂ ਨੂੰ ਪਤਾ ਲੱਗਾ ਤਾਂ ਸਭ ਨੇ ਆਖਿਆ ਕਿ ਮਹਾਰਾਜ ਜੀ ਏਹ ਪ੍ਰੇਮੀ ਕੀ ਜਾਣਦਾ ਹੈ? ਕਿਸੇ ਡਾਕਟਰ ਪਾਸੋਂ ਇਲਾਜ ਕਰਾਓ? ਸਾਧ ਸੰਗਤ ਦਾ ਬਚਨ ਮੰਨ ਅਸਾਂ ਆਖਿਆ, "ਅੱਛਾ ਭਾਈ! ਤੁਹਾਡੀ ਮਰਜ਼ੀ।" ਉਸ ਵੇਲੇ ਸਿੱਖ ਡਾਕਟਰ ਸੱਦਿਆ ਗਿਆ ਅਤੇ ਫੇਰ ਉਹ ਆਪਣੇ ਨਾਲ ਇੱਕ ਗੋਰਾ ਸਿਵਲ ਸਰਜਨ ਲੈ ਆਇਆ। ਸਾਰੇ ਆਖਣ ਲੱਗ ਪਏ ਕਿ ਸੱਪ-ਸੁਪ ਕੋਈ ਨਹੀਂ, ਏਹ ਤਾਂ ਦਿੱਲੀ ਵਿੱਚ ਇੱਕ ਕੀੜਾ ਹੁੰਦਾ ਹੈ, ਉਹ ਲੜ ਗਿਆ ਹੈ। ਲੱਗੇ ਛਾਲੇ 'ਤੇ ਪਲਸਤਰ ਲਾਣ। ਇੱਕ ਥਾਂ ਪਲਸਤਰ ਲਾਣ ਤੇ ਛਾਲਾ ਦੂਜੀ ਥਾਂ ਹੋ ਜਾਵੇ, ਉਸ ਨੂੰ ਫੇਰ ਕੱਟ ਕੇ ਪਲਸਤਰ ਲਾਣ ਤੇ ਛਾਲਾ ਤੀਜੀ ਥਾਂ ਹੋਰ ਚਲਾ ਜਾਏ। ਹਾਰ ਕੇ ਸੰਗਤ ਨੇ ਇੱਕ ਸੱਪ ਰੱਖਣ ਵਾਲੇ ਨੂੰ, ਜਿਹੜਾ ਕਿ ਆਪਣੀ ਇਸ ਵਿੱਦਿਆ ਦੇ ਬਲ ਨਾਲ ਅੰਗਰੇਜ਼ਾਂ ਦੇ ਦੇਸ਼ਾਂ ਵਿੱਚ ਫਿਰ ਆਇਆ ਸੀ, ਸੱਦਿਆ। ਉਸ ਨੇ ਆਉਂਦਿਆਂ ਹੀ ਸੱਪ ਮਣਕਿਆਂ ਨਾਲ ਆਪਣੀ ਪ੍ਰੀਖਿਆ ਕੀਤੀ। ਇੱਕ ਮਣਕਾ ਉੱਡ ਕੇ ਛਾਲੇ ਤੇ ਚੰਬੜ ਗਿਆ ਅਤੇ ਬੜਾ ਫੁੱਲ ਗਿਆ। ਜਦ ਸੱਪਾਂ ਵਾਲੇ ਪ੍ਰੇਮੀ ਨੇ ਇਹਨੂੰ ਲਾਇਆ ਤੇ ਘੁੱਟਿਆ ਇਹਦੇ ਵਿੱਚੋਂ ਕੁਝ ਪੀਲਾ ਜਿਹਾ ਪਾਣੀ ਨਿਕਲਿਆ। ਆਪਣੀ ਪ੍ਰੀਖਿਆ ਪੂਰੀ ਕਰਕੇ ਇਸ ਪ੍ਰੇਮੀ ਨੇ ਆਖਿਆ ਆਪ ਨੂੰ ਸੰਘਚੂਰ ਸਰਪ ਲੜ ਗਿਆ ਹੈ। ਇਹਦਾ ਇਲਾਜ ਸ਼ੁਰੂ ਹੋ ਗਿਆ ਤੇ ਸਾਨੂੰ ਉਸ ਨਾਲ ਬਹੁਤ ਅਰਾਮ ਆਇਆ।

ਜਿਸ ਵੇਲੇ ਦਾਸ ਪੁੱਜਾ, ਇਸ ਸੱਪਾਂ ਵਾਲੇ ਪ੍ਰੇਮੀ ਦਾ ਇਲਾਜ ਜਾਰੀ ਸੀ। ਇਹ ਹਰ ਰੋਜ਼ ਸਵੇਰੇ ਸ਼ਾਮ ਆਉਂਦਾ ਅਤੇ ਆਪਣੇ ਹੱਥੀਂ ਦਵਾਈ ਲਾ ਕੇ ਪੱਟੀ ਕਰਦਾ। ਇੱਕ ਦਵਾਈ ਖਾਣ ਵਾਸਤੇ ਵੀ ਦੇਂਦਾ। ਚਾਰ ਪੰਜ ਦਿਨ ਮਗਰੋਂ ਇਸ ਨੇ ਆਖਿਆ ਕਿ ਪਲਸਤਰਾਂ ਨਾਲ ਪੈਰ ਵਿੱਚ ਜਖ਼ਮ ਖਾਸਾ ਫੈਲ ਗਿਆ ਹੈ, ਥੋੜ੍ਹਾ ਜਿਹਾ ਚੀਰਾ ਦੇ ਕੇ ਇਹਦੇ ਵਿੱਚੋਂ ਜ਼ਹਿਰੀਲਾ ਮਾਦਾ ਕੱਢਣ ਦੀ ਲੋੜ ਹੈ, ਮੈਂ ਕੱਲ੍ਹ ਸਵੇਰੇ ਆਪਣੀ ਨਸ਼ਤਰ ਲਿਆਵਾਂਗਾ ਅਤੇ ਚੀਰਾ ਦੇਵਾਂਗਾ। ਜਦ ਏਹ ਗੱਲ ਸਰਦਾਰ ਧਰਮ ਸਿੰਘ ਅਤੇ ਹੋਰ ਪ੍ਰੇਮੀਆਂ ਨੇ ਸੁਣੀ ਤਾਂ ਸਾਰੇ ਕਹਿਣ ਲੱਗ ਪਏ ਕਿ ਸੱਪਾਂ ਦਾ ਚੀਰਨ ਦਾ ਕੰਮ ਕੀ ਜਾਣਦਾ ਹੈ? ਚੀਰਾ ਕਿਸੇ ਚੰਗੇ ਡਾਕਟਰ ਪਾਸੋਂ ਦਿਵਾਉਣਾ ਚਾਹੀਦਾ ਹੈ। ਚੰਗਾ ਭਲਾ ਸਾਰੇ ਦੇਖ ਚੁੱਕੇ ਸਨ ਕਿ ਡਾਕਟਰ ਦੇ ਇਲਾਜ ਨਾਲ ਛਾਲੇ ਵਧੀ ਗਏ ਅਤੇ ਚਰਨ ਦੀ ਦਸ਼ਾ ਖਰਾਬ ਹੁੰਦੀ ਗਈ ਅਤੇ ਹੁਣ ਇਸ ਪ੍ਰੇਮੀ ਦੇ ਇਲਾਜ ਨਾਲ ਬਹੁਤ ਅਰਾਮ ਹੈ। ਪਰ ਮਗਰਬੀ ਤਹਿਜ਼ੀਬ ਦੇ ਅਸਰ ਨੇ ਸਾਰਿਆਂ ਨੂੰ ਦਬ ਲਿਆ।

ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ।

ਵਿਚਾਰਾ ਹਕੀਮ ਆਪਣੇ ਨਸ਼ਤਰ-ਨੁਸ਼ਤਰ ਤਿਆਰ ਹੀ ਕਰਦਾ ਰਹਿ ਗਿਆ। ਇਹਨਾਂ ਸਾਰਿਆਂ ਮਗਰਬੀ ਤਹਿਜ਼ੀਬ ਦੇ ਬੰਧਿਆਂ ਨੇ ਝੱਟ ਇੱਕ ਬੰਗਾਲੀ ਡਾਕਟਰ ਮਿਤਰਾ ਨੂੰ ਸੱਦ, ਸੰਤ ਜੀ ਮਹਾਰਾਜ ਦੇ ਅੱਗੇ ਬਿਠਾਇਆ। ਸੰਤ ਜੀ ਮਹਾਰਾਜ ਨੇ, ਜਿਨ੍ਹਾਂ ਨੂੰ ਆਪਣੇ ਸਰੀਰ ਨਾਲ ਕੋਈ ਵੀ ਪਕੜ ਨਹੀਂ ਸੀ, ਚਰਨ

ਡਾਕਟਰ ਦੇ ਸਾਹਮਣੇ ਕਰ ਦਿੱਤਾ। ਜ਼ਹਿਰ ਦਾ ਮਾਦਾ ਤਾਂ ਕੀ ਕੱਢਣਾ ਸੀ, ਇਸ ਭਲੇ ਲੋਕ ਨੇ ਪੈਰ ਵਿੱਚ ਆਰ-ਪਾਰ ਛੇਕ ਕਰ ਦਿੱਤਾ। ਸਰਦਾਰ ਸੁੰਦਰ ਸਿੰਘ ਧੂਪੀਆ ਦੀ ਜ਼ਬਾਨੀ ਉਹਨਾਂ ਦੇ ਅੱਖਰਾਂ ਵਿੱਚ ਇਸ ਸਮੇਂ ਦੀ ਵਾਰਤਾ ਹੇਠਾਂ ਦਰਜ ਕੀਤੀ ਜਾਂਦੀ ਹੈ:

ਜਦ ਅੰਤਲੇ ਦਿਨਾਂ ਵਿੱਚ ਸੰਤ ਜੀ ਮਹਾਰਾਜ, ਸਰਪ ਦੇ ਕੱਟਣ ਕਰਕੇ ਸਰਦਾਰ ਬਹਾਦਰ ਧਰਮ ਸਿੰਘ ਜੀ ਦੇ ਗ੍ਰਿਹ ਵਿਖੇ ਪ੍ਰਵੇਸ਼ ਕਰ ਰਹੇ ਸਨ, ਇੱਕ ਡਾਹਡਾ ਅਸਚਰਜ ਕੌਤਕ ਮੇਰੇ ਦੇਖਣ ਵਿੱਚ ਆਇਆ। ਡਾਇਬਟੀਜ਼ ਹੋਣ ਕਾਰਣ ਸੰਤਾਂ ਦਾ ਜ਼ਖਮ ਕੁਝ ਵਧਦਾ ਜਾਂਦਾ ਸੀ।

ਇੱਕ ਦਿਨ ਡਾਕਟਰ ਰਣਬੀਰ ਸਿੰਘ ਅਤੇ ਡਾਕਟਰ ਮਿਤਰਾ ਨੇ ਆਖਿਆ ਕਿ ਅਸਾਂ ਦੂਰ ਤੀਕਰ ਤੁਹਾਡਾ ਜ਼ਖਮ ਸਾਫ਼ ਕਰਨਾ ਹੈ, ਆਪ ਨੂੰ ਖੇਚਲ ਬਹੁਤ ਹੋਣੀ ਹੈ। ਆਗਿਆ ਕਰੋ ਤਾਂ ਸ਼ੀਸ਼ੀ ਸੁੰਘਾ ਲਈਏ। ਸੰਤ ਜੀ ਨੇ ਫ਼ਰਮਾਇਆ ਕਿ ਸਰੀਰ ਨੂੰ ਤਾਂ ਖੇਦ ਹੋਣਾ ਹੀ ਹੈ, ਮਨ ਆਤਮਾ ਨੂੰ ਨਾ ਹੋਵੇ। ਤੁਸੀਂ ਨਿਰਸੰਦੇਹ ਸਰੀਰ ਨਾਲ ਜਿਵੇਂ ਚਾਹੋ ਕਰ ਲਵੋ, ਸ਼ੀਸ਼ੀ ਦੀ ਲੋੜ ਨਹੀਂ। ਅਸੀਂ ਪੂਰੇ ਸੁੱਖੀ ਹਾਂ। ਦੋਹਾਂ ਡਾਕਟਰਾਂ ਨੇ ਕਰੀਬਨ ਡੂਢ ਘੰਟਾ ਲਗਾਇਆ। ਸੰਤਾਂ 'ਉੱਫ' ਨਹੀਂ ਕੀਤੀ, ਅੱਖਾਂ ਮੀਟ ਕੇ ਉਸੇ ਤਰ੍ਹਾਂ ਦਗ-ਦਗ ਕਰਦੇ ਚਿਹਰੇ ਵਿੱਚ ਬਿਰਾਜੇ ਰਹੇ। ਕੋਈ ਚੀਰ-ਫਾੜ ਜਾਂ ਦਰਦ ਕਰਕੇ 'ਸੀ' ਵੀ ਨਹੀਂ ਉੱਚਰੀ। ਜਦ ਇਹ ਡਾਕਟਰ ਪੱਟੀ ਬੰਨ੍ਹ ਚੁੱਕੇ ਤਾਂ ਉਹਨਾਂ ਕਿਹਾ ਮਹਾਰਾਜ ਆਪ ਨੂੰ ਖੇਚਲ ਤਾਂ ਬੜੀ ਹੋਈ ਹੋਵੇਗੀ, ਪਰ ਹੋਰ ਕੋਈ ਚਾਰਾ ਨਹੀਂ ਸੀ। ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਸਰੀਰ ਸਾਧ ਸੰਗਤ ਦਾ ਹੈ, ਜਿਸ ਤਰ੍ਹਾਂ ਚਾਹੇ ਕਰੋ। ਸਾਨੂੰ ਤਾਂ ਖੇਦ ਨਹੀਂ ਹੋਇਆ, ਪਰ ਸਰੀਰ ਜੋ ਹੋਇਆ, ਇਸ ਨੂੰ ਤਾਂ ਖੇਦ ਹੋਣਾ ਹੀ ਸੀ। ਮੈਂ ਇਹ ਬਚਨ ਸੁਣ ਕੇ ਦ੍ਰਵੀਭੂਤ ਹੋ ਗਿਆ ਸਾਂ। ਸੰਤ ਜੀ ਮਹਾਰਾਜ ਨੇ ਮੈਨੂੰ ਆਗਿਆ ਕੀਤੀ, ''ਭਾਈ! ਸਾਵਧਾਨ ਹੋ ਸਭ ਸੁੱਖ ਹੀ ਹੈ'':

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ (੧੩੦੨)

ਜਦ ਡਾਕਟਰ ਚੀਰਾ ਦੇ ਕੇ ਚਲੇ ਗਏ ਅਤੇ ਸੰਗਤ ਵੀ ਘਰੋ-ਘਰੀ ਟੁਰ ਗਈ ਤਾਂ ਸੰਤ ਜੀ ਮਹਾਰਾਜ ਨੇ ਆਪਣੇ ਸੇਵਕਾਂ ਨੂੰ ਆਖਿਆ, ''ਭਾਈ! ਅੱਜ-ਕੱਲ੍ਹ ਸਾਧੂਆਂ ਨੂੰ ਕੌਣ ਸਾਧਾਰਨ ਇਲਾਜ ਕਰਨ ਦੇਂਦਾ ਹੈ? ਇਹੋ ਜਿਹੇ ਖੇਦ ਤਾਂ ਜਲ ਬੰਘਰੇ ਨਾਲ ਦੂਰ ਹੋ ਜਾਂਦੇ ਹਨ।'' ਫੇਰ ਦਾਸ ਨੂੰ ਇਕਾਂਤ ਵਿੱਚ ਹੁਕਮ ਕੀਤਾ ਕਿ ਜਿਸ ਤਰ੍ਹਾਂ ਹੋ ਸਕੇ ਸਾਨੂੰ ਏਥੋਂ ਛੇਤੀ ਕੱਢੋ ਅਤੇ ਬਾਲੇਵਾਲ ਪਹੁੰਚਾ ਦੇਵੋ। ਸੰਤ ਜੀ ਮਹਾਰਾਜ ਦਾ ਇਹ ਆਸ਼ਾ ਸਮਝ, ਦਾਸ ਨੇ ਸਰਦਾਰ ਧਰਮ ਸਿੰਘ ਨਾਲ ਦਿੱਲੀ ਤੋਂ ਟੁਰਨ ਦਾ ਗੁਰਮਤਾ ਕਰ ਲਿਆ ਅਤੇ ਲੁਧਿਆਣੇ ਦੇ ਸਰਦਾਰ ਬਸ਼ੇਸ਼ਰ ਸਿੰਘ ਐਮ.ਏ. ਨੂੰ, ਜਿਹੜੇ ਉਨ੍ਹਾਂ ਦਿਨਾਂ ਵਿੱਚ ਉੱਥੇ ਮੋਟਰਾਂ ਦਾ ਕੰਮ ਕਰਦੇ ਸੀ, ਚਿੱਠੀ ਪਾ ਦਿੱਤੀ ਕਿ ਫਲਾਨੇ ਦਿਨ ਫਲਾਨੀ ਗੱਡੀ ਸੰਤ ਜੀ ਮਹਾਰਾਜ ਲੁਧਿਆਣੇ ਪੁੱਜ ਰਹੇ ਹਨ, ਤੁਸੀਂ ਸਟੇਸ਼ਨ 'ਤੇ ਮੋਟਰ ਲੈ ਕੇ ਆ ਜਾਣਾ। ਇੱਥੋਂ ਸਿੱਧਾ ਮਹਾਰਾਜ ਜੀ ਨੂੰ ਬਾਲੇਵਾਲ ਲੈ ਜਾਣਾ ਹੈ।

ਨੀਯਤ ਦਿਨ ਗੱਡੀ ਚੜ੍ਹ ਲੁਧਿਆਣੇ ਪੁੱਜੇ। ਉੱਥੋਂ ਮੋਟਰ 'ਤੇ ਸਵਾਰ ਹੋ ਕੇ ਬਾਲੇਵਾਲ ਆ ਗਏ ਅਤੇ ਸੁਤੰਤਰਤਾ ਵਿੱਚ ਪਹੁੰਚ ਕੇ ਬੜੇ ਹੀ ਅਨੰਦ ਹੋਏ।

ਕਾਂਡ ੫੧

ਬਿਲਾਵਲੁ ਮਹਲਾ ੫ ॥

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥
ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥
ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ਰਹਾਉ॥
ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥
ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥
ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥
ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥
ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥
ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥ (੮੦੮)

ਸੰਤ ਜੀ ਮਹਾਰਾਜ ਦੇ ਬਾਲੇਵਾਲ ਪੁੱਜਣ ਦੀ ਸੋਅ ਸਾਰੇ ਇਲਾਕੇ ਵਿੱਚ ਫੈਲ ਗਈ। ਗੁਰਸਾਗਰ ਸਾਹਿਬ ਤੋਂ ਕਈ ਪ੍ਰੇਮੀ ਅਸਥਾਨ ਦੀ ਦਰਦਨਾਕ ਹਾਲਤ ਵਰਣਨ ਕਰਨ ਲਈ ਭੀ ਆ ਪੁੱਜੇ। ਇਹਨਾਂ ਦੀ ਸਾਰੀ ਵਿੱਥਿਆ ਸੁਣ ਕੇ ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਬਚਨ ਨਿਕਲਿਆ, "ਭਾਈ! ਇਸ ਵੇਲੇ ਮਸਤੂਆਣਾ ਬੁੱਚੜਖਾਨਾ ਬਣ ਗਿਆ ਹੈ।"

ਹਾਲਤ ਨੂੰ ਸੁਧਾਰਨ ਹਿੱਤ ਸੰਤ ਜੀ ਮਹਾਰਾਜ ਨੇ ਦਾਸ ਨੂੰ ਦੂਜੀ ਵਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਆਗੂਆਂ ਪਾਸ ਯਤਨ ਕਰਨ ਲਈ ਭੇਜਿਆ, ਤਾਂ ਕਿ ਉਹ ਆ ਕੇ ਅਕਾਲ ਕਾਲਜ ਦੀ ਵਾਗਡੋਰ ਆਪਣੇ ਹੱਥ ਵਿੱਚ ਲੈ ਲੈਣ ਅਤੇ ਪ੍ਰਬੰਧ ਦਾ ਸੁਧਾਰ ਕਰਨ। ਦਾਸ ਅੰਮ੍ਰਿਤਸਰ ਸਾਹਿਬ ਮਾਸਟਰ ਤਾਰਾ ਸਿੰਘ ਨੂੰ ਮਿਲਿਆ ਅਤੇ ਇਹਨਾਂ ਨੂੰ ਸੰਤ ਜੀ ਮਹਾਰਾਜ ਪਾਸ ਆ ਕੇ ਗੁਰਮਤਾ ਕਰਨ ਦੀ ਪ੍ਰੇਰਨਾ ਕੀਤੀ, ਪਰ ਇਹਨਾਂ ਨੇ ਆਪਣੀ ਮਜਬੂਰੀ ਦੱਸ ਕੇ ਸਮੇਂ ਨੂੰ ਨਾ ਸੰਭਾਲਿਆ। ਫੇਰ ਦਾਸ ਲਾਹੌਰ ਸਰਦਾਰ ਸਰਦੂਲ ਸਿੰਘ ਕਵੀਸ਼ਰ ਪਾਸ ਗਿਆ, ਉਹਨਾਂ ਨੇ ਆਖਿਆ ਕਿ ਅਸੀਂ ਜ਼ਰੂਰ ਫਲਾਣੀ ਤਾਰੀਖ ਨੂੰ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਪਹੁੰਚਾਂਗੇ।

ਲਾਹੌਰ ਤੋਂ ਮੁੜਦੀ ਵਾਰੀ ਫਿਰ ਦਾਸ ਅੰਮ੍ਰਿਤਸਰ ਸਾਹਿਬ ਇੱਕ ਦਿਨ ਲਈ ਠਹਿਰਿਆ। ਸ਼ਾਮ ਵੇਲੇ ਦਾਸ, ਭਾਈ ਦੀਦਾਰ ਸਿੰਘ ਅਤੇ ਇੱਕ ਦੋ ਹੋਰ ਸੱਜਣ, ਰਾਮ ਬਾਗ਼ ਵਿੱਚੋਂ ਜਾ ਰਹੇ ਸੀ ਕਿ ਅੱਗੋਂ ਸਾਨੂੰ ਗੁਰਬਖਸ਼ ਸਿੰਘ (ਅੱਜ-ਕੱਲ੍ਹ ਸੰਤ ਗੁਰਬਖਸ਼ ਸਿੰਘ ਮਸਤਾਨਾ, ਹਜ਼ੂਰ ਸਾਹਿਬ, ਕਲਕੱਤਾ) ਮਿਲ ਪਏ। ਇਹਨਾਂ ਨੇ 'ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ। ਸਾਡੇ ਵਿੱਚ ਅੱਗੇ ਇਹ ਗੱਲ ਟੁਰੀ ਹੋਈ ਸੀ ਕਿ ਸਿੱਖਾਂ ਨੇ ਗੁਰਦੁਆਰਿਆਂ 'ਤੇ ਕਬਜਾ ਤਾਂ ਕਰ ਲਿਆ ਹੈ ਪਰ ਅਸਲੀ ਮੰਤਵ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਪੰਜ ਸੌ ਸਿੱਖਾਂ ਦਾ ਇੱਕ ਜ਼ਿੰਦਾ-ਸ਼ਹੀਦੀ ਜੱਥਾ ਨਿਕਲੇ, ਜਿਹੜਾ ਕਿ ਮਨ ਮਾਰ ਕੇ ਸਿਰਫ਼ ਨਿਰਬਾਹ ਮਾਤਰ ਕਿਰਿਆ

ਤੇ ਨੀਯਤ ਵਰਦੀ ਗੁਰੂ ਕੇ ਮੋਦੀ ਖਾਨੇ ਤੋਂ ਹਰ ਛੇ ਮਹੀਨੇ ਮਗਰੋਂ ਲਵੇ ਅਤੇ ਪ੍ਰਸ਼ਾਦਾ ਗੁਰੂ ਕੇ ਲੰਗਰ ਵਿੱਚੋਂ ਛਕੇ। ਤਨਖ਼ਾਹਦਾਰ ਪ੍ਰੇਮੀਆਂ ਪਾਸੋਂ ਇਸ ਸੇਵਾ ਦਾ ਅਸਲੀ ਆਸ਼ਾ ਕਦੀ ਵੀ ਪੂਰਾ ਨਹੀਂ ਹੋ ਸਕਦਾ। ਭਾਈ ਗੁਰਬਖਸ਼ ਸਿੰਘ ਦੇ ਦਿਲ ਵੀ ਇਹ ਗੱਲ ਲੱਗੀ।

ਇਹਨਾਂ ਆਖਿਆ ਕਿ ਮੈਂ ਏਸ ਗੱਲ ਦੀ ਵਿਚਾਰ ਹਿੱਤ ਤੁਹਾਡੇ ਕੋਲ ਡੇਰੇ 'ਤੇ ਆਵਾਂਗਾ। ਮੈਨੂੰ ਵੀ ਕਮੇਟੀ ਨੇ ਗੁਰਦੁਆਰਾ ਸਾਹਿਬ ਦੀ ਤਨਖ਼ਾਹਦਾਰ ਜਥੇਦਾਰੀ (ਮਹੰਤੀ) ਲਈ ਆਖਿਆ ਸੀ ਪਰ ਮੈਂ ਨਾਂਹ ਕਰ ਦਿੱਤੀ। ਉੱਤਰ ਦਿੱਤਾ ਕਿ ਮੈਂ ਤਨਖ਼ਾਹ ਲੈਣ ਦੀ ਖਾਤਰ ਪੰਥ ਦੀ ਸੇਵਾ ਨਹੀਂ ਕੀਤੀ।

ਭਾਈ ਗੁਰਬਖਸ਼ ਸਿੰਘ ਦਾ ਸੇਵਾ ਵਿੱਚ ਹਾਜ਼ਰ ਹੋਣਾ

ਰਾਤ ਦੇ ਅੱਠ ਕੁ ਵਜੇ ਅਜੇ ਦਾਸ ਪ੍ਰਸ਼ਾਦ ਛਕ ਹੀ ਰਿਹਾ ਸੀ ਕਿ ਭਾਈ ਗੁਰਬਖਸ਼ ਸਿੰਘ ਆ ਪੁੱਜੇ। ਅੱਗੇ ਏਥੇ ਭਾਈ ਦੀਦਾਰ ਸਿੰਘ ਨਾਲ ਏਹ ਗੱਲ ਟੁਰੀ ਹੋਈ ਸੀ ਤੇ ਦਾਸ ਉਹਨਾਂ ਨੂੰ ਆਖ ਰਿਹਾ ਸੀ ਕਿ ਸੰਤ ਜੀ ਮਹਾਰਾਜ ਆਪਣਾ ਅਖ਼ੀਰਲਾ ਭਾਣਾ ਵਰਤਾਉਂਦੇ ਨਜ਼ਰ ਆਉਂਦੇ ਹਨ। ਜੇ ਤੁਸਾਂ ਦਰਸ਼ਨ ਕਰਨ ਲਈ ਜਾਣਾ ਹੈ, ਤਦ ਕੱਲ੍ਹ ਦਾਸ ਨਾਲ ਚੱਲੋ। ਭਾਈ ਦੀਦਾਰ ਸਿੰਘ ਨੇ ਤਾਂ ਨਾਂਹ ਕਰ ਦਿੱਤੀ, ਪਰ ਭਾਈ ਗੁਰਬਖਸ਼ ਸਿੰਘ ਨੇ ਕਿਹਾ, 'ਮੈਂ ਤੁਹਾਡੇ ਨਾਲ ਚੱਲਾਂਗਾ। ਤੁਸੀਂ ਮੈਨੂੰ ਗੱਡੀ ਦਾ ਵਕਤ ਦੱਸ ਦਿਓ, ਮੈਂ ਸਟੇਸ਼ਨ 'ਤੇ ਪੁੱਜ ਜਾਵਾਂਗਾ।' ਏਸ ਦੇ ਮਗਰੋਂ ਗੁਰਦੁਆਰਿਆਂ ਦੀ ਸੇਵਾ ਸੰਬੰਧੀ ਨਿਸ਼ਕਾਮ ਜਥੇ 'ਤੇ ਵਿਚਾਰ ਹੁੰਦੀ ਰਹੀ। ਫੇਰ ਅਸੀਂ ਸਾਰੇ ਆਪਣੀ ਥਾਂ ਬਿਰਾਜ ਗਏ।

ਦੂਜੇ ਦਿਨ ਦਾਸ ਅੰਮ੍ਰਿਤਸਰ ਸਾਹਿਬ ਤੋਂ ਗੱਡੀ ਚੜ੍ਹ ਕੇ ਕੁੱਪ ਸਟੇਸ਼ਨ 'ਤੇ ਉੱਤਰ, ਬਾਲੇਵਾਲ ਪੁੱਜ ਗਿਆ ਤੇ ਸਮੇਂ ਦੇ ਪੰਥਕ ਆਗੂਆਂ ਦੀ ਸਾਰੀ ਗੱਲਬਾਤ ਮਹਾਰਾਜ ਜੀ ਨੂੰ ਆਖ ਸੁਣਾਈ। ਭਾਈ ਗੁਰਬਖਸ਼ ਸਿੰਘ ਏਸ ਦਿਨ ਤਾਂ ਗੱਡੀ ਤੋਂ ਖੁੰਝ ਗਏ ਪਰ ਦੂਜੇ ਦਿਨ ਉਸੇ ਗੱਡੀ ਚੜ੍ਹ ਕੇ ਬਾਲੇਵਾਲ ਪਹੁੰਚ ਗਏ। ਸਿੱਧੇ ਦਾਸ ਦੇ ਡੇਰੇ 'ਤੇ ਪਿੰਡ ਦੇ ਗੁਰਦੁਆਰੇ ਸਾਹਿਬ ਪੁੱਜੇ, ਕੋਈ ਚਾਰ ਕੁ ਵਜੇ ਪਿੱਛਲੇ ਪਹਿਰ ਦਾ ਵੇਲਾ ਸੀ। ਹੁਣ ਸੰਤ ਜੀ ਮਹਾਰਾਜ ਦੇ ਦਰਵਾਜ਼ੇ ਖੋਲ੍ਹਣ ਦਾ ਸਮਾਂ ਹੋ ਗਿਆ। ਅਸੀਂ ਕੋਠੀ ਦੇ ਬਰਾਂਡੇ ਵਿੱਚ ਵੜੇ। ਸੰਤ ਜੀ ਮਹਾਰਾਜ ਦਾ ਬੂਹਾ ਖੁੱਲ੍ਹਿਆ। ਪਹਿਲਾਂ ਦਾਸ ਨੇ ਨਮਸਕਾਰ ਕੀਤੀ ਤੇ ਚਰਨਾਂ ਵਿੱਚ ਬੈਠ ਗਿਆ। ਫੇਰ ਭਾਈ ਗੁਰਬਖਸ਼ ਸਿੰਘ ਨੇ ਮੱਥਾ ਟੇਕ ਕੇ ਫ਼ਤਹਿ ਬੁਲਾਈ। ਅਜੇ ਏਹ ਖਲੋਤੇ ਹੋਏ ਹੀ ਸਨ ਕਿ ਇਹਨਾਂ ਦੇ ਪੂਰਬਲੇ ਕਰਮ ਜਾਗ ਪਏ। ਸੰਤ ਜੀ ਦੀ ਮਿਹਰ ਦੀ ਨਿਗਾਹ ਏਹਨਾਂ 'ਤੇ ਪਈ ਤੇ ਮਹਾਰਾਜ ਨੇ ਬੜੇ ਪ੍ਰੇਮ ਨਾਲ ਫ਼ਰਮਾਇਆ, "ਭਾਈ! ਏਹੋ ਰਸਤਾ ਰੱਖਣਾ ਹੈ, ਤੇਜਾ ਸਿੰਘ ਵਾਲਾ। ਜੇ ਚਾਹੁੰਣ ਤਾਂ ਹਜ਼ਾਰ ਰੁਪਈਆ ਮਹੀਨਾ ਲੈ ਸਕਦੇ ਹਨ।" ਭਾਈ ਗੁਰਬਖਸ਼ ਸਿੰਘ ਨੇ ਆਖਿਆ, "ਮਹਾਰਾਜ ਜੀ! ਭਾਈ ਤੇਜਾ ਸਿੰਘ ਵਾਲਾ ਰਾਹ ਫੜਾਂਗਾ। ਇੱਕ ਦਿਨ ਲਈ ਦਾਸ ਨੂੰ ਅੰਮ੍ਰਿਤਸਰ ਸਾਹਿਬ ਕੁਝ ਕੰਮ ਹੈ, ਉਸ ਨੂੰ ਨਬੇੜ ਕੇ ਸੇਵਾ ਵਿੱਚ ਹਾਜ਼ਰ ਹੋ ਜਾਵਾਂਗਾ।"

ਦੋ ਕੁ ਦਿਨ ਸਤਿਸੰਗ ਦਾ ਅਨੰਦ ਲੈਣ ਦੇ ਮਗਰੋਂ ਭਾਈ ਗੁਰਬਖਸ਼ ਸਿੰਘ ਅੰਮ੍ਰਿਤਸਰ ਸਾਹਿਬ ਗਏ ਅਤੇ ਆਪਣੇ ਬਚਨ ਅਨੁਸਾਰ ਬੜੀ ਛੇਤੀ ਮੁੜ ਆਏ। ਬੂਟ, ਪਜਾਮਾ, ਕੋਟ ਲਹਿ ਗਏ ਤੇ ਪੁਰਾਤਨ ਖ਼ਾਲਸੇ ਦੀ ਸਾਧਾਰਨ ਵਰਦੀ ਕਛਹਿਰਾ, ਕੁਰਤੇ ਵਿੱਚ ਬੜੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਲੱਗ ਗਏ। ਸੇਵਾ ਦਾ ਇਸ਼ਕ ਏਨ੍ਹਾਂ ਵੱਧ ਗਿਆ ਕਿ ਇਨ੍ਹਾਂ ਨੂੰ ਆਪਣਾ ਸਰੀਰ ਭੁੱਲਣ ਲੱਗ ਗਿਆ ਤੇ ਥੋੜ੍ਹੇ ਦਿਨਾਂ ਵਿੱਚ ਹੀ ਸੱਚੀ ਮਸਤੀ ਦਾ ਰੰਗ ਚੜ੍ਹ ਗਿਆ।

ਕਾਂਡ ੫੨

ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥
ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥
ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥ (੧੦੭੩)

ਸਾਰੇ ਯੋਗ-ਵਸ਼ਿਸ਼ਟ ਦਾ ਸਾਰ-'ਗੁਰਸਾਖੀ ਜੋਤ ਪ੍ਰਗਟ ਹੋਇ॥'

ਬਾਲੇਵਾਲ ਯੋਗ-ਵਸ਼ਿਸ਼ਟ ਦੀ ਕਥਾ ਦਾ ਅਰੰਭ ਹੋਣਾ ਤੇ ਸੰਤ ਜੀ ਮਹਾਰਾਜ ਦਾ ਕਈ ਸਾਖੀਆਂ ਸੁਣਾ ਕੇ ਸਮਝਾਉਣਾ। ਕਈ ਵਾਰੀ ਵਿਹਾਰਕ ਤੇ ਮੁਲਕੀ ਨੁਕਤਿਆਂ 'ਤੇ ਗੱਲਬਾਤ ਕਰਨਾ। ਇੱਕ ਸਰਪ ਦੇ ਮਾਹਿਰ ਪਾਸੋਂ ਇਲਾਜ ਕਰਾਉਣਾ। ਚਰਨ ਦਾ ਬਿਲਕੁਲ ਸਾਫ਼ ਹੋ ਜਾਣਾ, ਸੋਜ ਦਾ ਲਹਿ ਜਾਣਾ ਤੇ ਇਹ ਨਜ਼ਰ ਆਉਣਾ ਕਿ ਹੁਣ ਸਰੀਰ ਅਰੋਗਤਾ ਦੇ ਨੇੜੇ ਹੀ ਹੈ। ਪਰ ਇਸ ਵਿੱਚ ਈਰਖਾ ਅਗਨ ਨੇ ਵਿਘਨ ਪਾ ਦੇਣਾ। ਏਥੋਂ ਸੰਤ ਜੀ ਮਹਾਰਾਜ ਦਾ ਸੰਗਰੂਰ ਰਾਜ ਮਾਤਾ; ਢਿਲਓਂ ਵਾਲੀ ਰਾਣੀ ਦੇ ਪ੍ਰੇਮ ਨੂੰ ਪੂਰਾ ਕਰਨ ਲਈ ਜਾਣਾ। ਦੋ ਅਖੰਡ ਪਾਠਾਂ ਦਾ ਭੋਗ ਪੈਣਾ ਤੇ ਮਹਾਰਾਜ ਦਾ ਹਾਥਰਸ ਦੇ ਲੜਕੇ ਅਤੇ ਲੜਕੀ ਨੂੰ ਆਪਣੀ ਹੱਥੀਂ ਅੰਮ੍ਰਿਤ ਛਕਾਉਣਾ। ਏਥੋਂ ਰਾਮ ਨਗਰ ਸਿਵੀਆਂ ਜਾਣਾ, ਸ: ਗੋਬਿੰਦਰ ਸਿੰਘ ਦੀ ਕੋਠੀ ਡੇਰਾ ਕਰਨਾ, ਸਵੇਰ ਸ਼ਾਮ ਦੀਵਾਨ ਸਜਣੇ ਤੇ ਯੋਗ-ਵਸ਼ਿਸ਼ਟ ਕਥਾ ਦਾ ਜਾਰੀ ਰਹਿਣਾ। ਗੁਜਰਾਂਵਾਲੇ, ਚੀਮੇਂ ਤੇ ਹੋਰ ਕਈ ਥਾਵਾਂ 'ਤੇ ਪ੍ਰੇਮੀਆਂ ਦਾ ਇਲਾਜ ਕਰਨ ਲਈ ਆਉਣਾ। ਕੁਝ ਅਕਾਲੀਆਂ ਦਾ ਆ ਕੇ ਪੰਥ ਦੀ ਫੁੱਟ ਦਾ ਇਲਾਜ ਪੁੱਛਣਾ। ਬਾਬਾ ਸਾਵਣ ਸਿੰਘ ਰੱਬ ਦਾ ਸੇਵਾ ਤੋਂ ਛੁੱਟੀ ਮੰਗਣਾ। ਸ: ਧਰਮ ਸਿੰਘ ਦਾ ਦਿੱਲੀ ਤੋਂ ਦਮਦਮੇ ਸਾਹਿਬ ਦੇ ਲੰਗਰ ਦੀ ਜ਼ਮੀਨ ਦੇ ਗੁਰਮਤੇ ਲਈ ਆਉਣਾ। ਸੰਤ ਗੁਲਾਬ ਸਿੰਘ ਦਾ ਹਾਜ਼ਰ ਹੋਣਾ। ਭਾਈ ਗੁਰਬਖਸ਼ ਸਿੰਘ ਦਾ ਕੱਪੜੇ ਫਾੜ, ਮਸਤ ਹੋ ਕੇ ਜੰਗਲਾਂ ਵਿੱਚ ਫਿਰਨ ਲੱਗ ਜਾਣਾ। ਸੰਤ ਜੀ ਮਹਾਰਾਜ ਦਾ ਸਾਧ ਸੰਗਤ ਨੂੰ ਠੋਕਰ ਮਾਰ ਕੇ ਪ੍ਰਸ਼ਨ ਕਰਨ ਦਾ ਹੁਕਮ ਦੇਣਾ ਤੇ ਆਖਣਾ, "ਭਾਈ! ਜੋ ਪੁੱਛਣਾ ਹੈ ਪੁੱਛ ਲਵੋ, ਸ਼ੰਕੇ ਮਿਟਾ ਲਵੋ, ਫੇਰ ਏਹ ਨਾ ਕੋਈ ਆਖੇ ਕਿ ਕਿਸ ਪਾਸ ਰਹੇ ਹਨ, ਕੁਝ ਵੀ ਨਾ ਸਿੱਖਿਆ।" ਗਿਆਨ ਚਰਚਾ ਵਿੱਚ ਕਈ ਅਦੁੱਤੀ ਸਾਖੀਆਂ ਸੁਣਾਉਣੀਆਂ ਤੇ ਰਾਗ ਸਿੱਖਣ ਦਾ ਉਪਦੇਸ਼ ਕਰਨਾ। ਕਈ ਵਾਰੀ ਆਪ ਅਲਾਪ ਕਰਨਾ ਅਤੇ ਸੰਗਤ ਦੇ ਸਰੀਰਾਂ ਨੂੰ ਮਗਰ ਲੱਗਣ ਲਈ ਆਖਣਾ। ਇੱਕ ਦਿਨ ਦਾਸ ਦਾ ਇਕਾਂਤ ਜਾ ਕੇ ਸਿਮਰਨ ਕਰਨ ਲਈ ਬੇਨਤੀ ਕਰਨੀ, ਮਹਾਂ-ਪੁਰਖਾਂ ਦਾ ਬਚਨ ਕਰਨਾ ਕਿ ਭਾਈ ਸੰਗਤ ਦੇ ਬਚਨ ਕੁਬਚਨ ਸਹਾਰ ਕੇ ਨਾਲ-ਨਾਲ ਮਨ ਦੀ ਪ੍ਰੀਖਿਆ ਹੁੰਦੀ ਰਹਿੰਦੀ ਹੈ। ਇੱਕ ਦਿਨ ਮੌਜ ਵਿੱਚ ਆਖਣਾ, "ਭਾਈ ਤੇਜਾ ਸਿੰਘ! ਤੁਸਾਂ ਬੜੇ ਇਮਤਿਹਾਨ ਪਾਸ ਕੀਤੇ ਹਨ, ਪਰ ਬ੍ਰਹਮ ਵਿੱਦਿਆ ਦਾ ਇਮਤਿਹਾਨ ਉਸ ਦਿਨ ਪਾਸ ਹੁੰਦਾ ਹੈ, ਜਦ ਪਿੱਛੋਂ ਆ ਕੇ ਇਹਨੂੰ ਕੋਈ ਲੱਤ ਮਾਰੇ ਤਾਂ ਇਹ ਦੇਖੇ ਤਕ ਨਹੀਂ ਕਿ ਕਿਸ ਨੇ ਮਾਰੀ ਹੈ ਜਾਂ ਘੱਟ ਤੋਂ ਘੱਟ ਕੋਈ ਆ ਕੇ ਆਖੇ: ਤੂੰ ਬੜਾ ਕੰਜਰ ਹੈਂ ਤੇ ਇਹ ਹੱਥ ਜੋੜਕੇ ਆਖੇ: ਭਾਈ! ਬੜਾ ਕੰਜਰ ਹਾਂ ਬੜੀ ਕ੍ਰਿਪਾ ਕੀਤੀ ਦੱਸ ਦਿੱਤਾ।' ਯੋਗ-ਵਸ਼ਿਸ਼ਟ ਦੀ ਕਥਾ ਏਹ ਕਹਿ ਕੇ ਭੋਗ ਪਾਉਣਾ ਕਿ ਭਾਈ ਸਾਰੀ ਯੋਗ-ਵਸ਼ਿਸ਼ਟ ਏਸ ਗੱਲ ਵਿੱਚ ਹੀ ਪੂਰੀ ਹੋ ਜਾਂਦੀ ਹੈ, **"ਗੁਰ ਸਾਖੀ ਜੋਤਿ ਪਰਗਟੁ ਹੋਇ ॥"** ਇੱਕ ਦਿਨ ਸ਼ਾਮ ਦੇ ਵੇਲੇ ਭਾਈ ਖੁਸ਼ਹਾਲ ਸਿੰਘ ਅਤੇ ਦਾਸ ਨੂੰ ਕਾਨੜਾ

ਰਾਗ ਅਲਾਪਨ ਦੀ ਜੁਗਤ ਸਿਖਾਉਣਾ। ਇੱਕ ਰਾਤ ਦਸ ਵਜੇ ਸੰਗਤ ਦੀ ਉਡੀਕ ਵਿੱਚ ਕੋਠੀ ਦੇ ਬਾਹਰ ਬੈਠੇ ਰਹਿਣਾ। ਸੰਗਤ ਦੇ ਇਕੱਠੇ ਹੋਣ ਤੇ ਹੁਕਮ ਦੇਣਾ ਕਿ ਭਾਈ! ਜੋ ਪੁੱਛਣਾ ਹੈ ਪੁੱਛ ਲਵੋ।

ਜਦ ਦਾਸ ਨੂੰ ਸੰਤ ਜੀ ਮਹਾਰਾਜ ਨੇ ਅੰਮ੍ਰਿਤਸਰ ਸਾਹਿਬ ਅਤੇ ਲਾਹੌਰ, ਪੰਥ ਦੇ ਆਗੂਆਂ ਨੂੰ ਮਿਲਣ ਲਈ ਭੇਜਿਆ, ਉਦੋਂ ਦਾਸ ਗੁਜਰਾਂਵਾਲੇ ਤੋਂ ਯੋਗ-ਵਸ਼ਿਸ਼ਟ ਅਤੇ ਜਿੰਨੀਆਂ ਹੋਰ ਧਾਰਮਿਕ ਪੁਸਤਕਾਂ ਲਈ ਭੇਜਿਆ। ਜਦ ਬਾਲੇਵਾਲ ਪੁੱਜਾ, ਤਦ ਪੁਸਤਕਾਂ ਦੀ ਗੰਢ ਦੇਖ ਕੇ ਸੰਤ ਜੀ ਮਹਾਰਾਜ ਨੇ ਪੁੱਛਿਆ, "ਭਾਈ! ਇਹ ਕੀ ਲਿਆਂਦਾ ਹੈ?" ਦਾਸ ਨੇ ਪੁਸਤਕਾਂ ਦੇ ਨਾਮ ਆਖ ਸੁਣਾਏ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਹ ਤਾਂ ਤੁਸਾਂ ਇੱਕ ਵੱਡਾ ਖਜ਼ਾਨਾ ਲੈ ਆਂਦਾ ਹੈ।" ਥੋੜ੍ਹੇ ਦਿਨ ਮਗਰੋਂ ਸੰਤ ਜੀ ਮਹਾਰਾਜ ਨੇ ਯੋਗ-ਵਸ਼ਿਸ਼ਟ ਦੀ ਕਥਾ ਅਰੰਭ ਕਰਵਾ ਦਿੱਤੀ। ਸੰਗਤ ਵਿੱਚੋਂ ਇੱਕ ਪ੍ਰੇਮੀ ਪਾਠ ਕਰਦਾ ਅਤੇ ਸੰਤ ਜੀ ਮਹਾਰਾਜ ਜਿੱਥੇ ਕੋਈ ਗੋਹਜ ਨੁਕਤਾ ਆਉਂਦਾ ਸਮਝਾ ਦੇਂਦੇ।

ਬਾਲੇਵਾਲ ਆਉਣ ਤੋਂ ਇੱਕ ਦੋ ਦਿਨ ਮਗਰੋਂ ਪਤਾ ਲੱਗਿਆ ਕਿ ਮਹਾਰਾਜ ਹੀਰਾ ਸਿੰਘ ਜੀ ਨਾਭਾ ਪਾਸ ਇੱਕ ਸਾਧੂ ਰਹਿੰਦਾ ਸੀ। ਉਹ ਸੱਪਾਂ ਦਾ ਬੜਾ ਮਾਹਰ ਸੀ। ਉਹ ਆਪ ਤਾਂ ਹੁਣ ਚੜ੍ਹਾਈ ਕਰ ਚੁੱਕਾ ਹੈ ਪਰ ਉਸ ਦਾ ਇੱਕ ਸ਼ਾਗਿਰਦ ਬਾਲੇਵਾਲ ਤੋਂ ਕੁਝ ਮੀਲ ਦੇ ਫਾਸਲੇ 'ਤੇ ਰਹਿੰਦਾ ਹੈ ਤੇ ਸੱਪ ਦੇ ਕੱਟਿਆਂ ਦਾ ਇਲਾਜ ਕਰਦਾ ਹੈ। ਸੰਤ ਜੀ ਮਹਾਰਾਜ ਦੇ ਹੁਕਮ ਮਿਲਣ 'ਤੇ ਉਸ ਨੂੰ ਸੱਦਿਆ ਗਿਆ। ਜਦ ਉਹ ਆਇਆ ਤਾਂ ਉਸ ਨੇ ਆਪਣੇ ਥੈਲੇ ਵਿੱਚੋਂ ਕੁਝ ਸੱਪ ਦੇ ਮਣਕੇ ਕੱਢੇ। ਦਾਸ ਉਸ ਵੇਲੇ ਹਾਜ਼ਰ ਸੀ। ਵਾਰੀ-ਵਾਰੀ ਮਣਕੇ ਜ਼ਖਮ ਦੇ ਸਾਹਮਣੇ ਲਿਆਂਦੇ। ਉਹਨਾਂ ਵਿੱਚੋਂ ਇੱਕ ਬੜੀ ਤੇਜ਼ੀ ਨਾਲ ਉੱਡ ਕੇ ਜ਼ਖਮ ਦੇ ਮੂੰਹ 'ਤੇ ਚੰਬੜ ਗਿਆ। ਥੋੜ੍ਹੇ ਚਿਰ ਮਗਰੋਂ ਮਣਕਾ ਫੁੱਲ ਗਿਆ ਅਤੇ ਜ਼ਖਮ ਨਾਲੋਂ ਸੌਖਾ ਹੀ ਲਹਿ ਗਿਆ। ਜੋਗੀ ਦੇ ਇਸ ਸ਼ਾਗਿਰਦ ਨੇ ਜਦ ਏਸ ਨੂੰ ਆਪਣੇ ਹੱਥਾਂ ਵਿੱਚ ਨਪੀੜਿਆ, ਧਰਤੀ 'ਤੇ ਪੰਜ ਛੇ ਟੇਪੇ ਪੀਲੇ-ਪੀਲੇ ਪਾਣੀ ਦੇ ਡਿੱਗੇ। ਪ੍ਰੇਮੀ ਨੇ ਆਖਿਆ ਕਿ ਸੰਤ ਜੀ ਮਹਾਰਾਜ, ਨੂੰ ਸੰਘਚੂਰ ਸੱਪ ਲੜਿਆ ਹੈ, ਮੇਰੀ ਪ੍ਰੀਖਿਆ ਇਹ ਦੱਸਦੀ ਹੈ। ਦਿੱਲੀ ਵਾਲੇ ਸੱਪਾਂ ਦੇ ਮਾਹਰ ਨੇ ਵੀ ਇਹੋ ਗੱਲ ਆਖੀ ਸੀ ਪਰ ਕਰਤਾਰ ਦੀ ਨੇਤ, ਜਿੱਥੇ ਕਿੱਤੇ ਸੱਪ ਦਾ ਦਰੁਸਤ ਇਲਾਜ ਸ਼ੁਰੂ ਹੋਇਆ, ਉੱਥੇ ਹੀ ਸਮੇਂ ਦੀ ਲਹਿਰ ਨੇ ਵਿਘਨ ਪਾਇਆ।

ਜਦ ਸਾਧੂ ਆਪਣੀ ਪ੍ਰੀਖਿਆ ਕਰ ਚੁੱਕਾ ਤੇ ਉਸ ਨੂੰ ਇਲਾਜ ਕਰਨ ਲਈ ਆਖਿਆ ਗਿਆ, ਤਦ ਉਸ ਨੇ ਹੱਥ ਜੋੜ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮੇਰੀ ਗਰੀਬ ਕੁਟੀਆ ਵਿੱਚ ਚਰਨ ਪਾਓ। ਉੱਥੇ ਮੈਂ ਦਵਾਈ ਤਿਆਰ ਰੱਖਾਂਗਾ ਅਤੇ ਪਹਿਲੀ ਵਾਰੀ ਉਸ ਜਗ੍ਹਾਂ ਚਰਨ 'ਤੇ ਲਾਵਾਂਗਾ। ਹਜ਼ੂਰ ਦੇ ਚਰਨ ਪੈਣ ਨਾਲ ਮੇਰੀ ਕੁੱਟੀਆ ਪੱਕੀ ਬਣ ਜਾਵੇਗੀ।" ਉਸ ਦਾ ਆਸ਼ਾ ਸਮਝ ਕੇ ਗਰੀਬ ਨਿਵਾਜ਼ ਸੰਤ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਦੂਜੇ ਦਿਨ ਸਵੇਰੇ ਹੀ ਦੀਵਾਨ ਦੇ ਮਗਰੋਂ ਉੱਧਰ ਟੁਰਨ ਦਾ ਗੁਰਮਤਾ ਹੋ ਗਿਆ। ਉਸ ਵੇਲੇ ਜੋਗੀਵਾਲ ਦੇ ਇੱਕ ਪ੍ਰੇਮੀ ਵਾਹਿਗੁਰੂ ਸਿੰਘ ਨੂੰ ਰੱਥ ਲਿਆਉਣ ਦੀ ਆਗਿਆ ਕੀਤੀ ਗਈ।

ਆਸਾ ਦੀ ਵਾਰ ਦੇ ਭੋਗ ਦੇ ਮਗਰੋਂ ਅੱਠ ਕੁ ਵਜੇ ਰੱਥ ਆ ਗਿਆ। ਸੰਤ ਜੀ ਏਸ 'ਤੇ ਚੜ੍ਹ ਸਾਧੂ ਦੀ ਨਗਰੀ ਵੱਲ ਟੁਰ ਪਏ। ਰਾਹ ਵਿੱਚ ਸੰਤ ਜੀ ਆਪਣੇ ਰੰਗ ਵਿੱਚ ਆ ਗਏ ਅਤੇ ਹੱਸ ਕੇ ਕਹਿਣ ਲੱਗੇ, "ਭਾਈ! ਅਰਜਨ ਦਾ ਰਥਵਾਹੀ ਕਿਸ਼ਨ ਸੀ, ਸਾਡਾ ਰਥਵਾਹੀ ਵਾਹਿਗੁਰੂ ਆਪ ਹੈ।" ਏਸ ਤਰ੍ਹਾਂ ਬਚਨ ਬਿਲਾਸ ਕਰਦੇ ਹੌਲੀ-ਹੌਲੀ ਰੱਥ ਟੁਰਿਆ ਗਿਆ। ਦਾਸ ਨਾਲ-ਨਾਲ ਪੈਦਲ ਅਰਦਲ ਵਿੱਚ ਸੀ। ਦੋ ਘੰਟੇ ਮਗਰੋਂ ਸਾਧੂ ਦੀ ਕੁਟੀਆ ਆ ਗਈ। ਇਹ ਪਿੰਡ ਤੋਂ ਬਾਹਰ ਇੱਕ ਪਾਸੇ ਹੀ ਸੀ। ਕੱਚੀ ਜਿਹੀ ਝੁੱਗੀ ਅਤੇ ਆਲੇ-ਦੁਆਲੇ ਥੋਹਰ

ਦੀ ਵਾੜ, ਜਿਸ ਦੇ ਨਾਲ-ਨਾਲ ਕਈ ਵਰਮੀਆਂ ਸਨ। ਦੂਰੋਂ ਹੀ ਦੇਖ ਦੇ ਸਾਧੂ ਨੇ ਸੰਤ ਜੀ ਮਹਾਰਾਜ ਵਾਸਤੇ ਇੱਕ ਮੰਜਾ ਡਾਹ ਦਿੱਤਾ। ਸੰਤ ਜੀ ਮਹਾਰਾਜ ਰੱਥ ਤੋਂ ਉੱਤਰੇ ਅਤੇ ਇਸ ਮੰਜੇ 'ਤੇ ਸਜ ਗਏ। ਨਗਰ ਦੀ ਸੰਗਤ ਦੇ ਕਈ ਪ੍ਰੇਮੀ ਦਰਸ਼ਨ ਲਈ ਆ ਗਏ। ਸਾਧੂ ਨੇ ਬੜੇ ਪ੍ਰੇਮ ਨਾਲ ਪਹਿਲਾਂ ਚਰਨ ਨੂੰ ਸਾਫ਼ ਕੀਤਾ, ਫੇਰ ਮਣਕੇ ਨਾਲ ਜ਼ਹਿਰ ਦਾ ਪਾਣੀ ਕੱਢ ਦਵਾ ਲਾਈ। ਸੰਤ ਜੀ ਮਹਾਰਾਜ ਇਸ 'ਤੇ ਬੜੇ ਪ੍ਰਸੰਨ ਹੋਏ ਅਤੇ ਪਿੰਡ ਦੇ ਮੁੱਖੀ ਸੱਜਣਾਂ ਨੂੰ ਸਾਧੂ ਦੀ ਕੁਟੀਆ ਪੱਕੀ ਕਰਨ ਵਾਸਤੇ ਆਗਿਆ ਕਰ ਦਿੱਤੀ। ਉਹਨਾਂ ਨੇ ਬੜੇ ਪ੍ਰੇਮ ਅਤੇ ਸ਼ਰਧਾ ਨਾਲ ਸੰਤ ਜੀ ਮਹਾਰਾਜ ਦਾ ਬਚਨ ਮੰਨ ਲਿਆ। ਇੱਥੋਂ ਟੁਰ, ਸੰਤ ਜੀ ਆਪਣੇ ਆਸਣ 'ਤੇ ਬਾਲੇਵਾਲ ਆ ਗਏ। ਸਾਧੂ ਰੋਜ਼ ਏਥੇ ਆਉਂਦਾ, ਮਣਕੇ ਨਾਲ ਜ਼ਹਿਰ ਦਾ ਪਾਣੀ ਕੱਢਦਾ ਅਤੇ ਸਾਫ਼ ਕਰ ਦਵਾਈ ਲਾਉਂਦਾ। ਪੰਜ ਛੇ ਦਿਨ ਵਿੱਚ ਹੀ ਚਰਨ ਦੀ ਸਾਰੀ ਸੋਜ ਲਹਿ ਗਈ। ਖੱਬੇ ਪੈਰ ਵਾਂਗ ਸੱਜੇ ਦਾ ਵੀ ਛੱਪਰ ਹੌਲਾ ਹੋ ਗਿਆ ਅਤੇ ਦਾਸ ਨੂੰ ਤੇ ਹੋਰ ਪ੍ਰੇਮੀਆਂ ਨੂੰ ਇਹ ਆਸ ਬੱਝ ਗਈ ਕਿ ਹੁਣ ਬੜੀ ਛੇਤੀ ਚਰਨ ਠੀਕ ਹੋ ਜਾਏਗਾ ਅਤੇ ਸੰਤ ਜੀ ਮਹਾਰਾਜ ਆਪਣੇ ਆਪ ਟੁਰਨ ਫਿਰਨ ਲੱਗ ਪੈਣਗੇ। ਪਰ ਈਰਖਾ ਦੀ ਲਹਿਰ ਨੇ ਏਸ ਇਲਾਜ ਨੂੰ ਸਿਰੇ ਨਾ ਚੜ੍ਹਨ ਦਿੱਤਾ। ਇਸ ਵੈਰਨ ਦੇ ਬੀਜ ਦਾ ਝਲਕਾਰਾ ਪਹਿਲੇ ਦਿਨ ਹੀ ਪੈ ਗਿਆ। ਜਦ ਸੰਤ ਜੀ ਮਹਾਰਾਜ, ਸਾਧੂ ਦੀ ਕੁਟੀਆ ਤੋਂ ਮੁੜਕੇ ਬਾਲੇਵਾਲ ਪੁੱਜੇ, ਤਦ ਇਸ ਕੁਟੀਆ ਦੇ ਉਸ ਵੇਲੇ ਦੇ ਮੁਕਾਮੀ ਪ੍ਰਬੰਧਕ ਨੇ ਦਾਸ ਨੂੰ ਤਰਕ ਮਾਰੀ ਕਿ ਤੂੰ ਸੰਤ ਜੀ ਮਹਾਰਾਜ ਨੂੰ ਸਾਧੂ ਦੀ ਕੁਟੀਆ ਲੈ ਗਿਆ ਸੀ, ਹੁਣ ਉਹ ਦੀ ਕੁਟੀਆ ਪੱਕੀ ਤੂੰ ਹੀ ਕਰਾ ਦੇਹ। ਦਾਸ ਨੇ ਆਖਿਆ, "ਜਿਸ ਤਰ੍ਹਾਂ ਮਾਲਕ ਹੁਕਮ ਦੇਣਗੇ, ਹੋ ਜਾਏਗਾ।"

ਸੰਤ ਜੀ ਮਹਾਰਾਜ ਨੂੰ ਸਦਾ ਹੀ ਸਤਿਗੁਰੂ ਦੀ ਸੇਵਾ ਆਪਣੇ ਸਰੀਰ ਨਾਲੋਂ ਪਿਆਰੀ ਸੀ। ਦਾਸ ਨੂੰ ਅੰਮ੍ਰਿਤਸਰ ਅਕਾਲ ਕਾਲਜ ਦੀ ਸੇਵਾ ਲਈ ਭੇਜ ਦਿੱਤਾ ਅਤੇ ਫ਼ਰਮਾਇਆ, "ਹੁਣ ਸਾਧੂ ਆਪਣੇ ਆਪ ਆਇਆ ਜਾਇਆ ਕਰੇਗਾ ਅਤੇ ਇਲਾਜ ਕਰਦਾ ਰਹੇਗਾ। ਤੁਸੀਂ ਅੰਮ੍ਰਿਤਸਰ ਸਾਹਿਬ ਜਾ ਕੇ ਯਤਨ ਕਰੋ ਕਿ ਪੰਥ ਅਕਾਲ ਕਾਲਜ਼ ਦੀ ਸੰਭਾਲ ਕਰੇ।"

ਜਦ ਏਸ ਹੁਕਮ ਦੀ ਤਾਮੀਲ ਕਰ ਕੇ ਦਾਸ ਬਾਲੇਵਾਲ ਮੁੜ ਕੇ ਆਇਆ ਤਾਂ ਕੀ ਦੇਖਦਾ ਹੈ ਕਿ ਚਰਨ ਫੇਰ ਸੁੱਜਾ ਹੋਇਆ ਸੀ। ਚਿੱਤ ਨੂੰ ਬੜਾ ਹੀ ਖੇਦ ਹੋਇਆ, ਪ੍ਰੇਮੀਆਂ ਨੂੰ ਪੁੱਛਿਆ ਕਿ ਏਸ ਦਾ ਕੀ ਕਾਰਨ ਹੈ। ਸੋਹਣਾ ਇਲਾਜ ਹੋ ਗਿਆ ਸੀ, ਦਿਨੋ ਦਿਨ ਸੋਜ ਘੱਟ ਰਹੀ ਸੀ, ਕੀ ਭਾਣਾ ਵਰਤ ਗਿਆ? ਉਹਨਾਂ ਨੇ ਦੱਸਿਆ ਕਿ ਭਾਈ ਕਰਮ ਸਿੰਘ, ਕੋਠੀ ਦੇ ਪ੍ਰਬੰਧਕ ਨੇ ਲੜ ਕੇ ਸਾਧੂ ਨੂੰ ਹਟਾ ਦਿੱਤਾ। ਉਹ ਵਿਚਾਰਾ ਡਰਦਾ ਮਾਰਿਆ ਫੇਰ ਨਹੀਂ ਆਇਆ।

ਕੁਝ ਦਿਨਾਂ ਮਗਰੋਂ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ ਜਿਨ੍ਹਾਂ ਨੂੰ ਦਾਸ ਸੱਦ ਕੇ ਆਇਆ ਸੀ, ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਬਾਲੇਵਾਲ ਪੁੱਜ ਗਏ। ਬੜੇ ਅਦਬ ਨਾਲ ਨਮਸਕਾਰ ਕਰ ਕੇ ਸਾਰੀ ਗੱਲਬਾਤ ਕੀਤੀ ਤੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਦਾਸ ਤਾਂ ਹਰ ਤਰ੍ਹਾਂ ਹਾਜ਼ਰ ਹੈ, ਪਰ ਏਸ ਵੇਲੇ ਮੇਰੇ ਵੱਸ ਕੁਝ ਨਹੀਂ। ਪ੍ਰਬੰਧਕ ਕਮੇਟੀ ਜੇ ਅਕਾਲ ਕਾਲਜ਼ ਨੂੰ ਹੱਥ ਪਾਵੇ ਤਾਂ ਸਭ ਕੁਝ ਕਰ ਸਕਦੀ ਹੈ। ਦਰਸ਼ਨ ਕਰਨ ਦੇ ਮਗਰੋਂ ਜਦ ਸਰਦਾਰ ਸਰਦੂਲ ਸਿੰਘ ਜੀ ਕਵੀਸ਼ਰ, ਦਾਸ ਨਾਲ ਬਾਲੇਵਾਲ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਆਏ, ਤਾਂ ਰਾਹ ਵਿੱਚ ਕਹਿਣ ਲੱਗੇ, "ਮੈਨੂੰ ਅੱਜ ਬੜਾ ਹੀ ਅਸਚਰਜ ਹੋਇਆ ਹੈ। ਸੰਤ ਜੀ ਮਹਾਰਾਜ ਦੇ ਚਰਨ ਦੀ ਹਾਲਤ ਤਾਂ ਬੜੀ ਹੀ ਖਰਾਬ ਨਜ਼ਰ ਆਉਂਦੀ ਹੈ, ਪਰ ਮਹਾਰਾਜ ਜੀ ਦਾ ਚਿਹਰਾ ਉਸੇ ਤਰ੍ਹਾਂ ਹੀ ਦਗ-ਦਗ ਕਰ ਰਿਹਾ ਹੈ। ਖਿੜੇ ਮੱਥੇ ਪੂਰਨ ਅਨੰਦ ਵਿੱਚ ਸਾਰਿਆਂ ਨਾਲ ਪ੍ਰੇਮ ਭਰੇ ਬਚਨ ਬਿਲਾਸ ਕਰਦੇ ਹਨ। ਦੁੱਖ ਦਰਦ ਦਾ ਕੋਈ ਅਹਿਸਾਸ ਵੀ ਨਹੀਂ ਮਾਲੂਮ ਹੁੰਦਾ।" ਰਾਤ ਰਹਿ ਕੇ ਕਵੀਸ਼ਰ ਜੀ ਦੂਜੇ ਦਿਨ ਲਾਹੌਰ ਮੁੜ ਗਏ।

ਸ਼ਾਮ ਦੇ ਵੇਲੇ ਕਥਾ ਵਿੱਚ ਅਤੇ ਕਈ ਵਾਰੀ ਸਹਿਜ-ਸੁਭਾਅ ਬਚਨ ਬਿਲਾਸ ਕਰਦਿਆਂ, ਸੰਤ ਜੀ ਮਹਾਰਾਜ, ਵਿਚਾਰ ਅਤੇ ਪਰਮਾਰਥ ਦੇ ਕਈ ਗੂੜ੍ਹੇ ਨੁਕਤੇ, ਪੂਰਨ ਅਤੇ ਬੜੀ ਸਾਧਾਰਨ ਜੁਗਤ ਨਾਲ ਸਮਝਾਉਂਦੇ। ਇਹਨਾਂ ਵਿੱਚੋਂ ਖਾਸ ਧਿਆਨ ਯੋਗ ਇਹ ਬਚਨ ਹਨ:

ਇਕ ਦਿਨ ਦਾਸ ਨੂੰ ਪੁੱਛਣ ਲੱਗੇ, "ਭਾਈ ਤੇਜਾ ਸਿੰਘ! ਦੁਨੀਆਂ ਵਿੱਚ ਅਸਲੀ ਪਾਤਸ਼ਾਹ ਕੌਣ ਹੈ?' ਦਾਸ ਨੇ ਆਖਿਆ, 'ਫ਼ਕੀਰ।' ਸੰਤ ਜੀ ਮਹਾਰਾਜ ਹੱਸ ਕੇ ਬੋਲੇ, "ਭਾਈ! ਪਰਮਾਰਥ ਦੀ ਗੱਲ ਨਹੀਂ ਪੁੱਛੀ, ਵਿਹਾਰ ਦੀ ਗੱਲ ਪੁੱਛੀ ਹੈ। ਸੋਚ ਕੇ ਦੱਸੋ।" ਦਾਸ ਨੇ ਬਹੁਤੇਰੀ ਦਲੀਲ ਦੌੜਾਈ ਪਰ ਕੋਈ ਗੱਲ ਨਾ ਫੁਰੀ। ਆਖਰ ਬੇਨਤੀ ਕਰਨੀ ਪਈ, "ਸੱਚੇ ਪਾਤਸ਼ਾਹ! ਹਜ਼ੂਰ, ਆਪ ਦੱਸੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਤੇਜਾ ਸਿੰਘ! ਅਸਲੀ ਪਾਤਸ਼ਾਹ ਜ਼ਿਮੀਂਦਾਰ ਹੈ, ਇਹਦੇ ਅੱਗੇ ਸਾਰੇ ਹੱਥ ਕਰਦੇ ਹਨ, ਇਹ ਕਿਸੇ ਅੱਗੇ ਹੱਥ ਨਹੀਂ ਕਰਦਾ। ਫ਼ਕੀਰ, ਪਾਤਸ਼ਾਹ, ਮੰਗਤਾ ਅਤੇ ਅਨੇਕ ਸਵਾਲੀ ਇਸ ਦੇ ਦਰ 'ਤੇ ਆਉਂਦੇ ਹਨ। ਜੇ ਜ਼ਿਮੀਂਦਾਰ ਆਪਸ ਵਿੱਚ ਇਤਫ਼ਾਕ ਕਰ ਲੈਣ ਤਾਂ ਇਹ ਸਭ ਨੂੰ ਆਪਣੇ ਅਧੀਨ ਕਰ ਸਕਦੇ ਹਨ। ਇੱਕ ਦਾਣਾ ਕਿਸੇ ਨੂੰ ਨਾ ਦੇਣ ਪਰ ਇਹਨਾਂ ਗਿਆਨ ਵਿਹੂਣਿਆਂ ਦੀ ਇਹ ਹਾਲਤ ਹੈ, ਜਦ ਨਿੱਕੀ ਉਮਰੇ ਅਸੀਂ ਭੇਡਾਂ ਚਾਰਦੇ ਤਾਂ ਭੇਡ ਨੂੰ ਜ਼ਮੀਨ 'ਤੇ ਲੰਮਾ ਪਾ, ਉਹਦੇ ਕੰਨ 'ਤੇ ਛਿੱਤਰ ਰੱਖ ਦਿੰਦੇ। ਆਖਦੇ, "ਤੈਨੂੰ ਛਿੱਤਰ ਦੀ ਸੌਂਹ, ਤੂੰ ਉੱਠਣਾ ਨਹੀਂ।" ਉਹ ਭੇਡ ਓਥੇ ਹੀ ਲੰਮੀ ਪਈ ਰਹਿੰਦੀ। ਇਹ ਚੋਰੀ, ਯਾਰੀ, ਸ਼ਰਾਬ ਅਤੇ ਖ਼ੂਨ ਖ਼ਰਾਬੇ ਕਰ ਕੇ, ਆਪਣੀ ਸਾਰੀ ਕਮਾਈ ਗਵਾ ਦਿੰਦਾ ਹੈ। ਜਦ ਕਚਹਿਰੀ ਵਿੱਚ ਕੋਈ ਮੁਕੱਦਮਾ ਆ ਬਣਦਾ ਹੈ ਤਾਂ ਬੋਝੇ ਵਿੱਚ ਸੈਂਕੜੇ ਰੁਪਏ ਪਾ ਅਫ਼ਸਰ ਦੇ ਘਰ ਜਾਂਦਾ ਹੈ। ਅੱਗੋਂ ਓਹ ਗਾਲਾਂ ਕੱਢਦਾ ਹੈ ਅਤੇ ਆਖਦਾ ਹੈ, "ਜਾਓ ਚਲੇ ਜਾਓ।" ਓਹ ਢੀਠ ਹੋ ਕੇ ਹੱਥ ਜੋੜਦਾ ਹੈ ਤੇ ਆਖਦਾ ਹੈ, "ਨਹੀਂ ਹਜ਼ੂਰ ਇਹ ਤਾਂ ਆਪ ਦੇ ਬਾਲ ਬੱਚੇ ਦੀ ਮਿਠਾਈ ਵਾਸਤੇ ਹਾਜ਼ਰ ਕਰਦਾ ਹਾਂ।" ਦੂਜੇ ਪਾਸੇ, ਸੰਤ ਜੀ ਮਹਾਰਾਜ ਨੇ ਇੱਕ ਸੰਤੋਖੀ ਜ਼ਿਮੀਦਾਰ ਦੀ ਸਾਖੀ ਸੁਣਾਈ। ਇਹ ਪ੍ਰੇਮੀ ਭੇਡਾਂ ਚਾਰਦਾ, ਇਹਦੇ ਕੱਪੜੇ ਲੀਰਾਂ ਲੱਥੇ ਹੁੰਦੇ। ਜਿਹੜਾ ਉਸ ਨੂੰ ਮਿਲਦਾ ਓਸ ਨੂੰ ਆਖਦਾ, 'ਮੈਂ ਪਾਤਸ਼ਾਹ ਹਾਂ।' ਇੱਕ ਪ੍ਰੇਮੀ ਨੇ ਆਖਿਆ ਕਿ ਭਾਈ! ਤੂੰ ਤਾਂ ਫ਼ਕੀਰ ਹੈਂ, ਪਾਤਸ਼ਾਹ ਕਿਸ ਤਰ੍ਹਾਂ? ਤੇਰੇ ਤਨ 'ਤੇ ਤਾਂ ਲੀਰਾਂ ਪਹਿਨੀਆਂ ਹੋਈਆਂ ਹਨ। ਨਿਡਰ ਅਤੇ ਖਿੜੇ ਮੱਥੇ ਜ਼ਿਮੀਦਾਰ ਨੇ ਜਵਾਬ ਦਿੱਤਾ, "ਚੋਰੀ ਯਾਰੀ ਮੈਂ ਨਹੀਂ ਕਰਦਾ, ਕਿਸੇ ਅੱਗੇ ਹੱਥ ਨਹੀਂ ਅੱਡਦਾ, ਮੇਰੇ ਜਿਹਾ ਪਾਤਸ਼ਾਹ ਕੌਣ ਹੈ?"

ਇੱਕ ਦਿਨ ਯੋਗ-ਵਿਸ਼ਿਸ਼ਟ ਦੀ ਕਥਾ ਦੇ ਸਮੇਂ ਮਨ ਦੀ ਪਰਥਾਏ ਪ੍ਰਚਾਰ ਹੋ ਰਿਹਾ ਸੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਸ ਦਾ ਜਿੱਤਣਾ ਬੜਾ ਹੀ ਕਠਨ ਹੈ। ਕਈ ਵਾਰੀ ਇਹ ਮਰਿਆ ਹੋਇਆ ਭਾਸਦਾ ਹੈ, ਪਰ ਫੇਰ ਜਾਗ ਪੈਂਦਾ ਹੈ। ਜਦ ਤਕ ਬਿਰਹੋਂ ਦੀ ਭੱਠੀ ਵਿੱਚ ਇਹ ਮਨ ਰੂਪੀ ਦਾਣਾ ਪੂਰਾ ਨਾ ਭੁੱਜ ਜਾਵੇ, ਇਸ ਦਾ ਕੱਚਾ ਅੰਕੁਰ ਫੇਰ ਜੰਮ ਪੈਂਦਾ ਹੈ। ਭੁੱਜੇ ਅਤੇ ਕੱਚੇ ਦਾਣੇ ਦੀ ਸ਼ਕਲ ਵਿੱਚ ਕੋਈ ਫ਼ਰਕ ਨਹੀਂ ਪਰ ਭੁੱਜਿਆ ਹੋਇਆ ਦਾਣਾ ਨਹੀਂ ਉੱਗਦਾ ਅਤੇ ਕੱਚੇ ਅੰਕੁਰ ਵਾਲਾ ਫੁੱਟ ਪੈਂਦਾ ਹੈ। ਭਾਈ! ਕਿਧਰੇ ਸ਼ੇਖ ਚਿੱਲੀ ਵਾਂਗਣ ਤਾਜ਼ੇ ਮੋਇਆ ਵਾਲੀ ਗੱਲ ਨਾ ਬਣ ਜਾਵੇ। ਜਗਿਆਸੂ ਨੂੰ ਬੜਾ ਹੀ ਸੁਚੇਤ ਰਹਿਣਾ ਚਾਹੀਦਾ ਹੈ। ਦੁਨੀਆਂ ਬੜੀ ਚਤੁਰ ਹੈ, ਉੱਡਦੇ ਜਾਂਦੇ ਨੂੰ ਗੋਲੀ ਮਾਰ ਕੇ ਹੇਠਾਂ ਡੇਗ ਲੈਂਦੀ ਹੈ। ਇਹ ਜੀਵ ਵੀ ਕਈ ਵਾਰੀ ਇੱਲ ਵਾਂਗੂ ਉਡਾਰੀ ਮਾਰਦਾ ਹੈ ਅਤੇ ਬੜਾ ਉੱਚਾ ਅਕਾਸ਼ ਵਿੱਚ ਚੜ੍ਹ ਜਾਂਦਾ ਹੈ ਪਰ ਬੋਟੀ ਦੇਖ ਝੱਟ ਝਪਟਾ ਮਾਰ ਧਰਤੀ 'ਤੇ ਡਿੱਗ ਪੈਂਦਾ ਹੈ। ਫੇਰ ਸੰਤ ਜੀ ਨੇ ਸ਼ੇਖ ਚਿੱਲੀ ਦੀ ਸਾਰੀ ਸਾਖੀ ਆਖ ਸੁਣਾਈ।

ਇੱਕ ਦਿਨ ਸ਼ੇਖ ਚਿੱਲੀ ਇੱਕ ਦਰਖਤ ਦੀ ਟਾਹਣੀ 'ਤੇ ਬੈਠਾ ਉਸੇ ਨੂੰ ਹੀ ਕੱਟ ਰਿਹਾ ਸੀ, ਹੇਠੋਂ ਇੱਕ ਰਾਹੀ ਲੰਘਿਆ। ਉਸ ਨੇ ਆਖਿਆ ਤੂੰ ਡਿੱਗ ਪਵੇਂਗਾ, ਇਹ ਟਾਹਣੀ ਨਾ ਕੱਟ। ਸ਼ੇਖ ਚਿੱਲੀ ਨੇ ਆਖਿਆ, "ਜਾਹ-ਜਾਹ ਤੇਰੇ ਵਰਗੇ ਕਈ ਦੇਖੇ।" ਅਜੇ ਰਾਹੀ ਸੌ ਕੁ ਕਦਮ ਟੁਰਿਆ ਸੀ ਕਿ ਟਾਹਣੀ ਟੁੱਟ ਗਈ ਅਤੇ

ਸ਼ੇਖ ਚਿੱਲੀ ਧਰਤੀ 'ਤੇ ਡਿੱਗ ਪਿਆ। ਸੱਟ-ਸੁੱਟ ਦੀ ਕੋਈ ਪ੍ਰਵਾਹ ਨਾ ਕੀਤੀ, ਦੌੜਿਆ ਰਾਹੀ ਦੇ ਮਗਰ, ਲੱਗਾ ਆਵਾਜ਼ਾਂ ਮਾਰਨ, "ਤੂੰ ਤਾਂ ਰੱਬ ਹੈਂ, ਦੱਸ ਮੈਂ ਕਦੋਂ ਮਰਾਂਗਾ?" ਥੋੜ੍ਹੇ ਚਿਰ ਵਿੱਚ ਹੀ ਰਾਹੀ ਦੇ ਕੋਲ ਪੁੱਜਾ। ਉਸ ਦਾ ਪੱਲਾ ਫੜ, ਆਪਣਾ ਸਵਾਲ ਬਾਰ-ਬਾਰ ਦੁਹਰਾਈ ਗਿਆ। ਹੁਣ ਰਾਹੀ ਨੂੰ ਆਪਣਾ ਪਿੱਛਾ ਛੁਡਾਉਣਾ ਮੁਸ਼ਕਲ ਹੋ ਗਿਆ ਪਰ ਬੰਦਾ ਜੁਗਤੀ ਵਾਲਾ ਸੀ, ਆਖਿਓਸੂ ਕਿ ਭਾਈ! ਤੂੰ ਤਾਂ ਮਰ ਗਿਆ ਹੈਂ, ਔਹ ਸਾਹਮਣਾ ਟੋਇਆ ਤੇਰੀ ਕਬਰ ਹੈ, ਉਸ ਵਿੱਚ ਪੈ ਜਾ। ਸ਼ੇਖ ਚਿੱਲੀ ਉਸੇ ਵੇਲੇ ਟੋਏ ਵਿੱਚ ਜਾ ਲੰਮਾ ਪਿਆ। ਰਾਹੀ ਅੱਗੇ ਟੁਰ ਗਿਆ। ਥੋੜ੍ਹੇ ਚਿਰ ਮਗਰੋਂ ਇੱਕ ਹੋਰ ਪ੍ਰੇਮੀ ਆ ਗਿਆ। ਇਸ ਦੇ ਸਿਰ ਦੇ ਉੱਤੇ ਇੱਕ ਪੀਪਾ ਚੁੱਕਿਆ ਹੋਇਆ ਸੀ। ਭਾਰ ਦਾ ਅੱਕਿਆ ਹੋਇਆ ਉੱਚੀ-ਉੱਚੀ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਿਆ, "ਇਸ ਜੂਹ ਵਿੱਚ ਕੋਈ ਬੰਦਾ ਜਾਂ ਬੰਦੇ ਦੀ ਜ਼ਾਤ ਨਜ਼ਰ ਨਹੀਂ ਪੈਂਦੀ, ਨਹੀਂ ਤਾਂ ਪੀਪਾ ਚੁਕਾ ਕੁਝ ਮਜ਼ਦੂਰੀ ਦੇ ਦਿੰਦਾ।" ਟੋਏ ਵਿੱਚ ਪਿਆ ਸ਼ੇਖ ਚਿੱਲੀ ਬੋਲ ਉਠਿਆ, "ਜਦੋਂ ਜੀਊਂਦੇ ਸਾਂ, ਭਾਰ ਚੁੱਕ ਲੈਂਦੇ ਸਾਂ, ਹੁਣ ਤਾਂ ਮੋਏ ਪਏ ਹਾਂ।" ਭਾਰ ਵਾਲੇ ਪ੍ਰੇਮੀ ਨੇ ਆਖਿਆ, "ਭਾਈ! ਕਦੇ ਮੋਏ ਹੋਏ ਵੀ ਬੋਲਦੇ ਹਨ?" ਸ਼ੇਖ ਚਿੱਲੀ ਬੋਲਿਆ, "ਯਾਰ! ਤਾਜ਼ਾ ਮੋਇਆ ਹੋਇਆ ਹਾਂ।" ਇਸੇ ਤਰ੍ਹਾਂ ਜੀਵ ਥੋੜ੍ਹੇ ਅਭਿਆਸ ਮਗਰੋਂ ਆਪਣੇ ਆਪ ਨੂੰ ਮਨ ਕਰਕੇ ਮੋਇਆ ਹੋਇਆ ਸਮਝਣ ਲੱਗ ਪੈਂਦਾ ਹੈ ਪਰ ਨਿੱਕੀ ਜਿਹੀ ਦ੍ਰਿਸ਼ਟਮਾਨ ਦੀ ਖਿੱਚ ਨਾਲ ਇਹ ਤਾਜ਼ੇ ਮੋਏ ਸ਼ੇਖ ਚਿੱਲੀ ਵਾਂਗੂ ਭੁੜਕ ਉੱਠਦਾ ਹੈ। ਪ੍ਰੇਮੀਓ! ਇਸ ਮਨ ਦਾ ਕੋਈ ਵਿਸਾਹ ਨਹੀਂ ਘਾਹ ਵਿੱਚ ਲੁਕੇ ਹੋਏ ਸੱਪ ਵਾਂਗੂ ਇਹ ਅਛੋਪ ਹੀ ਸਿਰੀ ਕੱਢ, ਡੰਗ ਮਾਰ ਜਾਂਦਾ ਹੈ।

ਇਕ ਦਿਨ ਇਸ ਗੱਲ 'ਤੇ ਵਿਚਾਰ ਟੁਰ ਪਈ ਕਿ ਬੰਦਾ ਫਸਿਆ ਹੋਇਆ ਮਾਰ ਖਾਂਦਾ ਹੈ।

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥ਰਹਾਉ॥ (੭੦੨)

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ (੫੯੫)

ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਜਿਹੜੇ ਪ੍ਰੇਮੀ ਆਪਣੇ ਮਨ ਦੇ ਮਗਰ ਲੱਗ ਕੇ ਕੂਕਦੇ ਹਨ, ਅਸੀਂ ਅਜ਼ਾਦ ਬਣ ਗਏ ਹਾਂ, ਉਹ ਭੁਲੇਖੇ ਵਿੱਚ ਹਨ। ਜਦ ਤੀਕਰ ਜੀਵ ਸੰਤੋਖ ਧਾਰਨ ਕਰ ਕੇ ਆਪਣੀਆਂ ਆਦਤਾਂ ਅਤੇ ਰਸਨਾ ਇੰਦਰੀ ਦੇ ਸਵਾਦਾਂ ਤੋਂ ਉੱਚਾ ਨਹੀਂ ਹੁੰਦਾ ਤਦ ਤੀਕਰ ਇਹ ਗੁਲਾਮ ਹੈ। ਮੱਕੜੀ ਵਾਂਗੂੰ ਆਪਣੇ ਆਲੇ ਦੁਆਲੇ ਜਾਲ ਤਣ ਕੇ, ਫਸਿਆ ਹੋਇਆ ਮਾਰ ਖਾਈ ਜਾਂਦਾ ਹੈ। ਇੱਕ ਦਿਨ ਬੁੱਲ੍ਹੇਸ਼ਾਹ, ਛੁੱਟਿਆ ਹੋਇਆ ਅਜ਼ਾਦ ਫ਼ਕੀਰ, ਮਸੀਤ ਅੰਦਰੋਂ ਲੰਘ ਰਿਹਾ ਸੀ। ਅੰਦਰ ਮੌਲਵੀ ਅਤੇ ਹੋਰ ਕਈ ਸ਼ਰ੍ਹਾ ਦੇ ਜਕੜੇ ਹੋਏ ਪ੍ਰੇਮੀ ਨਮਾਜ਼ ਪੜ੍ਹ ਰਹੇ ਸਨ। ਬੁੱਲ੍ਹੇ ਨੂੰ ਜੋ ਮੌਜ ਆਈ, ਲੱਗਾ ਧਰਤੀ 'ਤੇ ਪੈਰ ਨਾਲ ਜੁੱਤੀਆਂ ਮਾਰਨ। ਆਖੇ ਮੇਰੀ ਜੁੱਤੀ ਹੇਠਾਂ ਰੱਬ, ਮੇਰੀ ਜੁੱਤੀ ਹੇਠਾਂ ਰੱਬ। ਮਸੀਤ ਦੇ ਅੰਦਰਲੇ ਨਮਾਜ਼ੀ ਸੱਜਣ ਨਮਾਜ਼ ਤਾਂ ਪੜ੍ਹਦੇ ਰਹੇ ਪਰ ਇਹਨਾਂ ਦਾ ਧਿਆਨ ਬੁੱਲ੍ਹੇ ਵੱਲ ਬਦਲ ਗਿਆ। ਮਨ ਵਿੱਚ ਆਖਣ ਲੱਗ ਪਏ ਕਿ ਕਾਫ਼ਰ ਕੀ ਕਰ ਰਿਹਾ ਹੈ? ਨਮਾਜ਼ ਤੋਂ ਵਿਹਲੇ ਹੋਈਏ, ਫਿਰ ਇਸ ਨੂੰ ਇਸ ਦੇ ਕੁਫਰ ਦੀ ਸਜ਼ਾ ਭੁਗਤਾਈਏ। ਬਸ ਧਰਤੀ 'ਤੇ ਆਖੀਰੀ ਸਜਦਾ ਕਰ, ਛੇਤੀ-ਛੇਤੀ ਮਸੀਤ ਤੋਂ ਬਾਹਰ ਨਿਕਲੇ ਅਤੇ ਬੁੱਲ੍ਹੇ ਨੂੰ ਕਾਬੂ ਕਰ ਲਿਆ। ਲਿਆਏ ਕਾਜ਼ੀ ਪਾਸ। ਘੰਟਾ ਕੁ ਸਾਰਿਆਂ, ਆਪਣੀ ਥਾਂ ਬੁੱਲ੍ਹੇ ਦੀ ਇਸ ਕੁਫਰ ਭਰੀ ਕਰਤੂਤ ਦਾ ਬਿਆਨ ਦਿੱਤਾ। ਬੁੱਲ੍ਹਾ ਵਿਚਾਰਾ ਚੁੱਪ-ਚੁੱਪੀਤਾ ਇੱਕ ਪਾਸੇ ਖੜਾ ਰਿਹਾ। ਜਦ ਸਾਰੇ ਆਪਣੀ ਆਪਣੀ ਗੱਲ ਕਰ ਚੁੱਕੇ, ਤਾਂ ਇਸ ਨੇ ਹੌਲੀ ਜਿਹੀ ਬੜੇ ਅਦਬ ਨਾਲ ਕਾਜ਼ੀ ਨੂੰ ਆਖਿਆ, "ਜਨਾਬ! ਤੁਸੀਂ ਫ਼ਰਮਾਉ ਕਿ ਮੇਰੀ ਜੁੱਤੀ ਹੇਠਾਂ ਰੱਬ ਨਹੀਂ।" ਕਾਜ਼ੀ ਸਿਆਣਾ ਸੀ, ਰਮਜ਼ ਸਮਝ ਗਿਆ। ਆਖਿਓਸੂ, "ਭਾਈ! ਇਹ ਤਾਂ ਸਾਈਂ ਦਾ ਫ਼ਕੀਰ ਹੈ, ਛੱਡ ਦਿਓ।" ਕਾਜ਼ੀ ਕੋਲੋਂ ਤਾਂ ਬੁੱਲ੍ਹੇ ਨੂੰ ਛੁਟਕਾਰਾ ਮਿਲ ਗਿਆ ਪਰ ਮੌਲਵੀਆਂ ਨੇ ਆਪਣੇ

ਦਿਲ ਵਿੱਚ ਰੜਕ ਰੱਖੀ, ਸਲਾਹ ਕੀਤੀ ਕਿ ਜਦੋਂ ਕਦੀ ਇਹ ਬਾਹਰ ਜੰਗਲ ਵਿੱਚ ਇਕੱਲਾ ਮਿਲੇ, ਇਹਨੂੰ ਖੂਬ ਕੁੱਟੀਏ। ਇੱਕ ਦਿਨ ਬੁੱਲ੍ਹਾ ਇਹਨਾਂ ਮੌਲਵੀਆਂ ਅਤੇ ਇਹਨਾਂ ਦੇ ਕੁਝ ਗੁੰਡੇ ਸਾਥੀਆਂ ਦੇ ਕਾਬੂ ਆ ਗਿਆ। ਮੌਲਵੀਆਂ ਨੇ ਗੁੰਡਿਆਂ ਨੂੰ ਹੁਕਮ ਦਿੱਤਾ ਕਿ ਇਹਨੂੰ ਖੂਬ ਛਿਤਰਾਉ। ਜਦ ਛਿਤਰਾਉਣ ਲੱਗੇ, ਤਦ ਮੌਲਵੀਆਂ ਨੇ ਬੁੱਲ੍ਹੇ ਨੂੰ ਪੁੱਛਿਆ, "ਬੁੱਲ੍ਹਿਆ ਤੂੰ ਕੌਣ ਹੈਂ?" ਏਸ ਨੇ ਆਖਿਆ, 'ਬੰਦਾ'। ਹੁਣ ਛਿੱਤਰ ਬੰਦ ਹੋ ਗਏ ਤੇ ਏਸ ਨੂੰ ਛੱਡ ਦਿੱਤਾ ਗਿਆ। ਫੇਰ ਕਾਜ਼ੀਆਂ ਨੇ ਪੁੱਛਿਆ, "ਬੁੱਲ੍ਹਿਆ ਤੂੰ ਕੌਣ ਹੈਂ?" ਇਸ ਨੇ ਆਖਿਆ, 'ਖੁਦਾ'। ਕਾਜ਼ੀਆਂ ਮੌਲਵੀਆਂ ਨੂੰ ਅੱਗ ਲੱਗ ਗਈ। ਆਖਿਆ, ਮਾਰੋ ਕਾਫ਼ਰ ਨੂੰ। ਏਸੇ ਤਰ੍ਹਾਂ ਜਦ ਮਾਰਦੇ ਨੂੰ ਪੁੱਛਣ ਤਦ ਬੁੱਲ੍ਹਾ 'ਬੰਦਾ' ਕਹੇ ਅਤੇ ਜਦ ਛੁੱਟੇ ਨੂੰ ਪੁੱਛਣ ਤਦ 'ਖੁਦਾ' ਕਹੇ। ਮੌਲਵੀ ਅੱਕ ਗਏ, ਸਾਰੀ ਤਾਜ਼ੀਬ ਭੁੱਲ ਗਈ। ਆਖਣ ਲੱਗੇ, "ਸੌਹਰਿਆ ਇਹ ਕੀ ?" ਇਸ ਨੇ ਆਖਿਆ, 'ਬੱਧਾ ਬੰਦਾ ਖ਼ੁਲਾਸ ਖੁਦਾ।' ਏਸੇ ਤਰ੍ਹਾਂ ਹੀ ਜੀਵ ਆਪਣੀ ਵਾਸ਼ਨਾ ਅਤੇ ਆਦਤਾਂ ਦਾ ਬੱਧਾ ਹੋਇਆ ਗੁਲਾਮ ਬੰਦਾ ਹੈ ਅਤੇ ਇਹਨਾਂ ਤੋਂ ਛੁੱਟਿਆ ਹੋਇਆ ਆਜ਼ਾਦ ਖੁਦ ਖੁਦਾ ਹੈ।

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ (੧੪੨੭)

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (੬੫੭)

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥ (੯੪੩)

ਜਦ ਤੀਕਰ ਬੰਦਾ ਖੁਦਗਰਜ਼ੀ ਦਾ ਜਕੜਿਆ ਹੋਇਆ ਹੈ, ਆਪ ਵੀ ਗੁਲਾਮ ਹੈ ਅਤੇ ਦੂਜਿਆਂ ਨੂੰ ਵੀ ਗੁਲਾਮ ਬਣਾਉਂਦਾ ਹੈ। ਖੁਦਗਰਜ਼ੀ ਤੋਂ ਰਹਿਤ ਇਨਸਾਨ ਹੀ ਅਜ਼ਾਦ ਹੋ ਸਕਦਾ ਹੈ। ਬਿਕਰਮਜੀਤ ਵਾਂਗੂ ਐਸਾ ਪੁਰਸ਼ ਹੀ ਸਾਰੀ ਪਰਜਾ ਨੂੰ ਇੱਕ ਨਿਗਾਹ ਨਾਲ ਦੇਖ ਕੇ ਸੁਖੀ ਅਤੇ ਅਨੰਦ ਰੱਖ ਸਕਦਾ ਹੈ।

ਮਨ ਰੋਕਣ ਦੀ ਪ੍ਰਥਾਏ, ਇੱਕ ਦਿਨ ਸੰਤ ਜੀ ਮਹਾਰਾਜ ਨੇ ਇਹ ਸਾਖੀ ਸੁਣਾਈ। ਅੰਮ੍ਰਿਤਸਰ ਸਾਹਿਬ ਸੁਧਾ ਸਰ ਸਰੋਵਰ ਦੀ ਪਰਕਰਮਾਂ ਵਿੱਚ ਇੱਕ ਸਾਧੂ ਰਹਿੰਦਾ ਸੀ। ਇਹ ਹਰ ਸਮੇਂ ਬੰਦਗੀ ਵਿੱਚ ਮਸਤ ਰਹਿੰਦਾ ਅਤੇ ਕਿਸੇ ਅੱਗੇ ਸਵਾਲ ਨਾ ਕਰਦਾ। ਸਹਿਜ-ਸੁਭਾਏ ਜੋ ਕਰਤਾਰ ਭੇਜਦਾ, ਉਸ ਵਿੱਚ ਹੀ ਗੁਜ਼ਾਰਾ ਕਰ ਲੈਂਦਾ। ਇੱਕ ਦਿਨ ਇਸ ਦੇ ਮਨ ਵਿੱਚ ਖੀਰ ਛਕਣ ਦਾ ਫੁਰਨਾ ਆ ਗਿਆ। ਆਪਣੇ ਆਸਨ ਤੋਂ ਉੱਠ ਬੈਠਾ ਅਤੇ ਬਾਬਾ ਸ਼ਾਮ ਸਿੰਘ ਜੀ ਦੀ ਧਰਮਸ਼ਾਲਾ ਦੇ ਬਜ਼ਾਰ ਵੱਲ ਟੁਰ ਪਿਆ। ਤੁਰਿਆ ਜਾਵੇ ਅਤੇ ਨਾਲ-ਨਾਲ ਆਖੀ ਜਾਵੇ, "ਤੈਨੂੰ ਖਵਾਉਂਦਾ ਹਾਂ, ਚੰਗਾ, ਤੈਨੂੰ ਖਵਾਉਂਦਾ ਹਾਂ।" ਏਸੇ ਰੰਗ ਵਿੱਚ ਬਜ਼ਾਰ ਵਿੱਚ ਇੱਕ ਹਲਵਾਈ ਦੀ ਦੁਕਾਨ 'ਤੇ ਜਾ ਪੁੱਜਾ। ਉਸ ਦੀ ਭਰੀ ਹੋਈ ਦੁੱਧ ਦੀ ਕੜਾਹੀ ਚੁੱਲ੍ਹੇ 'ਤੇ ਰੱਖੀ ਹੋਈ ਸੀ। ਸਾਧੂ ਨੇ ਹਲਵਾਈ ਨੂੰ ਆਖਿਆ, "ਇਸ ਦੁੱਧ ਵਿੱਚ ਚਾਵਲ ਪਾ ਦਿਓ ਅਤੇ ਖੀਰ ਬਣਾ ਦਿਓ।" ਹਲਵਾਈ ਨੇ ਆਪਣੇ ਧੰਨ ਭਾਗ ਸਮਝੇ ਅਤੇ ਖੀਰ ਤਿਆਰ ਕਰ ਲਈ। ਸਾਧੂ ਨੇ ਆਗਿਆ ਕੀਤੀ ਕਿ ਕੁੰਡਿਆਂ ਵਿੱਚ ਬਾਂਸ ਪਾ ਕੇ ਇਹਨੂੰ ਪਰਕਰਮਾਂ ਵਿੱਚ ਮੇਰੇ ਆਸਨ 'ਤੇ ਲੈ ਚੱਲੋ। ਜਦ ਕੜਾਹੀ ਉੱਥੇ ਪੁੱਜ ਗਈ ਅਤੇ ਕੁਝ ਚਿਰ ਮਗਰੋਂ ਖੀਰ ਠੰਡੀ ਹੋ ਗਈ, ਤਦ ਸਾਧੂ ਕੜਾਹੀ ਦੇ ਉੱਤੇ ਹੀ ਬੈਠ ਗਿਆ। ਕੁਝ ਚਿਰ ਖਾਈ ਗਿਆ। ਦੋ ਚਾਰ ਸੇਰ ਖਾਣ ਦੇ ਮਗਰੋਂ ਜਦ ਪੇਟ ਵਿੱਚ ਥਾਂ ਨਾ ਰਹੀ ਤੇ ਮਨ ਮੁੜ ਗਿਆ, ਤਦ ਲੱਗਾ ਆਪਣੇ ਆਪ ਨੂੰ ਚਪੇੜਾਂ ਮਾਰਨ ਅਤੇ ਕਹਿਣ ਲੱਗਾ, "ਖਾਹ, ਹੁਣ ਖਾਂਦਾ ਕਿਉਂ ਨਹੀਂ? ਫੇਰ ਮੰਗੇਂਗਾ।" ਹਜ਼ਾਰਾਂ ਯਾਤਰੂ ਇਹ ਖੇਲ ਦੇਖ ਇਕੱਠੇ ਹੋ ਗਏ। ਸਾਧੂ ਬਹੁਤ ਚਿਰ ਇਸ ਤਰ੍ਹਾਂ ਆਪਣੇ ਆਪ ਨੂੰ ਕੁੱਟੀ ਗਿਆ ਅਤੇ ਆਪਣੇ ਮਨ ਨੂੰ ਨਸੀਹਤ ਦਿੱਤੀ ਕਿ ਫਿਰ ਕਦੀ ਫੁਰਨਾ ਨਾ ਉਠਾਵੇ, ਜੋ ਕਰਤਾਰ ਭੇਜੇ ਸ਼ੁਕਰ ਕਰ ਕੇ ਛਕ ਲਵੇ। ਇਸ ਤਰ੍ਹਾਂ ਭਾਈ! ਇਹ ਮਨ ਫਿਟਕਾਰੇ ਕੁਟੇ ਬਗੈਰ ਕਾਬੂ ਨਹੀਂ ਆਉਂਦਾ:

ਕੂਟਨੁ ਸੋਇ ਜੁ ਮਨ ਕਉ ਕੂਟੈ ॥ (੯੭੨)

ਏਸੇ ਪ੍ਰਥਾਏ, ਸੰਤ ਜੀ ਮਹਾਰਾਜ ਨੇ ਵਲੀ ਰਾਮ ਦੀ ਸਾਖੀ ਸੁਣਾਈ। ਇਹ ਅਕਬਰ ਪਾਤਸ਼ਾਹ ਦੇ ਦਰਬਾਰ ਵਿੱਚ ਇੱਕ ਦਰਬਾਰੀ ਸੀ। ਬਹੁਤ ਚਿਰ ਪੂਰੀ ਵਫ਼ਾਦਾਰੀ ਅਦਬ ਅਤੇ ਮਿਹਨਤ ਨਾਲ ਸੇਵਾ ਕਰਨ ਦੇ ਮਗਰੋਂ ਇੱਕ ਦਿਨ ਏਸ ਦੇ ਮਨ ਵਿੱਚ ਇਹ ਖਿਆਲ ਆਇਆ ਕਿ ਤੂੰ ਜੋ ਇੱਕ ਦੁਨੀਆਂ ਦੇ ਬਾਦਸ਼ਾਹ ਵਾਸਤੇ ਇੰਨਾਂ ਹੇਠਾਂ ਉਤਾਂਹ ਹੁੰਦਾ ਹੈਂ, ਜੇ ਕਦੀ ਰੱਬ ਦੇ ਪਾਸੇ ਇਸ ਤਰ੍ਹਾਂ ਲੱਗ ਜਾਵੇਂ ਤਾਂ ਪਤਾ ਨਹੀਂ ਤੈਨੂੰ ਕੀ ਕੁਝ ਮਿਲੇ। ਇਹ ਸੋਚ ਵਰਦੀ ਲਾਹ, ਵਲੀ ਰਾਮ ਜਮਨਾ ਦੇ ਕਿਨਾਰੇ ਵੱਲ ਟੁਰ ਪਿਆ ਕਿ ਚੱਲੋ ਓਥੇ ਚੱਲ ਕੇ ਰੱਬ ਦੀ ਯਾਦ ਕਰੀਏ। ਰਸਤੇ ਵਿੱਚ ਇਹਨੂੰ ਖਿਆਲ ਆਇਆ ਕਿ ਗੁਰੂ ਬਿਨਾਂ ਗਤ ਨਹੀਂ, ਸ਼ਾਹ ਬਿਨਾਂ ਪਤ ਨਹੀਂ। ਇਹ ਸੰਕਲਪ ਅਜੇ ਚਿੱਤ ਵਿੱਚ ਫੁਰਿਆ ਹੀ ਸੀ ਕਿ ਸਾਹਮਣੇ ਇੱਕ ਮਲੰਗ ਨਜ਼ਰ ਆਇਆ। ਓਹਦੇ ਕੋਲ ਪੁੱਜਾ ਅਤੇ ਬੜੀ ਸ਼ਰਧਾ ਨਾਲ ਮੱਥਾ ਟੇਕ, ਅਰਜ਼ ਕੀਤੀ, "ਫ਼ਕੀਰ ਸਾਈਂ! ਮੈਨੂੰ ਗੁਰੂ ਉਪਦੇਸ਼ ਦਿਓ।" ਮਲੰਗ ਨੇ ਆਖਿਆ, "ਜਾਹ-ਜਾਹ, ਚਲਾ ਜਾ! ਉਪਦੇਸ਼ ਲੈਣ ਆਇਆ ਹੈ! ਕੱਲ੍ਹ ਤੈਨੂੰ ਫੇਰ ਪਾਤਸ਼ਾਹ ਦੇ ਜੂਠੇ ਟੁੱਕੜੇ ਯਾਦ ਆ ਜਾਣਗੇ ਤੇ ਓਧਰ ਭੱਜਾ ਜਾਵੇਂਗਾ।" ਵਲੀ ਨੇ ਫੇਰ ਬੇਨਤੀ ਕੀਤੀ ਪਰ ਦੋ ਵਾਰੀ ਫੇਰ ਇਹੋ ਜਵਾਬ ਮਿਲਿਆ। ਜਦ ਤਿੰਨ ਵਾਰੀ ਝਾੜ ਖਾ, ਹੱਥ ਜੋੜ ਬੈਠਾ ਰਿਹਾ ਤਦ ਮਲੰਗ ਨੇ ਸਮਝ ਲਿਆ ਕਿ ਇਹਨੂੰ ਸੱਚਮੁਚ ਹੀ ਇਸ ਪਾਸੇ ਦੀ ਲਗਨ ਹੈ। ਦਿਆਲੂ ਹੋ ਕੇ ਆਖਿਆ, "ਜਾ, ਗੁਰਮੰਤਰ ਇਹੋ ਹੀ ਹੈ: ਜੋ ਮਨ ਕਹੇ, ਉਸ ਤੋਂ ਪੁੱਠਾ (ਉਲਟ) ਚੱਲੋ, ਇਸ ਦੇ ਪਿੱਛੇ ਨਾ ਲੱਗੋ।"

ਸਿੱਖਿਆ ਲੈ, ਮੱਥਾ ਟੇਕ, ਵਲੀ ਇੱਕ ਇਕਾਂਤ ਥਾਂ ਜਮਨਾ ਕਿਨਾਰੇ ਜਾ ਬੈਠਾ। ਲੱਗਾ ਰੱਬ ਨੂੰ ਯਾਦ ਕਰਨ। ਜਦ ਕਦੀ ਘਰ ਜਾਣ ਦਾ ਜਾਂ ਬਾਦਸ਼ਾਹ ਦੀ ਕਚਹਿਰੀ ਪੁੱਜਣ ਦਾ ਫੁਰਨਾ ਆਵੇ, ਚੁਫਾਲ ਲੰਮਾ ਪੈ ਜਾਵੇ। ਮਨ ਨੂੰ ਆਖੇ ਤੂੰ ਭੱਜਾ ਫਿਰ ਮੈਂ ਨਹੀਂ ਜਾਂਦਾ:

ਮਨ ਜਾਤਾ ਤੇ ਜਾਨ ਦੇ ਅਸਥਿਰ ਰਖਿ ਸਰੀਰ।
ਚਿੱਲੈ ਚੜ੍ਹੀ ਕਮਾਨ ਬਿਨ ਕਿਉ ਕਰਿ ਨਿਕਸੇ ਤੀਰ।

ਇਸ ਤਰ੍ਹਾਂ ਸਿਮਰਨ ਕਰਦਿਆਂ ਅਤੇ ਮਨ ਤੋਂ ਪੁੱਠਾ ਚਲਦਿਆਂ, ਵਲੀ ਰਾਮ ਵਿੱਚ ਫ਼ਕੀਰੀ ਵਾਲੀ ਆਕਰਸ਼ਨ ਸ਼ਕਤੀ ਜਾਗ ਪਈ। ਦੁਨੀਆਂ ਇਹਦੇ ਪਾਸ ਆਉਣ ਲੱਗ ਪਈ ਅਤੇ ਸਾਰੇ ਦਿੱਲੀ ਸ਼ਹਿਰ ਵਿੱਚ ਏਸ ਦੀ ਸ਼ੋਹਰਤ ਫੈਲ ਗਈ।

ਇੱਕ ਦਿਨ ਅਕਬਰ ਪਾਤਸ਼ਾਹ ਨੂੰ ਸਹਿਜ-ਸੁਭਾਅ ਯਾਦ ਆਇਆ, ਪੁੱਛਿਓ ਸੂ, "ਭਾਈ ਵਲੀ ਰਾਮ ਕਿੱਥੇ ਹੈ? ਕਿੰਨਾ ਚਿਰ ਹੋ ਗਿਆ ਹੈ, ਉਸ ਨੂੰ ਕਦੀ ਦਰਬਾਰ ਵਿੱਚ ਨਹੀਂ ਦੇਖਿਆ।" ਦਰਬਾਰੀਆਂ ਨੇ ਆਖਿਆ, "ਬਾਦਸ਼ਾਹ ਸਲਾਮਤ! ਓਹ ਤਾਂ ਫ਼ਕੀਰ ਹੋ ਗਿਆ ਹੈ ਅਤੇ ਦੁਨੀਆਂ ਉਹ ਨੂੰ ਪੂਜਣ ਲੱਗ ਪਈ ਹੈ।" ਬਾਦਸ਼ਾਹ ਸਤਿ ਸੰਗਤ ਦਾ ਆਸ਼ਕ ਸੀ। ਆਖਣ ਲੱਗਾ, "ਚੱਲੋ, ਭਾਈ ਵਲੀ ਰਾਮ ਦਾ ਦਰਸ਼ਨ ਕਰ ਆਈਏ।" ਓਸੇ ਵੇਲੇ ਅਕਬਰ ਬਾਦਸ਼ਾਹ ਅੱਗੇ-ਅੱਗੇ ਅਤੇ ਪਿੱਛੇ-ਪਿੱਛੇ ਸਾਰੇ ਦਰਬਾਰੀ ਜਮਨਾ ਵੱਲ ਟੁਰ ਪਏ। ਬਾਦਸ਼ਾਹ ਨੂੰ ਇਸ ਤਰ੍ਹਾਂ ਜਾਂਦਿਆਂ ਦੇਖ, ਸ਼ਹਿਰ ਦੇ ਕਈ ਹੋਰ ਪ੍ਰੇਮੀ ਵੀ ਨਾਲ ਰਲ ਗਏ। ਹਜ਼ਾਰਾਂ ਦੀ ਗਿਣਤੀ ਹੋ ਗਈ। ਜਦ ਵਲੀ ਰਾਮ ਦੇ ਨੇੜੇ ਪੁੱਜੇ ਤਾਂ ਇਸ ਨੇ ਬਾਦਸ਼ਾਹ ਨੂੰ ਪਛਾਣ ਲਿਆ। ਚਿੱਤ ਵਿੱਚ ਖਿਆਲ ਆਇਆ ਕਿ ਖੜ੍ਹੇ ਹੋ ਕੇ ਅਦਬ ਕਰੀਏ। ਓਸ ਵੇਲੇ ਮਲੰਗ ਦਾ ਗੁਰਮੰਤਰ ਯਾਦ ਆ ਗਿਆ। ਫੌਰਨ ਧਰਤੀ 'ਤੇ ਲੰਮਾ ਪੈ ਗਿਆ। ਜਦ ਅਕਬਰ ਕੋਲ ਆਇਆ ਤਾਂ ਇਸ ਨੇ ਹੱਸ ਕੇ ਪੁੱਛਿਆ, "ਵਲੀ! ਕਬ ਕੇ ਪਾਉਂ ਪਸਾਰੇ?" ਵਲੀ ਨੇ ਉੱਤਰ ਦਿੱਤਾ, "ਜਬ ਕੇ ਹਾਥ ਸੰਕੋਚੇ।"

ਬਾਲੇਵਾਲ ਨਾਲ ਦੇ ਪਿੰਡਾਂ ਵਿੱਚ ਜਿਸ ਪ੍ਰੇਮੀ ਦੇ ਘਰ ਵਿਵਾਹ ਹੁੰਦਾ, ਉਹ ਕੁਝ ਵੇਸਣ ਦੀਆਂ ਮੋਟੀਆਂ ਸੇਵੀਆਂ ਸੰਤ ਜੀ ਮਹਾਰਾਜ ਦੀ ਭੇਟਾ ਕਰਦਾ। ਇੱਕ ਦਿਨ ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਕੋਠੀ ਦੇ ਵਿਹੜੇ ਵਿੱਚ ਪਲੰਘ 'ਤੇ ਸਜੇ ਹੋਏ ਧੁੱਪ ਸੇਕ ਰਹੇ ਸਨ। ਆਪਣੇ ਗੜਵਈ ਭਾਈ ਰਾਮ ਸਿੰਘ ਨੂੰ ਫ਼ਰਮਾਇਆ, "ਭਾਈ ਰਾਮ ਸਿੰਘ! ਵੇਸਣੀ ਸੇਵੀਆਂ ਲਿਆਓ।" ਭਾਈ ਰਾਮ ਸਿੰਘ ਜੀ ਵੇਸਣੀ ਸੇਵੀਆਂ ਦਾ ਥਾਲ ਭਰ ਕੇ ਲੈ ਆਇਆ। ਪਹਿਲਾਂ ਸੰਤ ਜੀ ਨੂੰ ਦਿੱਤੀਆਂ ਅਤੇ ਫੇਰ ਸਾਰੀ ਸੰਗਤ ਵਿੱਚ ਵਰਤਾਈਆਂ। ਸੰਤ ਜੀ ਮਹਾਰਾਜ ਅਤੇ ਸਾਰੀ ਸੰਗਤ ਬੜੇ ਪ੍ਰੇਮ ਨਾਲ ਛਕਣ ਲੱਗ ਪਈ। ਛਕਦਿਆਂ-ਛਕਦਿਆਂ ਸੰਤ ਜੀ ਮਹਾਰਾਜ ਨੇ ਆਖਿਆ, "ਭਾਈ ਤੇਜਾ ਸਿੰਘ! ਇਹ ਹੈ ਮਹਾਂ ਪ੍ਰਸ਼ਾਦ! ਦਸਾਂ ਨੌਹਾਂ ਦੀ ਕਿਰਤ ਕਰ ਕੇ ਤੇ ਲਹੂ ਪਾਣੀ ਇੱਕ ਕਰ ਕੇ ਪ੍ਰੇਮੀਆਂ ਨੇ ਕਮਾਈ ਕੀਤੀ ਹੈ ਤੇ ਪੂਰੀ ਸ਼ਰਧਾ ਅਤੇ ਪ੍ਰੇਮ ਨਾਲ ਪ੍ਰੇਮੀਆਂ ਨੇ ਸਾਧ ਸੰਗਤ ਦੀ ਭੇਟਾ ਕੀਤੀ ਹੈ।"

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ ॥
ਸਾਧ ਸੰਗਤਿ ਕਰਿ ਸੇਵ, ਸੁਖ ਫਲੁ ਪਾਇਆ ॥
ਤਪੜੁ ਝਾੜਿ ਵਿਛਾਇ, ਧੂੜੀ ਨਾਇਆ ॥
ਕੋਰੇ ਮਟ ਅਣਾਇ, ਨੀਰੁ ਭਰਾਇਆ ॥
ਆਣ ਮਹਾ ਪਰਸਾਦੁ ਵੰਡਿ ਖੁਆਇਆ ॥ (ਭਾਈ ਗੁਰਦਾਸ ਜੀ)

ਇੱਕ ਦਿਨ ਕੁਦਰਤੀ, ਇੱਕ ਅਖ਼ਬਾਰ ਆ ਗਿਆ ਤੇ ਸੰਤ ਜੀ ਮਹਾਰਾਜ ਨੂੰ ਪੜ੍ਹ ਕੇ ਸੁਣਾਇਆ ਗਿਆ। ਇਸ ਵਿੱਚ ਹਿੰਦੁਸਤਾਨ ਦੇ ਸਵਰਾਜ ਦਾ ਜ਼ਿਕਰ ਸੀ। ਜਦ ਮਜ਼ਮੂਨ ਪੂਰਾ ਹੋ ਗਿਆ ਤਦ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਇਹ ਕਾਹਦਾ ਸਵਰਾਜ ਹੈ? ਜੇ ਹਿੰਦੁਸਤਾਨੀ ਪ੍ਰੇਮੀ ਵੱਡੀਆਂ-ਵੱਡੀਆਂ ਤਨਖ਼ਾਹਾਂ ਲੈ ਕੇ ਕੁਰਸੀਆਂ 'ਤੇ ਬੈਹ ਜਾਣ। ਇੱਕ ਪਾਸੇ ਐਸ਼ ਦੀ ਜ਼ਿੰਦਗੀ ਗੁਜ਼ਾਰਨ ਤੇ ਦੂਜੇ ਪਾਸੇ ਵਿਚਾਰੇ ਜ਼ਿਮੀਂਦਾਰ ਭੁੱਖੇ ਹੀ ਰਹਿਣ। ਜਦ ਤੀਕਰ ਗਰੀਬ ਜੱਟਾਂ ਦਾ ਹਾਲਾ ਮਾਫ਼ ਨਹੀਂ ਹੁੰਦਾ ਤਦ ਤੀਕਰ ਕੋਈ ਸਵਰਾਜ ਨਹੀਂ। ਹਾਂ ਸਾਰਿਆਂ ਕੋਲੋਂ ਸਕੂਲਾਂ, ਸੜਕਾਂ ਤੇ ਹੋਰ ਰਿਆਇਆਂ ਦੇ ਭਲੇ ਵਾਸਤੇ ਟੈਕਸ ਲਿਆ ਜਾਵੇ ਤੇ ਇਹਦੇ ਲਈ ਸਾਰਿਆਂ ਵਾਸਤੇ ਆਮਦਨੀ ਦੀ ਹੱਦ ਮੱਕਰਰ ਕੀਤੀ ਜਾਏ। ਨਾਲ ਹੀ ਅਫ਼ਸਰਾਂ ਦੀ ਜ਼ਿੰਦਗੀ ਸਾਦੀ ਹੋਵੇ ਤੇ ਤਨਖ਼ਾਹ ਘੱਟ। ਇਸ ਤਰ੍ਹਾਂ ਦੁਨੀਆਂ ਸੁਖੀ ਹੋ ਸਕਦੀ ਹੈ। ਪਿੱਛਲੇ ਰਾਜੇ, ਅਹਿਲਕਾਰ ਸਾਧਾਰਨ ਬਿਰਤੀ ਰੱਖਦੇ, ਇਹ ਆਪਣੇ ਭਰਾਵਾਂ ਨਾਲ ਰਚ-ਮਿਚ ਜਾਂਦੇ ਅਤੇ ਹਰ ਮਾਮਲੇ ਵਿੱਚ ਰਿਆਇਆ ਦੇ ਦੁੱਖ-ਸੁੱਖ ਦਾ ਪੂਰਾ-ਪੂਰਾ ਭੇਦ ਲੈ ਲੈਂਦੇ। ਇਸ ਤਰ੍ਹਾਂ ਪ੍ਰਬੰਧ ਵੀ ਚੰਗਾ ਚੱਲਦਾ ਇਨਸਾਫ਼ ਵੀ ਸੋਹਣਾ ਹੁੰਦਾ ਤੇ ਪਰਜਾ ਵੀ ਸੁਖੀ ਵੱਸਦੀ। ਹੁਣ ਤਾਂ ਕਚਹਿਰੀ ਤੋਂ ਬਾਹਰ ਆਪਣੀ ਅਮੀਰੀ 'ਤੇ ਸ਼ੂਕਾ-ਸ਼ਾਕੀ ਵਿੱਚ ਫਸੇ ਹੋਏ ਅਹਿਲਕਾਰ ਕਿਸੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ, ਬੱਸ ਗੱਲ ਗਵਾਹੀਆਂ 'ਤੇ ਹੀ ਨਿਬੜਦੀ ਹੈ। ਇਸ ਤਰ੍ਹਾਂ ਬਹੁਤ ਵੇਰੀ ਸੱਚਾ ਝੂਠਾ ਤੇ ਝੂਠਾ ਸੱਚਾ ਬਣ ਜਾਂਦਾ ਹੈ।

ਇੱਕ ਦਿਨ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਫ਼ਕੀਰੀ ਨਿਭਾਉਣੀ ਬੜੀ ਮੁਸ਼ਕਲ ਹੈ। ਫ਼ਕੀਰ ਕਦੀ ਵੀ ਕਿਸੇ ਇੱਕ ਦੇ ਘਰ ਅੰਨ ਬਸਤਰ ਗ੍ਰਹਿਣ ਨਾ ਕਰੇ। ਇਸ ਤਰ੍ਹਾਂ ਕਰਨ ਨਾਲ ਫ਼ਕੀਰ ਵਿੱਚ ਸੇਵਾ ਕਰਨ ਵਾਲੇ ਨਾਲ ਮੋਹ ਜਾਗ ਪੈਂਦਾ ਹੈ ਅਤੇ ਓਸ ਦੀ ਬਿਰਤੀ ਵਿੱਚ ਪਕੜ ਜਾਗ ਪੈਂਦੀ ਹੈ।" ਇਸ ਦੇ ਪ੍ਰਥਾਏ ਸੰਤ ਜੀ ਮਹਾਰਾਜ ਨੇ ਇਹ ਸਾਖੀ ਸੁਣਾਈ:

ਇੱਕ ਦਿਨ ਇੱਕ ਫ਼ਕੀਰ ਨੇ ਇੱਕ ਨਗਰ ਵਿੱਚ ਸਦਾ ਕੀਤੀ ਕਿ ਕੋਈ ਕਬਰ ਵਿੱਚ ਪਾ ਲਵੇ। ਇੱਕ ਰਮਜ਼ੀ ਘਰ-ਬਾਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਅਤੇ ਆਖਿਆ, "ਮਹਾਰਾਜ ਜੀ! ਸਦਕੇ ਹਾਂ, ਆ ਜਾਓ।"

ਓਸੇ ਵੇਲੇ ਇੱਕ ਚੁਬਾਰੇ ਇਕਾਂਤ ਆਸਣ ਕਰਾ ਦਿੱਤਾ ਅਤੇ ਬੜੀ ਰੀਝ ਨਾਲ ਸੇਵਾ ਕੀਤੀ। ਕੁਝ ਚਿਰ ਮਗਰੋਂ ਪ੍ਰੇਮੀ ਦੀਆਂ ਮਹੀਆਂ ਚੋਰ ਲੈ ਗਏ। ਖ਼ਬਰ ਸੁਣਦੇ ਸਾਰ ਹੀ ਫ਼ਕੀਰ ਨੂੰ ਫਿਕਰ ਹੋ ਗਿਆ ਅਤੇ ਦੂਜੀ ਸਵੇਰ ਇੱਕ ਕਚੇ ਜੌਹੜ 'ਤੇ ਜਿਹੜਾ ਜੰਗਲ ਵਿੱਚ ਪੰਜ ਕੁ ਮੀਲ ਦੇ ਫਾਸਲੇ 'ਤੇ ਸੀ, ਇਸ਼ਨਾਨ ਕਰਨ ਗਿਆ ਅਤੇ ਲੱਗਾ ਖੋਜ ਕਰਨ। ਕੁਦਰਤੀ ਮਹੀਆਂ ਮਿਲ ਗਈਆਂ। ਇਸ਼ਨਾਨ ਕਰਕੇ, ਆਪਣੀ ਕਪੀਨ (ਲੰਗੋਟੀ) ਦਰਖਤ ਉੱਤੇ ਮਹੀਆਂ ਦੇ ਕੋਲ ਸੁੱਕਣੀ ਪਾ ਆਇਆ ਅਤੇ ਗ੍ਰਹਸਤੀ ਦੇ ਲੜਕੇ ਨੂੰ ਆਖਿਆ, "ਜਾਹ, ਮੇਰੀ ਲੰਗੋਟੀ ਲੈ ਆ, ਮੈਂ ਭੁੱਲ ਆਇਆਂ ਹਾਂ।" ਮੁੰਡਾ ਗਿਆ ਅਤੇ ਉਸ ਨੂੰ ਮਹੀਆਂ ਲੱਭ ਪਈਆਂ। ਉਹ ਇਹਨਾਂ ਨੂੰ ਘਰ ਲੈ ਆਇਆ। ਪਿਤਾ ਦੇ ਪੁੱਛਣ 'ਤੇ ਉਸ ਨੇ ਸਾਰਾ ਹਾਲ ਖੋਲ੍ਹ ਕੇ ਸੁਣਾ ਦਿੱਤਾ। ਓਸੇ ਵੇਲੇ ਰਮਜ਼ੀ ਘਰ-ਬਾਰੀ ਨੇ ਡਾਂਗ ਫੜ ਲਈ ਅਤੇ ਫ਼ਕੀਰ ਸਾਈਂ ਨੂੰ ਆਖਿਆ ਕਿ ਹੁਣ ਤੁਸੀਂ ਕਬਰ ਦੇ ਲਾਇਕ ਨਹੀਂ ਰਹੇ ਤੇ ਆਪਣਾ ਡੇਰਾ ਕੂਚ ਕਰ ਲਵੋ।

ਫ਼ਕੀਰੀ ਨਿਭਾਉਣ ਦੇ ਪ੍ਰਥਾਏ ਇੱਕ ਹੋਰ ਸਾਖੀ ਸੰਤ ਜੀ ਮਹਾਰਾਜ ਨੇ ਸੁਣਾਈ: ਇੱਕ ਫ਼ਕੀਰ ਹਰ ਰੋਜ਼ ਵੇਸਵਾ ਦੇ ਮਕਾਨ ਪਾਸੋਂ ਲੰਘਦਾ। ਇਹ ਪ੍ਰੇਮਣ ਹਰ ਰੋਜ਼ ਟੋਕਦੀ, "ਫ਼ਕੀਰ ਸਾਈਂ! ਤੁਹਾਡੀ ਦਾਹੜੀ ਚੰਗੀ ਕਿ ਮੇਰੇ ਕੁੱਤੇ ਦੀ ਪੂਛ?" ਇਸ ਤਰ੍ਹਾਂ ਸਾਲ ਕੁ ਬੀਤ ਗਿਆ ਵੇਸਵਾ ਨਿੱਤ ਇਹ ਪ੍ਰਸ਼ਨ ਕਰੇ ਅਤੇ ਫ਼ਕੀਰ ਚੁੱਪੀਤਾ ਲੰਘ ਜਾਵੇ। ਹੁਣ ਫ਼ਕੀਰ ਦਾ ਅੰਤ ਸਮਾਂ ਆ ਗਿਆ। ਆਪਣੇ ਮੁਰੀਦਾਂ ਨੂੰ ਹੁਕਮ ਦਿੱਤਾ ਕਿ ਜਾਓ ਉਸ ਵੇਸਵਾ ਨੂੰ ਸੱਦ ਲਿਆਓ। ਮੂਰਖ ਤਾਂ ਭੁਲੇਖੇ ਵਿੱਚ ਪੈ ਗਏ ਪਰ ਦੋ ਰਮਜ਼ੀ ਚੇਲੇ ਦੌੜੇ ਗਏ ਅਤੇ ਵੇਸਵਾ ਨੂੰ ਸੱਦ ਲਿਆਂਦਾ। ਜਦ ਪ੍ਰੇਮਣ ਸਾਈਂ ਜੀ ਪਾਸ ਪਹੁੰਚ ਗਈ ਤਦ ਫ਼ਕੀਰ ਨੇ ਆਪਣੀ ਦਾਹੜੀ ਤੇ ਹੱਥ ਫੇਰ ਕੇ ਆਖਿਆ, "ਬੱਚੀ! ਅੱਜ ਮੇਰੀ ਦਾਹੜੀ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗੀ ਹੈ। ਮੇਰੀ ਹੁਣ ਨਿਭ ਗਈ ਹੈ।" ਇਹ ਸੁਣ ਵੇਸਵਾ ਘਬਿਆ ਕੇ ਪੈਰਾਂ 'ਤੇ ਡਿੱਗ ਪਈ ਅਤੇ ਆਪਣੇ ਪਾਪਾਂ ਤੋਂ ਪਛਤਾ ਕੇ ਸੱਚੀ ਮੁਰੀਦ ਬਣ ਗਈ।

ਸੰਤ ਜੀ ਮਹਾਰਾਜ ਨੂੰ ਜਦ ਬਾਲੇਵਾਲ ਰਹਿੰਦਿਆਂ ਮਹੀਨੇ ਤੋਂ ਕੁਝ ਵੱਧ ਸਮਾਂ ਹੋ ਗਿਆ ਤਾਂ ਇੱਕ ਦਿਨ ਰੋਹਤਕ ਹਿਸਾਰ ਦਾ ਇੱਕ ਵਕੀਲ ਇਹਨਾਂ ਦੇ ਪਾਸ ਏਥੇ ਆਇਆ। ਇਸ ਨੇ ਆ ਕੇ ਬੇਨਤੀ ਕੀਤੀ, "ਮਹਾਰਾਜ ਜੀ, ਸਾਧ ਸੰਗਤ ਨੇ ਦਾਸ ਨੂੰ ਆਪ ਜੀ ਦੇ ਲੈਣ ਲਈ ਭੇਜਿਆ ਹੈ। ਸੰਗਤ ਬੜੀ ਖਿੱਚ ਕਰ ਰਹੀ ਹੈ, ਚੱਲ ਕੇ ਦਰਸ਼ਨ ਦਿਓ।" ਸੰਤ ਜੀ ਮਹਾਰਾਜ ਨੇ ਇਸ ਦੀ ਬੇਨਤੀ ਪ੍ਰਵਾਨ ਨਾ ਕੀਤੀ। ਫਿਰ ਇਸ ਨੇ ਆਖਿਆ, "ਮਹਾਰਾਜ ਜੀ! ਜੇ ਆਪ ਨਹੀਂ ਜਾ ਸਕਦੇ ਤਾਂ ਸੰਤ ਤੇਜਾ ਸਿੰਘ ਨੂੰ ਮੇਰੇ ਨਾਲ ਭੇਜ ਦਿਓ। ਇਹ ਆਪ ਦੇ ਸਤਿਸੰਗੀ ਹਨ ਅਤੇ ਬੜੇ ਪੜ੍ਹੇ ਹੋਏ ਹਨ।" ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, "ਭਾਈ! ਅਜੇ ਤਾਂ ਮੁੰਡਾ ਪੜ੍ਹਨੇ ਹੀ ਪਾਇਆ ਹੈ, ਇਹਨੂੰ ਭੀ ਨਹੀਂ ਭੇਜ ਸਕਦੇ।" ਪ੍ਰੇਮੀ ਪ੍ਰਸ਼ਾਦ ਛਕ ਗੱਡੀ ਚੜ੍ਹ ਵਾਪਸ ਚਲਾ ਗਿਆ।

ਇਹਨਾਂ ਦਿਨਾਂ ਵਿੱਚ ਬਾਲੇਵਾਲ ਕੁਝ ਬਾਜ਼ੀਗਰ ਆ ਨਿਕਲੇ ਅਤੇ ਸੰਤ ਜੀ ਮਹਾਰਾਜ ਦੇ ਅੱਗੇ ਆਪਣੀਆਂ ਖੇਲਾਂ ਦਿਖਾਣ ਦੀ ਬੇਨਤੀ ਕੀਤੀ। ਬੇਨਤੀ ਮਨਜ਼ੂਰ ਹੋ ਗਈ। ਸ਼ਾਮ ਦੀ ਕਥਾ ਦੇ ਮਗਰੋਂ ਪੰਜ ਵਜੇ ਦਾ ਵਕਤ ਇਹਨਾਂ ਨੂੰ ਦਿੱਤਾ ਗਿਆ। ਬਾਲੇਵਾਲ ਅਤੇ ਹੋਰ ਨਗਰਾਂ ਦੇ ਲੋਕ ਸਮੇਂ ਤੋਂ ਪਹਿਲਾਂ ਹੀ ਪੁੱਜ ਗਏ। ਬਾਜ਼ੀਗਰਾਂ ਨੇ ਆਪਣਾ ਅਖਾੜਾ ਤਿਆਰ ਕਰ ਲਿਆ। ਕਥਾ ਦੇ ਮਗਰੋਂ ਸੰਤ ਜੀ ਮਹਾਰਾਜ ਦਾ ਪਲੰਘ ਅਖਾੜੇ ਦੇ ਕੋਲ ਡਾਹਿਆ ਗਿਆ। ਬਾਜ਼ੀਗਰਾਂ ਨੇ ਆਪਣੀਆਂ ਖੇਡਾਂ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਵਿਖਾਈਆਂ। ਸੰਤ ਜੀ ਮਹਾਰਾਜ ਨੇ ੧੧ ਦਮੜੇ ਅਤੇ ਦਸਤਾਰ ਜਥੇਦਾਰ ਨੂੰ ਸਿਰੋਪਾ ਵਜੋਂ ਬਖਸ਼ਿਆ ਅਤੇ ਨਗਰਾਂ ਦੇ ਪ੍ਰੇਮੀਆਂ ਨੇ ਭੀ ਇਹਨਾਂ ਦੀ ਸੇਵਾ ਕੀਤੀ।

ਹੁਣ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਗੁਰਪੁਰਬ ਨੇੜੇ ਆ ਗਿਆ। ਪੰਦਰਾਂ ਕੁ ਸਾਲ ਤੋਂ ਸੰਗਰੂਰ ਦੀਆਂ ਰਾਣੀਆਂ ਅਖੰਡ ਪਾਠ ਕਰਾਉਂਦੀਆਂ ਅਤੇ ਬੜੇ ਉਤਸ਼ਾਹ ਨਾਲ ਗੁਰਪੁਰਬ ਵਾਲੇ ਦਿਨ ਭੋਗ ਪਵਾ ਕੇ ਜੱਗ (ਗੁਰੂ ਦਾ ਲੰਗਰ) ਕਰਦੀਆਂ। ਇਹਨਾਂ ਨੇ ਸੰਤ ਜੀ ਮਹਾਰਾਜ ਅੱਗੇ ਆਪਣਾ ਆਦਮੀ ਭੇਜ ਕੇ ਹਮੇਸ਼ਾ ਵਾਂਗ ਦਰਸ਼ਨ ਦੇ ਕੇ ਨਿਹਾਲ ਕਰਨ ਲਈ ਬੇਨਤੀ ਕਰ ਭੇਜੀ। ਪਹਿਲੀ ਵਾਰੀ ਸੰਤ ਜੀ ਮਹਾਰਾਜ ਨੇ ਨਾਂਹ ਕਰ ਦਿੱਤੀ, ਪਰ ਜਦ ਦੂਜੀ ਵਾਰ ਪ੍ਰੇਮੀ ਰਾਣੀਆਂ ਵੱਲੋਂ ਇਹ ਬੇਨਤੀ ਪੱਤਰ ਲੈ ਕਰਕੇ ਆਇਆ ਕਿ ਮਹਾਰਾਜ ਜੀ, ਜਦ ਦੇ ਏਹ ਅਖੰਡ ਪਾਠ ਅਰੰਭ ਹੋਏ ਹਨ, ਹਜ਼ੂਰ ਦਰਸ਼ਨ ਦੇ ਕੇ ਨਿਹਾਲ ਕਰਦੇ ਰਹੇ ਹੋ; ਸਾਡਾ ਪ੍ਰਣ ਹੈ ਕਿ ਅਸਾਂ ਆਪ ਪਾਸੋਂ ਹੀ ਇਹ ਅਖੰਡ ਪਾਠ ਕਰਾਉਣਾ ਹੈ; ਤੁਸੀਂ ਦਰਸ਼ਨ ਦੇ ਕੇ ਕਿਰਤਾਰਥ ਕਰੋ ਅਤੇ ਸਾਡੀ ਕਈ ਸਾਲਾਂ ਦੀ ਘਾਲ ਨੂੰ ਥਾਏ ਪਾਓ। ਇਹ ਤੀਬਰ ਪ੍ਰੇਮ ਦੇਖ ਕੇ ਸੰਤ ਜੀ ਮਹਾਰਾਜ ਨੇ ਬੇਨਤੀ ਮਨਜ਼ੂਰ ਕਰ ਲਈ ਅਤੇ ਸੰਗਰੂਰ ਪੁੱਜਣ ਦੀ ਤਾਰੀਖ ਦੇ ਦਿੱਤੀ। ਨੀਯਤ ਦਿਨ ਰਿਆਸਤ ਦੀ ਮੋਟਰ ਆ ਗਈ ਅਤੇ ਸੰਤ ਜੀ ਮਹਾਰਾਜ ਜਥੇ ਸਮੇਤ ਸੰਗਰੂਰ ਪੁੱਜ ਗਏ। ਹਰ ਸਾਲ ਵਾਂਗਣ ਰਾਜੇ ਦੇ ਨਵੇਂ ਦਰਬਾਰ ਅਸਥਾਨ ਦੇ ਨਾਲ ਮਹਿਲਾਂ ਵਿੱਚ ਡੇਰਾ ਕੀਤਾ। ਨਿੱਤ ਏਥੇ ਸਵੇਰ ਸ਼ਾਮ ਦੀਵਾਨ ਲੱਗਣ ਲੱਗ ਪਏ। ਸ਼ਹਿਰ ਦੀ ਸੰਗਤ ਨੂੰ ਸਦਾ ਵਾਂਗ ਏਹਨਾਂ ਦੀਵਾਨਾਂ ਵਿੱਚ ਆਉਣ ਦੀ ਖੁੱਲ੍ਹ ਸੀ। ਸਾਹਮਣੇ ਸੱਜੇ-ਖੱਬੇ, ਮਾਈ-ਭਾਈ ਦੀਵਾਨ ਵਿੱਚ ਸਜ ਜਾਂਦੇ। ਸੰਤ ਜੀ ਪਿੱਛਲੇ ਪਾਸੇ ਚਿੱਕਾਂ ਦੇ ਪਰਦੇ ਕੋਲ ਸਜ ਜਾਂਦੇ। ਰਾਣੀਆਂ ਪਿੱਛੇ ਬੈਠ ਕੀਰਤਨ ਦਾ ਰੰਗ ਮਾਣਦੀਆਂ।

ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਤੋਂ ਦੋ ਦਿਨ ਪਹਿਲਾਂ ਅਖੰਡ ਪਾਠ ਦਾ ਭੋਗ ਰੱਖਿਆ ਗਿਆ। ਜਨਮ ਦਿਨ ਵਾਲੇ ਦਿਨ ਪਾਠ ਦੀ ਸਮਾਪਤੀ ਹੋਈ। ਰਾਜ-ਮਾਤਾ ਅਤੇ ਰਾਣੀ ਢਿਲਵਾਂ ਨੇ ਯਥਾ ਸ਼ਕਤ ਬਰਤਨ, ਬਸਤਰ, ਪਲੰਘ ਆਦਿ ਮਾਇਆ ਅਰਦਾਸ ਕਰਾਈ। ਏਹ ਅਕਾਲ ਕਾਲਜ ਗੁਰਸਾਗਰ ਸਾਹਿਬ ਦੇ ਪ੍ਰਬੰਧਕਾਂ ਦੇ ਹਵਾਲੇ ਕੀਤੀ ਗਈ। ਏਸੇ ਦਿਨ ਹੀ ਭੋਗ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਮਹਾਰਾਜਾ ਮਹਿੰਦਰ ਪ੍ਰਤਾਪ ਵਾਲੀਏ ਹਾਥਰਸ ਦੇ ਲੜਕੇ ਅਤੇ ਲੜਕੀ ਨੂੰ ਰਾਜ-ਮਾਤਾ ਦੀ ਬੇਨਤੀ ਕਰਨ ਪਰ ਆਪਣੇ ਹੱਥੀਂ ਅੰਮ੍ਰਿਤ ਛਕਾਇਆ। ਦੁਪਹਿਰ ਦੇ ਵੇਲੇ ਸਦਾ ਵਾਂਗਣ ਜੱਗ (ਲੰਗਰ) ਹੋਇਆ। ਪ੍ਰਸ਼ਾਦ ਛਕ, ਸੰਤ ਜੀ ਮਹਾਰਾਜ ਨੇ ਕੁਝ ਚਿਰ ਅਰਾਮ ਕੀਤਾ ਅਤੇ ਫੇਰ ਸ਼ਾਮ ਵੇਲੇ ਸਰਦਾਰ ਸਿੰਘ ਦੀ ਕੋਠੀ ਰਾਮ ਨਗਰ ਸਿਵੀਆਂ ਜਾ ਡੇਰਾ ਕੀਤਾ।

ਏਥੇ ਪਹੁੰਚਦਿਆਂ ਹੀ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਭਾਈ ਅਸਾਂ ਕਿਸੇ ਦਾ ਨਿਉਂਦਾ ਮਨਜ਼ੂਰ ਨਹੀਂ ਕਰਨਾ। ਦੋਵੇਂ ਵੇਲੇ ਸੰਗਤ ਦੇ ਸਰੀਰ, ਨਗਰ ਵਿੱਚੋਂ ਮਧੂਕੜੀ ਲਿਆਇਆ ਕਰਨਗੇ, ਅਸੀਂ ਇਹੋ ਛਕਿਆ ਕਰਾਂਗੇ:-

ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥੧੬੮॥ (੧੩੭੩)

ਏਸ ਤਰ੍ਹਾਂ ਪੂਰੇ ਫ਼ਕੀਰੀ ਦੇ ਰੰਗ ਵਿੱਚ ਤਿੰਨ-ਚਾਰ ਹਫ਼ਤੇ ਬੀਤੇ। ਸਵੇਰ ਸ਼ਾਮ ਕੋਠੀ ਵਿੱਚ ਹੀ ਦੀਵਾਨ ਸਜਦਾ ਅਤੇ ਸ਼ਾਮ ਦੇ ਕੀਰਤਨ ਤੋਂ ਪਹਿਲਾਂ ਹਰ ਰੋਜ਼ ਯੋਗ-ਵਸ਼ਿਸ਼ਟ ਦੀ ਕਥਾ, ਜਿਹੜੀ ਬਾਲੇਵਾਲ ਸ਼ੁਰੂ ਹੋਈ ਸੀ। ਦਾਸ ਪਾਠ ਕਰਦਾ ਅਤੇ ਸੰਤ ਜੀ ਮਹਾਰਾਜ ਜਿੱਥੇ-ਜਿੱਥੇ ਨੁਕਤੇ ਦੀ ਗੱਲ ਹੁੰਦੀ, ਚੰਗੀ ਤਰ੍ਹਾਂ ਸਮਝਾ ਦੇਂਦੇ। ਪਿੰਡ ਦੇ ਕੁਝ ਮਾਈ-ਭਾਈ ਅਤੇ ਹੋਰ ਦਰਸ਼ਨ ਅਭਿਲਾਖੀ ਵੀ ਦੀਵਾਨ ਵਿੱਚ ਹਾਜ਼ਰ ਹੋ ਜਾਂਦੇ।

ਸੰਤ ਜੀ ਮਹਾਰਾਜ ਦੇ ਪ੍ਰੇਮ ਦੇ ਬੱਧੇ ਹੋਏ, ਗੁਜਰਾਂਵਾਲੇ, ਚੀਮੇਂ ਅਤੇ ਹੋਰ ਕਈ ਥਾਵਾਂ ਤੋਂ ਪ੍ਰੇਮੀ ਸੰਤ ਜੀ ਮਹਾਰਾਜ ਦੇ ਸੱਜੇ ਚਰਨ ਦਾ ਇਲਾਜ ਕਰਨ ਲਈ ਆਏ। ਇਹਨਾਂ ਦਾ ਪ੍ਰੇਮ ਪੂਰਾ ਕਰਨ ਹਿੱਤ, ਸੰਤ ਜੀ ਮਹਾਰਾਜ ਆਪਣਾ ਚਰਨ ਇਹਨਾਂ ਸਾਹਮਣੇ ਰੱਖ ਦੇਂਦੇ ਅਤੇ ਇਹਨਾਂ ਨੂੰ ਆਪਣੀ ਭਾਵਨਾ ਪੂਰੀ ਕਰਨ ਦੇਂਦੇ। ਜੋ

ਕੋਈ ਸ਼ਰਧਾਲੂ ਪੁੱਛਦਾ ਕਿ ਸੱਚੇ ਪਾਤਸ਼ਾਹ! ਹਜ਼ੂਰ ਨੂੰ ਤਕਲੀਫ਼ ਹੁੰਦੀ ਹੋਵੇਗੀ ਤਾਂ ਸੰਤ ਜੀ ਮਹਾਰਾਜ ਜਵਾਬ ਦੇਂਦੇ, "ਭਾਈ! ਅਸੀਂ ਚਰਨ ਨਹੀਂ ਹਾਂ, ਅਸੀਂ ਦੁੱਖ-ਸੁੱਖ ਤੋਂ ਨਿਰਲੇਪ ਹਾਂ।"

ਇੱਕ ਦਿਨ ਦਾਸ ਵਿੱਚ ਵੀ ਸਰੀਰ ਭਾਵਨਾ ਪਰਬਲ ਹੋ ਗਈ। ਚਰਨ ਦੀ ਦਸ਼ਾ ਵੇਖ ਕੇ ਚਿੱਤ ਵਿੱਚ ਕੁਝ ਮੋਹ ਭਰਿਆ ਵੈਰਾਗ ਉਪਜਿਆ। ਅੰਤਰਜਾਮੀ ਸੰਤ ਜੀ ਮਹਾਰਾਜ ਨੇ ਦਾਸ ਵੱਲ ਤੱਕਿਆ ਅਤੇ ਨੇਤਰਾਂ ਦੁਆਰਾ ਹੀ ਘੂਰਿਆ, "ਅਜੇ ਸਾਨੂੰ ਤੂੰ ਦੇਹ ਹੀ ਸਮਝਦਾ ਹੈਂ?" ਝੱਟ ਅੰਤਰ-ਆਤਮੇ ਪਛਤਾਵਾ ਹੋਇਆ ਤੇ ਇਹ ਨਿਸ਼ਚਾ ਪ੍ਰਪੱਕ ਹੋਇਆ ਕਿ ਸੰਤ ਜੀ ਮਹਾਰਾਜ ਆਪਣੀ ਖੇਲ ਦੇ ਆਪ ਮਾਲਕ ਹਨ। ਜ਼ਾਹਿਰਾ ਤੌਰ 'ਤੇ ਸਰੀਰ ਨੂੰ ਕਸ਼ਟ ਦੇ ਕੇ ਆਪ ਨਿਰਲੇਪ ਹਨ ਤੇ ਜਗਤ ਵਿੱਚ ਬ੍ਰਹਮ ਵਿੱਦਿਆ ਨੂੰ ਅਮਲੀ ਤੌਰ 'ਤੇ ਪ੍ਰਗਟ ਕਰ ਰਹੇ ਹਨ: 'ਆਤਮਾ ਹੈ, ਸਰੀਰ ਨਹੀਂ।'

ਅਕਾਲੀ ਪ੍ਰੇਮੀਆਂ ਨੂੰ ਉਪਦੇਸ਼

ਇੱਕ ਦਿਨ ਕੁਝ ਅਕਾਲੀ ਸੱਜਣ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਆਏ। ਪ੍ਰਸਪਰ ਬੜੇ ਪ੍ਰੇਮ ਦੇ ਬਚਨ ਬਿਲਾਸ ਹੋਏ। ਏਸ ਪ੍ਰੇਮ ਦੀ ਲਹਿਰ ਵਿੱਚ, ਹੱਥ ਜੋੜ ਬੜੀ ਅਧੀਨਗੀ ਸਹਿਤ ਇਹਨਾਂ ਸੱਜਣਾਂ ਨੇ ਬੇਨਤੀ ਕੀਤੀ, "ਮਹਾਰਾਜ ਜੀ! ਪੰਥ ਵਿੱਚ ਬੜੀ ਫੁੱਟ ਪੈ ਗਈ ਹੈ। ਹਜ਼ੂਰ ਮਿਹਰ ਕਰਕੇ ਏਸ ਵੈਰਨ ਦੇ ਦੂਰ ਕਰਨ ਦਾ ਕੋਈ ਇਲਾਜ ਦੱਸੋ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਅਸੀਂ ਕੁਝ ਨਹੀਂ ਜਾਣਦੇ, ਤੁਸੀਂ ਆਪ ਸਿਆਣੇ ਹੋ।" ਇਹ ਸੁਣ ਅਕਾਲੀ ਸਿੰਘਾਂ ਨੇ ਫੇਰ ਬੜੀ ਨਿਮਰਤਾ ਭਰੀ ਬੇਨਤੀ ਕੀਤੀ, "ਆਪ ਜਾਣੀ ਜਾਣ ਹੋ, ਜ਼ਰੂਰ ਕਿਰਪਾ ਕਰੋ।" ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਸਾਰੇ ਧੜਿਆਂ ਦੇ ਆਗੂ ਅਕਾਲ ਤਖ਼ਤ ਸਾਹਿਬ ਆ ਕੇ ਮਿਲ ਕੇ ਕੀਰਤਨ ਕਰਨ, ਸ਼ਬਦ ਆਪੇ ਹੀ ਮਿਲਾ ਦੇਵੇਗਾ।" ਪ੍ਰੇਮੀਆਂ ਨੇ ਫੇਰ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਵਿਹਾਰ ਦੀ ਜੁਗਤ ਦੱਸੋ, ਜਿਸ ਕਰਕੇ ਪੰਥ ਇੱਕ ਰਸਤੇ ਪੈ ਜਾਵੇ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਤੁਹਾਡਾ ਹੀ ਦੁੱਧ ਤੇ ਤੁਹਾਡੀ ਹੀ ਖੰਡ, ਅਸੀਂ ਤਾਂ ਉਂਗਲ ਫੇਰਨ ਜਾਣਦੇ ਹਾਂ।" ਇਹ ਕਹਿ ਸੰਤ ਜੀ ਆਪਣੇ ਰੰਗ ਵਿੱਚ ਆ ਗਏ ਅਤੇ ਬੜੇ ਜੋਸ਼ ਨਾਲ ਆਖਿਆ, **"ਜਿਸ ਦਿਨ ਗੁਰੂ ਖ਼ਾਲਸਾ ਆਪਣੇ ਪੰਜ ਆਗੂ ਤੇ ਇਹਨਾਂ ਦਾ ਇੱਕ ਸਾਥੀ ਚੁਣ ਲਵੇਗਾ ਅਤੇ ਇਹਨਾਂ ਦੀ ਆਗਿਆ ਵਿੱਚ ਚੱਲੇਗਾ, ਜਿਸ ਕੰਮ ਨੂੰ ਹੱਥ ਪਾਵੇਗਾ, ਉਹ ਫ਼ਤਹਿ ਹੋ ਜਾਵੇਗਾ। ਚੁਣਨ ਵੇਲੇ ਕਿਸੇ ਦਾ ਲਿਹਾਜ਼ ਨਾ ਹੋਵੇ। ਸਿੱਧੀ ਸਪੱਸ਼ਟ ਗੱਲ ਜੋ ਦਿਲ ਵਿੱਚ ਹੋਵੇ ਆਖੀ ਜਾਵੇ। ਪਰ ਜਦ ਇੱਕ ਵਾਰੀ ਪੰਥ ਦੇ ਮੁਖੀ ਚੁਣੇ ਜਾਣ, ਫੇਰ ਭਾਵੇਂ ਉਹ ਮਿੱਟੀ ਦਾ ਮਾਧੋ ਵੀ ਹੋਣ, ਜਦ ਤੀਕਰ ਉਹਨਾਂ ਦਾ ਸਰੀਰ ਹੈ ਤੇ ਗੁਰੂ ਦੀ ਰਹਿਤ ਵਿੱਚ ਪ੍ਰਪੱਕ ਹਨ, ਉਹਨਾਂ ਦੀ ਆਗਿਆ ਮੰਨੀ ਜਾਵੇ। ਇਹ ਨਾ ਹੋਵੇ ਕਿ ਅੱਜ ਟੀਸੀ ਚਾੜ੍ਹ ਦਿੱਤਾ ਅਤੇ ਕੱਲ੍ਹ ਸਿਰ ਦੇ ਭਾਰ ਹੇਠਾਂ ਮਾਰਿਆ।"** ਇਹ ਬਚਨ ਸੁਣ ਅਕਾਲੀ ਸਿੰਘਾਂ ਦੀ ਨਿਸ਼ਾ ਹੋ ਗਈ ਤੇ ਉਹ ਕੁਝ ਚਿਰ ਹੋਰ ਸਤਿਸੰਗ ਦੇ ਲਾਭ ਲੈ ਕੇ ਵਿਦਾ ਹੋਏ।

ਇੱਕ ਵੇਰਾਂ ਭਾਈ ਕੁੰਦਨ ਸਿੰਘ ਦੇ ਭਾਣਜੇ ਨਗੀਨਾ ਸਿੰਘ ਦੇ ਪੁੱਤਰ ਦੀਦਾਰ ਸਿੰਘ ਦਾ ਅਨੰਦ ਕਾਰਜ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਜੀ ਵੀ ਇਸ ਸਮੇਂ ਏਥੇ ਪੁੱਜੇ ਸਨ। ਸੰਤਾਂ ਤੋਂ ਬਿਨਾਂ ਸ਼੍ਰੋਮਣੀ ਅਕਾਲੀ ਦਲ ਦੇ ੨੫ ਲੀਡਰਾਂ ਤੇ ਹੋਰ ਲਗਭਗ ੧੦੦ ਦੇ ਕਰੀਬ ਸਿੰਘਾਂ ਨੇ ਇਸ ਵਿੱਚ ਸ਼ਮੂਲੀਅਤ ਕੀਤੀ। ਸਰਦਾਰਾਂ ਵੱਲੋਂ ਬੇਨਤੀ ਸੀ ਕਿ ਪਿੰਡ ਵਿੱਚ ਤਿੰਨ ਦਿਨ ਆਪਣੇ ਘਰ ਕੋਈ ਅੱਗ ਨਾ ਬਾਲੇ ਤੇ ਪ੍ਰਸ਼ਾਦ ਪਾਣੀ ਇਹਨਾਂ ਕੋਲੋਂ ਹੀ ਛਕੇ। ਬਹੁਤ ਹੀ ਸੋਹਣਾ ਪ੍ਰਬੰਧ ਸੀ, ਤਰ੍ਹਾਂ-ਤਰ੍ਹਾਂ ਦੇ ਖਾਣੇ ਤਿਆਰ ਕੀਤੇ ਗਏ ਤੇ ਥਾਂ-ਥਾਂ ਸੇਵਾ ਲਈ ਸੇਵਾਦਾਰ ਲਾਏ ਗਏ।

ਅਖੰਡ ਪਾਠ ਦੇ ਭੋਗ ਪਿੱਛੋਂ ਆਸਾ ਜੀ ਵਾਰ ਦਾ ਕੀਰਤਨ ਹੋਇਆ। ਇਸ ਸਮੇਂ ਸੌ ਸਾਲ ਦੇ ਇੱਕ ਬਿਰਧ ਨੇ ਉੱਠ ਕੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਮਹਾਰਾਜ! ਇਹੋ ਜਿਹਾ ਮੈਂ ਵਿਆਹ ਅੱਗੇ ਨਹੀਂ ਵੇਖਿਆ। ਆਪ ਦੇ ਦਰਸ਼ਨ ਹੋਏ ਤੇ ਵੰਨ-ਸੁਵੰਨੇ ਪਦਾਰਥ ਛਕੇ ਪਰ ਇੱਕ ਮਹਾਨ ਪਾਪ ਹੋਇਆ ਹੈ, ਇੱਕ ਹੀ ਰਾਤ ਵਿੱਚ ੨੫ ਬੱਕਰੇ ਝਟਕਾਏ ਗਏ। ਸਾਰੀ ਰਾਤ ਮਾਸ ਵੀ ਪੱਕਦਾ ਤੇ ਵਰਤਦਾ ਰਿਹਾ ਹੈ। ਸੰਤ ਜੀ ਇਹ ਸੁਣ ਕੇ ਹੈਰਾਨ ਹੋ ਗਏ ਅਤੇ ਬਚਨ ਕੀਤਾ ਕਿ ਦੀਵਾਨ ਸਮਾਪਤ ਕਰ ਦਿਓ। ਪੰਜ ਪਉੜੀਆਂ ਅਨੰਦ ਸਾਹਿਬ ਦੀਆਂ ਪਾਠ ਕਰਕੇ ਦੇਗ ਵਰਤਾ ਦਿਓ। ਜੋ ਪ੍ਰਸ਼ਾਦ ਮਹਾਰਾਜ ਦੀ ਤਾਬਿਆ ਵਿੱਚ ਰੱਖਿਆ ਸੀ ਸੰਤ ਜੀ ਲੈ ਕੇ ਆਪਣੇ ਅਸਥਾਨ 'ਤੇ ਬਾਗ਼ ਵਿੱਚ ਚਲੇ ਗਏ। ਇਸ ਸਮੇਂ ਸੰਤ ਜੀ ਦੇ ਨਾਲ ਸਮੇਤ ਸੰਤ ਬਿਸ਼ਨ ਸਿੰਘ ਹੋਰਾਂ ਦੇ ੨੫ ਸਿੰਘ ਜਥੇ ਵਿੱਚ ਸਨ। ਸੰਤ ਜੀ ਦੀ ਨਰਾਜ਼ਗੀ ਦੇਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਜਿਨ੍ਹਾਂ ਦੇ ਲੀਡਰ ਮਾਸਟਰ ਮੋਤਾ ਸਿੰਘ ਸਨ, ਸੰਤ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਆਪ ਸਾਡੇ ਮਾਸ ਖਾਣ ਤੇ ਨਰਾਜ਼ ਹੋ, ਉੱਠ ਕੇ ਚਲੇ ਆਏ ਹੋ। ਸੰਤ ਜੀ ਨੇ ਕਿਹਾ ਕਿ ਸਾਡੀ ਤਾਂ ਕੋਈ ਨਰਾਜ਼ਗੀ ਨਹੀਂ, ਪਰ ਇਸ ਮਹਾਨ ਜੱਗ ਵਿੱਚ ਪਾਪ ਨਹੀਂ ਹੋਣਾ ਚਾਹੀਦਾ ਸੀ। ਅੱਗੋਂ ਮਾਸਟਰ ਜੀ ਨੇ ਬੇਨਤੀ ਕੀਤੀ ਜੇਕਰ ਅਸੀਂ ਮਾਸ ਨਾ ਖਾਈਏ ਤਾਂ ਵੈਰੀ ਨਾਲ ਲੋਹਾ ਕਿਵੇਂ ਲੈ ਸਕਦੇ ਹਾਂ। ਇਸ ਉੱਪਰ ਸੰਤ ਜੀ ਨੇ ਫ਼ਰਮਾਇਆ ਇਹ ਵਹਿਮ ਹੈ। ਤੁਸੀਂ ਪੰਜ ਸਿੰਘ ਤਲਵਾਰਾਂ ਲੈ ਕੇ ਤਿਆਰ ਹੋ ਜਾਓ ਤੇ ਨਾਲ ਹੀ ਸੰਤ ਬਿਸ਼ਨ ਸਿੰਘ ਹੋਰਾਂ ਨੂੰ ਖੜਾ ਕਰ ਲਿਆ, ਇਹਨਾਂ ਨੂੰ ਆਪ ਜਾਣਦੇ ਹੋ ਇਹ ਖੇਤੀ ਕਰਦੇ ਹਨ। ਇਹ ਸੁੱਕੀ ਰੋਟੀ, ਉਹ ਵੀ ਰੱਜ ਕੇ ਨਹੀਂ ਛਕਦੇ, ਪਰ ਨਾਮ ਜਪਦੇ ਹਨ। ਇਹ ਤੁਹਾਡੀਆਂ ਪੰਜੇ ਤਲਵਾਰਾਂ ਖੋਹ ਲੈਣਗੇ। ਸੰਤ ਜੀ ਦਾ ਹੁਕਮ ਸੁਣ ਕੇ ਸੰਤ ਬਿਸ਼ਨ ਸਿੰਘ ਜੀ ਖਲੋ ਗਏ। ਉਹਨਾਂ ਦੇ ਚਿਹਰੇ 'ਤੇ ਐਸੀ ਲਾਲੀ ਚਮਕਣ ਲੱਗੀ ਜਿਹੜੀ ਝੱਲੀ ਨਹੀਂ ਸੀ ਜਾਂਦੀ।

ਇਹ ਵੇਖ ਕੇ ਅਕਾਲੀ ਲੀਡਰ ਚਰਨਾਂ 'ਤੇ ਢਹਿ ਪਏ ਅਤੇ ਖਿਮਾਂ ਮੰਗੀ। ਇਸ ਸਮੇਂ ਸ: ਕੁੰਦਨ ਸਿੰਘ ਨੂੰ ਇੱਕ ਲੱਖ ਜਪੁਜੀ ਸਾਹਿਬ ਦਾ ਪਾਠ ਤੇ ਸ: ਨਗੀਨਾ ਸਿੰਘ ਨੂੰ ਸਵਾ ਲੱਖ ਮੂਲਮੰਤਰ ਦਾ ਪਾਠ ਕਰਨ ਦਾ ਦੰਡ ਲਾਇਆ।

ਬਾਬਾ ਸਾਵਣ ਸਿੰਘ ਜੀ ਦੀ ਸੇਵਾ

ਇੱਕ ਦਿਨ ਸ਼ਾਮ ਦੇ ਵੇਲੇ ਬਾਬਾ ਸਾਵਣ ਸਿੰਘ, ਜਿਨ੍ਹਾਂ ਦਾ ਨਾਮ ਨਗਰਾਂ ਵਿੱਚ 'ਬਾਬਾ ਰੱਬ' ਪੈ ਗਿਆ ਸੀ, ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਆਏ। ਇਹ ਸੱਜਣ ਬਾਲ ਜਤੀ ਸਨ ਤੇ ੨੦ ਕੁ ਸਾਲਾਂ ਤੋਂ ਗੁਰੂ ਕੇ ਲੰਗਰ ਦੇ ਝੋਲੇ ਦੀ ਸੇਵਾ ਵਿੱਚ ਡਟੇ ਹੋਏ ਸਨ। ਇਹ ਗੁਰਸਾਗਰ ਸਾਹਿਬ ਮਸਤੂਆਣੇ ਤੋਂ ਬਾਹਰ ਇੱਕ ਛੱਪਰੀ ਵਿੱਚ ਵਿਰੱਕਤ ਰਹਿੰਦੇ, ਇੱਕ ਸਲੰਘ, ਸਵਾ ਮਣ ਪੱਕੇ ਦਾ ਝੋਲਾ, ਤੌੜਾ, ਮਿੱਟੀ ਦਾ ਪਿਆਲਾ ਤੇ ਕੁੰਡੀ, ਇਹਨਾਂ ਦੀ ਜਾਇਦਾਦ ਸੀ। ਗੁਰਦੁਆਰੇ ਸਾਹਿਬ ਦੇ ਖਜ਼ਾਨੇ ਤੋਂ ਕੋਈ ਮੰਗ ਨਹੀਂ ਸੀ ਕਰਦੇ। ਆਪਣੀ ਕਿਰਿਆ ਸੁਤੇ-ਸਿੱਧ ਹੀ ਕਰਤਾਰ ਦੇ ਆਸਰੇ ਤੋਰਦੇ ਅਤੇ ਕਦੀ ਰੋਜ਼, ਕਦੀ ਦੂਜੇ ਦਿਨ, ਸਵਾ ਮਣ ਪੱਕਾ ਆਟਾ ਲੰਗਰ ਵਿੱਚ ਹਾਜ਼ਰ ਕਰਦੇ। ਮੋਢੇ 'ਤੇ ਸਲੰਘ ਅਤੇ ਉਸ 'ਤੇ ਝੋਲਾ ਲਟਕਾ, ਜਿੱਧਰ ਜਾਂਦੇ ਮਾਈ-ਭਾਈ ਹੱਥੀਂ ਛਾਵਾਂ ਕਰਦੇ। ਕੁਝ ਚਿਰ ਬਾਬਾ ਜੀ ਸੰਤ ਜੀ ਮਹਾਰਾਜ ਦੇ ਪਾਸ ਬੈਠੇ ਦਰਸ਼ਨ ਕਰਦੇ ਰਹੇ। ਫੇਰ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਬਿਰਧ ਹੋ ਗਏ ਹਾਂ, ਸੇਵਾ ਤੋਂ ਛੁੱਟੀ ਬਖਸ਼ੋ।" ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, "ਗੁਰਮੁਖ ਬੁੱਢੇ ਕਦੀ ਭੀ ਨਹੀਂ ਹੁੰਦੇ। ਤੁਸੀਂ ਤਕੜੇ ਹੋਵੇ, ਸੇਵਾ ਨਹੀਂ ਛੱਡਣੀ।"

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥੧੫੩॥ (੧੩੭੨)

ਇਹ ਹੁਕਮ ਸੁਣ ਬਾਬਾ ਸਾਵਣ ਸਿੰਘ ਨੇ ਸਿਰ ਨਿਵਾਇਆ ਅਤੇ ਆਖਿਆ, 'ਸਤਿ ਬਚਨ।' ਫੇਰ ਸੰਤ ਜੀ ਮਹਾਰਾਜ ਨੇ ਹੱਸ ਕੇ ਬਾਬਾ ਸਾਵਣ ਸਿੰਘ ਨੂੰ ਆਖਿਆ, "ਦੇਖੋ ਭਾਈ ਸਾਵਣ ਸਿੰਘ ਜੀ! ਅਸੀਂ ਤੇਜਾ ਸਿੰਘ ਨੂੰ ਬਿਰੱਕਤ ਬਣਾ ਲਿਆ ਹੈ।" ਇਹ ਸੁਣ ਭਾਈ ਸਾਵਣ ਸਿੰਘ ਜੀ ਬੜੇ ਹੀ ਪ੍ਰਸੰਨ ਹੋਏ ਅਤੇ ਦਾਸ ਵੱਲ ਪੂਰੇ ਪ੍ਰੇਮ ਤੇ ਫ਼ਕੀਰ ਦੀ ਅਸੀਸ ਭਰੀ ਨਿਗਾਹ ਨਾਲ ਦੇਖਿਆ।

ਦਮਦਮੇ ਸਾਹਿਬ ਦੇ ਲੰਗਰ ਦੇ ਪ੍ਰਬੰਧ ਦਾ ਸੰਤ ਜੀ ਮਹਾਰਾਜ ਨੂੰ ਖਾਸ ਖਿਆਲ ਸੀ, ਏਸ ਦਾ ਪੂਰਾ ਕਰਨ ਹਿੱਤ, ਸੰਤ ਭਾਈ ਗੁਲਾਬ ਸਿੰਘ ਨੂੰ ਦਮਦਮੇ ਸਾਹਿਬ ਤੋਂ ਸੱਦਿਆ ਗਿਆ। ਸਰਦਾਰ ਧਰਮ ਸਿੰਘ ਵੀ ਸੰਤ ਜੀ ਮਹਾਰਾਜ ਦਾ ਹੁਕਮ ਮੰਨ, ਰਾਮ ਨਗਰ ਸਿਵੀਆਂ ਆ ਪੁੱਜੇ। ੫੦ ਹਜ਼ਾਰ ਰੁਪਏ ਦੀ ਜ਼ਮੀਨ ਲੈਣ ਦਾ ਗੁਰਮਤਾ ਪੱਕਾ ਹੋ ਗਿਆ ਅਤੇ ਸੰਤ ਗੁਲਾਬ ਸਿੰਘ ਨੂੰ ਹੁਕਮ ਮਿਲਿਆ ਕਿ ਉਹ ਚੰਗੀ ਜ਼ਮੀਨ ਦੇਖ ਲੈਣ ਅਤੇ ਸਰਦਾਰ ਧਰਮ ਸਿੰਘ ਪਾਸ ਜੋ ਦਮੜਾ ਜਮ੍ਹਾਂ ਹੈ, ਉਸ ਦੇ ਨਾਲ ਜ਼ਮੀਨ ਖਰੀਦ ਲੈਣ।

ਭਾਈ ਗੁਰਬਖਸ਼ ਸਿੰਘ ਜਿਹੜੇ ਕਿ ਬਾਲੇਵਾਲ ਸੰਤ ਜੀ ਮਹਾਰਾਜ ਦੀ ਸੇਵਾ ਵਾਸਤੇ ਹਾਜ਼ਰ ਹੋਏ ਸਨ, ਬੜੇ ਪ੍ਰੇਮ ਅਤੇ ਨਿਸ਼ਕਾਮਤਾ ਨਾਲ ਸੰਤ ਜੀ ਮਹਾਰਾਜ ਦੀ ਚਰਨ ਦੀਆਂ ਪੱਟੀਆਂ ਸਾਬਣ ਨਾਲ ਧੋ ਕੇ, ਨਿੱਤ-ਨੇਮ ਨਾਲ ਸਾਫ਼ ਕਰਦੇ। ਸਾਰਾ ਦਿਨ ਏਸੇ ਲਗਨ ਵਿੱਚ ਲੱਗੇ ਰਹਿੰਦੇ। ਏਸ ਇੱਕ-ਰਸ ਸੇਵਾ ਦਾ ਉਹਨਾਂ ਨੂੰ ਇਹ ਫਲ ਮਿਲਿਆ ਕਿ ਉਹ ਮਸਤੀ ਵਿੱਚ ਆਪਣੇ-ਆਪ ਤੋਂ ਬਾਹਰ ਹੋ ਗਏ। ਕੱਪੜੇ ਫਾੜ ਜੰਗਲਾਂ ਵਿੱਚ ਨਿਕਲ ਜਾਂਦੇ ਅਤੇ ਸੰਗਤ ਦੇ ਸਰੀਰ ਪ੍ਰੇਮ ਨਾਲ ਉਹਨਾਂ ਨੂੰ ਮੋੜ ਕੇ ਲਿਆਉਂਦੇ।

ਬ੍ਰਹਮ ਗਿਆਨ ਦਾ ਉਪਦੇਸ਼

ਇਹਨਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਨੇ ਉਪਦੇਸ਼ ਦਾ ਖਜ਼ਾਨਾ ਖੋਲ੍ਹ ਦਿੱਤਾ। ਕਈ ਵਾਰੀ ਠੋਕਰ ਮਾਰ ਕੇ ਪ੍ਰਸ਼ਨ ਕਰਨ ਦਾ ਹੁਕਮ ਦੇਂਦੇ ਅਤੇ ਆਖਦੇ, ਭਾਈ! ਜੋ ਕੁਝ ਪੁੱਛਣਾ ਹੈ, ਪੁੱਛ ਲਵੋ, ਸਾਰੇ ਸ਼ੰਕੇ ਮਿਟਾ ਲਵੋ। ਫੇਰ ਪਿੱਛੋਂ ਕੋਈ ਇਹ ਨਾ ਆਖੇ ਕਿ ਕਿਹਦੇ ਪਾਸ ਰਹੇ ਸਨ, ਕਿਸੇ ਗੱਲ ਦਾ ਚੱਜ ਵੀ ਨਹੀਂ ਸਿੱਖਿਆ। ਗਿਆਨ ਚਰਚਾ ਵਿੱਚ ਕਈ ਅਦੁੱਤੀਆਂ ਸਾਖੀਆਂ ਸੁਣਾਉਂਦੇ। ਇਹਨਾਂ ਦਿਨਾਂ ਵਿੱਚ ਰਾਗ ਸਿੱਖਣ ਦਾ ਉਪਦੇਸ਼ ਵੀ ਕਰਦੇ। ਕਈ ਵਾਰੀ ਮੌਜ ਵਿੱਚ ਆ ਕੇ ਆਪ ਰਾਗ ਅਲਾਪਦੇ ਅਤੇ ਸੰਗਤ ਦੇ ਸਰੀਰਾਂ ਨੂੰ ਮਗਰ ਲੱਗਣ ਲਈ ਆਖਦੇ। ਜਗਿਆਸੂ ਦੀ ਆਦਿ ਤੋਂ ਹੀ ਪ੍ਰੀਖਿਆ ਤੁਰੀ ਆਈ ਹੈ, ਨਾਲ ਦੇ ਸਾਥੀ ਸਦਾ ਹੀ ਮਨ-ਬਚਨ-ਕਰਮ ਦੁਆਰਾ ਠੋਕਰਾਂ ਮਾਰਦੇ ਰਹਿੰਦੇ ਹਨ। ਇਸ ਪ੍ਰੀਖਿਆ ਦੀ ਕਸਵੱਟੀ ਨੇ ਰਾਮ ਨਗਰ ਸਿਵੀਆ ਵਿੱਚ ਕੁਝ ਭੈੜੀ ਜਿਹੀ ਸ਼ਕਲ ਫੜ ਲਈ। ਦਾਸ ਨੇ ਇੱਕ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਕਾਂਤ ਸਿਮਰਨ ਦੀ ਆਗਿਆ ਬਖਸ਼ੋ।" ਅੰਤਰਯਾਮੀ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਸੰਗਤ ਦੇ ਬਚਨ-ਕੁਬਚਨ ਸਹਾਰ ਕੇ ਨਾਲ-ਨਾਲ ਮਨ ਦੀ ਪ੍ਰੀਖਿਆ ਹੁੰਦੀ ਰਹਿੰਦੀ ਹੈ।" ਇੱਕ ਦਿਨ ਏਸੇ ਪ੍ਰਥਾਏ, ਇੱਕ ਖਾਸ ਰੰਗ ਵਿੱਚ ਆ ਕੇ ਆਖਿਆ, "ਭਾਈ ਤੇਜਾ ਸਿੰਘ! ਤੁਸੀਂ ਬੜੇ ਇਮਤਿਹਾਨ ਪਾਸ ਕੀਤੇ ਹਨ, ਪਰ ਬ੍ਰਹਮ ਵਿੱਦਿਆ ਦਾ ਇਮਤਿਹਾਨ ਉਸ ਦਿਨ ਪਾਸ ਹੁੰਦਾ ਹੈ ਜਦ ਪਿੱਛੋਂ ਆ ਕੇ ਕੋਈ ਏਸ ਨੂੰ ਲੱਤ ਮਾਰੇ ਤੇ ਇਹ ਓਧਰ ਧਿਆਨ ਭੀ ਨਾ ਕਰੇ; ਜਾਂ ਕੋਈ ਸਾਹਮਣੇ ਆ ਕੇ ਆਖੇ, "ਤੂੰ ਬੜਾ ਕੰਜਰ ਹੈ।" ਹੱਥ ਜੋੜ ਕੇ ਆਖੇ, "ਬੜੀ ਕਿਰਪਾ ਕੀਤੀ, ਦੱਸ ਦਿੱਤਾ।" ਕਥਾ, ਕੀਰਤਨ ਕਰਦੇ-ਕਰਦੇ ਯੋਗ-ਵਸ਼ਿਸ਼ਟ ਦਾ ਭੋਗ ਨੇੜੇ ਆ ਗਿਆ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਸਾਰੀ ਯੋਗ-ਵਸ਼ਿਸ਼ਟ ਇਸ ਇੱਕ ਗੱਲ ਵਿੱਚ ਹੀ ਪੂਰੀ ਹੋ ਜਾਂਦੀ ਹੈ, "ਗੁਰਸਾਖੀ ਜੋਤ ਪ੍ਰਗਟ ਹੋਇ।" ਫੇਰ ਦਾਸ ਵੱਲ ਕਿਰਪਾ ਦ੍ਰਿਸ਼ਟੀ ਨਾਲ ਵੇਖ ਕੇ ਸ਼ਬਦ ਦੀ ਏਹ ਤੁਕ ਉਚਾਰੀ:

ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥
ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਹਾਰਾ ॥੨॥ (੫੯੬)

ਸਵੇਰੇ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਨ ਦੀ ਸੇਵਾ ਦਾਸ ਦੀ ਲੱਗੀ ਹੋਈ ਸੀ। ਇੱਕ ਦਿਨ ਸ਼ਾਮ ਦੇ ਦੀਵਾਨ ਦੇ ਮਗਰੋਂ ਸਾਰੀ ਸੰਗਤ ਸਿਵੀਆ ਪ੍ਰਸ਼ਾਦ ਛਕਣ ਲਈ ਗਈ। ਭਾਈ ਖੁਸ਼ਾਲ ਸਿੰਘ ਸੰਤ ਜੀ ਮਹਾਰਾਜ ਦੀ ਅਰਦਲ ਵਿੱਚ ਬੈਠੇ ਰਹੇ। ਦਾਸ, ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖਆਸਨ ਕਰ ਰਿਹਾ ਸੀ। ਸੰਤ ਜੀ ਮਹਾਰਾਜ ਮੌਜ ਵਿੱਚ ਆਏ ਅਤੇ ਭਾਈ ਖੁਸ਼ਾਲ ਸਿੰਘ ਨੂੰ ਕਹਿਣ ਲੱਗੇ ਕਿ ਇਹ ਕਾਨੜੇ ਦਾ ਵਕਤ ਹੈ; ਅਸੀਂ ਅਲਾਪ ਕਰਦੇ ਹਾਂ, ਪਿੱਛੋਂ ਤੂੰ ਕਰੀਂ। ਇਹ ਕਹਿ ਸੰਤ ਜੀ ਮਹਾਰਾਜ ਨੇ ਬੜੀ ਪ੍ਰੇਮ ਭਰੀ ਅਤੇ ਮਧੁਰ ਧੁਨ ਵਿੱਚ ਕਾਨੜਾ ਅਲਾਪਿਆ। ਫੇਰ ਆਖਿਆ, "ਹੱਛਾ ਭਾਈ ਖੁਸ਼ਾਲ ਸਿੰਘ! ਹੁਣ ਤੁਸੀਂ ਅਲਾਪੋ।" ਭਾਈ ਖੁਸ਼ਾਲ ਸਿੰਘ ਨੇ ਯਤਨ ਕੀਤਾ ਪਰ ਪੂਰਾ ਨਾ ਉਤਰਿਆ। ਦਾਸ ਦੇ ਹੱਥ ਤਾਂ ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿੱਚ ਲੱਗੇ ਹੋਏ ਸਨ, ਪਰ ਚਿੱਤ ਦੁਆਰਾ ਕਾਨੜਾ ਦੇ ਅਲਾਪ ਦਾ ਸਾਧਨ ਕਰਦਾ ਰਿਹਾ। ਜਦ ਬਾਹਰ ਨਿਕਲਿਆ ਤਾਂ ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ ਤੇਜਾ ਸਿੰਘ, ਤੁਸੀਂ ਕਾਨੜਾ ਅਲਾਪੋ।" ਦਾਸ ਨੇ ਯਤਨ ਕੀਤਾ, ਕੁਝ ਸੂਤ ਬੈਠ ਗਿਆ। ਸੰਤ ਜੀ ਮਹਾਰਾਜ ਹੱਸ ਪਏ ਅਤੇ ਆਖਿਆ, "ਭਾਈ! ਪਾਸ।"

ਸੰਤ ਆਤਮਾ ਹਨ, ਸਰੀਰ ਨਹੀਂ

ਮਾਘੀ ਤੋਂ ਦੋ ਚਾਰ ਦਿਨ ਪਿੱਛੋਂ ਸਰਦਾਰ ਗੋਵਿੰਦਰ ਸਿੰਘ ਜੀ, ਸੰਗਰੂਰ ਤੋਂ ਮੋਟਰ ਲੈ ਕੇ ਆ ਹਾਜ਼ਰ ਹੋਏ ਅਤੇ ਸੰਤਾਂ ਨੂੰ ਆਪਣੇ ਨਾਲ ਲਿਜਾਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਭਾਈ! ਤੁਹਾਡਾ ਪ੍ਰੇਮ ਲੈਣ ਲਈ ਤਾਂ ਅਸੀਂ ਤਿਆਰ ਹਾਂ ਪਰ ਸਾਨੂੰ ਅਪ੍ਰੇਸ਼ਨ ਦੀ ਕੋਈ ਲੋੜ ਨਹੀਂ, ਅਸੀਂ ਅਰੋਗ ਹਾਂ। ਇਹ ਸਰੀਰ ਦੀ ਖੇਲ ਅਕਾਲ ਪੁਰਖ ਦੀ ਰਜ਼ਾ ਵਿੱਚ ਵਰਤ ਰਹੀ ਹੈ। ਅਸੀਂ ਏਸ ਤੋਂ ਪਰੇ ਹਾਂ।" ਏਹ ਬਚਨ ਬਿਲਾਸ ਕਰ ਕੇ ਸੰਤ ਜੀ ਮਹਾਰਾਜ ਸਰਦਾਰ ਗੋਵਿੰਦਰ ਸਿੰਘ ਦੇ ਨਾਲ ਸੰਗਰੂਰ ਉਹਨਾਂ ਦੇ ਘਰ ਆ ਗਏ। ਦੋ-ਚਾਰ ਦਿਨ ਉੱਥੇ ਅਰਾਮ ਕੀਤਾ ਅਤੇ ਕਿਸੇ ਨੂੰ ਵੀ ਅਪ੍ਰੇਸ਼ਨ ਵਾਸਤੇ ਆਖਣ ਦਾ ਹੀਆ ਨਾ ਪਿਆ। ਫਿਰ ਡਾਕਟਰ ਅਤੇ ਜੀਂਦ ਦਾ ਚੀਫ਼ ਮਨਿਸਟਰ ਢੀਂਗਰਾ ਬੜਾ ਜ਼ੋਰ ਪਾਉਣ ਲੱਗੇ ਕਿ ਅਪ੍ਰੇਸ਼ਨ ਜ਼ਰੂਰ ਕਰਨਾ ਚਾਹੀਦਾ ਹੈ। ਸੰਤ ਜੀ ਮਹਾਰਾਜ ਦੇ ਸੇਵਕ ਅਤੇ ਗੋਵਿੰਦਰ ਸਿੰਘ ਨੇ ਵੀ ਅਪ੍ਰੇਸ਼ਨ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਅਸੀਂ ਇੱਕ ਵਾਰੀ ਜੋ ਕਹਿ ਚੁੱਕੇ ਹਾਂ ਕਿ ਅਸੀਂ ਅਰੋਗ ਹਾਂ, ਸਾਨੂੰ ਅਪ੍ਰੇਸ਼ਨ ਦੀ ਕੋਈ ਲੋੜ ਨਹੀਂ।" ਪਰ ਗੁਰੂ ਮਹਾਰਾਜ ਦਾ ਹੁਕਮ ਹੈ: **ਮਾਇਆਧਾਰੀ ਅਤਿ ਅੰਨਾ ਬੋਲਾ ॥ (੩੧੩)** ਇਹ ਪ੍ਰੇਮੀ ਸੰਤ ਜੀ ਮਹਾਰਾਜ ਦੀ ਰਮਜ਼ ਨੂੰ ਨਾ ਸਮਝ ਸਕੇ ਅਤੇ ਨਾਲ ਦੇ ਸੇਵਕ ਵੀ ਮਾਇਆਧਾਰੀ ਦੇ ਲਿਹਾਜ਼ ਵਿੱਚ ਲਪੇਟੇ ਗਏ। ਕਿਸੇ ਨੇ ਸੰਤ ਜੀ ਮਹਾਰਾਜ ਦੇ ਬਚਨ ਦੀ ਕੀਮਤ ਨਾ ਜਾਣੀ। ਦੂਜੇ ਦਿਨ ਡਾਕਟਰ ਆਪਣਾ ਚੀਰ-ਫਾੜ ਦਾ ਸਾਰਾ ਸਮਾਨ ਲੈ ਕੇ ਆ ਗਿਆ। ਸੇਵਕਾਂ ਨੇ ਭੀ ਨਾ ਮੋੜਿਆ ਅਤੇ ਮਹਾਂ ਪੁਰਸ਼ਾਂ ਦੀ ਮਰਜ਼ੀ ਦੇ ਵਿਰੁੱਧ ਅਪ੍ਰੇਸ਼ਨ ਦੀ ਤਿਆਰੀ ਸ਼ੁਰੂ ਹੋ ਗਈ। ਹੁਣ ਡਾਕਟਰ ਸੰਤ ਜੀ ਮਹਾਰਾਜ ਨੂੰ ਪੁੱਛਣ ਲੱਗਾ ਕਿ ਤੁਹਾਨੂੰ ਕਲੋਰੋਫਾਰਮ ਸੁੰਘਾਈਏ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਜੇ ਤੁਸਾਂ ਨਹੀਂ ਮੁੜਨਾ ਅਤੇ ਜ਼ਰੂਰ ਹੀ ਇਹ ਖੇਲ ਕਰਨੀ ਹੈ ਤਾਂ ਸਰੀਰ ਹਾਜ਼ਰ ਹੈ, ਜਿਸ ਤਰ੍ਹਾਂ ਮਰਜ਼ੀ ਹੈ ਕਰੀ ਜਾਓ, ਸਾਨੂੰ ਕਲੋਰੋਫਾਰਮ ਦੀ ਕੋਈ ਲੋੜ ਨਹੀਂ।" ਸੇਵਕਾਂ ਨੂੰ ਸੰਤ ਜੀ ਮਹਾਰਾਜ ਨੇ ਬੜੇ ਜ਼ੋਰਦਾਰ ਲਫਜ਼ਾਂ ਵਿੱਚ ਆਖਿਆ ਕਿ ਉਹ ਅਪ੍ਰੇਸ਼ਨ ਨਾ ਹੋਣ ਦੇਣ, ਦੇਹ ਨੂੰ ਅਕਾਰਥ ਕੋਹਣਾ ਠੀਕ ਨਹੀਂ ਪਰ ਇਹ ਸਾਰੇ ਪ੍ਰੇਮੀ ਮਾਇਆ ਦੇ ਅਸਰ ਹੇਠਾਂ ਆ ਗਏ।

ਸੰਤ ਅਤਰ ਸਿੰਘ ਜੀ ਦੀ ਸਿਬੀਆ ਜ਼ਿਲ੍ਹਾ ਸੰਗਰੂਰ ਵਿਖੇ (੧੯੨੭)
ਖੱਬਿਓਂ ਪੰਜਵੇਂ ਸੰਤ ਤੇਜਾ ਸਿੰਘ ਜੀ ਖੜ੍ਹੇ ਹਨ।



ਗੁਰਦੁਆਰਾ ਜੋਤੀ ਸਰੂਪ ਸੰਗਰੂਰ
ਇੱਥੇ ਸੰਤ ਅਤਰ ਸਿੰਘ ਜੀ ਮਹਾਰਾਜ ਜੋਤੀ-ਜੋਤ ਸਮਾਏ ।

ਬਿਟ-ਬਿਟ ਇੱਕ ਦੂਜੇ ਦੇ ਮੂੰਹ ਵੱਲ ਦੇਖੀ ਗਏ ਅਤੇ ਮਹਾਂ ਪੁਰਖਾਂ ਦਾ ਬਚਨ ਨਾ ਮੰਨਿਆ। ਨਸ਼ਤਰਾਂ ਦੀ ਖੇਡ ਸ਼ੁਰੂ ਹੋ ਗਈ। ਸੰਤ ਜੀ ਮਹਾਰਾਜ ਅਡੋਲ ਆਪਣੇ ਰੰਗ ਵਿੱਚ ਮਸਤ ਪਏ ਰਹੇ। ਜਦ ਅਪ੍ਰੇਸ਼ਨ ਹੋ ਚੁੱਕਾ ਤਦ ਸੰਤ ਜੀ ਮਹਾਰਾਜ ਨੇ ਸੇਵਕਾਂ ਨੂੰ ਫ਼ਰਮਾਇਆ ਕਿ ਅਸੀਂ ਹੁਣ ਅੰਤਰ-ਧਿਆਨ ਹੋਣ ਲਗੇ ਹਾਂ (ਬਿਦੇਹ ਮੁਕਤ, ਤੁਰੀਆ ਅਤੀਤ)। ਤੁਸਾਂ ਕਿਸੇ ਨੇ ਸਾਨੂੰ ਖੁਵਾਣ-ਪਿਆਣ ਲਈ ਨਾ ਛੇੜਨਾ। ਅਸੀਂ ਆਪਣੀ ਮੌਜ ਵਿੱਚ ਮਸਤ ਰਹਾਂਗੇ ਅਤੇ ਜੋ ਕਰਤਾਰ ਦਾ ਹੁਕਮ ਹੈ, ਸਹਿਜ-ਸੁਭਾਏ ਆਪਣੇ ਸਮੇਂ ਸਿਰ ਵਰਤ ਜਾਵੇਗਾ।

(ਜ਼ਬਾਨੀ ਬੇਬੇ ਰਤਨ ਕੌਰ ਜੀ ਅਤੇ ਭਾਈ ਰਾਮ ਸਿੰਘ ਜੀ ਗੜਵਈ) ਜਦ ਅਪ੍ਰੇਸ਼ਨ ਦੀ ਖ਼ਬਰ ਸੰਤ ਭਾਈ ਗੁਲਾਬ ਸਿੰਘ ਨੂੰ ਗੁਰੂ ਕਾਸ਼ੀ ਦਮਦਮਾ ਸਾਹਿਬ ਪੁੱਜੀ, ਤਦ ਇਹ ਵਾਹੋ-ਦਾਹੀ ਸੰਗਰੂਰ ਅੱਪੜੇ। ਅੱਗੇ ਸੰਤ ਜੀ ਮਹਾਰਾਜ ਆਪਣੇ-ਆਪ ਨੂੰ ਸੰਕੋਚ ਕੇ ਮੌਜ ਵਿੱਚ ਪਏ ਸਨ ਤੇ ਕਿਸੇ ਨਾਲ ਗੱਲ ਨਹੀਂ ਸੀ ਕਰਦੇ। ਸੰਤ ਭਾਈ ਗੁਲਾਬ ਸਿੰਘ ਮੱਥਾ ਟੇਕ, ਇੱਕ ਟੰਗ 'ਤੇ ਖੜੇ ਹੋ ਗਏ ਅਤੇ ਚੁੱਪੀਤੇ ਅਰਦਾਸ ਵਿੱਚ ਜੁੱਟ ਗਏ। ਦਸ ਕੁ ਮਿੰਟ ਮਗਰੋਂ ਸੰਤ ਜੀ ਮਹਾਰਾਜ ਨੇ ਨੇਤਰ ਖੋਲ੍ਹੇ ਅਤੇ ਭਾਈ ਗੁਲਾਬ ਸਿੰਘ ਜੀ ਨੂੰ ਫ਼ਰਮਾਇਆ, "ਜੋ ਹੋਣਾ ਸੀ ਸੋ ਹੋ ਗਿਆ ਹੈ, ਤੁਸੀਂ ਦਮਦਮਾ ਸਾਹਿਬ ਜਾ ਕੇ ਸੇਵਾ ਕਰੋ।" ਹੁਕਮ ਮੰਨ ਭਾਈ ਗੁਲਾਬ ਸਿੰਘ ਉਸੇ ਵੇਲੇ ਵਾਪਸ ਮੁੜ ਗਏ।

ਅਪ੍ਰੇਸ਼ਨ ਤੋਂ ਇੱਕ ਦਿਨ ਪਹਿਲਾਂ ਸੰਤ ਜੀ ਮਹਾਰਾਜ ਦਾ ਇੱਕ ਸਹਿਜਧਾਰੀ ਪ੍ਰੇਮੀ, ਜਿਹੜਾ ਕਿ ਜੰਮੂ ਰਾਏ ਬਹਾਦਰ ਮੱਖਣ ਲਾਲ ਚੀਫ਼ ਇੰਜੀਨੀਅਰ ਹੇਠਾਂ ਠੇਕੇਦਾਰ ਸੀ, ਸੰਤ ਜੀ ਮਹਾਰਾਜ ਨੂੰ ਸੰਗਰੂਰ ਮਿਲਣ ਆਇਆ। ਪ੍ਰੇਮ ਦੇ ਬਚਨ-ਬਿਲਾਸ ਕਰਦਿਆਂ ਸੰਤ ਜੀ ਨੇ ਫ਼ਰਮਾਇਆ, **"ਅਸੀਂ ਸੱਤ ਦਿਨਾਂ ਨੂੰ ਸਰੀਰ ਛੱਡ ਦੇਣਾ ਹੈ, ਅੱਗੇ ਬਹੁਤ ਕੰਮ ਕਰਨਾ ਹੈ।"**

ਜਿਸ ਵੇਲੇ ਦਾਸ ਤਾਂਦਲਿਆਂ ਵਾਲੇ ਸੀ, ਅਖ਼ਬਾਰ ਵਿੱਚ ਸੰਤ ਜੀ ਮਹਾਰਾਜ ਦੇ ਸੰਗਰੂਰ ਆਉਣ ਅਤੇ ਅਪ੍ਰੇਸ਼ਨ ਕਰਾਉਣ ਦਾ ਸਮਾਚਾਰ ਪੜ੍ਹਿਆ। ਚਿੱਤ ਵਿੱਚ, ਜਿਹੜੀ ਗੱਲ ਸੰਤ ਜੀ ਮਹਾਰਾਜ ਦੇ ਸਵਾ ਮਹੀਨੇ ਪਹਿਲੇ ਆਖੀ ਸੀ, ਖੜਕ ਗਈ ਕਿ ਹੁਣ ਆਪਣਾ ਭਾਣਾ ਵਰਤਾ ਰਹੇ ਹਨ। ਦਰਸ਼ਨ ਦੀ ਖਿੱਚ ਬਹੁਤ ਸੀ, ਪਰ ਹੁਕਮ ਸੀ: ਸੱਦੇ ਬਿਨਾਂ ਨਹੀਂ ਆਉਣਾ, ਆਪਣੀ ਸੇਵਾ ਵਿੱਚ ਜੁਟੇ ਰਹਿਣਾ। ਆਗਿਆ ਪਾਲਣ ਹਿੱਤ, ਮਨ ਨੂੰ ਰੋਕ, ਜੜ੍ਹਾਂਵਾਲੇ, ਲਾਇਲਪੁਰ ਹੁੰਦਾ ਹੋਇਆ ਦਾਸ ਅੰਮ੍ਰਿਤਸਰ ਸਾਹਿਬ ਪੁੱਜਾ। ਏਸੇ ਸ਼ਾਮ ਭਾਈ ਚਰਨਜੀਤ ਸਿੰਘ ਐਮ.ਐਸ.ਸੀ., ਸੰਗਰੂਰ ਤੋਂ ਅੰਮ੍ਰਿਤਸਰ ਸਾਹਿਬ ਪੁੱਜੇ ਤੇ ਸਿੱਧਾ ਭਾਈ ਦੀਦਾਰ ਸਿੰਘ ਦੇ ਡੇਰੇ ਆ ਗਏ। ਦਾਸ ਨੂੰ ਬੜੇ ਪ੍ਰੇਮ ਨਾਲ ਮਿਲੇ। ਸੰਤ ਜੀ ਮਹਾਰਾਜ ਦੇ ਅਪ੍ਰੇਸ਼ਨ ਦੀ ਖ਼ਬਰ ਸੁਣਾਈ ਅਤੇ ਦੱਸਿਆ ਕਿ ਸਾਨੂੰ ਅੰਦਰ ਜਾਣ ਦਾ ਹੁਕਮ ਬੰਦ ਕਰ ਦਿੱਤਾ ਸੀ, ਇਸ ਲਈ ਸਿਵਾਏ ਚਾਰ ਆਦਮੀਆਂ ਦੇ (ਭਾਈ ਬਿਸ਼ਨ ਸਿੰਘ, ਰਾਮ ਸਿੰਘ ਗੜਵਈ, ਈਸ਼ਰ ਸਿੰਘ, ਨਿਹਾਲ ਸਿੰਘ) ਕੋਈ ਕਿਧਰੇ ਚਲਾ ਗਿਆ, ਕੋਈ ਕਿਧਰੇ। ਮੈਂ ਏਥੇ ਆ ਪੁੱਜਾ ਹਾਂ। ਕੁਦਰਤੀ, ਤੁਹਾਡਾ ਮੇਲ ਹੋ ਗਿਆ। ਤੁਸੀਂ ਸੰਗਰੂਰ ਜਾਓ ਅਤੇ ਸੰਤ ਜੀ ਮਹਾਰਾਜ ਦੀ ਪੂਰੀ-ਪੂਰੀ ਖ਼ਬਰ ਮਲ੍ਹੂੰਮ ਕਰੋ। ਤੁਹਾਨੂੰ ਕੋਈ ਡਾਕਟਰ ਜਾਂ ਸਰਦਾਰ ਨਹੀਂ ਰੋਕ ਸਕੇਗਾ। ਇਹ ਸਾਰੀ ਵਾਰਤਾ ਸੁਣ ਕੇ ਦਾਸ ਦੇ ਹਿਰਦੇ ਵਿੱਚ ਸੰਗਰੂਰ ਜਾਣ ਦੀ ਖਿੱਚ ਤਾਂ ਬੜੀ ਹੀ ਤੀਬਰ ਹੋ ਗਈ, ਪਰ ਸੰਤ ਜੀ ਮਹਾਰਾਜ ਦਾ ਹੁਕਮ ਸਾਹਮਣੇ ਆ ਖੜਾ ਹੋਇਆ। ਦਾਸ ਨੇ ਭਾਈ ਚਰਨਜੀਤ ਸਿੰਘ ਨੂੰ ਆਖਿਆ ਕਿ ਤੁਸੀਂ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂੰ ਹੋ; ਦੱਸੋ: ਹੁਕਮ ਵੱਡਾ ਹੈ ਕਿ ਦਰਸ਼ਨ? ਆਖਰ ਇਹ ਗੁਰਮਤਾ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਜਾਵੇ। ਛੋਟੀ ਬੀੜ ਦੀਆਂ ਸੰਚੀਆਂ ਡੇਰੇ ਵਿੱਚ ਮੌਜੂਦ ਸਨ। ਉੱਥੋਂ ਸੰਚੀ ਲੈ, ਭਾਈ ਚਰਨਜੀਤ ਸਿੰਘ ਨੇ ਖੋਲ੍ਹੀ। ਗੁਰੂ ਮਹਾਰਾਜ ਦੀ ਆਗਿਆ ਹੁਕਮ ਮੰਨਣ ਦੀ ਨਿਕਲੀ:-

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ (੪੭੧)

ਆਖਰ ਇਹ ਵਿਚਾਰ ਠਹਿਰੀ ਕਿ ਸੋਢੀ ਚਰਨ ਸਿੰਘ ਐਮ.ਐਸ.ਸੀ. ਸੰਗਰੂਰ ਜਾ ਕੇ ਸੰਤ ਜੀ ਮਹਾਰਾਜ ਦੀ ਖ਼ਬਰ ਲਿਆਉਣ ਅਤੇ ਦਾਸ ਹੁਕਮ ਦੀ ਪਾਲਣਾ ਕਰਨ ਹਿੱਤ ਅੰਮ੍ਰਿਤਸਰ ਹੀ ਠਹਿਰੇ।

ਸਾਰੀ ਰਾਤ ਸੰਤ ਜੀ ਮਹਾਰਾਜ ਦੇ ਚੋਜ ਦਾ ਨਕਸ਼ਾ ਦਾਸ ਦੇ ਹਿਰਦੇ ਵਿੱਚ ਵਸਿਆ ਰਿਹਾ। ਦੋ ਵਜੇ ਉੱਠ ਸ੍ਰੀ ਦਰਬਾਰ ਸਾਹਿਬ ਜਾ ਸੁਧਾਸਰ ਵਿੱਚ ਇਸ਼ਨਾਨ ਕੀਤਾ ਅਤੇ ਨੇਮ ਦੇ ਕੀਰਤਨ ਵਿੱਚ ਜੁੜ ਗਿਆ। ਭੋਗ ਤੋਂ ਪੰਜ ਕੁ ਸਲੋਕ ਪਹਿਲਾਂ ਵੈਰਾਗ ਨੇ ਉਛਾਲਤ ਮਾਰਿਆ, ਨੇਤਰਾਂ ਵਿੱਚੋਂ ਜਲ ਨਾ ਥੰਮ੍ਹਿਆ ਗਿਆ। ਬੜੀ ਅਧੀਨਗੀ ਸਹਿਤ ਮਨ ਦੁਆਰਾ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਹਜ਼ੂਰ ਦੀ ਬੜੀ ਲੋੜ ਹੈ। ਚਾਲੀ ਸਾਲ ਹੋਰ ਸਰੀਰ ਰੱਖੋ। ਉਸ ਵੇਲੇ ਜਵਾਬ ਮਿਲ ਗਿਆ, 'ਨਹੀਂ।' ਫੇਰ ਅਰਜ਼ ਕੀਤੀ, 'ਹਜ਼ੂਰ, ਗਿਆਰ੍ਹਾਂ ਸਾਲ ਜ਼ਰੂਰ ਦਰਸ਼ਨ ਦਿਓ।' ਉੱਤਰ ਆਇਆ ਨਹੀਂ।' ਅਤੀ ਅਧੀਨ ਹੋ ਕੇ ਤੀਜੀ ਵਾਰ ਪੁਕਾਰ ਕੀਤੀ, ''ਮਹਾਰਾਜ ਜੀ, ਦਰਸ਼ਨ ਤੇ ਹੋ ਜਾਣ।'' ਹੁਕਮ ਹੋਇਆ, ''ਹਾਂ, ਦਰਸ਼ਨ ਹੋ ਜਾਣਗੇ।''

ਥੋੜ੍ਹੇ ਹੀ ਚਿਰ ਮਗਰੋਂ ਆਸਾ ਜੀ ਦੀ ਵਾਰ ਦਾ ਭੋਗ ਪੈ ਗਿਆ। ਅਰਦਾਸੇ ਦੇ ਮਗਰੋਂ ਦਾਸ ਡੇਰੇ ਵਾਪਸ ਆ ਗਿਆ। ਮੂੰਹ ਹੱਥ ਧੋ, ਦਸਤਾਰ ਸਜਾਉਣ ਲੱਗਾ ਹੀ ਸੀ ਕਿ ਸੱਜੀ ਅੱਖ ਬੁਰੀ ਤਰ੍ਹਾਂ ਉਂਗਲ ਨਾਲ ਚੁੱਭ ਗਈ। ਉਸੇ ਵੇਲੇ ਇਹ ਤੁਕ ਯਾਦ ਆਈ ''**ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥ ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥**'' (੯੨੩) ਮਨ ਨੂੰ ਧਿਰਕਾਰ ਕੀਤੀ ਕਿ ਤੂੰ ਰੋਇਆ ਕਿਉਂ? ਸੰਤ ਜੀ ਮਹਾਰਾਜ ਤਾਂ ਅਕਾਲ ਪੁਰਖ ਦੀ ਰਜ਼ਾ ਵਿੱਚ ਆਪਣੇ ਖੇਲ ਵਰਤਾ ਰਹੇ ਹਨ। ਦਸਤਾਰਾ ਸਜਾ, ਭਾਈ ਜਗਤ ਸਿੰਘ ਜੀ ਛਾਬੜੇ ਨੂੰ ਨਾਲ ਲੈ, ਹਰਿਮੰਦਰ ਸਾਹਿਬ ਦੀ ਬਾਹਰਲੀ (ਛੱਤ) ਪਰਕਰਮਾ ਵਿੱਚੋਂ ਲੰਘਦਾ ਹੋਇਆ, ਦਾਸ ਚੌਲ ਮੰਡੀ ਵੱਲ ਜਾ ਰਿਹਾ ਸੀ ਕਿ ਦਾਸ ਨੂੰ ਉਹ ਪ੍ਰੇਮੀ ਸਿੱਖ ਮਿਲਿਆ ਜੋ ਇਹਨਾਂ ਦਿਨਾਂ ਵਿੱਚ ਹਰ ਕੀ ਪਉੜੀ ਉੱਤੇ ਖਲੋ ਕੇ ਇਹ ਗੁਰੂ ਕਾ ਸੁਨੇਹ ਸੁਣਾਇਆ ਕਰਦਾ ਸੀ, 'ਸਾਧ ਸੰਗਤ ਜੀ, ਨਿੱਤਨੇਮ ਬਾਣੀ ਪੜ੍ਹਿਆ ਕਰੋ।' ਆਪਸ ਵਿੱਚ ਫ਼ਤਹਿ ਬੁਲਾਈ। ਪ੍ਰੇਮੀ ਸੁਤੇ-ਸਿੱਧ ਹੀ ਬੋਲ ਉੱਠਿਆ, ''ਸੰਤ ਜੀ ਮਹਾਰਾਜ ਨੇ ਬੜੀ ਸੇਵਾ ਕੀਤੀ ਹੈ, ਅਨੇਕਾਂ ਸੰਗਤਾਂ ਨੂੰ ਤਾਰਿਆ ਹੈ। ਹੁਣ ਗੁਰੂ ਨਾਨਕ ਦੇਵ ਜੀ ਦੀ ਗੋਦ ਜਾਣ ਦੀ ਤਿਆਰੀ ਹੈ।'' ਇਹ ਸੁਨੇਹਾ ਸੁਣ ਕੇ ਦਰਸ਼ਨ ਦੀ ਖਿੱਚ ਹੋਰ ਤੀਬਰ ਹੋ ਗਈ, ਪਰ ਮਹਾਂਪੁਰਸ਼ਾਂ ਨੇ ਆਪਣੇ ਹੁਕਮ ਦੀ ਪਾਲਣਾ ਵਾਲੀ ਅਜੇ ਮਨ ਦੀ ਪ੍ਰੀਖਿਆ ਪੂਰੀ ਕਰਨੀ ਸੀ। ਦਾਸ ਚੌਲ ਮੰਡੀ ਗਿਆ ਤੇ ਬਾਬਾ ਹਰਨਾਮ ਸਿੰਘ ਨਾਲ ਮਿਲ ਕੇ ਗੁਰੂ ਕਾਂਸ਼ੀ ਦਮਦਮਾ ਸਾਹਿਬ ਲਈ ੨੧੭ ਰੁਪੈ ਉਗਰਾਹੀ ਕੀਤੀ, ਉਸ ਵੇਲੇ ਭਾਈ ਜਗਤ ਸਿੰਘ ਜੀ ਛਾਬੜਾ ਨੂੰ ਫੜਾ ਦਿੱਤੀ ਤੇ ਕਿਹਾ, ''ਡਾਕਖਾਨੇ ਜਾ ਕੇ ਭਾਈ ਗੁਲਾਬ ਸਿੰਘ ਦੇ ਨਾਮ ਮਨੀਆਰਡਰ ਕਰ ਦੇਵੋ।'' ਭਾਈ ਜਗਤ ਸਿੰਘ ਤਾਂ ਅੱਗੇ ਲੰਘ ਆਏ, ਦਾਸ ਹੌਲੀ-ਹੌਲੀ ਡੇਰੇ ਵੱਲ ਟੁਰ ਪਿਆ। ਜਦੋਂ ਅਕਾਲ ਤਖ਼ਤ ਸਾਹਿਬ ਦੀ ਪਿੱਛਲੀ ਗਲੀ ਵਿੱਚ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਦੇ ਬੁੰਗੇ ਦੇ ਸਾਹਮਣੇ ਪੁੱਜਾ, ਤਦ ਅੰਦਰ ਜਾਣ ਦੀ ਬੜੀ ਡਾਢੀ ਖਿੱਚ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾਂ ਕਰ, ਵਾਕ ਲਿਆ। ਸ਼ਬਦ ਵਿੱਚ ਇਹ ਤੁਕ ਆਈ 'ਪੂਰਨ ਭਈ ਸੇਵ' ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਖੇਲ ਵਰਤਾ ਚੁੱਕੇ ਸਨ। ਗੁਰਮੁਖ ਪ੍ਰੇਮੀ ਦਾ ਸੁਨੇਹਾ ਪੁੱਜ ਚੁੱਕਾ ਸੀ। ਹੁਣ ਤੀਜੀ ਵਾਰੀ ਗੁਰਬਾਣੀ ਨੇ ਆਗਿਆ ਦੇ ਦਿੱਤੀ। ਨਿਸ਼ਚਾ ਪ੍ਰਪੱਕ ਹੋ ਗਿਆ ਕਿ ਦਰਸ਼ਨ ਲਈ ਹੁਕਮ ਮਿਲ ਗਿਆ ਹੈ। ਡੇਰੇ ਪਹੁੰਚ ਤੁਰਨ ਦੀ ਤਿਆਰੀ ਕੀਤੀ। ਸੁਤੇ-ਸਹਿਜ ਚਿੱਤ ਵਿੱਚ ਖਿਆਲ ਆਇਆ ਕਿ ਦਿਨ ਵੀਰਵਾਰ ਦਾ ਹੈ। ਇਸ ਦਿਨ ਹਰ ਵਾਰੀ ਸਰਦਾਰ ਬਹਾਦਰ ਧਰਮ ਸਿੰਘ, ਪੀਪਲਜ਼ ਬੈਂਕ ਲਾਹੌਰ ਦੀ ਇਕੱਤਰਤਾ ਵਿੱਚ ਆਉਂਦੇ ਹਨ, ਉਹਨਾਂ ਨੂੰ ਵੀ ਨਾਲ ਲੈ ਚੱਲੀਏ; ਉਹ ਵੀ ਦਰਸ਼ਨ ਕਰ ਲੈਣਗੇ ਅਤੇ ਗੁਰੂ ਕਾਂਸ਼ੀ ਸੰਗਤ ਦੀ ਪੰਜਾਹ ਹਜ਼ਾਰ ਦੀ ਅਮਾਨਤ ਜੋ ਉਹਨਾਂ ਦੇ ਪਾਸ ਹੈ,

ਉਸ ਨੂੰ ਸੰਤ ਗੁਲਾਬ ਸਿੰਘ ਪ੍ਰਬੰਧਕ ਗੁਰੂ ਕਾਂਸ਼ੀ ਦੇ ਨਾਮ ਕਰ ਦੇਣਗੇ।

ਉਸੇ ਵੇਲੇ ਟਾਂਗੇ ਚੜ੍ਹ, ਸਟੇਸ਼ਨ 'ਤੇ ਪੁੱਜ ਲਾਹੌਰ ਦਾ ਟਿਕਟ ਲੈ ਲਿਆ। ਲਾਹੌਰ ਪਹੁੰਚ ਸਿੱਧਾ ਸੈਕੰਡ ਕਲਾਸ ਦੇ ਵੇਟਿੰਗ ਰੂਮ ਵਿੱਚ ਚਲਾ ਗਿਆ। ਸਰਦਾਰ ਧਰਮ ਸਿੰਘ ਆਪਣਾ ਅਸਬਾਬ ਏਥੇ ਹੀ ਰੱਖਦੇ ਤੇ ਬੈਂਕ ਦੀ ਮੀਟਿੰਗ ਕਰ, ਮੁੜ ਆਉਂਦੇ। ਪੰਜ ਵਜੇ ਸਿੰਘ ਨੂੰ ਸੰਤ ਜੀ ਮਹਾਰਾਜ ਦੀ ਵਿੱਥਿਆ ਸੁਣਾਈ ਅਤੇ ਬੇਨਤੀ ਕੀਤੀ ਕਿ ਹੁਣ ਦਰਸ਼ਨ ਮੇਲਾ ਜ਼ਰੂਰ ਹੀ ਕਰਨਾ ਲੋੜੀਂਦਾ ਹੈ।

ਸਰਦਾਰ ਬਹਾਦਰ ਧਰਮ ਸਿੰਘ ਤਿਆਰ ਹੋ ਗਏ ਤੇ ਰਾਇ ਬਹਾਦਰ ਨਰੈਣ ਸਿੰਘ ਕਹਿਣ ਲੱਗੇ ਕਿ ਮੈਂ ਵੀ ਚਲਾਂਗਾ। ਅਜੇ ਗੁਰਮਤਾ ਕੀਤਿਆਂ ਅੱਧਾ ਕੁ ਘੰਟਾ ਹੀ ਹੋਇਆ ਸੀ ਕਿ ਪ੍ਰੇਮੀ ਨੇ ਸਰਦਾਰ ਧਰਮ ਸਿੰਘ ਨੂੰ ਡਾਕਟਰ ਦੀਵਾਨ ਸਿੰਘ ਦੀ ਤਾਰ ਲਿਆ ਦਿੱਤੀ। ਇਸ ਵਿੱਚ ਲਿਖਿਆ ਸੀ ਕਿ ਤੁਸੀਂ ਮੈਨੂੰ ਉਡੀਕੋ, ਅਸੀਂ ਇਕੱਠੇ ਸੰਗਰੂਰ ਦਰਸ਼ਨ ਲਈ ਚਲਾਂਗੇ। ਪਰ ਕਰਤਾਰ ਨੂੰ ਹੁਣ ਹੋਰ ਦੇਰੀ ਨਹੀਂ ਸੀ ਭਾਉਂਦੀ। ਕੁਦਰਤੀ ਰਾਇ ਬਹਾਦਰ ਮੱਖਣ ਲਾਲ ਚੀਫ਼ ਇੰਜੀਨੀਅਰ ਜੰਮੂ ਕਸ਼ਮੀਰ, ਸੈਕੰਡ ਕਲਾਸ ਵੇਟਿੰਗ ਰੂਮ ਦੇ ਸਾਹਮਣੇ ਬੈਂਚ 'ਤੇ ਆ ਬੈਠੇ। ਦਾਸ ਪਲੇਟਫਾਰਮ 'ਤੇ ਖੜਾ ਸੀ। ਉਹਨਾਂ ਨੂੰ ਪਛਾਣ ਲਿਆ ਤੇ ਉਸੇ ਵੇਲੇ ਫ਼ਤਹਿ ਬੁਲਾਈ ਤੇ ਉਹਨਾਂ ਦੇ ਪਾਸ ਬੈਂਚ 'ਤੇ ਬਹਿ ਗਿਆ। ਰਾਇ ਸਾਹਿਬ ਨੇ ਸੁਣਾਇਆ ਕਿ ਦੋ ਚਾਰ ਦਿਨ ਹੋਏ ਸਾਡੇ ਪਾਸ ਸੰਗਰੂਰ ਤੋਂ ਇੱਕ ਸਹਿਜਧਾਰੀ ਠੇਕੇਦਾਰ ਜੰਮੂ ਪੁੱਜਾ। ਉਸ ਨੇ ਆਖਿਆ ਕਿ ਮੈਂ ਸੰਤ ਜੀ ਮਹਾਰਾਜ ਦਾ ਦਰਸ਼ਨ ਕਰਨ ਸੰਗਰੂਰ ਗਿਆ ਸੀ। ਸੰਤ ਜੀ ਨੇ ਫ਼ਰਮਾਇਆ ਕਿ ਅਸੀਂ ਸੱਤ ਦਿਨ ਮਗਰੋਂ ਸਰੀਰ ਛੱਡ ਦੇਣਾ ਹੈ, ਅਸਾਂ ਅੱਗੇ ਬਹੁਤ ਕੰਮ ਕਰਨਾ ਹੈ। ਇਹ ਗੱਲ ਸੁਣਦੇ ਸਾਰ ਹੀ ਦਾਸ ਨੇ ਸਰਦਾਰ ਧਰਮ ਸਿੰਘ ਨੂੰ ਕਿਹਾ ਕਿ ਹੁਣ ਵਕਤ ਗੁਆਉਣ ਦਾ ਨਹੀਂ; ਚੱਲੋ ਪਹਿਲੀ ਗੱਡੀ ਚੜ੍ਹ ਚੱਲੀਏ। ਸੰਗਰੂਰ ਦੋ ਗੱਡੀਆਂ ਜਾਂਦੀਆਂ ਸਨ। ਇੱਕ ਲੁਧਿਆਣਾ ਧੂਰੀ ਦੇ ਰਸਤੇ ਅਤੇ ਦੂਜੀ ਜਾਖਲ ਦੇ ਰਸਤੇ। ਜਾਖਲ ਵਾਲੀ ਗੱਡੀ ਸੰਗਰੂਰ ਦੋ ਘੰਟੇ ਪਹਿਲਾਂ ਪੁੱਜਦੀ ਸੀ। ਉਸੇ ਵੇਲੇ ਸਰਦਾਰ ਧਰਮ ਸਿੰਘ ਨੇ ਤਿੰਨ ਸੈਕੰਡ ਕਲਾਸ ਦੇ ਟਿਕਟ ਮੰਗਵਾ ਲਏ। ਦੂਜੇ ਦਿਨ ਸਵੇਰੇ ਸੱਤ ਕੁ ਵਜੇ ਸੰਗਰੂਰ ਪੁੱਜ ਗਏ। ਦਾਸ ਉਹਨਾਂ ਦਿਨਾਂ ਵਿੱਚ ਛੋਟੀ ਬੀੜ ਤੋਂ ਪਾਠ ਕਰਦਾ ਸੀ। ਬੀੜ ਨਾਲ ਸੀ, ਅਤੀ ਵੈਰਾਗ ਵਿੱਚ ਬੀੜ ਦਾ ਇੱਕ ਭਾਗ ਖੋਲ੍ਹਿਆ ਤਾਂ ਮਾਰੂ ਸੋਹਲੇ ਦਾ ਸ਼ਬਦ ਨਿਕਲਿਆ:

ਮਾਰੂ ਸੋਲਹੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਸੰਗੀ ਜੋਗੀ ਨਾਰਿ ਲਪਟਾਣੀ ॥ ਉਰਝਿ ਰਹੀ ਰੰਗ ਰਸ ਮਾਣੀ ॥
ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥੧॥
ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥ ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥
ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥੨॥
ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥ ਜੋ ਪਾਵੈ ਸੋ ਆਣਿ ਦਿਖਾਵੈ ॥
ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥੩॥
ਧਨ ਕਰੈ ਬਿਨਉ ਦੋਊ ਕਰ ਜੋਰੈ॥ ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ॥
ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ ॥੪॥
ਸਗਲੇ ਕਰਮ ਧਰਮ ਜੁਗ ਸਾਧਾ ॥ ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥
ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ॥੫॥
ਧਨ ਅੰਧੀ ਪਿਰੁ ਚਪਲੁ ਸਿਆਨਾ ॥ ਪੰਚ ਤਤੁ ਕਾ ਰਚਨੁ ਰਚਾਨਾ ॥
ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ ॥੬॥

ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥੭॥
ਪਿਰਿ ਕਹਿਆ ਹਉ ਹੁਕਮੀ ਬੰਦਾ॥ ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ ॥੮॥
ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥ ਧਨ ਕਛੂ ਨ ਸਮਝੈ ਚੰਚਲਿ ਕਾਚੇ ॥
ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥
ਆਈ ਆਗਿਆ ਪਿਰਹੁ ਬੁਲਾਇਆ ॥ ਨਾ ਧਨ ਪੁਛੀ ਨ ਮਤਾ ਪਕਾਇਆ ॥
ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥
ਰੇ ਮਨ ਲੋਭੀ ਸੁਣਿ ਮਨ ਮੇਰੇ ॥ ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥
ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥
ਮਨਮੁਖਿ ਆਵੈ ਮਨਮੁਖਿ ਜਾਵੈ ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥
ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥
ਤਿਸੁ ਕਉਨੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥
ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥
ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥
ਗੁਣ ਨਿਧਾਨ ਕਿਛੁ ਕੀਮ ਨ ਪਾਈ ॥ ਘਟਿ ਘਟਿ ਪੂਰਿ ਰਹਿਓ ਸਭ ਠਾਈ ॥
ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋ ਦਾਸਾ ਹੇ ॥੧੫॥ (੧੦੭੨)

ਜਦ ਇਹ ਤੁਕ, ''ਸਰਣਿ ਕੇ ਦਾਤੇ ਬਚਨ ਕੇ ਸੂਰੇ'' ਤਦ ਸੰਤ ਜੀ ਮਹਾਰਾਜ ਦੀ ਸਾਰੀ ਮਿਹਰ ਅਤੇ ਕਿਰਪਾ ਦੀ ਯਾਦ ਆ ਗਈ, ਵੈਰਾਗ ਨਾ ਠੱਲ੍ਹਿਆ ਗਿਆ। ਬੜੀ ਮੁਸ਼ਕਲ ਆਪਣੇ ਆਪ ਨੂੰ ਰੋਕ, ਸ਼ਬਦ ਦਾ ਪਾਠ ਪੂਰਾ ਕੀਤਾ।

ਹੁਣ ਸਾਡਾ ਇਹ ਗੁਰਮਤਾ ਹੋਇਆ ਕਿ ਸਰਦਾਰ ਧਰਮ ਸਿੰਘ ਅਤੇ ਰਾਇ ਬਹਾਦਰ ਨਰੈਣ ਸਿੰਘ ਵੇਟਿੰਗ ਰੂਮ ਵਿੱਚ ਬੈਠਣ ਤੇ ਦਾਸ ਹਸਪਤਾਲ ਵਿੱਚ ਜਾ ਕੇ ਸੰਤ ਜੀ ਮਹਾਰਾਜ ਦੀ ਖ਼ਬਰ ਲਿਆਵੇ। ਜਦ ਦਾਸ ਉੱਥੇ ਪੁੱਜਾ, ਤਦ ਇਹ ਪਤਾ ਲੱਗਾ ਕਿ ਕਰਮਚਾਰੀ ਦੁਨੀਆਂ ਦੀਆਂ ਜ਼ੰਜ਼ੀਰਾਂ ਵਿੱਚ ਬੱਧੇ ਹੋਏ ਇਹ ਸਲਾਹ ਕਰ ਰਹੇ ਹਨ ਕਿ ਸੰਤ ਜੀ ਮਹਾਰਾਜ ਦੇ ਹੁਕਮ ਤੋਂ ਵਿਰੁੱਧ ਨੱਕ ਦੁਆਰਾ ਖੁਰਾਕ ਪਹੁੰਚਾਈ ਜਾਵੇ। ਇਹ ਗੱਲ ਸੁਣ ਕੇ ਦਾਸ ਨੂੰ ਬੜਾ ਰੋਹ ਚੜ੍ਹਿਆ ਅਤੇ ਬੜੇ ਜੋਸ਼ ਨਾਲ ਆਖਿਆ, ''ਖ਼ਬਰਦਾਰ! ਮਹਾਂਪੁਰਖਾਂ ਦੇ ਸਵਾਸਾਂ ਵਿੱਚ ਦਖ਼ਲ ਨਹੀਂ ਦੇਣਾ।'' ਡਾਕਟਰ ਬਖਸ਼ੀ ਰਾਮ, ਦਾਸ ਦੇ ਛੋਟੇ ਭਾਈ ਡਾਕਟਰ ਨਰੈਣ ਸਿੰਘ ਦਾ ਜਮਾਤੀ ਸੀ ਅਤੇ ਉਂਝ ਭੀ ਸੱਜਣ ਪੁਰਸ਼ ਸੀ। ਉਸ ਨੇ ਆਪਣੇ ਸਾਥੀ ਡਾਕਟਰ ਨੂੰ ਸਮਝਾ ਦਿੱਤਾ ਕਿ ਸੰਤ ਠੀਕ ਕਹਿ ਰਹੇ ਹਨ। ਸਾਡੀ ਨਿਗਾਹ ਸਰੀਰ ਤਕ ਹੀ ਹੈ, ਅੰਦਰਲੀ ਕਲਾ ਦੇ ਅਸੀਂ ਜਾਣੂ ਨਹੀਂ।

ਸਾਰੀ ਖ਼ਬਰ ਲੈ ਦਾਸ ਸਟੇਸ਼ਨ ਮੁੜ ਆਇਆ। ਏਥੋਂ ਅਸੀਂ ਤਿੰਨੇ ਸਰਦਾਰ ਗੋਵਿੰਦਰ ਸਿੰਘ ਦੇ ਮਕਾਨ ਤੇ ਪੁੱਜੇ। ਕਿਸੇ ਨੂੰ ਰੋਕਣ ਦੀ ਜੁਰਅਤ ਨਾ ਹੋਈ ਅਤੇ ਸੰਤ ਜੀ ਮਹਾਰਾਜ ਦੇ ਖੁੱਲ੍ਹੇ ਦਰਸ਼ਨ ਕੀਤੇ। ਏਸ ਸਮੇਂ ਇਹ ਮਹਾਂਪੁਰਸ਼, ਜਿਨ੍ਹਾਂ ਨੇ ਮੁਕਤ ਦਸ਼ਾ ਵਿੱਚ ਲੱਖਾਂ ਜੀਵਾਂ ਦਾ ਉਧਾਰ ਕੀਤਾ ਸੀ, ਗੁਰੂ ਕਲਗੀਆਂ ਵਾਲੇ

ਗੁਰੂਸਾਗਰ ਰਤਨੀ ਭਰਪੂਰੇ



ਗੁਰੂਦੁਆਰਾ ਗੁਰੂਸਾਗਰ ਸਾਹਿਬ ਮਸਤੂਆਣਾ, ਸਟੇਸਨ ਸੰਗਰੂਰ, ਰਿਆਸਤ ਜੀਂਦ

ਦੀ ਗੋਦ ਵਿੱਚ ਬੈਠ ਤੁਰੀਆ ਅਤੀਤ ਅਵਸਥਾ ਵਿੱਚ ਖੇਡ ਰਹੇ ਸਨ। ਜਦ ਇਹਨਾਂ ਨੇ ਦੇਖਿਆ ਕਿ ਪ੍ਰੇਮੀ ਹੁਕਮ ਨਹੀਂ ਮੰਨ ਸਕਦੇ ਅਤੇ ਆਪਣੇ ਅਗਿਆਨ ਵਿੱਚ ਦੇਹ ਦੇ ਭੁਲੇਖੇ ਵਿੱਚ ਫਸੇ ਹੋਏ ਅਕਾਰਥ ਕਸ਼ਟ ਦੇ ਕੇ ਆਪਣੇ ਪੈਰ 'ਤੇ ਆਪ ਕੁਹਾੜਾ ਮਾਰ ਰਹੇ ਹਨ ਤਾਂ ਸੰਤ ਜੀ ਮਹਾਰਾਜ ਨੇ ਆਪਣੇ ਆਪ ਨੂੰ ਦੁਨੀਆਂ ਤੋਂ ਉਪਰਾਮ ਕਰ ਲਿਆ। ਅੰਤਰ-ਆਤਮੇ ਖੁਦ ਮਸਤ ਹੋ ਬੈਠੇ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਸੀ, "ਭਾਈ! ਅਸੀਂ ਅਰੋਗ ਹਾਂ ਸਾਨੂੰ ਅਪ੍ਰੇਸ਼ਨ (Operation) ਦੀ ਕੋਈ ਲੋੜ ਨਹੀਂ।" ਪਰ ਪ੍ਰੇਮੀਆਂ ਨੇ ਹੁਕਮ ਤੋਂ ਉਲਟ ਕਸ਼ਟ ਦਿੱਤਾ।

ਸਰਦਾਰ ਬਹਾਦਰ ਧਰਮ ਸਿੰਘ ਅਤੇ ਰਾਇ ਬਹਾਦਰ ਨਰੈਣ ਸਿੰਘ ਅਰਾਮ ਲਈ ਵੇਟਿੰਗ ਰੂਮ ਵਿੱਚ ਚਲੇ ਗਏ, ਦਾਸ ਸਾਰਾ ਦਿਨ ਸੇਵਾ ਵਿੱਚ ਰਿਹਾ। ਰਾਤ ਦੇ ਐਨ ਗਿਆਰ੍ਹਾਂ ਵਜੇ ਡਾਕਟਰ ਦੀਵਾਨ ਸਿੰਘ ਪੁੱਜ ਗਏ। ਸੰਤ ਜੀ ਮਹਾਰਾਜ ਦੇ ਪਲੰਘ ਦੇ ਪਾਵੇ ਦੇ ਪਾਸ ਬੈਠਾ ਸੀ। ਜਦ ਡਾਕਟਰ ਨਮਸਕਾਰ ਕਰ ਬੈਠ ਗਏ ਤਦ ਦਾਸ ਨੇ ਡਾਕਟਰ ਸਾਹਿਬ ਨੂੰ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ ਦੀ ਨਬਜ਼ ਦੇਖਣ। ਬੜੇ ਗਹੁ ਅਤੇ ਪਿਆਰ ਨਾਲ ਡਾਕਟਰ ਨੇ ਸੰਤ ਜੀ ਮਹਾਰਾਜ ਦਾ ਹੱਥ ਫੜਿਆ ਅਤੇ ਦੋ ਕੁ ਮਿੰਟ ਪਿੱਛੋਂ ਬੋਲੇ ਕਿ ਨਬਜ਼ ਤਾਂ ਬੜੀ ਕਮਜ਼ੋਰ ਹੈ, ਭਾਵੇਂ ਅੱਜ ਰਾਤ ਨੂੰ ਹੀ ਸਰੀਰ ਛੁੱਟ ਜਾਏ; ਪਰ ਇੱਕ ਗੱਲ ਵੇਖ ਕੇ ਮੈਂ ਬੜਾ ਹੈਰਾਨ ਹਾਂ, ਮੈਂ ਸਾਰੀ ਉਮਰ ਡਾਕਟਰੀ ਕੀਤੀ ਹੈ, ਕੋਈ ਬੰਦਾ ਐਸਾ ਨਹੀਂ ਦੇਖਿਆ ਜਿਸ ਦੀ ਨਬਜ਼ ਐਨੀ ਕਮਜ਼ੋਰ ਹੋਵੇ ਤੇ ਸਵਾਸ ਪੂਰੇ ਜ਼ੋਰ ਨਾਲ ਜਿਉਂ ਦੇ ਤਿਉਂ ਚੱਲ ਰਹੇ ਹੋਣ। ਸਵਾਸਾਂ ਤੋਂ ਤੀ ਇਹ ਪ੍ਰਤੀਤ ਹੁੰਦਾ ਹੈ ਕਿ ਸੰਤ ਜੀ ਮਹਾਰਾਜ ਚਾਹੁੰਣ ਤਾਂ ਇਸ ਵਕਤ ਸੌ ਮੀਲ ਟੂਰ ਲੈਣ।

ਰਾਤ ਦੇ ਬਾਰਾਂ ਵਜੇ ਸੰਤ ਭਾਈ ਬਿਸ਼ਨ ਸਿੰਘ ਨੇ ਦਾਸ ਨੂੰ ਆਖਿਆ ਕਿ ਤੁਸੀਂ ਡਾਕਟਰ ਦੀਵਾਨ ਸਿੰਘ ਨੂੰ ਨਾਲ ਲੈ ਜਾਓ ਅਤੇ ਅਰਾਮ ਕਰੋ। ਦਾਸ ਡਾਕਟਰ ਦੀਵਾਨ ਸਿੰਘ ਨੂੰ ਕਪਤਾਨ ਸਰਦਾਰ ਸ਼ੇਰ ਸਿੰਘ ਦੇ ਘਰ ਲੈ ਆਇਆ। ਅਜੇ ਘੰਟਾ ਕੁ ਹੀ ਅੱਖ ਲੱਗੀ ਹੋਵੇਗੀ ਕਿ ਪ੍ਰੇਮੀ ਨੇ ਬੂਹਾ ਖੜਕਾਇਆ ਤੇ ਆਖਿਆ ਕਿ ਸੰਤ ਜੀ ਮਹਾਰਾਜ ਡੇਢ ਵਜੇ ਜੋਤੀ-ਜੋਤ ਸਮਾ ਗਏ ਹਨ। ਸਰੀਰ ਅਸੀਂ ਗੁਰਦੁਆਰੇ ਸਾਹਿਬ ਮਸਤੂਆਣੇ ਲੈ ਚੱਲੇ ਹਾਂ। ਤੁਸੀਂ ਵੀ ਉੱਥੇ ਪਹੁੰਚੋ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (੮੪੬)

ਕਾਂਡ ੫੩

ਮਃ ੨ ॥
ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ (੮੩)

ਸੰਤ ਜੀ ਮਹਾਰਾਜ ਦਾ ਸਰੀਰ ਢਾਈ ਕੁ ਵਜੇ ਗੁਰਸਾਗਰ ਸਾਹਿਬ ਮਸਤੂਆਣੇ ਪੁੱਜ ਗਿਆ ਅਤੇ ਪਿੱਛੇ-ਪਿੱਛੇ ਸਿੱਖ ਸੰਗਤ ਮਾਈ-ਭਾਈ ਜਾ ਪੁੱਜੇ। ਡਾਕਟਰ ਦੀਵਾਨ ਸਿੰਘ ਅਤੇ ਦਾਸ ਵੀ ਇਸ਼ਨਾਨ ਪਾਣੀ ਕਰ, ਅੰਮ੍ਰਿਤ ਵੇਲੇ ਪੰਜ ਕੁ ਵਜੇ ਅੱਪੜ ਗਏ। ਸੰਤ ਜੀ ਮਹਾਰਾਜ ਦਾ ਸਰੀਰ ਸੰਤ ਜੀ ਮਹਾਰਾਜ ਦੀ ਕੋਠੀ ਦੇ ਵਿਚਕਾਰਲੇ ਕਮਰੇ ਵਿੱਚ ਜਿੱਥੇ ਸੰਤ ਜੀ ਮਹਾਰਾਜ ਬਿਰਾਜਦੇ ਸਨ, ਰੱਖਿਆ ਗਿਆ। ਦੂਰ ਨੇੜੇ ਸਮੂਹ ਸੰਗਤਾਂ ਨੂੰ ਸੁਨੇਹੇ ਪਹੁੰਚਾਏ ਗਏ। ਕਰੀਬਨ ਇੱਕ ਵਜੇ ਹਜ਼ਾਰ ਕੁ ਮਾਈ-ਭਾਈ ਇਕੱਤਰ ਹੋ ਗਏ। ਸੰਤ ਭਾਈ ਗੁਲਾਬ ਸਿੰਘ ਅਤੇ ਭਾਈ ਮਨੀ ਸਿੰਘ ਵੀ ਸਮੇਂ ਸਿਰ ਪਹੁੰਚ ਗਏ। ਦੋ ਵਜੇ ਇਸ਼ਨਾਨ ਕਰਾ, ਸੰਤ ਜੀ ਮਹਾਰਾਜ ਦਾ ਸਰੀਰ ਕੋਠੀ ਦੇ ਬਰਾਂਡੇ ਵਿੱਚ ਇੱਕ ਤਖ਼ਤਪੋਸ਼ ਉੱਤੇ ਬਿਰਾਜਮਾਨ ਕੀਤਾ ਗਿਆ ਅਤੇ ਕੀਰਤਨ ਸ਼ੁਰੂ ਹੋ ਗਿਆ। ਭਾਈ ਗੁਰਬਖਸ਼ ਸਿੰਘ ਮਸਤਾਨੇ ਦੀ ਵੀ ਬੰਦ ਖਲਾਸੀ ਹੋ ਗਈ। ਸਾਰੀ ਸੰਗਤ ਅਤੇ ਸੰਤਾਂ-ਮਹੰਤਾਂ ਵਿੱਚੋਂ ਲੰਘਦੇ ਹੋਏ, ਇਹ ਸਿੱਧੇ ਬਰਾਂਡੇ ਦੀ ਖੱਬੀ ਗੁੱਠ ਵਿੱਚ ਦਾਸ ਪਾਸ ਪਹੁੰਚੇ। ਦਾਸ ਆਪਣੇ ਧਿਆਨ ਵਿੱਚ ਬੈਠਾ ਸੀ। ਅਚਨਚੇਤ ਇਨ੍ਹਾਂ ਨੇ ਮੱਥਾ ਟੇਕ, ਹੱਥ ਜੋੜ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ ਨੇ ਤੁਹਾਨੂੰ ਅਜ਼ਾਦ ਕੀਤਾ ਹੈ, ਤੁਸੀਂ ਕਿਰਪਾ ਕਰ ਕੇ ਮੈਨੂੰ ਅਜ਼ਾਦ ਕਰੋ। ਮੈਂ ਸੰਗਾ ਕਰਕੇ ਗੁਰਮੰਤਰ ਵੀ ਮਹਾਰਾਜ ਪਾਸੋਂ ਨਹੀਂ ਪੁੱਛ ਸਕਿਆ। ਦਾਸ ਨੇ ਆਖਿਆ, ‘‘ਭਾਈ ਗੁਰਬਖਸ਼ ਸਿੰਘ! ਫਿਕਰ ਨਾ ਕਰੋ, ਸੰਤ ਜੀ ਮਹਾਰਾਜ ਦਾ ਬਖਸ਼ਿਆ ਹੋਇਆ ਉਪਦੇਸ਼ ਦਾਸ ਦੇ ਹਿਰਦੇ ਵਿੱਚ ਹੈ। ਤੁਸੀਂ ਜਥੇ ਵਿੱਚ ਸਾਡੇ ਨਾਲ ਚੱਲਣਾ, ਸਭ ਕੁਝ ਠੀਕ ਹੋ ਜਾਵੇਗਾ।’’

ਹੁਣ ਸੰਗਰੂਰ ਤੋਂ ਫੋਟੋਗ੍ਰਾਫਰ ਪੁੱਜ ਗਿਆ ਤੇ ਇਸ ਨੇ ਸੰਤ ਜੀ ਮਹਾਰਾਜ ਤੇ ਸਾਰੀ ਸੰਗਤ ਦੀ ਤਸਵੀਰ ਲਾਹੀ। ਫਿਰ ਸਾਰਾ ਸਮਾਗਮ ਖੜਾ ਹੋ, ਇੱਕ-ਰਸ ਅਰਦਾਸ ਵਿੱਚ ਜੁੜ ਗਿਆ। ਅਰਦਾਸੇ ਦੇ ਮਗਰੋਂ ਸ਼ਬਦ ਕੀਰਤਨ ਦੀ ਘਨਘੋਰ ਵਿੱਚ ਸੰਤ ਜੀ ਮਹਾਰਾਜ ਦਾ ਸਰੀਰ ਝਿੜੇ ਵਿੱਚ ਮਸਤੂਆਣਾ ਟੋਭੇ ਚੜ੍ਹਦੀ ਬਾਹੀ, ਖੂਹੀ ਦੇ ਪਾਸ ਲਿਆਂਦਾ ਗਿਆ ਅਤੇ ਇੱਥੇ ਪੂਰੀ ਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ।

ਚਾਰ ਕੁ ਵਜੇ ਮਲਕ ਮੋਹਨ ਸਿੰਘ ਰਾਵਲਪਿੰਡੀ ਵਾਲੇ ਆਪਣੀ ਸੁਪਤਨੀ ਸਮੇਤ ਪੁੱਜੇ ਅਤੇ ਬੜੇ ਵੈਰਾਗ, ਸ਼ਰਧਾ ਤੇ ਪ੍ਰੇਮ ਵਿੱਚ ਇੱਕ ਦੁਸ਼ਾਲਾ ਤੇ ਹੋਰ ਸਮੱਗਰੀ ਜੋ ਨਾਲ ਲਿਆਏ ਸਨ, ਅੰਗੀਠੇ ਦੀ ਭੇਟ ਕੀਤੀ।

ਸਸਕਾਰ ਦੇ ਮਗਰੋਂ ਸਾਰੀ ਸੰਗਤ ਕੀਰਤਨ ਸੋਹਿਲੇ ਦਾ ਪਾਠ ਅਤੇ ਅਰਦਾਸਾ ਕਰ ਹਰਿਮੰਦਰ ਸਾਹਿਬ ਪੁੱਜੀ। ਇੱਥੇ ਅਖੰਡ ਪਾਠ ਰੱਖਿਆ ਗਿਆ। ਪ੍ਰਬੰਧਕਾਂ ਨੇ ਵਿਚਾਰ ਕਰਕੇ ਦੁਸਹਿਰੇ ਦੀ ਤਰੀਕ ਨੀਯਤ ਕੀਤੀ ਅਤੇ ਸਮੂੰਹ ਸੰਗਤ ਨੂੰ ਜ਼ਬਾਨੀ, ਡਾਕ ਅਤੇ ਅਖ਼ਬਾਰ ਦੁਆਰਾ ਸੁਨੇਹੇ ਘੱਲ ਦਿੱਤੇ। ਇਸ ਦਿਨ ਅਤੁੱਟ

ਯੱਗ (ਲੰਗਰ) ਕਰਨ ਦਾ ਗੁਰਮਤਾ ਸੰਤ ਭਾਈ ਗੁਲਾਬ ਸਿੰਘ ਨੇ ਕਰ ਲਿਆ। ਕੜਾਹ ਪ੍ਰਸ਼ਾਦ ਵਰਤਣ ਦੇ ਮਗਰੋਂ ਕੁਝ ਸੰਗਤ ਹਰਿਮੰਦਰ ਸਾਹਿਬ ਵਿੱਚ ਬੈਠੀ ਰਹੀ ਤੇ ਬਾਕੀ ਆਪਣੇ ਨਗਰਾਂ ਅਤੇ ਆਸਨਾਂ 'ਤੇ ਚਲੀ ਗਈ।

ਅਖੰਡ ਪਾਠ ਦੇ ਭੋਗ ਦੇ ਮਗਰੋਂ ਦਾਸ, ਭਾਈ ਮਾਨਕ ਸਿੰਘ (ਮਲਕ ਸਿੰਘ) ਅਤੇ ਭਾਈ ਗੁਰਬਖਸ਼ ਸਿੰਘ ਸਮੇਤ, ਸ੍ਰੀ ਅੰਮ੍ਰਿਤਸਰ ਸਾਹਿਬ ਗਏ। ਉੱਥੇ ਜਦ ਹਰਿਮੰਦਰ ਸਾਹਿਬ ਵਿੱਚੋਂ ਕੀਰਤਨ ਸਰਵਨ ਕਰ ਕੇ ਉੱਠੇ, ਤਦ ਪ੍ਰਕਰਮਾ ਵਿੱਚ ਉਹੀ ਗੁਰਮੁਖ ਸੱਜਣ ਮਿਲਿਆ ਜਿਸ ਨੇ ਪਿੱਛਲੀ ਵਾਰੀ, ਸੰਤ ਜੀ ਦੀ ਸਤਿਗੁਰੂ ਨਾਨਕ ਦੇਵ ਜੀ ਦੀ ਗੋਦ ਵਿੱਚ ਜਾਣ ਦੀ ਤਿਆਰੀ ਹੈ, ਆਖਿਆ ਸੀ। ਐਤਕੀਂ ਹੱਸ ਕੇ ਦਾਸ ਨੂੰ ਫ਼ਤਹਿ ਬੁਲਾਈ ਅਤੇ ਆਖਿਆ, "ਅਕ੍ਰਿਤਘਣ ਨਹੀਂ ਹੋਣਾ, ਸੰਤ ਜੀ ਮਹਾਰਾਜ ਨੇ ਤੁਹਾਡੇ 'ਤੇ ਮਿਹਰ ਕੀਤੀ ਹੈ; ਉਹਨਾਂ ਦੀ ਢੋਲਕੀ ਖੜਕਦੀ ਰਹੇ।" ਦਾਸ ਨੇ ਹੱਥ ਜੋੜ ਕੇ ਉੱਤਰ ਦਿੱਤਾ, 'ਸਤਿ ਬਚਨ'।

ਦੁਸਹਿਰੇ ਤੋਂ ਇੱਕ ਦਿਨ ਪਹਿਲਾਂ ਗੁਰਸਾਗਰ ਸਾਹਿਬ ਮਸਤੂਆਣੇ ਵੱਲ ਮੁੜ ਪਏ। ਕੁਦਰਤੀ, ਗੱਡੀ ਦੇ ਜਿਸ ਡੱਬੇ ਵਿੱਚ ਅਸੀਂ ਬੈਠੇ ਸੀ, ਉਸੇ ਵਿੱਚ ਮਾਸਟਰ ਤਾਰਾ ਸਿੰਘ ਤੇ ਪ੍ਰੋਫੈਸਰ ਗੰਗਾ ਸਿੰਘ ਭੀ ਸਨ। ਇਹ ਵੀ ਸੰਤ ਜੀ ਮਹਾਰਾਜ ਦੇ ਪ੍ਰੇਮ ਦੇ ਬੱਧੇ ਹੋਏ ਦੁਸਹਿਰੇ ਲਈ ਜਾ ਰਹੇ ਸਨ। ਰਸਤੇ ਵਿੱਚ ਰੱਬ ਦੀ ਹੋਂਦ ਤੇ ਚਰਚਾ ਛਿੜ ਪਈ। ਇਸ ਵਿਚਾਰ ਵਿੱਚ ਇੱਕ ਮੌਕੇ ਮਾਸਟਰ ਤਾਰਾ ਸਿੰਘ ਵੀ ਸੁਤੇ-ਸਹਿਜ ਬੋਲ ਉੱਠੇ ਕਿ ਇੱਕ ਭੀ ਨਹੀਂ ਕਹਿਣਾ ਬਣਦਾ, ਦੂਜਾ ਹੋਵੇ ਤਾਂ ਇੱਕ ਕਹੀਏ। ਇਹ ਗੱਲ ਸੁਣ ਦਾਸ ਬੜਾ ਅਨੰਦ ਹੋਇਆ ਤੇ ਚਿੱਤ ਵਿੱਚ ਫੁਰਿਆ ਕਿ ਮਾਸਟਰ ਜੀ ਵਿੱਚ ਇਹ ਵਿਚਾਰ ਉਹਨਾਂ ਦੇ ਸੰਤੋਖ ਦਾ ਸਦਕਾ ਹੈ। **ਫਿਰ ਮਾਸਟਰ ਜੀ ਨੂੰ ਦਾਸ ਨੇ ਪੁੱਛਿਆ ਕਿ ਤੁਸੀਂ ਨਿੱਤਨੇਮ ਰੋਜ਼ ਕਰਦੇ ਹੋ? ਉਹਨਾਂ ਨੇ ਜਵਾਬ ਦਿੱਤਾ ਕਿ ਜਪੁਜੀ ਸਾਹਿਬ ਤਾਂ ਹੋ ਜਾਂਦਾ ਹੈ, ਪਰ ਜਾਪੁ ਸਾਹਿਬ ਕਈ ਵਾਰੀ ਰਹਿ ਜਾਂਦਾ ਹੈ। ਦਾਸ ਨੇ ਬੇਨਤੀ ਕੀਤੀ ਕਿ ਜਾਪੁ ਸਾਹਿਬ ਦਾ ਪਾਠ ਰੋਜ਼ ਕਰਿਆ ਕਰੋ। ਸਤਿਗੁਰੂ ਕਲਗੀਆਂ ਵਾਲੇ ਦਾ ਹੁਕਮ ਹੈ। ਜਪ, ਜਾਪ, ਨਿੱਤਨੇਮ (ਬਾਣੀਆਂ) ਕੀਤੇ ਬਿਨਾਂ ਸਿੱਖ ਪ੍ਰਸ਼ਾਦ ਨਾ ਛਕੇ। ਆਪਣੇ ਸੁਭਾਓ ਅਨੁਸਾਰ ਮਾਸਟਰ ਜੀ ਝੱਟ ਬੋਲ ਉੱਠੇ ਕਿ ਹਰ ਰੋਜ਼ ਜਾਪੁ ਸਾਹਿਬ ਦਾ ਪਾਠ ਕਰਨ ਦਾ ਮੈਂ ਬਚਨ ਨਹੀਂ ਕਰਦਾ ਪਰ ਜਿਸ ਦਿਨ ਪਾਠ ਨਾ ਹੋਇਆ, ਪ੍ਰਸ਼ਾਦ ਨਹੀਂ ਛਕਾਂਗਾ।**

ਸ਼ਾਮ ਦੇ ਸਾਢੇ ਤਿੰਨ ਵਜੇ ਗੱਡੀ ਸੰਗਰੂਰ ਪੁੱਜੀ। ਮਸਤੂਆਣੇ ਜਾਣ ਵਾਲੀਆਂ ਹੋਰ ਸੰਗਤਾਂ ਭੀ ਉੱਤਰੀਆਂ। ਅਸੀਂ ਸਾਰੇ ਇਕੱਠੇ ਗੁਰਸਾਗਰ ਸਾਹਿਬ ਦੇ ਰਾਹ ਪੈ ਗਏ। ਜਦ ਮਾਸਟਰ ਤਾਰਾ ਸਿੰਘ ਜੀ ਸਾਥੀਆਂ ਸਣੇ ਗੁਰਸਾਗਰ ਸਾਹਿਬ ਪੁੱਜੇ, ਤਦ ਇਹ ਹਰਿਮੰਦਰ ਵਿੱਚ ਨਮਸਕਾਰ ਕਰਨ ਦੇ ਮਗਰੋਂ ਅਕਾਲ ਕਾਲਜ ਦੀ ਇਮਾਰਤ ਵੱਲ ਗਏ। ਕਾਲਜ ਬੋਰਡਿੰਗ ਹਾਊਸ, ਗੁਰੂ ਕਾ ਲੰਗਰ ਅਤੇ ਸਕੂਲ ਦੀ ਆਲੀਸ਼ਾਨ ਇਮਾਰਤ ਵੱਲ ਜਦ ਇਨ੍ਹਾਂ ਦੀ ਨਿਗਾਹ ਪਈ, ਤਾਂ ਬੋਲ ਉੱਠੇ, "ਸਾਨੂੰ ਪਤਾ ਨਹੀਂ ਸੀ ਕਿ ਇਹ ਅਸਥਾਨ ਏਡਾ ਵੱਡਾ ਕੇਂਦਰ ਹੈ। ਅਸਾਂ ਭੁੱਲ ਕੀਤੀ ਕਿ ਸੰਤ ਜੀ ਮਹਾਰਾਜ ਦੇ ਬਾਲੇਵਾਲ ਤੋਂ ਸੁਨੇਹਾ ਭੇਜਣ ਪਰ ਭੀ ਅਸੀਂ ਇਸ ਨੂੰ ਨਾ ਸੰਭਾਲਿਆ।"

ਰਾਤ ਦੇ ਕੀਰਤਨ ਦੇ ਮਗਰੋਂ ਸਭ ਨੇ ਆਪਣੇ-ਆਪਣੇ ਆਸਨ 'ਤੇ ਅਰਾਮ ਕੀਤਾ। ਦੂਜੇ ਦਿਨ ਅੰਮ੍ਰਿਤ ਵੇਲੇ ਦੁਸਹਿਰੇ ਦਾ ਦਿਨ ਸੀ। ਸਭ ਨੇ ਪ੍ਰੇਮ ਅਤੇ ਵੈਰਾਗ ਦੇ ਰੰਗ ਵਿੱਚ ਰੱਤੇ ਹੋਏ ਇਸ਼ਨਾਨ ਕੀਤਾ। ਨਿੱਤਨੇਮ ਦੇ ਪਾਠ ਮਗਰੋਂ ਦੀਵਾਨ ਵਿੱਚ ਹਾਜ਼ਰ ਹੋ ਗਏ। ਇਧਰ ਅਖੰਡ ਕੀਰਤਨ, ਜਾਰੀ ਸੀ ਅਤੇ ਓਧਰ ਲੰਗਰ ਵਿੱਚ,

ਜਿਸ ਦੀ ਸੇਵਾ ਮਹਾਰਾਜਾ ਰਿਪੁਦਮਨ ਸਿੰਘ (ਗੁਰਚਰਨ ਸਿੰਘ) ਮਾਲਵਿੰਦਰ ਬਹਾਦਰ ਨੇ ਕੀਤੀ ਸੀ। ਅਤੁੱਟ ਲੰਗਰ ਦੀ ਤਿਆਰੀ ਰਾਤ ਦੇ ਚਾਰ ਵਜੇ ਤੋਂ ਹੀ ਅਰੰਭ ਹੋ ਗਈ ਸੀ। ਬੇਅੰਤ ਕੜਾਹ ਪ੍ਰਸ਼ਾਦ ਦੇ ਕੜਾਹੇ ਅਤੇ ਹੋਰ ਦਾਲ-ਭਾਜੀ, ਸੁੰਦਰ ਪ੍ਰਸ਼ਾਦੇ ਤਿਆਰ ਕੀਤੇ ਗਏ।

ਬਾਰ੍ਹਾਂ ਵਜੇ ਦੇ ਮਗਰੋਂ ਦੁਸਹਿਰੇ ਦੇ ਅਖੰਡ ਪਾਠ ਦਾ ਭੋਗ ਪਿਆ। ਪ੍ਰੇਮੀਆਂ ਨੇ ਆਪਣੀ ਸ਼ਰਧਾ ਅਨੁਸਾਰ ਭੇਟਾ ਕੀਤੀ। ਇਹ ਕਈ ਹਜ਼ਾਰ ਦੀ ਗਿਣਤੀ ਵਿੱਚ ਸੀ, ਜੋ ਕਿ ਉਸ ਵੇਲੇ ਅਕਾਲ ਕਾਲਜ ਕਮੇਟੀ ਦੇ ਹਵਾਲੇ ਕੀਤੀ ਗਈ। ਅਰਦਾਸ ਮਗਰੋਂ ਲੰਗਰ ਲਈ ਪੰਗਤਾਂ ਸਜ ਗਈਆਂ। ਪੰਜਾਹ ਕੁ ਵਿਘੇ (ਦੋ ਸੌ ਕਨਾਲ) ਵੇਹੜੇ ਵਿੱਚ, ਰੰਗ-ਬਰੰਗੇ ਦਸਤਾਰੇ ਸਜਾਈ, ਮਾਲਵੇ ਦੇ ਬਲੀ ਸਿੰਘ ਸਫਾਂ ਤੇ ਸਜ ਗਏ। ਲੰਗਰ ਵਰਤਣਾ ਸ਼ੁਰੂ ਹੋ ਗਿਆ। ਇਹ ਦਰਸ਼ਨ ਜਿੰਨ੍ਹੇ ਕੀਤੇ ਹਨ, ਏਸ ਦੀ ਮਹਿਮਾ ਉਹ ਹੀ ਜਾਣਦਾ ਹੈ। ਸੱਚਮੁੱਚ ਸੰਗਤ ਵਿੱਚ ਕਲਗੀਆਂ ਵਾਲੇ ਦਾ ਜ਼ਹੂਰ ਸੀ। ਇਹ ਅਦੁੱਤੀ ਦ੍ਰਿਸ਼ ਕਦੀ ਭਾਗਾਂ ਨਾਲ ਹੀ, ਕਿਸੇ ਮਹਾਂਪੁਰਸ਼ ਦੀ ਬਰਕਤ ਦਾ ਸਦਕਾ ਹੀ, ਭੂਮੀ ਤੇ ਪ੍ਰਗਟ ਹੁੰਦਾ ਹੈ। ਰਾਤ ਦੇ ਦਸ ਵਜੇ ਤੀਕਰ ਲੰਗਰ ਵਰਤਦਾ ਰਿਹਾ, ਕਿਸੇ ਗੱਲ ਦੀ ਤੋਟ ਨਾ ਆਈ। ਲੰਗਰ ਵਰਤ ਚੁੱਕਣ ਤੋਂ ਮਗਰੋਂ ਵੀ ਖੁੱਲ੍ਹਾ ਕੜਾਹ ਪ੍ਰਸ਼ਾਦ ਲੰਗਰ ਵਿੱਚ ਬਚਿਆ ਰਿਹਾ ਜਿਹੜਾ ਕਿ ਦੂਜੇ ਦਿਨ ਸੰਗਤਾਂ ਨੇ ਛਕਿਆ। ਸੰਤ ਜੀ ਮਹਾਰਾਜ ਦੇ ਅੰਗੀਠੀ 'ਤੇ ਉਸੇ ਵੇਲੇ ਇੱਕ ਛੋਟਾ ਜਿਹਾ ਕਮਰਾ ਬਣ ਗਿਆ ਅਤੇ ਏਸ 'ਤੇ ਭੀ ਟੀਨ ਦੀ ਛੱਤ ਪਾਈ ਗਈ। ਭਾਈ ਨਰੈਣ ਸਿੰਘ ਜੀ ਨੇ ਬੜੇ ਵੈਰਾਗ ਵਿੱਚ ਆਪਣੇ ਆਪ ਨੂੰ ਪਾਠੀ ਦੀ ਸੇਵਾ ਵਿੱਚ ਅਰਪਣ ਕੀਤਾ।

ਜਨਮ ਮਰਣ ਦੁਹਹੁ ਮਹਿ ਨਾਹੀ ਜਨ ਪਰਉਪਕਾਰੀ ਆਏ

ਜਦ ਭਾਈ ਰਣਧੀਰ ਸਿੰਘ ਜੀ ਕੈਦ ਤੋਂ ਛੁੱਟ ਕੇ ਆਏ ਤਦ ਭਾਈ ਤੇਜਾ ਸਿੰਘ ਜੀ (ਸੰਤ) ਉਹਨਾਂ ਪਾਸ ਨਾਰੰਗਵਾਲ ਮੇਲੇ ਲਈ ਗਏ। ਭਾਈ ਸਾਹਿਬ ਨੇ ਉਹਨਾਂ ਨੂੰ ਕੌਤਕ ਸੁਣਾਇਆ, "ਜਦ ਮੈਂ ਜੇਲ੍ਹਖਾਨੇ ਦੀ ਕਾਲ ਕੋਠੜੀ ਵਿੱਚ ਬੰਦ ਸਾਂ ਤਾਂ ਇੱਕ ਦਿਨ ਅੰਮ੍ਰਿਤ ਵੇਲੇ ਕੀ ਵੇਖਦਾ ਹਾਂ ਕਿ ਸੰਤ ਜੀ ਮਹਾਰਾਜ ਚੌਕੜੀ ਸਜਾਈ ਸ਼ੇਸ਼ਨਾਗ ਦੀ ਸੇਜ 'ਤੇ ਬੈਠੇ ਹੋਏ ਹਨ। ਕੁਝ ਦਿਨਾਂ ਮਗਰੋਂ ਮੈਨੂੰ ਮਾਲਵੇ ਤੋਂ ਪ੍ਰੇਮੀ ਮਿਲਣ ਆਏ। ਉਹਨਾਂ ਨੇ ਦੱਸਿਆਂ ਕਿ ਸੰਤ ਜੀ ਮਹਾਰਾਜ ਦੇ ਚਲਾਣੇ ਅਤੇ ਮੇਰੇ ਦ੍ਰਿਸ਼ਟਾਂਤ ਦੇਖਣ ਦਾ ਸਮਾਂ ਇੱਕੋ ਹੀ ਰਾਤ ੧੯ ਮਾਘ ੧੯੮੪ ਬਿਕ੍ਰਮੀ (੧ ਫਰਵਰੀ ਸੰਨ ੧੯੨੭) ਵੇਲਾ ਸੀ।"

ਜਿਸ ਰਾਤ ਸੰਤ ਜੀ ਮਹਾਰਾਜ ਸਮਾਏ ਉਸੇ ਅੰਮ੍ਰਿਤ ਵੇਲੇ ਸ਼ਾਹ ਦੀ ਢੇਰੀ ਵਾਲੀ ਮਾਈ ਨੂੰ ਦਰਸ਼ਨ ਹੋਏ, ਦੂਜੇ ਦਿਨ ਮਾਈ ਭੀ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਲੈਅ ਹੋ ਗਈ।

ਇੱਕ ਦਿਨ ਭਾਈ ਹਰਨਾਮ ਸਿੰਘ ਜੀ ਗ੍ਰੰਥੀ ਬੜੇ ਵੈਰਾਗ ਵਿੱਚ ਆ ਗਏ। ਅਰਜ਼ ਕੀਤੀ, "ਸੱਚੇ ਪਾਤਸ਼ਾਹ! ਹਜ਼ੂਰ ਨੇ ਬੜਾ ਹੀ ਡਾਢਾ ਭਾਣਾ ਵਰਤਾਇਆ।" ਉਸ ਵੇਲੇ ਸੰਤ ਜੀ ਮਹਾਰਾਜ ਤਿਆਰ-ਬਰ-ਤਿਆਰ ਸਾਹਮਣੇ ਨਜ਼ਰ ਆਏ ਅਤੇ ਭਾਈ ਹਰਨਾਮ ਸਿੰਘ ਜੀ ਦਿਲਾਸਾ ਦੇ ਆਖਿਆ, "ਭਾਈ! ਸਤਿਗੁਰੂ ਸੱਚੇ ਪਾਤਸ਼ਾਹ ਦੇ ਘਰ ਦੀ ਮਰਯਾਦਾ ਅਨੁਸਾਰ ਸਾਨੂੰ ਇਹ ਖੇਲ ਵਰਤਾਣੀ ਪਈ। ਧਰਮ ਦੀ ਹਾਨੀ ਦੇਖ ਕੇ ਅਕਾਲ ਪੁਰਖ ਦੇ ਹੁਕਮ ਵਿੱਚ ਗੁਪਤ ਬਲੀਦਾਨ ਕਰਨਾ ਪਿਆ, ਅਸੀਂ ਸੇਵਕਾਂ ਦੇ ਸਦਾ ਹੀ ਅੰਗ ਸੰਗ ਹਾਂ।"

ਇੱਕ ਦਿਨ ਅੰਮ੍ਰਿਤਸਰ ਸਾਹਿਬ ਭਾਈ ਦੀਦਾਰ ਸਿੰਘ ਟੂਟੀਆਂ ਵਾਲੇ ਬੁੰਗੇ ਵਿੱਚ ਫੁੱਟ-ਫੁੱਟ ਕੇ ਰੋਣ ਲੱਗ ਪਏ ਅਤੇ ਬੜੇ ਵੈਰਾਗ ਵਿੱਚ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ! ਸਰੀਰ ਵਿੱਚ ਮੈਂ ਤੁਹਾਨੂੰ ਨਹੀਂ ਜਾਣ ਸਕਿਆ। ਮੈਨੂੰ ਤਾਂ ਹੁਣ ਪਤਾ ਲੱਗਾ ਹੈ ਕਿ ਤੁਸੀਂ **"ਨਾਨਕ ਬ੍ਰਹਮ ਗਿਆਨੀ ਆਪ**

ਪ੍ਰਮੇਸੁਰ॥" ਸੋ ਮੈਂ ਅਭਾਗਾ ਦਾਤ ਤੋਂ ਵਾਂਝਾ ਰਹਿ ਗਿਆ ਹੁਣ ਮੈਂ ਕੀ ਕਰਾਂ।'' ਉਸੇ ਵੇਲੇ ਸੰਤ ਜੀ ਮਹਾਰਾਜ ਨੇ ਦਰਸ਼ਨ ਦਿੱਤੇ ਅਤੇ ਫ਼ਰਮਾਇਆ, ''ਘਬਰਾ ਨਹੀਂ ਗੁਰਬਾਣੀ ਪੜ੍ਹਿਆ ਕਰ।''

ਸੇਵਾ ਸੰਬੰਧੀ ਜੋ ਜੋ ਬਚਨ ਸੰਤ ਜੀ ਮਹਾਰਾਜ ਨੇ ਕੀਤੇ, ਉਹ ਪ੍ਰਤੱਖ ਪੂਰੇ ਹੋ ਚੁੱਕੇ ਹਨ। ਬਾਕੀ ਜਦ ਤਕ ਸ੍ਰਿਸ਼ਟੀ ਹੈ, ਗੁਰੂ ਕੀਆਂ ਸੰਗਤਾਂ ਆਪਣੇ ਪ੍ਰੇਮ ਅਨੁਸਾਰ ਵਾਧਾ ਕਰੀ ਜਾਣਗੀਆਂ। ਜੋ ਜੋ ਬਚਨ ਸੰਤ ਜੀ ਦੇ ਮਹਾਂ ਅਕਾਸ਼ ਵਿੱਚ ਜਮ੍ਹਾਂ ਹਨ ਉਹ ਆਪਣੇ-ਆਪਣੇ ਸਮੇਂ ਦੇ ਜ਼ਰੂਰ ਰੰਗ ਲਿਆਉਣਗੇ। ਸ੍ਰਿਸ਼ਟੀ ਭਾਵੇਂ ਤਬਾਹ ਹੋ ਜਾਵੇ ਸਾਧੂ ਦੇ ਬਚਨ ਜ਼ਰੂਰ ਅਟੱਲ ਰਹਿਣਗੇ।

ਕਾਂਡ ੫੪

ਬਿਲਾਵਲੁ ਮਹਲਾ ੫ ॥
ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ॥
ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ ॥੧॥
ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥
ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ ॥੧॥ਰਹਾਉ॥
ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥
ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥੨॥
ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥
ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥੩॥
ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥
ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥੪॥ (੯੧੨)

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥ (੬੯੧)

ਸੰਤ ਜੀ ਮਹਾਰਾਜ ਦੇ ਅਮੋਲਕ ਬਚਨ

ਸੰਨ ੧੯੧੬ ਵਿੱਚ ਜਿਸ ਵੇਲੇ ਦਾਸ ਗੁਜਰਾਂਵਾਲੇ ਗੁਰੂ ਨਾਨਕ ਖ਼ਾਲਸਾ ਕਾਲਜ ਵਿੱਚ ਪ੍ਰਿੰਸੀਪਲ ਸੀ, ਕੁਝ ਨਾਮਧਾਰੀਏ ਸਾਧੂ ਦਾਸ ਦੀ ਕੁਟੀਆ ਵਿੱਚ ਆਏ। ਉਨ੍ਹਾਂ ਨੇ ਕੁਝ ਭਵਿੱਖਤ ਦੇ ਬਚਨ ਕੀਤੇ। ਉਸ ਵੇਲੇ ਨਾ ਹੀ ਮੇਰਾ ਅਨੁਭਵ ਖੁੱਲ੍ਹਿਆ ਸੀ ਤੇ ਨਾ ਹੀ ਸੌ ਸਾਖੀ ਪੜ੍ਹੀ ਸੀ। ਸ਼ਾਮ ਦੇ ਵੇਲੇ ਇਹ ਬਚਨ ਹੋਏ। ਦਾਸ ਦੇ ਚਿੱਤ ਵਿੱਚ ਇਹ ਫੁਰਨਾ ਹੋਇਆ ਕਿ ਸੰਤ ਜੀ ਮਹਾਰਾਜ ਆਵਣ, ਤਦ ਉਨ੍ਹਾਂ ਕੋਲੋਂ ਪੁੱਛਿਆ ਜਾਵੇ। ਰਾਤੀਂ ਇਹ ਫੁਰਨਾ ਹੋਇਆ ਕਿ ਸਵੇਰੇ ਇਹ ਖ਼ਬਰ ਆ ਗਈ ਕਿ ਸੰਤ ਜੀ ਮਹਾਰਾਜ ਵਜ਼ੀਰਾਬਾਦ ਆਏ ਹਨ। ਕਾਲਜ ਦੀ ਪੜ੍ਹਾਈ ਕਰਾ ਸ਼ਾਮ ਵੇਲੇ ਦਾਸ ਵਜ਼ੀਰਾਬਾਦ ਪਹੁੰਚਿਆ, ਸੰਤ ਜੀ ਮਹਾਰਾਜ ਇਸ਼ਨਾਨ ਕਰ ਦੀਵਾਨ ਜਾਣ ਦੀ ਤਿਆਰੀ ਵਿੱਚ ਬੈਠੇ ਸਨ ਤੇ ਪਲੰਘ 'ਤੇ ਸਜੇ ਹੋਏ ਸਨ। ਦਾਸ ਤੇ ਮੇਰੇ ਨਾਲ ਦੇ ਸਾਥੀ ਮਥਰਾ ਦਾਸ ਜੀ ਨੇ ਨਮਸਕਾਰ ਕੀਤੀ ਤੇ ਹੇਠਾਂ ਦਰੀ 'ਤੇ ਬੈਠ ਗਏ। ਪਹਿਲਾਂ ਸੰਤ ਜੀ ਮਹਾਰਾਜ ਦੀ ਨਿਗਾਹ ਮਥਰਾ ਦਾਸ ਵੱਲ ਪਈ। ਉਸ ਨੂੰ ਆਖਿਆ ਕਿ ਅਸੀਂ ਅੰਮ੍ਰਿਤ ਛਕਣ ਵਾਸਤੇ ਕਿਸੇ ਨੂੰ ਨਹੀਂ ਪ੍ਰੇਰਨਾ ਕਰਦੇ, ਤੂੰ ਖਾਸ ਪ੍ਰੇਮੀ ਹੈਂ ਅੰਮ੍ਰਿਤ ਛਕ ਲੈ, ਪਰ ਇਹ ਬਚਨ ਨਾ ਮੰਨ ਸਕਿਆ। ਪਿੱਛੋਂ ਦੋ ਸਾਲ ਮਗਰੋਂ ਮਰਨ ਕਿਨਾਰੇ ਪਹੁੰਚਣ ਤੇ ਅੰਮ੍ਰਿਤ ਛੱਕ ਲਿਆ ਤੇ ਨਾਮ ਕੇਵਲ ਸਿੰਘ ਰੱਖਿਆ। ਫੇਰ ਮਹਾਰਾਜ ਜੀ ਨੇ ਦਾਸ ਨੂੰ ਹੁਕਮ ਕੀਤਾ ਕਿ ੬੦ ਮਾਈ-ਭਾਈ ਅੰਮ੍ਰਿਤ ਛਕਣ ਵਾਸਤੇ ਤਿਆਰ ਹਨ। ਤੁਸੀਂ ਅੰਮ੍ਰਿਤ ਛਕਾਵੋ, ਅਸੀਂ ਦੀਵਾਨ ਦੀ ਹਾਜ਼ਰੀ ਭਰਦੇ ਹਾਂ। ਦੂਜੇ ਦਿਨ ਅੰਮ੍ਰਿਤ ਵੇਲੇ ਮਹਾਰਾਜ ਜੀ ਨੇ ਆਪਣੇ-ਆਪ ਗੁਜਰਾਂਵਾਲੇ ਆਉਣ ਦੀ ਤਿਆਰੀ ਕਰ ਲਈ। ਜਦ ਵਜ਼ੀਰਾਬਾਦ ਸਟੇਸ਼ਨ 'ਤੇ ਇੱਕ ਸੈਕੰਡ ਕਲਾਸ ਵਿੱਚ ਚੜ੍ਹੇ ਤਾਂ ਉੱਥੇ ਗੜਵਾ ਫੜ ਦਾਸ ਸੰਤ ਜੀ ਮਹਾਰਾਜ

ਨਾਲ ਬੈਠ ਗਿਆ। ਗੱਡੀ ਟੁਰਨ ਤੋਂ ੧੦ ਮਿੰਟ ਪਿੱਛੋਂ ਦਾਸ ਨੇ ਆਪਣੀ ਬੇਨਤੀ ਕੀਤੀ। ਇਹ ਸੁਣ ਸੰਤ ਜੀ ਮਹਾਰਾਜ ਥੋੜ੍ਹਾ ਜਿਹਾ ਚਿਰ ਅੰਤਰ-ਧਿਆਨ ਹੋ ਫੇਰ ਫ਼ਰਮਾਇਆ, "ਤੇਜਾ ਸਿੰਘ ਜੀ! ਸਤਿਗੁਰੂ ਕਲਗੀਆਂ ਵਾਲੇ ਨੇ ਸੌ ਸਾਖੀ ਵਿੱਚ ਸਾਡਾ ਹੀ ਨਾਮ ਲਿਖਿਆ ਹੈ। ਅਸੀਂ ਅੰਗਰੇਜ਼ ਦੇ ਕੱਢਣ ਵਾਸਤੇ ਆਏ ਹਾਂ, ਭਾਵੇ ਜੰਗ ਕਰ ਕੇ ਭਾਵੇ ਬਚਨ ਕਰ ਕੇ। ਫੇਰ ਇੱਕ ਸਮੇਂ ਫ਼ਰਮਾਇਆ ਕਿ ਸੌ ਸਾਖੀ ਦੇ ਸਾਰੇ ਹੀ ਬਚਨ ਪੂਰੇ ਹੋਣਗੇ। ਪਿੱਛਲੇ ਹੋ ਚੁੱਕੇ ਹਨ, ਅਗਲੇ ਹੋਣਗੇ।"

ਦਾਸ ਦਾ ਸੁਭਾਅ ਸੀ ਕਿ ਇਕਾਂਤ ਵਿੱਚ ਜਾ ਕੇ ਸੰਤਾਂ ਦੇ ਚਰਨਾਂ ਵਿੱਚ ਜਾ ਕੇ ਬੈਠ ਜਾਂਦਾ ਅਤੇ ਬੱਚਿਆਂ ਵਾਂਗ ਪ੍ਰਸ਼ਨ ਪੁੱਛਦਾ। ਸੰਨ ੧੯੨੩ 'ਚ ਸੰਤ ਜੀ ਮਹਾਰਾਜ ਕਾਂਜਲੇ ਬਾਹਰ ਖੇਤਾਂ ਵਿੱਚ ਇੱਕ ਛੋਟੀ ਜਿਹੀ ਕੋਠੀ ਵਿੱਚ ਨਿਵਾਸ ਰੱਖਦੇ ਸਨ। ਦਾਸ ਜ਼ਰੂਰ ਸ਼ਾਮ ਨੂੰ ਦਰਸ਼ਨ ਕਰਨ ਜਾਂਦਾ। ਇੱਕ ਦਿਨ ਦਾਸ ਨੇ ਸੰਤ ਜੀ ਮਹਾਰਾਜ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! **ਹਿੰਦੁਸਤਾਨ ਕਦ ਸੁੱਖੀ ਹੋਵੇਗਾ? ਮਹਾਰਾਜ ਜੀ ਨੇ ਫ਼ਰਮਾਇਆ "ਤੇਜਾ ਸਿੰਘ ਜੀ! ਜਿਸ ਵੇਲੇ ਕਮਾਈ ਤਾਂ ਸਾਰੇ ਆਪਣੀ-ਆਪਣੀ ਕਰਨ, ਪਰ ਹਰ ਇੱਕ ਨਗਰ ਤੇ ਸ਼ਹਿਰ ਵਿੱਚ ਲੰਗਰ ਇਕੱਠਾ ਹੋਵੇ। ਵਿਆਹ ਸ਼ਾਦੀ ਗਮੀ ਉੱਥੇ ਹੀ ਹੋਵੇ।" ਫੇਰ ਦੂਜੀ ਵਾਰੀ ੪-੫ ਦਿਨਾਂ ਪਿੱਛੋਂ ਪੁੱਛਿਆ ਕਿ ਹਿੰਦੁਸਤਾਨ ਕਦੋਂ ਸੁੱਖੀ ਹੋਵੇਗਾ? ਤਦ ਮਹਾਰਾਜ ਜੀ ਕਿਸੇ ਹੋਰ ਰੰਗ ਵਿੱਚ ਹੱਸ ਬੋਲੇ "ਜਦ ਸਾਰੇ ਉਸਤਰੇ ਮੋਚਨੇ ਆਦਿ ਲੱਦ ਕੇ ਕਰਾਚੀ ਸਮੁੰਦਰ ਵਿੱਚ ਸੁੱਟ ਆਉਣਗੇ। ਜੰਮਦਾ ਸਾਰਾ ਹੀ ਖ਼ਾਲਸਾ ਹੈ। ਕਿਸੇ ਦੀ ਸੁੰਨਤ ਕਰ ਤੇ ਕਿਸੇ ਦੀ ਬੋਦੀ ਰੱਖ ਮਜ਼ੂਬ ਬਣ ਜਾਂਦਾ ਹੈ।"**

ਇੱਕ ਦਿਨ ਦਾਸ ਨੂੰ ਇਕਾਂਤ ਵਿੱਚ ਇਹ ਸਮਝਾਉਂਦਿਆਂ ਕਿ **ਖ਼ਾਲਸੇ ਦੇ ਜਥੇਦਾਰ ਵਿੱਚ ਤਿੰਨ ਗੁਣ ਹੋਣੇ ਚਾਹੀਦੇ ਹਨ- ਬੀਰਤਾ, ਧੀਰਤਾ, ਅਤੇ ਗੰਭੀਰਤਾ। ਸੂਰਬੀਰਤਾ ਵੀ ਪੂਰੀ ਹੋਵੇ। ਗੱਲ ਮੂੰਹੋਂ ਉਹ ਕੱਢੇ, ਜਿਹੜੀ ਕਰਕੇ ਦਿਖਾ ਦੇਣੀ ਹੋਵੇ ਨਹੀਂ ਤੇ ਚੁੱਪ ਰਹੇ।**

ਧੀਰਜ ਧਰਤੀ ਵਾਂਗ ਹੋਵੇ। ਧਰਤੀ ਨੂੰ ਭਾਵੇਂ ਕੋਈ ਪੁੱਟੇ ਭਾਵੇਂ ਚੰਦਨ ਲੇਪ ਕਰੇ, ਇੱਕ-ਰਸ ਰਹਿੰਦੀ ਹੈ। ਗੰਭੀਰਤਾ-ਉਸ ਦੇ ਮਨ ਦਾ ਪੂਰਾ ਭੇਦ ਕਿਸੇ ਨੂੰ ਨਾ ਪਤਾ ਹੋਵੇ, ਜਿੰਨਾ ਕੋਈ ਅਧਿਕਾਰੀ ਹੋਵੇ, ਓਨਾ ਹੀ ਉਸ ਨੂੰ ਦੱਸੇ। ਇਸ ਦੀ ਪ੍ਰਥਾਇ ਇੱਕ ਮੇਰੇ ਨਿਰਮਲੇ ਮਿੱਤਰ ਸਾਧੂ ਸਿੰਘ ਜੀ ਨੇ ਆਖਿਆ ਕਿ ਬਾਹਰ ਚੁੱਲ੍ਹੇ ਦੀ ਅੱਗ ਸਾਲਾਂ ਬੱਧੀ ਪੱਕਦੀ ਹੈ, ਪਰ ਚੁੱਲ੍ਹੇ ਦਾ ਵਟਾ ਨਹੀਂ ਪਕਾ ਸਕਦੀ। ਪਰ ਭੱਠ ਦੀ ਅੱਗ ਗੁਪਤ ਹੁੰਦੀ ਹੈ। ਲੱਖਾਂ, ਕਰੋੜਾਂ ਇੱਟਾਂ ਪਕਾ ਦਿੰਦੀ ਹੈ। ਸੰਤ ਜੀ ਮਹਾਰਾਜ ਇਨ੍ਹਾਂ ਤਿੰਨਾਂ ਗੁਣਾਂ ਵਿੱਚ ਨਿਪੁੰਨ ਸਨ।

ਬੀਰਤਾ ਅਤੇ ਗੰਭੀਰਤਾ ਦੀ ਮਿਸਾਲ ਸੰਨ ੧੯੧੯ ਵਿੱਚ ਦਾਸ ਨੇ ਦੇਖੀ। ਦੇਹਰਾਦੂਨ ਸੰਤ ਜੀ ਅਕਾਲ ਕਾਲਜ ਦੇ ਗੁਰਮਤੇ ਲਈ ਮਹਾਰਾਜਾ ਰਿਪੁਦਮਨ ਸਿੰਘ ਨੂੰ ਮਿਲਣ ਗਏ ਸੀ। ਦਾਸ ਨੇ ਵੀ ਉੱਥੇ ਪਹੁੰਚਣਾ ਸੀ। ਗੁਰਮਤੇ ਮਗਰੋਂ ਇੱਕ ਦਿਨ ਸੰਤ ਜੀ ਮਹਾਰਾਜ ਦਾਸ ਨੂੰ ਮੋਟਰ ਚਾੜ੍ਹ ਦੇਹਰਾਦੂਨ ਦੇ ਉਸ ਜੰਗਲ ਵਿੱਚ ਲੈ ਗਏ ਜਿੱਥੇ ਪ੍ਰੇਮੀ ਸ਼ੇਰਾਂ ਦਾ ਸ਼ਿਕਾਰ ਖੇਡਣ ਜਾਂਦੇ। ਮੋਟਰ ਤੋਂ ਉੱਤਰ ਦਾਸ ਨੂੰ ਇਕਾਂਤ ਤੇ ਖੁੱਲ੍ਹੀ ਜਿਹੀ ਜਗ੍ਹਾਂ ਵਿੱਚ ਲੈ ਗਏ ਅਤੇ ਫ਼ਰਮਾਇਆ ਕਿ ਸਾਡੇ ਪਾਸ ਰਾਜਾ ਮਹਿੰਦਰ ਪ੍ਰਤਾਪ ਅਤੇ ਅਮਾਨ ਉੱਲਾ ਨੇ ਕਾਬਲ ਤੋਂ ਆਪਣਾ ਖ਼ਾਸ ਏਲਚੀ ਭੇਜਿਆ ਹੈ ਅਤੇ ਸਾਨੂੰ ਪੁੱਛਿਆ ਸੀ ਕਿ ਜੇ ਅਸੀਂ ਹਿੰਦੁਸਤਾਨ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਬਾਹਰੋਂ ਹੱਲਾ ਕਰੀਏ, ਤੁਸੀਂ ਅੰਦਰੋਂ ਉੱਠੋਗੇ? ਅਸਾਂ ਆਖਿਆ, ਹਾਂ। ਇਹ ਪੈਗਾਮ ਤੁਹਾਡੇ ਵਾਸਤੇ ਭੀ ਸੀ, ਪਰ ਅਸਾਂ ਕਿਹਾ ਕਿ ਤੇਜਾ ਸਿੰਘ ਨੇ ਸਾਡੇ ਪਾਸ ਆਉਣਾ ਹੈ, ਅਸੀਂ ਸਮਝਾ ਦਿਆਂਗੇ। ਫੇਰ ਸੰਨ ੯੨੩ ਵਿੱਚ ਜਦ ਖ਼ਾਲਸਾ ਜੀ ਨੇ ਗੁਰੂ ਦੇ ਬਾਗ਼ ਦਾ ਮੋਰਚਾ ਲਾਇਆ ਸੀ, ਦਾਸ ਕਾਂਜਲੇ ਗਿਆ ਅਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਮੈਂ ਮੋਰਚੇ ਵਿੱਚ ਜਾਵਾਂ। ਮਹਾਰਾਜ ਨੇ ਫ਼ਰਮਾਇਆ ਕਿ ਤੁਸੀਂ ਗੁਰੂ ਕੇ ਕੈਦੀ ਹੋ, ਆਪਣੀ ਸੇਵਾ ਕਰੀ ਜਾਵੋ। ਪਰ ਇਹ ਕਿੱਥੇ ਲਿਖਿਆ ਹੈ ਕਿ ਖ਼ਾਲਸੇ ਦੇ ਗਾਤਰੇ ਕ੍ਰਿਪਾਨ ਹੋਵੇ ਤੇ ਬੀ ਟੀ ਜੈਸਾ ਅੰਗਰੇਜ਼

ਅਫ਼ਸਰ ਕੇਸਾਂ ਤੇ ਪੈਰ ਧਰੇ ਤੇ ਪੁੱਛੇ ਕਿ ਤੁਹਾਡਾ ਗੁਰੂ ਕਿੱਥੇ ਹੈ? ਹੁਕਮ ਹੈ-"**ਗੁਰੂ ਕੀ ਨਿੰਦਾ ਸੁਨੇ ਨਾ ਕਾਨ। ਸੀਸ ਭੇਟ ਕਰੇ ਕਿਰਪਾਨ।**" ਏਸ ਵਕਤ ਖ਼ਾਲਸਾ ਜੱਥੇਬੰਦ ਹੈ, ਜੇ ਤਲਵਾਰ ਫੜੇ ਤਾਂ ਅਸੀਂ ਸਭ ਤੋਂ ਅੱਗੇ ਲੱਗਣ ਵਾਸਤੇ ਤਿਆਰ ਹਾਂ।

ਸੰਨ ੧੯੨੬ ਵਿੱਚ ਦਾਸ ਚਰਨਾਂ ਵਿੱਚ ਬੈਠਾ ਸੀ। ਇਕਾਂਤ ਵਿੱਚ ਫ਼ਰਮਾਇਆ ਕਿ ਜਦੋਂ ਅੰਗਰੇਜ਼ ਜਾਣਗੇ, ਦੇਸ਼ ਨੂੰ ਉਜਾੜ ਕੇ ਜਾਣਗੇ। ਫੇਰ ੨-੪ ਦਿਨਾਂ ਮਗਰੋਂ ਫ਼ਰਮਾਇਆ, "**ਆਖਾ ਜੀਵਾ ਵਿਸਰੈ ਮਰਿ ਜਾਉ**" ਦੀ ਤਕੜੀ ਨਾਲ ਹਿੰਦੂ ਕੌਮ ਮੁਰਦਾ ਹੋ ਗਈ ਹੈ। ਮੁਸਲਮਾਨਾਂ ਵਿੱਚ ਇਬਾਦਤ ਹੈ। ਜਦੋਂ ਅਸੀਂ ਹਰੀਪੁਰ ਹਜਾਰੇ ਤਪ ਕਰਦੇ, ਇਹ ਵੀ ਇਬਾਦਤ ਕਰਦੇ। ਇਨ੍ਹਾਂ ਦਾ ਪ੍ਰਤਾਪ ਬਹੁਤ ਵਧੇਗਾ। ਜ਼ੁਲਮ ਬਹੁਤ ਕਰਨਗੇ, ਤਾਕਤ ਖਿੱਚੀ ਜਾਵੇਗੀ। ਸਿੱਖਾਂ ਵਿੱਚ ਜਿੰਨੀ ਬੰਦਗੀ ਚਾਹੀਦੀ ਹੈ, ਨਹੀਂ ਹੈ।

ਸੰਨ ੧੯੨੭ ਵਿੱਚ ਸੰਤ ਜੀ ਜੋਤੀ-ਜੋਤ ਸਮਾਏ ਤੇ ਉਦੋਂ ਤਕ ਜੰਗ ਦਾ ਕੋਈ ਸਮਾਂ ਨਾ ਬਣਿਆ, ਕਿਉਂਕਿ ਸੰਤ ਜੀ ਮਹਾਰਾਜ ਦੇ ਜੰਗ ਦੀ ਜੁਗਤ ਵਿੱਚ ਇਹ ਗੱਲ ਸ਼ਾਮਲ ਸੀ ਕਿ ਜਦੋਂ ਬਾਹਰੋਂ ਹੱਲਾ ਹੋਵੇ, ਉਦੋਂ ਅੰਦਰੋਂ ਉੱਠਿਆ ਜਾਏ। ਤਦ ਸੰਨ ੧੯੨੬ ਵਿੱਚ ਸੰਤ ਜੀ ਮਹਾਰਾਜ ਨੂੰ ਆਪਣੀ ਪੂਰੀ ਸਤਿਆ ਲਾ ਕੇ ਇਹ ਬਚਨ ਕੱਢਣਾ ਪਿਆ:

ਸਾਰਗ ਮਹਲਾ : ੫ ॥

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨੁ ਗੁਰੂ ਜੋ ਪੂਰੇ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥
ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥
ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥ (੧੨੦੪)

ਡਲ ਦੇ ਕਿਨਾਰੇ ਇੱਕ ਕਰੀਨ ਆਉਣ 'ਤੇ ਬੇਨਤੀ ਕਰਨ 'ਤੇ ਸੰਤ ਜੀ ਮਹਾਰਾਜ ਨੇ ਸੱਜੇ ਪਾਸੇ ਮੁੱਖ ਮੋੜਿਆ। ਤਦ ਮੋਤੀਏ ਨਾਲ ਇੱਕ ਨੇਤਰ ਬੰਦ ਹੋਣ ਕਰਕੇ ਇੱਕ ਮੇਮ ਦਾ ਝੋਲਾ ਪਿਆ। ਦਾਸ ਨੂੰ ਪੁੱਛਿਆ, ਕੌਣ ਆ ਰਿਹਾ ਹੈ? ਦਾਸ ਨੇ ਅਰਜ਼ ਕੀਤੀ, ਮੇਮ ਆ ਰਹੀ ਹੈ। ਇਹ ਅੱਖਰ ਸੁਣ ਉਨ੍ਹਾਂ ਦੇ ਅੰਦਰ ਇੱਕ ਜ਼ੋਰਦਾਰ ਲਹਿਰ ਚੱਲੀ ਅਤੇ ਫ਼ਰਮਾਇਆ, "ਇਹ ਪ੍ਰੇਤ ਹਨ, ਇਨ੍ਹਾਂ ਦਾ ਦਰਸ਼ਨ ਕਰਨਾ ਪਾਪ ਹੈ। ਜਦ ਦਾ ਭਾਰਤਵਰਸ਼ ਬਣਿਆ ਹੈ, ਕਦੀ ਇੰਨਾ ਪਾਪ ਚੱਕਰ ਨਹੀਂ ਚੱਲਿਆ। ਇਨ੍ਹਾਂ ਨਾਲੋਂ ਔਰੰਗਜ਼ੇਬ ਵੀ ਚੰਗਾ ਸੀ। ਉਹ ਇੱਕ ਵੇਲੇ ਕੁਰਾਨ ਲਿਖ ਕੇ ਰੋਟੀ ਖਾਂਦਾ ਸੀ। ਅੱਜ ਕੱਲ੍ਹ ਫ਼ਕੀਰੀ ਨੂੰ ਟਿੱਚਰ ਹੈ, ਇਹ ਚੱਕਰ ਨਿਕਲ ਜਾਏ।

ਤਿੰਨ-ਚਾਰ ਦਿਨ ਪਹਿਲਾਂ ਫ਼ਰਮਾ ਚੁੱਕੇ ਸਨ ਕਿ ਹਿੰਦੁਸਤਾਨ ਵਿੱਚ ਝੂਠ, ਠੱਗੀ ਬਹੁਤ ਵੱਧ ਚੁੱਕੀ ਹੈ। ਇਹ ਨਸ਼ਟ ਹੋਵੇ ਤੇ ਆਤਮ ਰਸੀਆਂ ਦਾ ਪ੍ਰਤਾਪ ਵਧੇ।

ਸੰਤ ਅਤਰ ਸਿੰਘ ਜੀ ਮਹਾਰਾਜ

ਸੰਤ ਸੁੱਚਾ ਸਿੰਘ ਜੀ

ਕਾਂਡ ਪਪ

ਸੋਰਠਿ ਮਹਲਾ ਪ ॥
ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥
ਇਹੁ ਮਨੁ ਤੇਰਾ ਭਾਈ ॥ਰਹਾਉ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥ (੬੧੪)

ਸੰਤ ਬਾਬਾ ਸੁੱਚਾ ਸਿੰਘ ਜੀ ਦੀ ਜ਼ਬਾਨੀ ਚੋਣਵੀਆਂ ਸਾਖੀਆਂ

(ਇਹ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਦੀਆਂ ਚੋਣਵੀਆਂ ਸਾਖੀਆਂ, ਉਹਨਾਂ ਦੇ ਅਨਿੰਨ ਸੇਵਕ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਪ ਲਿਖਵਾਈਆਂ ਹਨ)

ਦਾਸ ਦਾ ਜਨਮ ਪਿੰਡ ਲੋਹਟਵੱਦੀ ਜ਼ਿਲ੍ਹਾ ਸੰਗਰੂਰ, ਪਿਤਾ ਭਾਈ ਕਾਲਾ ਸਿੰਘ ਅਤੇ ਮਾਤਾ ਪ੍ਰੇਮ ਕੌਰ ਦੇ ਘਰ ਹੋਇਆ। ਮੈਂ ਛੋਟੀ ਉਮਰੇ ਸੰਤ ਬਾਬਾ ਧਿਆਨ ਸਿੰਘ ਨਿਰਮਲੇ ਸਾਧੂ ਲੋਹਟਵੱਦੀ, ਜਿਹਨਾਂ ਨੇ ੧੨੫ ਸਾਲ ਲੰਬੀ ਆਯੂ ਭੋਗੀ, ਕੋਲੋਂ ਪੰਜਾਬੀ ਸਿੱਖੀ ਅਤੇ ਅਖੰਡ ਪਾਠੀ ਬਣਿਆ। ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਸੱਤ ਸਾਲ ਦੀ ਉਮਰੇ ਹੋਏ ਅਤੇ ਉਹਨਾਂ ਵੱਲ ਹੀ ਖਿੱਚੇ ਗਏ। ਬਾਅਦ ਵਿੱਚ ਇੱਕ ਵੇਰਾਂ ਗੁਰੂ ਕੀ ਕਾਂਸ਼ੀ, ਸੰਤ ਜੀ ਮਹਾਰਾਜ ਆਪ ਇੱਕ ਕਮਰੇ ਵਿੱਚ ਬੈਠੇ ਸਨ, ਜਿੱਥੇ ਅੱਜ ਕੱਲ੍ਹ ਲਾਇਬਰੇਰੀ ਹੈ ਤਾਂ ਅਨੇਕ ਸੰਗਤਾਂ ਨੂੰ ਨਾਮ ਦੀ ਦਾਤ ਬਖਸ਼ਿਸ਼ ਕੀਤੀ। ਮੈਨੂੰ ਵੀ ਚਾਅ ਆ ਗਿਆ ਤੇ ਬੇਨਤੀ ਕੀਤੀ, "ਮੇਰੇ ਉੱਤੇ ਵੀ ਕਿਰਪਾ ਕਰੋ ਅਤੇ ਨਾਮ ਬਖਸ਼ੋ।" ਮਹਾਰਾਜ ਜੀ ਨੇ ਆਪਣੀ ਪਵਿੱਤਰ ਰਸਨਾ ਤੋਂ ਬਖਸ਼ਿਸ਼ ਕੀਤੀ।

ਮਸਤੂਆਣਾ ਕਾਲਜ ਦੀ ਨੀਂਹ ਪੱਥਰ ਤੇ ਸੇਵਾ

ਸੰਤ ਮਹਾਰਾਜ ਜੀ ਸਭ ਤੋਂ ਪਹਿਲਾਂ ਮਸਤੂਆਣੇ ਦੇ ਕੋਲ ਕਾਂਜਲਾ ਪਿੰਡ ਆਏ। ਸੰਤ ਬਿਸ਼ਨ ਸਿੰਘ ਜੀ ਅਤੇ ਸੰਤ ਗੁਲਾਬ ਸਿੰਘ ਜੀ ਨੇ ਇਹ ਥਾਂ ਮਸਤੂਆਣੇ ਉਹਨਾਂ ਨੂੰ ਦਿਖਾਇਆ। ਮਹਾਰਾਜ ਜੀ ਨੇ ਇੱਥੇ ਹੀ ਜੰਗਲ ਵਿੱਚ ਡੇਰੇ ਲਾਏ ਅਤੇ ਗੁਰਬਾਣੀ ਦਾ ਮਨੋਹਰ ਕੀਰਤਨ ਅਰੰਭ ਕਰ ਦਿੱਤਾ। ਪਿੰਡਾਂ ਦੀਆਂ ਸੰਗਤਾਂ ਨੇ ਇਸ ਤਰ੍ਹਾਂ ਇਸ ਅਵਾਜ਼ ਨੂੰ ਸੁਣਿਆ ਜਿਵੇਂ ਭਉਰੇ ਵਾਸ਼ਨਾ ਤੇ ਖਿੱਚੇ ਆਉਂਦੇ ਹਨ। ਸੰਗਤਾਂ ਨੇ ਹੁੰਮ-ਹੁੰਮਾ ਕੇ ਦਰਸ਼ਨ ਕੀਤੇ।

ਰਾਵਲਪਿੰਡੀ ਅਤੇ ਅੰਮ੍ਰਿਤਸਰ ਦੀਆਂ ਸੰਗਤਾਂ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਨੇ ਇੱਥੇ ਜੰਗਲ ਵਿੱਚ ਡੇਰੇ ਕਿਉਂ ਲਾਏ? ਇੱਥੇ ਨਾ ਕੋਈ ਪਿੰਡ ਹੈ ਨਾ ਸ਼ਹਿਰ। ਸੰਤ ਜੀ ਨੇ ਉੱਤਰ ਦਿੱਤਾ, ਸਾਨੂੰ ਨਿਰੰਕਾਰ ਨੇ ਇਸ ਇਲਾਕੇ ਨੂੰ ਸੰਵਾਰਨ ਲਈ ਭੇਜਿਆ ਹੈ। ਅਕਾਲ ਪੁਰਖ ਦਾ ਸੁਨੇਹਾ ਗੁਰਬਾਣੀ ਦੁਆਰਾ ਦੇਣਾ ਹੈ। ਇਸ ਇਲਾਕੇ ਵਾਸਤੇ ਗੁਰਦੁਆਰੇ ਦੀ ਰਚਨਾ ਤੋਂ ਇਲਾਵਾ ਕਾਲਜ ਬਣਾਉਣਾ ਹੈ।'' ਬਡਰੁੱਖੇ ਪਿੰਡ ਦੇ ਸਰਦਾਰ ਕੋਲੋਂ ੧੫੦੦੦ ਰੁਪਏ ਨਾਲ ਜੰਗਲ ਖਰੀਦ ਕੇ ਮਹਾਰਾਜ ਜੀ ਨੇ ਇੱਟਾਂ ਵਾਸਤੇ ਭੱਠੇ ਲਵਾਏ। ਕਾਲਜ ਦੀ ਨੀਂਹ ਰੱਖੀ ਗਈ। ਮਹਾਰਾਜ ਜੀ ਦੀ ਮਾਤਾ ਜੀ ਦਾ ਕਮਰਾ ਨੀਂਹ ਸਾਹਮਣੇ ਪੈਂਦਾ ਸੀ। ਜਿਸ ਨੂੰ ਢਾਹੁਣ ਦੀ ਆਗਿਆ ਹੋ ਗਈ। ਨੀਹਾਂ ਭਰਨ ਸਮੇਂ ਮਹਾਰਾਜ ਜੀ ਸੰਗਤਾਂ ਨੂੰ ਦਰਸ਼ਨ-ਦੀਦਾਰੇ ਦਿੰਦੇ ਰਹੇ। ਸੰਗਤਾਂ ਅਤੇ ਮਿਸਤਰੀਆਂ ਦਾ ਹੌਂਸਲਾ ਵਧਾਉਂਦੇ ਰਹੇ ਅਤੇ ਕਾਲਜ ਬਣਨਾ ਸ਼ੁਰੂ ਹੋ ਗਿਆ। ਜਦੋਂ ਕਾਲਜ ਤਿਆਰ ਹੋਇਆ ਤਾਂ ਕੋਲ ਖੜੇ ਇੱਕ ਸਹਿਜਧਾਰੀ ਸੇਵਕ ਸਾਂਝੀ ਰਾਮ ਨੂੰ ਪੁੱਛਣ ਲੱਗੇ ਕਿ ਉਸ ਦੇ ਖਿਆਲ ਵਿੱਚ ਕਾਲਜ ਚਲਾਉਣ ਲਈ ਕਿਹੜੀਆਂ-ਕਿਹੜੀਆਂ ਸਹੂਲਤਾਂ ਦੀ ਲੋੜ ਹੈ। ਸੇਵਕ ਨੇ ਕਿਹਾ ਕਿ ਮਹਾਰਾਜ ਜੀ ਕਾਲਜ ਲਈ ਜ਼ਮੀਨ ਦੀ ਮੁਰੱਬੇਬੰਦੀ ਜ਼ਰੂਰੀ ਹੈ। ਬਿਜਲੀ ਅਤੇ ਸੜਕ ਵੀ ਚਾਹੀਦੀ ਹੈ। ''ਅੱਛਾ ਭਾਈ! ਇਹ ਤਿੰਨੇ ਪੂਰੀਆਂ ਹੋਣਗੀਆਂ;'' ਸੰਤ ਜੀ ਮਹਾਰਾਜ ਨੇ ਬਚਨ ਕੀਤਾ। ਮਹਾਰਾਜ ਦਾ ਇਹ ਬਚਨ ਪੂਰਾ ਹੋਇਆ। ਜਦੋਂ ਕਾਲਜ ਤਿਆਰ ਹੋਇਆ ਤਾਂ ਉਦਘਾਟਨ ਸਮੇਂ ਭਾਈ ਮਲਕ ਮੋਹਨ ਸਿੰਘ ਰਾਵਲਪਿੰਡੀ ਅਤੇ ਭਾਈ ਸਾਹਿਬ ਬਾਗੜੀਆਂ ਹੋਰ ਪਤਵੰਤਿਆਂ ਅਤੇ ਸਰਕਾਰ ਨਾਭਾ ਅਤੇ ਸੰਗਰੂਰ ਦਾ ਇਕੱਠ ਹੋਇਆ ਤੇ ਬੇਨਤੀ ਕੀਤੀ ਗਈ ਕਿ ਹਜ਼ੂਰ! ਇਸ ਕਾਲਜ 'ਤੇ ਆਪ ਜੀ ਦਾ ਨਾਮ ਅਤੇ ਸਮਾਂ ਲਿਖਿਆ ਜਾਵੇ। ਮਹਾਰਾਜ ਨੇ ਇਹਨਾਂ ਨੂੰ ਸਾਹਮਣੇ ਬੁਲਾ ਕੇ ਕਿਹਾ, ''ਅਸੀਂ ਸੰਸਾਰ ਤੇ ਆਪਣਾ ਨਾਮ ਨਹੀਂ ਲਿਖਾਉਣ ਆਏ। ਇੱਥੇ ਉਹਨਾਂ ਜੋਧਿਆਂ ਦਾ ਨਾਮ ਲਿਖਿਆ ਜਾਵੇਗਾ ਜਿਹਨਾਂ ਛੋਟੀਆਂ ਉਮਰਾਂ ਵਿੱਚ ਸਾਹਿਬ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹ ਹਨ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ।'' ਉਸ ਸਮੇਂ ਦੀ ਲਿਖੀ ਹੋਈ ਪੱਥਰ ਦੀ ਸਿਲ੍ਹਾ ਅੱਜ ਤਕ ਕਾਲਜ ਤੇ ਪੜ੍ਹੀ ਜਾ ਸਕਦੀ ਹੈ।

ਮਸਤੂਆਣੇ ਵਿਖੇ ਲੋਹੜੀ ਤੇ ਨਿਮਾਣੀ ਦੇ ਜੋੜ ਮੇਲੇ ਹੁੰਦੇ ਸੀ। ਨਿਮਾਣੀ ਦੇ ਜੋੜ ਮੇਲੇ ਸਮੇਂ ਦਾਸ ਨਾਲ ਮਹਾਰਾਜ ਜੀ ਪਿੰਡ ਬਾਲੇਵਾਲ ਤੋਂ ਇੱਥੇ ਆਏ। ਪ੍ਰਬੰਧਕਾਂ ਨੇ ਬੜੇ ਚਾਅ ਨਾਲ ਮਹਾਰਾਜ ਜੀ ਦੇ ਬੈਠਣ ਵਾਸਤੇ ਹਾਲ ਕਮਰੇ ਵਿੱਚ ਇੱਕ ਗੱਦੀ ਬਣਾਈ ਅਤੇ ਬੇਨਤੀ ਕੀਤੀ ਕਿ ਆਪ ਜੀ ਨੇ ਕਾਲਜ ਬਣਾ ਕੇ ਪਰਉਪਕਾਰ ਕੀਤਾ ਹੈ, ਗੱਦੀ ਤੇ ਸੱਜ ਕੇ ਫੋਟੋ ਲੈਣ ਦੀ ਆਗਿਆ ਦਿਓ। ਸੰਤ ਜੀ ਬੈਠੇ ਨਹੀਂ, ਖੜੇ ਰਹੇ ਅਤੇ ਬਚਨ ਕੀਤਾ, ''ਭਾਈ! ਸਾਨੂੰ ਬੈਠਣ ਦਾ ਹੁਕਮ ਨਹੀਂ, ਇੱਥੇ ਬੈਠਣ ਵਾਲਾ ਹੋਰ ਆਏਗਾ। ਉਹ ਵਾਗਡੋਰ ਸੰਭਾਲੇਗਾ।'' ਫਿਰ ਮਹਾਰਾਜ ਜੀ ਨੇ ਗੁਜਰਾਂਵਾਲੇ ਵਾਲੇ ਸੰਤ ਤੇਜਾ ਸਿੰਘ ਜੀ ਨੂੰ ਇਸ ਕਾਲਜ ਦੀ ਵਾਗਡੋਰ ਸੰਭਾਲੀ।

ਲੰਗਰ ਤੇ ਜੋੜ ਮੇਲੇ

ਸੰਤ ਜੀ ਮਹਾਰਾਜ ਇੱਕ ਦਿਨ ਸੰਤ ਤੇਜਾ ਸਿੰਘ ਜੀ ਨੂੰ ਕਹਿਣ ਲੱਗੇ ਭਾਈ! ਇੱਕ ਵੱਡੀ ਦੇਗ ਬਣਾਈ ਹੈ। ਸੰਤ ਤੇਜਾ ਸਿੰਘ ਜੀ ਨੇ ਤਿਆਰ ਕਰਾ ਦਿੱਤੀ। ਸੰਗਤ ਨੇ ਪੁੱਛਿਆ ਕਿ ਮਹਾਰਾਜ ਏਨੀ ਵੱਡੀ ਦੇਗ ਨੂੰ ਕੌਣ ਮਾਂਜੇਗਾ, ਚੁੱਕੇਗਾ ਤੇ ਧਰੇਗਾ ਤਾਂ ਸੰਤ ਜੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਜਦੋਂ ਕਿ ਸੰਗਤਾਂ ਦਾ ਇਕੱਠ ਹੋਏਗਾ, ਇਸ ਦੀ ਲੋੜ ਪਏਗੀ। ਇਸ ਦੇਗ ਵਿੱਚ ਅੱਜ-ਕੱਲ੍ਹ ਜੋੜ ਮੇਲੇ ਤੇ ਮਿੱਠੇ ਚਾਵਲ ਬਣਦੇ ਹਨ।

ਇਸ ਦੇਗ ਵਿੱਚ ਅੱਠ ਮਣ ਚਾਵਲ, ਦੋ ਬੋਰੀਆਂ ਖੰਡ, ਦੋ ਪੀਪੇ ਘਿਓ ਅਤੇ ੭੦ ਪੀਪੇ ਪਾਣੀ ਦੇ ਸਮਾ ਸਕਦੇ ਹਨ। ਐਸੀਆਂ ਦੋ ਦੇਗਾਂ ਦੇ ਦਰਸ਼ਨ ਲੰਗਰਾਂ ਵਿੱਚ ਇੱਕ ਮਸਤੂਆਣੇ ਅਤੇ ਦੂਜੀ ਗੁਰੂ ਕੀ ਕਾਂਸੀ ਵਿਖੇ ਕੀਤੇ ਜਾ ਸਕਦੇ ਹਨ।

ਇੱਕ ਦਿਨ ਅੰਮ੍ਰਿਤਸਰ ਤੋਂ ਬੜੇ ਵਿਦਵਾਨ ਗਿਆਨੀ ਠਾਕੁਰ ਸਿੰਘ ਜੀ ਸੰਗਤਾਂ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਇਹੋ ਜਿਹਾ ਕਾਲਜ ਅਤੇ ਐਸਾ ਦਰਬਾਰ ਕਿਸੇ ਸ਼ਹਿਰ ਵਿੱਚ ਰਚਦੇ ਤਾਂ ਕਿੰਨੀਆਂ ਸੰਗਤਾਂ ਨੂੰ ਲਾਭ ਪੁੱਜਦਾ। ਹਜ਼ੂਰ ਦੇ ਅਮੋਲਕ ਬਚਨ ਤੇ ਕੀਰਤਨ ਸਰਵਣ ਕਰਨ ਲਈ ਲੱਖਾਂ ਸੰਗਤਾਂ ਇਕੱਠੀਆਂ ਹੁੰਦੀਆਂ, ਇੱਥੇ ਜੰਗਲ ਬੇਲੇ ਵਿੱਚ ਬੈਠ ਗਏ ਹੋ। ਮਹਾਰਾਜ ਜੀ ਨੇ ਉੱਤਰ ਦਿੱਤਾ: "ਤੁਸੀਂ ਸੌ ਸਾਖੀ ਨਹੀਂ ਪੜ੍ਹੀ, ਉੱਥੇ ਲਿਖਿਆ ਹੈ ਨਾਭੇ ਪੱਕੇ, ਜੀਂਦ ਵਰਤੇ। ਜਿੱਥੇ ਆਪਾਂ ਹੁਣ ਬੈਠੇ ਹਾਂ; ਇਹ ਦੋ ਰਿਆਸਤਾਂ (ਨਾਭੇ ਅਤੇ ਜੀਂਦ) ਦੀ ਹੱਦਬੰਦੀ ਹੈ। ਇਹ ਜੀਂਦ ਹੈ, ਜਿੱਥੇ ਆਪਾਂ ਲੰਗਰ ਛਕਦੇ ਹਾਂ।" ਅੱਜ-ਕੱਲ੍ਹ ਇਹ ਲੰਗਰ ਜੋੜ ਮੇਲੇ ਨੂੰ ਬਡਰੁੱਖਾ ਪਿੰਡ ਦੀ ਸੰਗਤ ਰਸਦ ਪਾਣੀ ਇਕੱਠਾ ਕਰਕੇ ੧੮-੧੯ ਮਾਘ ਨੂੰ ਚਲਾਉਂਦੀ ਹੈ, ਜੋ ਨਾਭੇ ਵਿੱਚ ਹੈ। ਸੰਗਤ ਨੇ ਧੰਨ-ਧੰਨ ਕਹਿਕੇ ਨਮਸਕਾਰ ਕੀਤੀ।

ਇੱਕ ਦਿਨ ਜੋੜ ਮੇਲੇ ਦੇ ਅਵਸਰ 'ਤੇ ਬਡਰੁੱਖਾ ਪਿੰਡ ਤੋਂ ਲੰਗਰ ਚਲਾਉਣ ਦੀ ਸੇਵਾ ਨਾ ਹੋ ਸਕੀ ਕਿਉਂਕਿ ਪ੍ਰੇਮੀ ਸੱਜਣ ਕੁਝ ਦਵੈਸ਼ ਵਿੱਚ ਰਸਦ ਪਾਣੀ ਇਕੱਠੀ ਨਾ ਕਰ ਸਕੇ। ਜੋੜ ਮੇਲੇ ਉਪਰੰਤ ਮਹਾਰਾਜ ਨੇ ਬਡਰੁੱਖਾ ਦੀ ਸੰਗਤ ਨੂੰ ਬੁਲਾਇਆ ਤੇ ਬਚਨ ਕੀਤਾ-ਭਾਈ! ਲੰਗਰ ਕਿਉਂ ਨਹੀਂ ਚਲਾਇਆ। ਸੰਗਤ ਨੇ ਮੁਆਫ਼ੀ ਮੰਗੀ ਕਿ ਪੇਂਡੂ ਹਾਂ ਅਣਜਾਣ ਹਾਂ। ਮਹਾਰਾਜ ਨੇ ਬਚਨ ਕੀਤਾ, "ਭਾਈ! ਪੰਜ ਸਿੰਘ ਇਕੱਠੇ ਹੋ ਕੇ ਅਰਦਾਸ ਕਰਕੇ, ਰਸਦ ਇਕੱਠੀ ਕਰਨ ਵੇਲੇ ਟੁਰਿਆ ਕਰੋ, ਕੋਈ ਖਿਲਾਫ਼ ਨਹੀਂ ਹੋਵੇਗਾ।"

ਕੱਚੀ ਬਾਣੀ

(੧) ਸੰਤ ਜੀ ਮਹਾਰਾਜ ਨੇ ਇੱਕ ਦਿਨ ਮੌਜੂ ਅਤੇ ਮੱਤੀ ਪਿੰਡਾਂ ਜ਼ਿਲ੍ਹਾ ਬਠਿੰਡਾ ਦਾ ਦੌਰਾ ਕੀਤਾ। ਇੱਥੋਂ ਦੀ ਇੱਕ ਲੜਕੀ ਕੱਚੀ ਬਾਣੀ ਗਾਉਂਦੀ ਸੀ ਅਤੇ ਕਮਾਈ ਕਰਦੀ ਸੀ। ਲੋਕੀਂ ਇਹ ਕੱਚੀ ਬਾਣੀ ਸੁਣ ਕੇ ਕੁਰਾਹੇ ਪੈ ਰਹੇ ਸਨ। ਇਸ ਲੜਕੀ ਨੂੰ ਸੰਤ ਜੀ ਮਹਾਰਾਜ ਜੀ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਦਰਸ਼ਨ ਕਰਨ ਦੀ ਤਾਂਘ ਪੈਦਾ ਹੋਈ। ਦਰਸ਼ਨ ਕਰਕੇ ਅਤੇ ਗੁਰਬਾਣੀ ਗਾਇਣ ਕਰਨ ਉਪਰੰਤ ਮਨ ਨਾਲ ਫੈਸਲਾ ਕੀਤਾ ਕਿ ਅੱਗੇ ਤੋਂ ਕੱਚੀ ਬਾਣੀ ਨਹੀਂ ਗਾਉਣੀ। ਫਿਰ ਇਹ ਲੜਕੀ ਦੀਵਾਨ ਦੀਆਂ ਹਾਜ਼ਰੀਆਂ ਭਰਨ ਲੱਗੀ ਅਤੇ ਮਹਾਂਪੁਰਸ਼ਾਂ ਦੇ ਚਰਨੀਂ ਲੱਗ ਕੇ ਭਲਾ ਮੰਗਣ ਲੱਗੀ।

(੨) ਜੋਗਾ ਰੱਲਾ ਪਿੰਡ ਵਿੱਚ ਦੌਰਾ ਕੀਤਾ ਜਿੱਥੇ ਸੰਗਤਾਂ ਦੁੱਧ ਦਹੀਂ ਵਰਤਾਂਦੀਆ ਸਨ। ਇੱਕ ਦਿਨ ਇੱਕ ਪ੍ਰੇਮੀ ਨੇ ਅਰਜ਼ ਕੀਤੀ, ਮਹਾਰਾਜ ਜੀ! ਆਪ ਜੀ ਏਨੇ ਵੱਡੇ ਹੋ ਕੇ ਨਿਗੁਰਿਆਂ ਦੇ ਹੱਥ ਦਾ ਅੰਨ ਪਾਣੀ ਛਕ ਲੈਂਦੇ ਹੋ। ਇਹ ਸਿੰਘ ਨਹੀਂ ਸਜੇ, ਬਾਣੀ ਨਹੀਂ ਪੜ੍ਹਦੇ। ਹਜ਼ੂਰ ਨੇ ਉੱਤਰ ਦਿੱਤਾ, "ਨਿਸ਼ਚਾ ਕਰਨਾ ਹੀ ਵੱਡਾ ਹੁੰਦਾ ਹੈ। ਅਸੀਂ ਜਿਸ ਨਗਰ ਵਿੱਚ ਦੀਵਾਨ ਕਰਦੇ ਹਾਂ ਪਹਿਲਾਂ ਸਾਰੀ ਸੰਗਤ ਕੋਲੋਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਵਾ ਲੈਂਦੇ ਹਾਂ ਅਤੇ ਫਿਰ ਉਹਨਾਂ ਦੇ ਘਰੋਂ ਅੰਨ ਛਕਦੇ ਹਾਂ।" ਮਹਾਰਾਜ ਜੀ ਨੇ ਫ਼ਰਮਾਇਆ ਸਾਨੂੰ ਕਰਤਾਰ ਦਾ ਹੁਕਮ ਹੈ ਕਿ ਅਸੀਂ ਸੰਸਾਰ ਵਿੱਚ ਸਤਿਨਾਮ-ਵਾਹਿਗੁਰੂ ਦਾ ਚੱਕਰ ਚਲਾਈਏ। ਜਿਨ੍ਹਾਂ ਦੀ ਰਸਨਾ ਤੋਂ ਨਾਮ ਦੀ ਮਹਿਮਾ ਕਰਾ ਲਈ ਹੈ, ਉਹਨਾਂ ਤੇ ਸਮਾਂ ਪਾ ਕੇ ਜ਼ਰੂਰ ਅਸਰ ਹੋਏਗਾ।

ਛੋਟੇ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ

ਇੱਕ ਦਿਨ ਸੰਤ ਜੀ ਮਹਾਰਾਜ ਜੀ ਨੇ ਤਹਿਸੀਲ ਚੱਕਵਾਲ, ਜ਼ਿਲ੍ਹਾ ਜਿਹਲਮ ਦੇ ਇੱਕ ਪਿੰਡ ਵਿੱਚ ਦੀਵਾਨ ਸਜਾਇਆ, ਸੰਗਤਾਂ ਇਕੱਠੀਆਂ ਹੋਈਆਂ। ਮਹਾਰਾਜ ਜੀ ਨੇ ਉੱਥੋਂ ਦੇ ਸਕੂਲ ਦੇ ਹੈੱਡਮਾਸਟਰ ਨੂੰ ਬੁਲਾਇਆ ਤੇ ਬਚਨ ਕੀਤਾ, "ਸਾਰੇ ਸਕੂਲ ਦੇ ਬੱਚਿਆਂ ਨੂੰ ਅੰਮ੍ਰਿਤ ਛਕਾਓ-ਗੁਰੂ ਵਾਲੇ ਬਣਾਓ।" ਹੈੱਡਮਾਸਟਰ ਨੇ ਬੇਨਤੀ ਕੀਤੀ ਕਿ ਬੱਚਿਆਂ ਤੋਂ 'ਰਹਿਤ' ਨਹੀਂ ਰਹਿਣੀ ਕਿਉਂਕਿ ਨਿਆਣੇ ਹਨ। ਮਹਾਰਾਜ ਬੋਲੇ, "ਭਾਈ! ਜਿਹਨਾਂ ਦੇ ਅੰਦਰ ਪੰਜਾਂ ਪਿਆਰਿਆਂ ਦਾ ਤਿਆਰ ਕੀਤਾ ਅੰਮ੍ਰਿਤ ਜਾਏਗਾ, ਸਮਾਂ ਪਾ ਕੇ ਬੀਜ ਹਰਾ ਹੋ ਜਾਵੇਗਾ।" ਮਹਾਰਾਜ ਨੇ ਪ੍ਰਮਾਣ ਦਿੱਤਾ ਕਿ ਸਾਰਿਆਂ ਬੂਟਿਆਂ ਦੇ ਬੀਜ ਧਰਤੀ ਵਿੱਚ ਪਏ ਹੁੰਦੇ ਹਨ। ਜੇਠ ਹਾੜ ਲੰਘ ਕੇ ਸਾਉਣ ਦੀਆਂ ਝਾੜੀਆਂ ਲੱਗਦੀਆਂ ਹਨ, ਉਹ ਬੀਜ ਰੁੱਤ ਅਨੁਸਾਰ ਜੰਮ ਪੈਂਦੇ ਹਨ। ਦਸਮ ਪਿਤਾ ਦਾ ਖੰਡੇ ਦਾ ਅੰਮ੍ਰਿਤ ਸਮਾਂ ਪਾ ਕੇ ਰੰਗ ਲਿਆਏਗਾ। ਹੈੱਡਮਾਸਟਰ ਨੇ ਬਚਨ ਮੰਨ ਕੇ ਉਸੇ ਤਰ੍ਹਾਂ ਹੀ ਕੀਤਾ।

ਪਿੰਡ ਕੱਲਰ ਦੀ ਸਾਖੀ

ਪਿੰਡ ਕੱਲਰ ਜ਼ਿਲ੍ਹਾ ਰਾਵਲਪਿੰਡੀ ਵਿਖੇ ਸੰਤ ਜੀ ਮਹਾਰਾਜ ਜੀ ਨੇ ਬਹੁਤ ਤਪ ਕੀਤਾ। ਉਸੇ ਪਿੰਡ ਇੱਕ ਪ੍ਰੇਮੀ ਨੇ ਨਵਾਂ ਮਕਾਨ ਬਣਾ ਕੇ ਸੰਤ ਜੀ ਮਹਾਰਾਜ ਦੇ ਚਰਨ ਪੁਆਏ ਅਤੇ ਲੰਗਰ ਛਕਾਇਆ। ਲੰਗਰ ਦੀ ਅਰਦਾਸ ਉਪਰੰਤ ਮਹਾਰਾਜ ਜੀ ਨੇ ਬਚਨ ਕੀਤਾ, "ਸਰਦਾਰ ਜੀ! ਕੋਠੀ ਬਹੁਤ ਸੁੰਦਰ ਹੈ ਪਰ ਇੱਕ ਦਿਨ ਇਹ ਛੱਡਣੀ ਪਊ।" ਉਸਨੇ ਸਰੀਰ ਛੱਡਣ ਦੀ ਗੱਲ ਸਮਝੀ। ਪਰ ਅਸਲ ਨੂੰ ਨਾ ਪਛਾਣਿਆ। ਜਦੋਂ ਪਾਕਿਸਤਾਨ ਬਣਿਆ ਤਾਂ ਸਰਦਾਰ ਨੂੰ ਕਈ ਸਾਲ ਪਹਿਲਾਂ ਮਹਾਰਾਜ ਜੀ ਦੇ ਕੀਤੇ ਬਚਨਾਂ ਦਾ ਮਤਲਬ ਸਮਝ ਆਇਆ। ਕਿੰਨਾਂ ਕੁਝ ਕਹਿ ਲਈਏ 'ਤੱਤ ਬੇਤੇ' ਸੰਤਾਂ ਦੇ ਸਿਧਾਂਤ ਨੂੰ ਅਗਿਆਨੀ ਮਨ ਸਮਝ ਨਹੀਂ ਸਕਦਾ।

ਜਨਰਲ ਹਰਬਖਸ਼ ਸਿੰਘ ਬਾਰੇ

ਪਿੰਡ ਬੱਡਰੁੱਖਾ ਵਿੱਚ ਜਿੱਥੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਇੱਥੇ ਸੰਤ ਜੀ ਮਹਾਰਾਜ ਨੇ ਭਾਰੀ ਦੀਵਾਨ ਕੀਤੇ, ਸਰਬੱਤ ਸਾਧ ਸੰਗਤ ਨੂੰ ਅੰਮ੍ਰਿਤ ਛਕਾਇਆ। ਇਸੇ ਹੀ ਪਿੰਡ ਵਿੱਚ ਇੱਕ ਦਿਨ ਇੱਕ ਮਾਤਾ ਜੀ ਨੇ ਬੜੇ ਪਿਆਰ ਸਹਿਤ ਲੰਗਰ ਤਿਆਰ ਕਰਕੇ ਮਹਾਰਾਜ ਜੀ ਨੂੰ ਛਕਾਇਆ। ਹਰਬਖਸ਼ ਸਿੰਘ ਦੀ ਉਮਰ ਉਸ ਸਮੇਂ ੫-੭ ਸਾਲਾਂ ਦੀ ਸੀ। ਮਹਾਰਾਜ ਨੇ ਬਚਨ ਕੀਤਾ, "ਤੇਰਾ ਪੁੱਤਰ ਇੱਕ ਵੱਡਾ ਅਹੁਦੇਦਾਰ ਬਣ ਕੇ ਉੱਡੇ।" ਸਮਾਂ ਪਾ ਕੇ ਉਹ ਨੂੰ ਦਿੱਲੀ ਵਿੱਚ ਇੱਕ ਦਿਨ ਜਹਾਜ਼ ਚੜ੍ਹਾਉਣ ਗਈ। ਜਦੋਂ ਜਨਰਲ ਦਾ ਜਹਾਜ਼ ਅਕਾਸ਼ੀ ਉੱਡਿਆ ਤਾਂ ਮਾਤਾ ਜੀ ਨੂੰ ਸੰਤ ਜੀ ਮਹਾਰਾਜ ਦਾ ਉਸ ਵੇਲੇ ਦਾ ਬਚਨ ਯਾਦ ਆਇਆ। ਇਸ ਪਿੰਡ ਬੱਡਰੁੱਖਾ ਵਿੱਚ ਹੀਰਾ ਸਿੰਘ ਨਾਭਾ ਸਰਕਾਰ ਦਾ ਜਨਮ ਹੋਇਆ। ਇਸੇ ਪਿੰਡ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦਾ ਵੀ ਜਨਮ ਹੋਇਆ।

ਤੱਤ ਬੇਤੇ ਸਾਧੂ ਦੇ ਬਚਨਾਂ ਨੂੰ ਉਹੀ ਜਾਣਦਾ ਹੈ

ਇੱਕ ਦਿਨ ਜ਼ਿਲ੍ਹਾ ਰਾਵਲਪਿੰਡੀ ਦੇ ਕੱਲਰ, ਕਨੋਹਾ, ਸਾਗਰੀ ਨਡਾਲੀ, ਥੋਹਾਕਹੋਟਾ ਅਤੇ ਦੁਭੇਰਨ ਪਿੰਡਾਂ ਦੇ ਇੱਕ ਦੀਵਾਨ ਵਿੱਚ ਸੰਗਤ ਬਹੁਤ ਇਕੱਠੀ ਹੋਈ ਸੀ ਤਾਂ ਸਮਾਪਤੀ ਵੇਲੇ ਸੰਗਤ ਨੇ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਕਿ ਸਾਡੇ ਧੰਨ ਭਾਗ ਹਨ ਜੋ ਅਸੀਂ ਅਮੋਲਕ ਬਾਣੀ ਦਾ ਕੀਰਤਨ ਸਰਵਨ ਕਰਦੇ ਹਾਂ। ਪਰੰਤੂ ਇੱਕ ਸ਼ੰਕਾ ਹੈ ਜੋ ਹਜ਼ੂਰ ਤੋਂ ਬਗੈਰ ਨਵਿਰਤ ਨਹੀਂ ਹੋ ਸਕਦਾ। "ਭਾਈ! ਤੁਹਾਡੀ ਕੀ ਸ਼ੰਕਾ ਹੈ ਦੱਸੋ",

ਮਹਾਰਾਜ ਜੀ ਨੇ ਪੁੱਛਿਆ। ਸੰਗਤ ਨੇ ਸ਼ੰਕਾ ਦੱਸੀ ਕਿ ਜਦੋਂ ਆਪ ਸਰੀਰ ਛੱਡੋਗੇ ਤਾਂ ਕਿੱਥੇ ਜਾਵੋਗੇ? ਹਜ਼ੂਰ ਨੇ ਫ਼ਰਮਾਇਆ, "ਇਹ ਮਕਾਨ ਜਿਸ ਵਿੱਚ ਬੈਠੇ ਹਾਂ ਜੇਕਰ ਇਹਦੀ ਛੱਤ ਹਟਾ ਦੇਈਏ ਤਾਂ ਅਕਾਸ਼ ਹੀ ਅਕਾਸ਼ ਵਿੱਚ ਮਿਲ ਜਾਂਦਾ ਹੈ। ਜੇ ਘੜਾ ਪਾਣੀ ਦਾ ਭਰ ਕੇ ਪਾਣੀ ਵਿੱਚ ਰੱਖ ਦੇਈਏ ਤਾਂ ਘੜਾ ਫੁੱਟ ਜਾਣ 'ਤੇ ਪਾਣੀ-ਪਾਣੀ ਵਿੱਚ ਜੀ ਸਮਾ ਜਾਂਦਾ ਹੈ। ਇਹ ਸਰੀਰ ਦੇ ਤਿਆਗਣ ਤੇ ਜੋਤੀ-ਜੋਤ ਵਿੱਚ ਹੀ ਸਮਾਉਂਦਾ ਹੈ।" ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ:

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥ (੨੭੮)

ਮਹਾਰਾਜ ਜੀ! ਬੇਨਤੀ ਹੈ ਕਿ ਸੰਸਾਰ ਨੂੰ ਤਾਰਨ ਵਾਸਤੇ ਅਵਤਾਰ ਕਿੱਥੋਂ ਆਉਂਦੇ ਹਨ? "ਭਾਈ, ਅਵਤਾਰ ਚਾਰ ਪ੍ਰਕਾਰ ਦੇ ਹਨ: ਆਸਾ, ਅਵੇਸਾ, ਅੰਸਾ ਅਤੇ ਪੂਰਨ। ਭਗਵਾਨ ਰਾਮ ਜੀ ਚੌਦਾਂ ਕਲਾਂ, ਕ੍ਰਿਸ਼ਨ ਸੋਲ੍ਹਾਂ ਕਲਾਂ, ਪਰਸ ਰਾਮ ਛੇ ਕਲਾਂ (ਸ਼ਕਤੀਆਂ) ਪਰ ਗੁਰੂ ਨਾਨਕ ਦੇਵ ਜੀ ਅਨੇਕ ਤਾਕਤਾਂ ਨਾਲ ਲੈ ਕੇ ਆਏ। ਗੁਰੂ ਅਰਜਨ ਸਾਹਿਬ ਜੀ ਨੇ ਫ਼ਰਮਾਇਆ ਹੈ-

ਮਾਰੂ ਸੋਲਹੇ ਮਹਲਾ ੫ ॥
ਸੋਲਹ ਕਲਾ ਸੰਪੂਰਨ ਫਲਿਆ ॥ ਅਨਤ ਕਲਾ ਹੋਇ ਠਾਕੁਰੁ ਚੜਿਆ ॥ (੧੦੮੧)

ਗੁਰੂ ਜੀ ਨੇ ਨਾਮ ਦਾ ਜਹਾਜ਼ ਚਾਰ ਅੱਖਰਾਂ ਵਾਲਾ ਸੰਸਾਰ ਤਾਰਨ ਲਈ ਬਣਾਇਆ ਅਤੇ ਨਿਰਗੁਣ (ਸ਼ਬਦ) ਤੇ ਸਰਗੁਣ (ਸਰੀਰ) ਸਰੂਪ ਧਾਰਨ ਕੀਤੇ। ਭਾਈ ਗੁਰਦਾਸ ਜੀ ਫ਼ਰਮਾਉਂਦੇ ਹਨ:

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ ॥

ਪ੍ਰਗਟਿਆ ਦਾ ਮਤਲਬ ਹੈ ਕਿ ਉਹ ਜਨਮ ਮਰਨ ਤੋਂ ਰਹਿਤ ਹਨ।

ਮਹਾਰਾਜ ਇਹ ਤਾਂ ਦੱਸੋ ਕਿ ਅਵਤਾਰ ਆਉਂਦੇ ਕਿੱਥੋਂ ਹਨ? ਹਜ਼ੂਰ ਨੇ ਫ਼ਰਮਾਇਆ ਕਿ 'ਨਿਰੰਕਾਰ' ਸਮੁੰਦਰ ਦੀ ਨਿਆਈਂ ਹੈ। ਸਮੁੰਦਰ ਵਿੱਚ ਹਵਾ ਸਦਕੇ ਲਹਿਰਾਂ ਉੱਠਦੀਆਂ ਹਨ ਅਤੇ ਪਾਣੀ ਉਛਾਲੇ ਮਾਰਦਾ ਹੈ ਪਰ ਹਵਾ ਬੰਦ ਹੋਣ 'ਤੇ ਲਹਿਰ ਸਮੁੰਦਰ ਵਿੱਚ ਹੀ ਸਮਾ ਜਾਂਦੀ ਹੈ। ਉਸੇ ਤਰ੍ਹਾਂ ਨਿਰੰਕਾਰ ਤੋਂ ਜੋ ਆਉਂਦੇ ਹਨ ਨਿਰੰਕਾਰ ਵਿੱਚ ਹੀ ਸਮਾ ਜਾਂਦੇ ਹਨ। ਹੋਰ ਪ੍ਰਮਾਣ ਸੰਤ ਜੀ ਮਹਾਰਾਜ ਨੇ ਦਿੱਤਾ:

"ਜਿਵੇਂ ਕਿ ਜੇਲ੍ਹਖਾਨੇ ਅੰਦਰ ਡਾਕਟਰ ਵੀ ਜਾਂਦਾ ਹੈ ਅਤੇ ਦਰੋਗਾ ਵੀ। ਉਨ੍ਹਾਂ ਦੇ ਅੰਦਰ ਜਾਂ ਬਾਹਰ ਆਉਣ ਵਿੱਚ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇਹ ਸੰਸਾਰ ਵੀ ਇੱਕ ਜੇਲ੍ਹਖਾਨੇ ਦੀ ਨਿਆਈਂ ਹੈ। ਪਵਿੱਤਰ ਰੂਹਾਂ ਤੇ ਧਰਮਰਾਜ ਦਾ ਕਾਨੂੰਨ ਲਾਗੂ ਨਹੀਂ ਹੁੰਦਾ।"

ਪਿੰਡ ਪੱਖੋਵਾਲ ਜ਼ਿਲ੍ਹਾ ਲੁਧਿਆਣਾ, ਇੱਥੇ ਮਹਾਰਾਜ ਨੇ ਕਈ ਦੌਰੇ ਕੀਤੇ ਅਤੇ ਪ੍ਰੇਰਨਾ ਕੀਤੀ ਕਿ ਗੁਰਦੁਆਰਾ ਬਣਾਓ ਅਤੇ ਸੰਗਤਾਂ ਨੇ ਗੁਰਦੁਆਰਾ ਬਣਾਉਣ ਦਾ ਉਪਰਾਲਾ ਕਰ ਲਿਆ। ਪਿੰਡ ਦੀਆਂ ਧੀਆਂ, ਭੈਣਾਂ, ਮਾਈਆਂ ਨੇ ਜਥੇਦਾਰਨੀ ਦਲੀਪ ਕੌਰ ਦੀ ਅਗਵਾਈ ਵਿੱਚ ਗੁਰਮਤਾ ਕੀਤਾ ਕਿ ਸਾਰੀਆਂ ਇੱਟਾਂ ਬੀਬੀਆਂ ਸਿਰ 'ਤੇ ਢੋਣ, ਖੋਤਾ, ਗੱਡਾ ਨਾ ਕੀਤਾ ਜਾਵੇ। ਬੀਬੀਆਂ ਨੇ ਟੋਕਰੀਆਂ ਵਿੱਚ ਇੱਟਾਂ ਰੱਖ ਕੇ ਇੱਕ ਘੰਟੇ ਵਿੱਚ ਹੀ ਕਈ ਹਜ਼ਾਰ ਇੱਟਾਂ ਢੋਅ ਦਿੱਤੀਆਂ। ਮਿਸਤਰੀਆਂ ਨੇ ਗੁਰਦੁਆਰਾ ਬਣਾ ਦਿੱਤਾ। ਇੱਟਾਂ ਢੋਂਦੀਆਂ ਬੱਚੀਆਂ ਦੇ ਹਿਰਦੇ ਵਿੱਚੋਂ ਪੁਕਾਰ ਨਿਕਲੀ ਕਿ ਮਹਾਰਾਜ ਗੁਰਦੁਆਰਾ ਬਣ ਗਿਆ ਹੈ, ਦਰਸ਼ਨ ਦਿਓ, ਦੀਵਾਨ ਸਜਾਓ ਅਤੇ ਅੰਮ੍ਰਿਤ ਦੀ ਦਾਤ ਬਖਸ਼ੋ। ਇਹ ਪੁਕਾਰ ਸੁਣੀ ਗਈ ਅਤੇ ਹਜ਼ੂਰ ਦੌਰਾ ਕਰਦੇ-ਕਰਦੇ ਇੱਥੇ ਪਹੁੰਚੇ। ਦੋ ਦੀਵਾਨ ਇੱਥੇ ਹੋਏ। ਖਚਾਖਚ ਭਰੇ ਦੀਵਾਨ ਵਿੱਚ ਬੀਬੀਆਂ ਭੀ ਬੈਠੀਆਂ ਸਨ, ਇੱਕ

ਘੰਟਾ ਕੀਰਤਨ ਉਪਰੰਤ ਹਜ਼ੂਰ ਕਹਿਣ ਲੱਗੇ 'ਸਾਜ਼ ਬੰਦ ਕਰ ਦਿਓ।' ਸਾਰੀ ਸੰਗਤ ਹਜ਼ੂਰ ਵੱਲ ਵੇਖਣ ਲੱਗ ਪਈ ਕਿ ਕੀ ਗੱਲ ਹੈ? ਮਹਾਰਾਜ ਨੇ ਇਸ ਤਰ੍ਹਾਂ ਬਚਨ ਕੀਤੇ, "ਭਾਈ! ਸੰਗਤ ਨੇ ਸ਼ਰਧਾ ਨਾਲ ਇੱਟ ਢੋਈ ਹੈ ਤੇ ਗੁਰਦੁਆਰਾ ਬਣਾਇਆ ਹੈ। ਤੁਹਾਡੀ ਪ੍ਰੇਮ ਦੀ ਤਾਰ ਸਾਡੇ ਕੋਲ ਪਹੁੰਚ ਗਈ ਸੀ, ਉੱਤਰ ਸੁਣਨ ਲਈ ਤਿਆਰ ਹੋ ਜਾਓ-"ਜਿੰਨੀ ਸੰਗਤ ਸਾਡੇ ਸਾਹਮਣੇ ਦੀਵਾਨ ਵਿੱਚ ਬੈਠੀ ਹੈ ਉਸ ਦੀ ਸੇਵਾ ਇੱਕ ਵਾਰੀ ਗੁਰੂ ਨਾਨਕ ਦੀ ਦਰਗਾਹ ਵਿੱਚ ਪ੍ਰਵਾਨ ਹੋ ਜਾਵੇਗੀ, ਅੱਗੋਂ ਜੋ ਗੁਰੂ ਨਾਨਕ ਨੂੰ ਭਾਵੇ। ਇਹ ਸੇਵਾ ਦਾ ਫਲ ਹੈ।" ਪੰਜਵੇਂ ਪਾਤਸ਼ਾਹ ਦੀ ਪੰਗਤੀ ਪੜ੍ਹੀ:

ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ (੨੮੬)

ਪ੍ਰੇਮ ਦੀਆਂ ਸੁਗੰਧੀਆਂ

ਜ਼ਿਲ੍ਹਾ ਲੁਧਿਆਣਾ ਦੀ ਅਹਿਮਦਗੜ੍ਹ ਮੰਡੀ ਦੇ ਨੇੜੇ ਪਿੰਡ ਜੰਡ ਦੇ ਸੋਢੀ ਕੀਰਤਨੀਆਂ ਨੂੰ ਸੰਤ ਜੀ ਮਹਾਰਾਜ ਦੇ ਸੇਵਕ, ਬੇਨਤੀ ਕਰਕੇ ਪਿੰਡ ਫਲੇਹਵਾਲ ਤੋਂ ਲਿਆਏ। ਦੋ ਦਿਨ ਦੀਵਾਨ ਸਜੇ। ਤੀਸਰੇ ਦਿਨ ਸੰਗਤ ਬਹੁਤ ਜੁੜੀ। ਕੀਰਤਨ ਦਾ ਭੋਗ ਪਿਆ। ਮਹਾਂਪੁਰਖਾਂ ਨੇ ਬਚਨ ਕੀਤਾ, "ਭਾਈ! ਅੰਮ੍ਰਿਤ ਛਕ ਕੇ ਨੱਕ ਕੰਨ ਨਹੀਂ ਛੇਦਨੇ ਚਾਹੀਦੇ ਅਤੇ ਨਾ ਹੀ ਗਹਿਣੇ ਪਾਉਣੇ ਚਾਹੀਦੇ ਹਨ। ਸਰੀਰ ਨੇ ਸਦਾ ਨਹੀਂ ਰਹਿਣਾ। ਮਨੁੱਖਾ ਜਨਮ ਪ੍ਰਾਪਤ ਕਰਕੇ ਸੇਵਾ ਕਰੀਏ ਤੇ ਨਾਮ ਜਪੀਏ, ਤਾਂ ਕਲਿਆਣ ਹੋਵੇਗਾ, ਨਹੀਂ ਤਾਂ ਇਸ ਜੀਵ ਨੂੰ ਚੁਰਾਸੀ ਵਾਲੇ ਗੇੜੇ ਬਣੇ ਰਹਿੰਦੇ ਹਨ।" ਇਹ ਦੇਹੀ ਤਾਂ ਹੀ ਸਫ਼ਲ ਹੈ ਜੇ ਸ਼ੁਭ ਅਮਲ ਕਰੀਏ।

ਫਿਰ ਪਿੰਡ ਧੂਰਕੋਟ ਗਏ ਤੇ ਕਈ ਦੀਵਾਨ ਕੀਤੇ। ਪਿੰਡ ਦੇ ਮੁਖੀਏ ਭਾਈ ਬਖ਼ਤਾਵਰ ਸਿੰਘ ਨੇ ਅਹਿਮਦਗੜ੍ਹ ਮੰਡੀ ਸਟੇਸ਼ਨ ਦੇ ਨੇੜੇ ਕੋਠੀ ਬਣਾਈ ਜੋ ਅਜੇ ਤਕ ਕਾਇਮ ਹੈ। ਬਖ਼ਤਾਵਰ ਸਿੰਘ ਨੇ ਬੇਨਤੀ ਕੀਤੀ ਕਿ ਕਿਰਪਾ ਕਰੋ ਮੇਰੀ ਕੋਠੀ ਨੇੜੇ ਅਬਾਦੀ ਹੋ ਜਾਵੇ। ਹਜ਼ੂਰ ਨੇ ਫ਼ਰਮਾਨ ਕੀਤਾ ਕਿ ਇੱਥੇ ਬੜੀ ਅਬਾਦੀ ਹੋਏਗੀ, ਰਹਿਣ ਨੂੰ ਥਾਂ ਨਹੀਂ ਮਿਲੇਗਾ। ਇਸ ਸਰਕਾਰ ਨੂੰ ਇਸ ਤਰ੍ਹਾਂ ਨੇਕ ਕੰਮਾਂ ਵੱਲ ਜੋੜਿਆ ਅਤੇ ਸਮਾਂ ਪਾ ਕੇ ਇਹ ਮਸਤੂਆਣੇ ਦਾ ਪ੍ਰਧਾਨ ਵੀ ਰਿਹਾ। ਇਹ ਐਨਾ ਅਮੀਰ ਹੁੰਦਿਆਂ ਹੋਇਆ ਵੀ ਸਰਦੀ ਵਿੱਚ ਇੱਕ ਖੱਦਰ ਦੀ ਚਾਦਰ ਲਪੇਟੀ ਰੱਖਦਾ ਸੀ।

ਇਸ ਦੇ ਨੇੜੇ ਇੱਕ ਮੀਲ ਦੇ ਫਾਸਲੇ 'ਤੇ ਖੇੜਾ ਨਗਰ ਹੈ ਜਿੱਥੇ ਦੋ ਵਕਤ ਦੀਵਾਨ ਲੱਗੇ। ਹਜ਼ੂਰ ਸੂਰਜ ਨਿਕਲਦੇ ਹੀ ਰੋਜ਼ ਦੀਵਾਨ ਦੀ ਸਮਾਪਤੀ ਕਰ ਦਿੰਦੇ। ਫੇਰ ਆਪ ਰੇਲਵੇ ਲਾਈਨ ਤੇ ਕੋਠੀ ਦੇ ਨੇੜੇ ਆ ਕੇ ਖਲੋ ਗਏ। ਦਾਸ ਭੀ ਕੋਲ ਖੜਾ ਸੀ। ਸਰਦੀ ਦਾ ਮੌਸਮ ਸੀ ਅਤੇ ਸੂਰਜ ਨਿਕਲ ਰਿਹਾ ਸੀ। ਹਜ਼ੂਰ ਨੇ ਇੱਕ ਪੰਗਤੀ ਪੜ੍ਹੀ:

ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ ਕੇਹ ॥ (੨੬੮)

ਦੱਸੋ ਭਾਈ! 'ਇਹਦਾ ਕੀ ਅਰਥ ਹੈ।' ਸਾਰੀ ਸੰਗਤ ਚੁੱਪ ਕਰ ਗਈ। 'ਆਪ ਕ੍ਰਿਪਾ ਕਰੋ'। ਕਹਿਣ ਲੱਗੇ, 'ਬਟਾਊ ਦਾ ਮਤਲਬ ਬਾਟ, ਰਸਤੇ ਜਾਂਦੇ ਦੋ ਪ੍ਰੇਮੀ ਇਕੱਠੇ ਹੋ ਜਾਣ ਅੱਗੇ ਜਾ ਕੇ ਰਸਤਾ ਬਦਲ ਜਾਵੇ ਆਪਣੇ-ਆਪਣੇ ਪਿੰਡਾਂ ਨੂੰ। ਜੇ ਨੇਹੁੰ ਲਾ ਕੇ ਬੈਠ ਜਾਣ ਕਿ ਅਸੀਂ ਇਕੱਠੇ ਰਹਿਣਾ ਹੈ; ਇਹ ਹੋ ਨਹੀਂ ਸਕਦਾ। ਉਹਨਾਂ ਨੇ ਅਖ਼ੀਰ ਵਿੱਚ ਅੱਡ-ਅੱਡ ਹੋ ਜਾਣਾ ਹੈ। ਗੁਰੂ ਅਰਜਨ ਸਾਹਿਬ ਜੀ ਫ਼ਰਮਾਉਂਦੇ ਹਨ, "ਸਮਾਂ ਪਾ ਕੇ ਸਭ ਨੇ ਅੱਡੋ-ਅੱਡੀ ਸੰਸਾਰ ਤੋਂ ਤੁਰ ਜਾਣਾ ਹੈ, ਜੇ ਐਵੇਂ ਹੀ ਸੰਸਾਰ ਵਿੱਚ ਤੀਵੀਂ, ਪੁੱਤਰਾਂ, ਧੀਆਂ, ਜ਼ਮੀਨ ਨਾਲ ਮੋਹ ਪਾ ਕੇ ਬੈਠ ਜਾਈਏ ਕਿ ਅਸਾਂ ਮਰਨਾ ਹੀ ਨਹੀਂ, ਇਹ ਗਲਤ ਹੈ। ਸੰਸਾਰ ਤੋਂ ਤੂੰ ਜਾਣਾ ਹੈ, ਇਹ ਸੱਚ ਹੈ। ਸੰਸਾਰ ਵਿੱਚ ਜੋ ਮਿਲਿਆ ਹੈ ਇਹ ਗੁਰੂ ਦਾ ਹੈ, ਆਪਣਾ ਨਹੀਂ।"

ਇੱਥੋਂ ਦੋ ਮੀਲ ਦੂਰ ਘੁੰਗਰਾਣਾ ਪਿੰਡ ਵਿਖੇ ਦੋ-ਤਿੰਨ ਦੀਵਾਨ ਹੋਏ। ਮਹਾਰਾਜ ਨੇ ਆਪਣੇ ਹੱਥੀਂ ਗੁਰਦੁਆਰੇ ਦੀ ਨੀਂਹ ਰੱਖੀ। ਜਦੋਂ ਨੀਂਹ ਰੱਖ ਹੀ ਰਹੇ ਸਨ ਤਾਂ ਪਿੰਡ ਰਾਜਗੜ੍ਹ ਤੋਂ ਇੱਕ ਸਰਦਾਰ ਆ ਗਿਆ। ਹਜ਼ੂਰ ਅੱਗੇ ਪ੍ਰੇਮ ਸਹਿਤ ਮੱਥਾ ਟੇਕ ਕੇ ਰੋਣ ਲੱਗ ਪਿਆ। ਬੇਨਤੀ ਕੀਤੀ ਕਿ ਮੇਰੇ ਗ੍ਰਹਿ ਵਿਖੇ ਚਰਨ ਪਾਓ ਅਤੇ ਉੱਥੇ ਵੀ ਅੱਜ ਹੀ ਗੁਰਦੁਆਰੇ ਦੀ ਨੀਂਹ ਰੱਖੀ ਜਾਏ। ਮਹਾਰਾਜ ਨੇ ਕੁਝ ਛਕਿਆ-ਛਕਾਇਆ ਨਹੀਂ, ਰੱਥ ਵਿੱਚ ਸਵਾਰ ਹੋ ਕੇ ਪਿੰਡ ਰਾਜਗੜ੍ਹ ਜਾ ਕੇ ਉਸੇ ਹੀ ਦਿਨ ਨੀਂਹ ਰੱਖ ਦਿੱਤੀ। ਹੁਣ ਉੱਥੇ ਆਲੀਸ਼ਾਨ ਗੁਰਦੁਆਰੇ ਹਨ। ਸੰਤ ਜੀ ਨੇ ਇਕੋ ਦਿਨ ਦੋ ਪਿੰਡਾਂ ਦੇ ਗੁਰਦੁਆਰਿਆਂ ਦੀ ਨੀਂਹ ਰੱਖੀ ਤੇ ਕਿਹਾ ਕਿ ਅਸੀਂ ਗੁਰਦੁਆਰੇ ਦੀ ਸੇਵਾ ਲਈ ਆਏ ਹਾਂ। ਇਸ ਪਿੱਛੋਂ ਅਹਿਮਦਗੜ੍ਹ ਭਾਈ ਬਖ਼ਤਾਵਰ ਸਿੰਘ ਦੀ ਕੋਠੀ ਵਾਪਸ ਆ ਗਏ। ਅੱਗੇ ਪਿੰਡ ਮਹੇਰਨਾ ਕਲਾਂ ਤੋਂ ਸੰਗਤ ਆਈ ਹੋਈ ਸੀ। ਭਾਈ ਨਰੈਣ ਸਿੰਘ, ਜਿਨ੍ਹਾਂ ਪਿੱਛੋਂ ਸੰਤ ਜੀ ਦਾ ਜੀਵਨ ਕਵਿਤਾ ਵਿੱਚ ਲਿਖਿਆ, ਦੇ ਨਾਲ ਭਾਈ ਬਿਸ਼ਨ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਗੱਜਣ ਸਿੰਘ ਨੰਬਰਦਾਰ ਜੀ ਤੇ ਹੋਰ ਸੰਗਤਾਂ ਸ਼ਾਮਲ ਸਨ।

ਮਹਾਰਾਜ ਜੀ ਨੇ ਮਹੇਰਨੀ ਦੇ ਗੁਰਦੁਆਰਾ ਸੰਤਪੁਰਾ ਵਿਖੇ ਆਲੇ-ਦੁਆਲੇ ਦੀਆਂ ਸੰਗਤਾਂ ਨੂੰ ਦੋਵੇਂ ਸਮੇਂ ਦੀਵਾਨ ਵਿੱਚ ਆਉਣ ਲਈ ਬਚਨ ਕੀਤਾ। ਦੀਵਾਨ ਵਿੱਚ ਸੰਤ ਜੀ ਨੇ ਰਹਿਰਾਸ ਸਾਹਿਬ ਪੜ੍ਹੀ ਜਿਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਵੱਯੀਆਂ ਦਾ ਉਚਾਰਨ ਕੀਤਾ-

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥ (ਬਚਿੱਤਰ ਨਾਟਕ)

ਅਗਲੇ ਦਿਨ ਹਜ਼ੂਰ ਨੇ ਦਾਸ ਨੂੰ ਰਹਿਰਾਸ ਸੁਣਾਉਣ ਲਈ ਹੁਕਮ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਦਾਸ ਨੇ ਰਹਿਰਾਸ ਦਾ ਪਾਠ ਕੀਤਾ। ਹਜ਼ੂਰ ਖੁਸ਼ ਹੋਏ ਅਤੇ ਅਰਦਾਸ ਕਰਨ ਲਈ ਵੀ ਕਿਹਾ। ਅਰਦਾਸ ਉਪਰੰਤ ਸਾਥੀਆਂ ਨੇ ਕਿਹਾ ਕਿ ਅਰਦਾਸ ਛੋਟੀ ਕੀਤੀ ਹੈ। ਮਹਾਂਪੁਰਖ ਕਹਿਣ ਲੱਗੇ ਕਿ ਅਰਦਾਸ ਲੰਬੀ ਨਹੀਂ ਕਰਨੀ ਚਾਹੀਦੀ ਛੋਟੀ ਹੀ ਠੀਕ ਹੁੰਦੀ ਹੈ।

ਪਿੰਡ ਧਨੌਲਾ ਦੀ ਸਾਖੀ

ਪਿੰਡ ਧਨੌਲਾ (ਬਰਨਾਲੇ ਤੋਂ ੬ ਮੀਲ) ਵਿਖੇ ਇੱਕ ਸਾਧੂ ਨਰਾਇਣ ਦਾਸ ਦਾ ਡੇਰਾ ਸੀ। ਸੰਤ ਜੀ ਮਹਾਰਾਜ ਜਦੋਂ ਇੱਥੇ ਆਏ ਤਾਂ ਭਾਈ ਨਰਾਇਣ ਦਾਸ ਨੇ ਇਹਨਾਂ ਨੂੰ ਆਪਣੇ ਡੇਰੇ ਦੇ ਚੁਬਾਰੇ ਵਿੱਚ ਆਸਨ ਕਰਾਇਆ। ਦੋਵੇਂ ਟਾਈਮ ਦੀਵਾਨ ਹੋਣ ਲੱਗੇ। ਸੰਗਤ ਖੂਬ ਜੁੜੀ। ਇਸ ਸਾਧੂ ਦਾ ਗੁਰੂ ਘਰ ਨਾਲ ਐਨਾ ਪਿਆਰ ਤੇ ਸ਼ਰਧਾ ਵਧੀ ਕਿ ਇਸ ਨੇ ਅੰਮ੍ਰਿਤ ਛਕ ਲਿਆ। ਇਸ ਤਰ੍ਹਾਂ ਇਸ ਸਾਧੂ ਦਾ ਸਤਿਕਾਰ ਇਲਾਕੇ ਵਿੱਚ ਹੋਰ ਵੱਧ ਗਿਆ।

ਭਾਈ ਕਾਹਨ ਸਿੰਘ ਜਿਸ ਦਾ ਜਨਮ ਧਨੌਲੇ ਪਿੰਡ ਵਿੱਚ ਹੋਇਆ ਇਹ ਵੀ ਸੰਤ ਜੀ ਮਹਾਰਾਜ ਦਾ ਅਨਿੰਨ ਸੇਵਕ ਬਣਿਆ। ਇੱਕ ਦਿਨ ਹਜ਼ੂਰ ਚੁਬਾਰੇ ਵਿੱਚ ਬੈਠੇ, ਭਾਈ ਕਾਹਨ ਸਿੰਘ ਨੂੰ ਕਿਹਾ, 'ਪਿੰਡ ਵਿੱਚ ਜਾ, ਆਪਣਾ ਘਰ ਵੇਚ ਆ।' ਉਸ ਨੇ ਸਤਿ-ਬਚਨ ਕਹੇ। ਪਿੰਡ ਵਿੱਚ ਤਾਪ ਦੀ ਬਿਮਾਰੀ ਪਈ ਹੋਈ ਸੀ। ਬਹੁਤ ਸਾਰੇ ਲੋਕ ਘਰ ਬਾਹਰ ਛੱਡੀ ਨਹਿਰ ਦੇ ਸੂਏ ਤੇ ਬੈਠੇ ਹਨ। ਕਾਹਨ ਸਿੰਘ ਹੁਕਮ ਮੰਨ, ਆਪਣਾ ਘਰ ਵੇਚਣ ਗਿਆ, ਪਰ ਗਾਹਕ ਕੋਈ ਨਹੀਂ ਲੱਭਾ। ਉਦਾਸ ਹੋ ਕੇ ਵਾਪਸ ਮੁੜ ਆਇਆ। ਮਹਾਂਪੁਰਖ ਪੁੱਛਦੇ ਹਨ 'ਘਰ ਵਿੱਕ ਗਿਆ?'' ਕਾਹਨ ਸਿੰਘ ਨੇ ਜਵਾਬ ਦਿੱਤਾ, 'ਮਹਾਰਾਜ ਜੀ, ਪਿੰਡ ਵਿੱਚ ਤਾਪ ਦੀ ਬਿਮਾਰੀ ਪਈ ਹੋਈ ਹੈ, ਲੋਕੀਂ ਬਿਮਾਰੀ ਕਰਕੇ ਘਰੋਂ ਬਾਹਰ ਬੈਠੇ ਹਨ, ਕੋਈ ਘਰ ਖਰੀਦਣ ਵਾਲਾ ਨਹੀਂ ਲੱਭਿਆ।'

ਮਹਾਰਾਜ ਨੇ ਕਿਹਾ, ''ਅੱਗੋਂ ਨੂੰ ਐਸਾ ਸਮਾਂ ਆ ਰਿਹਾ ਹੈ ਕਿ ਨਾ ਤਾਂ ਕਿਸੇ ਨੂੰ ਮਾਇਆ ਤੇ ਮੇਰ (ਪਕੜ) ਹੋਊ ਨਾ ਜ਼ਮੀਨ ਤੇ।'' ਕਾਹਨ ਸਿੰਘ ਨੇ ਸਾਰੀ ਜ਼ਿੰਦਗੀ ਮਸਤੂਆਣੇ ਬੜੀ ਸੇਵਾ ਕੀਤੀ। ਅਖ਼ੀਰ ਦੇ ਸਮੇਂ ਆਪਣੀ ੫ ਕਿਲੇ ਜ਼ਮੀਨ ਗੁਰਦੁਆਰੇ ਨੂੰ ਦੇ ਦਿੱਤੀ। ਬਾਕੀ ਜੋ ਬਚੀ, ਉਸ ਨੂੰ ਵੇਚ ਕੇ ਮਸਤੂਆਣੇ ੫੦,੦੦੦/- ਰੁਪਏ ਮੁੱਲ ਦੀ ਸੰਗਮਰਮਰ ਦੀ ਸੇਵਾ ਕੀਤੀ।

ਇੱਕ ਵੇਰ ਸੰਤ ਜੀ ਮਹਾਰਾਜ ਪਿੰਡ ਲੋਹਟਵਦੀ ਪਹੁੰਚੇ। ਸੰਤ ਜੀ ਮਹਾਰਾਜ ਨੇ ਇਸ ਨਗਰ ਵਿੱਚ ਕਈ ਦੌਰੇ ਕੀਤੇ। ਛੇਕੜਲੇ ਦੌਰੇ ਵਿੱਚ ੧੦੦ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਮਹਾਰਾਜ ਜੀ ਨੇ ਕਿਹਾ ਕਿ ਜਿੰਨੇ ਦਿਨ ਰੋਜ਼ ੧੦੦ ਪ੍ਰਾਣੀ ਅੰਮ੍ਰਿਤ ਛਕਦੇ ਰਹਿਣ ਅਸੀਂ ਇੱਥੇ ਰਹਾਂਗੇ। ਨਗਰ ਵਾਸੀਆਂ ਨੇ ਇਹ ਬਚਨ ਮੰਨ, ਪੰਜ ਦਿਨਾਂ ਵਿੱਚ ੫੦੦ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਦਾਸ ਨੂੰ ਹੁਕਮ ਹੋਇਆ ਕਿ ਦਮਦਮੇ ਸਾਹਿਬ ਚਲੇ ਆਓ। ਅਗਲੇ ਦਿਨ ਭਾਈ ਰਤਨ ਸਿੰਘ ਦੇ ਘਰ ਭੋਜਨ ਛਕ ਕੇ ਸੰਤ ਜੀ ਮਹਾਰਾਜ ਨੇ ਬਚਨ ਕੀਤਾ ਕਿ ਦਮਦਮੇ ਸਾਹਿਬ ਦੀ ਸੇਵਾ ਕਲਗੀਆ ਵਾਲੇ ਪਾਤਸ਼ਾਹ ਵੇਲੇ ਹੀ ਹੋ ਜਾਣੀ ਸੀ। ਪਰੰਤੂ ਉਸ ਸਮੇਂ ਜਿਨ੍ਹਾਂ ਸੰਗਤਾਂ ਦੀ ਸੇਵਾ ਕਰਕੇ ਉਧਾਰ ਕਰਨਾ ਸੀ ਉਹ ਹਾਜ਼ਰ ਨਹੀਂ ਸਨ। ਹੁਣ ਉਨ੍ਹਾਂ ਵਾਸਤੇ ਟਾਈਮ ਆਇਆ ਹੈ। ਦਾਸ ਨੇ ਬੇਨਤੀ ਕੀਤੀ ਕਿ ਮੇਰੇ ਮਾਤਾ-ਪਿਤਾ ਅਜੇ ਮੇਰਾ ਪਿੱਛਾ ਕਰਨੋਂ ਨਹੀਂ ਹਟੇ। ਉਨ੍ਹਾਂ ਕਿਹਾ ਤੁਸੀਂ ਜਾਓ ਅਸੀਂ ਆਪੇ ਸੰਭਾਲਾਂਗੇ। ਪੱਖੋਵਾਲ ਤੋਂ ਭਾਈ ਦਲੀਪ ਸਿੰਘ, ਮਹੇਰਨੇ ਤੋਂ ਭਾਈ ਗੱਜਨ ਸਿੰਘ ਅਤੇ ਭਾਈ ਬਹਾਦਰ ਸਿੰਘ ਦਮਦਮੇ ਸਾਹਿਬ ਚਲੇ ਗਏ। ਮਹਾਰਾਜ ਉਸ ਦਿਨ ਸਾਰੇ ਪਿੰਡ ਵਿੱਚ ਚਰਨ ਪਾਉਂਦੇ ਰਹੇ। ਦਾਸ ਦਾ ਘਰ ਆ ਗਿਆ। ਹਜ਼ੂਰ ਨੇ ਪੁੱਛਿਆ, 'ਕਿੰਨੇ ਬੱਚੇ ਹਨ?' ਮਾਤਾ-ਪਿਤਾ ਨੇ ਕਿਹਾ ਕਿ ਦੋ ਹਨ। ਇਹ ਵੱਡਾ ਖੜੋਤਾ ਹੈ, ਦੂਜਾ ਸੁੱਚਾ ਸਿੰਘ ਕੰਮ ਨਹੀਂ ਦਿੰਦਾ। ਮਹਾਰਾਜ ਕਹਿਣ ਲੱਗੇ, ਵੱਡਾ ਤੇਰੀ ਸੇਵਾ ਵਿੱਚ ਤੇ ਛੋਟਾ ਸਾਡੀ ਸੇਵਾ ਵਿੱਚ ਰਹੇਗਾ। ਫੈਸਲਾ ਕਰ ਦਿੱਤਾ।

ਕਾਂਡ ੫੬

ਸਲੋਕ ਮਃ ੫ ॥
ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥
ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥
ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥੧॥ (੯੫੭)

ਹੋਰ ਚੋਣਵੀਆਂ ਸਾਖੀਆਂ

ਰਿੱਧੀ-ਸਿੱਧੀ ਵਰਜਤ

ਇੱਕ ਦਿਨ ਗਰਮੀ ਦਾ ਮੌਸਮ ਸੀ। ਸੰਤ ਜੀ ਮਹਾਰਾਜ ਦਾ ਜੰਗੀ ਜਥਾ (ਸੇਵਕ ਜਥਾ) ਜੰਗਲ ਵਿੱਚੋਂ ਚੂਨੇ ਦੀ ਭੱਠੀ ਵਾਸਤੇ ਲੱਕੜਾਂ ਵੱਢ ਕੇ ਆਇਆ। ਸਿਖਰ ਦੁਪਹਿਰ ਸੀ। ਜੰਗੀ ਜਥੇ ਦੇ ਦੋ ਸਿੰਘ ਕਹਿਣ ਲੱਗੇ ਕਿ ਅੱਜ ਬਦਾਮ, ਇਲਾਇਚੀ, ਖਸਖਸ ਆਦਿਕ ਸਰਦਾਈ ਦੀ ਸਮੱਗਰੀ ਹੁੰਦੀ ਤਾਂ ਰਗੜਾ ਲਾ ਕੇ ਗਰਮੀ ਦੂਰ ਕਰਦੇ। ਕੋਲੇ ਹੀ ਸੰਤ ਭਾਈ ਮਨੀ ਸਿੰਘ ਜੀ ਦਿਆਲਪੁਰਾ ਖੜ੍ਹੇ ਸਨ। ਕਹਿਣ ਲੱਗੇ ਤੁਸੀਂ ਬਦਾਮ, ਇਲਾਇਚੀਆਂ ਚੁਗਣ ਵਾਸਤੇ ਤਿਆਰ ਹੋ ਜਾਉ। ਇਹ ਆਖਕੇ ਲੰਗਰ ਦੇ ਬਾਰ ਮੂਹਰੇ ਇੱਕ ਤੂਤ ਖੜਾ ਸੀ। ਉਸ ਦਾ ਟਾਹਣਾ ਫੜ ਕੇ ਖੂਬ ਹਿਲਾਇਆ। ਤੂਤ ਦੇ ਥੱਲ੍ਹੇ ਬਦਾਮਾਂ ਦੇ ਢੇਰ ਲੱਗ ਗਏ। ਜੰਗੀ ਜਥੇ ਨੇ ਸਰਦਾਈ ਬਣਾ ਕੇ ਛਕੀ। ਥੋੜ੍ਹੇ ਸਮੇਂ ਵਿੱਚ ਹੀ ਸੰਤ ਜੀ ਮਹਾਰਾਜ ਕੋਠੀ ਵਿੱਚੋਂ ਬਾਹਰ ਆਏ। ਸੰਤ ਮਨੀ ਸਿੰਘ ਜੀ ਦੀ ਗੱਲ ਸੁਣ ਕੇ ਸੰਤ ਜੀ ਮਹਾਰਾਜ ਬੀਰ-ਰਸ ਵਿੱਚ ਆ ਗਏ ਅਤੇ ਕਹਿਣ ਲੱਗੇ ਮਨੀ ਸਿਆਂ, ਰਿਧਿ-ਸਿਧਿ ਅਵਰਾਸਾਦ ਹੈ। ਇਸ ਕਰਕੇ ਇਸ ਦਾ ਦਿਖਾਵਾ ਸੁਭਾਇਮਾਨ ਨਹੀਂ ਹੈ। ਇਸ ਉਪਦੇਸ਼ ਨੂੰ ਸੰਤ ਮਨੀ ਸਿੰਘ ਹੋਰਾਂ ਸਤਿਕਾਰ ਸਹਿਤ ਮੰਨ ਕੇ ਮਨ ਵਿੱਚ ਵਸਾਇਆ।

ਭਾਂਡਾ ਧੋਇ ਬੈਸਿ ਧੂਪੁ ਦੇਵਹੁ

ਸੰਤ ਜੀ ਮਹਾਰਾਜ ਨਿਰੰਕਾਰ ਦੇ ਹੁਕਮ ਅੰਦਰ ਸਤਿਨਾਮੁ ਦਾ ਛਿੱਟਾ ਦਿੰਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਪੁੱਜ ਕੇ ਵਾਹਿਗੁਰੂ ਪਰਮੇਸ਼ਰ ਤੋਂ ਭੁਲੀਆਂ ਹੋਈਆਂ ਰੂਹਾਂ ਨੂੰ ਅੰਮ੍ਰਿਤ ਛਕਾ ਗੁਰੂ ਕਲਗੀਆਂ ਵਾਲੇ ਦੇ ਬੇੜੇ ਚੜਾਉਂਦੇ। ਸੰਤ ਜੀ ਮਹਾਰਾਜ ਦੇ ਨਾਲ ਰਾਗੀ ਜਥਾ ਵੀ ਹੁੰਦਾ ਸੀ। ਉਨ੍ਹਾਂ ਵਿੱਚ ਭਾਈ ਕਲਿਆਣ ਸਿੰਘ ਜੀ ਰਾਗੀ ਸਨ। ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਸੰਤ ਜੀ ਮਹਾਰਾਜ ਨੂੰ ਅਰਪਣ ਕੀਤਾ ਹੋਇਆ ਸੀ। ਸੰਤ ਜੀ ਮਹਾਰਾਜ ਮਸਤੂਆਣੇ ਸਾਹਿਬ ਜੋਤ ਜਗਾ ਰਹੇ ਸਨ। ਭਾਈ ਕਲਿਆਣ ਸਿੰਘ ਕੀਰਤਨ ਕਰਕੇ ਸੰਤਾ ਨੂੰ ਨਮਸਕਾਰ ਕਰਨ ਆਇਆ। ਸੰਤ ਜੀ ਮਹਾਰਾਜ ਨੇ ਪ੍ਰਸੰਨ ਚਿੱਤ ਹੋ ਕੇ ਭਾਈ ਕਲਿਆਣ ਸਿੰਘ ਨੂੰ ਆਖਿਆ ਕਿ ਜਿਸ ਵਸਤੂ ਨੂੰ ਤੂੰ ਚਾਹੁੰਦਾ ਹੈ, ਉਹ ਵਸਤੂ ਤੈਨੂੰ ਦੇ ਤਾਂ ਦੇਈਏ ਪਰ ਭਾਈ ਕਲਿਆਣ ਸਿਆਂ ਜੋ ਸੀਹਨੀ ਦਾ ਦੁੱਧ ਹੁੰਦਾ ਹੈ, ਉਹ ਸਵਰਨ ਪਾਤਰ ਵਿੱਚ ਠਹਿਰਦਾ ਹੈ। ਇਸ ਵਾਸਤੇ ਏਸ ਅਜਰ ਵਸਤੂ ਨੂੰ ਜਰਨ ਵਾਸਤੇ ਹਿਰਦਾ ਸਵਰਨ (ਸੋਨੇ) ਪਾਤਰ ਦੀ ਤਰ੍ਹਾਂ ਸ਼ੁੱਧ ਚਾਹੀਦਾ ਹੈ। ਗੁਰੂ ਘਰ ਵਿੱਚ ਮਨ ਮਾਂਜਣ ਵਾਸਤੇ

ਨਿਸ਼ਕਾਮ ਸੇਵਾ ਸਭ ਤੋਂ ਸ਼੍ਰੋਮਣੀ ਸਾਧਨ ਹੈ। ਸ੍ਰੀ ਮੁੱਖ ਵਾਕ ਹੈ- **"ਗੁਰੂ ਸੇਵਾ ਤਪਾਂ ਸਿਰ ਤਪ ਸਾਰੁ" ਅਤੇ "ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ"** ਤੂੰ ਹਮੇਸ਼ਾ ਚਾਰ ਘੰਟੇ ਸੰਗਤ ਦੇ ਜੂਠੇ ਬਰਤਨ ਮਾਂਜਿਆ ਕਰ। ਇਹ ਬਚਨ ਸੁਣਕੇ ਭਾਈ ਕਲਿਆਣ ਸਿੰਘ ਨੇ ਸੰਗਤ ਦੇ ਜੂਠੇ ਭਾਂਡੇ ਮਾਂਜਣੇ ਸ਼ੁਰੂ ਕਰ ਦਿੱਤੇ। ਸੰਤ ਜੀ ਮਹਾਰਾਜ ਦੀ ਮਿਹਰ ਦਾ ਸਦਕਾ ਭਾਈ ਕਲਿਆਣ ਸਿੰਘ ਥੋੜ੍ਹੇ ਹੀ ਸਮੇਂ ਵਿੱਚ ਦਿੱਬ-ਦ੍ਰਿਸ਼ਟੀ ਦੇ ਮਾਲਕ ਹੋ ਗਏ। ਇੱਕ ਦਿਨ ਭਾਈ ਕਲਿਆਣ ਸਿੰਘ ਰੇਤ ਦੇ ਢੇਰ 'ਤੇ ਬੈਠੇ ਭਾਂਡੇ ਮਾਂਜ ਰਹੇ ਸਨ ਚਿਹਰੇ 'ਤੇ ਜਲਾਲ ਸੀ। ਨੇਤਰਾਂ ਵਿੱਚ ਖੁਮਾਰੀ ਸੀ। ਹਿਰਦੇ ਵਿੱਚ ਨਾਮ ਦਾ ਪ੍ਰਵਾਹ ਜਾਰੀ ਸੀ। ਅੰਤਰਜਾਮੀ ਸੰਤ ਜੀ ਇਹ ਸਭ ਕੁਝ ਜਾਣ ਗਏ। ਭਾਈ ਕਲਿਆਣ ਸਿੰਘ ਪਾਸ ਆਏ। ਕਲਿਆਣ ਸਿੰਘ ਨੇ ਸੰਤ ਜੀ ਦੇ ਦਰਸ਼ਨ ਕਰਕੇ ਆਪ ਮੁਹਾਰਾ ਬੋਲਣਾ ਸ਼ੁਰੂ ਕਰ ਦਿੱਤਾ ਕਿ ਤੁਸਾਂ ਆਪਣੇ-ਆਪ ਨੂੰ ਲੁਕੋ ਕੇ ਕਿਉਂ ਰੱਖਿਆ ਹੈ। ਤੁਸੀਂ ਤਾਂ ਪ੍ਰਤੱਖ ਗੁਰੂ ਨਾਨਕ ਸਰੂਪ ਹੋ। ਇਹ ਕੁਝ ਭਾਈ ਕਲਿਆਣ ਸਿੰਘ ਜੀ ਆਖ ਹੀ ਰਹੇ ਸਨ ਤਾਂ ਸੰਤ ਜੀ ਮਹਾਰਾਜ ਕਹਿਣ ਲੱਗੇ ਭਾਈ ਕਲਿਆਣ ਸਿਆਂ ਇਹ ਅਜਰ ਵਸਤੂ ਹੈ। ਏਸ ਨੂੰ ਜਰ ਲੈ। ਪਰ ਕਲਿਆਣ ਸਿੰਘ 'ਤੇ ਸੰਤ ਜੀ ਦੇ ਬਚਨਾਂ ਦਾ ਕੋਈ ਅਸਰ ਨਾ ਹੋਇਆ। ਉਹ ਆਪਣੀ ਧੁਨ ਵਿੱਚ ਉਸੇ ਤਰ੍ਹਾਂ ਹੀ ਸੰਤ ਜੀ ਨੂੰ ਸਾਰੀ ਸੰਗਤ ਵਿੱਚ ਆਖੀ ਗਿਆ ਤਾਂ ਸੰਤ ਜੀ ਨੇ ਆਪਣਾ ਮੁਬਾਰਕ ਚਰਨ ਕਲਿਆਣ ਸਿੰਘ ਦੇ ਸਿਰ 'ਤੇ ਰੱਖਿਆ ਤੇ ਉਸੇ ਵਕਤ ਹੀ ਕਲਿਆਣ ਸਿੰਘ ਚੁੱਪ ਹੋ ਗਿਆ। ਸੰਤ ਜੀ ਮਹਾਰਾਜ ਕਹਿਣ ਲੱਗੇ ਭਾਈ! ਇਹ ਤੇਰੀ ਵਸਤੂ ਸਾਡੇ ਪਾਸ ਅਮਾਨਤ ਹੈ। ਤੈਨੂੰ ਅੰਤ ਸਮੇਂ ਦੇਵਾਂਗੇ। ਹੁਣ ਤੂੰ ਇਸ ਵਸਤੂ ਨੂੰ ਜਰ ਨਹੀਂ ਸਕਦਾ।

ਗ਼ਰੀਬੀ ਦੂਰ ਕਰਨੀ

ਸੰਤ ਜੀ ਮਹਾਰਾਜ ਢੱਢੋਗਲ ਵਿਖੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰ ਰਹੇ ਸਨ। ਉੱਥੇ ਸੰਤਾਂ ਦਾ ਸੇਵਕ ਭਾਈ ਹਰੀ ਸਿੰਘ ਸੀ। ਉੱਥੇ ਭਾਈ ਹਰੀ ਸਿੰਘ ਦਾ ਸਰੀਕੇ ਵਿੱਚੋਂ ਮਾਮਾ ਭੀ ਰਹਿੰਦਾ ਸੀ। ਉਸ ਦੀ ਕਿਰਿਆ ਬਹੁਤ ਨਰਮ ਸੀ। ਸੰਤ ਜੀ ਮਹਾਰਾਜ ਨੇ ਭਾਈ ਹਰੀ ਸਿੰਘ ਨੂੰ ਪੁੱਛਿਆ ਭਾਈ ਹਰੀ ਸਿਆਂ! ਇਹ ਪ੍ਰੇਮੀ ਕੌਣ ਹੈ? ਭਾਈ ਹਰੀ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ! ਇਹ ਸਾਡੇ ਸਰੀਕੇ ਵਿੱਚੋਂ ਮਾਮਾ ਲੱਗਦਾ ਹੈ, ਇੱਥੇ ਨਾਨਕੇ ਘਰ ਰਹਿੰਦਾ ਹੈ। ਇਸ ਪਿੰਡ ਵਿੱਚ ਗ਼ਰੀਬੀ ਬਹੁਤ ਜ਼ਿਆਦਾ ਹੈ। ਸੰਤ ਜੀ ਮਹਾਰਾਜ ਨੇ ਇਹ ਬਚਨ ਸੁਣ ਕੇ ਫ਼ਰਮਾਇਆ ਭਾਈ! ਕੱਲ੍ਹ ਨੂੰ ਇਸ ਨਗਰ ਦੀ ਗਰੀਬੀ ਦੂਰ ਕਰਾਂਗੇ। ਭਾਈ! ਤੂੰ ਕੱਲ੍ਹ ਨੂੰ ਅੰਮ੍ਰਿਤ ਵੇਲੇ ਇੱਕ ਵਜੇ ਇਸ਼ਨਾਨ ਕਰਕੇ ਸਾਡੇ ਕੋਲ ਆ ਜਾਈਂ। ਸੰਗਤ ਸਮੇਤ ਆਪਾਂ ਗਲੀ-ਗਲੀ ਫਿਰ ਕੇ ਇਸ ਪਿੰਡ ਦੀ ਗ਼ਰੀਬੀ ਦੂਰ ਕਰਾਂਗੇ। ਭਾਈ ਹਰੀ ਸਿੰਘ ਸੰਤ ਜੀ ਮਹਾਰਾਜ ਨੂੰ ਮੱਥਾ ਟੇਕ ਕੇ ਘਰ ਚਲਿਆ ਗਿਆ। ਦੂਸਰੇ ਦਿਨ ਨਿੱਤਨੇਮ ਅਨੁਸਾਰ ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ੧੨:੩੦ ਵਜੇ ਇਸ਼ਨਾਨ ਕਰਕੇ ਸਮਾਧੀ ਸਥਿਤ ਬੈਠ ਗਏ। ਇਧਰੋਂ ਭਾਈ ਹਰੀ ਸਿੰਘ ਸੰਗਤ ਸਮੇਤ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਡੇਢ ਵਜੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋ ਗਏ। ਸਾਰੀ ਸੰਗਤ ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰਕੇ ਸਜ ਗਈ। ਸੰਤ ਜੀ ਮਹਾਰਾਜ ਦੀ ਅੱਖ ਖੁੱਲ੍ਹੀ। ਸਾਰੀ ਸੰਗਤ 'ਤੇ ਮਿਹਰ ਦੀ ਨਿਗਾਹ ਕਰਕੇ ਫ਼ਰਮਾਇਆ, 'ਚੱਲੋ ਭਾਈ! ਤੁਹਾਡੀ ਗ਼ਰੀਬੀ ਦੂਰ ਕਰੀਏ।' ਸੰਗਤ ਸਮੇਤ ਸੰਤ ਜੀ ਮਹਾਰਾਜ ਨੇ ਢੱਢੋਗਲ ਦੀ ਗਲੀ-ਗਲੀ ਵਿੱਚ ਆਪਣੇ ਚਰਨ ਪਾ ਕੇ ਪਿੰਡ ਦੀ ਗ਼ਰੀਬੀ ਦੂਰ ਕੀਤੀ। ਉਸ ਦਿਨ ਤੋਂ ਪਿੰਡ ਵਿੱਚ ਸੰਤ ਜੀ ਮਹਾਰਾਜ ਦੀ ਕ੍ਰਿਪਾ ਦਾ ਸਦਕਾ ਪਿੰਡ ਵਿੱਚ ਬਰਕਤ ਹੈ। ਇਸ ਸਮੇਂ ਤੋਂ ਹੀ ਇਸ ਪਿੰਡ ਦੇ ਵਾਸੀ ਸੰਤ ਜੀ ਮਹਾਰਾਜ ਦੇ ਸ਼ਰਧਾਲੂ ਹਨ। ਹਾੜ੍ਹੀ-ਸੌਣੀ ਮਸਤੂਆਣੇ ਸਾਹਿਬ ਰਸਦ ਪਹੁੰਚਾਉਂਦੇ ਹਨ। ਪਿੰਡ ਢੱਢੋਗਲ ਵਿਖੇ ੧੭-੧੮-੧੯ ਪੋਹ ਨੂੰ ਹਰ ਸਾਲ ਸੰਤ ਜੀ ਮਹਾਰਾਜ ਦਾ ਜੋੜ ਮੇਲਾ ਮਨਾਇਆ ਜਾਂਦਾ ਹੈ ਤੇ ਲੰਗਰ ਦਾ ਭੰਡਾਰਾ ਵੀ ਚਲਾਇਆ ਜਾਂਦਾ ਹੈ।

ਪੁੱਤਰ ਦੀ ਦਾਤ

ਭਾਈ ਹਰੀ ਸਿੰਘ ਦੇ ਘਰ ਕੋਈ ਬੱਚਾ ਨਹੀਂ ਸੀ। ਭਾਈ ਹਰੀ ਸਿੰਘ ਦੀ ਘਰ ਵਾਲੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਸਾਡੇ ਘਰ ਪੁੱਤਰ ਦੀ ਦਾਤ ਵਾਸਤੇ ਸੰਤ ਜੀ ਮਹਾਰਾਜ ਨੂੰ ਬੇਨਤੀ ਕਰੋ। ਉਸ ਸਮੇਂ ਮਾਈ ਦੀ ਉਮਰ ੬੦ ਸਾਲ ਦੀ ਸੀ। ਸੰਗਤ ਨੇ ਮਾਈ ਨੂੰ ਜੁਗਤ ਦੱਸੀ ਕਿ ਤੁਸੀਂ ਸੰਤ ਜੀ ਮਹਾਰਾਜ ਦਾ ਪ੍ਰਸ਼ਾਦਾ ਵਰਤੋ। ਸੰਗਤ ਦਾ ਬਚਨ ਮੰਨ ਕੇ ਮਾਈ ਨੇ ਸੰਤ ਜੀ ਮਹਾਰਾਜ ਨੂੰ ਲੰਗਰ ਛਕਣ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਪ੍ਰਸ਼ਾਦਾ ਛਕਣਾ ਪ੍ਰਵਾਨ ਕਰ ਲਿਆ। ਦੂਸਰੇ ਦਿਨ ਸੰਤ ਜੀ ਮਹਾਰਾਜ ਸੰਗਤ ਸਮੇਤ ਭਾਈ ਹਰੀ ਸਿੰਘ ਦੇ ਘਰ ਲੰਗਰ ਛਕਣ ਲਈ ਗਏ। ਜਦ ਸੰਤ ਜੀ ਮਹਾਰਾਜ ਅਰਦਾਸ ਕਰਨ ਲੱਗੇ ਤਾਂ ਮਾਈ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਖੜ੍ਹੀ ਰਹੀ। ਸੰਤ ਜੀ ਮਹਾਰਾਜ ਨੇ ਫ਼ਰਮਾਇਆ, ਭਾਈ! ਇਹ ਮਾਈ ਕਿਵੇਂ ਖੜ੍ਹੀ ਹੈ। ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਇਸ ਮਾਈ ਦੇ ਘਰ ਪੁੱਤਰ ਨਹੀਂ ਹੈ। ਆਪ ਦੇ ਚਰਨਾਂ ਵਿੱਚ ਪੁੱਤਰ ਦੀ ਦਾਤ ਮੰਗਦੀ ਹੈ। ਦਇਆ ਦੇ ਘਰ ਸ੍ਰੀ ਸੰਤ ਜੀ ਮਹਾਰਾਜ ਨੇ ਫ਼ਰਮਾਇਆ, ਭਾਈ! ਇਸ ਮਾਈ ਨੂੰ ਪੁੱਤਰ ਦੀ ਦਾਤ ਵੀ ਮਿਲੇਗਾ ਸਤਿਗੁਰੂ ਭਲੀ ਕਰਨਗੇ। ਜੇਕਰ ਮਾਈ ਅੱਜ ਮੁਕਤੀ ਮੰਗਦੀ ਤਾਂ ਮੁਕਤੀ ਵੀ ਮਿਲ ਜਾਂਦੀ। ਕੁਝ ਸਮਾਂ ਪਾ ਕੇ ਭਾਈ ਹਰੀ ਸਿੰਘ ਦੇ ਘਰ ਪੁੱਤਰ ਦੀ ਦਾਤ ਪ੍ਰਾਪਤ ਹੋਈ। ਸੰਤਾਂ ਦੇ ਬਚਨਾਂ 'ਤੇ ਇਸ ਭੁਝੰਗੀ ਦਾ ਨਾਂ ਸੰਤ ਸਿੰਘ ਰੱਖਿਆ। ਭਾਈ ਸੰਤ ਸਿੰਘ ਗੁਰੂ ਘਰ ਦਾ ਪ੍ਰੇਮੀ ਤੇ ਬਹੁਤ ਵਧੀਆਂ ਕੀਰਤਨੀਆ ਹੋਇਆ।

ਢੱਢੋਗਲ ਦਾ ਗੁਰਦੁਆਰਾ

ਇੱਕ ਦਿਨ ਭਾਈ ਗੁਰਮੁੱਖ ਸਿੰਘ, ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰਕੇ ਬੈਠ ਗਿਆ। ਸੰਤ ਜੀ ਮਹਾਰਾਜ ਨੇ ਅਮੋਲਕ ਬਚਨ ਕੀਤੇ ਕਿ ਭਾਈ ਗੁਰਮੁਖ ਸਿਆਂ ਇਸ ਰੇਰੂ ਹੇਠ ਗੁਰੂ ਨਾਨਕ ਦੇਵ ਜੀ ਨੇ ਪਿੰਡ ਸੀਟਾਂ ਵਾਲੇ ਤੋਂ ਮਲੇਰਕੋਟਲੇ ਵੱਲ ਜਾਂਦੇ ਹੋਏ ਭਾਈ ਬਾਲੇ ਤੇ ਮਰਦਾਨੇ ਸਮੇਤ ਦੁਪਹਿਰਾ ਕਟਿਆ ਤੇ ਅਰਾਮ ਕੀਤਾ। ਭਾਈ ਗੁਰਮੁਖ ਸਿੰਘ ਨੇ ਬੇਨਤੀ ਕੀਤੀ ਜਦ ਗੁਰੂ ਨਾਨਕ ਦੇਵ ਜੀ ਮਹਾਰਾਜ ਇੱਥੇ ਆਏ ਤਾਂ ਇੱਥੇ ਪਿੰਡ ਸੀ? ਸੰਤ ਜੀ ਮਹਾਰਾਜ ਨੇ ਫ਼ਰਮਾਇਆ, " ਭਾਈ! ਉਸ ਸਮੇਂ ਇੱਥੇ ਜੰਗਲ ਸੀ। ਇਸ ਜਗ੍ਹਾ ਤੇ ਸੰਤ ਜੀ ਮਹਾਰਾਜ ਨੇ ਦੀਵਾਨ ਸਜਾਏ।" ਭਾਈ ਗੁਰਮੁਖ ਸਿੰਘ ਨੂੰ ਮਹਾਰਾਜ ਨੇ ਫ਼ਰਮਾਇਆ, ਭਾਈ! ਸਮਾਂ ਪਾ ਕੇ ਇਸ ਜਗ੍ਹਾ 'ਤੇ ਗੁਰਦੁਆਰਾ ਬਣੇਗਾ। ਇਸ ਸਮੇਂ ਪਿੰਡ ਢੱਢੋਗਲ ਵਿਖੇ ਸੋਹਣਾ ਗੁਰਦੁਆਰਾ ਤੇ ਸਰੋਵਰ ਬਣਿਆ ਹੋਇਆ ਹੈ।

ਸੁਆਸਾਂ ਦਾ ਹਿਸਾਬ

ਇੱਕ ਦਿਨ ਪੋਠੋਹਾਰ ਤੋਂ ਭਾਈ ਝੰਡਾ ਸਿੰਘ ਆਪਣੇ ਪਰਿਵਾਰ ਸਮੇਤ ਪਿੰਡ ਢੱਢੋਗਲ ਵਿਖੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਏ। ਭਾਈ ਝੰਡਾ ਸਿੰਘ ਪਰਿਵਾਰ ਸਮੇਤ ਨਮਸਕਾਰ ਕਰਕੇ ਬੈਠ ਗਏ। ਭਾਈ ਝੰਡਾ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਸੰਤ ਕਿਸ ਨੂੰ ਕਹਿੰਦੇ ਹਨ।" ਸੰਤ ਜੀ ਮਹਾਰਾਜ ਨੇ ਫ਼ਰਮਾਇਆ, "ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਮਿਲੇ ਉਹਨਾਂ ਨੂੰ ਸੰਤ ਕਿਹਾ ਜਾਂਦਾ ਹੈ।" ਦੂਸਰਾ ਬਚਨ, ਭਾਈ ਝੰਡਾ ਸਿੰਘ ਜੀ ਨੇ ਪੁੱਛਿਆ, ਬੰਦੇ ਦਾ ਕਰਮ ਕਦੋਂ ਬਣਦਾ ਹੈ। ਸੰਤ ਜੀ ਮਹਾਰਾਜ ਨੇ ਕਿਹਾ ਬੰਦੇ ਦਾ ਕਰਮ ਸੁਆਸ-ਸੁਆਸ ਬਣਦਾ ਹੈ। ਜੇਕਰ ਸੁਆਸਾਂ ਨੂੰ ਸਿਮਰਨ ਵਾਲੇ ਪਾਸੇ ਲਾਈਏ ਤਾਂ ਚੰਗਾ ਕਰਮ ਬਣਦਾ ਹੈ। ਜੇਕਰ ਚੁਗਲੀ ਨਿੰਦਾ ਵਾਲੇ ਪਾਸੇ ਲਾਈਏ ਤਾਂ ਮਾੜਾ ਕਰਮ ਬਣਦਾ ਹੈ।

ਮਹਾਰਾਜ ਨੇ ਫੇਰ ਬਚਨ ਕੀਤਾ, "ਜਿਸ ਤਰਾਂ ਸ਼ਾਮ ਨੂੰ ਦੁਕਾਨ ਦਾ ਹਿਸਾਬ ਕਰਦੇ ਹੋ, ਉਸ ਤਰ੍ਹਾਂ ਕਦੇ ਸੁਆਸਾਂ ਦਾ ਭੀ ਹਿਸਾਬ ਕੀਤਾ ਹੈ? ਜਿਸ ਤਰ੍ਹਾਂ ਭਾਈ ਝੰਡਾ ਸਿੰਘ ਨੇ ਫੇਰ ਤੀਜਾ ਬਚਨ ਕੀਤਾ ਤੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਬਾਣੀ ਪੜ੍ਹਨ ਨੂੰ ਕਿਹੜਾ ਵੇਲਾ ਚੰਗਾ ਹੈ? ਸੰਤ ਜੀ ਮਹਾਰਾਜ ਨੇ ਭਾਈ ਝੰਡਾ ਸਿੰਘ ਜੀ ਨੂੰ ਫ਼ਰਮਾਇਆ ਕਿ ਮਿਸਰੀ ਦਾ ਕੁੱਜਾ ਕਦੇ ਖਾਧਾ ਹੈ? ਕਿਸੇ ਪਾਸਿਓਂ ਛਕ ਲਓ ਮਿੱਠਾ ਹੀ ਹੁੰਦਾ ਹੈ। ਬਾਣੀ ਕਿਸੇ ਵੇਲੇ ਪੜ੍ਹ ਲਓ ਚੰਗੀ ਹੀ ਚੰਗੀ ਹੈ। ਅੰਮ੍ਰਿਤ ਵੇਲਾ ਸਭ ਤੋਂ ਉੱਤਮ ਹੈ।

ਭਰਮ ਦੂਰ ਕਰਨਾ

ਇੱਕ ਵਾਰੀ ਗੁਰਦੁਆਰਾ ਸਾਹਿਬ ਵਿਖੇ, ਗਊ ਰੱਸੇ ਸਮੇਤ ਮਰ ਗਈ। ਸਵੇਰੇ ਪਿੰਡ ਨੇ ਇਕੱਠ ਕੀਤਾ ਤਾਂ ਲੋਕਾਂ ਨੇ ਕਿਹਾ ਕਿ ਜਿਸ ਸਿੰਘ ਨੇ ਗਊ ਬੰਨ੍ਹੀ ਸੀ, ਉਹ ਸਿੰਘ ਗੰਗਾ ਤੇ ਇਸ਼ਨਾਨ ਕਰਕੇ ਆਵੇ, ਨਹੀਂ ਤਾਂ ਉਸ ਨੂੰ ਬਹੁਤ ਪਾਪ ਚੜ੍ਹੇਗਾ। ਇਹ ਸਾਰੀ ਵਾਰਤਾ ਸੰਗਤ ਨੇ ਜਾ ਕੇ ਸੰਤ ਜੀ ਮਹਾਰਾਜ ਨੂੰ ਸੁਣਾਈ। ਸੰਤ ਜੀ ਮਹਾਰਾਜ ਨੇ ਫ਼ਰਮਾਇਆ ਕਿ ਗੰਗਾ 'ਤੇ ਜਾਣ ਦੀ ਲੋੜ ਨਹੀਂ, ਸ੍ਰੀ ਅਖੰਡ ਪਾਠ ਸਾਹਿਬ ਕਰਾ ਦਿਓ, ਉਸ ਸਿੰਘ ਨੂੰ ਤਾਂ ਪਾਪ ਕੀ ਲੱਗਣਾ ਹੈ, ਪਾਪ ਤਾਂ ਪਿੰਡ ਦੀ ਜੂਹ ਵਿੱਚ ਭੀ ਨਹੀਂ ਰਹਿਣਾ। ਸੰਤ ਜੀ ਮਹਾਰਾਜ ਦਾ ਬਚਨ ਮੰਨ ਕੇ ਸੰਗਤ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਅਤੇ ਲੋਕਾਂ ਦਾ ਭਰਮ ਦੂਰ ਕੀਤਾ।

ਸਰੋਵਰ ਦੀ ਮਹਿਮਾ

ਜਿਸ ਵੇਲੇ ਸੰਤ ਜੀ ਮਹਾਰਾਜ ਗੁਰਸਾਗਰ ਸਾਹਿਬ ਮਸਤੂਆਣੇ ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ। ਹਰ ਰੋਜ਼ ਆਲੇ-ਦੁਆਲੇ ਦੇ ਨਗਰਾਂ ਦੀਆਂ ਬੇਅੰਤ ਸੰਗਤਾਂ ਹੁੰਮ-ਹੁੰਮਾ ਕੇ ਸੇਵਾ ਵਿੱਚ ਹਾਜ਼ਰ ਹੁੰਦੀਆਂ ਸਨ। ਇੱਕ ਦਿਨ ਬਡਰੁੱਖਾ ਨਗਰ ਦੀ ਸੇਵਾ ਸੀ। ਸਵੇਰੇ ਹੀ ਨਗਰ ਦੇ ਮੁਖੀ ਸਿੰਘਾਂ ਨੇ ਸਾਰੇ ਨਗਰ ਵਿੱਚੋਂ ਦੁੱਧ ਇਕੱਠਾ ਕੀਤਾ। ਦੁੱਧ ਇਕੱਠਾ ਹੋ ਹੀ ਰਿਹਾ ਸੀ ਕਿ ਨਗਰ ਦਾ ਇੱਕ ਜ਼ਿਮੀਦਾਰ ਜਿਹੜਾ ਸਪੀਲ 'ਤੇ ਬੈਠਾ ਸੀ, ਪੁੱਛਣ ਲੱਗਿਆ ਕਿ ਭਾਈ ਇਹ ਦੁੱਧ ਦੀਆਂ ਬਾਲਟੀਆਂ ਕਿਧਰ ਚੱਲੀਆਂ ਹਨ? ਤਾਂ ਉਹਨਾਂ ਸਿੰਘਾਂ ਨੇ ਦੱਸਿਆਂ ਕਿ ਮਸਤੂਆਣਾ ਸਾਹਿਬ ਅੱਜ ਆਪਣੇ ਨਗਰ ਦੀ ਸੇਵਾ ਹੈ। ਇਹ ਸੁਣ ਕੇ ਜ਼ਿਮੀਦਾਰ ਬੋਲਿਆ ਕਿ ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਹੈ ਕਿ ਆਪਣਾ ਟੋਬਾ ਪੁੱਟ ਲਵੋ, ਮਾਲ ਡੰਗਰ ਪਾਣੀ ਪੀ ਲੈਣਗੇ। ਜਿੱਥੇ ਜਾ ਰਹੇ ਹੋ ਉਹ ਭੀ ਟੋਬਾ ਹੀ ਹੈ। ਤੁਸੀਂ ਆਪਣੇ ਪਿੰਡ ਵਾਲਾ ਟੋਬਾ ਹੀ ਪੁੱਟ ਲਵੋ। ਇਹ ਸੁਣ ਕੇ ਸੇਵਾਦਾਰ ਸਿੰਘ ਨੇ ਸੋਚਿਆ ਕਿ ਇਸ ਨੂੰ ਇੱਕ ਦਿਨ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਜ਼ਰੂਰ ਲਿਜਾਣਾ ਚਾਹੀਦਾ ਹੈ ਤਾਂ ਕਿ ਇਸ ਦਾ ਭਲਾ ਹੋ ਜਾਵੇ। ਇਹ ਸੋਚ ਕੇ ਸਾਰੀ ਸੰਗਤ ਨੇ ਕਿਹਾ ਕਿ ਤੂੰ ਇੱਕ ਵਾਰੀ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਚੱਲ ਫਿਰ ਭਾਵੇਂ ਸਾਡੇ ਕੋਲੋਂ ੧੦ ਦਿਨ ਟੋਬਾ ਪੁਟਵਾ ਲਈਂ। ਇਹ ਸੁਣ ਕੇ ਸੰਗਤ ਦੀ ਬੇਨਤੀ ਮੰਨ ਕੇ ਉਹ ਪ੍ਰੇਮੀ ਸੰਤ ਜੀ ਮਹਾਰਾਜ ਕੋਲ ਜਾਣ ਲਈ ਸੰਗਤਾਂ ਦੇ ਨਾਲ ਟੁਰ ਪਿਆ, ਪਰ ਮਨ ਵਿੱਚ ਸ਼ਰਧਾ ਭਾਵਨਾ ਕੋਈ ਨਹੀਂ। ਜਦੋਂ ਸੰਗਤਾਂ ਸੰਤ ਜੀ ਮਹਾਰਾਜ ਦੇ ਕੋਲ ਪਹੁੰਚੀਆਂ ਤਾਂ ਨਮਸਕਾਰ ਕਰਕੇ ਸੰਗਤ ਅੱਗੇ ਲੰਘੀ, ਸੰਤ ਜੀ ਮਹਾਰਾਜ ਨੇ ਰੋਕ ਲਿਆ ਕਿ ਭਾਈ ਬੈਠੋ ਕੋਈ ਵਿਚਾਰ ਕਰੀਏ। ਇਹ ਬਚਨ ਸੁਣ ਕੇ ਸਭਨਾਂ ਦੇ ਦਿਲਾਂ ਵਿੱਚ ਵਿਸ਼ਵਾਸ ਹੋ ਗਿਆ ਕਿ ਅੱਜ ਇਸ ਪ੍ਰੇਮੀ ਦਾ ਜ਼ਰੂਰ ਭਲਾ ਹੋਣਾ ਹੈ। ਸੰਗਤ ਦੇ ਬੈਠਦਿਆਂ ਹੀ ਸੰਤ ਜੀ ਮਹਾਰਾਜ ਨੇ ਸਾਖੀ ਸ਼ੁਰੂ ਕੀਤੀ ਕਿ ਭਾਈ ਇੱਕ ਬਾਦਸ਼ਾਹ ਸ਼ਿਕਾਰ ਦਾ ਆਦੀ ਸੀ। ਉਸ ਦੇ ਹੱਥਾਂ 'ਤੇ ਕੁਸ਼ਟ (ਕੋਹੜ) ਸੀ। ਰਾਜਾ ਆਪਣੇ ਨਿੱਤ ਕਰਮ ਅਨੁਸਾਰ ਸ਼ਿਕਾਰ ਕਰਨ ਗਿਆ। ਅੱਗੇ ਸ਼ਿਕਾਰ ਨਿਕਲਿਆ ਜੋ ਭੱਜ ਕੇ ਜੰਗਲ ਵਿੱਚ ਇੱਕ ਗੁਪਤ ਤਲਾਬ ਦੇ ਕਿਨਾਰੇ ਚਲਿਆ ਗਿਆ। ਰਾਜਾ ਨੇ ਭੀ ਆਪਣਾ ਘੋੜਾ ਪਿੱਛੇ ਲਾਇਆ ਹੋਇਆ ਸੀ। ਤਲਾਬ ਦੇ ਕਿਨਾਰੇ ਜਾ ਕੇ ਰਾਜੇ ਨੇ ਜਿਉਂ ਤੀਰ ਛੱਡਿਆ, ਤੀਰ ਸ਼ਿਕਾਰ ਨੂੰ ਕਰਾਸ

(ਪਾਰ) ਕਰਕੇ ਤਲਾਬ ਦੀ ਚਿਕਣੀ ਮਿੱਟੀ ਵਿੱਚ ਜਾ ਖੁੱਭਿਆ। ਜਦੋਂ ਰਾਜੇ ਨੇ ਜਾ ਕੇ ਤੀਰ ਚੁੱਕਿਆ ਤਾਂ ਉਸ ਦੇ ਨਾਲ ਕਾਫੀ ਸਾਰੀ ਮਿੱਟੀ ਚਿੰਬੜੀ ਹੋਈ ਸੀ ਜੋ ਚੀਕਣੀ ਹੋਣ ਕਰਕੇ ਨਾ ਲਹਿ ਸਕੀ। ਜਦੋਂ ਅੱਗੇ ਜਾ ਕੇ ਰਾਜੇ ਨੇ ਇਹ ਮਿੱਟੀ ਝਾੜੀ ਤਾਂ ਦੋਹਾਂ ਹੱਥਾਂ ਦਾ ਕੋਹੜ (ਕੁਸ਼ਟ) ਭੀ ਨਾਲ ਹੀ ਝੜ ਗਿਆ। ਹੱਥ ਪਵਿੱਤਰ ਹੋ ਗਏ। ਸੋ, ਭਾਈ ਇਹ ਸਰੋਵਰ ਹੈ, ਟੋਬਿਆਂ ਨਾਲ ਨਹੀਂ ਰਲਦਾ। ਤੁਸੀਂ ਤਾਂ ਟੋਕਰਿਆਂ ਦੇ ਟੋਕਰੇ ਮਿੱਟੀ ਭਰ-ਭਰ ਕੱਢਦੇ ਹੋ, ਤੁਹਾਡੀਆਂ ਕੁਲਾਂ ਤਰ ਜਾਣਗੀਆ। ਇਹ ਸਾਖੀ ਸੁਣ ਕੇ ਉਹ ਪ੍ਰੇਮੀ ਖੜਾ ਹੋ ਗਿਆ ਅਤੇ ਹੱਥ ਜੋੜ ਕੇ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ। ਕਹਿਣ ਲੱਗਿਆ ਮਹਾਰਾਜ ਮੈਂ ਪਾਪੀ ਨੇ ਹੀ ਇਹ ਗੱਲ ਕੀਤੀ ਸੀ। ਹੁਣ ਕ੍ਰਿਪਾ ਕਰਕੇ ਬਖਸ਼ ਲਓ ਅਤੇ ਕਿਸੇ ਬੰਨ੍ਹੇ ਲਾ ਦਿਓ। ਸੰਤ ਜੀ ਮਹਾਰਾਜ ਨੇ ਹੱਸ ਕੇ ਕਿਹਾ ਕਿ ਭਾਈ ਤੂੰ ਤਾਂ ਬੰਨੇਂ ਲੱਗਿਆ ਹੀ ਹੈਂ, ਤੇਰੀਆਂ ਕੁਲਾਂ ਭੀ ਬੰਨ੍ਹੇ ਲੱਗਣਗੀਆਂ। ਇਸ ਦਿਨ ਤੋਂ ਮਗਰੋਂ ਇਸ ਪ੍ਰੇਮੀ ਨੇ ਸਾਰੀ ਜ਼ਿੰਦਗੀ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹੀ ਬਿਤਾ ਦਿੱਤੀ।

ਇੱਕ ਗ਼ਰੀਬ ਮਾਈ ਦੇ ਘਰ ਲੰਗਰ

ਇੱਕ ਮਾਈ ਨੇ ਸ੍ਰੀ ਸੰਤ ਜੀ ਮਹਾਰਾਜ ਨੂੰ ਭੋਜਨ ਦਾ ਨਿਮੰਤ੍ਰਣ ਦਿੱਤਾ। ਜੋ ਪ੍ਰਵਾਨ ਕੀਤਾ ਗਿਆ ਕਿਸੇ ਹੋਰ ਪ੍ਰੇਮੀ ਨੇ ਪ੍ਰਾਰਥਨਾ ਕੀਤੀ, "ਸੱਚੇ ਪਾਤਸ਼ਾਹ! ਇਹ ਮਾਈ ਤਾਂ ਦਲਿਦ੍ਰਤਾ ਦਾ ਅਵਤਾਰ ਹੈ। ਇਸ ਦੇ ਘਰ ਵਿੱਚ ਅਤਿਅੰਤ ਕੰਗਾਲੀ ਹੈ। ਇਹ ਇੰਨੀ ਵੱਡੀ ਸੰਗਤ ਦੇ ਭੋਜਨ ਦਾ ਪ੍ਰਬੰਧ ਕਿਵੇਂ ਕਰੇਗੀ?" ਸ੍ਰੀ ਸੰਤ ਜੀ ਮਹਾਰਾਜ ਨੇ ਫ਼ਰਮਾਇਆ "**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥**" ਬਸ! ਪ੍ਰੇਮੀ ਦੀ ਸ਼ੰਕਾ ਦਾ ਸਮਾਧਾਨ ਹੋ ਗਿਆ। ਜਦੋਂ ਪਟਿਆਲਾ ਨਿਵਾਸੀ ਸੰਗਤ ਨੂੰ ਮਾਈ ਦੇ ਲੰਗਰ ਦੀ ਤਿਥਿ ਦਾ ਪਤਾ ਲੱਗਾ ਤਾਂ ਸੰਗਤ ਬੇ-ਅੰਤ ਰਸਦ ਲੈ ਕੇ ਪੁੱਜ ਗਈ। ਮੈਦਾ, ਘਿਉ, ਦਾਲਾਂ ਸਬਜ਼ੀਆਂ ਅਤੇ ਦੁੱਧ ਆਦਿ ਪਦਾਰਥਾਂ ਦੇ ਢੇਰ ਲੱਗ ਗਏ। ਛੱਤੀ ਪ੍ਰਕਾਰ ਦੇ ਭੋਜਨ ਵਿਯੰਜਨ ਤਿਆਰ ਕੀਤੇ ਗਏ। ਸ੍ਰੀ ਸੰਤ ਜੀ ਮਹਾਰਾਜ ਸੰਗਤ ਸਮੇਤ ਮਾਈ ਦੇ ਘਰ ਪੁੱਜੇ, ਸੰਗਤ ਦੀ ਸੰਖਿਆ ਵੀ ਜ਼ਿਆਦਾ ਸੀ। ਸਮੂੰਹ ਸੰਗਤ, ਪਟਿਆਲਾ ਨਿਵਾਸੀ, ਜਨ ਸਾਧਾਰਨ ਅਤੇ ਮੰਗਤੇ ਆਦਿਕ ਸਭ ਤ੍ਰਿਪਤ ਹੋ ਗਏ। ਪਟਿਆਲੇ ਵਿੱਚ ਅਤੁੱਟ ਵਰਤਣ ਵਾਲਾ ਲੰਗਰ ਮਾਈ ਦਾ ਹੀ ਰਿਹਾ। ਇੱਥੇ ਸ੍ਰੀ ਸੰਤ ਜੀ ਮਹਾਰਾਜ ਨੇ ਭਾਈ ਸੰਮਨ ਮੂਸਨ ਦੀ ਸਾਖੀ ਸੁਣਾਈ। ਪ੍ਰੇਮ, ਸ਼ਰਧਾ, ਵਿਸ਼ਵਾਸ, ਦ੍ਰਿੜਤਾ ਅਤੇ ਗੁਰਸਿੱਖਾਂ ਨੂੰ ਭਾਣੇ ਅੰਦਰ ਰਹਿਣ ਦਾ ਉਪਦੇਸ਼ ਦਿੱਤਾ। ਮਾਈ ਦੇ ਲੰਗਰ ਦੀ ਸਾਰੇ ਸ਼ਹਿਰ ਵਿੱਚ ਪ੍ਰਸਿੱਧੀ ਅਤੇ ਧੰਨ-ਧੰਨ ਹੋ ਗਈ।

ਮਲੇਰਕੋਟਲੇ ਵਿੱਚ ਗੁਰਮਤਿ ਪ੍ਰਚਾਰ

ਮਲੇਰਕੋਟਲੇ ਪਹੁੰਚਣ 'ਤੇ ਦਰਸ਼ਨ ਕਰਕੇ, ਸੰਗਤ ਬਹੁਤ ਪ੍ਰਸੰਨ ਹੋਈ। ਸਵਾਗਤ ਵਿੱਚ 'ਸਤਿ ਸ੍ਰੀ ਅਕਾਲ' ਦੇ ਪੰਜ ਜੈਕਾਰੇ ਛੱਡੇ। ਇਸੇ ਦਿਨ ਹੀ ਸ਼ਹਿਰ ਵਿੱਚ ਜਲੂਸ ਕੱਢਣ ਦਾ ਪ੍ਰੋਗਰਾਮ ਬਣਿਆ ਹੋਇਆ ਸੀ। ਸ੍ਰੀ ਸੰਤ ਜੀ ਮਹਾਰਾਜ ਦੀ ਸਵਾਰੀ ਵਾਸਤੇ ਨਵਾਬ ਵੱਲੋਂ ਹਾਥੀ ਸਜ ਕੇ ਪੁੱਜ ਗਿਆ। ਜਿਸ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਕੀਤਾ ਗਿਆ। ਹਜ਼ੂਰੀ ਵਿੱਚ ਸ੍ਰੀ ਸੰਤ ਜੀ ਮਹਾਰਾਜ ਚਵਰ ਢਲਾਉਣ ਲੱਗੇ। ਇਲਾਕਾ ਨਿਵਾਸੀ ਪਿੰਡਾਂ ਦੇ ਸਿੰਘ ਉਤਸ਼ਾਹ ਨਾਲ ਸ਼ੋਭਾ-ਯਾਤਰਾ ਵਿੱਚ ਸ਼ਾਮਲ ਹੋਏ। ਮਲੇਰਕੋਟਲੇ ਦੇ ਇਤਿਹਾਸ ਵਿੱਚ, ਇਸ ਤੋਂ ਪਹਿਲਾਂ ਅਜੇਹੀ ਸ਼ਾਨਦਾਰ ਸ਼ੋਭਾ-ਯਾਤਰਾ ਨਹੀਂ ਸੀ ਨਿਕਲੀ। ਮਲੇਰਕੋਟਲਾ ਨਿਵਾਸੀ ਦਰਸ਼ਨਾਰਥ ਬਜ਼ਾਰਾਂ ਵਿੱਚ ਅਤੇ ਮਕਾਨਾਂ ਦੀਆਂ ਛੱਤਾਂ ਉੱਤੇ ਸ਼ਰਧਾ ਤੇ ਸਤਿਕਾਰ ਨਾਲ ਖੜ੍ਹੇ ਸਨ। ਮੋਤੀ ਬਾਜ਼ਾਰ ਵਿੱਚ ਸ੍ਰੀ ਸੰਤ ਜੀ ਮਹਾਰਾਜ ਨੇ ਇਸ ਸ਼ਬਦ ਦਾ ਕੀਰਤਨ ਕੀਤਾ '**ਪ੍ਰਗਟ ਭਈ ਸਗਲੇ ਜੁਗ ਅੰਤਰ ਗੁਰ ਨਾਨਕ ਕੀ ਵਡਿਆਈ।**' ਸਾਰੇ ਸ਼ਹਿਰ ਵਿੱਚ ਦੀ ਹੁੰਦੀ ਹੋਈ ਏਹ ਅਲੌਕਿਕ ਸ਼ੋਭਾ-ਯਾਤਰਾ

ਸੰਤ ਤੇਜਾ ਸਿੰਘ ਜੀ
ਐਮ ਏ, ਐਲ ਐਲ ਬੀ (ਪੰਜਾਬ)
ਏ ਐਮ (ਹਾਰਵਰਡ, ਅਮਰੀਕਾ)

ਗੁਰਦੁਆਰਾ ਸਾਹਿਬ ਆ ਕੇ ਸਮਾਪਤ ਹੋਈ। ਕਪਾਹ ਦੀ ਮਿੱਲ ਵਿੱਚ ਸ੍ਰੀ ਸੰਤ ਜੀ ਮਹਾਰਾਜ ਦੀ ਰਿਹਾਇਸ਼ ਰੱਖੀ ਗਈ।

ਦੂਸਰੇ ਦਿਨ ਦੁਪਹਿਰ ਵੇਲੇ ਨਵਾਬ ਦੀ ਕਾਰ (ਗੱਡੀ) ਸੰਤਾਂ ਦੀ ਸੇਵਾ ਵਿੱਚ ਪੁੱਜੀ ਕਿ ਨਵਾਬ ਸਾਹਿਬ ਸ੍ਰੀ ਸੰਤ ਜੀ ਮਹਾਰਾਜ ਦੇ ਪਾਵਨ ਚਰਨਾਂ ਦੁਆਰਾ ਮਹਿਲਾਂ ਨੂੰ ਪਵਿੱਤਰ ਕਰਨਾ ਚਾਹੁੰਦੇ ਹਨ। ਨਵਾਬ ਦੇ ਪ੍ਰੇਮ ਅਧੀਨ ਸੰਤ ਜੀ ਮਹਿਲਾਂ ਵਿੱਚ ਪੁੱਜੇ। ਨਵਾਬ ਨੇ ਸਦਰ-ਏ-ਵਜ਼ੀਰ ਅਤੇ ਹੋਰ ਕਰਮਚਾਰੀਆਂ ਸਮੇਤ ਭਰਵਾਂ ਸਵਾਗਤ ਕੀਤਾ। ਸ੍ਰੀ ਸੰਤ ਜੀ ਮਹਾਰਾਜ ਨੂੰ ਸੁੰਦਰ ਪਲੰਘ 'ਤੇ ਬੈਠਾ ਕੇ ਆਪ ਨਵਾਬ ਸ਼ਰਧਾ ਨਾਲ ਚਰਨਾਂ ਵਿੱਚ ਫਰਸ਼ ਤੇ ਬੈਠ ਗਿਆ। ਕਿੰਨ੍ਹਾਂ ਹੀ ਚਿਰ ਪਰਮਾਰਥ ਸੰਬੰਧੀ ਗੋਸ਼ਟੀ ਹੁੰਦੀ ਰਹੀ। ਸ੍ਰੀ ਸੰਤ ਜੀ ਮਹਾਰਾਜ ਨੇ ਸਭ ਨੂੰ ਨਿਆਏ ਕਰਨ ਦਾ ਉਪਦੇਸ਼ ਦਿੱਤਾ। ਨਾਲ ਹੀ ਆਗਿਆ ਕੀਤੀ ਸੁਬ੍ਹਾ-ਸ਼ਾਮ 'ਵਾਹਿਗੁਰੂ' ਖੁਦਾ ਦਾ ਸਿਮਰਨ ਅਵਸ਼ਯ ਕਰਨਾ।

ਕਾਂਡ ੫੭

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥
ਆਪਿ ਮਿਲਾਇ ਲਏ ਪ੍ਰਭੁ ਸੋਇ ॥
ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥
ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥
ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥ (੨੯੪)

ਸੰਤ ਅਤਰ ਸਿੰਘ ਮਹਾਰਾਜ ਦੇ ਅਨਿੰਨ ਸੇਵਕ

ਸੰਤ ਤੇਜਾ ਸਿੰਘ ਜੀ, ਐਮ ਏ, ਐਲ ਐਲ ਬੀ (ਪੰਜਾਬ) ਏ ਐਮ (ਹਾਰਵਰਡ ਯੂ ਐਸ ਏ)

ਇਨ੍ਹਾਂ ਦਾ ਪਹਿਲਾ ਨਾਮ ਨਿਰੰਜਨ ਸਿੰਘ ਮਹਿਤਾ ਸੀ ਅਤੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਤੋਂ ਅੰਮ੍ਰਿਤ ਛਕ ਕੇ ਤੇਜਾ ਸਿੰਘ ਪ੍ਰਗਟ ਹੋਏ। ਇਹਨਾਂ ਦਾ ਜਨਮ ਪਿੰਡ ਬਲੋਵਾਲੀ (ਪਾਕਿਸਤਾਨ) ਵਿਖੇ ੧੪ ਮਈ ੧੮੭੭ ਈਸਵੀ ਨੂੰ ਮਾਤਾ ਰਾਮ ਕੌਰ ਅਤੇ ਪਿਤਾ ਮੈਡੀਕਲ ਡਾ: ਰੁਲੀਆ ਸਿੰਘ ਦੇ ਘਰ ਹੋਇਆ (ਜਿਹੜੇ ਸੈਂਟਰਲ ਜੇਲ੍ਹ ਲਾਹੌਰ ਦੇ ਸਰਕਾਰੀ ਡਾਕਟਰ ਸਨ)। ਸੰਤ ਤੇਜਾ ਸਿੰਘ ਜੀ ਨੇ ਪੰਜਾਬ ਯੂਨੀਵਰਸਿਟੀ ਦੀ ਐਮ ਏ, ਐਲ ਐਲ ਬੀ ਦੀ ਡਿਗਰੀ ਕੀਤੀ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦੀ ਸੇਵਾ ਸੰਭਾਲੀ। ਉਸ ਦੌਰਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਸੰਪਰਕ ਵਿੱਚ ਆਏ ਅਤੇ ਉਹਨਾਂ ਦੇ ਹੁਕਮ ਦੇ ਅਨੁਸਾਰ ਬਾਹਰਲੇ ਦੇਸ਼ਾਂ ਇੰਗਲੈਂਡ, ਯੂ.ਐਸ.ਏ. ਅਤੇ ਕੈਨੇਡਾ ਵਿੱਚ ਸਿੱਖੀ ਦਾ ਅਤੁੱਟ ਪ੍ਰਚਾਰ ਕੀਤਾ। ਵਾਪਸ ਆਉਣ ਉਪਰੰਤ ਸੰਤ ਜੀ ਦੇ ਹੁਕਮ ਅਨੁਸਾਰ ਮਸਤੂਆਣਾ, ਗੁਜਰਾਂਵਾਲਾ ਕਾਲਜ, ਟੀਚਰਜ਼ ਕਾਲਜ ਬਨਾਰਸ ਅਤੇ ਹੋਰ ਕਈ ਸਕੂਲ ਕਾਲਜਾਂ ਦੀ ਸੇਵਾ ਕੀਤੀ। ਸੰਤ ਅਤਰ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਸਾਰੇ ਸੰਸਾਰ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ। ਆਲ ਵਰਲਡ ਰਿਲੀਜੀਅਨ ਕਾਨਫਰੰਸ ਵਿੱਚ ਹਿੱਸਾ ਲਿਆ ਅਤੇ ਫੇਰ ਦੁਬਾਰਾ ਅਮਰੀਕਾ, ਕੈਨੇਡਾ, ਮਲਾਇਆ, ਸਿੰਘਾਪੁਰ ਅਤੇ ਅਫ਼ਰੀਕਾ ਦੇ ਦੇਸ਼ਾਂ ਵਿੱਚ ਪ੍ਰਚਾਰ ਕੀਤਾ ਅਤੇ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਿੰਦੇ ਹੋਏ ੩ ਜੁਲਾਈ ੧੯੬੫ ਵਿੱਚ ਜੋਤੀ ਜੋਤ ਸਮਾ ਗਏ।

ਇਹਨਾਂ ਦਾ ਜੀਵਨ ਇੱਕ ਪੂਰਨ ਗੁਰਸਿੱਖੀ ਦਾ ਆਦਰਸ਼ ਦਰਸਾਉਂਦਾ ਹੈ ਅਤੇ ਉਹਨਾਂ ਨੇ ਕਿਸ ਤਰ੍ਹਾਂ ਸੰਤ ਜੀ ਮਹਾਰਾਜ ਦੇ ਬਚਨ ਅਤੇ ਆਗਿਆ ਸਤਿ-ਸਤਿ ਕਰ ਮੰਨ ਕੇ ਗੁਰਸਿੱਖੀ ਦੇ ਪੌਦੇ ਨੂੰ ਸਿੰਚਿਆ ਅਤੇ

ਅਖ਼ੀਰਲੀ ਉਮਰ ਵਿੱਚ ਗੁਰੂ ਨਾਨਕ ਦੀ ਬ੍ਰਹਮ ਵਿੱਦਿਆ ਦੀ ਯੂਨੀਵਰਸਿਟੀ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਗੁਰਦੁਆਰਾ ਬੜੂ ਸਾਹਿਬ, ਗੁਰਦੁਆਰਾ ਨਾਨਕਸਰ ਚੀਮਾਂ, ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਕੀਤੀ। ਉਹਨਾਂ ਦਾ ਵਿਸਥਾਰ ਪੂਰਬਕ ਜੀਵਨ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਵਾਲਿਆਂ ਦੀ ਜੀਵਨ ਕਹਾਣੀ ਭਾਗ ਦੂਜਾ ਵਿੱਚ ਦਰਜ਼ ਕੀਤਾ ਗਿਆ ਹੈ, ਜਿਸ ਨੂੰ ਪਾਠਕ ਪੜ੍ਹ ਕੇ ਗੁਰਸਿੱਖੀ ਦਾ ਜੀਵਨ ਅਪਨਾਉਣ ਦੀ ਪੂਰਨ ਜੁਗਤ ਸਿੱਖ ਸਕਦੇ ਹਨ।

ਇਨ੍ਹਾਂ ਮਹਾਂਪੁਰਸ਼ਾਂ ਨੇ ਸੰਤ ਸੇਵਕ ਜਥਾ ਮਸਤੂਆਣੇ ਦੇ ਮੁਖੀ ਸੇਵਕ ਦੇ ਤੌਰ 'ਤੇ ੧੯੬੫ ਤੱਕ ਸੇਵਾ ਕੀਤੀ ਅਤੇ ਮਸਤੂਆਣਾ ਦੇ ਅਸਥਾਨ ਦੇ ਭਵਨ ਅਤੇ ਕੋਟ ਦੀ ਚਾਰ ਦੀਵਾਰੀ ਦੀ ਉਸਾਰੀ ਕੀਤੀ।

ਸੰਤ ਗੁਲਾਬ ਸਿੰਘ ਜੀ

ਇਹ ਮਹਾਂਪੁਰਸ਼ ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਸੰਪਰਕ ਵਿੱਚ ਆਏ ਅਤੇ ਆਪਣਾ ਸਾਰਾ ਜੀਵਨ ਉਹਨਾਂ ਦੇ ਅਨਿੰਨ ਸੇਵਕ ਬਣ ਕੇ ਉਹਨਾਂ ਦੇ ਆਸ਼ੇ ਅਨੁਸਾਰ ਖ਼ਾਲਸਾ ਪੰਥ ਦੀ ਸੇਵਾ ਵਿੱਚ ਲਾਇਆ। ਇਹਨਾਂ ਦਾ ਜਨਮ ਸੰਮਤ ੧੯੨੬ ਬਿਕ੍ਰਮੀ (ਸੰਨ ੧੮੬੯ ਈਸਵੀ) ਨੂੰ ਮਾਤਾ ਰਾਮ ਕੌਰ ਅਤੇ ਪਿਤਾ ਜੈ ਸਿੰਘ ਜੀ ਦੇ ਘਰ ਪਿੰਡ ਕਾਂਜਲੇ ਹੋਇਆ। ਛੋਟੀ ਉਮਰ ਤੋਂ ਵੈਰਾਗਮਈ ਬਿਰਤੀ ਹੋਣ ਕਰਕੇ ਸੰਤ ਜਗਤ ਸਿੰਘ ਜੀ ਕੋਲ ਮਸਤੂਆਣੇ ਦੇ ਝਿੜੇ ਵਿੱਚ ਸੇਵਾ ਵਿੱਚ ਰਹਿੰਦੇ ਅਤੇ ਅਕਾਲ ਪੁਰਖ ਦਾ ਸਿਮਰਨ ਕਰਦੇ। ਇਨ੍ਹਾਂ ਮਹਾਂਪੁਰਸ਼ਾਂ ਦਾ ਭਵਿੱਖਤ ਵਾਕ ਸੀ ਕਿ ਤੁਸੀਂ ਬਹੁਤ ਵੱਡੇ ਮਹਾਂਪੁਰਸ਼ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਕਰਨੀ ਹੈ ਜੋ ਇਸ ਮਸਤੂਆਣੇ ਦੇ ਜੰਗਲ ਨੂੰ ਨਿਵਾਜਣਗੇ। ਇਸੇ ਤਰ੍ਹਾਂ ਜਦੋਂ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਮਸਤੂਆਣੇ ਦੀ ਸੇਵਾ ਕੀਤੀ ਤਾਂ ਇਹ ਤਨ, ਮਨ, ਧਨ ਕਰ ਕੇ ਉਹਨਾਂ ਦੀ ਆਗਿਆ ਅਨੁਸਾਰ ਮਸਤੂਆਣੇ ਅਤੇ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਦੀ ਅਤੁੱਟ ਸੇਵਾ ਕੀਤੀ ਅਤੇ ਸੰਮਤ ੧੯੯੨ ਬਿਕ੍ਰਮੀ (ਸੰਨ ੧੯੩੫ ਈਸਵੀ ਵਿੱਚ ਜੋਤੀ ਜੋਤ ਸਮਾ ਗਏ। ਇਨ੍ਹਾਂ ਦੇ ਜੀਵਨ ਦੀਆਂ ਸੇਵਾ ਦੀਆਂ ਸਾਖੀਆਂ ਇਸ ਪੁਸਤਕ ਵਿੱਚ ਕਈ ਜਗ੍ਹਾ ਦੱਸੀਆਂ ਗਈਆਂ ਹਨ।

ਸੰਤ ਬਿਸ਼ਨ ਸਿੰਘ ਜੀ ਕਾਂਜਲੇ ਵਾਲੇ

ਇਹ ਮਹਾਂਪੁਰਸ਼ ਭੀ ਸੰਤ ਜਗਤ ਸਿੰਘ ਕੋਲ ਮਸਤੂਆਣੇ ਦੇ ਜੰਗਲ ਵਿੱਚ ਸੇਵਾ ਅਤੇ ਸਿਮਰਨ ਕਰਦੇ ਅਤੇ ਇਨ੍ਹਾਂ ਮਹਾਂਪੁਰਸ਼ਾਂ ਦੇ ਭਵਿੱਖਤ ਵਾਕ ਕਰਕੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਇਸ ਪਵਿੱਤਰ ਅਸਥਾਨ 'ਤੇ ਲੱਗੇ। ਇਹਨਾਂ ਦਾ ਜਨਮ ਸੰਮਤ ੧੯੧੮ ਬਿਕ੍ਰਮੀ (ਸੰਨ ੧੮੬੧ ਈਸਵੀ) ਨੂੰ ਭਾਈ ਅਤਰ ਸਿੰਘ ਜੀ ਦੇ ਗ੍ਰਿਹ ਵਿਖੇ ਪਿੰਡ ਕਾਂਜਲੇ ਵਿਖੇ ਹੋਇਆ। ਇਹਨਾਂ ਨੇ ਫੌਜ ਵਿੱਚ ਭੀ ਕੁਝ ਸਮਾਂ ਨੌਕਰੀ ਕੀਤੀ ਅਤੇ ਫੇਰ ਗੁਰੂ ਦੀ ਸੇਵਾ ਵਿੱਚ ਹਾਜ਼ਰ ਹੋ ਗਏ।

ਇਹ ਮਹਾਂਪੁਰਸ਼ ਸੰਤ ਗੁਲਾਬ ਸਿੰਘ ਜੀ ਪਿੱਛੋਂ ਸੰਤ ਸੇਵਕ ਜਥਾ ਮਸਤੂਆਣੇ ਵਾਲਿਆਂ ਦੇ ਮੁਖੀ ਸੇਵਕ ਬਣ ਕੇ ਸੇਵਾ ਕਰਦੇ ਹੋਏ ਸੰਮਤ ੨੦੦੨ ਬਿਕ੍ਰਮੀ (ਸੰਨ ੧੯੪੯ ਈਸਵੀ) ਵਿੱਚ ਬਾਲੇਵਾਲ ਚਲਾਣਾ ਕਰ ਗਏ।

ਸੰਤ ਕਿਸ਼ਨ ਸਿੰਘ ਜੀ

ਇਹਨਾਂ ਮਹਾਂਪੁਰਸ਼ਾਂ ਦਾ ਜਨਮ ਪਿੰਡ ਬਹਾਦਰਪੁਰ ਵਿੱਚ ਹੋਇਆ। ਆਪ ਛੋਟੀ ਉਮਰ ਵਿੱਚ ਹੀ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਸੰਪਰਕ ਵਿੱਚ ਆਏ ਅਤੇ ਸਾਰੀ ਉਮਰ ਨਾਮ-ਬਾਣੀ ਨਾਲ ਲੱਗ ਕੇ ਗੁਰੂ ਪੰਥ

ਸੰਤ ਗੁਲਾਬ ਸਿੰਘ ਜੀ

ਸੰਤ ਬਿਸ਼ਨ ਸਿੰਘ ਜੀ ਕਾਂਝਲੇ ਵਾਲੇ

ਸੰਤ ਕਿਸ਼ਨ ਸਿੰਘ ਜੀ

ਸੰਤ ਰਣਜੀਤ ਸਿੰਘ ਜੀ

ਸੰਤ ਬਾਬਾ ਹਰਨਾਮ ਸਿੰਘ ਜੀ

ਦੀ ਸੇਵਾ ਕਰਦੇ ਰਹੇ। ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜੋਤੀ-ਜੋਤ ਸਮਾਉਣ ਦੇ ਪਿੱਛੋਂ ਮਸਤੂਆਣੇ ਸਾਹਿਬ ਵਿਖੇ ਖੇਤੀ-ਬਾੜੀ ਦਾ ਪਹਿਰਾ ਸੰਭਾਲਦੇ ਰਹੇ ਅਤੇ ਸੰਤ ਬਿਸ਼ਨ ਸਿੰਘ ਜੀ ਪਿੱਛੋਂ ਸੰਤ ਸੇਵਕ ਜਥਾ ਮਸਤੂਆਣੇ ਵਾਲੇ ਦੇ ਮੁਖੀ ਸੇਵਕ ਦੀ ਹੈਸੀਅਤ ਵਿੱਚ ਸੇਵਾ ਕਰਕੇ ੧੭ ਜੂਨ ੧੯੬੨ ਨੂੰ ਅਕਾਲ ਚਲਾਣਾ ਕਰ ਗਏ।

ਸੰਤ ਸੁੱਚਾ ਸਿੰਘ ਜੀ

ਇਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਦਾ ਵੇਰਵਾ ਅਤੇ ਸਾਖੀਆਂ ਕਾਂਡ ੫੪ ਵਿੱਚ ਦਰਜ ਕੀਤੀਆਂ ਗਈਆਂ ਹਨ।

ਸੰਤ ਰਣਜੀਤ ਸਿੰਘ ਜੀ

ਇਨ੍ਹਾਂ ਮਹਾਂਪੁਰਸ਼ਾਂ ਦਾ ਜਨਮ ਪਿੰਡ ਲੰਢਾ ਬੁਹਾਨੀ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਜਵਾਨ ਅਵਸਥਾ ਵਿੱਚ ਇਹ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਆਏ ਅਤੇ ਆਪਣਾ ਜੀਵਨ ਨਾਮ-ਬਾਣੀ ਦੀ ਸੇਵਾ ਵਿੱਚ ਲਾਇਆ। ਇਨ੍ਹਾਂ ਮਹਾਂਪੁਰਸ਼ਾਂ ਨੇ ਮਸਤੂਆਣੇ ਸਾਹਿਬ, ਦਮਦਮੇ ਸਾਹਿਬ ਅਤੇ ਮਲੂਵਾਲ ਗੁਰਦੁਆਰਿਆਂ ਦੀ ਅਤੁੱਟ ਸੇਵਾ ਕੀਤੀ। ਇਹ ਮਸਤੂਆਣਾ ਸੰਤ ਸੇਵਕ ਜਥੇ ਦੇ ੧੯੬੬ ਤੋਂ ਲੈ ਕੇ ੧੯੮੫ ਈਸਵੀ ਤਕ ਮੁੱਖੀ ਸੇਵਾਦਾਰ ਰਹੇ ਅਤੇ ਸੇਵਾ ਕਰਦੇ ਹੋਏ ਦਸੰਬਰ ੧੯੮੫ ਵਿੱਚ ਅਕਾਲ ਚਲਾਣਾ ਕਰ ਗਏ।

ਸੰਤ ਬਾਬਾ ਹਰਨਾਮ ਸਿੰਘ ਜੀ

ਇਨ੍ਹਾਂ ਮਹਾਂਪੁਰਸ਼ਾਂ ਦਾ ਜਨਮ ਪਿੰਡ ਸੁਧਾਰ, ਜ਼ਿਲ੍ਹਾ ਲੁਧਿਆਣਾ ਵਿਖੇ ੧੯੦੪ ਈਸਵੀ ਵਿੱਚ ਮਾਤਾ ਜੀਵਨ ਕੌਰ ਅਤੇ ਪਿਤਾ ਖੇਮ ਸਿੰਘ ਜੀ ਦੇ ਘਰ ਹੋਇਆ। ਛੋਟੀ ਉਮਰ ਵਿੱਚ ਮਸਤੂਆਣੇ ੮ਵੀਂ ਜਮਾਤ ਤਕ ਵਿੱਦਿਆ ਪ੍ਰਾਪਤ ਕੀਤੀ ਅਤੇ ਫਿਰ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਪੰਜ ਸਾਲ ਬਤੀਤ ਕੀਤੇ। ਇਸ ਉਪਰੰਤ ਮਸਤੂਆਣੇ ਸਾਹਿਬ ਅਤੇ ਦਮਦਮਾ ਸਾਹਿਬ ਅਸਥਾਨਾਂ ਦੀ ਸੇਵਾ ਕੀਤੀ ਅਤੇ ਪਿੰਡ ਸਾਰੋਂ ਵਿਖੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਬਣੇ ਅਸਥਾਨਾਂ ਦੀ ਸੇਵਾ ਕਰਵਾਈ ਇਹ ੧੯੮੫ ਤੋਂ ਸੰਤ ਸੇਵਕ ਜਥਾ ਮਸਤੂਆਣਾ ਦੇ ਮੁਖੀ ਸੇਵਾਦਾਰ ਦੀ ਹੈਸੀਅਤ ਵਿੱਚ ਸੇਵਾ ਨਿਭਾਉਂਦੇ ਹੋਏ ਚੜ੍ਹਾਈ ਕਰ ਗਏ।

ਸੰਤ ਬਚਨ ਸਿੰਘ ਜੀ

ਆਪ ਜੀ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸ਼ਰਨ ਵਿੱਚ ਆ ਕੇ ਗੁਰਦੁਆਰਾ ਮਸਤੂਆਣਾ ਅਸਥਾਨ ਦੀ ਬੜੀ ਨਿਮ੍ਰਤਾ ਅਤੇ ਪ੍ਰੇਮ ਸਹਿਤ ਸੇਵਾ ਕੀਤੀ। ਇਹ ਮਹਾਂਪੁਰਸ਼ ਸੰਤ ਸੇਵਕ ਜਥਾ ਮਸਤੂਆਣੇ ਦੇ ਮੁਖੀ ਸੇਵਕ ਦੇ ਤੌਰ 'ਤੇ ਸੇਵਾ ਕਰਦੇ ਹੋਏ ਸੰਨ ੧੯੯੧ ਈਸਵੀ ਵਿੱਚ ਅਕਾਲ ਚਲਾਣਾ ਕਰ ਗਏ।

ਸੰਤ ਨਾਹਰ ਸਿੰਘ ਜੀ

ਇਹਨਾਂ ਮਹਾਂਪੁਰਖਾਂ ਨੇ ਗੁਰਦੁਆਰਾ ਮਸਤੂਆਣਾ ਸਾਹਿਬ ਦੇ ਅਸਥਾਨ ਦੀ ਬੜੀ ਲਗਨ ਅਤੇ ਸ਼ਰਧਾ ਨਾਲ ਸੇਵਾ ਨਿਭਾਈ।

ਸੰਤ ਨਿਰੰਜਨ ਸਿੰਘ ਜੀ ਅਜੀਤਸਰ ਵਾਲੇ

ਸੰਤ ਨਿਰੰਜਨ ਸਿੰਘ ਜੀ ਦਾ ਜਨਮ ੧੮੯੫ ਈਸਵੀ ਵਿੱਚ ਸਰਦਾਰ ਉੱਤਮ ਸਿੰਘ ਜੀ ਦੇ ਘਰ ਪਿੰਡ ਮੋਹੀ, ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਆਪ ਨੇ ਮੈਟ੍ਰਿਕ ਤਕ ਵਿੱਦਿਆ ਮਾਲਵਾ ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਪ੍ਰਾਪਤ ਕੀਤੀ ਤੇ ਪਿੱਛੋਂ ਜੂਨ, ੧੯੧੩ ਤੋਂ ੧੯੧੯ ਤੱਕ ਫੌਜ ਵਿੱਚ ਬਤੌਰ ਕਲਰਕ ਦੀ ਨੌਕਰੀ

ਕੀਤੀ ਤੇ ੧੯੧੯ ਵਿੱਚ ਨਾਵਾਂ ਕਟਵਾ ਲਿਆ। ਇਸ ਪਿੱਛੋਂ ਆਪ ਸੰਤ ਮੱਘਰ ਸਿੰਘ ਰਾਮਗੜ੍ਹ ਵਾਲਿਆਂ ਦੀ ਸੰਗਤ ਵਿੱਚ ਆਏ ਅਤੇ ਭੋਰੇ ਵਿੱਚ ਬੈਠ ਕੇ ਇੱਕ ਸਾਲ ਤਪੱਸਿਆ ਕੀਤੀ। ਇਸ ਪਿੱਛੋਂ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੰਗਤ ਵਿੱਚ ਹਾਜ਼ਰ ਹੋਏ ਅਤੇ ੯ ਸਾਲ ਲੰਗਰ ਦੀ ਸੇਵਾ ਤੇ ਅਕਾਲ ਕਾਲਜ ਮਸਤੂਆਣੇ ਦੀ ਬਤੌਰ ਜਨਰਲ ਸੈਕਟਰੀ ਦੀ ਸੇਵਾ ਕੀਤੀ। ੧੯੨੮ ਤੋਂ ੧੯੪੭ ਤੱਕ ਬਾਰ ਵਿੱਚ ਰਹਿ ਕੇ ਅਜੀਤਸਰ (ਮਿੰਟਗੁਮਰੀ) ਵਿਖੇ ਗੁਰਦੁਆਰਾ, ਹਾਈ ਸਕੂਲ, ਡਿਸਪੈਂਸਰੀ, ਸਰੋਵਰ ਤੇ ਲੰਗਰ ਦੀ ਸੇਵਾ ਕੀਤੀ। ੧੯੪੭ ਵਿੱਚ ਦੇਸ਼ ਦੀ ਵੰਡ ਸਮੇਂ ਸਾਢੇ ਤਿੰਨ ਲੱਖ ਦਾ ਕਾਫਲਾ ਬਿਨਾਂ ਮਿਲਟਰੀ ਦੀ ਸਹਾਇਤਾ ਤੋਂ ਭਾਰਤ ਵਿੱਚ ਲੈ ਕੇ ਆਏ। ਕਿਸੇ ਪਾਕਿਸਤਾਨੀ ਨੇ ਭੀ ਇਨ੍ਹਾਂ ਨਾਲ ਟੱਕਰ ਲੈਣ ਦੀ ਜ਼ੁਰਅੱਤ ਨਾ ਕੀਤੀ। ਭਾਰਤ ਵਿੱਚ ਆ ਕੇ ਬੱਚੇ-ਬੱਚੀਆਂ ਦੇ ਅੱਠ ਹਾਈ ਸਕੂਲ ਅਤੇ ਮਸਤੂਆਣੇ ਵਿਖੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਲਾਏ ਵਿੱਦਿਅਕ ਬੂਟੇ ਨੂੰ ਪ੍ਰਫੁੱਲਤ ਕਰ ਕੇ ਐਗਰੀਕਲਚਰਲ ਕਾਲਜ ਜ਼ਾਰੀ ਕੀਤਾ। ਆਪ ਅਕਾਲ ਕਾਲਜ ਦੀ ਕੌਂਸਲ ਦੇ ਪ੍ਰਧਾਨ ਭੀ ਰਹੇ। ਉਪਰੋਕਤ ਸਭ ਸੇਵਾਵਾਂ ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਭਲੀ-ਭਾਂਤ ਨਿਭਾ ਕੇ ਆਪ ੧੦ ਜੁਲਾਈ ੧੯੬੬ ਨੂੰ ਅਕਾਲ ਚਲਾਣਾ ਕਰ ਗਏ।

ਸੰਤ ਤੀਰਥ ਸਿੰਘ ਜੀ

ਇਨ੍ਹਾਂ ਮਹਾਂਪੁਰਸ਼ਾਂ ਦਾ ਜਨਮ ਪਿੰਡ ਲੋਹਾਖੇੜਾ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਸੰਤ ਜੀ ਮਹਾਰਾਜ ਦੇ ਚਰਨਾਂ ਦੀ ਸੇਵਾ ਵਿੱਚ ਮਸਤੂਆਣਾ ਸਾਹਿਬ ਆ ਹਾਜ਼ਰ ਹੋਏ। ਆਪਣੇ ਹੱਥੀਂ ਹੱਲ ਵਾਹੁਣ ਦੀ ਸੇਵਾ ਕਾਫੀ ਸਾਲ ਕੀਤੀ। ੧੯੫੮ ਵਿੱਚ ਸੰਤ ਤੇਜਾ ਸਿੰਘ ਜੀ ਦੇ ਕੋਲ ਨਾਨਕਸਰ ਚੀਮਾਂ ਪਹੁੰਚ ਗਏ ਤੇ ਦੋ ਸਾਲ ਜਿੱਥੇ ਸੰਤ ਬਾਬਾ ਅਤਰ ਸਿੰਘ ਜੀ ਦਾ ਜਨਮ ਹੋਇਆ ਸੀ ਉੱਥੇ ਕੱਚਾ ਕੋਠਾ ਸੀ। ਉੱਥੇ ਇਨ੍ਹਾਂ ਨੇ ਸੇਵਾ ਕੀਤੀ। ਸੰਨ ੧੯੬੧-੭੦ ਤਕ ਸੰਤ ਤੀਰਥ ਸਿੰਘ ਜੀ ਨੇ ਗੁਰਦੁਆਰਾ ਤਿੱਤਰਸਰ ਜੋ ਜ਼ਿਲ੍ਹਾ ਬਠਿੰਡੇ ਵਿੱਚ ਹੈ, ਉੱਥੇ ਸੇਵਾ ਕਰਵਾਈ। ਉਸ ਤੋਂ ਬਾਅਦ ੧੯੭੦ ਤੋਂ ੧੯੮੧ ਤਕ ਬਡਬਰ ਭੈਣੀ ਜ਼ਿਲ੍ਹਾ ਸੰਗਰੂਰ ਵਿੱਚ ਸੇਵਾ ਕਰਾਉਂਦੇ ਹੋਏ ੨ ਫਰਵਰੀ ੧੯੮੧ ਨੂੰ ਪਿੰਡ ਭੈਣੀ ਵਿਖੇ ਗੁਰਪੁਰੀ ਸਿਧਾਰ ਗਏ।

ਸੰਤ ਬਚਨ ਸਿੰਘ ਜੀ

ਸੰਤ ਨਾਹਰ ਸਿੰਘ ਜੀ

ਸੰਤ ਨਿਰੰਜਨ ਸਿੰਘ ਜੀ ਅਜੀਤਸਰ ਵਾਲੇ

ਸੰਤ ਤੀਰਥ ਸਿੰਘ ਜੀ

ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ

ਸੰਤ ਬਾਬਾ ਅਤਰ ਸਿੰਘ ਜੀ ਘੁਨਸਾਂ ਵਾਲੇ

ਕਾਂਡ ੫੯

ਆਸਾ ਮਹਲਾ ੪ ॥
ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥ (੪੫੦)

ਸੰਤ ਜੀ ਮਹਾਰਾਜ ਦੇ ਨਾਉਂ ਵਾਲੇ ਤਿੰਨ ਸਮਕਾਲੀ ਸੰਤ

ਸੰਤ ਜੀ ਮਹਾਰਾਜ ਦੇ ਸਮੇਂ ਤਿੰਨ ਹੋਰ ਸੰਤ 'ਅਤਰ ਸਿੰਘ' ਦੇ ਨਾਉਂ ਵਾਲੇ ਭੀ ਹੋਏ ਹਨ। ਇਹਨਾਂ ਬਾਰੇ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ

ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦਾ ਜਨਮ ਮਾਰਚ ੧੮੬੭ ਈਸਵੀ ਮੁਤਾਬਿਕ ਸੰਮਤ ੧੯੨੪ ਬਿਕ੍ਰਮੀ ਚੇਤਰ ਦੇ ਮਹੀਨੇ ਪੂਰਨਮਾਸ਼ੀ ਦੀ ਰਾਤ ਅੰਮ੍ਰਿਤ ਵੇਲੇ ਪਿਤਾ ਭਾਈ ਲਾਲ ਸਿੰਘ ਜੀ ਦੇ ਘਰ ਮਾਤਾ ਮਹਿਤਾਬ ਕੌਰ ਜੀ ਦੀ ਕੁੱਖੋਂ ਹੋਇਆ। ਆਪ ਬਚਪਨ ਤੋਂ ਹੀ ਸੰਤ-ਸੁਭਾਅ ਵਾਲੇ ਸਨ। ਵੱਡੇ ਹੋ ਕੇ ਆਪ ਫੌਜ ਵਿੱਚ ਭਰਤੀ ਹੋ ਗਏ। ਫੌਜ ਵਿੱਚ ਰਹਿੰਦੀਆਂ ਆਪਦਾ ਮਿਲਾਪ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨਾਲ ਹੋ ਗਿਆ। ਆਪ ਉਨ੍ਹਾਂ ਤੋਂ ਇੰਨਾਂ ਪ੍ਰਭਾਵਿਤ ਹੋਏ ਕਿ ਆਪਣੀ ਸਰਕਾਰੀ ਨੌਕਰੀ ਛੱਡ ਦਿੱਤੀ ਅਤੇ ਨਾਮ ਅਭਿਆਸ ਵਿੱਚ ਜੁੱਟ ਗਏ, ਪਹਾੜੀ 'ਤੇ ਬੈਠ ਕੇ ਆਪ ਨੇ ਭਾਰੀ ਤਪੱਸਿਆ ਕੀਤੀ ਅਤੇ ਫਿਰ ਇਲਾਹੀ ਹੁਕਮ ਮੰਨ ਕੇ ਗੁਰਦੁਆਰਾ ਰੇਰੂ ਸਾਹਿਬ ਪਾਤਸ਼ਾਹੀ ਦਸਵੀਂ ਦੀ ਸੇਵਾ ਅਰੰਭ ਕੀਤੀ ਅਤੇ ਦਿਨ ਰਾਤ ਲੰਗਰ ਦੀ ਅਤੁੱਟ ਸੇਵਾ ਚਲਾਈ। ਸੰਤ ਭਗਵਾਨੇ ਸਿੰਘ ਜੀ ਰੇਰੂ ਸਾਹਿਬ ਅਤੇ ਸੰਤ ਈਸ਼ਰ ਸਿੰਘ ਜੀ ਰਾੜੇ ਵਾਲੇ ਆਪ ਜੀ ਦੇ ਸੇਵਕ ਸਨ।

ਸੰਤ ਅਤਰ ਸਿੰਘ ਜੀ ਘੁਨਸਾਂ ਵਾਲੇ.

ਸੰਤ ਅਤਰ ਸਿੰਘ ਜੀ ਮਹਾਰਾਜ ਘੁਨਸਾਂ ਵਾਲਿਆਂ ਦਾ ਜਨਮ ੧੯੦੩ ਬਿਕ੍ਰਮੀ ਮੁਤਾਬਿਕ ਸੰਨ ੧੮੪੬ ਈਸਵੀ ਸਵੇਰੇ ੬ ਵਜੇ ਮਾਤਾ ਕਰਮ ਕੌਰ ਜੀ ਦੇ ਕੁੱਖੋਂ ਪਿਤਾ ਦਲੇਲ ਸਿੰਘ ਜੀ ਦੇ ਘਰ ਪਿੰਡ ਸੇਮਾ (ਬਾਹੀਆ) ਵਿਖੇ ਹੋਇਆ। ਆਪ ਨੇ ਵਿੱਦਿਆ ਭਾਈ ਕੇ ਦਿਆਲਪੁਰੇ ਪ੍ਰਾਪਤ ਕੀਤੀ ਅਤੇ ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ) ਸਾਹਿਬ ਵਿਖੇ ਅੰਮ੍ਰਿਤ ਪਾਨ ਕੀਤਾ। ਦਿਆਲਪੁਰੇ ਤੋਂ ਘੁਨਸਾਂ ਦੀ ਪੰਚਾਇਤ ਬੇਨਤੀ ਕਰਕੇ ਆਪ ਜੀ ਨੂੰ ਪਿੰਡ ਘੁਨਸਾਂ ਲੈ ਆਈ। ਪਿੰਡ ਦੇ ਛਿਪਦੇ (ਲਹਿੰਦੇ) ਪਾਸੇ ਜਿੱਥੇ ਹੁਣ ਗੁਰਦੁਆਰਾ ਸਾਹਿਬ ਹੈ, ਇੱਥੇ ਕਦੀ ਦਰਿਆ ਵੱਗਦਾ ਸੀ। ਗੁਰੂ ਤੇਗ ਬਹਾਦਰ ਜੀ ਨੇ ਵੀ ਇਸੇ ਦਰਿਆ ਦੇ ਕਿਨਾਰੇ ਸਿਮਰਨ ਕੀਤਾ ਸੀ। ਆਪ ਜੀ ਨੇ ਭੀ ਇੱਥੇ ਭਾਰੀ ਤਪੱਸਿਆ ਕੀਤੀ। ਜਿੱਥੇ ਆਪ ਵਿਦਾਂਤ ਦੇ ਪੰਡਤ ਸਨ ਉੱਥੇ ਵੈਦਿਕ ਵਿੱਦਿਆ

ਵਿੱਚ ਵੀ ਪ੍ਰਬੀਨ ਸਨ। ਇਸ ਕਰਕੇ ਆਪ ਵੈਦ ਭੀ ਕਮਾਲ ਦੇ ਸਨ। ਆਪ ਜੀ ਨੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖੀ ਦਾ ਭਾਰੀ ਪ੍ਰਚਾਰ ਕੀਤਾ। ਆਪ ੨੯ ਅੱਸੂ ੧੯੮੫ ਬਿਕ੍ਰਮੀ ਮੁਤਾਬਕ ੧੯ ਅਕਤੂਬਰ ੧੯੨੭ ਈਸਵੀ ਨੂੰ ਸੱਚਖੰਡ ਜਾ ਬਿਰਾਜੇ।

ਸੰਤ ਅਤਰ ਸਿੰਘ ਜੀ ਅਤਲੇ ਵਾਲੇ

ਸੰਤ ਅਤਰ ਸਿੰਘ ਜੀ ਅਤਲੇ ਵਾਲਿਆਂ ਦਾ ਜਨਮ ਸੰਮਤ ੧੯੨੨ ਬਿਕ੍ਰਮੀ (ਸੰਨ ੧੮੬੫ ਈਸਵੀ) ਵਿੱਚ ਪਿੰਡ ਮੀਰਪੁਰ ਰਿਆਸਤ ਕਸ਼ਮੀਰ ਵਿੱਚ ਹੋਇਆ। ਆਪ ਜੀ ਦਾ ਪਹਿਲਾ ਨਾਮ ਭਾਈ ਹਰੀ ਸਿੰਘ ਸੀ। ਕੁਝ ਸਮਾਂ ਆਪ ਨੇ ਸਰਕਾਰੀ ਨੌਕਰੀ ਭੀ ਕੀਤੀ। ਫੌਜੀ ਨੌਕਰੀ ਦੌਰਾਨ ਆਪ ਦਾ ਮਿਲਾਪ ਕਿਸੇ ਮਹਾਂਪੁਰਸ਼ ਨਾਲ ਹੋ ਗਿਆ। ਇਸ ਉਪਰੰਤ ਆਪ ਨੌਕਰੀ ਛੱਡ ਕੇ ਸਿਮਰਨ ਵਿੱਚ ਹੀ ਲੀਨ ਹੋ ਗਏ ਅਤੇ ਆਪ ਹਰੀ ਸਿੰਘ ਦੀ ਬਜਾਏ ਸੰਤ ਅਤਰ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋ ਗਏ। ਆਪ ਪਿੰਡ ਅਤਲੇ ਰਹਿਣ ਲੱਗ ਪਏ ਅਤੇ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਵਾ ਕੇ ਗੁਰੂ ਦੇ ਲੜ ਲਾਇਆ ਅਤੇ ਵਾਹਿਗੁਰੂ ਸਿਮਰਨ ਦਾ ਉਪਦੇਸ਼ ਦਿੱਤਾ। ਆਪ ਸੰਮਤ ੧੯੮੯ ਬਿਕ੍ਰਮੀ (ਸੰਨ ੧੯੩੨ ਈਸਵੀ) ਨੂੰ ਸੱਚਖੰਡ ਬਿਰਾਜ ਗਏ।

ਮਃ ੩ ॥
ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥
ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥ (੬੪੮)

ਸੰਤ ਅਤਰ ਸਿੰਘ ਜੀ ਅਤਲੇ ਵਾਲੇ

ਗੁਰਦੁਆਰਾ ਨਾਨਕਸਰ ਚੀਮਾਂ ਜਨਮ ਨਗਰ ਸੰਤ ਅਤਰ ਸਿੰਘ ਜੀ ਮਹਾਰਾਜ

ਕਲਗੀਧਰ ਟਰੱਸਟ ਦੀਆਂ ਪ੍ਰਕਾਸ਼ਨਾਵਾਂ

ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਬਤੀ ਵਿਸਥਾਰ ਪੂਰਵਕ ਲਿਖੀ ਹੈ, ਇੱਕ ਪੂਰਨ ਬ੍ਰਹਮ ਗਿਆਨੀ ਦੀ ਜੀਵਨ ਕਥਾ ਇੱਕ ਬ੍ਰਹਮ ਗਿਆਨੀ ਹੀ ਲਿਖ ਸਕਦਾ ਹੈ। ਜਿਸ ਨੂੰ ਪ੍ਰੇਮ ਨਾਲ ਪੜ੍ਹ ਕੇ ਇਲਾਹੀ ਵੈਰਾਗ ਉਤਪੰਨ ਹੁੰਦਾ ਹੈ ਅਤੇ ਗੁਰਮਤਿ ਮਾਰਗ 'ਤੇ ਚੱਲਣ ਲਈ ਬਹੁਤ ਸਹਾਇਤਾ ਮਿਲਦੀ ਹੈ। ਇਸ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਜਪੁ ਜੀ ਸਾਹਿਬ ਦਾ ਅੰਗਰੇਜ਼ੀ ਵਿੱਚ ਟੀਕਾ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 'ਅੰਗਰੇਜ਼ੀ' ਵਿੱਚ ਸੰਖੇਪ ਜੀਵਨ ਵੀ ਲਿਖਿਆ ਹੈ। ਹੁਣ ਕਲਗੀਧਰ ਟਰੱਸਟ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਅਤੇ ਸੰਤ ਤੇਜਾ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਚੋਣਵੇਂ ਢੰਗ ਵਿੱਚ ਦੋ ਭਾਗਾਂ ਵਿੱਚ ਛਪਾਈ ਹੈ, ਜਿਸ ਦੇ ਨਾਮ ਹਨ: ਭਾਗ ੧ **"ਨਿਰੰਕਾਰ ਕੈ ਦੇਸਿ ਜਾਹਿ ਤ ਸੁਖਿ ਲਹਹਿ ਮਹਲੁ ॥"** (੫੯੫) ਅਤੇ ਭਾਗ ੨ **"ਸੇਵਕੁ ਕਉ ਸੇਵਾ ਬਣਿ ਆਈ ॥ ਹੁਕਮ ਬੂਝਿ ਪਰਮ ਪਦ ਪਾਈ ॥"** (੨੯੨)

ਇਸ ਤੋਂ ਇਲਾਵਾ ਕਲਗੀਧਰ ਟਰੱਸਟ ਵੱਲੋਂ ਹੋਰ ਪੁਸਤਕਾਂ, ਵਿਸ਼ਵ ਸਦੀਵੀ ਸ਼ਾਂਤੀ ਦਾ ਮਾਰਗ (ਪੰਜਾਬੀ ਅਤੇ ਅੰਗਰੇਜ਼ੀ ਵਿੱਚ), ਸੰਤ ਸੇਵਕ ਜੰਤਰੀ, ਸਿਖ ਸਿਧਾਂਤ, ਅਕਾਲ ਅਕਾਦਮੀ ਨਿਊਜ਼ ਲੈਟਰ, ਅਕਾਲ ਅਕਾਦਮੀ ਕਲੈਂਡਰ ਅਤੇ ਗੁਰਬਾਣੀ ਦੇ ਗੁਟਕੇ ਵੀ ਛਾਪੇ ਗਏ ਹਨ।

ਗੁਰਦੁਆਰਾ ਸਾਹਿਬ ਜਿੰਨਾਂ ਦੀ ਸੇਵਾ ਸੰਭਾਲ ਕਲਗੀਧਰ ਟਰੱਸਟ ਕਰ ਰਿਹਾ ਹੈ:

1. ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਪਿੰਡ ਚੀਮਾਂ, ਤਹਿਸੀਲ ਸੁਨਾਮ, ਜ਼ਿਲ੍ਹਾ-ਸੰਗਰੂਰ, ਪੰਜਾਬ, ਫੋਨ: 01676-284272, 9815015109, Fax: 2845072
2. ਗੁਰਦੁਆਰਾ ਬੜੂ ਸਾਹਿਬ, ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ, ਵਾਇਆ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, (H.P), ਫੋਨ: 01799-275031, 91, 9816033303, Fax: 276041
3. ਗੁਰਦੁਆਰਾ ਸੰਤ ਕਲੋਨੀ, ਪਾਉਂਟਾ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ: P.P.-951704-22239, 9418086239
4. ਗੁਰਦੁਆਰਾ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ: 01799-221012
5. ਗੁਰਦੁਆਰਾ ਸੰਤ ਸ਼ਾਹਬੇਗ ਸਿੰਘ ਜੀ ਸੇਵਕ, ਸੰਤ ਅਤਰ ਸਿੰਘ ਜੀ, F-3 ਰਾਜੋਰੀ ਗਾਰਡਨ, ਨਵੀਂ ਦਿੱਲੀ-110027, ਫੋਨ: 011-25105459, 9871379737, 51005459, Fax: 25100982
6. ਗੁਰਦੁਆਰਾ ਗੋਮਤੀ, ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ: 05880-267415, 263231, 09412188424, Fax: 263927
7. ਗੁਰਦੁਆਰਾ ਕਜਰੀ, ਤਹਿਸੀਲ ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ: 05844-277851, Fax: 277847
8. ਗੁਰਦੁਆਰਾ ਅਕਾਲ ਅਕਾਦਮੀ ਬਿਲਗਾ, ਜ਼ਿਲ੍ਹਾ ਜਲੰਧਰ, ਪੰਜਾਬ, ਫੋਨ: 01826-245860
9. ਗੁਰਦੁਆਰਾ ਢੀਂਡਸਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ, ਫੋਨ: 01628-215272
10. ਗੁਰਦੁਆਰਾ ਤਪੋ ਅਸਥਾਨ ਸੰਤ ਅਤਰ ਸਿੰਘ ਜੀ ਮੰਡੇਰ, ਵਾਇਆ ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ, ਪੰਜਾਬ, ਫੋਨ: 01652-247095

ਅਕਾਲ ਅਕੈਡਮੀਆਂ

ਹਿਮਾਚਲ ਪ੍ਰਦੇਸ਼			37	ਅਕਾਲ ਅਕੈਡਮੀ ਪੁਰਾਣੇਵਾਲਾ	01636273747
1	ਅਕਾਲ ਅਕੈਡਮੀ ਬੜੂ ਸਾਹਿਬ (E)	01799-276031	38	ਅਕਾਲ ਅਕੈਡਮੀ ਕਾਲੇਕੇ	9780941130
2	ਅਕਾਲ ਅਕੈਡਮੀ ਬੜੂ ਸਾਹਿਬ (H)	01799-276031	39	ਅਕਾਲ ਅਕੈਡਮੀ ਬਿਲਗਾ	0186-2264526
3	ਅਕਾਲ ਮਾਡਲ ਸਕੂਲ ਬੜੂ ਸਾਹਿਬ	01799-276031	40	ਅਕਾਲ ਅਕੈਡਮੀ ਧਨਾਲ ਕਲਾਂ	9988266224
ਪੰਜਾਬ			41	ਅਕਾਲ ਅਕੈਡਮੀ ਬੋਪਾਰਾਏ ਕਲਾਂ	095019-69627
4	ਅਕਾਲ ਅਕੈਡਮੀ ਬਲਵੇਤਾ	0175-2640204	42	ਅਕਾਲ ਅਕੈਡਮੀ ਪੀਰ ਬਖਸ਼ਵਾਲਾ	01822296200
5	ਅਕਾਲ ਅਕੈਡਮੀ ਫਤਹਿਗੜ੍ਹ ਛੰਨਾ	01764261143	43	ਅਕਾਲ ਅਕੈਡਮੀ ਜੰਡ ਸਾਹਿਬ	01639221208
6	ਅਕਾਲ ਅਕੈਡਮੀ ਰੀਠਖੇੜੀ	01752690255	44	ਅਕਾਲ ਅਕੈਡਮੀ ਸੁਖਨਵਾਲਾ	9888647171
7	ਅਕਾਲ ਅਕੈਡਮੀ ਸਿਓਨਾ	01764250272	45	ਅਕਾਲ ਅਕੈਡਮੀ ਮੱਖਣਗੜ੍ਹ	09915635067
8	ਅਕਾਲ ਅਕੈਡਮੀ ਬੇਨੜਾ	09464286352	46	ਅਕਾਲ ਅਕੈਡਮੀ ਖਮਾਣੋਂ ਖੁਰਦ	01628260699
9	ਅਕਾਲ ਅਕੈਡਮੀ ਚੀਮਾ (E)	01676-284472	47	ਅਕਾਲ ਅਕੈਡਮੀ ਮੁਕਤਸਰ	01633-263026
10	ਅਕਾਲ ਅਕੈਡਮੀ ਚੀਮਾ (P)	01676-284372	48	ਅਕਾਲ ਅਕੈਡਮੀ ਦੇਲਾ	09888481486
11	ਅਕਾਲ ਅਕੈਡਮੀ ਫਤਹਿਗੜ੍ਹ ਗੰਡੂਆ	01676279189	49	ਅਕਾਲ ਅਕੈਡਮੀ ਮਧੀਰ	09478907672
12	ਅਕਾਲ ਅਕੈਡਮੀ ਭਾਈ ਦੇਸਾ	01652-225447	50	ਅਕਾਲ ਅਕੈਡਮੀ ਕਮਾਲਪੁਰ	9872418913
13	ਅਕਾਲ ਅਕੈਡਮੀ ਕੋੜੀਵਾੜਾ	01659258286	51	ਅਕਾਲ ਅਕੈਡਮੀ ਵਸ਼ੋਆ	9914180167
14	ਅਕਾਲ ਅਕੈਡਮੀ ਮੰਡੇਰ	9216233929	52	ਅਕਾਲ ਅਕੈਡਮੀ ਚੱਕ ਮੰਡੇਰ	09815946513
15	ਅਕਾਲ ਅਕੈਡਮੀ ਉਡਤ ਸੈਦੇਵਾਲਾ	9872688426	53	ਅਕਾਲ ਅਕੈਡਮੀ ਚੱਕ ਦੇਸਰਾਜ	09815946513
16	ਅਕਾਲ ਅਕੈਡਮੀ ਫਫੜੇ ਭਾਈਕੇ	01652283103	54	ਅਕਾਲ ਅਕੈਡਮੀ ਮਾਇਓ ਪੱਟੀ	09815946513
17	ਅਕਾਲ ਅਕੈਡਮੀ ਸ਼ਾਂਗਾ	09988672216	55	ਅਕਾਲ ਅਕੈਡਮੀ ਬਾਗ੍ਹਾ	09872315109
18	ਅਕਾਲ ਅਕੈਡਮੀ ਕੱਲ੍ਹੋ	09464184880	56	ਅਕਾਲ ਅਕੈਡਮੀ ਰਾਜੀਆ	09815610032
19	ਅਕਾਲ ਅਕੈਡਮੀ ਜੱਗਾ ਰਾਮ ਤੀਰਥ	9464394588	57	ਅਕਾਲ ਅਕੈਡਮੀ ਸਰਵਰ ਖੂਹੀਆਂ	01633-263026
20	ਅਕਾਲ ਅਕੈਡਮੀ ਬੰਗੀ ਨਿਹਾਲ ਸਿੰਘ	01655244985	ਉੱਤਰ ਪ੍ਰਦੇਸ਼		
21	ਅਕਾਲ ਅਕੈਡਮੀ ਕਿੱਲੀ ਨਿਹਾਲ ਸਿੰਘ	9417604422	58	ਅਕਾਲ ਅਕੈਡਮੀ ਗੋਮਤੀ	09319925010
22	ਅਕਾਲ ਅਕੈਡਮੀ ਭਦੌੜ	01679275410	59	ਅਕਾਲ ਅਕੈਡਮੀ ਕਜਰੀ	05844277851
23	ਅਕਾਲ ਅਕੈਡਮੀ ਮਹਿਲਕਲਾਂ	9464266040	60	ਅਕਾਲ ਅਕੈਡਮੀ ਉਨਾਓ	9919840110
24	ਅਕਾਲ ਅਕੈਡਮੀ ਭਰਿਆਲ ਲਾਹੜੀ	01862264526	ਹਰਿਆਣਾ		
25	ਅਕਾਲ ਅਕੈਡਮੀ ਸੁਜਾਨਪੁਰ	0186-2243667			
26	ਅਕਾਲ ਅਕੈਡਮੀ ਤਿੱਬੜ	9780254646	61	ਅਕਾਲ ਅਕੈਡਮੀ ਰੋੜੀ	01697251605
27	ਅਕਾਲ ਅਕੈਡਮੀ ਦਦੇਹਰ ਸਾਹਿਬ	8146165330	62	ਅਕਾਲ ਅਕੈਡਮੀ ਰਤੀਆ	01697251605
28	ਅਕਾਲ ਅਕੈਡਮੀ ਢੋਟੀਆਂ	01852848225	63	ਅਕਾਲ ਅਕੈਡਮੀ ਬੜਾਗੁੜਾ	01696245239
29	ਅਕਾਲ ਅਕੈਡਮੀ ਤੇਜਾ ਸਿੰਘ ਵਾਲਾ	01852275120	64	ਅਕਾਲ ਅਕੈਡਮੀ ਸਾਲਮਖੇੜਾ	01667-250555
30	ਅਕਾਲ ਅਕੈਡਮੀ ਦੀਂਦਸਾ	01628-264272	65	ਅਕਾਲ ਅਕੈਡਮੀ ਭੁਸਲਾ	01743278025
31	ਅਕਾਲ ਅਕੈਡਮੀ ਜੰਡਾਲੀ	9646602231	66	ਅਕਾਲ ਅਕੈਡਮੀ ਦਾਰੇਵਾਲਾ	01668276441
32	ਅਕਾਲ ਅਕੈਡਮੀ ਰੱਤਾ ਖੇੜਾ	01632250444	67	ਅਕਾਲ ਅਕੈਡਮੀ ਏਲਨਾਬਾਦ	01698221113
33	ਅਕਾਲ ਅਕੈਡਮੀ ਭੜਾਨਾ	01682261345	ਰਾਜਸਥਾਨ		
34	ਅਕਾਲ ਅਕੈਡਮੀ ਬਹਿਕ ਫੱਤੂ	9780178900	68	ਅਕਾਲ ਅਕੈਡਮੀ ਪਦਮਪੁਰ	01505222970
35	ਅਕਾਲ ਅਕੈਡਮੀ ਬਾਕਰਵਾਲ	9855422210	69	ਅਕਾਲ ਅਕੈਡਮੀ ਕਾਮਰਾਨੀ	09309320515
36	ਅਕਾਲ ਅਕੈਡਮੀ ਜੰਡੀਆਣਾ	09815427805			

ਬੜੂ ਸਾਹਿਬ ਪਹੁੰਚਣ ਲਈ ਰਸਤੇ

ਚੰਡੀਗੜ੍ਹ ਤੋਂ ਬੜੂ ਸਾਹਿਬ 135 ਕਿਲੋਮੀਟਰ

(ਵਾਇਆ ਸੋਲਨ, ਰਾਜਗੜ੍ਹ, ਖੈਰੀ, ਮਛੇਰ)

- ਚੰਡੀਗੜ੍ਹ ਬੱਸ ਅੱਡੇ ਤੋਂ 12:30 ਵਜੇ ਦੁਪਹਿਰ ਪੈਪਸੂ ਰੋਡਵੇਜ਼ ਦੀ ਬੱਸ ਚੱਲ ਕੇ 3:30 ਸੋਲਨ ਅਤੇ ਸ਼ਾਮੀ 7:00 ਵਜੇ ਬੜੂ ਸਾਹਿਬ ਪਹੁੰਚਦੀ ਹੈ।
- ਚੰਡੀਗੜ੍ਹ ਤੋਂ ਸੋਲਨ ਜਾਣ ਲਈ ਆਮ ਬੱਸਾਂ ਮਿਲਦੀਆ ਹਨ।
- ਸੋਲਨ ਤੋਂ ਰਾਜਗੜ੍ਹ ਜਾਣ ਲਈ ਹਰ ਅੱਧੇ ਘੰਟੇ ਬਾਅਦ ਬੱਸ ਮਿਲਦੀ ਹੈ।
- ਸੋਲਨ ਤੋਂ ਆਖਰੀ ਬੱਸ ਰਾਜਗੜ੍ਹ ਵਾਸਤੇ ਸ਼ਾਮੀ 7:30 ਮਿਲਦੀ ਹੈ ਜੋ ਰਾਜਗੜ੍ਹ ਰਾਤ 9:00 ਪਹੁੰਚ ਜਾਂਦੀ ਹੈ।

ਰਾਜਗੜ੍ਹ ਤੋਂ ਬੜੂ ਸਾਹਿਬ ਲਈ ਬੱਸਾਂ:

- ਸਵੇਰੇ 5:00 ਰਾਜਗੜ੍ਹ ਤੋਂ ਚੱਲ ਕੇ ਮਛੇਰ 7:00 ਵਜੇ ਪਹੁੰਚਦੀ ਹੈ।
- 11:00 ਵਜੇ ਦੁਪਹਿਰ ਚੱਲ ਕੇ 12:15 ਬੜੂ ਸਾਹਿਬ ਪਹੁੰਚਦੀ ਹੈ।
- 12:00 ਦੁਪਹਿਰ ਤੋਂ ਚੱਲ ਕੇ 1:45 ਤੇ ਮਛੇਰ ਪਹੁੰਚਦੀ ਹੈ।
- ਸ਼ਾਮੀ 4:00 ਵਜੇ ਚੱਲ ਕੇ 5:30 ਬੜੂ ਸਾਹਿਬ ਪਹੁੰਚਦੀ ਹੈ।
- ਸ਼ਾਮੀ 5:00 ਵਜੇ ਚੱਲ ਕੇ 6:30 ਖੈਰੀ ਪਹੁੰਚਦੀ ਹੈ।
- ਖੈਰੀ ਤੋਂ ਬੜੂ ਸਾਹਿਬ 5 ਕਿਲੋਮੀਟਰ ਹੈ।

ਨਾਹਨ ਤੋਂ ਬੜੂ ਸਾਹਿਬ (80 km.):

- ਆਮ ਸ਼ਹਿਰਾਂ ਤੋਂ ਨਾਹਨ (ਜ਼ਿਲ੍ਹਾ ਸਿਰਮੌਰ) ਲਈ ਬੱਸਾਂ ਮਿਲਦੀਆਂ ਹਨ।
- ਨਾਹਨ ਤੋਂ ਸਵੇਰ 6:30 ਵਜੇ ਬੱਸ ਚੱਲ ਕੇ ਦੁਪਹਿਰ 11:00 ਮਛੇਰ ਪਹੁੰਚਦੀ ਹੈ।
- ਨਾਹਨ ਤੋਂ ਦੁਪਹਿਰ 2:00 ਚਜੇ ਬੱਸ ਚੱਲ ਕੇ ਸ਼ਾਮੀ 7:00 ਵਜੇ ਮਛੇਰ ਪਹੁੰਚਦੀ ਹੈ।

- ਮਛੇਰ ਤੋਂ ਬੜੂ ਸਾਹਿਬ ਡੇਢ ਕਿਲੋਮੀਟਰ ਹੈ।
- ਖੈਰੀ ਅਤੇ ਮਛੇਰ ਪਹੁੰਚ ਕੇ ਬੜੂ ਸਾਹਿਬ 275031 ਜਾਂ 275091 ਤੇ ਟੈਲੀਫੋਨ ਕਰਨ ਤੇ ਗੱਡੀ ਦਾ ਪ੍ਰਬੰਧ ਹੋ ਜਾਂਦਾ ਹੈ।

ਸੰਗਤਾਂ ਦੀ ਸਹੂਲੀਅਤ ਲਈ ਗੁਰਦੁਆਰਾ ਸਾਹਿਬ ਰਾਜਗੜ੍ਹ ਵਿਖੇ ਰਾਤ ਰਿਹਾਇਸ਼ ਅਤੇ ਲੰਗਰ ਦਾ ਪੂਰਾ ਪ੍ਰਬੰਧ ਕਲਗੀਧਰ ਟਰੱਸਟ ਵੱਲੋਂ ਕੀਤਾ ਗਿਆ ਹੈ ਜੀ।



ਗੁਰਦੁਆਰਾ ਸਾਹਿਬ ਜਿੰਨਾਂ ਦੀ ਸੇਵਾ ਸੰਭਾਲ ਕਲਗੀਧਰ ਟਰੱਸਟ ਕਰ ਰਿਹਾ ਹੈ:

1. **ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਪਿੰਡ ਚੀਮਾਂ, ਤਹਿਸੀਲ ਸੁਨਾਮ, ਜ਼ਿਲ੍ਹਾ-ਸੰਗਰੂਰ, ਪੰਜਾਬ, ਫੋਨ-01676-284272, 9815015109, Fax-2845072**
2. **ਗੁਰਦੁਆਰਾ ਬੜੂ ਸਾਹਿਬ, ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ, ਵਾਇਆ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, (H.P), ਫੋਨ-01799-275031, 91, 9816033303, Fax-275041**
3. **ਗੁਰਦੁਆਰਾ ਸੰਤ ਕਲੋਨੀ, ਪਾਉਂਟਾ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ-P.P.-951704-22239, 9418086239**
4. **ਗੁਰਦੁਆਰਾ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ-01799-221012**
5. **ਗੁਰਦੁਆਰਾ ਸੰਤ ਸ਼ਾਹਬੇਗ ਸਿੰਘ ਜੀ ਸੇਵਕ, ਸੰਤ ਅਤਰ ਸਿੰਘ ਜੀ, F-3 ਰਾਜੋਰੀ ਗਾਰਡਨ, ਨਵੀਂ ਦਿੱਲੀ-110027, ਫੋਨ- 011-25105459, 9871379737, 51005459, Fax-25100982**
6. **ਗੁਰਦੁਆਰਾ ਗੋਮਤੀ, ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ-05880-267415, 263231, 09412188424, Fax-263927**
7. **ਗੁਰਦੁਆਰਾ ਕਜਰੀ, ਤਹਿਸੀਲ ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ-05844-277851, Fax-277847**
8. **ਗੁਰਦੁਆਰਾ ਅਕਾਲ ਅਕਾਦਮੀ ਬਿਲਗਾ, ਜ਼ਿਲ੍ਹਾ ਜਲੰਧਰ, ਪੰਜਾਬ, ਫੋਨ-01826-245860**
9. **ਗੁਰਦੁਆਰਾ ਢੀਂਡਸਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ, ਫੋਨ-01628-215272**
10. **ਗੁਰਦੁਆਰਾ ਤਪੋ ਅਸਥਾਨ ਸੰਤ ਅਤਰ ਸਿੰਘ ਜੀ ਮੰਡੇਰ, ਵਾਇਆ ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ, ਪੰਜਾਬ, ਫੋਨ-01652-247095**

BUS TIME TABLE: BARU SAHIB
(Departure from Baru Sahib)

S. No.	Bus Name	Baru Sahib	Rajgarh	Solan	Nalagarh	Nahan	Chandigarh
1.	Simran Coach	05:00 a.m.	06:15 a.m.	08:30 a.m.	11:30 a.m.	----	----
2.	PRTC (Bathinda)	06:00 a.m.	07:00 a.m.	08:45 a.m.	----	----	11:30 a.m.
3.	Kanchan Coach	06:35 a.m.	08:00 a.m.	10:15 a.m.	----	----	----
4.	HRTC (Sodadhiari)	06:40 a.m.	08:35 a.m.	11:00 a.m.	----	----	----
5.	HRTC	07:00 a.m.	----	----	----	11:30 a.m.	----
6.	Surbhi Coach	07:15 a.m.	08:45 a.m.	----	----	----	----
7.	Meenu Coach	08:00 a.m.	----	----	----	11:00 a.m.	----
8.	Chand Coach	10:30 a.m.	11:40 a.m.	----	----	----	----
9.	HRTC	11:30 a.m.	12:45 p.m.	----	----	----	----
10.	City Line Coach	12:35 p.m.	01:50 p.m.	----	----	----	----
11.	Sharma Coach	01:00 p.m.	02:30 p.m.	----	----	----	----
12.	Surbhi Coach	01:30 p.m.	02:40 p.m.	----	----	----	----
13.	HRTC	02:15 p.m.	----	----	----	06:30 p.m.	----
14.	Kuldeep Bus	02:15 p.m.	03:30 p.m.	05:30 p.m.	08:30 p.m.	----	----
15.	Chand Coach	03:00 p.m.	----	----	----	07:20 p.m.	----
16.	Sharma Coach	04:00 p.m.	----	----	----	07:50 p.m.	----
17.	HRTC	05:30 p.m.	07:00 p.m.	----	----	----	----
18.	Meenu Coach	06:20 p.m.	07:30 p.m.	----	----	----	----

(Arrival at Baru Sahib)

S. No.	Bus Name	Chandigarh	Nahan	Nalagarh	Solan	Rajgarh	Baru Sahib
1.	HRTC	----	----	----	----	05:30 a.m.	07:00 a.m.
2.	Meenu Coach	----	----	----	----	06:30 a.m.	08:00 a.m.
3.	Chand Coach	----	06:30 a.m.	----	----	----	10:30 a.m.
4.	City Line Coach	----	----	----	----	10:05 a.m.	11:20 a.m.
5.	HRTC	----	07:10 a.m.	----	----	----	11:30 a.m.
6.	Sharma Coach	----	----	----	----	10:40 a.m.	11:55 a.m.
7.	Surbhi Coach	----	----	----	----	11:00 a.m.	12:15 p.m.
8.	Kuldeep Bus	----	----	05:00 a.m.	09:15 a.m.	11:40 a.m.	12:35 p.m.
9.	HRTC	----	----	----	----	12:00 p.m.	02:15 p.m.
10.	Chand Coach	----	----	----	----	02:00 p.m.	03:00 p.m.
11.	Sharma Coach	----	----	----	----	02:50 p.m.	04:00 p.m.
12.	Chouhan Bus	----	----	----	12:35 p.m.	03:15 p.m.	04:30 pm.
13.	Surbhi Coach	----	----	----	----	04:00 p.m.	05:15 p.m.
14.	HRTC	----	01:00 p.m.	----	----	----	05:30 p.m.
15.	Meenu Coach	----	03:00 p.m.	----	----	----	06:20 p.m.
16.	HRTC (Sodadhiari)	----	----	----	03:10 p.m.	05:30 p.m.	06:50 p.m.
17.	PRTC (Bathinda)	12:40 p.m.	----	----	03:55 p.m.	06:00 p.m.	07:00 p.m.
18.	Kanchan Coach	----	----	----	04:20 p.m.	06:40 p.m.	08:00 p.m.
19.	Simran Coach	----	----	11:55 a.m.	04:45 p.m.	07:10 p.m.	08:15 p.m.



ਗੁਰਦੁਆਰਾ ਬੜੂ ਸਾਹਿਬ